# ਤਫ਼ਤੀਸ਼



ਮਿੱਤਰ ਸੈਨ ਮੀਤ

www.PunjabiLibrary.com

# ਤੜਫਤੀਸ਼

'ਮੈਂ ਲੋਕਾਂ ਨੂੰ ਕੇਵਲ ਇਹੀ ਦੱਸਣਾ ਚਾਹੁੰਦਾ ਹਾਂ ਕਿ ਜੋ ਜੀਵਨ ਉਹ ਜੀ ਰਹੇ ਹਨ, ਉਹ ਕਿੰਨਾ ਘਟੀਆ ਅਤੇ ਰੁੱਖਾ ਹੈ। ਜਦੋਂ ਉਹ ਇਹ ਗੱਲ ਸਮਝ ਜਾਣਗੇ, ਉਹ ਇਸ ਨੂੰ ਜ਼ਰੂਰ ਬਦਲ ਦੇਣਗੇ। ਜਦ ਤਕ ਲੋਕ ਨਵੀਂ ਜ਼ਿੰਦਗੀ ਜੀਊਣ ਨਹੀਂ ਲੱਗ ਪੈਂਦੇ, ਮੈਂ ਇਹ ਗੱਲ ਵਾਰ-ਵਾਰ ਕਹਿੰਦਾ ਰਹਾਂਗਾ।"

*—ਚੈਖ਼ੋਵ*

ਪੁਲਿਸ :..... ਪੁਲਿਸ ਨਾ ਕੇਵਲ ਜੁਰਮਾਂ ਨੂੰ ਬੰਦ ਕਰਨ, ਅਪਰਾਧੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਜਾਨ-ਮਾਲ ਦੀ ਰਾਖੀ ਕਰਨ ਵਿਚ ਹੀ ਅਸਫ਼ਲ ਰਹੀ, ਸਗੋਂ ਸਾਡੀ ਪੁਲਿਸ ਆਪ ਜ਼ੁਲਮ ਦਾ ਇਕ ਸਾਧਨ ਹੈ ਅਤੇ ਲੋਕਾਂ ਦੇ ਇਖ਼ਲਾਕੀ ਪਤਨ ਦਾ ਇਕ ਪ੍ਰਬਲ ਕਾਰਨ ਬਣ ਗਈ ਹੈ।

*(1853 ਵਿਚ ਅੰਗਰੇਜ਼ਾਂ ਦੀ 'ਇੰਡੀਆ ਰਿਫ਼ਾਰਮ ਸੁਸਾਇਟੀ' ਪੱਤ੍ਰਿਕਾ ਦਾ ਸਰਵੇ)*

# ਭਾਗ ਪਹਿਲਾ

## 1

ਮੁੱਖ ਮੰਤਰੀ ਦੀ ਜਾਨ ਦੋਹਾਂ ਪੁੜਾਂ ਵਿਚ ਫਸੀ ਹੋਈ ਸੀ। ਸਹੁੰ ਚੁੱਕਦਿਆਂ ਹੀ ਉਸ ਨੇ ਜਣੇ-ਖਣੇ ਨੂੰ ਝੰਡੀ ਵਾਲੀ ਕਾਰ ਫੜਾ ਦਿੱਤੀ।

ਹਾਬੜੇ ਵਜ਼ੀਰਾਂ ਨੂੰ ਰਾਤੋ-ਰਾਤ ਯਾਰਾਂ-ਦੋਸਤਾਂ, ਹਮਾਇਤੀਆਂ ਅਤੇ ਰਿਸ਼ਤੇਦਾਰਾਂ ਦਾ ਮੋਹ ਜਾਗ ਪਿਆ। ਕੋਈ ਪਤਾ ਨਹੀਂ ਸੀ ਅਗਲੇ ਦਿਨ ਕੁਰਸੀ ਹੇਠਾਂ ਰਹੇਗੀ ਵੀ ਜਾਂ ਨਹੀਂ। ਇਹ ਵੀ ਪਤਾ ਨਹੀਂ ਸੀ, ਇਸ ਹਾੜੀ ਵਾਂਗ ਅਗਲੀ ਹਾੜੀ ਨੂੰ ਵੀ ਵੋਟਾਂ ਲਈ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪੈਣ।

ਵੋਟਰਾਂ ਨੂੰ ਖ਼ੁਸ਼ ਕਰਨ ਲਈ ਕਿਸੇ ਨੂੰ ਆਪਣੇ ਇਲਾਕੇ ਵਿਚ ਸਕੂਲ ਖੋਲ੍ਹਣ ਦੀ ਬਣੀ, ਕਿਸੇ ਨੂੰ ਹਸਪਤਾਲ ਦੀ ਅਤੇ ਕਿਸੇ ਨੂੰ ਨਵੀਂ ਅਨਾਜ ਮੰਡੀ ਦੀ। ਜਿਹੜੇ-ਜਿਹੜੇ ਮਹਿਕਮੇ ਵਜ਼ੀਰਾਂ ਦੇ ਕੋਲ ਸਨ, ਉਹ ਐਲਾਨ ਤਾਂ ਉਹਨਾਂ ਝਟਪਟ ਕਰ ਦਿੱਤੇ। ਬਾਕੀਆਂ ਦੇ ਇਕ ਦੂਜੇ ਨਾਲ ਸੌਦੇ ਕਰ ਲਏ। ਜੇ ਗਿਆਨੀ ਜੀ ਨੇ ਆਪਣੇ ਪਿੰਡ ਸਕੂਲ ਖੁਲ੍ਹਾਉਣਾ ਹੈ ਤਾਂ ਉਸ ਨੂੰ ਜਥੇਦਾਰ ਦੇ ਪਿੰਡ ਹਸਪਤਾਲ ਖੋਲ੍ਹਣਾ ਪਏਗਾ। ਜੇ ਖ਼ਾਲਸਾ ਜੀ ਨੂੰ ਅਨਾਜ-ਮੰਡੀ ਚਾਹੀਦੀ ਹੈ ਤਾਂ ਉਸ ਨੂੰ ਦੀਵਾਨਾ ਜੀ ਦੇ ਪਿੰਡ ਵਾਲੀ ਹਰੀਜਨਾਂ ਦੀ ਧਰਮਸ਼ਾਲਾ ਨੂੰ ਗਰਾਂਟ ਦੇਣੀ ਪਏਗੀ।

ਇਕ ਦੂਜੇ ਤੋਂ ਵੱਧੋਂ-ਵੱਧ ਨੀਂਹ ਪੱਥਰ ਰਖਾ ਲੈਣ ਦੀ ਵਜ਼ੀਰਾਂ ਵਿਚ ਇਕ ਦੌੜ ਜਿਹੀ ਲੱਗ ਚੁੱਕੀ ਸੀ। ਕਈ ਵਾਰ ਇਕੋ ਦਿਨ ਇਕੋ ਹਲਕੇ ਵਿਚ ਤਿੰਨ-ਤਿੰਨ, ਚਾਰ-ਚਾਰ ਵਜ਼ੀਰ ਆ ਧਮਕਦੇ।

ਇਕ ਪਾਸੇ ਪਿੰਡ-ਪਿੰਡ ਫਿਰਦੀਆਂ ਵਜ਼ੀਰਾਂ ਦੀਆਂ ਡਾਰਾਂ ਸਨ ਅਤੇ ਦੂਜੇ ਪਾਸੇ ਧੜਾ-ਧੜ ਹੋ ਰਹੀਆਂ ਵਾਰਦਾਤਾਂ। ਪੁਲਿਸ ਦੀਆਂ ਭੂਤਨੀਆਂ ਭੁੱਲੀਆਂ ਪਈਆਂ ਸਨ।

ਹੁਣ ਭਲੇ ਦਿਨ ਤਾਂ ਰਹੇ ਨਹੀਂ ਸਨ ਜਦੋਂ ਵਜ਼ੀਰ ਹਾੜੀ-ਸੌਣੀ ਕਦੇ-ਕਦਾਈਂ ਦਰਸ਼ਨ ਦਿਆ ਕਰਦੇ ਸਨ। ਲੋਕ ਵੀ ਨੇਤਾਵਾਂ ਦੇ ਦੀਦਾਰ ਲਈ ਉਤਾਵਲੇ ਘੰਟਿਆਂ ਬੱਧੀ ਧੁੱਪਾਂ ਵਿਚ ਖੜੇ ਰਹਿੰਦੇ। ਅੱਜ-ਕੱਲ੍ਹ ਤਾਂ ਭੜਕੀਆਂ ਭੀੜਾਂ ਨੂੰ ਕਾਬੂ ਕਰਨ, ਜਲਸੇ-ਜਲੂਸਾਂ ਨੂੰ ਖਿੰਡਾਉਣ ਅਤੇ ਵਜ਼ੀਰਾਂ ਨੂੰ ਇੱਟਾਂ ਰੋੜਿਆਂ ਤੋਂ ਬਚਾਉਣ ਲਈ ਪੁਲਿਸ ਨੂੰ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਹਨ। ਅਤਿਵਾਦੀਆਂ ਨੇ ਹਰ ਵਜ਼ੀਰ ਨੂੰ ਧਮਕੀਆਂ ਦੇ ਰੱਖੀਆਂ ਹਨ। ਮਾੜੀ ਜਿਹੀ ਕੁਤਾਹੀ ਹੋਈ ਨਹੀਂ ਕਿ ਨੌਕਰੀਉਂ ਬਰਖ਼ਾਸਤ ਹੋਣ ਦੇ ਹੁਕਮ ਮਿਲੇ ਨਹੀਂ।

ਸੁਰੱਖਿਆ ਪ੍ਰਬੰਧ ਇੰਨੇ ਸਖ਼ਤ ਕਿ ਵਜ਼ੀਰ ਦੇ ਚੰਡੀਗੜ੍ਹ ਚੱਲਣ ਤੋਂ ਪਹਿਲਾਂ ਹੀ ਥਾਂ-ਥਾਂ ਵਾਇਰਲੈੱਸਾਂ ਖੜਕ ਜਾਂਦੀਆਂ ਹਨ। ਸਾਰਾ ਥਾਣਾ ਇਕ-ਦਮ ਵਿਹਲਾ। ਨਾਕੇ, ਪਹਿਰੇ, ਤਲਾਸ਼ੀਆਂ ਅਤੇ ਗੁੰਡੇ ਅਨਸਰਾਂ ਦੀ ਫੜੋ-ਫੜਾਈ। ਮਜਾਲ ਕਿ ਮੁਨਸ਼ੀ ਅਤੇ ਸੰਤਰੀ ਤੋਂ ਇਲਾਵਾ ਕੋਈ ਬੀਮਾਰ-ਠਮਾਰ ਸਿਪਾਹੀ ਵੀ ਦੋ ਘੜੀ ਥਾਣੇ ਟਿਕ ਸਕੇ।

ਇਕ ਮੰਤਰੀ ਨੇ ਆਉਣਾ ਹੋਵੇ ਤਾਂ ਸੌਖੇ ਹੀ ਸਰ ਜਾਂਦਾ ਹੈ। ਦੋ ਨੇ ਆਉਣਾ ਹੋਵੇ ਤਾਂ ਆਂਢ-ਗੁਆਂਢ ਤੋਂ ਫ਼ੋਰਸ ਮੰਗਵਾ ਕੇ ਡੰਗ ਲੰਘ ਸਕਦੈ। ਜੇ ਚਾਰ-ਚਾਰ ਨੇ ਆਉਣਾ ਹੋਵੇ ਅਤੇ ਇਕ-ਇਕ ਨੇ ਦਸ-ਦਸ ਪਿੰਡਾਂ ਵਿਚ ਗੇੜੇ ਦੇਣੇ ਹੋਣ ਤਾਂ ਗਿਣਤੀ-ਮਿਣਤੀ ਦੀ ਪੁਲਿਸ ਕਿਧਰ ਜਾਵੇ ? ਇਹ ਵੀ ਪਤਾ ਨਹੀਂ ਲੱਗਦਾ ਕਿਸ ਪਿੰਡ ਕਿਸ ਦੇ ਘਰ ਡੇਰਾ ਲਾਉਣਾ ਹੈ। ਇਹ ਵੀ ਵਸਾਹ ਨਹੀਂ, ਰਾਤ ਠਹਿਰਨ ਦਾ ਐਲਾਨ ਕਿਸੇ ਦੋ ਕੌਡੀ ਦੇ ਬੰਦੇ ਦੇ ਘਰ ਹੀ ਹੋ ਜਾਵੇ।

ਇਸ ਸ਼ਹਿਰ ਦੀ ਪੁਲਿਸ ਲਈ ਵੀ ਇਕ ਇਹੋ ਜਿਹਾ ਹੀ ਮਨਹੂਸ ਦਿਨ ਚੜ੍ਹਿਆ ਹੋਇਆ ਸੀ।

ਦੋ ਮੰਤਰੀ ਪਿਛਲੀ ਰਾਤ ਤੋਂ ਉਹਨਾਂ ਦੇ ਹਲਕੇ ਵਿਚ ਰੁਕੇ ਹੋਏ ਸਨ। ਦੋ ਨੇ ਦਿਨ ਚੜ੍ਹਨ ਤੋਂ ਪਹਿਲਾਂ ਆ ਧਮਕਣਾ ਸੀ। ਅੱਧੀ ਪੁਲਿਸ ਨੂੰ ਪਿੰਡਾਂ ਵਿਚ ਡੇਰੇ ਲਾਉਣੇ ਪੈ ਗਏ ਸਨ। ਬਾਕੀ ਸਲਾਮੀਆਂ ਲਈ ਰੈਸਟ ਹਾਊਸ ਅੱਪੜੀ ਹੋਈ ਸੀ।

ਭਾਂਅ-ਭਾਂਅ ਕਰਦੇ ਥਾਣੇ ਵਿਚ ਦੋ ਹੀ ਬੰਦੇ ਸਨ। ਵਿਹੜੇ ਵਿਚ ਮੇਜ਼ ਡਾਹੀ ਬੈਠਾ ਮੁਨਸ਼ੀ ਜਾਂ ਫੇਰ ਥਾਣੇ ਦੇ ਵੱਡੇ ਦਰਵਾਜ਼ੇ ਨੂੰ ਬੰਦ ਕਰੀ, ਛੋਟੇ ਦਰਵਾਜ਼ੇ ਅੱਗੇ ਟਹਿਲ ਰਿਹਾ ਸੰਤਰੀ।

ਮਧਰੇ ਕੱਦ ਵਾਲੇ ਸੰਤਰੀ ਦੀਆਂ ਛੋਟੀਆਂ-ਛੋਟੀਆਂ ਅੱਖਾਂ ਵਿਚ ਉਦਾਸੀ ਛਾਈ ਹੋਈ ਸੀ। ਸਰਕਾਰੀ ਹੁਕਮ ਸਨ ਕਿ ਥਿਰੀ-ਨਾਟ-ਥਿਰੀ ਦੀ ਬੰਦੂਕ ਨੂੰ ਮੋਢੇ 'ਤੇ ਰੱਖ ਕੇ ਸੰਤਰੀ ਗੇਟ ਅੱਗੇ ਚਹਿਲ-ਕਦਮੀ ਕਰਦਾ ਰਹੇ। ਢੱਠੇ ਖੂਹ 'ਚ ਪੈਣ ਸਰਕਾਰੀ ਹੁਕਮ। ਬੰਦੂਕ ਦਾ ਬੱਟ ਉਸ ਨੇ ਜ਼ਮੀਨ 'ਤੇ ਟਿਕਾ ਰੱਖਿਆ ਸੀ। ਬੰਦੂਕ ਮੋਢੇ 'ਤੇ ਹੋਵੇ ਜਾਂ ਜ਼ਮੀਨ 'ਤੇ, ਇਸ ਨਾਲ ਕੀ ਫ਼ਰਕ ਪੈਂਦਾ ਹੈ ? ਐਵੇਂ ਵੀਹ ਕਿੱਲੋ ਭਾਰ ਚੁੱਕੀ ਮੁਫ਼ਤ 'ਚ ਸਜ਼ਾ ਭੁਗਤਦੇ ਰਹੋ। ਇਹ ਹੁਕਮ ਸੰਤਰੀ ਨੂੰ ਪਸੰਦ ਨਹੀਂ ਸੀ।

ਸੰਤਰੀ ਦੀਆਂ ਅੱਖਾਂ ਵਾਰ-ਵਾਰ ਖੱਬੇ ਗੁੱਟ 'ਤੇ ਬੰਨ੍ਹੀ ਘੜੀ 'ਤੇ ਜਾਂਦੀਆਂ। ਉਥੋਂ ਹਟ ਕੇ ਥਾਣੇ ਅਤੇ ਸਟੇਸ਼ਨ ਵਿਚਕਾਰ ਫੈਲੇ ਬਾਜ਼ਾਰ ਵਿਚਲੀ ਭੀੜ ਵੱਲ ਹੁੰਦੀਆਂ। ਉਹ ਉਹਨਾਂ ਲਾਲਿਆਂ ਨੂੰ ਟਟੋਲਣ ਲੱਗਦੀਆਂ, ਜਿਨ੍ਹਾਂ ਨੂੰ ਗਿਆਂ ਦੋ ਘੰਟੇ ਹੋਣ ਲੱਗੇ ਸਨ।

ਅਜੀਬ-ਅਜੀਬ ਤਰ੍ਹਾਂ ਦੇ ਵਿਚਾਰ ਸੰਤਰੀ ਦਾ ਪਿੱਛਾ ਕਰ ਰਹੇ ਸਨ।

ਮੁੱਖ-ਮੰਤਰੀ ਇਸੇ ਸ਼ਹਿਰ ਦਾ ਰਹਿਣ ਵਾਲਾ ਹੈ। ਇਥੋਂ ਹੀ ਚੋਣ ਜਿੱਤੀ ਹੈ। ਕਿਲ੍ਹੇ ਵਰਗੀ ਕੋਠੀ ਇਸੇ ਸ਼ਹਿਰ ਵਿਚ ਹੈ। ਕੋਠੀ ਸੰਭਰਨ ਵਾਲੀ ਜਮਾਂਦਾਰਨੀ ਤੋਂ ਲੈ ਕੇ ਰਿਕਸ਼ੇ ਵਾਲਿਆਂ ਤਕ ਨੂੰ ਮੁੱਖ-ਮੰਤਰੀ ਦਾ ਬੰਦਾ ਹੋਣ ਦਾ ਹੰਕਾਰ ਹੈ। ਕਿਸੇ ਨੂੰ ਵੀ ਭੂਤਨਾ ਚੜ੍ਹ ਸਕਦਾ ਹੈ ਅਤੇ ਉਹ ਮੁੱਖ-ਮੰਤਰੀ ਦੀ ਕੋਠੀ ਅੱਗੇ ਧਰਨਾ ਦੇ ਸਕਦਾ ਹੈ।

ਸ਼ਹਿਰ ਦੀਆਂ ਸਮੱਸਿਆਵਾਂ ਵੱਲ ਧਿਆਨ ਦੇਣ ਦਾ ਮੁੱਖ-ਮੰਤਰੀ ਕੋਲ ਤਾਂ ਵਕਤ ਨਹੀਂ। ਦਿੱਲੀ ਸਰਕਾਰ ਹੀ ਉਸ ਦਾ ਖਹਿੜਾ ਨਹੀਂ ਛੱਡਦੀ। ਆਪਣੇ ਬਹੁਤੇ ਅਖ਼ਤਿਆਰ ਉਸ ਨੇ ਜਥੇਦਾਰਾਂ ਨੂੰ ਦਿੱਤੇ ਹੋਏ ਹਨ। ਉੱਨੀਂ ਕਰਨ ਇੱਕੀ ਕਰਨ। ਉੱਚ ਅਧਿਕਾਰੀਆਂ ਨੂੰ ਹੁਕਮ ਹੈ, ਉਹਨਾਂ ਦੇ ਹਰ ਹੁਕਮ 'ਤੇ ਫੁੱਲ ਚੜ੍ਹਾਏ ਜਾਣ। ਸ਼ਹਿਰ ਵਿਚ ਅਕਾਲੀਆਂ ਦਾ ਨਾਮੋ-ਨਿਸ਼ਾਨ ਨਹੀਂ ਸੀ। ਇਸੇ ਲਈ ਸ਼ਹਿਰ ਦੇ ਮਸਲਿਆਂ ਵਿਚ ਉਹਨਾਂ ਦੀ ਜ਼ਰੂਰਤ ਨਹੀਂ ਸੀ ਪੈਂਦੀ।

ਸ਼ਹਿਰ ਦਾ ਸਾਰਾ ਕੰਮ ਕਦੇ ਮੁੱਖ-ਮੰਤਰੀ ਦਾ ਰਹਿ ਚੁੱਕਾ ਮੁਨਸ਼ੀ ਸਦਾ ਨੰਦ ਹੀ ਨਿਭਾਉਂਦਾ ਸੀ। ਮੁੱਖ-ਮੰਤਰੀ ਦੇ ਸਹੁੰ ਚੁੱਕਦਿਆਂ ਹੀ ਉਸ ਨੇ ਕਚਹਿਰੀਉਂ ਦਰੀ ਚੁੱਕ ਕੇ ਮੁੱਖ-ਮੰਤਰੀ ਦੀ ਕੋਠੀ ਡੇਰਾ ਲਾ ਲਿਆ ਸੀ। ਸ਼ਹਿਰ ਦੇ ਬਹੁਤੇ ਕੰਮਾਂ ਦੀ ਜ਼ਿੰਮੇਵਾਰੀ ਉਸੇ ਦੇ ਸਿਰ ਸੀ।

ਸਿੱਧੇ ਤੌਰ 'ਤੇ ਤਾਂ ਮੰਤਰੀ ਨੂੰ ਸਦਾ ਨੰਦ ਤੋਂ ਕੋਈ ਖ਼ਤਰਾ ਨਹੀਂ ਸੀ। ਪੂਰੇ ਪੰਦਰਾਂ ਵਰ੍ਹੇ ਸੰਤਰੀ ਅਤੇ ਮੁਨਸ਼ੀ ਕਚਹਿਰੀਆਂ ਵਿਚ ਘਿਉ-ਖਿਚੜੀ ਬਣ ਕੇ ਰਹੇ ਸਨ। ਮੁਨਸ਼ੀ ਰਾਹੀਂ ਹੁਣ ਵੀ ਉਸ ਨੇ ਕਈ ਕੰਮ ਕਰਾਏ ਸਨ। ਹਿੱਸਾ-ਪੱਤੀ ਉਸੇ ਤਰ੍ਹਾਂ ਕਾਇਮ ਹੈ। ਛੋਟੀ-ਮੋਟੀ ਸ਼ਿਕਾਇਤ ਨੂੰ ਤਾਂ ਮੁਨਸ਼ੀ ਨਹੀਂ ਗੌਲੇਗਾ। ਮਸਲਾ ਗੰਭੀਰ ਹੋਇਆ ਤਾਂ ਬਖ਼ਸ਼ੇਗਾ ਵੀ ਨਹੀਂ।

ਹੁਣੇ-ਹੁਣੇ ਉਸ ਵੱਲੋਂ ਫਿਟਕਾਰੇ ਸੇਠ ਮਾੜੇ-ਮੋਟੇ ਬੰਦੇ ਨਹੀਂ ਸਨ। ਜ਼ਰੂਰ ਉਹ ਮੁਨਸ਼ੀ ਵੱਲ ਗਏ ਹੋਣਗੇ। ਸੰਤਰੀ ਨੂੰ ਫ਼ਿਕਰ ਲੱਗਾ ਹੋਇਆ ਸੀ।

ਮੁਖ਼ਤਿਆਰ ਨੂੰ ਆਪਣੇ ਅੱਖੜ ਸੁਭਾਅ ਅਤੇ ਮੰਦ-ਅਕਲੀ 'ਤੇ ਘ੍ਰਿਣਾ ਹੋ ਰਹੀ ਸੀ। ਉਸ ਨੂੰ ਚੰਗਾ-ਭਲਾ ਪਤਾ ਸੀ, ਹਲਕੇ ਵਿਚ ਚਾਰ ਵਜ਼ੀਰ ਘੁੰਮ ਰਹੇ ਹਨ। ਪਹਿਲਾਂ ਵਾਲੀ ਗੱਲ ਥੋੜ੍ਹਾ ਸੀ ਕਿ ਕੋਈ ਪੁੱਛਣ ਵਾਲਾ ਨਹੀਂ ਸੀ। ਅੱਜ-ਕੱਲ੍ਹ ਤਾਂ ਕਿਸੇ ਦਾ ਕੱਟਾ ਵੀ ਗਵਾਚ ਜਾਵੇ ਤਾਂ ਵੀ ਥਾਣੇ ਆਉਣ ਤੋਂ ਪਹਿਲਾਂ ਵਜ਼ੀਰ ਤੋਂ ਫ਼ੋਨ ਕਰਾਉਂਦੈ। ਵਜ਼ੀਰਾਂ ਨੂੰ ਜਿਵੇਂ ਹੋਰ ਕੋਈ ਕੰਮ ਨਹੀਂ ਰਿਹਾ। ਭਾਵੇਂ ਪੰਜਾਹ ਰੁਪਏ ਦੀ ਟੇਪ-ਰਿਕਾਰਡਰ ਚੋਰੀ ਹੋਈ ਹੋਵੇ, ਭਾਵੇਂ ਤੀਹਾਂ ਦਾ ਪੁਰਾਣਾ ਸਾਈਕਲ, ਵਜ਼ੀਰ ਸਾਹਿਬ ਝੱਟ ਅਰਜ਼ੀ 'ਤੇ ਦਸਖ਼ਤ ਕਰ ਕੇ ਆਈ.ਜੀ. ਨੂੰ ਭੇਜ ਦਿੰਦੇ ਹਨ।

ਅਫ਼ਸਰਾਂ ਦੇ ਅੱਡ ਸੱਤੂ ਮੁੱਕੇ ਪਏ ਹਨ। ਆਪਣੀ ਕੁਰਸੀ ਬਚੀ ਰਹਿਣੀ ਚਾਹੀਦੀ ਹੈ, ਛੋਟੇ ਮੁਲਾਜ਼ਮ ਚਾਹੇ ਖੂਹ 'ਚ ਪੈਣ। ਨਾ ਵਜ਼ੀਰ ਨੂੰ ਨਰਾਜ਼ ਹੋਣ ਦਿੰਦੇ ਹਨ, ਨਾ ਹੀ ਉਹਨਾਂ ਦੇ ਕਿਸੇ ਚਹੇਤੇ ਸਿਆਸੀ ਦੋਸਤ ਨੂੰ। ਛੋਟੀ ਜਿਹੀ ਸ਼ਿਕਾਇਤ 'ਤੇ ਹੀ ਬਦਲੀ ਦੇ ਆਰਡਰ ਹੋ ਜਾਂਦੇ ਹਨ। ਇਕ ਵਾਰ ਗੁੱਠੇ ਲੱਗ ਗਏ ਤਾਂ ਚੰਗੇ ਥਾਣੇ ਪਹੁੰਚਣ ਲਈ ਵਰ੍ਹਿਆਂ ਦੇ ਵਰ੍ਹੇ ਲੱਗ ਜਾਂਦੇ ਹਨ।

ਜੇ ਰਿਪੋਰਟ ਦਰਜ ਕਰਾਉਣ ਆਏ ਲਾਲੇ ਸੰਤਰੀ ਤੋਂ ਝਿੜਕੇ ਗਏ ਤਾਂ ਉਸ ਦਾ ਕੀ ਕਸੂਰ ? ਭੁੱਖਣ ਭਾਣਾ ਉਹ ਸਵੇਰ ਦਾ ਪਹਿਰੇ 'ਤੇ ਖੜ੍ਹਾ ਹੈ। ਦਿਨ ਦੇ ਗਿਆਰਾਂ ਵੱਜ ਚੁੱਕੇ ਹਨ। ਹਾਲੇ ਤਕ ਇਕ ਵੀ ਬੰਦੇ ਦੁਆ ਸਲਾਮ ਨਹੀਂ ਕੀਤੀ। ਸੰਤਰੀ ਦੀ ਜੇਬ ਖ਼ਾਲੀ ਹੈ। ਤਿੰਨ ਗਲਾਸ ਲੱਸੀ ਦੇ ਪੀ ਚੁੱਕਾ ਹੈ। ਰਾਤ ਦੀ ਪੀਤੀ ਹਾਲੇ ਤਕ ਨਹੀਂ ਉਤਰੀ। ਬੇਸੁੱਧ ਹੋਇਆ ਉਹ ਦੋ ਜੱਗ ਦਾਰੂ ਪੀ ਗਿਆ ਸੀ। ਉਹ ਵੀ ਰੂੜੀ ਮਾਰਕਾ। ਮੁਖ਼ਤਿਆਰ ਨੇ ਸੋਚਿਆ ਸੀ ਚੰਗੀ ਆਸਾਮੀ ਹੈ। ਦਸ-ਵੀਹ ਝੜ ਜਾਣਗੇ। ਲੱਸੀ ਅਤੇ ਲੈਚੀਆਂ ਦਾ ਖ਼ਰਚ ਨਿਕਲ ਆਵੇਗਾ।

ਕੀ ਪਤਾ ਸੀ ਉਹਨਾਂ ਉੱਲੂਆਂ ਨੂੰ ਸੰਤਰੀ ਦੇ ਦਬਕੇ ਦੀ ਸਮਝ ਹੀ ਨਹੀਂ ਪਏਗੀ ?

ਮੁਖ਼ਤਿਆਰ ਨੇ ਸੋਚਿਆ ਸੀ ਆਮ ਸੰਤਰੀ ਵਾਂਗ ਪਹਿਲਾਂ ਆਪ ਫ਼ੀਸ ਲਏਗਾ। ਫੇਰ ਮੁਨਸ਼ੀ ਨਾਲ ਗੱਲ ਕਰਾ ਕੇ ਉਹਦੀ ਹਮਦਰਦੀ ਜਿੱਤੇਗਾ। ਮੁਨਸ਼ੀ ਸੂਈ ਬਘਿਆੜੀ ਵਾਂਗ ਪੈਂਦਾ ਹੈ। ਕੁਝ ਨਰਮ ਹੋਏਗਾ।

ਬਿਨਾਂ ਕਿਸੇ ਮੋਹਤਬਰ ਤੋਂ ਥਾਣੇ ਨੂੰ ਮੂੰਹ ਚੁੱਕੀ ਆਉਂਦੇ ਲਾਲੇ ਸੰਤਰੀ ਨੂੰ ਵਿਹੁ ਵਰਗੇ ਲੱਗੇ ਸਨ। ਉਸ ਦੀਆਂ ਨਿੱਕੀਆਂ-ਨਿੱਕੀਆਂ ਅੱਖਾਂ ਵਿਚ ਚਿੰਗਾੜੇ ਮਘ ਪਏ ਸਨ।

"ਕਿਧਰ ਨੂੰ ਮੂੰਹ ਚੁੱਕਿਐ ਬਈ ਸੇਠੋ ?" ਖਿਝੇ ਸੰਤਰੀ ਨੇ ਬਿਨਾਂ ਦੁਆ-ਸਲਾਮ ਕਰੇ ਥਾਣੇ ਅੰਦਰ ਘੁਸਦੇ ਲਾਲਿਆਂ ਨੂੰ ਦਬਕਾ ਮਾਰਿਆ ਸੀ। ਉਹਨਾਂ ਦੇ ਘਬਰਾਏ ਚਿਹਰਿਆਂ ਤੋਂ ਸੰਤਰੀ ਨੇ ਅੰਦਾਜ਼ਾ ਲਾ ਲਿਆ ਸੀ ਕਿ ਨਾ ਉਹ ਨੇਤਾ ਲੋਕ ਸਨ ਅਤੇ ਨਾ ਹੀ ਮੋਹਤਬਰ। ਉਹ ਕੇਵਲ ਫ਼ਰਿਆਦੀ ਸਨ।

ਵਰਤੇ ਗਏ ਸਖ਼ਤ ਸ਼ਬਦਾਂ ਨੂੰ ਉਚਿਤ ਠਹਿਰਾਉਣ ਲਈ ਸੰਤਰੀ ਨੇ ਹੱਥ ਵਿਚ ਫੜੀ ਬੰਦੂਕ ਨੂੰ ਮੋਢੇ 'ਤੇ ਰੱਖਿਆ। ਲੋਹੇ ਦੀ ਉਸ ਸੰਗਲੀ ਨੂੰ ਇਕ ਦੋ ਵਾਰ ਖੜਕਾਇਆ, ਜਿਸ ਦਾ ਇਕ ਸਿਰਾ ਉਸ ਦੀ ਬੈਲਟ ਵਿਚ ਸੀ ਅਤੇ ਦੂਸਰਾ ਬੰਦੂਕ ਦੇ ਟਾਇਗਰ ਗਾਰਡ ਵਿਚ। ਇਸ ਖੜਕੇ

ਨਾਲ ਉਹ ਸੇਠਾਂ ਨੂੰ ਕਾਲੇ ਦਿਨਾਂ ਦੀ ਯਾਦ ਦਿਵਾਉਣਾ ਚਾਹੁੰਦਾ ਸੀ। ਇਹਨੀਂ ਦਿਨੀਂ ਥਾਣੇ ਲੁੱਟਣ ਦੀਆਂ ਵਾਰਦਾਤਾਂ ਆਮ ਹਨ। ਕੀ ਪਤੈ ਕੋਈ ਦਿਨ-ਦਿਹਾੜੇ ਹੀ ਥਾਣਾ ਲੁੱਟਣ ਪੈ ਜਾਵੇ ? ਥਾਣੇ ਵੜਨ ਤੋਂ ਪਹਿਲਾਂ ਸੰਤਰੀ ਦੀ ਇਜਾਜ਼ਤ ਜ਼ਰੂਰੀ ਹੈ। ਸੇਠਾਂ ਨੇ ਇਹ ਗੁਸਤਾਖ਼ੀ ਕੀਤੀ ਸੀ। ਇਸ ਕੁਤਾਹੀ ਲਈ ਝਾੜ-ਝੰਬ ਕਰਨਾ ਸੰਤਰੀ ਦਾ ਫ਼ਰਜ਼ ਸੀ।

"ਅਸੀਂ ਵੱਡੇ ਸਰਦਾਰ ਨੂੰ ਮਿਲਨੈ.....।" ਉਹਨਾਂ ਵਿਚੋਂ ਪਹਿਲੇ ਨੇ, ਜਿਸ ਦੀਆਂ ਅੱਖਾਂ ਸਾਰੀ ਰਾਤ ਦਾ ਜਗਰਾਤਾ ਕੱਟਣ ਕਰਕੇ ਸੁੱਜੀਆਂ ਹੋਈਆਂ ਸਨ, ਥਾਣੇ ਆਉਣ ਦਾ ਮਕਸਦ ਦੱਸਿਆ।

"ਮੈਂ ਕੀ ਇਥੇ ਆਂਡੇ ਦੇਣ ਨੂੰ ਖੜੈਂ ? ਪਹਿਲਾਂ ਮੈਨੂੰ ਦੱਸੋ ਕਿਸ ਕੰਮ ਲਈ ਮਿਲਣੈ ਸਰਦਾਰ ਨੂੰ ?" ਵੱਡੇ ਸਰਦਾਰ ਨੂੰ ਸਿੱਧਾ ਮਿਲਣ ਵਾਲੀ ਗੱਲ ਮੁਖ਼ਤਿਆਰ ਦੇ ਸੀਨੇ 'ਚ ਤੀਰ ਵਾਂਗ ਲੱਗੀ। ਸਰਦਾਰ ਨੂੰ ਮਿਲਣ ਲਈ ਕਈ ਦਰਵਾਜ਼ਿਉਂ ਲੰਘਣਾ ਪੈਣਾ ਹੈ। ਇਹ ਤਾਂ ਪਹਿਲਾ ਹੀ ਸੀ। ਉਹਨਾਂ ਨੂੰ ਪੈਰੋਂ ਕੱਢਣ ਲਈ ਇੰਨਾ ਕੁ ਰੋਹਬ ਮਾਰਨਾ ਸੰਤਰੀ ਲਈ ਜ਼ਰੂਰੀ ਸੀ।

"ਜੀ ਮੇਰਾ ਭਾਣਜਾ ਬੰਟੀ ਕੱਲ੍ਹ ਦਾ ਸਕੂਲੋਂ ਨਹੀਂ ਮੁੜਿਆ.....ਰਪਟ ਦਰਜ ਕਰਾਉਣੀ ਹੈ....." ਏਨੇ ਕੁ ਸ਼ਬਦ ਬੋਲਦਿਆਂ ਹੀ ਬੰਟੀ ਦੇ ਮਾਮੇ ਸੂਰਜ ਦਾ ਗਲਾ ਕਈ ਵਾਰ ਭਰ ਆਇਆ ਸੀ।

ਸੰਤਰੀ ਨੇ ਪਾਰਖੂ ਨਿਗਾਹਾਂ ਨਾਲ ਤਿੰਨਾਂ ਦਾ ਉੱਪਰ ਤੋਂ ਹੇਠਾਂ ਤਕ ਮੁਆਇਨਾ ਕੀਤਾ। ਭਾਣਜਾ ਆਖਣ ਵਾਲਾ ਨੌਜਵਾਨ ਮਾੜਚੂ ਜਿਹਾ ਸੀ। ਉਸ ਨੇ ਸਫ਼ੈਦ ਕੁੜਤਾ ਪਜਾਮਾ ਪਾਇਆ ਹੋਇਆ ਸੀ। ਲੱਗਦਾ ਸੀ ਉਸ ਨੂੰ ਕੁੜਤਾ ਪਜਾਮਾ ਬਦਲਣ ਦਾ ਵਕਤ ਨਹੀਂ ਸੀ ਮਿਲਿਆ। ਮੈਲਾ ਹੋ-ਹੋ ਕੇ ਉਹ ਮਿੱਟੀ ਰੰਗਾ ਹੋ ਗਿਆ ਸੀ। ਵਾਰ-ਵਾਰ ਪੂੰਝੇ ਗਏ ਹੰਝੂਆਂ ਕਾਰਨ ਕਮੀਜ਼ ਦੀਆਂ ਕਫਾਂ 'ਤੇ ਕਈ ਧੱਬੇ ਪੈ ਗਏ ਸਨ। ਉਸ ਦੇ ਚਿਹਰੇ 'ਤੇ ਥਕਾਨ ਦੇ ਚਿੰਨ੍ਹ ਸਾਫ਼ ਦਿਖਾਈ ਦੇ ਰਹੇ ਸਨ।

ਬਾਕੀ ਦੇ ਦੋਹਾਂ ਵਿਚ ਕੋਈ ਬਹੁਤਾ ਫ਼ਰਕ ਨਹੀਂ ਸੀ। ਦੋਹਾਂ ਦੀਆਂ ਗੋਗੜਾਂ ਵਧੀਆਂ ਹੋਈਆਂ ਸਨ। ਮੋਟੀਆਂ-ਮੋਟੀਆਂ ਗਰਦਨਾਂ ਦੁਆਲੇ ਸੋਨੇ ਦੀਆਂ ਚੈਨਾਂ ਸਨ। ਉਂਗਲਾਂ ਵਿਚ ਹੀਰਿਆਂ ਦੀਆਂ ਮੁੰਦਰੀਆਂ। ਉਹਨਾਂ ਦੀਆਂ ਅੱਖਾਂ ਵਿਚ ਗ਼ਮ ਦੀ ਝਲਕ ਤਾਂ ਸੀ ਪਰ ਥਕੇਵਾਂ ਨਹੀਂ ਸੀ। ਲੱਗਦਾ ਸੀ ਉਹ ਇਕ-ਦੋ ਘੰਟੇ ਪਹਿਲਾਂ ਹੀ ਸੂਰਜ ਨਾਲ ਰਲੇ ਸਨ। ਉਹਨਾਂ ਵਿਚੋਂ ਇਕ ਨੇ ਕੁੜਤਾ ਪਜਾਮਾ ਪਾਇਆ ਹੋਇਆ ਸੀ ਅਤੇ ਪੈਰੀਂ ਚੱਪਲਾਂ। ਦੂਜੇ ਦੇ ਪੈਂਟ ਸੂਟ ਸੀ ਅਤੇ ਪੈਰੀਂ ਬੂਟ। ਸਾਫ਼-ਸੁਥਰੇ ਕੱਪੜੇ ਅਤੇ ਸਰੀਰ ਵਿਚਲੀ ਚੁਸਤੀ ਦੱਸਦੀ ਸੀ ਕਿ ਉਹਨਾਂ ਨੇ ਬੱਚੇ ਨੂੰ ਲੱਭਣ ਲਈ ਬਹੁਤੇ ਯਤਨ ਨਹੀਂ ਸਨ ਕੀਤੇ।

ਸੋਨੇ ਨਾਲ ਲੱਦੇ ਸੇਠਾਂ ਨੂੰ ਦੇਖ ਕੇ ਮੁਖ਼ਤਿਆਰ ਅੰਦਰ ਵੱਡੀ ਫ਼ੀਸ ਦੀ ਲਾਲਸਾ ਜਾਗੀ ਸੀ। ਥੋੜ੍ਹੀ ਜਿਹੀ ਸਖ਼ਤੀ ਵਰਤ ਕੇ ਉਸ ਨੂੰ ਮਤਲਬ ਹੱਲ ਹੋਣ ਦੀ ਆਸ ਸੀ।

"ਪਹਿਲਾਂ ਜੰਮ-ਜੰਮ ਢੇਰ ਲਾ ਦਿੰਦੇ ਹੋ.....ਜਵਾਕ ਸੂਰਾਂ ਵਾਂਗ ਗਲੀਆਂ-ਬਜ਼ਾਰਾਂ ਵਿਚ ਧੱਕੇ ਖਾਂਦੇ ਫਿਰਦੇ ਹਨ.....ਪੁਲਸ ਕਿਸ-ਕਿਸ ਦਾ ਖ਼ਿਆਲ ਰੱਖੇ ?" ਬੰਦੂਕ ਨੂੰ ਮੋਢੇ ਤੋਂ ਲਾਹ ਕੇ ਮੁੜ ਜ਼ਮੀਨ 'ਤੇ ਟਿਕਾਉਂਦੇ ਸੰਤਰੀ ਨੇ ਸਖ਼ਤ ਰੁਖ਼ ਅਪਣਾਈ ਰੱਖਿਆ।

"ਨਹੀਂ, ਨਹੀਂ, ਇਹ ਗੱਲ ਨਹੀਂ.....ਉਹ ਤਾਂ ਮੇਰੀ ਵਿਧਵਾ ਭੈਣ ਦਾ ਇਕੋ-ਇਕ ਪੁੱਤਰ ਸੀ.....ਲਾਲਾ ਜੀ ਆਪ ਉਸ ਨੂੰ ਸਕੂਲ ਲੈ ਕੇ ਜਾਂਦੇ ਸਨ..... ਆਪ ਲੈ ਕੇ ਆਉਂਦੇ ਸਨ..... ਕੱਲ੍ਹ ਪਤਾ ਨਹੀਂ ਕੀ ਭਾਣਾ ਵਰਤ ਗਿਆ....." ਸਾਰੀ ਰਾਤ ਦੇ ਭੁੱਖੇ ਤਿਹਾਏ ਸੂਰਜ ਤੋਂ ਖੜ੍ਹਿਆ ਨਹੀਂ ਸੀ ਜਾ ਰਿਹਾ। ਉਸ ਦਾ ਸਿਰ ਚਕਰਾ ਰਿਹਾ ਸੀ ਅਤੇ ਅੰਦਰੋਂ ਉਲਟੀ ਆਉਣ ਵਾਲੀ ਲੱਗਦੀ

ਸੀ। ਡਿੱਗਣ ਤੋਂ ਡਰਦਾ ਉਹ ਕੋਲ ਪਈ ਇੱਟ ’ਤੇ ਬੈਠ ਗਿਆ। ਦੋਹਾਂ ਹੱਥਾਂ ’ਚ ਸਿਰ ਫੜ ਕੇ ਉਹ ਉਲਟੀ ਕਰਨ ਦਾ ਯਤਨ ਕਰਨ ਲੱਗਾ।

“ਫੇਰ ਸਾਰੀ ਰਾਤ ਸੁੱਤੇ ਰਹੇ ? ਹੁਣ ਤਕ ਤਾਂ ਅਗਲੇ ਜਵਾਕ ਨੂੰ ਦਿੱਲੀ-ਦੱਖਣ ਲੈ ਗਏ ਹੋਣਗੇ.....ਕਿਥੇ-ਕਿਥੇ ਭਾਲੂ ਪੁਲਸ.....ਹੋਰ ਜਿਵੇਂ ਸਾਨੂੰ ਕੋਈ ਕੰਮ ਹੀ ਨਹੀਂ ?” ਹਾਲੇ ਵੀ ਸੰਤਰੀ ਦੀ ਹਥਿਆਰ ਸੁੱਟਣ ਦੀ ਨੀਯਤ ਨਹੀਂ ਸੀ।

“ਸੁੱਤੇ ਨਹੀਂ, ਜਾਗਦੇ ਰਹੇ ਹਾਂ.....ਆਂਢ-ਗੁਆਂਢ.....ਟੋਏ-ਟਿੱਬੇ.....ਸਿਨੇਮੇ.....ਸਟੇਸ਼ਨ..... ਬੱਸਾਂ.....ਗੱਡੀਆਂ.....ਕਿਤੋਂ ਵੀ ਪਤਾ ਨਹੀਂ ਲੱਗਾ। ਸਾਰੀ ਰਾਤ ਵਾਕਫ਼ਾਂ ਦੇ ਘਰ ਛਾਣਦੇ ਰਹੇ ਹਾਂ।” ਕੁੜਤੇ ਪਜਾਮੇ ਵਾਲੇ ਸੇਠ ਨੂੰ ਕੁਝ ਗ਼ੁੱਸਾ ਆ ਗਿਆ ਸੀ। ਸੂਰਜ ਨੂੰ ਨਿਢਾਲ ਹੋ ਕੇ ਇਕ ਪਾਸੇ ਬੈਠਦਿਆਂ ਦੇਖ ਕੇ ਉਸ ਨੇ ਗੱਲ ਅੱਗੇ ਤੋਰੀ।

“ਠੀਕ ਹੈ.....ਠੀਕ ਹੈ.....” ਸੇਠ ਦੀ ਸਖ਼ਤੀ ਅੱਗੇ ਸੰਤਰੀ ਦੀਆਂ ਤਿਊੜੀਆਂ ਢਿੱਲੀਆਂ ਪੈ ਗਈਆਂ। ਉਸ ਦਾ ਮਨ ਡੋਲਿਆ ਜ਼ਰੂਰ ਪਰ ਉਸ ਨੇ ਆਪਣੀ ਬੜ੍ਹਕ ਵਿਚ ਕੋਈ ਪਰਿਵਰਤਨ ਨਹੀਂ ਆਉਣ ਦਿੱਤਾ।

ਤਿੰਨਾਂ ਦੇ ਚਿਹਰਿਆਂ ’ਤੇ ਛਾਈ ਮੁਰਦੇਹਾਣੀ ਨੂੰ ਦੇਖ ਕੇ ਸੰਤਰੀ ਨੇ ਭਾਂਪ ਲਿਆ ਕਿ ਉਹ ਨਰਮ-ਦਿਲ ਆਦਮੀ ਹਨ। ਸਭ ਨੂੰ ਬੱਚੇ ਦੇ ਗੁੰਮ ਹੋਣ ਦਾ ਗ਼ਮ ਹੈ। ਬੱਚੇ ਨੂੰ ਲੱਭਣ ਲਈ ਉਹ ਸਭ ਕੁਝ ਕਰਨ ਨੂੰ ਤਿਆਰ ਵੀ ਹਨ। ਪਰ ਇਕ ਘਾਟ ਸੀ। ਪੁਲਿਸ ਦੇ ਕਾਇਦੇ ਕਾਨੂੰਨ ਜਾਣਨ ਵਾਲਾ ਉਹਨਾਂ ਵਿਚ ਕੋਈ ਨਹੀਂ ਸੀ। ਉਹਨਾਂ ਨੂੰ ਕਿਸੇ ਮੋਹਤਬਰ ਦੀ ਜ਼ਰੂਰਤ ਸੀ। ਮੋਹਤਬਰ.....ਜਾਣੀ ਉਹ ਬੰਦਾ ਜਿਹੜਾ ਮਗਰਮੱਛ ਵਾਂਗ ਉਪਰੋਂ ਤਾਂ ਮੁਸਤਗੀਸਾਂ ਦੇ ਹੱਕ ਵਿਚ ਹੰਝੂ ਬਹਾਏ ਪਰ ਅੰਦਰੋਂ ਪੁਲਿਸ ਨੂੰ ਪੈਸੇ ਦਿਵਾਉਣ ਲਈ ਹੱਥ-ਪੈਰ ਮਾਰੇ।

ਬੰਦੇ ਭੋਲੇ-ਭਾਲੇ ਸਨ। ਉਹਨਾਂ ਨੂੰ ਸਹੀ ਰਹਿਨੁਮਾਈ ਦੀ ਲੋੜ ਸੀ। ਤਜਰਬੇਕਾਰ ਹੁੰਦੇ ਤਾਂ ਕਦੋਂ ਦੇ ਦਸ-ਵੀਹ ਜਾਂ ਪੰਜਾਹ ਦਾ ਨੋਟ ਸੰਤਰੀ ਦੀ ਮੁੱਠੀ ਵਿਚ ਦੇ ਕੇ ਅੱਗੇ ਲੰਘ ਗਏ ਹੁੰਦੇ।

ਮਸਾਂ-ਮਸਾਂ ਅਸਾਮੀ ਹੱਥ ਆਈ ਸੀ। ਬੱਚਾ ਗੁਆਚਣ ਵਰਗਾ ਨਾਜ਼ੁਕ ਮਸਲਾ। ਮੁਖ਼ਤਿਆਰ ਨੇ ਵੀ ਬੱਚੇ ਪਾਲਣੇ ਹਨ। ਇਥੇ ਕਿਸੇ ਨੇ ਵਿਆਹ ਦੇ ਕਾਰਡ ਦੇਣ ਤਾਂ ਨਹੀਂ ਆਉਣਾ। ਮਰਿਆਂ ਦੀਆਂ ਖ਼ਬਰਾਂ ਹੀ ਲਿਆਉਣੀਆਂ ਹਨ। ਪੁਲਿਸ ਨੇ ਤਾਂ ਮੁਰਦਿਆਂ ਦੇ ਹੀ ਕਫ਼ਨ ਲਾਹੁਣੇ ਹਨ।

ਮੂੰਹੋਂ ਫ਼ੀਸ ਮੰਗੀ ਨਹੀਂ ਜਾ ਸਕਦੀ। ਬੇਸ਼ਰਮ ਬਣ ਕੇ ਮੰਗ ਵੀ ਲਈ ਤਾਂ ਘੱਟ-ਵੱਧ ਨਾ ਮੰਗੀ ਜਾਵੇ। ਚੰਗਾ ਹੋਵੇ ਜੇ ਉਹਨਾਂ ਵਿਚ ਕੋਈ ਮੋਹਤਬਰ ਆ ਵੜੇ। ਆਮ ਮੋਹਤਬਰ ਨਹੀਂ, ਪੁਲਿਸ ਦੀ ਭਾਸ਼ਾ ਵਾਲਾ ਮੋਹਤਬਰ। ਫੇਰ ਕੋਈ ਡਰ-ਭੁੱਕਰ ਨਹੀਂ।

“ਥੋਨੂੰ ਪਤੈ ਰਪਟ ਕੀ ਹੁੰਦੀ ਐ ? ਘਾਬਰਿਆ ਬੰਦਾ ਰਪਟ ਦਰਜ ਨਹੀਂ ਕਰਾ ਸਕਦਾ।.... ਰਪਟ ਲਿਖਾਉਣ ਲਈ ਦਿਮਾਗ਼ ਦਾ ਤਵਾਜ਼ਨ ਠੀਕ ਹੋਣਾ ਚਾਹੀਦਾ ਹੈ। ਊਟ-ਪਟਾਂਗ ਲਿਖ ਲਈਏ ਤਾਂ ਪਿੱਛੋਂ ਨਾਲੇ ਸਰਕਾਰੀ ਵਕੀਲ ਸਾਡੇ ਛਿੱਤਰ ਮਾਰਦੈ, ਨਾਲੇ ਜੱਜ ਪਹਿਲੀ ਪੇਸ਼ੀ ਮੁਜਰਮਾਂ ਨੂੰ ਕਰੀ ਕਰ ਦਿੰਦੈ। ਪੂਰੇ ਕਾਇਦੇ ਕਾਨੂੰਨਾਂ ਨੂੰ ਮੁੱਖ ਰੱਖ ਕੇ ਰਪਟ ਲਿਖਣੀ ਪੈਂਦੀ ਹੈ.....ਚੰਗਾ ਹੋਵੇ ਜੇ ਕੋਈ ਮੋਹਤਬਰ ਬੰਦਾ ਲੈ ਆਵੋ.....। ਅਜਿਹਾ ਬੰਦਾ ਜਿਹੜਾ ਅਤਿਵਾਦੀਆਂ ਦੇ ਖ਼ਿਲਾਫ਼ ਵੀ ਗਵਾਹੀ ਦੇ ਸਕੇ।.....ਥੋਡੇ ਵਰਗੇ ਗੋਗੜਾਂ ਵਾਲੇ ਸੇਠ ਗਵਾਹੀ ਵੇਲੇ ਮੋਕ ਮਾਰ ਜਾਂਦੇ ਹਨ.....। ਵੱਡੇ ਅਫ਼ਸਰ ਪੜਤਾਲਾਂ ਸਾਡੀਆਂ ਕਰਨੀਆਂ ਸ਼ੁਰੂ ਕਰ ਦਿੰਦੇ ਨੇ..... ਮੁਜਰਮ ਬਰੀ ਕਿਉਂ ਹੋਏ ? ਲਿਆਉ ਕੋਈ ਮੋਹਤਬਰ ਬੰਦਾ ਲਿਆਉ.....ਨਾਲੇ ਗਵਾਹੀ ਪਾ ਦਊ, ਨਾਲੇ ਰਪਟ ਦਰਜ ਕਰਾ ਦਊ....।”

ਸੰਤਰੀ ਨੇ ਥਾਣੇ ਸਾਹਮਣੀਆਂ ਦੁਕਾਨਾਂ ਵੱਲ ਇਸ਼ਾਰਾ ਵੀ ਕੀਤਾ, ਜਿਥੇ ਮੋਹਤਬਰਾਂ ਦੀ ਮੰਡੀ ਲੱਗੀ ਰਹਿੰਦੀ ਸੀ।

ਉਂਝ ਤਾਂ ਪਿੰਡ-ਪਿੰਡ, ਗਲੀ-ਗਲੀ ਹੀ ਮੋਹਤਬਰਾਂ ਦਾ ਜਾਲ ਵਿਛਿਆ ਹੋਇਆ ਹੈ। ਇੱਟ ਚੁੱਕੋ ਤਾਂ ਮੋਹਤਬਰ ਨਿਕਲ ਆਉਂਦਾ ਹੈ। ਮੋਹਤਬਰ ਸ਼ਿੰਗਾਰਨ ਵਿਚ ਪੁਲਿਸ ਦਾ ਲੱਗਦਾ ਵੀ ਕੀ ਹੈ ? ਆਏ ਬੰਦੇ ਨੂੰ ਜੱਫੀ ਪਾ ਕੇ ਮਿਲੋ। ਬਾਲ-ਬੱਚਿਆਂ ਅਤੇ ਫ਼ਸਲਾਂ ਦਾ ਹਾਲ-ਚਾਲ ਪੁੱਛੋ। ਸ਼ਰਾਬ ਵਾਲੀ ਕੇਨੀ ਵਿਚੋਂ ਕੱਚ ਦੀ ਇਕ ਗਲਾਸੀ ਭਰੋ ਅਤੇ ਅਦਬ ਨਾਲ ਪੇਸ਼ ਕਰੋ। ਰੋਟੀ-ਟੁੱਕ ਦੇ ਬਹਾਨੇ ਕੁਆਟਰ ਲੈ ਜਾਓ। ਪਿਛਲੀ ਫ਼ੀਸ ਦਾ ਹਿੱਸਾ ਉਹਦੇ ਬੋਝੇ ਪਾਓ ਅਤੇ ਅਗਲੀ ਦੀ ਤਿਆਰੀ ਕਰੋ। ਮੋਹਤਬਰ ਬਿਨਾਂ ਪੁਲਿਸ ਨੂੰ ਕਿਹੜਾ ਸੁਫ਼ਨਾ ਆਉਂਦਾ ਹੈ ਕਿ ਅਸਾਮੀ ਵਿਚ ਕਿੰਨਾ ਦਮ ਹੈ ? ਪੰਜ ਵਾਲੇ ਤੋਂ ਪੰਜਾਹ ਮੰਗੇ ਜਾ ਸਕਦੇ ਹਨ ਅਤੇ ਪੰਜਾਹ ਵਾਲੇ ਤੋਂ ਪੰਜ। ਸ਼ਿਕਾਇਤ ਦਾ ਧੁੜਕੂ ਵੱਖਰਾ। ਮੋਹਤਬਰ ਨਾਲ ਹੋਵੇ ਤਾਂ ਪਹਿਲਾਂ ਹੀ ਸਮਝਾ ਦਿੰਦੈ ਕਿ ਤਿਲਾਂ ਵਿਚ ਕਿੰਨਾ ਕੁ ਤੇਲ ਹੈ।

ਮੋਹਤਬਰ ਵੀ ਘਰ-ਘਰ ਫਿਰ ਕੇ ਲੜਾਈ-ਝਗੜੇ ਦੀ ਸੂਹ ਲਾਉਂਦੇ ਰਹਿੰਦੇ ਹਨ। ਵਿਹਲੇ ਹੋਣ ਤਾਂ ਸੱਥਾਂ ਅਤੇ ਬੱਸ ਅੱਡਿਆਂ 'ਚ ਡੇਰੇ ਲਾਈ ਰੱਖਦੇ ਹਨ। ਕੋਈ ਥਾਣੇ ਜਾਂਦਾ ਦਿਖਾਈ ਦੇਵੇ, ਝੱਟ ਨਾਲ ਹੋ ਲੈਂਦੇ ਹਨ।

ਜਿੰਨਾ ਚਿਰ ਲੋਕਾਂ ਦੇ ਸਿੰਗ ਭਿੜੇ ਰਹਿਣਗੇ, ਮੋਹਤਬਰਾਂ ਦੀ ਚੌਧਰ ਬਣੀ ਰਹੇਗੀ। ਚਾਰੇ ਪਾਸੇ ਜਵਾਈਆਂ ਵਾਂਗ ਸੇਵਾ ਹੁੰਦੀ ਹੈ। ਨਕਦ ਨਰਾਇਣ ਅਲੱਗ।

ਕੋਈ ਪਿੱਛੋਂ ਸੁੱਕਾ ਨਿਕਲ ਜਾਵੇ ਤਾਂ ਥਾਣੇ ਦੇ ਸਾਹਮਣੇ ਵਾਲੀਆਂ ਚਾਹ-ਦੁੱਧ ਅਤੇ ਟਾਈਪਿਸਟਾਂ ਦੀਆਂ ਦੁਕਾਨਾਂ 'ਤੇ ਬਥੇਰੇ ਰੈਡੀਮੇਡ ਮੋਹਤਬਰ ਮਿਲ ਜਾਂਦੇ ਹਨ।

ਭੁੱਲ-ਭੁਲੇਖੇ ਕੋਈ ਸਭ ਦੇ ਅੱਖੀਂ ਘੱਟਾ ਪਾ ਕੇ ਥਾਣੇ ਆ ਵੀ ਧਮਕੇ ਤਾਂ ਸੰਤਰੀ ਦਾ ਪਹਿਲਾ ਫ਼ਰਜ਼ ਇਹੋ ਹੈ ਕਿ ਅਰਜ਼ੀ-ਪੱਤਰ ਦੇ ਬਹਾਨੇ ਮੁਸਤਗੀਸਾਂ ਨੂੰ ਟਾਈਪਿਸਟਾਂ ਜਾਂ ਅਰਜ਼ੀ ਨਵੀਸਾਂ ਕੋਲ ਭੇਜੇ। ਬਹੁਤੇ ਪੜ੍ਹੇ-ਲਿਖੇ ਜੇ ਆਪ ਲਿਖਾ-ਪੜ੍ਹੀ ਕਰ ਲਿਆਏ ਹੋਣ ਤਾਂ ਮੁਨਸ਼ੀ ਦਾ ਫ਼ਰਜ਼ ਹੈ ਚਾਹ-ਪਾਣੀ ਦੇ ਬਹਾਨੇ ਫ਼ਰਿਆਦੀਆਂ ਨੂੰ ਦੁਕਾਨ 'ਤੇ ਘੱਲੇ। ਅੱਗੇ ਮੋਹਤਬਰ ਉਹਨਾਂ ਨੂੰ ਆਪੇ ਬੋਚ ਲੈਂਦੇ ਹਨ। ਟਾਈਪ ਕਰਦੇ-ਕਰਦੇ ਜਾਂ ਚਾਹ ਵਿਚ ਦੁੱਧ ਮਿਲਾਉਂਦੇ- ਮਿਲਾਉਂਦੇ ਉਹ ਮੁਸਤਗੀਸਾਂ ਦੇ ਮਨਾਂ ਵਿਚ ਉਤਰ ਜਾਂਦੇ ਹਨ। ਇਧਰ-ਉਧਰ ਦੀਆਂ ਮਾਰ ਕੇ ਸਾਰਾ ਮਸਲਾ ਆਪਣੇ ਹੱਥ ਲੈ ਲੈਂਦੇ ਹਨ। ਪਿੱਛੋਂ ਸਭ ਦੀਆਂ ਪੌਂ-ਬਾਰਾਂ।

ਮੋਹਤਬਰਾਂ ਦੀ ਗੱਲ ਛੇੜ ਕੇ ਸੰਤਰੀ ਆਪਣਾ ਫ਼ਰਜ਼ ਨਿਭਾ ਰਿਹਾ ਸੀ। ਇਸੇ ਵਿਚ ਸਭ ਦਾ ਭਲਾ ਸੀ।

"ਮੈਂ ਧਾਗਾ ਮਿੱਲ ਦਾ ਮੈਨੇਜਿੰਗ ਡਾਇਰੈਕਟਰ ਹਾਂ ਅਤੇ ਇਹ ਭਾਈ ਸਾਹਿਬ ਫਲੌਰ ਮਿਲਜ਼ ਮਾਲਕ ਯੂਨੀਅਨ ਦੇ ਪ੍ਰਧਾਨ।" ਜਾਣ-ਪਹਿਚਾਣ ਕਰਾ ਰਹੇ ਕੁੜਤੇ ਪਜਾਮੇ ਵਾਲੇ ਦਾ ਮਤਲਬ ਸੀ ਕਿ ਉਹ ਮੋਹਤਬਰ ਬੰਦੇ ਹੀ ਤਾਂ ਹਨ।

ਸੇਠਾਂ ਦੇ ਅਹੁਦੇ ਸੁਣ ਕੇ ਸੰਤਰੀ ਨੇ ਦਿਮਾਗ਼ 'ਤੇ ਪੂਰਾ ਬੋਝ ਪਾ ਕੇ ਸੋਚਿਆ। ਪੂਰੇ ਪੰਦਰਾਂ ਦਿਨਾਂ ਤੋਂ ਉਹ ਪਹਿਰੇ 'ਤੇ ਸੀ। ਅਜਿਹਾ ਕੋਈ ਮੋਹਤਬਰ ਨਹੀਂ ਸੀ, ਜਿਹੜਾ ਹਾਲੇ ਤਕ ਉਸ ਦੀਆਂ ਨਜ਼ਰਾਂ ਥਾਣੀਂ ਨਾ ਨਿਕਲਿਆ ਹੋਵੇ। ਉਹ ਮੋਹਤਬਰ ਹੀ ਕਾਹਦਾ ਜਿਹੜਾ ਦਿਨ ਵਿਚ ਦੋ-ਤਿੰਨ ਚੱਕਰ ਵੀ ਨਾ ਮਾਰੇ। ਇਹ ਸੇਠ ਤਾਂ ਇਕ ਵਾਰ ਵੀ ਥਾਣੇ ਨਹੀਂ ਆਏ।

"ਲੱਗਦਾ ਹੈ ਤੁਸੀਂ ਇਨਕਮ ਟੈਕਸ ਜਾਂ ਸੇਲ ਟੈਕਸ ਦੇ ਦਫ਼ਤਰ ਵਿਚ ਲੀਡਰੀ ਕਰਦੇ ਹੋ। ਥੋਨੂੰ ਥਾਣੇ ਤਾਂ ਕਦੇ ਨਹੀਂ ਦੇਖਿਆ.....।" ਸੰਤਰੀ ਨੇ ਨਰਮੀ ਫੜਨੀ ਸ਼ੁਰੂ ਕਰ ਦਿੱਤੀ ।

"ਰੱਬ ਥਾਣੇ, ਹਸਪਤਾਲਾਂ ਤੋਂ ਬਚਾਈ ਰੱਖੇ। ਅਸੀਂ ਹਾਲੇ ਤਕ ਕਦੇ ਥਾਣੇ ਪੈਰ ਨਹੀਂ ਪਾਇਆ।" ਪ੍ਰਧਾਨ ਗੱਲ ਨਿਬੇੜਨਾ ਚਾਹੁੰਦਾ ਸੀ। ਤਿੱਖੇ ਵਿਅੰਗ ਤੋਂ ਉਸ ਨੂੰ ਆਸ ਸੀ ਕਿ ਸੰਤਰੀ ਰਾਹ ਛੱਡ ਦੇਵੇਗਾ।

"ਫੇਰ ਤਾਂ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਹਰ ਸੰਸਥਾ ਦੇ ਕਾਇਦੇ-ਕਾਨੂੰਨ ਹੁੰਦੇ ਹਨ। ਤੁਸੀਂ ਜਾਓ ਸਾਹਮਣੀ ਬੰਦੂਕਾਂ ਵਾਲੀ ਦੁਕਾਨ ਤੋਂ ਗੁਪਤਾ ਜੀ ਨੂੰ ਬੁਲਾ ਲਿਆਓ.....ਵਿਉਪਾਰ ਮੰਡਲ ਦੇ ਪ੍ਰਧਾਨ ਨੂੰ ਹਾਕ ਮਾਰ ਲਓ.....ਹੋਰ ਕੋਈ ਨਹੀਂ ਲੱਭਦਾ ਤਾਂ ਅਰਜ਼ੀ ਨਵੀਸ ਪਾਧਾ ਹੀ ਸਹੀ। ਉਹ ਕਿਧਰੇ ਗਿਆ ਹੋਇਆ ਤਾਂ ਢਾਬੇ ਵਾਲੇ ਪਹਿਲਵਾਨ ਨੂੰ ਲੈ ਆਓ.....। ਕੋਈ ਤਾਂ ਹੋਵੇ ਰਪਟ 'ਤੇ ਅੰਗੂਠਾ ਲਾਉਣ ਲਈ।"

"ਚੰਗਾ ਦੇਖਦੇ ਹਾਂ ਕੋਈ.....।" ਆਖਦੇ ਉਹ ਗਰਦਨਾਂ ਸੁੱਟੀ, ਛੋਟੇ ਕਦਮ ਪੁੱਟਦੇ ਬਜ਼ਾਰ ਵੱਲ ਤੁਰ ਪਏ।

ਪਾਧੇ ਅਤੇ ਗੁਪਤੇ ਦਾ ਨਾਂ ਤਾਂ ਉਸ ਨੇ ਐਵੇਂ ਗਿਣਤੀ ਲਈ ਲਿਆ ਸੀ। ਉਸ ਦੀ ਅਸਲੀ ਦਾਲ ਤਾਂ ਹੀ ਗਲਦੀ ਜੇ ਉਹ ਢਾਬੇ ਵਾਲੇ ਪਹਿਲਵਾਨ ਕੋਲ ਜਾਂਦੇ।

ਪਹਿਲਵਾਨ ਕੋਈ ਪਰਾਇਆ ਨਹੀਂ ਸੀ। ਉਹ ਮੁਖ਼ਤਿਆਰ ਦਾ ਗੁਰੂ ਵੀ ਸੀ, ਚਾਚਾ ਵੀ ਅਤੇ ਸਰਪ੍ਰਸਤ ਵੀ।

ਜਦੋਂ ਉਹ ਪਾਕਿਸਤਾਨੋਂ ਉੱਜੜ ਕੇ ਆਏ ਸਨ ਤਾਂ ਮੁਖ਼ਤਿਆਰ ਪੰਜਾਂ ਸਾਲਾਂ ਦਾ ਸੀ। ਆਉਂਦਿਆਂ ਹੀ ਪਹਿਲਾਂ ਉਸ ਦੇ ਬਾਪ ਅਤੇ ਪਹਿਲਵਾਨ ਨੇ ਪਿੰਡ-ਪਿੰਡ ਜਾ ਕੇ ਸਬਜ਼ੀ ਵੇਚੀ। ਗਰਮੀਆਂ ਵਿਚ ਨਾਲ ਕੁਲਫ਼ੀਆਂ ਲੈ ਜਾਣੀਆਂ। ਉਧਰੋਂ ਦਾਣਿਆਂ ਅਤੇ ਆਂਡਿਆਂ ਦੀ ਬਹਿੰਗੀ ਭਰ ਲਿਆਉਣੀ।

ਨਵਾਂ ਬੱਸ ਸਟੈਂਡ ਬਣਿਆ ਤਾਂ ਉਹਨਾਂ ਨੇ ਪਰੌਂਠਿਆਂ ਦੀ ਰੇਹੜੀ ਲਾਉਣੀ ਸ਼ੁਰੂ ਕਰ ਦਿੱਤੀ। ਰੇਹੜੀ ਲੱਗਦੀ ਨੂੰ ਜਦੋਂ ਦਸ ਵਰ੍ਹੇ ਹੋ ਗਏ ਤਾਂ ਕਮੇਟੀ ਨੇ ਉਹਨਾਂ ਨੂੰ ਦੁਕਾਨ ਅਲਾਟ ਕਰ ਦਿੱਤੀ। ਤਰੱਕੀ ਕਰਦਾ-ਕਰਦਾ ਉਹਨਾਂ ਦਾ ਢਾਬਾ ਵਧੀਆ ਚੱਲ ਨਿਕਲਿਆ। ਗਸ਼ਤ ਲਈ ਨਿਕਲੀ ਪੁਲਿਸ ਪਾਰਟੀ ਉਹਨਾਂ ਦੇ ਚੁਬਾਰੇ ਵਿਚ ਹੀ ਥਕੇਵਾਂ ਲਾਹੁੰਦੀ ਸੀ।

ਮੁਖ਼ਤਿਆਰ ਨੇ ਪਹਿਲਾਂ ਸਬਜ਼ੀ ਢੋਈ, ਰੇਹੜੀ 'ਤੇ ਭਾਂਡੇ ਮਾਂਜੇ ਅਤੇ ਜਦੋਂ ਹੋਟਲ ਖੁੱਲ੍ਹਿਆ ਤਾਂ ਸਬਜ਼ੀਆਂ ਅਤੇ ਮੀਟ ਬਣਾਉਣ ਦਾ ਭਾਰ ਸੰਭਾਲਿਆ। ਕਦੇ-ਕਦੇ ਸਕੂਲ ਵੀ ਗੇੜਾ ਮਾਰ ਆਉਂਦਾ। ਪੰਜਾਬੀ ਪੜ੍ਹਨੀ-ਲਿਖਣੀ ਸਿੱਖ ਲਈ।

ਪੁਲਿਸ ਨਾਲ ਵਾਕਫ਼ੀਅਤ ਵਧੀ ਤਾਂ ਬੰਤਾ ਸਿੰਘ ਥਾਣੇਦਾਰ ਨੇ ਥਾਣੇ ਸਾਹਮਣੀਆਂ ਦੁਕਾਨਾਂ ਵਿਚੋਂ ਇਕ ਉਹਨਾਂ ਨੂੰ ਦਿਵਾ ਦਿੱਤੀ। ਦੋਹਾਂ ਧਿਰਾਂ ਨੂੰ ਇਕ-ਦੂਜੇ ਦੀ ਜ਼ਰੂਰਤ ਸੀ। ਪੁਲਿਸ ਵਾਲਿਆਂ ਨੂੰ ਪੈਸੇ ਫੜਨ ਵਾਲਾ ਇਮਾਨਦਾਰ ਬੰਦਾ ਚਾਹੀਦਾ ਸੀ ਅਤੇ ਪਹਿਲਵਾਨ ਨੂੰ ਮੂੰਹ-ਮੰਗੇ ਪੈਸੇ ਦੇਣ ਵਾਲੇ ਗਾਹਕ। ਚੱਲ ਸੋ ਚੱਲ। ਦਿਨਾਂ ਵਿਚ ਹੀ ਉਹ ਵਾਹਵਾ ਤਰੱਕੀ ਕਰ ਗਏ।

ਜਾਂਦਾ-ਜਾਂਦਾ ਬੰਤਾ ਸਿੰਘ ਇਕ ਹੋਰ ਅਹਿਸਾਨ ਕਰ ਗਿਆ। ਕੱਦ ਤਾਂ ਭਾਵੇਂ ਮੁਖ਼ਤਿਆਰ ਦਾ ਛੋਟਾ ਹੀ ਸੀ ਪਰ ਪੁਲਿਸ 'ਚ ਭਰਤੀ ਕਰਾ ਗਿਆ।

ਬਾਪੂ ਨੂੰ ਅੱਖਾਂ ਮੀਚੇ ਵਰ੍ਹੇ ਬੀਤ ਗਏ ਸਨ। ਮੁਖ਼ਤਿਆਰ ਦੇ ਸਿਰ 'ਤੇ ਪਹਿਲਵਾਨ ਦਾ ਹੱਥ ਸੀ। ਉਸ ਨੇ ਸਿਫ਼ਾਰਸ਼ ਕਰ ਕੇ ਮੁਖ਼ਤਿਆਰ ਨੂੰ ਨਾਇਬ-ਕੋਰਟ ਲਗਵਾ ਦਿੱਤਾ। ਇਕ ਹੋਟਲ ਪਹਿਲਵਾਨ ਨੇ ਕਚਹਿਰੀ ਵਿਚ ਖੋਲ੍ਹ ਲਿਆ ਸੀ। ਥਾਣੇ ਸਿਪਾਹੀਆਂ ਨੂੰ ਕੌਣ ਪੁੱਛਦਾ ਹੈ ? ਉੱਥੇ ਨਾਇਬ-ਕੋਰਟਾਂ ਦੀਆਂ ਮੌਜਾਂ ਹੀ ਮੌਜਾਂ। ਕਚਹਿਰੀ ਰਹਿ ਕੇ ਵੱਡੇ ਅਫ਼ਸਰਾਂ ਦੇ ਮੱਥੇ ਲੱਗੇਗਾ ਅਤੇ ਵੱਡੀਆਂ ਮਾਰਾਂ ਮਾਰੇਗਾ।

ਹੋਇਆ ਵੀ ਇੰਝ ਹੀ। ਕਰਾਰੇ ਪਰੌਂਠੇ, ਤੜਕੇ ਵਾਲੀਆਂ ਸਬਜ਼ੀਆਂ ਅਤੇ ਮਸਾਲੇਦਾਰ ਮੀਟ ਦੇ ਤਜਰਬੇ ਨੇ ਉਸ ਨੂੰ ਰੱਜ ਕੇ ਐਸ਼ਾਂ ਕਰਾਈਆਂ। ਜਿਸ ਅਫ਼ਸਰ ਦੇ ਮੂੰਹ ਉਹਦੀ ਸਬਜ਼ੀ ਲੱਗ ਜਾਂਦੀ, ਉਹ ਹੋਟਲਾਂ ਵਿਚ ਜਾਣਾ ਭੁੱਲ ਜਾਂਦਾ। ਬਥੇਰੀ ਵਾਰ ਉਸ ਦੀ ਬਦਲੀ ਹੁੰਦੀ। ਬਦਲੀ ਰੁਕਵਾਉਣ ਅਫ਼ਸਰ ਆਪੇ ਜਾਂਦੇ। ਉਸ ਨੂੰ ਆਖਣ ਦੀ ਲੋੜ ਹੀ ਨਹੀਂ ਸੀ ਪੈਂਦੀ।

ਪੰਦਰਾਂ ਸਾਲ ਕਚਹਿਰੀ 'ਚ ਰਹਿ ਕੇ ਉਹ ਭੁੱਲ ਹੀ ਗਿਆ ਸੀ ਕਿ ਉਹ ਇਕ ਮਾਮੂਲੀ ਸਿਪਾਹੀ ਸੀ। ਉਹ ਆਪਣੇ ਆਪ ਨੂੰ ਜੱਜ ਹੀ ਸਮਝਣ ਲੱਗ ਪਿਆ ਸੀ। ਥਾਣੇ ਵਾਲੇ ਤਾਂ ਉਸ ਨੂੰ 'ਮਿੰਨੀ ਜੱਜ' ਹੀ ਆਖਣ ਲੱਗ ਪਏ ਸਨ। ਕਚਹਿਰੀ ਵਿਚ ਉਸ ਦੀ ਚੱਲਦੀ ਵੀ ਪੂਰੀ ਸੀ। ਦਿਲ ਕਰਿਆ ਕਿਸੇ ਦਾ ਤਫ਼ਤੀਸ਼ੀ ਦਾ ਚਲਾਨ ਪੇਸ਼ ਕਰ ਦਿੱਤਾ। ਨਾ ਦਿਲ ਕਰਿਆ ਨਾਂਹ ਕਰ ਦਿੱਤੀ। ਜੱਜ ਉਸ ਦੀ ਉਲਟਾਉਂਦੇ ਨਹੀਂ ਸਨ। ਪਤਾ ਸੀ, ਸਾਰਾ ਦਿਨ ਵਗਾਰ ਕਰਦਾ ਹੈ। ਚਾਰ ਪੈਸੇ ਕਮਾ ਲਏਗਾ ਤਾਂ ਕੀ ਫ਼ਰਕ ਪੈਂਦਾ ਹੈ। ਕਿਸੇ ਥਾਣੇਦਾਰ ਦੀ ਕੀ ਮਜਾਲ ਕਿਸੇ ਜੱਜ ਤੋਂ ਸਿੱਧਾ ਕੰਮ ਕਰਾ ਲਏ।

ਇਹ ਅਹਿਸਾਸ ਉਸ ਨੂੰ ਹੁਣ ਹੋਇਆ ਸੀ ਕਿ ਅੱਧੇ ਨਾਲੋਂ ਵੱਧ ਪੁਲਿਸ ਅਫ਼ਸਰ ਉਸ ਨਾਲ ਨਾਰਾਜ਼ ਹਨ। ਕਈਆਂ ਨਾਲ ਤਾਂ ਇੱਟ-ਕੁੱਤੇ ਵਾਲਾ ਵੈਰ ਪਿਆ ਹੋਇਆ ਸੀ। ਜਦੋਂ ਦਾ ਉਹ ਥਾਣੇ ਬਦਲ ਕੇ ਆਇਆ ਸੀ, ਸਾਰੇ ਗਿਣ-ਗਿਣ ਕੇ ਬਦਲੇ ਲੈ ਰਹੇ ਸਨ।

ਸਭ ਤੋਂ ਵੱਡਾ ਦੁਸ਼ਮਣ ਐਸ.ਐਚ.ਓ. ਸੀ। ਉਦੋਂ ਤਾਂ ਅੱਗੇ-ਪਿੱਛੇ ਫਿਰਦਾ ਹੁੰਦਾ ਸੀ। ਥਾਣੇ ਆਏ ਦੀ ਜਵਾਈਆਂ ਵਾਂਗ ਸੇਵਾ ਕਰਦਾ ਸੀ। 'ਭਤੀਜ-ਭਤੀਜ' ਕਹਿੰਦੇ ਦਾ ਮੂੰਹ ਸੁੱਕਦਾ ਹੁੰਦਾ ਸੀ। ਕਦੇ-ਕਦੇ ਵਿਸਕੀ ਵੀ ਹਾਜ਼ਰ ਕਰਦਾ ਸੀ। ਮੁਖ਼ਤਿਆਰ ਮਤਹਿਤ ਬਣ ਕੇ ਆਇਆ ਤਾਂ ਮੁਨਸ਼ੀ ਨੂੰ ਹੁਕਮ ਸੁਣਾ ਦਿੱਤਾ, ਇਸ ਦੇ ਵੱਟ ਕੱਢੇ ਜਾਣ। ਸਖ਼ਤ ਤੋਂ ਸਖ਼ਤ ਡਿਊਟੀ 'ਤੇ ਰੱਖਿਆ ਜਾਵੇ। ਵਜ੍ਹਾ, ਰੰਜਿਸ਼ ? ਇਕ ਵਾਰੀ ਉਸ ਨੇ ਅੜ ਕੇ ਇੰਸਪੈਕਟਰ ਤੋਂ ਵੀਹ ਰੁਪਏ ਲੈ ਲਏ ਸੀ। ਇੰਸਪੈਕਟਰ ਸਮਝਾਉਂਦਾ ਰਿਹਾ। ਚਲਾਨ ਪੇਸ਼ ਕਰਨ ਦੀ ਆਖ਼ਰੀ ਤਰੀਖ਼ ਸੀ। ਮੁਜਰਮ ਨਾਮੀ ਦਹਿਸ਼ਤਗਰਦ ਸੀ। ਚਲਾਨ ਪੇਸ਼ ਨਾ ਹੋਇਆ ਤਾਂ ਉਸ ਦੀ ਜ਼ਮਾਨਤ ਹੋ ਜਾਣੀ ਸੀ ਅਤੇ ਇੰਸਪੈਕਟਰ ਦੀ ਇਨਕੁਆਇਰੀ। ਮੁਖ਼ਤਿਆਰ ਆਪਣੀ ਜ਼ਿੱਦ 'ਤੇ ਅੜਿਆ ਰਿਹਾ। ਫ਼ੀਸ ਬਿਨਾਂ ਚਲਾਨ ਪੇਸ਼ ਨਹੀਂ ਹੋ ਸਕਦਾ। ਇੰਸਪੈਕਟਰ ਦਿਨ ਵਿਚ ਦਸ-ਦਸ ਹਜ਼ਾਰ ਰੁਪਏ ਕਮਾਉਂਦਾ ਹੈ। ਕਿਸੇ ਦਿਨ ਪੱਲਿਓਂ ਦੇਣੇ ਪੈ ਗਏ ਤਾਂ ਕਿਹੜਾ ਉਹ ਨੰਗ ਹੋਣ ਲੱਗਾ ਹੈ। ਨਾਇਬ-ਕੋਰਟਾਂ ਦੇ ਕਿਹੜਾ ਹਲ ਚੱਲਦੇ ਹਨ। ਇਸੇ ਤਰ੍ਹਾਂ ਗੁਜ਼ਾਰਾ ਚਲਾਉਣਾ ਹੁੰਦਾ ਹੈ।

ਊਠ ਵਾਂਗ ਇੰਸਪੈਕਟਰ ਦਿਲ 'ਚ ਖਾਰ ਰੱਖੀ ਬੈਠਾ ਸੀ। ਥਾਣੇ ਆਉਂਦਿਆਂ ਹੀ ਉਸ ਨੂੰ ਪਹਿਰੇ 'ਤੇ ਚਾੜ੍ਹ ਦਿੱਤਾ।

ਮੁਨਸ਼ੀ ਉਸ ਦਾ ਵੀ ਪਿਓ ਸੀ। ਉਸ ਨੇ ਆਪਣੀ ਚਲਾਉਣੀ ਸ਼ੁਰੂ ਕਰ ਦਿੱਤੀ। ਕਈ ਵਾਰ ਆਖ ਚੁੱਕਾ ਸੀ। ਮੁਖ਼ਤਿਆਰ ਦੀ ਮਿਹਰਬਾਨੀ ਕਰ ਕੇ ਮੁਨਸ਼ੀ ਦੀ ਕਈ ਵਾਰ ਦੋ-ਦੋ ਸਾਲ ਦੀ ਨੌਕਰੀ ਕੱਟੀ ਗਈ ਸੀ। ਜੇ ਮੁਖ਼ਤਿਆਰ ਦੀਆਂ ਸ਼ਿਕਾਇਤਾਂ ਕਰਕੇ ਉਸ ਨੂੰ ਸਜ਼ਾਵਾਂ ਨਾ

ਮਿਲੀਆਂ ਹੁੰਦੀਆਂ ਤਾਂ ਹੁਣ ਨੂੰ ਉਹ ਕਦੇ ਦਾ ਛੋਟਾ ਥਾਣੇਦਾਰ ਬਣਿਆ ਹੁੰਦਾ। ਹਜ਼ਾਰਾਂ ਮੁਕੱਦਮੇ ਬਰੀ ਹੁੰਦੇ ਹਨ। ਜਿਹੜਾ ਦਸ-ਵੀਹ ਮੁਖ਼ਤਿਆਰ ਦੇ ਹੱਥ ਰੱਖ ਦਿੰਦਾ, ਉਸ ਦੇ ਕਾਗ਼ਜ਼ ਦੱਬ ਲੈਂਦਾ। ਨਾ ਮਿਲਦੇ ਤਾਂ ਸਰਕਾਰੀ ਵਕੀਲ ਤੋਂ ਰਿਪੋਰਟ ਕਰਾ ਦਿੰਦਾ। ਕਈ ਵਾਰ ਹੱਥ ਤੰਗ ਹੁੰਦੈ। ਇਸ ਤੰਗੀ ਦਾ ਫ਼ਾਇਦਾ ਉਠਾ ਕੇ ਮੁਖ਼ਤਿਆਰ ਨੇ ਮੁਨਸ਼ੀ ਨੂੰ ਮਾੜੇ ਦਿਨ ਦਿਖਾਏ ਸਨ। ਹੁਣ ਮੁਖ਼ਤਿਆਰ ਮਸਾਂ-ਮਸਾਂ ਉਹਦੇ ਅੜਿੱਕੇ ਚੜ੍ਹਿਆ ਸੀ। ਉਹਨੇ ਬਦਲਾ ਲੈਣਾ ਹੀ ਸੀ।

ਪਹਿਰਾ ਥਾਣੇ 'ਚ ਸਭ ਤੋਂ ਸਖ਼ਤ ਡਿਊਟੀ ਹੁੰਦੀ ਹੈ। ਮੁਖ਼ਤਿਆਰ ਦਾ ਪਹਿਰਾ ਕਦੇ ਦਿਨ ਦਾ ਹੁੰਦਾ, ਕਦੇ ਰਾਤ ਦਾ। ਮਜਾਲ ਨਹੀਂ ਇਕ ਮਿੰਟ ਵੀ ਬੈਠ ਸਕੇ। ਇਕ ਵਾਰ ਪਹਿਲਵਾਨ ਦੀ ਦੁਕਾਨ ਤੋਂ ਬੈਂਚ ਮੰਗਵਾਇਆ ਤਾਂ ਇੰਸਪੈਕਟਰ ਨੇ ਗਾਲ੍ਹਾਂ ਦੀ ਬੁਛਾੜ ਕਰ ਦਿੱਤੀ। ਵੀਹ ਥਾਣੇ ਲੁੱਟੇ ਜਾ ਚੁੱਕੇ ਹਨ। ਸੰਤਰੀ ਥੋੜ੍ਹਾ ਜਿਹਾ ਵੀ ਅਵੇਸਲਾ ਹੋ ਗਿਆ ਤਾਂ ਕੁਝ ਵੀ ਵਾਪਰ ਸਕਦਾ ਸੀ।

ਰਾਤ ਦਾ ਪਹਿਰਾ ਦੇ ਰਹੇ ਸੰਤਰੀ ਨੂੰ ਘੰਟਾ ਦੋ ਘੰਟੇ ਅੱਖ ਲਾਉਣ ਦੀ ਖੁੱਲ੍ਹ ਹੁੰਦੀ ਹੀ ਹੈ। ਰਾਤ ਵਾਲਾ ਮੁਨਸ਼ੀ ਕਿਹੜਾ ਸੌਂਦਾ ਨਹੀਂ ? ਕਈ ਸੰਤਰੀ ਤਾਂ ਪੈੱਗ ਮਾਰ ਕੇ ਅਜਿਹਾ ਸੌਂਦੇ ਹਨ ਕਿ ਸਵੇਰੇ ਅੱਖ ਖੁੱਲ੍ਹਦੀ ਹੈ। ਵਾਰਦਾਤਾਂ ਤੋਂ ਡਰਦੇ ਲੋਕ ਤਾਂ ਦਿਨ ਛਿਪਦੇ ਹੀ ਘਰੋ-ਘਰੀ ਜਾ ਵੜਦੇ ਹਨ। ਛੇ ਵਜੇ ਹੀ ਕਰਫ਼ਿਊ ਵਰਗੀ ਹਾਲਤ ਹੋ ਜਾਂਦੀ ਹੈ। ਕੌਣ ਆਉਂਦੈ ਥਾਣੇ ਇਤਲਾਹ ਦੇਣ ? ਜੇ ਕੋਈ ਆ ਵੀ ਜਾਵੇ ਤਾਂ ਸੰਤਰੀ ਨੂੰ ਜਗਾ ਸਕਦੈ। ਇਹਨਾਂ ਵਿਚੋਂ ਕੋਈ ਵੀ ਖੁੱਲ੍ਹ ਮੁਖ਼ਤਿਆਰ ਨੂੰ ਹਾਸਲ ਨਹੀਂ ਸੀ। ਦਿਹਾੜੀ 'ਚ ਚਾਰ-ਚਾਰ ਵਾਰ ਉਹਦੀ ਚੈਕਿੰਗ ਹੁੰਦੀ। ਸਾਰਾ ਥਾਣਾ ਜਿਵੇਂ ਮੌਕਾ ਹੀ ਭਾਲਾ ਸੀ। ਕਦੋਂ ਮੌਕਾ ਮਿਲੇ ਅਤੇ ਉਹ ਮੁਖ਼ਤਿਆਰ ਦੀ ਬੇਇੱਜ਼ਤੀ ਕਰਨ।

ਸੰਤਰੀ ਨੇ ਸੋਚ-ਸਮਝ ਕੇ ਪਹਿਲਵਾਨ ਦਾ ਨਾਂ ਲਿਆ ਸੀ। ਜੇ ਉਹ ਵਿਚ ਪੈ ਜਾਵੇ ਤਾਂ ਮੁਖ਼ਤਿਆਰ ਦੀ ਜਾਨ ਸੁਖਾਲੀ ਹੋ ਜਾਵੇ। ਉਹ ਮੋਟੀ ਫ਼ੀਸ ਦਿਵਾਉਣ ਵਿਚ ਮਾਹਿਰ ਹੈ। ਇਕ ਵਾਰ ਇੰਸਪੈਕਟਰ ਨੂੰ ਚੰਗੀ ਫ਼ੀਸ ਦਿਵਾ ਦੇਵੇ ਤਾਂ ਸ਼ਾਇਦ ਉਸ ਦਾ ਗੁੱਸਾ ਠੰਢਾ ਪੈ ਜਾਵੇ।

ਇਥੇ ਪਾਸਾ ਪੁੱਠਾ ਹੀ ਪੈਂਦਾ ਨਜ਼ਰ ਆ ਰਿਹਾ ਸੀ।

ਸੇਠਾਂ ਨੂੰ ਗਏ ਦੋ ਘੰਟੇ ਹੋ ਗਏ ਸਨ। ਮੁੜ ਆਉਣ ਦੇ ਆਸਾਰ ਨਜ਼ਰ ਨਹੀਂ ਸੀ ਆ ਰਹੇ।

ਕਈ ਚੱਕਰ ਉਹਨੇ ਢਾਬੇ ਦੇ ਲਾਏ ਸਨ। ਚਾਚਾ ਨਾ ਕਿਸੇ ਪ੍ਰਧਾਨ ਨੂੰ ਜਾਣਦਾ ਸੀ, ਨਾ ਮੈਨੇਜਿੰਗ ਡਾਇਰੈਕਟਰ ਨੂੰ। ਨਾ ਉਸ ਨੂੰ ਕਿਸੇ ਬੱਚੇ ਦੇ ਗੁੰਮ ਹੋਣ ਦਾ ਪਤਾ ਸੀ। ਅਜੀਬ ਜਿਹੀ ਘੁੰਮਣ-ਘੇਰੀ ਵਿਚ ਫਸ ਗਿਆ ਸੀ ਮੁਖ਼ਤਿਆਰ।

ਉਹਨਾਂ ਦੇ ਵਾਪਸ ਨਾ ਆਉਣ ਦੇ ਦੋ ਹੀ ਕਾਰਨ ਹੋ ਸਕਦੇ ਸਨ। ਜਾਂ ਬੱਚਾ ਮਿਲ ਗਿਆ ਹੋਣਾ ਹੈ ਜਾਂ ਫੇਰ ਉਹ ਕਿਸੇ ਵਜ਼ੀਰ ਕੋਲ ਸੰਤਰੀ ਦੀ ਸ਼ਿਕਾਇਤ ਕਰਨ ਗਏ ਹੋਣਗੇ।

ਬੱਚਾ ਲੱਭਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਬੱਚਾ ਆਪੇ ਇਧਰ-ਉਧਰ ਹੋਇਆ ਹੁੰਦਾ ਤਾਂ ਕਦੋਂ ਦਾ ਮੁੜ ਆਉਂਦਾ। ਉਹ ਜ਼ਰੂਰ ਕਿਸੇ ਗਰੋਹ ਦੇ ਹੱਥ ਲੱਗਾ ਹੋਣਾ ਹੈ। ਇਹੋ ਜਿਹੇ ਸੇਠਾਂ ਤੋਂ ਵੀਹ-ਵੀਹ ਹਜ਼ਾਰ ਝਾੜਨਾ ਖੱਬੇ ਹੱਥ ਦੀ ਖੇਡ ਹੁੰਦੀ ਹੈ।

ਜ਼ਰੂਰ ਉਹ ਕਿਸੇ ਵਜ਼ੀਰ ਵੱਲ ਭੱਜੇ ਹੋਣਗੇ। ਇਕ ਫਲੋਰ ਮਿਲਜ਼ ਮਾਲਕ ਯੂਨੀਅਨ ਦਾ ਪ੍ਰਧਾਨ ਹੈ ਅਤੇ ਦੂਜਾ ਧਾਗਾ ਮਿੱਲ ਦਾ ਉੱਚ ਅਧਿਕਾਰੀ। ਦੋਹਾਂ ਸੰਸਥਾਵਾਂ ਕੋਲ ਲੱਖਾਂ ਰੁਪਏ ਦਾ ਫੰਡ ਹੈ। ਚੋਣਾਂ ਵਿਚ ਉਹਨਾਂ ਲੱਖਾਂ ਰੁਪਏ ਵਜ਼ੀਰਾਂ ਨੂੰ ਦਿੱਤੇ ਹੋਣਗੇ। ਹਾਲੇ ਕੱਲ੍ਹ ਚੋਣਾਂ ਹੋ ਕੇ ਹਟੀਆਂ ਹਨ। ਇੰਨੀ ਜਲਦੀ ਤਾਂ ਵਜ਼ੀਰ ਅੱਖਾਂ ਨਹੀਂ ਫੇਰਨ ਲੱਗੇ। ਮੁੱਖ-ਮੰਤਰੀ ਤੋਂ ਬਿਨਾਂ ਦੋ-ਤਿੰਨ ਹੋਰ ਵਜ਼ੀਰ ਆਲੇ-ਦੁਆਲੇ ਦੇ ਹਨ। ਹੋ ਸਕਦੈ ਇਕ-ਦੋ ਇਹਨਾਂ ਦੇ ਕਰਜ਼ਾਈ ਵੀ ਹੋਣ।

ਚੇਅਰਮੈਨ ਅਤੇ ਪ੍ਰਧਾਨ ਤਾਂ ਕੀੜੀਆਂ ਵਾਂਗ ਫਿਰਦੇ ਹਨ। ਬਹੁਤੇ ਇਹਨਾਂ ਦੀ ਹਜ਼ੂਰੀ ਵਿਚ ਹਾਜ਼ਰ ਹੁੰਦੇ ਹੋਣਗੇ। ਕਿਸੇ ਕੋਲ ਵੀ ਅੱਪੜ ਗਏ ਤਾਂ ਸਾਰਾ ਨਜ਼ਲਾ ਸੰਤਰੀ 'ਤੇ ਹੀ ਝੜਨਾ ਹੈ।

ਜੋ ਹੋਣਾ ਸੀ ਉਹ ਤਾਂ ਹੋ ਗਿਆ। ਹੁਣ ਉਹ ਕੀ ਕਰੇ ?

ਬੇਚੈਨ ਸੰਤਰੀ ਮੋਢੇ 'ਤੇ ਬੰਦੂਕ ਰੱਖੀ ਕਦੇ ਅੰਦਰ ਮੁਨਸ਼ੀ ਵੱਲ ਚੱਕਰ ਲਾਉਂਦਾ, ਕਦੇ ਬਾਹਰ ਦੁਕਾਨਾਂ ਵੱਲ। ਹੋ ਸਕਦੈ ਕੋਈ ਫ਼ੋਨ ਆ ਜਾਵੇ। ਹੋ ਸਕਦੈ ਬਾਹਰ ਕਿਸੇ ਮੋਹਤਬਰ ਨੂੰ ਲੱਭਦੇ ਹੋਣ।

ਗੋਲੇ ਕਬੂਤਰ ਵਾਂਗ ਡਰਿਆ ਮੁਖ਼ਤਿਆਰ ਨਾਲੇ ਸੇਠਾਂ ਨੂੰ ਉਡੀਕ ਰਿਹਾ ਸੀ, ਨਾਲੇ ਭਲੇ ਦਿਨਾਂ ਨੂੰ ਯਾਦ ਕਰ ਰਿਹਾ ਸੀ।

ਕਚਹਿਰੀਆਂ 'ਚ ਉਹਦੇ ਦਿਨ ਤੀਆਂ ਵਾਂਗ ਲੰਘਦੇ ਸਨ। ਕਈ ਅਫ਼ਸਰ ਆਏ ਅਤੇ ਚਲੇ ਗਏ, ਉਸ ਦੀ ਸਰਦਾਰੀ ਹਮੇਸ਼ਾ ਕਾਇਮ ਰਹੀ। ਕੀ ਵਕੀਲ, ਕੀ ਮੁਨਸ਼ੀ ਅਤੇ ਕੀ ਸਾਇਲ, ਸਭ ਉਸ ਨੂੰ ਦੁਆ-ਸਲਾਮ ਕਰਦੇ ਸਨ। ਉਹਨੂੰ ਰੱਬ ਭੁੱਲਿਆ ਹੋਇਆ ਸੀ।

ਕਚਹਿਰੀ ਦਾ ਹਰ ਕੰਮ ਉਹਦੇ ਲਈ ਟਿੱਚ ਸੀ। ਕਿਸੇ ਨੇ ਮਿਸਲ ਦੀਆਂ ਜ਼ਿਮਨੀਆਂ ਉਤਾਰਨੀਆਂ ਹੋਣ ਤਾਂ ਉਹ ਇਕੋ-ਇਕ ਅਜਿਹਾ ਨਾਇਬ-ਕੋਰਟ ਸੀ, ਜਿਹੜਾ ਮਿਸਲ ਕੱਛ 'ਚ ਦੇ ਕੇ ਸ਼ਰੇਆਮ ਵਕੀਲ ਦੀ ਕੋਠੀ ਪੁੱਜ ਜਾਂਦਾ ਸੀ। ਕਿਸੇ ਨੇ ਹਲਫ਼ੀਆ ਬਿਆਨ ਜਾਂ ਨਕਸ਼ਾ ਮੌਕਾ ਵਿਚ ਹੇਰਾ-ਫੇਰੀ ਕਰਾਉਣੀ ਹੋਵੇ ਤਾਂ ਮਿੰਟ ਲਾਉਂਦਾ ਸੀ। ਹਲਫ਼ੀਆ ਬਿਆਨ ਵਿਚ 'ਏਕੇ' ਦੇ ਅੱਗੇ 'ਏਕਾ' ਪਾ ਕੇ ਗਿਆਰਾਂ ਬਣਾ ਦਿਓ ਤਾਂ ਮੁਜਰਮ ਪਹਿਲੀ ਪੇਸ਼ੀ ਬਰੀ। ਮੁਕੱਦਮਾ ਭਾਵੇਂ ਕੁਇੰਟਲ ਅਫ਼ੀਮ ਦਾ ਹੋਵੇ। ਨਕਸ਼ੇ 'ਚ ਮੁਜਰਮਾਂ ਦੀ ਥਾਂ ਗਵਾਹ ਲਿਖ ਕੇ ਭਾਵੇਂ ਕਤਲ 'ਚੋਂ ਬਰੀ ਕਰਾ ਲਓ।

ਇਹ ਖ਼ਤਰੇ ਵਾਲੇ ਕੰਮ ਸਨ। ਅਜਿਹੇ ਕੰਮ ਉਹ ਨੌਕਰੀ ਦੇ ਪਹਿਲੇ ਸਾਲਾਂ ਵਿਚ ਕਰਿਆ ਕਰਦਾ ਸੀ। ਕਈ ਵਾਰ ਝਾੜ-ਝੰਬ ਹੋਈ ਅਤੇ ਕਈ ਵਾਰ ਤਾੜਨਾਵਾਂ।

ਥੋੜ੍ਹਾ ਜਿਹਾ ਤਜਰਬਾ ਹੋਇਆ ਤਾਂ ਉਹਨੇ ਟਰੈਫ਼ਿਕ ਦੇ ਚਲਾਨ ਇਧਰ-ਉਧਰ ਕਰਨੇ ਸ਼ੁਰੂ ਕੀਤੇ। ਚੰਗੇ ਪੈਸੇ ਬਣ ਜਾਂਦੇ ਸਨ। ਟਰੈਫ਼ਿਕ ਦੇ ਚਲਾਨ ਤਾਂ ਆਏ ਹੀ ਰਹਿੰਦੇ ਸਨ। ਕਿਸੇ ਸਿਪਾਹੀ ਨੇ ਵੀ ਜੇ ਸਹੁਰੇ ਜਾਣਾ ਹੋਵੇ ਤਾਂ ਉਸ ਨੂੰ ਕਾਰ ਦੀ ਲੋੜ ਹੁੰਦੀ ਹੈ। ਜੱਜ ਵੀ ਪੰਜ-ਪੰਜ ਸੌ ਤੋਂ ਘੱਟ ਜੁਰਮਾਨਾ ਨਹੀਂ ਕਰਦੇ। ਜੇ ਉਹ ਚੰਗਾ ਦੰਡ ਲਾਉਣਗੇ ਤਾਂ ਹੀ ਟੈਕਸੀ ਵਾਲਿਆਂ ਨੂੰ ਕੰਨ ਹੋਣਗੇ। ਕਚਹਿਰੀ ਆਉਣ ਤੋਂ ਡਰਦੇ ਉਹ ਪੁਲਿਸ ਦੀ ਵਗਾਰ ਕਰਨਗੇ। ਪੁਲਿਸ ਨੂੰ ਵਗਾਰ ਮਿਲੇਗੀ ਤਾਂ ਹੀ ਜੱਜਾਂ ਦਾ ਨੰਬਰ ਲੱਗੇਗਾ। ਜੱਜ ਨੂੰ ਕਾਰ ਦੀ ਲੋੜ ਪੈਰ-ਪੈਰ 'ਤੇ ਪੈਂਦੀ ਹੈ।

ਪੰਜ-ਪੰਜ ਸੌ ਦੇ ਜੁਰਮਾਨੇ ਤੋਂ ਡਰਦੇ ਓਹ ਮੁਖ਼ਤਿਆਰ ਕੋਲ ਆ ਧਮਕਦੇ। ਪੰਜ-ਚਾਰ ਚਲਾਨ ਪਾੜ ਕੇ ਸੁੱਟਣੇ ਉਸ ਲਈ ਮਾਮੂਲੀ ਗੱਲ ਸੀ। ਇਹਨਾਂ ਦਾ ਕਿਹੜਾ ਕੋਈ ਰਿਕਾਰਡ ਹੁੰਦਾ ਹੈ ਬਈ ਨਾਇਬ-ਕੋਰਟ ਫੜਿਆ ਜਾਊ। ਪਰਚੀ ਫੜੋ। ਕਾਪੀ ਫੜਾਓ ਅਤੇ ਬੱਸ ਮਾਮਲਾ ਖ਼ਤਮ।

ਪਿਛਲੇ ਪੰਜਾਂ ਕੁ ਸਾਲਾਂ ਤੋਂ ਉਸ ਨੇ ਇਹ ਕੰਮ ਵੀ ਛੱਡ ਦਿੱਤਾ ਸੀ। ਛੋਟੀਆਂ-ਮੋਟੀਆਂ ਰਕਮਾਂ ਉਸ ਦੇ ਨੱਕ ਹੇਠਾਂ ਨਹੀਂ ਸੀ ਆਉਂਦੀਆਂ। ਜੱਜ ਖਾਊ-ਪੀਊ ਆਉਣ ਲੱਗ ਪਏ ਸਨ। ਉਥੋਂ ਚੰਗੇ ਗੱਫੇ ਲੱਗਦੇ ਸਨ।

ਸਭ ਤੋਂ ਪਹਿਲਾਂ ਉਸ ਦੀ ਸ਼ਰਮੇ ਨਾਲ ਬੁੱਕਲ ਖੁੱਲ੍ਹੀ। ਟੱਬਰ-ਟੀਹਰ ਚੰਡੀਗੜ੍ਹ ਰਹਿੰਦਾ ਸੀ। ਹਰ ਸ਼ਾਮ ਮਹਿਫ਼ਲ ਜੰਮਦੀ। ਰੋਟੀ-ਟੁੱਕ ਦੀ ਦੇਖ-ਭਾਲ ਮੁਖ਼ਤਿਆਰ ਦੇ ਜ਼ੁੰਮੇ ਹੁੰਦੀ। ਸ਼ਰਾਬੀ ਹੋਏ ਮਹਿਮਾਨ ਕਈ ਰਾਜ਼ ਉਗਲ ਦਿੰਦੇ। ਕਿਸ-ਕਿਸ ਮੁਕੱਦਮੇ ਵਿਚ ਕਿੰਨੇ-ਕਿੰਨੇ ਚੜ੍ਹਾਵੇ ਚੜ੍ਹੇ

ਹਨ, ਸਭ ਉਸ ਦੀਆਂ ਉਂਗਲਾਂ 'ਤੇ ਹੁੰਦਾ। ਪਿੱਛੇ ਜਿਹੇ ਤਾਂ ਸ਼ਰਮਾ ਜੀ ਉਸ ਨੂੰ ਉਗਰਾਹੀ ਕਰਨ ਵੀ ਭੇਜ ਦਿੰਦੇ। ਪੈਸੇ ਕਦੇ ਟਿਫ਼ਨ ਕੈਰੀਅਰ ਵਿਚ ਆਉਂਦੇ, ਕਦੇ ਮਠਿਆਈ ਵਾਲੇ ਡੱਬੇ ਵਿਚ ਅਤੇ ਕਦੇ ਫਲਾਂ ਵਾਲੀ ਟੋਕਰੀ ਵਿਚ। ਉਸ ਨੂੰ ਵੀ ਮੋਟੀ ਰਕਮ ਮਿਲਦੀ। ਕਦੇ ਅਸਾਮੀ ਵੱਲੋਂ। ਕਦੇ ਸ਼ਰਮੇ ਵੱਲੋਂ।

ਗਰੇਵਾਲ ਨੇ ਉਹਦੇ ਸਾਰੇ ਹੀ ਦੁੱਖ ਤੋੜ ਦਿੱਤੇ। ਉਸ ਨੇ ਗਰੇਵਾਲ ਤੋਂ ਹੀ ਸਿੱਖਿਆ ਸੀ ਕਿ ਮੁਖ਼ਤਿਆਰ ਦੀ ਬਹੁਤ ਅਹਿਮੀਅਤ ਸੀ। ਸ਼ਰਮੇ ਦਾ ਤਾਂ ਦੋ-ਤਿੰਨ ਫ਼ਰਮਾਂ ਨਾਲ ਹੀ ਵਾਹ ਸੀ। ਰਮੇਸ਼ ਫ਼ਲੋਰ ਮਿੱਲ, ਭਾਰਤ ਮੈਡੀਕਲ ਹਾਲ ਜਾਂ ਗੁਪਤਾ ਕਲਾਥ ਹਾਊਸ। ਗਰੇਵਾਲ ਨੇ ਸਭ ਨੂੰ ਝਾੜ ਦਿੱਤਾ ਸੀ। ਸਿੱਧੀ ਗੱਲ ਕਰਦਾ। ਉਹ ਵੀ ਕੇਵਲ ਮੁਖ਼ਤਿਆਰ ਰਾਹੀਂ।

ਮੁਖ਼ਤਿਆਰ ਨੂੰ ਸਮਝ ਆ ਗਿਆ ਸੀ ਪਹਿਲੇ ਹੱਲੇ ਆਸਾਮੀ ਨੂੰ ਅਫ਼ਸਰ ਦੇ ਮੱਥੇ ਨਹੀਂ ਲਾਉਣਾ ਚਾਹੀਦਾ। ਪਹਿਲਾਂ ਪੰਜ-ਚਾਰ ਚੱਕਰ ਕਟਾਓ। ਦੋ-ਚਾਰ ਹਜ਼ਾਰ ਝਾੜੋ। ਦੂਜੇ-ਤੀਜੇ ਦਿਨ ਅਗਲੇ ਕੋਲੋਂ ਦਾਰੂ ਪੀਓ। ਪੰਜ-ਚਾਰ ਵਗਾਰਾਂ ਪਾਓ। ਖੋਖਲਾ ਕਰ ਕੇ ਅਫ਼ਸਰ ਅੱਗੇ ਪੇਸ਼ ਕਰੋ। ਪਿੱਛੋਂ ਆਪਣਾ ਕਮਿਸ਼ਨ ਲਓ, ਅਫ਼ਸਰ ਤੋਂ ਵੀ ਅਤੇ ਅਸਾਮੀ ਤੋਂ ਵੀ। ਗਰੇਵਾਲ ਦੀ ਛਤਰ-ਛਾਇਆ ਵਿਚ ਮੁਖ਼ਤਿਆਰ ਨੇ ਨਵਾਂ ਮੋਟਰ ਸਾਈਕਲ ਖ਼ਰੀਦਿਆ। ਮੁੰਦਰੀ ਅਤੇ ਕੜਾ ਬਣਵਾਇਆ।

ਸ਼ਾਰਦਾ ਕੁਮਾਰ ਉਸ ਤੋਂ ਵੀ ਦੋ ਚੰਦੇ ਵੱਧ ਸੀ। ਉਹ ਡਰੂ ਸੀ। ਉਸ ਪਾਰਟੀ ਕੋਲੋਂ ਹੀ ਪੈਸੇ ਲੈਂਦਾ, ਜਿਸ ਦੇ ਹੱਕ ਵਿਚ ਜਾਣਾ ਹੁੰਦਾ। ਕੇਸ ਕਿਧਰ ਜਾਵੇਗਾ ਇਹ ਮੁਖ਼ਤਿਆਰ ਨੂੰ ਪਹਿਲਾਂ ਹੀ ਦੱਸ ਦਿੰਦਾ ਤਾਂ ਜੋ ਉਹ ਅਸਾਮੀ ਨੂੰ ਠੋਰ ਸਕੇ। ਮੁਖ਼ਤਿਆਰ ਅਸਾਮੀ ਦੀ ਹੈਸੀਅਤ ਦੇਖ ਕੇ ਵੱਧੋ-ਵੱਧ ਪੈਸੇ ਵਸੂਲਦਾ। ਸ਼ਾਰਦਾ ਕੁਮਾਰ ਦੇ ਹੱਥ 'ਤੇ ਮਸਾਂ ਹਜ਼ਾਰ-ਪੰਦਰਾਂ ਸੌ ਧਰਦਾ। ਨਿੱਕੇ-ਮੋਟੇ ਕੇਸ ਬੋਨਸ ਵਿਚ ਕਰਵਾ ਲੈਂਦਾ।

ਸ਼ਾਰਦਾ ਕੁਮਾਰ ਦੇ ਸਮੇਂ ਹੀ ਮੁਖ਼ਤਿਆਰ ਦਾ ਦਿਮਾਗ਼ ਖ਼ਰਾਬ ਹੋਇਆ ਸੀ। ਸੁਭਾਸ਼ ਕਲੋਨੀ ਵਿਚ ਪਲਾਟ ਖ਼ਰੀਦ ਕੇ ਉਸ ਨੇ ਕੋਠੀ ਆਰੰਭ ਦਿੱਤੀ ਸੀ। ਸ਼ਾਮ ਨੂੰ ਪੂਰੀ ਬੋਤਲ ਸੜ੍ਹਾਕਨਾ ਅਤੇ ਕਚਹਿਰੀਆਂ ਵਿਚ ਘੁੰਮਦੇ ਸਾਇਲਾਂ ਨੂੰ ਕੰਮ ਕਰਾਉਣ ਦੇ ਝਾਂਸੇ ਦੇ ਕੇ ਹੋਟਲਾਂ ਵਿਚ ਲੈ ਜਾਣਾ ਉਸ ਦੀ ਆਦਤ ਬਣ ਗਈ ਸੀ। ਸਾਇਲ ਤਾਂ ਸਾਇਲ, ਉਸ ਨੂੰ ਤਾਂ ਵਕੀਲ ਵੀ ਪਾਰਟੀਆਂ ਦਿੰਦੇ ਸਨ।

ਕੋਠੀ ਮੁਫ਼ਤ 'ਚ ਉਸਰਨ ਲੱਗੀ ਸੀ। ਟਰੱਕ ਯੂਨੀਅਨ ਵਾਲੇ ਭਰਤੀ ਪਾ ਗਏ। ਰੇਤਾ ਬੱਜਰੀ ਵੀ ਮੁਫ਼ਤ। ਪੀ.ਡਬਲਯੂ.ਡੀ. ਵਾਲਿਆਂ ਤੋਂ ਸੀਮਿੰਟ, ਲੋਹਾ ਅਤੇ ਲੁੱਕ ਮਿਲ ਗਈ। ਕਿਸੇ ਤੋਂ ਇੱਟਾਂ, ਕਿਸੇ ਤੋਂ ਲੱਕੜ। ਥੋੜ੍ਹੀ ਮੋਟੀ ਲੇਬਰ ਹੀ ਦੇਣੀ ਪੈਂਦੀ ਸੀ।

ਕੰਮ ਕਰਾਉਣ ਵਾਲਿਆਂ ਦੀ ਉਹਦੇ ਘਰ ਮਹਿਫ਼ਲ ਜੁੜਦੀ। ਕਈ ਵਾਰ ਤਾਂ ਇਸਤਗਾਸਿਆਂ ਵਿਚ ਫਸੇ ਥਾਣੇਦਾਰ ਵੀ ਗੋਡੇ ਹੱਥ ਲਾ ਜਾਂਦੇ।

ਉਸ ਸਮੇਂ ਕੀ ਪਤਾ ਸੀ, ਮਿੰਨਤਾਂ-ਤਰਲੇ ਕਰਨ ਵਾਲੇ ਲੋਕ ਹੀ ਕਦੇ ਗਿਣ-ਗਿਣ ਬਦਲੇ ਲੈਣਗੇ।

ਟੀਸੀ ਤੋਂ ਡਿੱਗਣ ਦਾ ਉਹਦਾ ਕਸੂਰ ? ਬੇਅਕਲੀ ਅਤੇ ਹੰਕਾਰ। ਉਹ ਭੁੱਲ ਗਿਆ ਸੀ ਕਿ ਉਹ ਮਾਮੂਲੀ ਜਿਹਾ ਮੁਲਾਜ਼ਮ ਹੈ। ਉਸ ਨੂੰ ਤਾਂ ਲਗਣ ਲੱਗੀ ਸੀ ਜਿਵੇਂ ਸਾਰਾ ਅਦਾਲਤੀ ਢਾਂਚਾ ਉਸ ਦੇ ਸਹਾਰੇ ਹੀ ਖੜ੍ਹਾ ਸੀ।

ਸ਼ਾਰਦਾ ਕੁਮਾਰ ਜਿਵੇਂ ਜਾਂਦਾ ਹੋਇਆ ਉਹਦੀ ਕਿਸਮਤ ਵੀ ਨਾਲ ਹੀ ਲੈ ਗਿਆ। ਉਸ ਦੀ ਥਾਂ ਬਦਲ ਕੇ ਆਇਆ ਜੁਨੇਜਾ ਹਰੀਸ਼ ਚੰਦਰ ਦਾ ਰੂਪ ਸੀ। ਉਸ ਦਾ ਸਾਮਾਨ ਚੁੱਕਣ ਗਏ ਸੇਵਾਦਾਰਾਂ ਨੇ ਸਾਮਾਨ ਦੇਖ ਕੇ ਹੀ ਭਾਂਪ ਲਿਆ ਸੀ ਕਿ ਔੜ ਦੇ ਦਿਨ ਆਉਣ ਵਾਲੇ ਹਨ। ਨਾ ਫ਼ਰਿਜ, ਨਾ ਰੰਗਦਾਰ ਟੀ.ਵੀ., ਨਾ ਕੋਈ ਹੋਰ ਵਿਦੇਸ਼ੀ ਨਿਕ-ਸੁਕ। ਜੱਜਾਂ ਦੇ ਸਾਮਾਨ ਤਾਂ ਤਿੰਨ-ਤਿੰਨ ਟਰੱਕਾਂ ਵਿਚ ਵੀ ਨਹੀਂ ਆਉਂਦੇ। ਉਹਦਾ ਇਕੋ ਵਿਚ ਸਮਾ ਗਿਆ ਸੀ।

ਜੁਨੇਜੇ ਦੇ ਚਾਰਜ ਸੰਭਾਲਦਿਆਂ ਹੀ ਸਭ ਦੇ ਸਕੰਜੇ ਕੱਸੇ ਗਏ। ਕੀ ਮਜਾਲ ਸੀ ਕੋਈ ਦੋ ਰੁਪਏ ਵੀ ਲੈ ਲਏ। ਜ਼ੋਰ ਵਾਲੇ ਅਹਿਲਕਾਰ ਬਦਲੀਆਂ ਕਰਾ-ਕਰਾ ਭੱਜ ਗਏ।

ਜੱਜ ਦੇ ਬੱਚਿਆਂ ਨੂੰ ਸਾਈਕਲ ’ਤੇ ਸਕੂਲ ਛੱਡਣ ਜਾਣਾ ਮੁਖ਼ਤਿਆਰ ਦੀ ਸ਼ਾਨ ਦੇ ਖ਼ਿਲਾਫ਼ ਸੀ। ਉਹ ਪਹਿਲਾਂ ਵਾਲਾ ਸਿਪਾਹੀ ਨਹੀਂ ਸੀ ਰਿਹਾ। ਅਫ਼ਸਰਾਂ ਦੀ ਰਸੋਈ ਵਿਚ ਗੇੜਾ ਮਾਰਨਾ ਉਸ ਨੇ ਕਦੋਂ ਦਾ ਛੱਡ ਦਿੱਤਾ ਸੀ। ਉਸ ਦੇ ਆਪਣੇ ਬੱਚੇ ਵੈਨ ਵਿਚ ਸਕੂਲ ਜਾਂਦੇ ਸਨ। ਕੁਝ ਉਪਰੋਂ ਬਣਦਾ ਹੋਵੇ ਤਾਂ ਮੁਖ਼ਤਿਆਰ ਪੈਟਰੋਲ ਫੂਕ ਕੇ ਮੋਟਰ ਸਾਈਕਲ ’ਤੇ ਹੀ ਬੱਚੇ ਸਕੂਲ ਛੱਡ ਆਵੇ। ਮੁਫ਼ਤ ’ਚ ਵਗਾਰਾਂ ਕਰਨਾ ਉਹਨੂੰ ਵਿਹੁ ਵਰਗਾ ਲੱਗਾ।

ਓਮੀ ਅਰਦਲੀ ਦੇ ਨਾਲ ਹੀ ਉਹਨੇ ਵੀ ਬਗ਼ਾਵਤ ਦਾ ਝੰਡਾ ਚੁੱਕ ਲਿਆ। ਜੱਜ ਦੀ ਕੋਠੀ ਗੇੜਾ ਮਾਰਨਾ ਉਹਦੀ ਡਿਊਟੀ ਨਹੀਂ। ਖ਼ਰਚੇ ਤੋਂ ਤੰਗ ਆਇਆ ਉਹ ਇਕ-ਦੋ ਵਾਰ ਜੱਜ ਦੇ ਮੂਹਰੇ ਵੀ ਬੋਲ ਪਿਆ।

ਨਤੀਜਾ ਸਾਫ਼ ਸੀ। ਪਤਾ ਵੀ ਨਾ ਲੱਗਾ ਕਦੋਂ ਬਦਲੀ ਦੇ ਆਰਡਰ ਆ ਗਏ। ਐਸ.ਪੀ. ਦਫ਼ਤਰ ’ਚ ਬੈਠੇ ਬਾਬੂਆਂ ਦੇ ਵਾਅਦੇ ਕਿਧਰੇ ਉੱਡ-ਪੁੱਡ ਗਏ। ਕਿਸੇ ਨੇ ਉਸ ਨੂੰ ਸੂਚਿਤ ਕਰਨ ਦੀ ਖੇਚਲ ਨਹੀਂ ਕੀਤੀ। ਜਦੋਂ ਮੁਖ਼ਤਿਆਰ ਰੰਗਾਂ ਵਿਚ ਸੀ ਤਾਂ ਉਹ ਥਾਣੇਦਾਰਾਂ ਜਿੰਨੀ ਬਾਬੂਆਂ ਦੀ ਸੇਵਾ ਕਰਦਾ ਸੀ। ਪਹਿਲਾਂ ਪਤਾ ਲੱਗ ਜਾਂਦਾ ਤਾਂ ਬਦਲੀ ਨਾ ਹੋਣ ਦਿੰਦਾ। ਜੁਨੇਜਾ ਖ਼ਿਲਾਫ਼ ਹੈ ਤਾਂ ਕੀ ਹੈ ? ਉਹ ਕਿਸੇ ਹੋਰ ਜੱਜ ਕੋਲ ਬਦਲੀ ਕਰਵਾ ਲੈਂਦਾ।

ਜੁਨੇਜੇ ਨੇ ਪਤਾ ਨਹੀਂ ਸਾਹਿਬ ਦੇ ਕੰਨ ਵਿਚ ਕਿਹੋ ਜਿਹੀ ਫੂਕ ਮਾਰੀ ਸੀ ? ਮੁਖ਼ਤਿਆਰ ਨੇ ਸ਼ਹਿਰ ਦੇ ਸਾਰੇ ਸਿਆਸੀ ਬੰਦੇ ਢੋਅ ਦਿੱਤੇ। ਉਸ ਨੇ ਬਦਲੀ ਕੈਂਸਲ ਨਹੀਂ ਕੀਤੀ। ਵੱਧੋ-ਵੱਧ ਜੋ ਉਹ ਕਰਾ ਸਕਿਆ ਸੀ, ਉਹ ਸੀ ਥਾਣੇ ਦੀ ਬਦਲੀ।

ਸੇਠਾਂ ਨੂੰ ਨਰਾਜ਼ ਕਰ ਕੇ ਲੱਗ ਰਿਹਾ ਸੀ ਥਾਣੇ ਵੀ ਬਹੁਤੇ ਦਿਨ ਨਹੀਂ ਟਿਕ ਹੋਣਾ।

ਮੁਨਸ਼ੀ ਨਾਲ ਬਣੀ ਹੁੰਦੀ ਤਾਂ ਉਹ ਪਹਿਰਾ ਛੱਡ ਕੇ ਸ਼ਹਿਰ ਦਾ ਚੱਕਰ ਲਾ ਆਉਂਦਾ। ਧਾਗਾ ਮਿੱਲ ਹੋ ਆਉਂਦਾ। ਮੁਨਾਦੀ ਵਾਲੇ ਨੂੰ ਲੱਭ ਕੇ ਗੁਆਚੇ ਬੱਚੇ ਦੇ ਘਰ ਦਾ ਪਤਾ ਕਰਦਾ। ਭੁੱਲ ਬਖ਼ਸ਼ਾਉਂਦਾ। ਮੁਨਸ਼ੀ ਨੂੰ ਸੱਚੀ ਗੱਲ ਵੀ ਨਹੀਂ ਦੱਸ ਸਕਦਾ। ਹੋਰ ਸਿਆਪਾ ਛਿੜੂ। ਆਖੂ ਤੂੰ ਕੌਣ ਹੈਂ ਮੁਸਤਗੀਸਾਂ ਨੂੰ ਬਾਹਰੋਂ ਹੀ ਮੋੜਨ ਵਾਲਾ।

ਅਕਤੂਬਰ ਦਾ ਮਹੀਨਾ ਸੀ। ਮੌਸਮ ਸੁਹਾਵਣਾ ਸੀ। ਫੇਰ ਵੀ ਪਸੀਨੇ ਦੀਆਂ ਬੂੰਦਾਂ ਉਹਦੇ ਮੱਥੇ ’ਤੇ ਆ ਟਪਕੀਆਂ ਸਨ। ਇਹ ਘਬਰਾਹਟ ਕਰਕੇ ਸੀ ਜਾਂ ਰਾਤੀਂ ਜ਼ਿਆਦਾ ਪੀਣ ਕਰਕੇ, ਇਹ ਸਮਝ ਨਹੀਂ ਸੀ ਆ ਰਿਹਾ।

ਚਿੱਟੀ ਮਾਰੂਤੀ ਥਾਣੇ ਵੱਲ ਮੁੜਦੀ ਦੇਖ ਕੇ ਸੰਤਰੀ ਸਾਵਧਾਨ ਹੋ ਗਿਆ। ਲੱਕ ਕੋਲੋਂ ਪੈਂਟ ’ਚੋਂ ਬਾਹਰ ਨਿਕਲ ਆਏ ਕਮੀਜ਼ ਨੂੰ ਪੈਂਟ ਦੇ ਅੰਦਰ ਕੀਤਾ, ਬੰਦੂਕ ਨੂੰ ਮੋਢੇ ’ਤੇ ਰੱਖਿਆ ਅਤੇ ਹੌਲੇ-ਹੌਲੇ ਕਦਮੀਂ ਗਸ਼ਤ ਕਰਨ ਲੱਗਾ।

ਸੇਠਾਂ ਨੂੰ ਕਾਰ ਵਿਚੋਂ ਨਿਕਲਿਆਂ ਦੇਖ ਕੇ ਸੰਤਰੀ ਦੇ ਸਾਹ ਵਿਚ ਸਾਹ ਆਇਆ। ਉਹਨਾਂ ਨਾਲ ਦਰਵੇਸ਼ ਪੱਤਰਕਾਰ ਵੀ ਸੀ। ਉੱਚਾ ਲੰਬਾ ਕੱਦ ਅਤੇ ਬਗਲੇ ਵਰਗੀਆਂ ਟੰਗਾਂ।

ਕਾਰ 'ਚੋਂ ਉਤਰਦਿਆਂ ਹੀ ਦਰਵੇਸ਼ ਨੇ ਕੁੜਤੇ ਪਜਾਮੇ ਦੇ ਵਲ ਕੱਢੇ, ਐਨਕ ਲਾਹ ਕੇ ਸ਼ੀਸ਼ੇ ਸਾਫ਼ ਕੀਤੇ ਅਤੇ ਹੱਥਲੀ ਡਾਇਰੀ ਤੋਂ ਮਿੱਟੀ ਝਾੜਦਾ ਲੰਬੀਆਂ ਪੁਲਾਂਘਾ ਪੁੱਟਦਾ ਦਰਵਾਜ਼ੇ ਵੱਲ ਵਧਣ ਲੱਗਾ।

ਦਰਵੇਸ਼ ਨੂੰ ਦੇਖ ਕੇ ਇਕ ਵਾਰ ਫੇਰ ਮੁਖ਼ਤਿਆਰ ਦੇ ਮੱਥੇ ਦੀਆਂ ਤਿਊੜੀਆਂ ਚੜ੍ਹੀਆਂ। ਹੁਣ ਤਕ ਭਾਵੇਂ ਉਹ ਆਪਣੇ ਪਹਿਲੇ ਵਤੀਰੇ 'ਤੇ ਪਛਤਾ ਰਿਹਾ ਸੀ, ਫੇਰ ਵੀ ਉਸ ਦੇ ਦਿਲ ਦੇ ਕਿਸੇ ਨਾ ਕਿਸੇ ਕੋਨੇ ਵਿਚ ਇਸ ਅਸਾਮੀ ਤੋਂ ਫ਼ੀਸ ਮਿਲਣ ਦੀ ਆਸ ਪਲਮ ਰਹੀ ਸੀ। ਸ਼ਹਿਰ ਦੇ ਸਾਰੇ ਮੋਹਤਬਰਾਂ ਵਿਚੋਂ ਸੰਤਰੀ ਨੂੰ ਦਰਵੇਸ਼ ਨਾਲ ਸਭ ਤੋਂ ਵੱਧ ਨਫ਼ਰਤ ਸੀ।

ਉਹਦੀ ਗਰਦਨ ਵਿਚ ਪੱਤਰਕਾਰੀ ਦਾ ਕੀੜਾ ਅੜਿਆ ਹੋਇਆ ਸੀ। ਵੱਡੇ ਅਫ਼ਸਰਾਂ ਨਾਲ ਬੈਠ ਕੇ ਦਾਰੂ ਪੀਂਦਾ ਸੀ। ਛੋਟੇ ਮੁਲਾਜ਼ਮਾਂ ਨੂੰ ਟਿੱਚ ਸਮਝਦਾ ਸੀ। ਕਿਸੇ ਤੋਂ ਕੋਈ ਗੁਸਤਾਖ਼ੀ ਹੋਈ ਨਹੀਂ ਕਿ ਉਸ ਨੇ ਅਗਲੇ ਦਿਨ ਅਖ਼ਬਾਰ ਵਿਚ ਸੁਰਖ਼ੀ ਦਿੱਤੀ ਨਹੀਂ।

ਦਰਵੇਸ਼ ਦੀਆਂ ਅੱਖਾਂ ਵਿਚ ਸ਼ਰਾਰਤ ਭਰੀ ਹਾਸੀ ਦੇਖ ਕੇ ਸੰਤਰੀ ਨੂੰ ਲੱਗ ਰਿਹਾ ਸੀ, ਜਿਵੇਂ ਦਰਵੇਸ਼ ਪੁੱਛ ਰਿਹਾ ਹੋਵੇ :

'ਕਿਉਂ ਬੱਚੂ, ਇਥੇ ਵੀ ਦਿਲ ਨਹੀਂ ਲੱਗਦਾ ?'

ਸੰਤਰੀ ਨੂੰ ਲੱਗ ਰਿਹਾ ਸੀ, ਅਗਲੇ ਦਿਨ ਦੇ ਅਖ਼ਬਾਰ ਉਸ ਦੇ ਖ਼ਿਲਾਫ਼ ਭਰੇ ਹੋਣਗੇ। ਪੁਲਿਸ ਦੀ ਧੱਕੜਸ਼ਾਹੀ.....ਮੁਦੱਈਆਂ ਲਈ ਥਾਣਿਆਂ ਦੇ ਦਰਵਾਜ਼ੇ ਬੰਦ.....ਸੰਤਰੀ ਸਿੱਧੇ ਮੂੰਹ ਗੱਲ ਨਹੀਂ ਕਰਦੇ.....ਪੁਲਿਸ ਦੀ ਅਣਗਹਿਲੀ ਕਾਰਨ ਅਗਵਾਕਾਰਾਂ ਨੂੰ ਫ਼ਰਾਰ ਹੋਣ ਦਾ ਮੌਕਾ।

ਦਰਵੇਸ਼ ਨੂੰ ਤੇਜ਼ੀ ਨਾਲ ਆਪਣੇ ਵੱਲ ਵਧਦਾ ਦੇਖ ਕੇ ਸੰਤਰੀ ਦੇ ਕੱਸੇ ਭਰਵੱਟੇ ਢਿੱਲੇ ਪੈ ਗਏ। ਹੋਣ ਵਾਲੇ ਸਵਾਲਾਂ ਦੇ ਉਹ ਉੱਤਰ ਘੜਨ ਲੱਗਾ।

ਦਰਵੇਸ਼ ਉਹ ਨਾਂ ਦਾ ਹੀ ਸੀ। ਕਿੱਤੇ ਰਾਖ਼ਸ਼ਾਂ ਵਾਲੇ ਹੀ ਸਨ। ਇਕ ਛੋਟੀ ਜਿਹੀ ਪ੍ਰੈਸ ਲਾਈ ਹੋਈ ਸੀ। ਹਫ਼ਤਾਵਾਰ ਅਖ਼ਬਾਰ ਕੱਢਣ ਲਈ। ਤਰ੍ਹਾਂ-ਤਰ੍ਹਾਂ ਦੇ ਸਕੈਂਡਲ ਛਾਪਣ ਲਈ। ਕਦੇ ਐਫ਼.ਸੀ.ਆਈ. ਦੇ ਅਤੇ ਕਦੇ ਮਾਰਕਫੈੱਡ ਦੇ। ਕਦੇ ਸਿਨੇਮੇ ਵਿਚ ਚੱਲਦੀਆਂ ਟਿਕਟਾਂ ਦੀ ਬਲੈਕ ਦੀ ਕਹਾਣੀ ਅਤੇ ਕਦੇ ਹੋਟਲਾਂ ਵਿਚ ਚੱਲਦੀ ਰੰਡੀਬਾਜ਼ੀ ਅਤੇ ਸ਼ਰੇਆਮ ਚੱਲਦੇ ਜੂਏ ਦੀ। ਕਦੇ ਪੀ.ਡਬਲਿਯੂ.ਡੀ. ਵਾਲਿਆਂ ਵੱਲੋਂ ਵੇਚੇ ਸੀਮਿੰਟ ਦੇ ਕਿੱਸੇ ਅਤੇ ਕਦੇ ਪੁਲਿਸ ਵੱਲੋਂ ਸੱਟੇ ਵਾਲਿਆਂ ਤੋਂ ਲਏ ਜਾ ਰਹੇ ਮਹੀਨੇ ਦੀ ਕਹਾਣੀ। ਸਕੈਂਡਲ ਦਬਾਉਣੇ ਹੋਣ ਤਾਂ ਵੱਡੇ-ਵੱਡੇ ਇਸ਼ਤਿਹਾਰ ਅਖ਼ਬਾਰ ਨੂੰ ਦੇਵੋ। ਚੰਦੇ ਭਰੋ।

ਹੋਰ ਕੋਈ ਸ਼ਰਾਰਤ ਨਾ ਸੁੱਝੀ ਤਾਂ ਕੋਈ ਪ੍ਰੋਗਰਾਮ ਹੀ ਰਚ ਲਿਆ। ਕਦੇ ਅੱਖਾਂ ਦੇ ਕੈਂਪ ਲਈ ਚੰਦਾ, ਕਦੇ ਕਵੀ ਦਰਬਾਰ ਲਈ ਅਤੇ ਕਦੇ ਗਊਸ਼ਾਲਾ ਲਈ। ਡਰਦੇ ਅਫ਼ਸਰਾਂ ਨੂੰ ਮੂੰਹ-ਮੰਗੀ ਰਕਮ ਦੇਣੀ ਪੈਂਦੀ। ਲੱਖਾਂ ਦੀ ਰਕਮ ਇਸੇ ਹੀਲੇ ਡਕਾਰ ਜਾਂਦਾ ਹੈ।

ਇਥੇ ਹੀ ਬੱਸ ਨਹੀਂ। ਆਪ ਜੂਏ ਦਾ ਸ਼ੌਕੀਨ ਹੈ। ਪ੍ਰੈਸ ਵਿਚ ਹੀ ਮਹਿਫ਼ਲ ਲੱਗਦੀ ਹੈ। ਤਾਸ਼ ਨਾਲ ਸ਼ਰਾਬ ਵੀ ਚੱਲਦੀ ਹੈ ਅਤੇ ਕਦੇ-ਕਦੇ ਕੋਈ ਜ਼ਨਾਨੀ ਵੀ।

"ਲੈ....ਲੈ ਆਏ ਹਾਂ ਮੋਹਤਬਰ ਨੂੰ.....ਪਸੰਦ ਏ ਨਾ ?" ਪ੍ਰਧਾਨ ਦੇ ਵਿਅੰਗ ਦਾ ਜਵਾਬ ਦੇਣ ਦੀ ਸੰਤਰੀ ਦੀ ਕੋਈ ਇੱਛਾ ਨਹੀਂ ਸੀ। ਉਸ ਨੇ ਚੁੱਪ ਕਰਕੇ ਦਰਵਾਜ਼ਾ ਖੋਲ੍ਹ ਦਿੱਤਾ।

"ਦਰਵੇਸ਼ ਸਾਹਿਬ ਆ ਗਏ ਤਾਂ ਸਮਝੋ ਕੰਮ ਬਣ ਗਿਆ.....।" ਨਾ ਚਾਹੁੰਦੇ ਹੋਏ ਵੀ ਸੰਤਰੀ ਨੇ ਦਰਵੇਸ਼ ਨੂੰ ਢਿੱਲਾ ਜਿਹਾ ਸਲੂਟ ਮਾਰਿਆ।

"ਕਿਵੇਂ ਐਂ ਸੰਤਰੀ ?" ਮਿਲੀ ਸਲਾਮੀ ਨਾਲ ਦਰਵੇਸ਼ ਦੀ ਹਿੱਕ ਚੌੜੀ ਹੋ ਗਈ। ਪਿੱਛੇ ਆਉਂਦੇ ਸੇਠਾਂ ਵੱਲ ਉਸ ਨੇ ਮੁਸਕਰਾ ਕੇ ਦੇਖਿਆ ਜਿਵੇਂ ਆਖ ਰਿਹਾ ਹੋਵੇ, "ਕਿਉਂ ਦੇਖਿਆ ?"

ਜੇਤੂ ਯੋਧਿਆਂ ਵਾਗ ਸੇਠ ਦਰਵੇਸ਼ ਦੇ ਪਿੱਛੇ-ਪਿੱਛੇ ਮੁਨਸ਼ੀ ਵੱਲ ਵਧ ਗਏ।

ਆਏ ਤੁਫ਼ਾਨ ਨੂੰ ਸ਼ਾਂਤੀ ਨਾਲ ਲੰਘ ਜਾਣ 'ਤੇ ਸੰਤਰੀ ਨੇ ਸੁਖ ਦਾ ਸਾਹ ਲਿਆ।

✶

# 2

ਨਵੀਂ ਸਰਕਾਰ ਦੇ ਬਣਦਿਆਂ ਹੀ ਥਾਣੇ ਵਿਚ ਉੱਲੂ ਬੋਲਣ ਲੱਗੇ ਸਨ।

ਸਵੇਰ ਦੇ ਦਸ ਵੱਜ ਚੁੱਕੇ ਸਨ। ਥਾਣੇ ਦੇ ਟੈਲੀਫ਼ੋਨ ਦੀ ਘੰਟੀ ਹਾਲੇ ਤਕ ਕੇਵਲ ਇਕ ਵਾਰ ਖੜਕੀ ਸੀ। ਉਸ ਗੱਲ ਨੂੰ ਵੀ ਘੰਟਾ ਹੋ ਗਿਆ ਸੀ। ਮੁੜ ਕੇ ਕੋਈ ਉੱਘ-ਸੁੱਘ ਨਹੀਂ ਨਿਕਲੀ।

ਫ਼ੋਨ 'ਤੇ ਰਿਪੋਰਟ ਦਰਜ ਕਰਾਉਣ ਦਾ ਕੀ ਮਤਲਬ ? ਭਲੇਮਾਨਸਾਂ ਦੀ ਤਰ੍ਹਾਂ ਥਾਣੇ ਆਓ, ਗੱਲਬਾਤ ਕਰੋ ਅਤੇ ਰਿਪੋਰਟ ਦਰਜ ਕਰਵਾ ਕੇ ਤਫ਼ਤੀਸ਼ ਸ਼ੁਰੂ ਕਰਾਓ। ਉਹਨਾਂ ਨੂੰ ਪਤਾ ਹੋਣਾ ਚਾਹੀਦੈ ਕਿ ਕਾਨੂੰਨ ਫ਼ੋਨ 'ਤੇ ਦਰਜ ਹੋਈਆਂ ਰਿਪੋਰਟਾਂ ਨੂੰ ਸਵੀਕਾਰ ਨਹੀਂ ਕਰਦਾ।

ਅੱਗ-ਬਬੂਲਾ ਹੋਏ ਮੁਨਸ਼ੀ ਨੇ ਫ਼ੋਨ ਕਰਨ ਵਾਲੇ ਦਾ ਨਾਂ ਪਤਾ ਤਕ ਨਹੀਂ ਸੀ ਪੁੱਛਿਆ।

"ਥਾਣੇ ਆ ਕੇ ਗੱਲ ਕਰੋ।" ਆਖ ਕੇ ਰਸੀਵਰ ਰੱਖ ਦਿੱਤਾ ਸੀ।

ਪਿੱਪਲ ਹੇਠਾਂ ਮੇਜ਼ ਕੁਰਸੀ ਡਾਹ ਕੇ ਬੈਠਾ ਮੁਨਸ਼ੀ ਸਵੇਰ ਤੋਂ ਵਿਹਲਾ ਸੀ। ਅਖ਼ਬਾਰ ਪੜ੍ਹ-ਪੜ੍ਹ, ਰੇਡੀਓ ਸੁਣ-ਸੁਣ ਅਤੇ ਕਾਗ਼ਜ਼-ਪੱਤਰ ਝਾੜਦਾ-ਝਾੜਦਾ ਉਹ ਹੰਭਿਆ ਪਿਆ ਸੀ।

ਅਖ਼ਬਾਰ 'ਤੇ ਝਾਤ ਮਾਰੀਏ ਤਾਂ ਚਾਰ-ਚਾਰ ਪੰਨੇ ਵਾਰਦਾਤਾਂ ਨਾਲ ਭਰੇ ਪਏ ਹੁੰਦੇ ਹਨ। ਬੰਦਾ ਪੜ੍ਹਦਾ-ਪੜ੍ਹਦਾ ਥੱਕ ਜਾਂਦਾ ਹੈ। ਕਤਲ, ਡਕੈਤੀਆਂ, ਖੋਹਾਂ ਅਤੇ ਚੋਰੀਆਂ। ਕਿਹੜਾ ਜੁਰਮ ਹੈ ਜਿਹੜਾ ਇਹਨੀਂ ਦਿਨੀਂ ਪੰਜਾਬ ਵਿਚ ਨਹੀਂ ਹੋ ਰਿਹਾ। ਸੁਰਖ਼ੀਆਂ ਦੇਖ ਕੇ ਲੱਗੂ ਜਿਵੇਂ ਅੱਜ ਦਾ ਦਿਨ ਦੁਨੀਆਂ ਦਾ ਆਖ਼ਰੀ ਦਿਨ ਹੈ। ਥਾਣੇ ਆ ਕੇ ਦੇਖੋ ਤਾਂ ਲੱਗੇਗਾ ਚਾਰੇ ਪਾਸੇ ਸੁਖ ਸ਼ਾਂਤੀ ਹੈ। ਕੋਈ ਗੜਬੜ ਨਹੀਂ। ਕਿਸੇ ਨੂੰ ਕਿਸੇ ਨਾਲ ਕੋਈ ਸ਼ਿਕਾਇਤ ਨਹੀਂ।

ਭੁੱਲੇ-ਚੁੱਕੇ ਕਿਸੇ ਨੇ ਪੁਲਿਸ ਸਹਾਇਤਾ ਮੰਗੀ ਵੀ ਤਾਂ ਮੁਨਸ਼ੀ ਨੇ ਨਾਂਹ ਕਰ ਦਿੱਤੀ। ਅੱਗੋਂ ਅਗਲੇ ਖ਼ਾਮੋਸ਼ ਹੋ ਗਏ। ਹੱਥੋਂ ਖੁੱਸੀ ਅਸਾਮੀ ਦਾ ਗ਼ੁੱਸਾ ਮੁਨਸ਼ੀ ਪੇਪਰ-ਵੇਟ 'ਤੇ ਕੱਢ ਰਿਹਾ ਸੀ। ਮੇਜ਼ 'ਤੇ ਘੁੰਮਦਾ-ਘੁੰਮਦਾ ਪੇਪਰ-ਵੇਟ ਕਈ ਵਾਰ ਉਹਦੇ ਹੱਥੋਂ ਡਿੱਗਿਆ ਸੀ। ਹਰ ਵਾਰ ਪੇਪਰ-ਵੇਟ ਦੀਆਂ ਨੁੱਕਰਾਂ ਭੁਰੀਆਂ ਸਨ।

ਬੱਚੇ ਨੇ ਜਾਣਾ ਕਿਧਰ ਹੈ ? ਖੇਡਦਾ-ਖੇਡਦਾ ਕਿਸੇ ਬੱਚੇ ਨਾਲ ਉਸ ਦੇ ਘਰ ਜਾ ਕੇ ਸੌਂ ਗਿਆ ਹੋਣਾ ਹੈ। ਫ਼ੋਨ ਤੋਂ ਬਾਅਦ ਮੁਨਸ਼ੀ ਨੇ ਥਾਣੇ ਦਾ ਸੱਠ ਸਾਲ ਪੁਰਾਣਾ ਸਾਰਾ ਰਿਕਾਰਡ ਦੇਖਿਆ ਸੀ। ਬੱਚੇ ਨੂੰ ਅਗਵਾ ਕਰਨ ਵਾਲਾ ਇਕ ਵੀ ਕੇਸ ਕਦੇ ਦਰਜ ਨਹੀਂ ਸੀ ਹੋਇਆ।

ਬਹੁਤ ਪਛਤਾ ਰਿਹਾ ਸੀ ਮੁਨਸ਼ੀ। ਅੱਗੇ ਕਿਹੜਾ ਪੁਲਿਸ ਝਟਪਟ ਮੁਕੱਦਮੇ ਦਰਜ ਕਰ ਦਿੰਦੀ ਹੈ। ਤਸੱਲੀ ਹੀ ਦਿੰਦੀ ਹੈ ਕਿ ਮੁਕੱਦਮਾ ਦਰਜ ਹੋ ਗਿਆ। ਬੱਚੇ ਨੇ ਤਾਂ ਲੱਭ ਹੀ ਜਾਣਾ ਸੀ। ਸ਼ਾਮ ਨੂੰ ਅਗਲੇ ਦੀ ਕੋਠੀ ਜਾਂ ਦੁਕਾਨ 'ਤੇ ਜਾ ਕੇ ਨਾਲੇ ਅਗਲੇ ਨੂੰ ਵਧਾਈ ਦੇ ਆਉਂਦੇ ਨਾਲੇ ਪੈੱਗ-ਸ਼ੈੱਗ ਲਾ ਆਉਂਦੇ। ਮੁਕੱਦਮਾ ਖਾਰਜ ਕਰਨ ਦੀ ਫ਼ੀਸ ਲੈਂਦੇ। ਹੁਣ ਬੈਠਾ ਰਹਿ ਹੱਥ 'ਤੇ ਹੱਥ ਧਰੀ।

ਮੁਨਸ਼ੀ ਲੱਕੜ ਦੇ ਵੱਡੇ ਸਾਰੇ ਮੇਜ਼ ਉੱਤੇ ਵਿਛੇ ਨੀਲੇ ਮੇਜ਼ਪੋਸ਼ 'ਤੇ ਬਿੱਖਰੇ ਕਾਗ਼ਜ਼, ਰੋਜ਼ਨਾਮਚੇ, ਰਜਿਸਟਰ ਅਤੇ ਕਾਰਬਨ ਪੇਪਰਾਂ ਨੂੰ ਕਈ ਵਾਰ ਤਰਤੀਬ ਵਿਚ ਦੇਖ ਚੁੱਕਾ ਸੀ। ਕਈ ਵਾਰ ਫ਼ੋਨ ਦੇ ਚੋਂਗੇ ਵਿਚ ਫੂਕਾਂ ਮਾਰ-ਮਾਰ ਦੇਖਿਆ। ਕਿਧਰੇ ਫ਼ੋਨ ਹੀ ਖ਼ਰਾਬ ਨਾ ਹੋ ਗਿਆ ਹੋਵੇ। ਨਹੀਂ ਤਾਂ ਕੋਈ ਵਜ੍ਹਾ ਨਹੀਂ ਕਿ ਦਿਨ ਦੇ ਬਾਰਾਂ ਵਜੇ ਤਕ ਕਿਸੇ ਲੜਾਈ-ਝਗੜੇ, ਚੋਰੀ-ਯਾਰੀ, ਕਤਲ, ਨਾਜਾਇਜ਼ ਕਬਜ਼ੇ ਜਾਂ ਮਾੜੇ-ਮੋਟੇ ਐਕਸੀਡੈਂਟ ਦੀ ਇਤਲਾਹ ਥਾਣੇ ਨਾ ਅੱਪੜੇ। ਇੰਨਾ ਅਮਨ ਤਾਂ ਸਤਯੁੱਗ ਵਿਚ ਵੀ ਨਹੀਂ ਹੋਇਆ ਹੋਣਾ।

ਵੈਸੇ ਥਾਣੇ ਆਉਣ ਦੀ ਕਿਸੇ ਨੂੰ ਕੀ ਲੋੜ ਹੈ ? ਸੱਤ-ਇਕਵੰਜਾ ਤੋਂ ਲੈ ਕੇ ਕਤਲ ਤਕ ਦੀਆਂ ਸਾਰੀਆਂ ਦਰਖ਼ਾਸਤਾਂ ਡਿਪਟੀ ਦੇ ਸਿੱਧੀਆਂ ਪੇਸ਼ ਹੁੰਦੀਆਂ ਹਨ। ਉਹ ਆਪਣੀ ਕੋਠੀ ਵਿਚ ਹੀ ਮਹਿਫ਼ਲ ਲਾਉਂਦਾ ਹੈ। ਦਫ਼ਤਰ ਤਾਂ ਵੜਦਾ ਹੀ ਨਹੀਂ। ਬਹਾਨਾ ਵਧੀਆ ਹੈ। ਅਖੇ ਹਿੱਟ ਲਿਸਟ 'ਤੇ ਹੈ। ਕਿਸ ਦੀ ਹਿੱਟ ਲਿਸਟ 'ਤੇ ਹੈ, ਇਹ ਕਿਸੇ ਨੂੰ ਨਹੀਂ ਪਤਾ। ਉਹਨੇ ਕਦੇ ਕੋਈ ਪੁਲਿਸ ਮੁਕਾਬਲਾ ਨਹੀਂ ਬਣਾਇਆ, ਕਦੇ ਕੋਈ ਦਹਿਸ਼ਤਗਰਦ ਨਹੀਂ ਫੜਿਆ। ਜਿਹੜੇ ਫੜੇ ਦਿਖਾਉਂਦਾ ਹੈ, ਉਹ ਤਾਂ ਖ਼ੁਦ ਪੇਸ਼ ਹੋਏ ਹੁੰਦੇ ਹਨ, ਡਰਦੇ ਮਾਰੇ।

ਹਿੱਟ ਲਿਸਟ ਦੇ ਬਹਾਨੇ ਕਪਤਾਨ ਤੋਂ ਦੋ ਸਪੈਸ਼ਲ ਪੁਲਿਸ ਪਾਰਟੀਆਂ ਲੈ ਲਈਆਂ। ਕੋਠੀ ਪਹਿਰਾ ਲਗਵਾ ਲਿਆ। ਹਰ ਥਾਣੇ 'ਚੋਂ ਇਕ-ਇਕ ਸਿਪਾਹੀ ਬੁਲਾ ਕੇ ਇਕ ਗਾਰਦ ਹੋਰ ਖੜੀ ਕਰ ਲਈ। ਨਵਾਂ ਥਾਣਾ ਹੀ ਬਣ ਗਿਐ ਡਿਪਟੀ ਦੀ ਕੋਠੀ।

ਦਿਨ ਚੜ੍ਹਨ ਤੋਂ ਪਹਿਲਾਂ ਹੀ ਪੰਚਾਇਤਾਂ ਕੋਠੀ ਅੱਗੇ ਡੇਰੇ ਲਾ ਲੈਂਦੀਆਂ ਹਨ। ਜਿਵੇਂ ਪਟਿਆਲੇ ਵਾਲੇ ਮਹਾਰਾਜੇ ਦੀ ਕਚਹਿਰੀ ਲੱਗਣੀ ਹੋਵੇ। ਸਾਰਾ ਦਿਨ 'ਲੈ ਤੇਰੇ ਦੀ, ਲੈ ਤੇਰੇ ਦੀ' ਹੁੰਦੀ ਰਹਿੰਦੀ ਹੈ।

ਸਪੈਸ਼ਲ ਪਾਰਟੀਆਂ ਬਣਾਈਆਂ ਤਾਂ ਦਹਿਸ਼ਤਗਰਦਾਂ ਨੂੰ ਫੜਨ ਲਈ ਹਨ, ਕੰਮ ਲੈਂਦਾ ਹੈ ਹੋਰ ਹੀ। ਕਿਸੇ ਸਮਗਲਰ ਨੇ 'ਮਹੀਨਾ' ਸਮੇਂ ਸਿਰ ਨਹੀਂ ਭੇਜਿਆ ਤਾਂ ਚੁੱਕ ਲਓ ਉਸ ਨੂੰ। ਕੋਈ ਲੜਾਈ-ਝਗੜਾ ਹੋ ਗਿਆ ਤਾਂ ਬੁਲਾ ਲਓ ਕੋਠੀ ਮੁਜਰਮਾਂ ਨੂੰ। ਪੈਸੇ ਬਟੋਰ ਕੇ ਥਾਣੇ ਭੇਜ ਦਿੰਦਾ ਹੈ। ਨਾਲੇ ਪਾਰਟੀ ਨੂੰ ਹਦਾਇਤ ਕਰ ਦਿੰਦੈ 'ਥਾਣੇ ਕਿਸੇ ਨੂੰ ਦੁਆਨੀ ਨਹੀਂ ਦੇਣੀ, ਕੋਈ ਮੰਗੇ ਤਾਂ ਸ਼ਿਕਾਇਤ ਕਰੋ।'

ਥਾਣੇ ਵਾਲੇ ਡਿਪਟੀ ਨੂੰ ਬਿਨਾਂ ਪੁੱਛੇ ਨਾ ਕਿਸੇ ਨੂੰ ਫੜ ਸਕਦੇ ਹਨ ਅਤੇ ਨਾ ਹੀ ਫੜੇ ਬੰਦੇ ਨੂੰ ਛੱਡ ਸਕਦੇ ਹਨ। ਪਹਿਲੇ ਐਸ.ਐਚ.ਓ. ਨੇ ਥੋੜ੍ਹਾ ਜਿਹਾ ਹੌਸਲਾ ਕੱਢਿਆ ਤਾਂ ਇਲਾਕੇ ਭਰ ਦੇ ਸਮਗਲਰਾਂ ਤੋਂ ਉਸ ਦੇ ਖ਼ਿਲਾਫ਼ ਸ਼ਿਕਾਇਤਾਂ ਕਰਵਾ ਦਿੱਤੀਆਂ। ਆਪ ਅਫ਼ਸਰਾਂ ਦੇ ਕੰਨ ਭਰ ਦਿੱਤੇ। ਉਹ ਤਾਂ ਥਾਣੇਦਾਰ ਹੀ ਤਕੜਾ ਸੀ, ਬਦਲੀ ਕਰਵਾ ਗਿਆ। ਮਾੜਾ ਹੁੰਦਾ ਤਾਂ ਡਿਸਮਿਸ ਹੋਇਆ ਹੁੰਦਾ, ਨਹੀਂ ਜਬਰੀ ਰਿਟਾਇਰਮੈਂਟ ਤਾਂ ਪੱਕੀ ਸੀ। ਮੁੜ ਕਿਸੇ ਦੀ ਜੁਰਅੱਤ ਨਹੀਂ ਪਈ ਡਿਪਟੀ ਦੀ ਹੁਕਮ ਅਦੂਲੀ ਕਰਨ ਦੀ।

ਇਕ ਪਾਸੇ ਡਿਪਟੀ ਹੈ ਤੇ ਦੂਜੇ ਪਾਸੇ ਜਥੇਦਾਰਾਂ ਦਾ ਟੋਲਾ। ਸਰਕਾਰ ਬਣਦੇ ਹੀ ਨੀਲੀਆਂ ਪੱਗਾਂ ਖੁੰਬਾਂ ਵਾਂਗ ਨਿਕਲ ਆਉਂਦੀਆਂ ਹਨ। ਲੀਡਰਾਂ ਦੇ ਰੋਸੇ ਤੋਂ ਡਰਦੇ ਮੁੱਖ-ਮੰਤਰੀ ਨੇ ਜਥੇਦਾਰੀਆਂ ਥੋਕ ਦੇ ਭਾਅ ਵੰਡ ਦਿੱਤੀਆਂ ਹਨ। ਜਣਾ-ਖਣਾ ਜਥੇਦਾਰੀ ਦਾ ਸ਼ਨਾਖ਼ਤੀ ਕਾਰਡ ਲਈ ਫਿਰਦਾ ਹੈ। ਕੋਈ ਜ਼ਿਲ੍ਹੇ ਦਾ ਜਥੇਦਾਰ, ਕੋਈ ਸਰਕਲ ਦਾ, ਕੋਈ ਪਿੰਡ ਦਾ ਅਤੇ ਕੋਈ ਗਲੀ-ਮੁਹੱਲੇ ਦਾ। ਦਸ-ਵੀਹਾਂ ਸਾਲਾਂ ਬਾਅਦ ਕਦੇ-ਕਦੇ ਦੋ ਸਾਲ ਲਈ ਹਕੂਮਤ ਕਰਨ ਦਾ ਮੌਕਾ ਮਿਲਦਾ ਹੈ। ਮਸਾਂ-ਮਸਾਂ ਲੋਕ ਸਲਾਮਾਂ ਕਰਨ ਲੱਗਦੇ ਹਨ। ਉਹ ਵੀ ਸਾਲ ਛੇ ਮਹੀਨੇ ਲਈ। ਫੇਰ ਜਥੇਦਾਰ ਇਸ ਮੌਕੇ ਦਾ ਫ਼ਾਇਦਾ ਕਿਉਂ ਨਾ ਉਠਾਉਣ ?

ਵੱਡੇ ਜਥੇਦਾਰ ਤਾਂ ਵੱਡੇ ਅਫ਼ਸਰਾਂ ਦੀਆਂ ਕਾਰਾਂ ਵਿਚ ਬੈਠ ਕੇ ਵੱਡੇ-ਵੱਡੇ ਕੰਮਾਂ ਲਈ ਚੰਡੀਗੜ੍ਹ ਨੂੰ ਤੁਰੇ ਰਹਿੰਦੇ ਹਨ। ਜਥੇਦਾਰੀ ਦਾ ਸੁਆਦ ਹੀ ਇਸ ਵਾਰੀ ਆਇਆ ਹੈ। ਪਹਿਲਾਂ ਐਵੇਂ ਬੱਸਾਂ 'ਚ ਧੱਕੇ ਖਾਂਦੇ ਰਹਿੰਦੇ। ਗੁਰਦੁਆਰਿਆਂ 'ਚ ਲੰਗਰ ਛਕ ਕੇ ਮੁੜ ਆਉਂਦੇ। ਅੱਜ-ਕੱਲ੍ਹ ਕਾਰਾਂ ਹਾਜ਼ਰ ਹਨ। ਰਹਿਣ ਲਈ ਹੋਟਲ, ਠੰਢੇ-ਠਾਰ ਕਮਰੇ, ਚਿੱਟੀਆਂ ਦੁੱਧ ਵਰਗੀਆਂ ਚਾਦਰਾਂ ਅਤੇ ਲਾਲ-ਲਾਲ ਵਰਦੀਆਂ ਵਾਲੇ ਸੇਵਾਦਾਰ। 'ਜੀ ਹਜ਼ੂਰ, ਜੀ ਹਜ਼ੂਰ' ਸੁਣਦਿਆਂ ਇਉਂ ਲੱਗਦੈ ਜਿਵੇਂ ਮਹਾਰਾਜਾ ਪਟਿਆਲਾ ਦੇ ਕੁੜਮ ਹੋਈਏ। ਪਹਿਲੀ ਵਾਰ ਪਤਾ ਲੱਗਾ ਹੈ ਕਿ ਹਕੂਮਤ ਦਾ ਨਸ਼ਾ ਕੀ ਹੁੰਦਾ ਹੈ ? ਪਹਿਲਾਂ ਤਾਂ ਐਵੇਂ ਲੋਕ-ਸੇਵਾ ਵਿਚ ਹੀ ਫਸੇ ਰਹੇ।

ਪੜ੍ਹੇ-ਲਿਖੇ ਜਥੇਦਾਰ ਚੰਡੀਗੜ੍ਹ ਤੁਰ ਜਾਂਦੇ ਹਨ। ਘੱਟ ਪੜ੍ਹੇ-ਲਿਖੇ ਜ਼ਿਲ੍ਹਾ ਹੈੱਡ ਕੁਆਰਟਰ ਸੰਭਾਲੀ ਫਿਰਦੇ ਹਨ। ਚੰਡੀਗੜ੍ਹ ਦੇ ਦਫ਼ਤਰਾਂ 'ਚ ਹਰ ਕੋਈ ਅੰਗਰੇਜ਼ੀ 'ਚ ਗੱਲ ਕਰਦੈ। ਇਹ ਭੂਤਨੀ ਉਹਨਾਂ ਨੂੰ ਸਮਝ ਨਹੀਂ ਆਉਂਦੀ। ਕਈ-ਕਈ ਦਿਨ ਅਫ਼ਸਰ ਨਹੀਂ ਮਿਲਦਾ। ਮਿਲ ਵੀ ਜਾਵੇ ਤਾਂ ਤਾਤੇ-ਬਾਤੇ ਕਰ ਕੇ ਬੇਰੰਗ ਤੋਰ ਦਿੰਦੈ। ਉਹ ਥੱਲੇ ਠੀਕ ਸਨ। ਡੀ.ਸੀ., ਐਸ.ਐਸ.ਪੀ. ਅਤੇ ਭਲਾਈ ਅਫ਼ਸਰ। ਇਹਨਾਂ ਨਾਲ ਉਹ ਨਜਿੱਠ ਲੈਂਦੇ ਹਨ। ਕਾਰਾਂ ਦਾ ਭੁੱਸ ਇਹਨਾਂ ਛੋਟੇ ਜਥੇਦਾਰਾਂ ਨੂੰ ਵੀ ਪਿਆ ਹੋਇਆ। ਹੋਟਲਾਂ ਦਾ ਸੁਆਦ ਨਹੀਂ ਪਿਆ। ਢਾਬਿਆਂ 'ਚ ਦਹੀਂ ਦੀ ਲੱਸੀ ਪੀ ਕੇ ਅਤੇ ਛੋਲੇ-ਪੂੜੀਆਂ ਖਾ ਕੇ ਹੀ ਕੜਕਦੀ ਧੁੱਪ ਵਿਚ ਗੇੜੇ ਦਿੰਦੇ ਹਨ। ਰਹਿੰਦੇ-ਖੂੰਹਦੇ ਬਸ ਚੜ੍ਹ ਕੇ ਸ਼ਹਿਰ ਆ ਟਪਕਦੇ ਹਨ। ਤਹਿਸੀਲ ਜਾਂ ਕਚਹਿਰੀ। ਹੋਰ ਕਿਸੇ ਥਾਂ ਨਾ ਗੱਲ ਬਣੀ ਤਾਂ ਥਾਣੇ ਆ ਧਮਕੇ। ਬੰਦੂਕਾਂ ਦੇ ਲਾਇਸੈਂਸਾਂ ਦੀਆਂ ਅਰਜ਼ੀਆਂ 'ਤੇ ਰਿਪੋਰਟਾਂ ਹੀ ਸਹੀ।

ਵਰਕਰ ਛੋਟਾ ਹੋਵੇ ਜਾਂ ਵੱਡਾ, ਸਭ ਦੀ ਵੁੱਕਤ ਇਕੋ ਜਿੰਨੀ ਹੈ। ਸਾਲ 'ਚ ਅੱਠ ਮਹੀਨੇ ਤਾਂ ਜੇਲ੍ਹਾਂ ਭਰੀਆਂ ਰੱਖਣੀਆਂ ਹੁੰਦੀਆਂ ਹਨ। ਉਦੋਂ ਛੋਟੇ ਵਰਕਰਾਂ ਦੀ ਲੋੜ ਹੁੰਦੀ ਹੈ। ਜੇਲ੍ਹ ਕੱਟਣ ਵਾਲੇ ਵਰਕਰਾਂ ਦੀ ਹਰ ਹਾਲਤ ਵਿਚ ਸੁਣਨੀ ਪੈਂਦੀ ਹੈ। ਕੰਮ ਨਾ ਹੋਵੇ ਤਾ ਵਰਕਰ ਆਪਣੇ ਇਲਾਕੇ ਦੇ ਵਜ਼ੀਰ ਨਾਲ ਜਾ ਮੱਥਾ ਲਾਉਂਦੇ ਹਨ। ਵਜ਼ੀਰ ਦੇ ਆਖੇ ਵੀ ਕੰਮ ਨਾ ਹੋਵੇ ਤਾਂ ਉਹ ਮੁੱਖ-ਮੰਤਰੀ ਨਾਲ ਮੂੰਹ ਮੋਟਾ ਕਰ ਲੈਂਦਾ ਹੈ। ਪ੍ਰੈਸ ਵਿਚ ਬਿਆਨ ਦਾਗ਼ ਦਿੰਦਾ ਹੈ। ਦੂਜੇ ਗਰੁੱਪ ਨਾਲ ਰਲਣ ਦੀਆਂ ਤਿਆਰੀਆਂ ਦੀਆਂ ਖ਼ਬਰਾਂ ਛਪਵਾ ਦਿੰਦਾ ਹੈ। ਸਭ ਕੁਝ ਜਾਣਦੇ-ਬੁਝਦੇ ਵੀ ਮੁੱਖ-ਮੰਤਰੀ ਨੂੰ ਉਹਨਾਂ ਅੱਗੇ ਝੁਕਣਾ ਪੈਂਦਾ ਹੈ। ਐਮ.ਐਲ.ਏ. ਤਾਂ ਪਹਿਲਾਂ ਹੀ ਉਸ ਨਾਲ ਬਹੁ-ਸੰਮਤੀ ਨਾਲੋਂ ਘੱਟ ਹਨ। ਇਕ ਦੋ ਹੋਰ ਟੁੱਟ ਗਏ ਤਾਂ ਮੁੱਖ-ਮੰਤਰੀ ਨੇ ਧੜੱਮ ਦੇਣੇ ਕੁਰਸੀ ਤੋਂ ਹੇਠਾਂ ਡਿੱਗ ਪੈਣਾ ਹੈ। ਕੁਰਸੀ ਕਿਹੜਾ ਬਾਪੂ ਵਾਲੀ ਹੈ, ਵਰਕਰਾਂ ਅਤੇ ਨੇਤਾਵਾਂ ਦੇ ਸਹਾਰੇ ਤਾਂ ਖੜੀ ਹੈ। ਉਹ ਝੱਟ ਟੈਲੀਫ਼ੋਨ ਖੜਕਾ ਦਿੰਦਾ ਹੈ।

ਜਿਹਾ ਰਾਜਾ ਤਿਹੀ ਪਰਜਾ। ਜੇ ਮੁੱਖ-ਮੰਤਰੀ ਆਪਣੀ ਕੁਰਸੀ ਬਚਾਉਣ ਲਈ ਪੁੱਠੇ-ਸਿੱਧੇ ਹੁਕਮ ਸੁਣਾ ਰਿਹਾ ਹੈ ਤਾਂ ਅਫ਼ਸਰਾਂ ਨੂੰ ਕੀ ਚੱਟੀ ਪਈ, ਆਪਣੀ ਕੁਰਸੀ ਨੂੰ ਖ਼ਤਰੇ 'ਚ ਪਾਉਣ ਦੀ। ਉਹ ਵਰਕਰ ਦੇ ਪਹਿਲੇ ਬੋਲ 'ਤੇ ਹੀ ਘੁੱਗੀ ਮਾਰ ਦਿੰਦੇ ਹਨ। ਪਹਿਲਾ ਜਥੇਦਾਰ ਆਇਆ, ਉਸ ਦੇ ਮੁਤਾਬਕ ਹੁਕਮ ਜਾਰੀ ਕਰ ਦਿੱਤੇ, ਦੂਜੇ ਦੇ ਆਖਣ 'ਤੇ ਕੈਂਸਲ ਕਰ ਦਿੱਤੇ। ਆਪੇ ਲੜਦੇ ਰਹਿਣ।

ਸਰਕਾਰ ਹਾਲੇ ਨਵੀਂ-ਨਵੀਂ ਹੈ, ਸਾਲ ਦੋ ਸਾਲ ਕੱਟ ਗਏ ਤਾਂ ਵੱਡੇ-ਵੱਡੇ ਸੇਠ, ਅਫ਼ਸਰ ਅਤੇ ਸਰਦਾਰ ਜਥੇਦਾਰਾਂ ਨੂੰ ਆਪੇ ਹਕੂਮਤ ਦੇ ਗੁਰ ਸਿਖਾ ਦੇਣਗੇ। ਅੰਦਰ ਵੜ ਕੇ ਸਮਝਾ ਦੇਣਗੇ ਕਿ ਐਵੇਂ ਜਣੇ-ਖਣੇ ਨਾਲ ਗੇੜੇ ਨਹੀਂ ਦੇਈਦੇ। ਤੁਸੀਂ ਵੀ ਚੋਣਾਂ ਵੇਲੇ ਪੈਸੇ ਖਰਚਣੇ ਹੁੰਦੇ ਹਨ। ਹੁਣ ਝੋਲੀਆਂ ਭਰੋਗੇ ਤਾਂ ਹੀ ਸਮੇਂ ਸਿਰ ਖ਼ਰਚ ਕਰ ਸਕੋਗੇ। ਕਾਂਗਰਸੀ ਹੋਰ ਕੋਈ ਆਪਣੀਆਂ

ਨੀਤੀਆਂ ਦੇ ਸਿਰ ’ਤੇ ਚੋਣਾਂ ਜਿੱਤਦੇ ਨੇ ? ਮਾਇਆ ਜਾਲ ਵਿਛਾਉਂਦੇ ਹਨ। ਪਹਿਲਾਂ ਖਾਂਦੇ ਹਨ ਫੇਰ ਖਵਾਉਂਦੇ ਹਨ। ਬੱਸ ਇਸੇ ਨੀਤੀ ਦੇ ਸਹਾਰੇ ਚਾਲੀ ਸਾਲਾਂ ਤੋਂ ਰਾਜ ਕਰਦੇ ਆ ਰਹੇ ਹਨ।

ਜਦੋਂ ਅਕਲ ਆ ਗਈ ਤਾਂ ਆਪੇ ਕਾਂਗਰਸੀਆਂ ਵਾਂਗ ਅਫ਼ਸਰਾਂ ਨਾਲ ਹਿੱਸੇ-ਪੱਤੀਆਂ ਕਰ ਲੈਣਗੇ ਪਰ ਜਿੰਨਾ ਚਿਰ ਉਹਨਾਂ ਨੂੰ ਅਕਲ ਨਹੀਂ ਆਉਂਦੀ, ਮੁਨਸ਼ੀ ਕਿਸ ਦੀ ਮਾਂ ਨੂੰ ਮਾਸੀ ਆਖੇ ? ਖ਼ਰਚਾ ਕਿਥੋਂ ਚਲਾਵੇ ?

ਕੰਮਾਂ-ਕਾਰਾਂ ਵਾਲੇ ਜਾਂ ਤਾਂ ਇਹਨਾਂ ਜਥੇਦਾਰਾਂ ਦੇ ਧੱਕੇ ਚੜ੍ਹ ਜਾਂਦੇ ਹਨ ਜਾਂ ਫੇਰ ਡਿਪਟੀ ਦੇ। ਹਰ ਕੋਈ ਚੌਧਰੀ ਬਣਿਆ ਫਿਰਦਾ ਹੈ। ਬਾਹਰ ਖੜ੍ਹਾ ਸੰਤਰੀ ਹੀ ਮਾਣ ਨਹੀਂ। ਮੁਨਸ਼ੀ ਨੇ ਉਹਨੂੰ ਸਬਕ ਸਿਖਾਉਣ ਲਈ ਪਹਿਰੇ ’ਤੇ ਚਾੜ੍ਹਿਆ ਸੀ। ਲੱਗਦੈ ਲਹਿਰਾਂ ਗਿਣਨ ਵਾਲੇ ਵਾਂਗ ਇਥੇ ਵੀ ਉਸ ਨੇ ਕੋਈ ਰਾਹ ਲੱਭ ਲਿਆ ਹੈ। ਆਏ-ਗਏ ਨੂੰ ਬਾਹਰੋਂ ਹੀ ਨਠਾ ਦਿੰਦਾ ਹੋਣੈ। ਕਚਹਿਰੀ ’ਚ ਰਹਿ ਕੇ ਗੱਫੇ ਮਾਰਨ ਦੀ ਆਦਤ ਪਈ ਹੋਈ ਹੈ। ਮੁਜਰਮ ਆਪ ਬਰੀ ਕਰਾਈ ਜਾਣੇ, ਸਿਆਪੇ ਥਾਣੇ ਵਾਲਿਆਂ ਸਿਰ ਪਾਈ ਜਾਣੇ। ਉਹਦੇ ਬੀਜੇ ਕੰਡੇ ਮੁਨਸ਼ੀ ਨੂੰ ਚੁਗਣੇ ਔਖੇ ਹੋਏ ਪਏ ਹਨ। ਨਿੱਤ ਨਵਾਂ ਨੋਟਿਸ ਆ ਜਾਂਦਾ ਹੈ। ਕਦੇ ਮਾਲ ਮੁਕੱਦਮਾ ਗ਼ਲਤ ਪੇਸ਼ ਕਰਨ ਲਈ ਅਤੇ ਕਦੇ ਸੰਮਨ ਤਾਮੀਲ ਨਾ ਕਰਾਉਣ ਲਈ।

ਸੰਤਰੀ ’ਤੇ ਨਿਗਾਹ ਰੱਖਣ ਲਈ ਮੁਨਸ਼ੀ ਕਈ ਗੇੜੇ ਗੇਟ ਤਕ ਮਾਰਦਾ ਸੀ। ਇਸ ਵਾਰ ਉਸ ਨੇ ਦੇਖਿਆ ਸੰਤਰੀ ਮੁਨਸ਼ੀ ਨਾਲੋਂ ਵੀ ਉਦਾਸ ਸੀ। ਮੁਨਸ਼ੀ ਦਾ ਮਨ ਪਸੀਜ ਗਿਆ। ਵਿਹਲਾ ਖਾਣ ਗਿੱਝਿਆ ਸੀ। ਪਹਿਰੇ ’ਤੇ ਖੜ੍ਹਦੇ ਦੀ ਜਾਨ ਟੁੱਟਦੀ ਹੋਣੀ ਹੈ। ਬੰਦੂਕ ਦਾ ਭਾਰ ਦੀ ਮਣਾਂ-ਮੂੰਹੀਂ ਲੱਗਦਾ ਹੋਏਗਾ।

ਵਾਪਸੀ ’ਤੇ ਮੁਨਸ਼ੀ ਬਾਬਾ ਜ਼ਾਹਰ ਅਲੀ ਪੀਰ ਦੀ ਮਜ਼ਾਰ ’ਤੇ ਰੁਕ ਗਿਆ। ਮਜ਼ਾਰ ਬੜੀ ਕਰਾਮਾਤਾਂ ਵਾਲੀ ਸੀ। ਲੋਕ ਆਖਦੇ ਨੇ ਕਿਸੇ ਸਮੇਂ ਇਥੇ ਕੋਈ ਕਰਨੀ ਵਾਲਾ ਪੀਰ ਰਿਹਾ ਕਰਦਾ ਸੀ। ਇਸ ਮਜ਼ਾਰ ’ਤੇ ਸੁੱਖੀ ਹਰ ਸੁੱਖ ਪੂਰੀ ਹੁੰਦੀ ਹੈ। ਭਲੇ ਜ਼ਮਾਨਿਆਂ ’ਚ ਲੋਕਾਂ ਦੇ ਅੱਧੇ ਫ਼ੈਸਲੇ ਇਸੇ ਮਜ਼ਾਰ ਦੀ ਕਿਰਪਾ ਨਾਲ ਹੁੰਦੇ ਸਨ। ਇਸ ਦੀ ਹਜ਼ੂਰੀ ਵਿਚ ਪੰਚਾਇਤਾਂ ਜੁੜਦੀਆਂ ਸਨ। ਮਜ਼ਾਰ ਦੇ ਚਬੂਤਰੇ ’ਤੇ ਚੜ੍ਹ ਕੇ ਕੋਈ ਝੂਠ ਨਹੀਂ ਸੀ ਬੋਲ ਸਕਦਾ। ਜਿਹੜਾ ਕੋਈ ਝੂਠ ਬੋਲ ਗਿਆ, ਉਸ ਨੇ ਸੁਖ ਨਹੀਂ ਪਾਇਆ। ਬਥੇਰੀਆਂ ਕਥਾਵਾਂ ਪ੍ਰਚੱਲਿਤ ਹਨ। ਕਿਸੇ ਦੀਆਂ ਅੱਖਾਂ ਦੀ ਰੋਸ਼ਨੀ ਜਾਂਦੀ ਰਹੀ, ਕਿਸੇ ਦੇ ਬਲਦ ਮਰ ਗਏ ਅਤੇ ਕਿਸੇ ਦਾ ਜਵਾਨ ਪੁੱਤ ਤੁਰ ਗਿਆ। ਹਾਲੇ ਵੀ ਇਸ ਦੀ ਮਹੱਤਤਾ ਘਟੀ ਨਹੀਂ ਸੀ ਭਾਵੇਂ ਪਹਿਲਾਂ ਜਿੰਨੀ ਨਹੀਂ ਸੀ ਰਹੀ।

ਥਾਣੇ ਦੇ ਵਿਹੜੇ ਦੀ ਖੱਬੀ ਨੁੱਕਰ ਵਿਚ ਜੰਡ ਦੇ ਦਰੱਖ਼ਤ ਹੇਠਾਂ ਬਣੀ ਇਸ ਮਜ਼ਾਰ ਨੂੰ ਥਾਣੇ ਵਾਲੇ ਪੂਰੀ ਇੱਜ਼ਤ ਬਖ਼ਸ਼ਦੇ ਸਨ। ਸਮੇਂ-ਸਮੇਂ ਸਿਰ ਇਥੇ ਕਲੀ-ਕੂਚੀ ਹੁੰਦੀ, ਚਰਾਗ਼ ਬਲਦਾ ਅਤੇ ਚਾਦਰ ਚੜ੍ਹਾਈ ਜਾਂਦੀ।

ਮੁਨਸ਼ੀ ਮਜ਼ਾਰ ਅੱਗੇ ਹੱਥ ਬੰਨ੍ਹ ਕੇ ਖਲੋ ਗਿਆ। ਅੱਖਾਂ ਬੰਦ ਕਰ ਕੇ ਅਰਦਾਸ ਕਰਨ ਲੱਗਾ :

“ਘੱਲ ਬਾਬਾ ਕੋਈ ਅਸਾਮੀ.....ਦਸਵੇਂ ਦਸੌਂਦ ਦਾ ਪ੍ਰਸ਼ਾਦ ਚੜ੍ਹਾਊਂ.....ਖ਼ਾਸੇ ਕੰਮ ਰੁਕੇ ਪਏ ਨੇ.....।”

ਗੱਫੇ ਨਾਲੋਂ ਵੀ ਵੱਧ ਉਹਦੇ ਮਨ ਵਿਚ ਇਕ ਹੋਰ ਇੱਛਾ ਸੀ, ਜਿਸ ਨੂੰ ਉਹ ਪਾਪ ਸਮਝ ਕੇ ਅੰਦਰ ਦਬਾਈ ਬੈਠਾ ਸੀ। ਉਂਝ ਜੇ ਬਾਬਾ ਉਹ ਇੱਛਾ ਪੂਰੀ ਕਰ ਦੇਵੇ ਤਾਂ ਮੁਨਸ਼ੀ ਦੀ ਹੀ ਨਹੀਂ, ਸੈਂਕੜੇ ਮੁਲਾਜ਼ਮਾਂ ਦੇ ਭਾਗ ਖੁੱਲ੍ਹ ਜਾਣ। ਉਹ ਸੀ ਡਿਪਟੀ ਦਾ ਇਥੋਂ ਤੁਰ ਜਾਣਾ। ਉਹ

ਚਾਹੁੰਦਾ ਸੀ ਡਿਪਟੀ ਦਹਿਸ਼ਤਗਰਦਾਂ ਦੀ ਗੋਲੀ ਦਾ ਸ਼ਿਕਾਰ ਹੋਵੇ। ਜੇ ਬਾਬਾ ਇੰਨੀ ਮਾੜੀ ਨਹੀਂ ਕਰਨਾ ਚਾਹੁੰਦਾ ਤਾਂ ਉਸ ਦਾ ਤਬਾਦਲਾ ਹੀ ਕਰਵਾ ਦੇਵੇ। ਉਂਝ ਬਦਲੀ ਨਹੀਂ ਤਾਂ ਤਰੱਕੀ ਕਰਵਾ ਕੇ ਹੀ ਇਥੋਂ ਫਾਹਾ ਵਢਾ ਦੇਵੇ, ਕੁਝ ਤਾਂ ਕਰੇ। ਬਾਬਾ ਪਤਾ ਨਹੀਂ ਕਿਹੜੀ ਨੀਂਦ ਸੁੱਤਾ ਪਿਆ ਸੀ। ਇਹ ਵੀ ਹੋ ਸਕਦੈ ਡਿਪਟੀ ਨੇ ਵੱਡਾ ਚੜ੍ਹਾਵਾ ਸੁੱਖ ਕੇ ਬਾਬੇ ਨੂੰ ਪਹਿਲਾਂ ਹੀ ਖ਼ੁਸ਼ ਕਰ ਰੱਖਿਆ ਹੋਵੇ। ਉਸ ਦਾ ਦਸਵਾਂ ਦਸੌਂਦ ਮੁਨਸ਼ੀ ਨਾਲੋਂ ਕਈ ਗੁਣਾ ਵੱਡਾ ਹੋਏਗਾ। ਆਖ਼ਿਰ ਕਲਯੁੱਗ ਹੈ, ਭਗਵਾਨ ਵੀ ਪੈਸੇ ਵਾਲੇ ਵੱਲ ਹੀ ਹੈ।

ਮੁਨਸ਼ੀ ਮਜ਼ਾਰ ਅੱਗੇ ਹੱਥ ਜੋੜੀ ਖੜਾ ਹੀ ਸੀ ਕਿ ਟੈਲੀਫ਼ੋਨ ਦੀ ਘੰਟੀ ਖੜਕੀ।

ਇਕ ਵਾਰ ਤਾਂ ਮੁਨਸ਼ੀ ਦੇ ਚਿਹਰੇ ’ਤੇ ਲਾਲੀ ਛਾ ਗਈ। ਬਾਬੇ ਨੇ ਤਾਂ ਝੱਟ ਸੁਣ ਲਈ ਸੀ। ਖ਼ੁਸ਼ੀ ਨਾਲ ਉਹ ਟੈਲੀਫ਼ੋਨ ਵੱਲ ਦੌੜਿਆ।

ਰਸੀਵਰ ਚੁੱਕਦਿਆਂ ਉਹਦੇ ਹੱਥ ਕੰਬੇ। ਜ਼ਰੂਰੀ ਤਾਂ ਨਹੀਂ ਫ਼ੋਨ ਕਿਸੇ ਅਸਾਮੀ ਦਾ ਹੋਵੇ। ਮੀਟਿੰਗ ’ਤੇ ਜਾਣ ਲਈ ਕਾਰ ਚਾਹੀਦੀ ਹੋਣੀ ਹੈ। ਫ਼ੋਨ ਸਰਕਾਰੀ ਵਕੀਲ ਦਾ ਵੀ ਹੋ ਸਕਦਾ ਹੈ ਅਤੇ ਡਿਪਟੀ ਦਾ ਵੀ।

ਵਗਾਰਾਂ ਤੋਂ ਡਰਦਾ ਮੁਨਸ਼ੀ ਕਲਪਨਾ ਦੇ ਘੋੜੇ ਦੌੜਾਉਣ ਲੱਗਾ।

ਜੇ ਫ਼ੋਨ ਜੱਜ ਦਾ ਹੋਇਆ ਤਾਂ ਕੀ ਕਰੇਗਾ ? ਕਾਰ ਲੈਣ ਕਿਸ ਨੂੰ ਘੱਲੇਗਾ ? ਸੰਤਰੀ ਨੂੰ ਭੇਜਿਆ ਤਾਂ ਵਸਾਹ ਨਹੀਂ, ਦਸ-ਦਸ ਰੁਪਏ ਲੈ ਕੇ ਟੈਕਸੀ ਵਾਲਿਆਂ ਨੂੰ ਭਜਾ ਆਵੇ। ਨਾਲੇ ਉਹ ਕਿਹੜਾ ਅੱਧ-ਬੋਲ ਤੁਰਦੇ ਹਨ। ਵੀਹ ਨਖ਼ਰੇ ਕਰਦੇ ਹਨ। ਐਸ.ਐਚ.ਓ. ਹਾਜ਼ਰ ਹੋਵੇ, ਗੱਲ ਹੋਰ ਹੈ। ਮੁਨਸ਼ੀ ਜਾਂ ਸਿਪਾਹੀ ਨੂੰ ਕੌਣ ਪੁੱਛਦੈ। ਦੂਰੋਂ ਆਉਂਦੇ ਸਿਪਾਹੀ ਨੂੰ ਦੇਖ ਕੇ ਅੱਧੇ ਡਰਾਈਵਰ ਤਾਂ ਕਾਰਾਂ ਨੂੰ ਜਿੰਦੇ ਮਾਰ ਕੇ ਇਧਰ-ਉਧਰ ਖਿਸਕ ਜਾਂਦੇ ਹਨ। ਕੋਈ ਫਸ ਵੀ ਗਿਆ ਤਾਂ ਤੇਲ ਤਾਂ ਪਵਾਉਣਾ ਹੀ ਪਊ। ਪੱਲੇ ਦੁਆਨੀ ਨਹੀਂ, ਸਾਂਝਾ ਫੰਡ ਵੀ ਖ਼ਤਮ ਹੈ। ਕੋਈ ਥਾਣੇ ਆਵੇ ਤਾਂ ਹੀ ਚਾਰ ਪੈਸੇ ਬਣਨ। ਇੰਸਪੈਕਟਰ ਹੁੰਦਾ ਤਾਂ ਆਪੇ ਸੰਭਾਲ ਲੈਂਦਾ। ਉਹ ਦੀ ਵੀਹ ਕਾਰਖ਼ਾਨੇਦਾਰਾਂ ਅਤੇ ਸ਼ੈਲਰਾਂ ਵਾਲਿਆਂ ਨਾਲ ਦੋਸਤੀ ਹੈ। ਲਾਲੇ ਕਾਰ ਘੱਲ ਦਿੰਦੇ ਹਨ। ਤੇਲ ਤੋਂ ਵੀ ਬੱਚਤ ਹੋ ਜਾਂਦੀ ਹੈ।

ਡਿਪਟੀ ਦਾ ਫ਼ੋਨ ਹੋਇਆ ਤਾਂ ਅਫ਼ੀਮ ਮੰਗੇਗਾ। ਪਤਾ ਨਹੀਂ ਕਿੰਨੇ ਕੁ ਸਰਦਾਰਾਂ ਨਾਲ ਲਿਹਾਜ਼ ਪਾਲ ਰੱਖੀ ਹੈ। ਥਾਣਾ ਥਾਣਾ ਨਾ ਹੋਇਆ, ਡੋਡਿਆਂ ਦੀ ਦੁਕਾਨ ਹੋਈ। ਜਣੇ-ਖਣੇ ਨੂੰ ਬੋਰੀ ਚੁਕਾ ਕੇ ਤੋਰ ਦਿੰਦੈ। ਇਹ ਗਰੇਵਾਲਾਂ ਦਾ ਸੀਰੀ ਹੈ, ਇਹ ਗਿੱਲਾਂ ਦਾ ਸਾਂਝੀ। ਬਾਣੀਆਂ ਵਾਂਗ ਪੂਰਾ ਹਿਸਾਬ ਰੱਖਦਾ ਹੈ। ਕਿੰਨੀਆਂ ਬੋਰੀਆਂ ਫੜੀਆਂ ਗਈਆਂ, ਕਿੰਨੀਆਂ ਵਗਾਰ ਵਿਚ ਗਈਆਂ ਅਤੇ ਕਿੰਨੀਆਂ ਬਾਕੀ ਹਨ ? ਮਜ਼ਾਲ ਹੈ ਮੁਨਸ਼ੀ ਇਕ ਝੋਲਾ ਵੀ ਆਪਣੇ ਲਈ ਰੱਖ ਸਕੇ। ਡਿਪਟੀ ਦਾ ਡੰਡਾ ਨਾ ਹੋਵੇ ਤਾਂ ਮੁਨਸ਼ੀ ਦਾ ਖ਼ਰਚਾ ਕੱਢਣ ਲਈ ਅਫ਼ੀਮ ਤੇ ਡੋਡੇ ਹੀ ਬਥੇਰੇ ਹਨ। ਇਹੋ ਜਿਹਾ ਕਰਫ਼ਿਊ ਲਾਇਐ ਕਿ ਮੁਨਸ਼ੀ ਨੂੰ ਆਪਣੇ ਘਰ ਭੇਜਣ ਲਈ ਲੋਕਾਂ ਤੋਂ ਡੋਡੇ ਮੰਗਣੇ ਪਏ। ਕਦੇ ਇਹ ਵੀ ਸੁਣਿਐ ਬਈ ਥਾਣੇ ਦਾ ਮੁਨਸ਼ੀ ਆਪ ਡੋਡੇ ਮੰਗਦਾ ਫਿਰੇ।

ਚਾਰ ਵਜ਼ੀਰ ਇਲਾਕੇ ਵਿਚ ਘੁੰਮਦੇ ਹੋਣ ਅਤੇ ਮੁਨਸ਼ੀ ਫ਼ੋਨ ਨਾ ਚੁੱਕੇ ? ਹਾਲੇ ਨੌਕਰੀ ਛੱਡ ਕੇ ਉਹ ਘਰ ਜਾਣ ਦੀ ਹੈਸੀਅਤ ਵਿਚ ਨਹੀਂ ਸੀ।

ਧੜਕਦੇ ਦਿਲ ਅਤੇ ਬੇਰੁਖ਼ੀ ਨਾਲ ਮੁਨਸ਼ੀ ਨੇ ਚੋਂਗਾ ਕੰਨ ’ਤੇ ਲਾਇਆ।

“ਮੈਂ ਥਾਣੇ ’ਚੋਂ ਮੁਨਸ਼ੀ ਬਘੇਲ ਸਿੰਘ ਬੋਲ ਰਿਹਾ ਹਾਂ.....।”

“ਮੈਂ ਸੁਰਿੰਦਰ ਕੁਮਾਰ ਸਰਕਾਰੀ ਵਕੀਲ ਹਾਂ.....।”

ਇਕ ਵਾਰ ਤਾਂ ਮੁਨਸ਼ੀ ਦਾ ਦਿਲ ਕੀਤਾ ਦੋ-ਚਾਰ ਖਰੀਆਂ ਸੁਣਾ ਕੇ ਰਸੀਵਰ ਰੱਖ ਦੇਵੇ। ਕਿਸੇ ਨਾ ਕਿਸੇ ਵਗਾਰ ਦਾ ਸੁਨੇਹਾ ਸੁਣਾਏਗਾ। ਉਹਨੂੰ ਪਤਾ ਨਹੀਂ ਪੈਸਿਆਂ ਦੀ ਔੜ ਲੱਗੀ ਹੋਈ ਹੈ ?

ਮੁਨਸ਼ੀ ਦੀ ਜਾਨ ਸਰਕਾਰੀ ਵਕੀਲ ਦੇ ਹੱਥ ਵਿਚ ਹੁੰਦੀ ਹੈ। ਮੁਨਸ਼ੀ ਨੂੰ ਸਰਕਾਰੀ ਵਕੀਲ ਨਾਲ ਵਿਗਾੜ ਕੇ ਨਹੀਂ ਸਰਦਾ।

"ਹੁਕਮ ਜਨਾਬ....." ਦੰਦਾਂ 'ਚ ਜੀਭ ਦੇ ਕੇ ਉਸ ਨੇ ਹੁਕਮ ਪੁੱਛਿਆ।

"ਸਾਡੇ ਗੁਆਂਢੋਂ ਇਕ ਬੱਚਾ ਗੁੰਮ ਹੋ ਗਿਐ.....ਵਾਰਿਸ ਇਤਲਾਹ ਦੇਣ ਆਏ ਸੀ..... ਸੰਤਰੀ ਨੇ ਬਾਹਰੋਂ ਹੀ ਡੱਕਰ ਦਿੱਤੇ.....।"

"ਤੁਸੀਂ ਉਸ ਭੈਣ ਦੇ ਯਾਰ ਨੂੰ ਜਾਣਦੇ ਤਾਂ ਹੋ.....ਮੈਨੂੰ ਦੱਸੋ ਕੀ ਹੁਕਮ ਹੈ ?" ਉਪਰੋਂ ਤਾਂ ਮੁਨਸ਼ੀ ਨੇ ਇਹ ਆਖਿਆ ਪਰ ਅੰਦਰੋਂ ਚਾਰ ਗਾਲ੍ਹਾਂ ਕੱਢੀਆਂ। ਸਿਰ ਤਾਂ ਸੰਤਰੀ ਨੂੰ ਸਰਕਾਰੀ ਵਕੀਲਾਂ ਨੇ ਹੀ ਚੜ੍ਹਾਇਆ ਸੀ।

"ਵੈਸੇ ਤਾਂ ਉਹ ਸ਼ਹਿਰ ਦੇ ਮਸ਼ਹੂਰ ਸੋਸ਼ਲ ਵਰਕਰ ਲਾਲਾ ਹਰਦਿਆਲ ਦਾ ਪੋਤਾ ਹੈ..... ਫੇਰ ਵੀ ਨਾਲ ਨਾਗਪਾਲ ਹੁਰਾਂ ਨੂੰ ਭੇਜ ਰਿਹਾ ਹਾਂ.....ਆਪੇ ਸਮਝ ਲੂ.....ਸਮਝ ਗਿਆ ਨਾ ?"

"ਤੁਸੀਂ ਪਰਵਾਹ ਨਾ ਕਰੋ.....ਮੈਂ ਆਪੇ ਸਮਝ ਲੂੰ.....।" ਆਖ ਕੇ ਰਸੀਵਰ ਰੱਖਦਿਆਂ ਹੀ ਮੁਨਸ਼ੀ ਡੂੰਘੀਆਂ ਸੋਚਾਂ ਵਿਚ ਧਸ ਗਿਆ।

ਉਸ ਨੂੰ ਸੰਤਰੀ 'ਤੇ ਗੁੱਸਾ ਆਇਆ। ਜੇ ਸੰਤਰੀ ਅਸਾਮੀ ਨੂੰ ਅੰਦਰ ਆਉਣ ਦਿੰਦਾ ਤਾਂ ਸਰਕਾਰੀ ਵਕੀਲ ਨੂੰ ਦਖ਼ਲ ਦੇਣ ਦੀ ਲੋੜ ਨਹੀਂ ਸੀ ਪੈਣੀ। ਮੁਨਸ਼ੀ ਨੇ ਪਹਿਲੇ ਹੱਲੇ ਹੀ ਪੰਜ-ਸੱਤ ਸੌ ਲਾਹ ਲੈਣਾ ਸੀ। ਨਾਗਪਾਲ ਬੰਦਾ ਤਾਂ ਪੁਲਿਸ-ਹਮਾਇਤੀ ਹੈ। ਫਿਰ ਵੀ ਸਰਕਾਰੀ ਵਕੀਲ ਨੇ ਵਾਰਿਸਾਂ ਨੂੰ ਸਮਝਾ ਦਿੱਤਾ ਹੋਣਾ ਹੈ। ਮੁਨਸ਼ੀ ਦੀ ਫ਼ੀਸ ਪੰਜਾਹ ਰੁਪਏ ਹੁੰਦੀ ਹੈ। ਸਿੱਧੇ ਆਏ ਹੁੰਦੇ ਤਾਂ ਮਨ-ਮਰਜ਼ੀ ਦੇ ਪੈਸੇ ਬਟੋਰਦਾ। ਗੱਫੇ ਅਫ਼ਸਰਾਂ ਨੂੰ ਦਿਵਾਉਂਦਾ ਅਤੇ ਆਪਣਾ ਹਿੱਸਾ ਲੈਂਦਾ।

ਇਕ ਵਾਰ ਫੇਰ ਮੁਨਸ਼ੀ ਨੇ ਮੇਜ਼ ਦੀ ਸਫ਼ਾਈ ਕੀਤੀ। ਸਫ਼ੈਦ ਕਾਗ਼ਜ਼, ਬਾਲਪੈੱਨ ਅਤੇ ਕਾਰਬਨ ਦਰਾਜ਼ ਵਿਚ ਸੁੱਟ ਲਏ। ਕੁਝ ਭਰੇ ਹੋਏ ਕਾਗ਼ਜ਼ ਫੱਟੀ ਵਿਚ ਅੜਾਏ ਅਤੇ ਆਉਣ ਵਾਲੇ ਬੰਦਿਆਂ ਦੀ ਬੇਸਬਰੀ ਨਾਲ ਇੰਤਜ਼ਾਰ ਕਰਨ ਲੱਗਾ।

ਉੱਚੇ ਲੰਬੇ ਤਿੰਨ ਮਣ ਦੇਹ ਵਾਲੇ ਸੁਰਿੰਦਰ ਕੁਮਾਰ ਸਰਕਾਰੀ ਵਕੀਲ ਦਾ ਅਕਸ ਵਾਰ-ਵਾਰ ਉਸ ਦੀਆਂ ਅੱਖਾਂ ਅੱਗੇ ਉੱਘੜ ਆਉਂਦਾ। ਝੋਟੇ ਵਰਗੇ ਹੌਸਲੇ ਵਾਲਾ ਸੀ ਸਰਕਾਰੀ ਵਕੀਲ। ਕਿਸੇ ਦੀ ਪਰਵਾਹ ਨਹੀਂ ਸੀ ਕਰਦਾ। ਸਾਰਾ ਦਿਨ ਦਾਰੂ ਪੀਈ ਰੱਖਦਾ, ਕੋਈ ਵੀ ਪੁਲਿਸ ਅਫ਼ਸਰ ਦਫ਼ਤਰ ਵੜੇ, ਝੱਟ ਬੋਤਲ ਦਾ ਸਵਾਲ ਪਾ ਦਿੰਦਾ ਹੈ। ਵਕੀਲਾਂ ਨਾਲ ਤਾਂ ਪੀਣੀ ਹੀ ਸੀ, ਨਾਇਬ-ਕੋਰਟਾਂ ਅਤੇ ਮੁਲਜ਼ਮਾਂ ਨਾਲ ਵੀ ਬਹਿ ਜਾਂਦਾ ਹੈ।

ਉਸ ਦੀਆਂ ਕਰਨੀਆਂ ਦੇ ਫਲ ਭੁਗਤ ਰਿਹਾ ਹੈ ਮੁਨਸ਼ੀ ਬਘੇਲ ਸਿੰਘ।

ਉਸ ਦਾ ਕਸੂਰ ? ਬਸ ਇਹੋ ਕਿ ਉਹ ਥਾਣੇ ਦਾ ਮੁਨਸ਼ੀ ਹੈ। ਮੁਨਸ਼ੀ ਮਾਲਖ਼ਾਨੇ ਦਾ ਇੰਚਾਰਜ ਹੁੰਦਾ ਹੈ। ਅਦਾਲਤਾਂ ਵਿਚ ਸਹੀ ਮਾਲ ਪੇਸ਼ ਕਰਨਾ ਉਸ ਦੀ ਜ਼ਿੰਮੇਵਾਰੀ ਹੁੰਦੀ ਹੈ। ਕਿਸ ਨੂੰ ਨਹੀਂ ਪਤਾ ਕਿ ਮਾਲਖ਼ਾਨੇ ਨੂੰ ਲੁੱਟਣ ਵਾਲੇ ਵੀਹ ਡਾਕੂ ਹਨ।

ਆਖ਼ਿਰ ਉਹ ਹੌਲਦਾਰ ਹੀ ਤਾਂ ਹੈ। ਸਿਪਾਹੀਆਂ ਨੂੰ ਛੱਡ ਕੇ ਬਾਕੀ ਉਹਦੇ ਬਰਾਬਰ ਰੈਂਕ ਦੇ ਹਨ ਜਾਂ ਫੇਰ ਵੱਡੇ। ਏ.ਐਸ.ਆਈ., ਐਸ.ਆਈ. ਅਤੇ ਇੰਸਪੈਕਟਰ ਸਭ ਤੋਂ ਦੱਬ ਕੇ ਰਹਿਣਾ ਪੈਂਦਾ ਹੈ। ਕਿਸੇ ਵੀ ਸਮੇਂ ਉਹਨਾਂ ਦੇ ਮਾਤਹਿਤ ਲੱਗ ਸਕਦਾ ਹੈ। ਬਣੀ ਹੋਵੇ ਤਾਂ ਜ਼ੈਲ ਚੰਗੀ

ਮਿਲ ਜਾਂਦੀ ਹੈ। ਸੰਤਰੀ ਵਾਂਗ ਵਿਗਾੜ ਕੇ ਰੱਖੇ ਤਾਂ ਅਗਲੇ ਕਚਹਿਰੀਆਂ 'ਚ ਪੈਰਵਾਈ ਲਈ ਧੱਕੀ ਰੱਖਦੇ ਨੇ।

ਬਹੁਤੇ ਤਫ਼ਤੀਸ਼ੀ ਤਾਂ ਮਹੀਨਾ-ਮਹੀਨਾ ਮਾਲ ਜਮ੍ਹਾਂ ਹੀ ਨਹੀਂ ਕਰਾਉਂਦੇ। ਫੜਨ ਤਾਂ ਹੀ ਜਮ੍ਹਾਂ ਕਰਾਉਣ। ਸਾਰੀ ਕਰਵਾਈ ਤਾਂ ਝੂਠੀ ਹੁੰਦੀ ਹੈ। ਮੀਟਿੰਗ ਵਿਚ ਹੁਕਮ ਹੋ ਜਾਂਦਾ ਹੈ, ਤੂੰ ਪੰਜ ਕਿੱਲੋ ਅਫ਼ੀਮ ਦਾ ਪਰਚਾ ਦੇ ਦੇ, ਤੂੰ ਭੱਠੀ ਦਾ ਅਤੇ ਤੂੰ ਜੂਏ ਦਾ। ਵੱਟਾ ਰੱਖਣ ਲੱਗੇ ਤਫ਼ਤੀਸ਼ੀ ਭੋਰਾ ਪਰਵਾਹ ਨਹੀਂ ਕਰਦੇ। ਦਸ-ਦਸ ਕਿੱਲੋ ਅਫ਼ੀਮ, ਵੀਹ-ਵੀਹ ਬੋਰੇ ਭੁੱਕੀ, ਪੰਜਾਹ-ਪੰਜਾਹ ਬੋਤਲਾਂ ਸ਼ਰਾਬ। ਆਖ਼ਰ ਮਾਲ ਪੂਰਾ ਹੁੰਦਾ-ਹੁੰਦਾ ਹੀ ਹੁੰਦਾ ਹੈ। ਮੁਨਸ਼ੀ ਕਿਵੇਂ ਆਖ ਸਕਦਾ ਹੈ ਕਿ ਪਹਿਲਾਂ ਮਾਲ ਜਮ੍ਹਾਂ ਕਰਵਾਉ। ਰਿਪੋਰਟ ਲਿਖ ਕੇ ਹੱਥ ਵਢਾਉਣੇ ਪੈਂਦੇ ਹਨ। ਪਿੱਛੋਂ ਜਾਨ ਤਫ਼ਤੀਸ਼ੀ ਦੇ ਹੱਥ ਵਿਚ। ਜਦੋਂ ਮਰਜ਼ੀ ਮਾਲ ਜਮ੍ਹਾਂ ਕਰਵਾਵੇ।

ਕੜਾਹੀ ਮਹੀਨੇ 'ਚ ਇਕ-ਅੱਧਾ ਦਿਨ ਹੀ ਚੜ੍ਹਦੀ ਹੈ। ਗੁੜ ਕਾੜ੍ਹ-ਕਾੜ੍ਹ ਡੱਬਿਆਂ, ਪੀਪਿਆਂ ਅਤੇ ਟਰੰਕਾਂ ਵਿਚ ਭਰੀ ਜਾਓ। ਇਕੋ ਦਿਨ ਆਰੇ ਤੋਂ ਲੱਕੜਾਂ ਦੀ ਬੂਰ ਦੀ ਭਰੀ ਟਰਾਲੀ ਆਉਂਦੀ ਹੈ। ਮਹੀਨੇ 'ਚ ਇਕ ਵਾਰ ਹੀ ਠੇਕੇਦਾਰ ਖ਼ਾਲੀ ਬੋਤਲਾਂ, ਪਊਏ ਅਤੇ ਅਧੀਆਂ ਦਾ ਭਰਿਆ ਰੇਹੜਾ ਭੇਜਦੇ ਹਨ। ਮਹੀਨੇ ਭਰ ਦਾ ਮਾਲ ਇਕ ਦਿਨ ਵਿਚ ਤਿਆਰ ਕਰਦਿਆਂ-ਕਰਦਿਆਂ ਕਈ ਵਾਰ ਗ਼ਲਤੀ ਹੋ ਜਾਂਦੀ ਹੈ। ਗੁਰਮੁਖ ਸਿੰਘ ਵਾਲੀ ਮੋਹਰ ਧਿਆਨ ਸਿੰਘ ਦੇ ਮਾਲ 'ਤੇ ਲੱਗ ਜਾਂਦੀ ਹੈ ਅਤੇ ਧਿਆਨ ਸਿੰਘ ਵਾਲੀ ਨਿਹਾਲ ਸਿੰਘ ਦੇ ਮਾਲ 'ਤੇ।

ਕਦੇ ਅਸਲੀ ਮਾਲ ਵੀ ਫੜਿਆ ਜਾਵੇ ਤਾਂ ਕਿਹੜਾ ਥਾਣੇ ਸਹੀ-ਸਲਾਮਤ ਅੱਪੜਦਾ ਹੈ। ਰਸਤੇ ਵਿਚ ਹੀ ਸੌਦੇ ਹੋ ਜਾਂਦੇ ਹਨ। ਮਾਲ ਫੜਿਆ ਪਿੱਛੋਂ ਹੁੰਦਾ ਹੈ, ਵੰਡੀਆਂ ਪਹਿਲਾਂ ਪੈ ਜਾਦੀਆਂ ਹਨ। ਮਹੀਨੇ 'ਚ ਅੱਧਾ ਕਿੱਲੋ ਅਫ਼ੀਮ ਤਾਂ ਇਸੇ ਸਰਕਾਰੀ ਵਕੀਲ ਨੂੰ ਚਾਹੀਦੀ ਹੁੰਦੀ ਹੈ, ਪਤਾ ਨਹੀਂ ਖਾਂਦਾ ਹੈ ਜਾਂ ਵੇਚਦਾ ਹੈ। ਉਦੋਂ ਇਹ ਵੀ ਆਖਦਾ ਹੈ ਕਿ ਕਚਹਿਰੀ ਵਿਚ ਮਾਲ ਸਹੀ ਨਹੀਂ ਪਹੁੰਚਦਾ।

ਠੇਕੇ ਵਾਲਿਆਂ ਤੋਂ ਜਦੋਂ ਚਾਰ ਬੋਰੀਆਂ ਸ਼ਰਾਬ ਦੀਆਂ ਫੜੀਆਂ ਗਈਆਂ ਸਨ ਤਾਂ ਠਾਹ ਠਾਣੇ ਆ ਵੱਜਾ ਸੀ। ਪੂਰੀ ਦਰਜਨ ਬੋਤਲਾਂ ਦੀ ਲੈ ਕੇ ਹਿੱਲਿਆ। ਸਾਰੀ ਸ਼ਰਾਬ ਇਉਂ ਉੱਡ ਗਈ, ਜਿਵੇਂ ਲੁੱਟ ਦਾ ਮਾਲ ਹੋਵੇ। ਡਿਪਟੀ ਦਾ ਰੀਡਰ ਨਰਾਜ਼ ਹੋ ਗਿਆ। ਕੋਲੋਂ ਬੋਤਲਾਂ ਭੇਜ ਕੇ ਮੁਨਸ਼ੀ ਨੇ ਖਹਿੜਾ ਛੁਡਾਇਆ।

ਠੇਕੇਦਾਰਾਂ ਦੇ ਕਰਿੰਦੇ ਜਦੋਂ ਬਰੀ ਹੋਏ ਤਾਂ ਇਸੇ ਵਕੀਲ ਨੇ ਮੁਨਸ਼ੀ ਦੇ ਖ਼ਿਲਾਫ਼ ਲਿਖ ਦਿੱਤਾ, ਅਖੇ ਬੋਤਲਾਂ ਫੜੀਆਂ ਜਨਵਰੀ ਵਿਚ ਗਈਆਂ ਸਨ। ਜਿਹੜੀਆਂ ਅਦਾਲਤ ਵਿਚ ਪੇਸ਼ ਕੀਤੀਆਂ, ਉਹਨਾਂ 'ਤੇ ਮਾਰਚ ਮਹੀਨੇ ਦੇ ਲੇਬਲ ਸਨ। ਜਿਵੇਂ ਭਲਾ ਸਰਕਾਰੀ ਵਕੀਲ ਨੂੰ ਪਤਾ ਨਹੀਂ, ਅਸਲੀ ਬੋਤਲਾਂ ਕਿਥੇ ਗਈਆਂ ?

ਇਸੇ ਸਰਕਾਰੀ ਵਕੀਲ ਦੀ ਕ੍ਰਿਪਾ ਨਾਲ ਉਸ ਦੀ ਦੋ ਸਾਲ ਦੀ ਨੌਕਰੀ ਕੱਟੀ ਗਈ। ਕੁਝ ਵੀ ਸੀ, ਆਖ਼ਰ ਉਹ ਸਰਕਾਰੀ ਵਕੀਲ ਸੀ। ਮੁਨਸ਼ੀ ਉਸ ਨਾਲ ਵਿਗਾੜ ਨਹੀਂ ਸਕਦਾ। ਅਗਾਂਹ ਕਿਹੜਾ ਗ਼ਲਤੀਆਂ ਨਹੀਂ ਹੋਣੀਆਂ। ਨਾਲੇ ਨਾਗਪਾਲ ਵੀ ਤਾਂ ਆ ਰਿਹਾ ਹੈ। ਉਹ ਕਾਂਗਰਸੀਆਂ ਵਿਚ ਪੈਰ ਜ਼ਰੂਰ ਧਰਦਾ ਹੈ, ਪਰ ਖੱਦਰਪੋਸ਼ ਨਹੀਂ ਹੈ। ਹਰ ਮੁਲਾਜ਼ਮ ਤੋਂ ਕੰਮ ਲੈਣ ਦੀ ਉਸ ਨੂੰ ਜਾਚ ਹੈ। ਕਿਸੇ ਵੀ ਪਾਰਟੀ ਦੀ ਹਕੂਮਤ ਹੋਵੇ, ਅਫ਼ਸਰਾਂ ਦੇ ਸਿਰ 'ਤੇ ਉਸ ਦੀਆਂ ਪੰਜੇ ਉਂਗਲਾਂ ਘਿਓ ਵਿਚ ਰਹਿੰਦੀਆਂ ਹਨ। ਖ਼ਾਲੀ ਮੁੜਨ ਵਾਲਾ ਨਹੀਂ, ਜੋ ਮਿਲੂ ਉਹੋ ਸਹੀ। ਮੋਟਰ-ਸਾਈਕਲ ਦਾ ਤੇਲ, ਬੱਚਿਆਂ ਦੀ ਫ਼ੀਸ, ਹੋਰ ਨਹੀਂ ਤਾਂ ਸ਼ਾਮ ਦੇ ਫਰੂਟ ਦਾ ਖ਼ਰਚਾ ਹੀ ਸਹੀ। ਜੋ ਬਣੂ, ਉਹੋ ਭਲਾ।

ਅਸਾਮੀ ਸੀ ਕਿ ਪੁੱਜ ਹੀ ਨਹੀਂ ਸੀ ਰਹੀ। ਹਾਲ ਦੀ ਘੜੀ ਉਹ ਥਾਣੇ ਦਾ ਮਾਲਕ ਸੀ। ਚੰਮ ਦੀਆਂ ਚਲਾ ਸਕਦਾ ਸੀ। ਬਿੰਦ ਝੱਟ ਹੋਰ ਲੇਟ ਹੋ ਗਏ ਤਾਂ ਥਾਣੇਦਾਰ ਨੇ ਆ ਧਮਕਣਾ ਸੀ। ਪਾਰਟੀ ਨਾਲ 'ਡੀਲ' ਕਰਨ ਦਾ ਮੌਕਾ ਹੱਥੋਂ ਖੁੰਝ ਜਾਣਾ ਸੀ। ਇਕ ਵਾਰ ਫ਼ੀਸ ਜੇਬ ਵਿਚ ਪੈ ਜਾਵੇ, ਫੇਰ ਭਾਵੇਂ ਸਾਰਾ ਥਾਣਾ ਆ ਜਾਵੇ, ਕੋਈ ਪਰਵਾਹ ਨਹੀਂ।

ਬਾਰਾਂ ਸਾਲਾਂ ਦੀ ਨੌਕਰੀ ਵਿਚ ਇਹ ਪਹਿਲੀ ਵਾਰ ਸੀ ਕਿ ਬਘੇਲ ਸਿੰਘ ਪੈਸੇ-ਪੈਸੇ ਲਈ ਤਰਸ ਰਿਹਾ ਸੀ। ਉਸ ਦਾ ਦਿਲ ਵਰਦੀ ਲਾਹ ਕੇ ਪਿੰਡ ਭੱਜ ਜਾਣ ਨੂੰ ਕਰਦਾ ਸੀ। ਆਖ਼ਿਰ ਮਹਿਕਮੇ ਨੇ ਉਹਦੀ ਮਿਹਨਤ ਦਾ ਕੀ ਮੁੱਲ ਪਾਇਆ ਹੈ। ਥਾਣੇ ਦੇ ਚਾਲੀ ਮੁਲਾਜ਼ਮਾਂ ਵਿਚੋਂ ਉਹ ਇਕੱਲਾ ਹੀ ਬੀ.ਏ. ਪਾਸ ਸੀ, ਉਹ ਵੀ ਸੈਕਿੰਡ ਡਵੀਜ਼ਨ ਵਿਚ। ਕਈ ਦਸਵੀਂ ਪਾਸ ਉਸ ਤੋਂ ਪਿੱਛੋਂ ਭਰਤੀ ਹੋ ਕੇ ਮੋਢੇ 'ਤੇ ਸਟਾਰ ਲਾਈ ਫਿਰਦੇ ਹਨ। ਉਹ ਹੌਲਦਾਰ ਦਾ ਹੌਲਦਾਰ ਹੀ ਰਹਿ ਗਿਆ।

ਉਹ ਤੇ ਗੁਰਮੁਖ ਇਕੋ ਦਿਨ ਭਰਤੀ ਹੋਏ ਸੀ। ਗੁਰਮੁਖ ਕਿਸੇ ਗੱਲੋਂ ਉਸ ਨਾਲੋਂ ਵੱਧ ਹੈ ? ਸਿਹਤ 'ਚ, ਲਿਖਾ-ਪੜ੍ਹੀ 'ਚ ਜਾਂ ਫੇਰ ਦਲੇਰੀ 'ਚ ? ਕਿਸੇ 'ਚ ਵੀ ਨਹੀਂ। ਇਕ ਵਾਧੂ ਗੁਣ ਹੈ ਕਿ ਉਹ ਚੂਹੜਿਆਂ ਦੇ ਜੰਮਿਆ ਹੈ।

ਇਕੋ ਸਾਲ ਹੌਲਦਾਰੀ ਟੈਸਟ ਪਾਸ ਕੀਤਾ, ਇਕੱਠੇ ਕੋਰਸ ਨੂੰ ਗਏ। ਬਘੇਲ ਸਿੰਘ ਨੂੰ ਤਾਂ ਮਸਾਂ ਹਾਲੇ ਤੀਜੀ ਫੀਤੀ ਹੀ ਮਿਲੀ ਹੈ, ਉਹ ਇੰਟਰ ਵੀ ਪਾਸ ਕਰ ਆਇਆ। ਆਉਂਦੇ ਹੀ ਪ੍ਰਮੋਟ ਹੋ ਗਿਆ। ਉਹ ਥਾਣੇਦਾਰ ਅਖਵਾਉਂਦੈ ਅਤੇ ਬਘੇਲ ਸਿੰਘ ਹੌਲਦਾਰ। ਕੋਈ ਪਤਾ ਨਹੀਂ ਦੋ ਸਾਲਾਂ ਨੂੰ ਹੀ 'ਅਪਰ' ਦਾ ਨੰਬਰ ਲੱਗ ਜਾਏ ਅਤੇ ਕਿਸੇ ਦਿਨ ਬਘੇਲ ਸਿੰਘ ਦਾ ਐਸ.ਐਚ.ਓ. ਲੱਗ ਜਾਵੇ। ਕੰਮ ਨੂੰ ਕੌਣ ਪੁੱਛਦਾ ਹੈ ? ਛੋਟੀ ਜਾਤ ਦੇ ਅਧਾਰ 'ਤੇ ਉਹ ਅੱਗੇ ਲੰਘ ਗਿਆ। ਗੁਰਮੁਖ ਨੂੰ ਕੰਮ-ਕਾਰ ਦਾ ਡੱਕਾ ਨਹੀਂ ਆਉਂਦਾ। ਬੱਸ ਗੋਡੇ ਹੱਥ ਲਾਉਣ ਦੀ ਆਦਤ ਕਾਰਨ ਕਾਮਯਾਬ ਹੋਇਆ ਫਿਰਦਾ ਹੈ। ਬਘੇਲ ਸਿੰਘ ਤੋਂ ਇਹ ਕਦੇ ਨਹੀਂ ਹੋ ਸਕਿਆ। ਇਸੇ ਲਈ ਪਿੱਛੇ ਹੋਇਆ ਬੈਠਾ ਹੈ।

ਕਿਸਮਤ ਦਿੰਦੀ ਹੈ ਤਾਂ ਛੱਪਰ ਪਾੜ ਕੇ ਦਿੰਦੀ ਹੈ। ਸੰਤੋਖ ਸਿੰਘ ਤਾਂ ਕਿਸੇ ਦੇ ਗੋਡੇ ਹੱਥ ਵੀ ਨਹੀਂ ਲਾਉਂਦਾ, ਸਾਰਾ ਦਿਨ ਮਾਂਹ ਦੇ ਆਟੇ ਵਾਂਗ ਆਕੜਿਆ ਰਹਿੰਦਾ ਹੈ। ਦਸਵੀਂ ਨਕਲਾਂ ਮਾਰ-ਮਾਰ ਪਾਸ ਕੀਤੀ। ਤਿੰਨ ਸਾਲ ਕਾਲਜ 'ਚ ਧੱਕੇ ਖਾ ਕੇ ਵੀ ਪ੍ਰੈਪ ਪਾਸ ਨਹੀਂ ਹੋਈ। ਬੱਤੀ ਸਾਲ ਦੀ ਉਮਰ ਤਕ ਕਿਸੇ ਨੇ ਰਿਸ਼ਤਾ ਨਹੀਂ ਕੀਤਾ। ਮਰਦਾ-ਮਰਦਾ ਉਹਦਾ ਬਾਪ ਸਟਾਰ ਆਪਣੇ ਮੋਢੇ ਤੋਂ ਲਾਹ ਕੇ ਸੰਤੋਖ ਦੇ ਮੋਢੇ ਉੱਤੇ ਲਾ ਗਿਆ। ਉਹ ਰਿਟਾਇਰ ਹੋਣ ਤੋਂ ਇਕ ਸਾਲ ਪਹਿਲਾਂ ਮਰ ਗਿਆ ਸੀ। ਉਸ ਦੀ ਥਾਂ ਸੰਤੋਖ ਨੂੰ ਥਾਣੇਦਾਰੀ ਮਿਲ ਗਈ।

ਮੋਢੇ 'ਤੇ ਲੱਗਾ ਸਟਾਰ ਦੇਖ ਕੇ ਡਿਪਟੀ ਨੇ ਸਰ੍ਹੋਂ ਦੀ ਗੰਦਲ ਵਰਗੀ ਕੁੜੀ ਦਾ ਰਿਸ਼ਤਾ ਕਰ ਦਿੱਤਾ। ਮੋਟਰ-ਸਾਈਕਲ, ਛਾਪਾਂ, ਕੜੇ ਤਾਂ ਲੋਕਾਂ ਨੇ ਹੀ ਪਾ ਦਿੱਤੇ। ਡਿਪਟੀ ਨੇ ਚੰਡੀਗੜ੍ਹ ਵਾਲੀ ਇਕ ਕਨਾਲ ਦੀ ਕੋਠੀ ਨਾਂ ਲਵਾਈ।

ਜਦੋਂ ਦਾ ਡਿਪਟੀ ਦਾ ਜਵਾਈ ਬਣਿਆ ਹੈ, ਚੰਗੇ ਤੋਂ ਚੰਗੇ ਥਾਣੇ ਵਿਚ ਰਹਿੰਦਾ ਹੈ। ਪੈਸਾ ਕਮਾ-ਕਮਾ ਕੇ ਆਫਰ ਗਿਐ। ਗੋਗੜ ਪੈਣ ਲੱਗ ਪਈ ਹੈ। ਬਥੇਰੀਆਂ ਸ਼ਿਕਾਇਤਾਂ ਹੁੰਦੀਆਂ ਹਨ, ਡਿਪਟੀ ਵਿਚੇ ਦਬਾ ਦਿੰਦਾ ਹੈ। ਇਕ ਬਘੇਲ ਸਿੰਘ ਹੈ ਕਿ ਹੋਰਾਂ ਦੀਆਂ ਕੀਤੀਆਂ ਵੀ ਭੁਗਤਦਾ ਫਿਰਦਾ ਹੈ।

ਜੱਜ ਨੇ ਬਿਲਕੁਲ ਹੀ ਲਾਹ ਰੱਖੀ ਹੈ। ਤੀਜੇ ਦਿਨ ਚਪੜਾਸੀ ਸੁਨੇਹਾ ਲੈ ਕੇ ਆ ਜਾਂਦਾ ਹੈ, ਸਾਈਕਲ ਦੇ ਟਾਇਰ ਬਦਲਾ ਦਿਓ, ਟੱਲੀ ਦੇ ਦਿਓ, ਜਿੰਦਾ ਦੇ ਦਿਓ, ਸਾਹਿਬ ਨੂੰ ਪਾਣੀ

ਗਰਮ ਕਰਨ ਨੂੰ ਪਤੀਲਾ ਚਾਹੀਦੈ, ਦੇਗਚੀ ਚਾਹੀਦੀ ਹੈ। ਕਦੇ ਬਾਲਟੀਆਂ ਭੇਜੋ, ਕਦੇ ਡਰੰਮੀ ਅਤੇ ਕਦੇ ਟੱਬ। ਮਾਲ ਕੋਠੀ ਘੱਲ ਕੇ ਭੱਠੀਆਂ ਦਾ ਸਮਾਨ ਪੂਰਾ ਕਿਵੇਂ ਰਹਿ ਸਕਦੈ ?

ਸੰਤੋਖ ਸਿੰਘ ਵਾਂਗ ਐਸ.ਪੀ. ਦਫ਼ਤਰ ਵਾਲੇ ਉਸ ਦੇ ਕਾਗ਼ਜ਼ ਦੱਬਦੇ ਨਹੀਂ, ਸਗੋਂ ਸਾਹਿਬ ਨੂੰ ਪੇਸ਼ ਕਰ ਦਿੰਦੇ ਹਨ। ਪਿਛਲੀਆਂ ਵਗਾਰਾਂ ਭੁੱਲ ਜਾਂਦੇ ਹਨ। ਰੀਡਰ ਨੂੰ ਮੇਜ਼ ’ਤੇ ਰੱਖਣ ਲਈ ਭੇਜਿਆ ਗਿਆ ਸ਼ੀਸ਼ਾ ਥਾਣੇ ਖੜੀ ਕਾਰ ਵਿਚੋਂ ਹੀ ਤਾਂ ਲਾਹਿਆ ਸੀ। ਕਦੇ ਕਣਕ ਲਈ ਢੋਲ, ਕਦੇ ਤੇਲ ਲਈ ਕੇਨੀ ਅਤੇ ਬੱਚਿਆਂ ਲਈ ਤਾਸ਼। ਮੂੰਹ ਤਾਂ ਇਉਂ ਅੱਡ ਲੈਂਦੇ ਹਨ ਜਿਵੇਂ ਇਥੇ ਸਰਕਾਰੀ ਸਟੋਰ ਖੁੱਲ੍ਹਾ ਹੋਵੇ।

ਜਿਹੜਾ ਨਵਾਂ ਨੋਟਿਸ ਬਾਬੂਆਂ ਨੇ ਜਾਰੀ ਕਰਾਇਆ ਸੀ, ਉਸ ਤੋਂ ਮੁਨਸ਼ੀ ਨੂੰ ਸ਼ਰਮ ਹੀ ਆ ਰਹੀ ਸੀ। ਅਖੇ ਉਹ ਦਸ ਖ਼ਾਲੀ ਬੋਰੀਆਂ ਗ਼ਬਨ ਕਰ ਗਿਆ। ਮੁਨਸ਼ੀ ਨੂੰ ਚੰਗੀ ਤਰ੍ਹਾਂ ਯਾਦ ਸੀ, ਉਹ ਡਿਪਟੀ ਦਾ ਨੌਕਰ ਪੱਠੇ ਪਾਉਣ ਲਈ ਲੈ ਗਿਆ ਸੀ। ਮੁਨਸ਼ੀ ਨੂੰ ਕੀ ਪਤਾ ਸੀ ਕਿ ਉਹਨਾਂ ’ਤੇ ਅਮਰੀਕਾ ਸਰਕਾਰ ਦਾ ਮਾਰਕਾ ਲੱਗਾ ਹੋਇਆ ਸੀ। ਮੁਜਰਮ ਤਾਂ ਜੱਜ ਨੇ ਬਰੀ ਕਰਨਾ ਹੀ ਸੀ। ਉਹ ਕਿਸੇ ਹੋਰ ਜੱਜ ਦਾ ਸਾਲਾ ਸੀ। ਮੁਜਰਮ ਸਰਕਾਰੀ ਸਕੂਲਾਂ ਵਿਚ ਬੱਚਿਆਂ ਨੂੰ ਮਿਲਦਾ ਦਲੀਆ ਵੇਚ ਕੇ ਪੈਸੇ ਹੜੱਪ ਕਰ ਗਿਆ ਸੀ। ਜੁਰਮ ਤਾਂ ਹੀ ਸਾਬਤ ਹੋਣਾ ਸੀ ਜੇ ਖ਼ਾਲੀ ਬੋਰੀਆਂ ਅਦਾਲਤ ’ਚ ਪੇਸ਼ ਹੁੰਦੀਆਂ। ਇਸੇ ਬਹਾਨੇ ਉਸ ਨੇ ਮੁਜਰਮ ਬਰੀ ਕਰ ਦਿੱਤਾ। ਦਸ ਰੁਪਈਆਂ ਦੀਆਂ ਬੋਰੀਆਂ ਗ਼ਬਨ ਕਰਨ ਦੇ ਦੋਸ਼ ਵਿਚ ਮੁਨਸ਼ੀ ਨੂੰ ਕਟਹਿਰੇ ਵਿਚ ਖੜਾਇਆ ਗਿਆ ਹੈ।

ਜੇ ਮੁਨਸ਼ੀ ਵਕਤ ਸਿਰ ਬਾਬੂਆਂ ਨੂੰ ‘ਮਹੀਨਾ’ ਫੜਾ ਆਉਂਦਾ ਤਾਂ ਕਾਹਨੂੰ ਇਹ ਸਿਆਪੇ ਛਿੜਦੇ। ਮਹੀਨਾ ਤਾਂ ਹੀ ਦਿੰਦਾ ਜੇ ਚਾਰ ਪੈਸੇ ਆਪਣੀ ਜੇਬ ਵਿਚ ਹੁੰਦੇ। ਤਨਖ਼ਾਹ ਤਾਂ ਨਹੀਂ ਵੰਡ ਛੱਡਣੀ।

ਸਾਰੇ ਮਸਲਿਆਂ ਦਾ ਹੱਲ ਸੀ ਪੈਸਾ ਤੇ ਉਸ ਨੂੰ ਮੁਨਸ਼ੀ ਉਡੀਕ ਰਿਹਾ ਸੀ।

ਉਡੀਕ ਕਰਾ-ਕਰਾ ਕੋਈ ਮੱਥੇ ਲੱਗਿਆ ਵੀ ਤਾਂ ਉਹ ਸੀ ਕਾਲੇ ਮੂੰਹ ਵਾਲਾ ਦਰਵੇਸ਼ ਪੱਤਰਕਾਰ।

ਦਰਵੇਸ਼ ਨੂੰ ਦੇਖ ਕੇ ਮੁਨਸ਼ੀ ਨੂੰ ਨਾ ਕੋਈ ਖ਼ੁਸ਼ੀ ਹੋਈ ਅਤੇ ਨਾ ਹੀ ਗ਼ਮੀ। ਜੇ ਸੇਠਾਂ ਤੋਂ ਚਾਰ ਪੈਸਿਆਂ ਦੀ ਆਸ ਕੀਤੀ ਜਾ ਸਕਦੀ ਸੀ ਤਾਂ ਦਰਵੇਸ਼ ਦੀ ਭਾਨੀ ਦਾ ਵੀ ਡਰ ਸੀ। ਦਰਵੇਸ਼ ਦਾ ਨਾਂ ਉਸ ਦੇ ਘਰਦਿਆਂ ਨੇ ਨਸੀਬ ਚੰਦ ਰੱਖਿਆ ਸੀ ਪਰ ਪੁਲਿਸ ਵਾਲਿਆਂ ਨੇ ਬਦਨਸੀਬ। ਜਿਸ ਦੇ ਮੱਥੇ ਲੱਗ ਜਾਵੇ, ਉਸ ਨੂੰ ਸਾਰਾ ਦਿਨ ਰੋਟੀ ਨਸੀਬ ਨਹੀਂ ਹੁੰਦੀ। ਲਬੂੰਤਰੇ ਮੂੰਹ ਵਾਲਾ ਦਰਵੇਸ਼, ਅਜੀਬ ਜਿਹਾ ਬੰਦਾ ਸੀ। ਦਿਵਾ ਦੇਵੇ ਤਾਂ ਭਾਵੇਂ ਥੱਬਾ ਨੋਟਾਂ ਦਾ ਦਿਵਾ ਦੇਵੇ, ਗੁੱਸੇ ਹੋ ਜਾਵੇ ਤਾਂ ਭਾਵੇਂ ਮਨੋਂ ਘੜ ਕੇ ਰਿਸ਼ਵਤ ਦਾ ਦੋਸ਼ ਲਾ ਦੇਵੇ। ਹਰ ਪੁਲਿਸ ਵਾਲਾ ਉਸ ਨਾਲ ਗੱਲ ਕਰਨ ਸਮੇਂ ਸਾਵਧਾਨੀ ਵਰਤਦਾ ਹੈ। ਜਿਥੋਂ ਤਕ ਹੋ ਸਕੇ, ਉਸ ਦੀ ਹਾਂ ਵਿਚ ਹਾਂ ਮਿਲਾਉਂਦਾ ਹੈ।

ਪੱਤਰਕਾਰ ਨੂੰ ਅੰਦਰ ਆਉਂਦਾ ਦੇਖ ਕੇ ਮੁਨਸ਼ੀ ਨੇ ਜਲਦੀ-ਜਲਦੀ ਸਾਰੇ ਥਾਣੇ ਦਾ ਜਾਇਜ਼ਾ ਲਿਆ। ਹਵਾਲਾਤ ਤਾਂ ਕਈ ਦਿਨਾਂ ਤੋਂ ਖ਼ਾਲੀ ਸੀ। ਬੈਰਕਾਂ ਵੀ ਭਾਂ-ਭਾਂ ਕਰਦੀਆਂ ਸਨ। ਕੋਈ ਮੁਸਤਵਾ ਵੀ ਨਹੀਂ ਸੀ। ਪਿੱਪਲ ਹੇਠਲੇ ਚਬੂਤਰੇ ’ਤੇ ਸੁੱਖ ਨਹੀਂ ਸੀ। ‘ਆਨ ਮਿਲੋ ਸੱਜਣਾ’ ਵਾਲਾ ਛਿੱਤਰ, ‘ਕਿੱਲੋਮੀਟਰ’ ਨਾਂ ਵਾਲਾ ਘੋਟਾ, ਕੰਬਲ ਅਤੇ ਰੱਸਾ। ਦਰਵੇਸ਼ ਦਾ ਕੋਈ ਵਿਸਾਹ ਨਹੀਂ, ਤੁਰਿਆ ਜਾਂਦਾ ਇਹਨਾਂ ’ਤੇ ਨਿਗਾਹ ਮਾਰ ਲਵੇ ਅਤੇ ਅਗਲੇ ਦਿਨ ਵੱਡਾ ਸਾਰਾ ਫੀਚਰ ਅਖ਼ਬਾਰਾਂ ਨੂੰ ਭੇਜ ਦੇਵੇ।

ਇਕ ਵਾਰ ਇੰਝ ਹੀ ਹੋਇਆ। ਘੁੰਮਦਾ-ਫਿਰਦਾ ਉਹ ਅਦਾਲਤਾਂ ਅੱਗੇ ਜਾ ਪਹੁੰਚਿਆ। ਅਦਾਲਤ ’ਚ ਪੇਸ਼ ਕਰਨ ਲਈ ਕੁਝ ਕੇਨੀਆਂ, ਬਲੈਡਰ, ਟੁੱਟੇ ਸਾਈਕਲ, ਟਿਊਬਾਂ ਅਤੇ ਲੱਕੜ ਦੇ ਬੂਰੇ ਦੀਆਂ ਭਰੀਆਂ ਬੋਰੀਆਂ ਨਾਇਬ-ਕੋਰਟ ਨੇ ਅਦਾਲਤ ਦੇ ਬਾਹਰ ਹੀ ਰਖਵਾ ਲਈਆਂ ਸਨ। ਵਾਰ-ਵਾਰ ਥਾਣੇ ’ਚੋਂ ਮਾਲ ਮੰਗਵਾਉਣ ਨਾਲੋਂ ਇਥੋਂ ਚੁੱਕ ਕੇ ਪੇਸ਼ ਹੁੰਦੀਆਂ ਦੇਖਦਾ ਰਿਹਾ। ਕੁਝ ਮੁਜਰਮ ਸਜ਼ਾ ਵੀ ਹੋ ਗਏ। ਤਰ੍ਹਾਂ-ਤਰ੍ਹਾਂ ਦੇ ਪੱਜ ਬਣਾ ਕੇ ਉਸ ਨੇ ਮਾਲ ਮੁਕੱਦਮੇ ਦੀਆਂ ਫ਼ੋਟੋਆਂ ਖਿੱਚੀਆਂ। ਵਕੀਲਾਂ ਅਤੇ ਸਾਇਲਾਂ ਦੇ ਬਿਆਨਾਂ ਦੇ ਆਧਾਰ ’ਤੇ ਇਕ ਵੱਡਾ ਸਾਰਾ ਲੇਖ ਲਿਖ ਦਿੱਤਾ। ਕਈ ਪੁਲਸ ਵਾਲਿਆਂ ਦੀ ਅੱਜ ਤਕ ਜਾਨ-ਖਲਾਸੀ ਨਹੀਂ ਹੋਈ। ਹਾਈ ਕੋਰਟ ਵੱਲੋਂ ਜਾਰੀ ਹੋਈ ਚਾਰਜਸ਼ੀਟ ਲਈ ਹਾਲੇ ਤੱਕ ਜੱਜ ਨੂੰ ਢੁਕਵਾਂ ਜਵਾਬ ਨਹੀਂ ਲੱਭਾ।

ਕੁਰਸੀ ਤੋਂ ਉੱਠ ਕੇ ਮੁਨਸ਼ੀ ਨੇ ਦਰਵੇਸ਼ ਦਾ ਸਵਾਗਤ ਕੀਤਾ। ਸਾਹਮਣੇ ਪਈ ਕੁਰਸੀ ਖਿੱਚ ਕੇ ਆਪਣੇ ਬਰਾਬਰ ਕੀਤੀ। ਪਹਿਲਾਂ ਉਸ ਨੂੰ ਬਿਠਾ ਕੇ ਫੇਰ ਆਪ ਬੈਠਿਆ।

“ਤੁਸੀਂ ਵੀ ਬੈਠੋ ਸੇਠ ਜੀ.....ਕੀ ਕਰੀਏ ? ਦੋ ਹੀ ਕੁਰਸੀਆਂ ਨੇ। ਉਹ ਬੈਂਚ ਖਿੱਚ ਲਓ। ਤੁਹਾਡੇ ਵਰਗਿਆਂ ਸੇਠਾਂ ਨੂੰ ਬੈਂਚਾਂ ’ਤੇ ਬਿਠਾਉਂਦਿਆਂ ਨੂੰ ਸ਼ਰਮ ਤਾਂ ਬਹੁਤ ਆਉਂਦੀ ਹੈ, ਪਰ ਸਰਕਾਰ ਦਾ ਭੱਠਾ ਹੀ ਬੈਠਾ ਪਿਐ। ਇਕ-ਦੋ ਪੰਚਾਇਤਾਂ ਹਾਂ ਕਰ ਕੇ ਗਈਆਂ ਸਨ, ਮੁੜ ਉਹ ਵੀ ਦੜ ਵੱਟ ਗਈਆਂ।” ਸੇਠਾਂ ਦੀ ਸਮੱਸਿਆ ਸੁਣਨ ਤੋਂ ਪਹਿਲਾਂ ਹੀ ਬਘੇਲ ਸਿੰਘ ਨੇ ਆਪਣੀ ਸਮੱਸਿਆ ਰੱਖਣੀ ਸ਼ੁਰੂ ਕਰ ਦਿੱਤੀ।

“ਪਿਛਲੀ ਵਾਰ ਦਿਵਾਈਆਂ ਤਾਂ ਸਨ ਕੁਰਸੀਆਂ.....।” ਪਿਛਲੇ ਮਹੀਨੇ ਕੁਰਸੀਆਂ ਲਈ ਦਿਵਾਏ ਪੈਸਿਆਂ ਦੀ ਯਾਦ ਕਰਵਾ ਕੇ ਦਰਵੇਸ਼ ਨੇ ਥਾਣੇ ਦਾ ਮੁਆਇਨਾ ਕਰਨ ਲਈ ਚਾਰੇ ਪਾਸੇ ਨਿਗਾਹ ਦੌੜਾਈ। ਦੋ-ਚਾਰ ਬੈਂਚਾਂ ਤੋਂ ਬਿਨਾਂ ਲੋਕਾਂ ਦੇ ਬੈਠਣ ਲਈ ਕੁਝ ਵੀ ਨਹੀਂ ਸੀ।

“ਉਹ.....ਉਹ ਤਾਂ ਡਿਪਟੀ ਸਾਹਿਬ ਨੇ ਮੰਗਵਾ ਲਈਆਂ। ਇਥੇ ਕੌਣ ਰਹਿਣ ਦਿੰਦੈ।” ਬਘੇਲ ਸਿੰਘ ਨੂੰ ਖਹਿੜਾ ਛੁਡਾਉਣ ਲਈ ਕੋਈ ਬਹਾਨਾ ਨਹੀਂ ਸੀ ਲੱਭ ਰਿਹਾ। ਉਸ ਨੂੰ ਜਲਦਬਾਜ਼ੀ ਵਿਚ ਇਹੋ ਗਪੌੜ ਸੁੱਝਾ। ਉਂਝ ਨਾ ਕੁਰਸੀਆਂ ਆਈਆਂ ਸਨ, ਨਾ ਕਿਧਰੇ ਗਈਆਂ ਸਨ।

“ਚੱਲ ਹੋਰ ਮੰਗਵਾ ਦਿਆਂਗੇ.....” ਦਰਵੇਸ਼ ਹੋਰ ਤਫ਼ਤੀਸ਼ ਦੇ ਹੱਕ ਵਿਚ ਨਹੀਂ ਸੀ।

ਕਾਗ਼ਜ਼ਾਂ ਪੱਤਰਾਂ ਤੋਂ ਨਿਗਾਹ ਹਟਾ ਕੇ ਮੁਨਸ਼ੀ ਨੇ ਦਰਵੇਸ਼ ਦੇ ਸਾਥੀਆਂ ਦੇ ਚਿਹਰਿਆਂ ਦਾ ਜਾਇਜ਼ਾ ਲਿਆ। ਉਹਨਾਂ ਦੇ ਚਿਹਰੇ ਤਾਂ ਪੀੜਤ ਸਨ ਹੀ, ਦਰਵੇਸ਼ ਵੀ ਗੰਭੀਰ ਸੀ। ਲੱਗਦਾ ਸੀ ਸਭ ਨੂੰ ਹੀ ਗਹਿਰਾ ਸਦਮਾ ਪੁੱਜਾ ਹੈ।

“ਕਿਵੇਂ ਦਰਸ਼ਨ ਦਿੱਤੇ ਦਰਵੇਸ਼ ਜੀ.....?” ਮੁਨਸ਼ੀ ਗੱਲ ਜਾਣਨ ਲਈ ਕਾਹਲਾ ਪਿਆ ਹੋਇਆ ਸੀ।

“ਕਾਹਦੇ ਦਰਸ਼ਨ.....?” ਦਰਵੇਸ਼ ਨੇ ਹਉਕਾ ਭਰਦਿਆਂ ਗੱਲ ਜਾਰੀ ਰੱਖੀ।

“ਹਨੇਰ ਗਰਦੀ ਹੀ ਪੈ ਗਈ.....ਲੱਗਦੈ ਹੁਣ ਸੌਹਰੇ ਬੱਚਿਆਂ ਪਿੱਛੇ ਹੀ ਪੈ ਗਏ। ਕੱਲ੍ਹ ਦਾ ਆਪਣੇ ਲਾਲਾ ਜੀ ਦਾ ਪੋਤਾ ਨਹੀਂ ਲੱਭਦਾ.....ਕੋਈ ਚੁੱਕ ਕੇ ਲੈ ਗਿਐ.....ਸਾਰੀ ਰਾਤ ਕੁੱਤਿਆਂ ਵਾਗ ਭੌਂਕਦੇ ਰਹੇ ਹਾਂ। ਕੋਈ ਉੱਘ-ਸੁੱਘ ਨਹੀਂ ਲੱਗੀ। ਰਿਪੋਰਟ ਦਰਜ ਕਰੋ।”

ਦਰਵੇਸ਼ ਦੀਆਂ ਅੱਖਾਂ ਤਾਂ ਸਿੰਮ ਹੀ ਪਈਆਂ ਸਨ, ਮੁਨਸ਼ੀ ਦਾ ਮਨ ਵੀ ਭੁੱਬਾਂ ਮਾਰ-ਮਾਰ ਰੋਣ ਨੂੰ ਕਰ ਰਿਹਾ ਸੀ। ਸਰਕਾਰੀ ਵਕੀਲ ਨੇ ਤਾਂ ਆਖਿਆ ਸੀ, ਰਿਪੋਰਟ ਦਰਜ ਕਰਾਉਣ ਨਾਗਪਾਲ ਆਏਗਾ। ਆਇਆ ਹੈ ਇਕੱਲਾ ‘ਨਾਗ’ ਹੀ। ਜਿਸ ਹਿਸਾਬ ਨਾਲ ਦਰਵੇਸ਼ ਨਾਟਕ ਕਰ ਰਿਹਾ ਸੀ, ਉਸ ਹਿਸਾਬ ਨਾਲ ਫ਼ੀਸ ਕਿਥੇ ?

"ਰਿਪੋਰਟਾਂ ਜਿੰਨੀਆਂ ਮਰਜ਼ੀ.....ਕੋਈ ਸ਼ੱਕ-ਸ਼ੁਬਾ ?" ਕਾਗ਼ਜ਼ਾਂ ਵਾਲੀ ਫੱਟੀ ਨੂੰ ਆਪਣੇ ਵੱਲ ਖਿੱਚਦੇ ਮੁਨਸ਼ੀ ਨੇ ਹੁਣ ਤਕ ਚੁੱਪ ਧਾਰੀ ਬੈਠੇ ਲਾਲਿਆਂ ਨੂੰ ਖਧੇੜਿਆ।

"ਸ਼ੱਕ ਨੂੰ ਲਾਲਾ ਜੀ ਦੀ ਕਿਹੜੀ ਕਿਸੇ ਨਾਲ ਦੁਸ਼ਮਣੀ ਹੈ। ਦੇਵਤਾ ਬੰਦਾ ਹੈ। ਸਾਰਾ ਦਿਨ ਪੂਜਾ-ਪਾਠ ਜਾਂ ਲੋਕ-ਸੇਵਾ ਵਿਚ ਗੁਜ਼ਰਦੈ। ਕੀੜੀ ਤਕ ਨੂੰ ਤਾਂ ਉਹਨਾਂ ਕਦੇ ਤਕਲੀਫ਼ ਨਹੀਂ ਦਿੱਤੀ। ਕੀ ਗੱਲਾਂ ਕਰਦੇ ਹੋ ਮੁਨਸ਼ੀ ਜੀ।" ਨਾਲ ਆਏ ਸੇਠਾਂ ਦੇ ਬੋਲਣ ਤੋਂ ਪਹਿਲਾਂ ਹੀ ਦਰਵੇਸ਼ ਨੇ ਸਥਿਤੀ ਸਪੱਸ਼ਟ ਕੀਤੀ।

"ਫੇਰ ਪਰਚਾ ਕਿਸ 'ਤੇ ਦਰਜ ਕਰੀਏ ? ਰਿਪੋਰਟ 'ਚ ਕਿਸੇ ਨਾ ਕਿਸੇ ਦਾ ਨਾਂ ਤਾਂ ਲਿਖਣਾ ਹੀ ਪੈਣਾ ਹੈ.....ਗਵਾਹ ਵੀ ਲਿਖਾਉਣੇ ਪੈਣਗੇ। ਕੋਈ ਬੱਘੀ ਵਾਲਾ, ਸਕੂਲ ਅੱਗੇ ਛਾਬੜੀ ਲਾਉਣ ਵਾਲਾ.....ਚਪੜਾਸੀ, ਅਧਿਆਪਕ.....ਕਿਸੇ ਨਾ ਕਿਸੇ 'ਤੇ ਤਾਂ ਸ਼ੱਕ ਲਿਖਾਉਣਾ ਹੀ ਪਊ।" ਮੁਨਸ਼ੀ ਦਾ ਧਿਆਨ ਹਾਲੇ ਵੀ ਸੇਠਾਂ ਵੱਲ ਸੀ।

"ਮੂੰਹ-ਮੁਟਾਵ ਤਾਂ ਕਿਸੇ ਨਾਲ ਨਹੀਂ.....ਵੈਸੇ ਸਕੂਲ ਦਾ ਇਕ ਚਪੜਾਸੀ ਕਈ ਦਿਨਾਂ ਤੋਂ ਘਰੋਂ ਫ਼ਰਾਰ ਹੈ। ਉਸ ਦੀ ਘਰਵਾਲੀ ਵੀ ਪੁੱਠੀ ਬੋਲਦੀ ਹੈ.....। ਇਹ ਵੀ ਸੁਣਿਐ ਬਈ ਉਹ ਨਵਾਂ-ਨਵਾਂ ਸਿੰਘ ਸਜਿਐ.....ਅਤਿਵਾਦੀਆਂ ਦੇ ਹੱਕ ਵਿਚ ਗੱਲਾਂ ਕਰਦੈ।"

ਦਰਵੇਸ਼ ਨੇ ਜਦੋਂ ਮਨ ਦੀ ਘੁੰਡੀ ਖੋਹਲੀ ਤਾਂ ਮੁਨਸ਼ੀ ਨੂੰ ਝਟਕਾ ਜਿਹਾ ਲੱਗਾ, ਪਰ ਉਹ ਝੱਟ ਹੀ ਸੰਭਲ ਗਿਆ ਅਤੇ ਬੜੀ ਹਲੀਮੀ ਨਾਲ ਦਰਵੇਸ਼ ਦੀ ਦਲੀਲ ਨਕਾਰਨ ਲੱਗਾ।

"ਇਹ ਥੋਨੂੰ ਭੁਲੇਖਾ ਹੈ.....ਉਹ ਮਾਰ-ਧਾੜ ਜ਼ਰੂਰ ਕਰਦੇ ਹਨ.....ਖੋਹਾਂ ਵੀ ਕਰਦੇ ਹਨ। ਹੋਰ ਜੋ ਮਰਜ਼ੀ ਕਰਨ ਪਰ ਬੱਚਿਆਂ ਅਤੇ ਔਰਤਾਂ ਨੂੰ ਕਤਲ ਨਹੀਂ ਕਰਦੇ। ਆਖ਼ਿਰ ਉਹ ਧਾਰਮਿਕ ਖ਼ਿਆਲਾਂ ਦੇ ਬੰਦੇ ਹਨ। ਉਹਨਾਂ ਦਾ ਮਾਸੂਮਾਂ ਨਾਲ ਕੀ ਵੈਰ ? ਇਹ ਤਾਂ ਕਿਸੇ ਜਵਾਕ ਚੁੱਕਣ ਵਾਲੇ ਗਰੋਹ ਦਾ ਕੰਮ ਹੈ। ਸਾਂਸੀ, ਗੰਧੀਲੇ, ਮੰਗਤੇ ਜਾਂ ਬੱਚਿਆਂ ਦੀਆਂ ਬਲੀਆਂ ਦੇਣ ਵਾਲੇ ਪਖੰਡੀ ਸਾਧ। ਬਥੇਰੇ ਟੋਲੇ ਫਿਰਦੇ ਨੇ ਨੀਚ ਤੋਂ ਨੀਚ ਕੰਮ ਕਰਨ ਵਾਲੇ। ਕੋਈ ਨਹੀਂ, ਵੱਡੇ ਸਰਦਾਰ ਨੂੰ ਆ ਜਾਣ ਦਿਓ, ਲਾ ਦੇਣਗੇ ਕੋਈ ਤਫ਼ਤੀਸ਼ੀ ਤਫ਼ਤੀਸ਼ ਲਈ।"

ਗੱਲ ਨਾ ਬਣਦੀ ਦੇਖ ਕੇ ਮੁਨਸ਼ੀ ਨੇ ਕਾਗ਼ਜ਼ਾਂ ਵਾਲੀ ਫੱਟੀ ਪਰਾਂ ਖਿਸਕਾ ਦਿੱਤੀ।

ਮੁਨਸ਼ੀ ਦੀ ਇਹ ਤਕਰੀਰ ਦਰਵੇਸ਼ ਦੇ ਕਾਲੇ ਨਾਗ ਵਾਂਗ ਲੜੀ। ਗਹਿਰੀ ਅੱਖ ਨਾਲ ਉਹਨੇ ਪ੍ਰਧਾਨ ਵੱਲ ਤੱਕਿਆ ਜਿਵੇਂ ਆਖ ਰਿਹਾ ਹੋਵੇ :

"ਮੈਂ ਆਖਿਆ ਨਹੀਂ ਸੀ ਪੁਲਿਸ ਤਾਂ ਉਹਨਾਂ ਨਾਲ ਰਲੀ ਹੋਈ ਹੈ। ਹੁਣ ਤਾਂ ਨਿਕਲ ਗਿਆ ਨਾ ਸ਼ੱਕ। ਪੈਣ ਦਿੰਦੈ ਪੈਰਾਂ 'ਤੇ ਪਾਣੀ ?"

ਦਰਵੇਸ਼ ਦੀਆਂ ਅੱਖਾਂ 'ਚੋਂ ਝਲਕਦੀ ਕੁੜੱਤਣ ਮੁਨਸ਼ੀ ਨੇ ਭਾਂਪ ਲਈ। ਉਸ ਨੂੰ ਆਪਣੀ ਆਖੀ ਗੱਲ 'ਤੇ ਪਛਤਾਵਾ ਹੋਣ ਲੱਗਾ। ਉਸ ਨੇ ਤਾਂ ਇਹ ਗੱਲ ਸੁਭਾਵਕ ਹੀ ਆਖੀ ਸੀ। ਫ਼ਰਿਆਦੀਆਂ ਦਾ ਮਨੋਬਲ ਡੇਗਣ ਲਈ। ਇਸ ਦਾ ਮਤਲਬ ਉਲਟਾ ਹੀ ਕੱਢਿਆ ਜਾ ਰਿਹਾ ਸੀ।

ਅੱਗੋਂ ਕੀ ਹੋਣ ਵਾਲਾ ਹੈ ? ਇਸ ਦੀ ਕਲਪਨਾ ਕਰਦਾ ਮੁਨਸ਼ੀ ਆਪਣੀ ਗ਼ਰੀਬੀ 'ਤੇ ਝੂਰਨ ਲੱਗਾ।

ਘਰ 'ਚ ਖਾਣ ਜੋਗੇ ਦਾਣੇ ਹੁੰਦੇ ਤਾਂ ਉਹ ਕਦੋਂ ਦਾ ਕੁੱਤੀ ਨੌਕਰੀ ਨੂੰ ਲੱਤ ਮਾਰ ਜਾਂਦਾ। ਸੰਤੋਖ ਵਾਂਗ ਦੋ-ਚਾਰ ਸਾਲ ਦੱਬ ਕੇ ਲਾਉਂਦਾ, ਦਸ-ਵੀਹ ਕਿੱਲੇ ਜ਼ਮੀਨ ਖ਼ਰੀਦ ਕੇ ਫ਼ਾਰਮ ਬਣਾ ਲੈਂਦਾ। ਹੁਣ ਕੀ ਨੰਗੀ ਨਹਾਏ ਤੇ ਕੀ ਨਚੋੜੇ ? ਜਿਹੜਾ ਥੋੜ੍ਹਾ ਬਹੁਤ ਕਮਾਉਂਦਾ ਹੈ, ਕਬੀਲਦਾਰ

ਨਿਗਲ ਜਾਂਦੀ ਹੈ। ਲੁੰਗ ਲਾਣਾ ਕਿਹੜਾ ਥੋੜ੍ਹਾ ਛੱਡ ਗਿਐ ਬਾਪੂ ? ਵਿਆਹੁਣ ਲਈ ਇਕ ਭੂਆ ਅਤੇ ਤਿੰਨ ਭੈਣਾਂ, ਪੜ੍ਹਾਉਣ ਲਿਖਾਉਣ ਲਈ ਚਾਰ ਭਰਾ। ਸਾਰੇ ਜੀਅ ਬਘੇਲ ਸਿੰਘ ਦੇ ਹੱਥਾਂ ਵੱਲ ਝਾਕਦੇ ਹਨ। ਵਿਆਹ ਕੀਤੇ ਤਾਂ ਛੱਕਾਂ ਸ਼ੁਰੂ ਹੋ ਗਈਆਂ। ਕਿਸੇ ਦੇ ਬੱਚਾ ਹੋਣਾ ਹੈ ਜਾਂ ਕਿਸੇ ਦੇ ਮਰਨੇ 'ਤੇ ਜਾਣਾ ਹੈ। ਭਰਾਵਾਂ ਦਾ ਕੋਈ ਫ਼ਾਇਦਾ ਨਹੀਂ। ਦੋ ਵਿਹਲੇ ਫਿਰਦੇ ਹਨ, ਦੋ ਕਲਰਕ ਮਸਾਂ ਹੀ ਲੱਗੇ ਹਨ। ਉਹ ਆਪਣਾ ਡੰਗ ਮਸਾਂ ਟਪਾਉਂਦੇ ਹਨ ਅੜੇ-ਥੁੜੇ ਬਘੇਲ ਸਿੰਘ ਦੇ ਦਰ 'ਤੇ ਹੀ ਦਸਤਕ ਦਿੰਦੇ ਹਨ।

ਛੋਟੀ ਭੈਣ ਜਣੇਪਾ ਕਰਨ ਆਈ ਹੋਈ ਹੈ। ਪਹਿਲਾ ਬੱਚਾ ਹੈ। ਜੇ ਮੁੰਡਾ ਹੋ ਗਿਆ ਤਾਂ ਚਾਰ-ਪੰਜ ਹਜ਼ਾਰ ਦਾ ਖ਼ਰਚ ਮਾਮੂਲੀ ਗੱਲ ਹੈ। ਕੁੜੀ ਦੇ ਸਹੁਰੇ ਤਾਂ ਹਰ ਰੋਜ਼ ਸੱਥ 'ਚ ਖੜੇ ਹੋ ਕੇ ਲਲਕਾਰੇ ਮਾਰਦੇ ਹਨ। ਉਹਨਾਂ ਦਾ ਰਿਸ਼ਤੇਦਾਰ ਥਾਣੇਦਾਰ ਹੈ। ਕੁੜੀ ਦੀ ਇੱਜ਼ਤ ਰੱਖਣ ਲਈ ਕੋਈ ਤਾਂ ਹੂਲਾ ਫੱਕਣਾ ਹੀ ਪੈਣਾ ਹੈ।

ਬਘੇਲ ਸਿੰਘ ਦੀ ਯੋਜਨਾ ਤਾਂ ਹੋਰ ਸੀ, ਪਰ ਹੁੰਦਾ ਉਲਟ ਹੀ ਜਾ ਰਿਹਾ ਸੀ। ਇਕ ਪੱਤਰਕਾਰ ਦੇ ਸਾਹਮਣੇ ਉਹ ਦਹਿਸ਼ਤਗਰਦਾਂ ਦੇ ਹੱਕ ਵਿਚ ਬੋਲ ਬੈਠਾ ਸੀ।

"ਜਿੰਨਾ ਚਿਰ ਸਰਦਾਰ ਨਹੀਂ ਆਉਂਦਾ, ਉਨਾ ਚਿਰ ਕੁਝ ਤਾਂ ਕਰੋ.....। ਫ਼ੌਰੀ ਕਾਰਵਾਈ ਨਾ ਕੀਤੀ ਤਾਂ ਕੁਝ ਵੀ ਪੱਲੇ ਨਹੀਂ ਪੈਣਾ।" ਮੁਨਸ਼ੀ ਦੀ ਚੁੱਪ ਪ੍ਰਧਾਨ ਨੂੰ ਚੰਗੀ ਨਹੀਂ ਸੀ ਲੱਗੀ।

"ਦੇਰ ਤਾਂ ਤੁਸੀਂ ਬਥੇਰੀ ਕਰ ਦਿੱਤੀ। ਵੀਹ ਘੰਟਿਆਂ 'ਚ ਤਾਂ ਅਗਲਿਆਂ ਨੇ ਜੋ ਕਰਨਾ ਹੋਊ, ਕਰ ਦਿੱਤਾ ਹੋਊ। ਫੇਰ ਵੀ ਪਰਵਾਹ ਨਾ ਕਰੋ। ਅਸੀਂ ਜ਼ਮੀਨ-ਅਸਮਾਨ ਇਕ ਕਰ ਦਿਆਂਗੇ। ਅਸਮਾਨ 'ਚ, ਪਤਾਲ 'ਚ ਜਿਥੇ ਵੀ ਹੋਇਆ, ਲੱਭ ਲਿਆਵਾਂਗੇ। ਆਖ਼ਿਰ ਇਹ ਪੰਜਾਬ ਪੁਲਿਸ ਹੈ।.....ਇਸ ਸਮੇਂ ਥਾਣੇ ਵਿਚ ਕੋਈ ਨਹੀਂ। ਨਾ ਮੈਂ ਫ਼ੋਨ ਛੱਡ ਸਕਦਾ ਹਾਂ, ਨਾ ਸੰਤਰੀ ਪਹਿਰਾ। ਹੋ ਸਕਦੈ ਇਹ ਥਾਣਾ ਖ਼ਾਲੀ ਕਰਾਉਣ ਦੀ ਹੀ ਦਹਿਸ਼ਤਗਰਦਾਂ ਦੀ ਕੋਈ ਨਵੀਂ ਚਾਲ ਹੋਵੇ। ਅਜਿਹੇ ਵੀਹ ਅਡੰਬਰ ਉਹ ਰਚ ਚੁੱਕੇ ਨੇ।.....ਨਾਲੇ ਅਸੀਂ ਜਾਵਾਂਗੇ ਕਿਥੇ ? ਇਹ ਮਸਲਾ ਠੰਢੇ ਦਿਮਾਗ਼ ਨਾਲ ਸੋਚਣ ਵਾਲਾ ਹੈ। ਕੋਈ ਤਫ਼ਤੀਸ਼ੀ ਆਊ ਤਾਂ ਹੀ ਗੱਲ ਬਣੂ।" ਮੁਨਸ਼ੀ ਟਾਲੇ 'ਤੇ ਟਾਲਾ ਲਾਉਂਦਾ ਜਾ ਰਿਹਾ ਸੀ, ਪਰ ਉਹਨਾਂ ਭੋਲੇ ਪੰਛੀਆਂ ਨੂੰ ਕੁਝ ਵੀ ਸਮਝ ਨਹੀਂ ਸੀ ਆ ਰਿਹਾ। ਦਰਵੇਸ਼ ਤਾਂ ਥਾਣੇ ਦੀ ਭਾਸ਼ਾ ਸਮਝਦਾ ਸੀ, ਉਹ ਵੀ ਚੁੱਪ ਸੀ।

"ਹੋਰ ਕੁਝ ਨਹੀਂ ਕਰ ਸਕਦੇ ਤਾਂ ਕੰਟਰੋਲ ਰੂਮ 'ਤੇ ਬੱਚੇ ਦਾ ਹੁਲੀਆ ਹੀ ਦੱਸ ਦੇਵੋ। ਨਾਕਿਆਂ 'ਤੇ ਛਾਣਬੀਣ ਹੁੰਦੀ ਰਹੇਗੀ।" ਦਰਵੇਸ਼ ਚਿੜਨਾ ਸ਼ੁਰੂ ਹੋ ਗਿਆ ਸੀ। ਉਹ ਮੁਨਸ਼ੀ ਦੀਆਂ ਚਾਲਾਂ ਸਮਝ ਰਿਹਾ ਸੀ, ਪਰ ਉਹ ਝਗੜਾ ਕਰ ਕੇ ਮਸਲਾ ਉਲਝਾਉਣਾ ਨਹੀਂ ਸੀ ਚਾਹੁੰਦਾ। ਉਸ ਨੂੰ ਲਾਲਾ ਜੀ ਨਾਲ ਮੋਹ ਸੀ। ਕੋਈ ਹੋਰ ਬੰਦਾ ਹੁੰਦਾ, ਤਾਂ ਉਹ ਕਦੋਂ ਦਾ ਮੁਨਸ਼ੀ ਨੂੰ ਗਾਲ੍ਹਾਂ ਕੱਢ ਕੇ ਥਾਣਿਉਂ ਬਾਹਰ ਨਿਕਲ ਜਾਂਦਾ।

"ਇਹ ਮੈਂ ਕਰ ਦਿਆਂਗਾ। ਸੈੱਟ ਦੋ ਵਜੇ ਖੁੱਲ੍ਹੇਗਾ.....ਹਾਲੇ ਇਕ ਵੱਜਾ ਹੈ। ਤਿੰਨ ਵਜੇ ਤਕ ਸਾਰਾ ਸਟਾਫ਼ ਵੀ ਮੁੜ ਆਊ। ਫੇਰ ਅਸੀਂ ਇਸ ਕੇਸ ਨੂੰ ਚੰਬੜ ਜਾਵਾਂਗੇ।"

"ਕਿਰਪਾ ਕਰ ਕੇ ਤੁਸੀਂ ਰਿਪੋਰਟ ਦਰਜ ਕਰੋ, ਬਾਕੀ ਕੰਮ ਮੈਂ ਆਪੇ ਡਿਪਟੀ ਸਾਹਿਬ ਤੋਂ ਕਰਵਾ ਲਊਂਗਾ।" ਫ਼ੋਨ ਨੇ ਡਿਪਟੀ ਨਾਲ ਗੱਲ ਕਰਨ ਲਈ ਦਰਵੇਸ਼ ਨੇ ਫ਼ੋਨ ਆਪਣੇ ਵੱਲ ਖਿੱਚਦਿਆਂ ਆਖਿਆ।

"ਡਿਪਟੀ ਸਾਹਿਬ ਤਾਂ ਛੁੱਟੀ 'ਤੇ ਨੇ। ਰਿਪੋਰਟ ਨੂੰ ਮੈਂ ਕਦੋਂ ਜਵਾਬ ਦਿੱਤੈ।" ਇਕ ਵਾਰ ਫੇਰ ਕਾਗ਼ਜ਼ਾਂ ਵਾਲੀ ਫੱਟੀ ਆਪਣੇ ਵੱਲ ਕਰ ਕੇ ਮੁਨਸ਼ੀ ਖ਼ਾਲੀ ਕਾਗ਼ਜ਼ ਲੱਭਣ ਲੱਗਾ।

“ਕਾਹਦੀ ਸਰਕਾਰ ਹੈ ਸਾਲੀ। ਕਾਰਵਾਈ ਸਾਰੀ ਕਾਗ਼ਜ਼ੀ ਕਰਦੇ ਹਾਂ। ਕਾਗ਼ਜ਼ ਦਾ ਟੁਕੜਾ ਵੀ ਨਹੀਂ ਘੱਲਦੀ। ਸਾਰੀ ਸਟੇਸ਼ਨਰੀ ਬਾਬੂਆਂ ਦੇ ਘਰੀਂ ਅੱਪੜ ਜਾਂਦੀ ਹੈ। ਮੁਨਸ਼ੀ ਦੋ-ਦੋ ਕਾਗ਼ਜ਼ਾਂ ਲਈ ਲੋਕਾਂ ਨੂੰ ਸਵਾਲ ਪਾਉਂਦਾ ਰਹੇ। ਭਾਈ ਸਾਹਿਬ ਬੁਰਾ ਨਾ ਮਨਾਉਣਾ..... ਸਾਹਮਣੇ ਕਬੀਰ ਬੁੱਕ ਡੀਪੂ ਵਾਲੇ ਤੋਂ ਅੱਧਾ ਦਸਤਾ ਕਾਗ਼ਜ਼ਾਂ ਦਾ ਫੜ ਲਿਆਉ।”

ਪਰਚੀ ਲਿਖਣ ਲੱਗੇ ਮੁਨਸ਼ੀ ਨੇ ਅੱਧੇ ਦੀ ਥਾਂ ਦੋ ਦਸਤੇ ਕਾਗ਼ਜ਼ਾਂ ਦੇ ਨਾਲ ਹੀ ਦੋ ਵਧੀਆ ਬਾਲਪੈੱਨ, ਇਕ ਦਰਜਨ ਕਾਰਬਨ ਅਤੇ ਇਕ ਚੈੱਲਪਾਰਕ ਦੀ ਦਵਾਤ ਵੀ ਲਿਖ ਦਿੱਤੀ।

ਮੁਨਸ਼ੀ ਤੋਂ ਪਰਚੀ ਫੜ ਕੇ ਦਰਵੇਸ਼ ਨੇ ਪ੍ਰਧਾਨ ਨੂੰ ਫੜਾ ਦਿੱਤੀ। ਪ੍ਰਧਾਨ ਤੋਂ ਸੂਰਜ ਨੇ ਫੜ ਲਈ।

ਕੁਝ ਦੇਰ ਤਣਾਓ ਪੂਰਨ ਸ਼ਾਂਤੀ ਛਾਈ ਰਹੀ।

ਮੁਨਸ਼ੀ ਸੋਚ ਰਿਹਾ ਸੀ, ਜੇ ਸਿੱਧੇ ਮੂੰਹ ਕਰਨ ਤਾਂ ਬੱਚੇ ਦਾ ਲੱਭਣਾ ਕਿਹੜੀ ਵੱਡੀ ਗੱਲ ਹੈ ? ਅਤਿਵਾਦੀਆਂ ਦਾ ਨਾਂ ਤਾਂ ਐਵੇਂ ਹੀ ਹਰ ਵਾਰਦਾਤ ਨਾਲ ਜੋੜ ਦੇਈਦਾ ਹੈ। ਉਹਨਾਂ ਨੇ ਬੱਚਿਆਂ ਤੋਂ ਕੀ ਲੈਣਾ ਹੈ। ਇਹ ਕਾਰਵਾਈ ਜਾਂ ਬੱਗੇ ਬਾਜ਼ੀਗਰ ਦੀ ਹੋਣੀ ਹੈ ਜਾਂ ਉਹਨਾਂ ਤਾਮਿਲ ਮੰਗਤਿਆਂ ਦੀ, ਜਿਹੜੇ ਸਾਰਾ ਦਿਨ ਮਾਲ-ਗੁਦਾਮ ’ਚੋਂ ਕਣਕਾਂ ਚੋਰੀ ਕਰਦੇ ਰਹਿੰਦੇ ਹਨ ਜਾਂ ਫਿਰ ਕੁਸ਼ਟ-ਆਸ਼ਰਮ ਵਾਲਿਆਂ ਦੀ। ਸੁਣਿਐ ਗਿਐ ਉਹ ਇਕ ਥਾਂ ਤੋਂ ਬੱਚੇ ਚੁੱਕ ਕੇ ਦੂਜੀ ਥਾਂ ’ਤੇ ਪਹੁੰਚਾ ਦਿੰਦੇ ਹਨ। ਮੁਫ਼ਤ ’ਚ ਮੰਗਣ ਵਾਲੇ ਟੱਕਰ ਜਾਂਦੇ ਹਨ। ਇਹ ਵੀ ਹੋ ਸਕਦੈ ਕਿਸੇ ਬਾਂਝ ਔਰਤ ਨੇ ਪੁੱਤਰ ਦੇ ਲਾਲਚ ’ਚ ਬਲੀ ਦੇਣ ਲਈ ਉਸ ਨੂੰ ਖਿਸਕਾ ਲਿਆ ਹੋਵੇ। ਅਜਿਹੇ ਕੇਸ ਹਰ ਰੋਜ਼ ਅਖ਼ਬਾਰਾਂ ਵਿਚ ਪੜ੍ਹੀਦੇ ਹਨ। ਕਈ ਬੂਬਨੇ ਫਿਰਦੇ ਨੇ, ਅਜਿਹੇ ਕਾਰੇ ਕਰਾਉਣ ਵਾਲੇ। ਇਕ-ਦੋ ਡੇਰੇ ਉਹਦੀ ਨਿਗਾਹ ਵਿਚ ਹਨ। ਪਸ਼ੂਆਂ ਦੀ ਬਲੀ ਤਾਂ ਉਥੇ ਆਮ ਹੀ ਦਿੱਤੀ ਜਾਂਦੀ ਹੈ। ਬਹੁਤ ਔਰਤਾਂ ਟੂਣੇ-ਟਾਮਣ ਕਰਨ ਅਤੇ ਚੌਂਕੀਆਂ ਭਰਨ ਉਥੇ ਜਾਂਦੀਆਂ ਹਨ। ਮੁਨਸ਼ੀ ਤੋਂ ਨਾ ਬਾਜ਼ੀਗਰ ਬਾਹਰ ਹੈ ਨਾ ਬੂਬਨੇ, ਨਾ ਮੰਗਤੇ ਉਸ ਦੀ ਮਾਰ ਤੋਂ ਬਾਹਰ ਹਨ, ਨਾ ਕੁਸ਼ਟ ਆਸ਼ਰਮ ਵਾਲੇ। ਬਾਹਰ ਹਨ ਤਾਂ ਇਹ ਸੇਠ, ਬਿਨਾਂ ਮਤਲਬ ਤੋਂ ਪੈਟਰੋਲ ਕਿਹੜਾ ਫੂਕੇ ?

ਨਾਗਪਾਲ ਹੁੰਦਾ ਤਾਂ ਮੁਨਸ਼ੀ ਨੂੰ ਫ਼ੀਸ ਮੰਗਣ ਦੀ ਜ਼ਰੂਰਤ ਨਹੀਂ ਸੀ ਪੈਣੀ। ਉਹ ਪਹਿਲਾਂ ਫ਼ੀਸ ਦਿਵਾਉਂਦਾ, ਫੇਰ ਗੱਲ ਸ਼ੁਰੂ ਕਰਦਾ। ਇਹ ਜਦੋਂ ਦਰਵੇਸ਼ ਵਰਗੇ ਬਲੈਕ-ਮੇਲਰ ਨੂੰ ਮੋਹਤਬਰ ਬਣਾ ਕੇ ਲਿਆਏ ਹਨ ਤਾਂ ਮਰਨ ਪਰੇ। ਬੱਚੇ ਦਾ ਦੁੱਖ ਇਹਨਾਂ ਨੂੰ ਹੈ, ਬਘੇਲ ਨੂੰ ਤਾਂ ਨਹੀਂ। ਜਦੋਂ ਅਕਲ ਆਈ, ਆਪੇ ਸਿੱਧੇ ਰਾਹ ਪੈ ਜਾਣਗੇ।

ਸਟੇਸ਼ਨਰੀ ਲੈ ਕੇ ਮੁੜਦੇ ਸੂਰਜ ਨਾਲ ਆਉਂਦੇ ਨਾਗਪਾਲ ਨੂੰ ਦੇਖ ਕੇ ਮੁਨਸ਼ੀ ਦੇ ਸਾਰੇ ਗਿਲੇ ਸ਼ਿਕਵੇ ਦੂਰ ਹੋ ਗਏ।

ਨਾਗਪਾਲ ਦੇ ਨਾਲ ਦਰਸ਼ਨ ਸੀ, ਜੋ ਪੰਝੀਆਂ ਕੁ ਸਾਲਾਂ ਦਾ ਸੀ। ਉਸ ਨੇ ਕੁੜਤਾ ਪਜਾਮਾ ਅਤੇ ਪੈਰੀਂ ਚੱਪਲਾਂ ਪਾਈਆਂ ਹੋਈਆਂ ਸਨ। ਉਹਦੇ ਵਾਲ ਵਧੇ ਹੋਏ ਸਨ ਅਤੇ ਛੋਟੀ-ਛੋਟੀ ਦਾੜ੍ਹੀ ਉੱਗੜੀ-ਦੁੱਗੜੀ ਹੋਈ ਪਈ ਸੀ। ਲੱਗਦਾ ਸੀ ਉਹਨੂੰ ਨਹਾਉਣ ਅਤੇ ਦਾੜ੍ਹੀ ਬਣਾਉਣ ਦਾ ਸਮਾਂ ਨਹੀਂ ਸੀ ਮਿਲਿਆ। ਉਹਦੇ ਹੱਥ ਵਿਚ ਸਰਕਾਰੀ ਡਾਇਰੀ ਵੀ ਸੀ।

“ਸੰਤਰੀ, ਇਧਰ ਆ। ਬਾਈ ਜੀ ਲਈ ਐਸ.ਐਚ.ਓ. ਵਾਲੇ ਕਮਰੇ ਵਿਚੋਂ ਕੁਰਸੀਆਂ ਚੱਕ ਲਿਆ, ਨਾਲੇ ਠੰਢਾ-ਤੱਤਾ ਵੀ।” ਕੁਰਸੀ ਤੋਂ ਖੜ੍ਹੇ ਹੋ ਕੇ ਮੁਨਸ਼ੀ ਨੇ ਗਰਮ-ਜੋਸ਼ੀ ਨਾਲ ਨਾਗਪਾਲ ਦਾ ਸਵਾਗਤ ਕੀਤਾ।

"ਅਸੀਂ ਕੁਝ ਨਹੀਂ ਪੀਣਾ, ਬੜੀ ਮੁਸੀਬਤ ਵਿਚ ਹਾਂ.....।" ਗੱਲ ਸ਼ੁਰੂ ਕਰਦਿਆਂ ਹੀ ਨਾਗਪਾਲ ਦੇ ਚਿਹਰੇ 'ਤੇ ਵੀ ਗੰਭੀਰਤਾ ਫੈਲ ਗਈ।

'ਕੋਈ ਨੀ.....ਜਾ ਲਿਆ ਸੱਤ-ਅੱਠ ਕੱਪ ਚਾਹ.....ਨਾਲੇ....." ਪੰਜ ਦਾ ਨੋਟ ਸੰਤਰੀ ਨੂੰ ਫੜਾਉਂਦਾ ਮੁਨਸ਼ੀ ਆਰਡਰ ਦੇਣ ਲੱਗਾ।

"ਨਹੀਂ.....ਫੇਰ ਅਸੀਂ ਮੰਗਵਾਉਂਦੇ ਹਾਂ। ਨੋਟ ਰੱਖ ਆਪਣੇ ਕੋਲ.....ਚੱਲ ਦਰਸ਼ਨ ਬੇਟਾ ਲਿਆ ਚਾਹ ਫੜ ਕੇ।"

ਦਰਸ਼ਨ ਸੰਤਰੀ ਨਾਲ ਜਾਣ ਲਈ ਬੈਂਚ ਤੋਂ ਉੱਠ ਖੜੋਤਾ।

"ਇੰਝ ਕਰ, ਚਾਹ ਨੂੰ ਛੱਡ। ਦੁੱਧ 'ਚ ਹੀ ਪੱਤੀ ਪਵਾ ਲਿਆ। ਕੁਝ ਨਮਕੀਨ ਵੀ ਫੜੀ ਲਿਆਈਂ.....ਕੀ ਹੋਊ ਭਲਾ ਉਸ ਹਲਵਾਈ ਕੋਲ ?"

"ਕਾਜੂ ਹੈਣ।" ਅਸਾਮੀ ਚੋਣ ਦਾ ਸੰਤਰੀ ਨੂੰ ਬਥੇਰਾ ਤਜਰਬਾ ਸੀ। ਇਸ਼ਾਰੇ ਨਾਲ ਉਸ ਨੇ ਮੁਨਸ਼ੀ ਨੂੰ ਸਮਝਾਇਆ ਕਿ ਉਹ ਪਰਵਾਹ ਨਾ ਕਰੇ। ਹੁਣ ਲਾ ਦਿੰਦੈ ਚੀਜ਼ਾਂ ਦਾ ਢੇਰ।

"ਤੂੰ ਆਪੇ ਦੇਖ ਲਵੀਂ। ਬੱਸ ਸੇਵਾ 'ਚ ਕੋਈ ਕਸਰ ਨਾ ਰਹੇ। ਇਹਨਾਂ ਦੇ ਸਹਾਰੇ ਹੀ ਆਪਾਂ ਇਸ ਸ਼ਹਿਰ 'ਚ ਦਿਨ ਕੱਟਦੇ ਹਾਂ।" ਮੁਨਸ਼ੀ ਜਾਣਦਾ ਸੀ, ਨਾਗਪਾਲ ਨੂੰ ਜਿੰਨਾ ਮੱਖਣ ਲਾਏਗਾ, ਉਨੀ ਹੀ ਵੱਧ ਫ਼ੀਸ ਮਿਲੇਗੀ।

ਕਾਜੂ, ਸਮੋਸੇ ਅਤੇ ਬਿਸਕੁਟਾਂ ਦੀਆਂ ਪਲੇਟਾਂ ਨਾਲ ਸੰਤਰੀ ਨੇ ਮੇਜ਼ ਭਰ ਦਿੱਤਾ।

ਦਰਸ਼ਨ ਸੂਰਜ ਨੂੰ ਇਕ ਪਾਸੇ ਕਰ ਕੇ ਕੁਝ ਸਮਝਾਉਣ ਲੱਗਾ। ਮੁਨਸ਼ੀ ਤਾੜ ਰਿਹਾ ਸੀ, ਜ਼ਰੂਰ ਕੋਈ ਮਾੜੀ ਖ਼ਬਰ ਹੈ। ਦਰਸ਼ਨ ਦਾ ਹਰ ਸ਼ਬਦ ਸੂਰਜ ਦੇ ਚਿਹਰੇ ਦੀ ਪਿਲੱਤਣ ਵਿਚ ਵਾਧਾ ਕਰ ਰਿਹਾ ਸੀ।

ਮੁਨਸ਼ੀ ਅਤੇ ਸੰਤਰੀ ਤੋਂ ਬਿਨਾਂ ਕਿਸੇ ਨੇ ਵੀ ਕਿਸੇ ਚੀਜ਼ ਨੂੰ ਮੂੰਹ ਨਾ ਲਾਇਆ, ਮੁਨਸ਼ੀ ਦੇ ਬਹੁਤ ਜ਼ੋਰ ਦੇਣ 'ਤੇ ਉਹਨਾਂ ਚਾਹ ਵਾਲੇ ਕੱਪ ਆਪਣੇ ਅੱਗੇ ਜ਼ਰੂਰ ਕਰ ਲਏ ਪਰ ਘੁੱਟ ਕਿਸੇ ਨੇ ਵੀ ਨਾ ਭਰੀ।

ਕੰਬਦੇ ਹੱਥਾਂ ਨਾਲ ਨਾਗਪਾਲ ਨੇ ਜੇਬ ਵਿਚੋਂ ਇਕ ਕਾਗ਼ਜ਼ ਕੱਢਿਆ ਤੇ ਮੇਜ਼ 'ਤੇ ਵਿਛਾ ਦਿੱਤਾ।

ਚਿੱਠੀ ਪੜ੍ਹਦਿਆਂ ਹੀ ਮੁਨਸ਼ੀ ਦੀਆਂ ਅੱਖਾਂ ਅੱਗੇ ਭੰਬੂ-ਤਾਰੇ ਨੱਚਣ ਲੱਗੇ। ਦਰਵੇਸ਼, ਪ੍ਰਧਾਨ ਅਤੇ ਉਸ ਦੇ ਨਾਲ ਵਾਲਾ ਸੇਠ ਸਾਰੇ ਦੇ ਸਾਰੇ ਮੇਜ਼ ਦੁਆਲੇ ਝੁਕ ਗਏ ਅਤੇ ਚਿੱਠੀ ਦਾ ਅੱਖਰ-ਅੱਖਰ ਪੜ੍ਹਨ ਲੱਗੇ।

ਛਪੇ ਪੈਡ 'ਤੇ ਲਿਖੀ ਚਿੱਠੀ ਦਹਿਸ਼ਤਗਰਦਾਂ ਦੀ ਕਿਸੇ ਸੰਸਥਾ ਵੱਲੋਂ ਸੀ। ਸਵੇਰ ਦੇ ਸੱਤ ਵਜੇ ਤਕ ਪੰਜ ਹਜ਼ਾਰ ਰੁਪਏ ਮੰਗੇ ਗਏ ਸਨ। ਨਾਲ ਹੀ ਲਾਲਾ ਜੀ ਨੂੰ ਰਾਮ ਲੀਲਾ ਅਤੇ ਰਾਸ ਲੀਲਾ ਮੁੜ ਸ਼ਹਿਰ 'ਚ ਨਾ ਕਰਾਉਣ ਦੀ ਹਦਾਇਤ ਸੀ। ਹੁਕਮ ਅਦੂਲੀ ਦਾ ਨਤੀਜਾ ਸ਼ਾਮ ਤਕ ਬੱਚੇ ਦੀ ਲਾਸ਼ ਘਰ ਅੱਪੜਨਾ ਸੀ।

"ਕਿਸੇ ਸ਼ਰਾਰਤੀ ਬੰਦੇ ਦੀ ਚਾਲ ਹੈ.....ਇਸ ਸੰਸਥਾ ਦੇ ਨਾਂ ਦੀ ਕੋਈ ਜਥੇਬੰਦੀ ਆਪਣੇ ਇਲਾਕੇ ਵਿਚ ਕੰਮ ਨਹੀਂ ਕਰਦੀ।" ਚਿੱਠੀ ਨੂੰ ਇਕ-ਦੋ ਵਾਰ ਪੁੱਠਾ-ਸਿੱਧਾ ਕਰ ਕੇ, ਸ਼ੀਸ਼ੇ ਹੇਠਾਂ ਰੱਖਦਿਆਂ ਮੁਨਸ਼ੀ ਨੇ ਉਹਨਾਂ ਨੂੰ ਢਾਰਸ ਬੰਨ੍ਹਾਈ।

"ਜੇ ਇਹੋ ਗੱਲ ਸੀ ਤਾਂ ਪੰਜ ਹਜ਼ਾਰ ਫੂਕ ਦੇਣਾ ਸੀ। ਇਥੇ ਆਉਣ ਦੀ ਕੀ ਲੋੜ ਸੀ ?" ਦਰਵੇਸ਼ ਮਹਿਸੂਸ ਕਰ ਰਿਹਾ ਸੀ ਕਿ ਚਿੱਠੀ ਇਥੇ ਲਿਆ ਕੇ ਨਾਗਪਾਲ ਨੇ ਗ਼ਲਤੀ ਕੀਤੀ ਹੈ।

"ਪੰਜ ਹਜ਼ਾਰ ਤਾਂ ਕੀ, ਲਾਲਾ ਜੀ ਲਈ ਤਾਂ ਪੰਜ ਲੱਖ ਵੀ ਇਕੱਠਾ ਹੋ ਜਾਂਦਾ, ਪਰ ਮਾੜੀ ਕਿਸਮਤ। ਚਿੱਠੀ ਪਤਾ ਨਹੀਂ ਕਿਸ ਖੂੰਜੇ ਲੱਗੀ ਰਹਿ ਗਈ। ਹੁਣ ਮਿਲੀ ਹੈ।" ਅੱਖਾਂ ਭਰਦੇ ਨਾਗਪਾਲ ਨੇ ਸਥਿਤੀ ਸਪੱਸ਼ਟ ਕੀਤੀ।

"ਘੰਟਾ ਕੁ ਹੋਇਆ ਲਾਲਾ ਜੀ ਦੇ ਮਕਾਨ ਦੇ ਚਬੂਤਰੇ 'ਤੇ ਇਕ ਟੋਪੀਆ ਪਿਆ ਦਿਸਿਐ। ਬੰਟੀ ਦਾ ਬਸਤਾ ਟੋਪੀਏ ਦੇ ਉੱਤੇ ਪਿਐ.....ਪਤਾ ਨਹੀਂ ਕੀ ਭਾਣਾ ਵਰਤ ਗਿਐ ? .....ਮੁਨਸ਼ੀ ਜੀ ਜਲਦੀ ਕਰੋ.....ਟੋਪੀਏ ਥੱਲੇ.....?"

"ਟੋਪੀਏ ਥੱਲੇ ਬੰਬ-ਬੁੰਬ ਕੁਝ ਵੀ ਹੋ ਸਕਦੇ.....ਮੁਹੱਲਾ ਖ਼ਾਲੀ ਕਰਵਾ ਆਏ ਹਾਂ। ਸਮਾਂ ਸੋਚਣ ਦਾ ਨਹੀਂ, ਕੁਝ ਕਰਨ ਦਾ ਹੈ.....ਸਾਥੋਂ ਪਹਿਲਾਂ ਹੀ ਗ਼ਲਤੀ ਹੋ ਗਈ। ਚਿੱਠੀ ਕਿਧਰੇ ਪਹਿਲਾਂ ਮਿਲ ਗਈ ਹੁੰਦੀ ਤਾਂ ਇਹ ਨੌਬਤ ਨਾ ਆਉਂਦੀ।" ਦਰਸ਼ਨ ਤੋਂ ਵੀ ਹੋਰ ਸਬਰ ਨਹੀਂ ਸੀ ਹੋ ਰਿਹਾ।

ਟੋਪੀਏ ਥੱਲੇ ਬੰਬ ਜਾਂ ਲਾਸ਼। ਕਹਾਣੀ ਨਵਾਂ ਮੋੜ ਕੱਟ ਗਈ ਸੀ। ਮੁਨਸ਼ੀ ਨੂੰ ਖ਼ਤਰਾ ਖੜਾ ਹੋ ਗਿਆ ਸੀ। ਸੱਚਮੁੱਚ ਇਸੇ ਤਰ੍ਹਾਂ ਹੋਇਆ ਤਾਂ ਮੁਨਸ਼ੀ ਨੇ ਸਜ਼ਾ ਦਾ ਭਾਗੀਦਾਰ ਬਣਨਾ ਸੀ। ਬਰਖ਼ਾਸਤੀ ਜਾਂ ਮੁਅੱਤਲੀ, ਕੁਝ ਨਾ ਕੁਝ ਵੱਟ 'ਤੇ ਸੀ।

"ਲਾਲਾ ਜੀ ਕੋਈ ਮਾੜੀ-ਮੋਟੀ ਸ਼ੈਅ ਨਹੀਂ। ਬੰਟੀ ਨੂੰ ਕੁਝ ਹੋ ਗਿਆ ਤਾਂ ਅਸੀਂ ਖ਼ੂਨ ਦੀਆਂ ਨਦੀਆਂ ਬਹਾ ਦਿਆਂਗੇ.....।" ਦਰਸ਼ਨ ਦਾ ਖ਼ੂਨ ਖ਼ੌਲ ਰਿਹਾ ਸੀ। ਉਹ ਆਪੇ ਤੋਂ ਬਾਹਰ ਹੁੰਦਾ ਜਾ ਰਿਹਾ ਸੀ।

"ਕੁਝ ਸੋਚਣ ਤਾਂ ਦਿਉ। ਕੀ ਕਰੀਏ ? ਇਹੋ ਤਾਂ ਸੋਚ ਰਿਹਾ ਹਾਂ।" ਉਹਨਾਂ ਨੂੰ ਸ਼ਾਂਤ ਕਰਨ ਲਈ ਮੁਨਸ਼ੀ ਗਹਿਰੀ ਸੋਚ ਵਿਚ ਡੁੱਬੇ ਹੋਣ ਦਾ ਨਾਟਕ ਕਰਨ ਲੱਗਾ।

"ਤੁਸੀਂ ਇੰਝ ਕਰੋ ਨਾਗਪਾਲ ਜੀ, ਟੈਕਸੀ ਲੈ ਆਓ ਭੱਜ ਕੇ.....ਇੰਨੇ ਵਿਚ ਮੈਂ ਕੰਟਰੋਲ ਰੂਮ ਨੂੰ ਇਤਲਾਹ ਦਿੰਦਾਂ। ਬੰਬ ਸਕਾਡ ਲਈ ਵੀ ਆਖਦਾਂ। ਫੇਰ ਸਰਦਾਰ ਜੀ ਕੋਲ ਚੱਲਦੇ ਹਾਂ। ਵਜ਼ੀਰਾਂ ਦਾ ਕੀ ਪਤਾ ਹੈ, ਸਾਰਾ ਦਿਨ ਹੀ ਨਾ ਹਿੱਲਣ। ਰਾਤ ਇਥੇ ਹੀ ਰਹਿ ਪੈਣ। ਸਰਦਾਰ ਨੂੰ ਦੱਸਣਾ ਜ਼ਰੂਰੀ ਹੈ। ਪ੍ਰਧਾਨ ਜੀ, ਤੁਸੀਂ ਚੱਲੋ ਨਾਲ।"

ਇਸ ਤੋਂ ਪਹਿਲਾਂ ਕਿ ਲਾਲਾ ਜੀ ਦਾ ਕੋਈ ਹਮਾਇਤੀ ਕਿਸੇ ਵਜ਼ੀਰ ਦੇ ਕੰਨ ਵਿਚ ਫੂਕ ਮਾਰੇ, ਉਸ ਨੇ ਦਬਾਦਬ ਆਪਣੇ ਗਲੋਂ ਗੁਲਾਮਾ ਲਾਹਿਆ।

ਰਿਪੋਰਟ ਦਰਜ ਕੀਤੀ, ਕੰਟਰੋਲ ਰੂਮ ਨੂੰ ਹੁਲੀਆ ਦੱਸਿਆ ਅਤੇ ਰਿਪੋਰਟ ਦੀਆਂ ਨਕਲਾਂ ਉੱਚ ਅਧਿਕਾਰੀਆਂ ਨੂੰ ਭੇਜ ਕੇ ਆਪਣੀ ਡਿਊਟੀ ਪੂਰੀ ਕੀਤੀ।

ਅੱਗੋਂ ਐਸ.ਐਚ.ਓ. ਜਾਣੇ, ਕੰਟਰੋਲ ਰੂਮ ਜਾਣੇ ਜਾਂ ਉੱਚ ਅਧਿਕਾਰੀ। ਉਸ ਨੂੰ ਕੀ ?

✶

# 3

ਸੂਰਜ ਢਲਣ ਤੋਂ ਪਹਿਲਾਂ ਹੀ ਬੰਟੀ ਦੇ ਅਗਵਾ ਹੋਣ ਦੀ ਖ਼ਬਰ ਸਾਰੇ ਸ਼ਹਿਰ ਵਿਚ ਫੈਲ ਗਈ। ਜਿਸ-ਜਿਸ ਨੂੰ ਵੀ ਪਤਾ ਲੱਗਦਾ ਗਿਆ, ਉਹੋ ਹਥਲਾ ਕੰਮ ਵਿਚੇ ਛੱਡ ਕੇ ਲਾਲਾ ਜੀ ਵੱਲ ਦੌੜ ਪਿਆ।

ਸ਼ਹਿਰ ਦੇ ਲਗਭਗ ਹਰ ਬੰਦੇ ਸਿਰ ਲਾਲਾ ਜੀ ਦਾ ਅਹਿਸਾਨ ਸੀ। ਲਾਲਾ ਜੀ ਨੂੰ ਪਹਿਲੀ ਵਾਰ ਭੀੜ ਪਈ ਸੀ। ਹਰ ਕੋਈ ਸੋਚਦਾ ਸੀ ਜੇ ਉਹ ਬੰਟੀ ਨੂੰ ਲੱਭਣ ਵਿਚ ਲਾਲਾ ਜੀ ਦੀ ਮਦਦ ਕਰ ਸਕੇ ਤਾਂ ਇਹ ਉਸ ਦੀ ਖ਼ੁਸ਼ਕਿਸਮਤੀ ਹੋਵੇਗੀ।

ਖੋਜ ਬੰਟੀ ਦੇ ਸਕੂਲ ਤੋਂ ਸ਼ੁਰੂ ਹੋਈ। ਕੁਝ ਮਹੀਨੇ ਪਹਿਲਾਂ ਅਖ਼ਬਾਰਾਂ ਵਿਚ ਛਪੀ ਖ਼ਬਰ ਉਹਨਾਂ ਦੇ ਸਾਹਮਣੇ ਸੀ। ਗਰਮੀਆਂ ਦੀਆਂ ਛੁੱਟੀਆਂ ਸ਼ੁਰੂ ਹੋਣ ਵਾਲੇ ਦਿਨ ਇਕ ਬੱਚਾ ਕਲਾਸ-ਰੂਮ ਵਿਚ ਸੁੱਤਾ ਰਹਿ ਗਿਆ। ਮਾਪਿਆਂ ਅਤੇ ਸਕੂਲ ਵਾਲਿਆਂ ਨੇ ਸ਼ਹਿਰ ਦਾ ਕੋਨਾ-ਕੋਨਾ ਤਾਂ ਛਾਣ ਮਾਰਿਆ ਪਰ ਪੀੜ੍ਹੀ ਹੇਠਾਂ ਸੋਟਾ ਨਾ ਮਾਰਿਆ। ਛੁੱਟੀਆਂ ਪਿੱਛੋਂ ਜਦੋਂ ਸਕੂਲ ਖੁੱਲ੍ਹਾ ਤਾਂ ਬੱਚੇ ਦਾ ਪਿੰਜਰ ਹੀ ਹੱਥ ਲੱਗਾ।

ਪਹਿਲਾਂ ਪ੍ਰਿੰਸੀਪਲ ਅਤੇ ਚਪੜਾਸੀ ਤੋਂ ਬਿਨਾਂ ਕਿਸੇ ਨੂੰ ਪਤਾ ਨਹੀਂ ਸੀ। ਸਕੂਲ ਦਾ ਇਕ-ਇਕ ਕਮਰਾ ਖੋਲ੍ਹਿਆ ਗਿਆ। ਇਕ-ਇਕ ਕੁਰਸੀ ਅਤੇ ਬੈਂਚ ਦੀ ਪੜਤਾਲ ਹੋਈ। ਲੈਟਰਿਨ, ਕੈਂਟੀਨ, ਪਾਣੀ ਵਾਲੀ ਟੈਂਕੀ ਅਤੇ ਸਾਈਕਲ ਸਟੈਂਡ।

ਸਕੂਲ ਦਾ ਚੱਪਾ-ਚੱਪਾ ਛਾਣਦਿਆਂ ਆਂਢ-ਗੁਆਂਢ ਦੇ ਦੁਕਾਨਦਾਰਾਂ ਨੂੰ ਪਤਾ ਲੱਗ ਗਿਆ। ਝੱਟ ਉਹ ਵੀ ਖੋਜ ਵਿਚ ਸ਼ਾਮਲ ਹੋ ਗਏ।

ਸਕੂਲੋਂ ਨਿਕਲ ਕੇ ਪਾਰਕਾਂ 'ਚ ਗਏ। ਆਖ਼ਰ ਬੱਚਾ ਹੈ, ਕੋਈ ਵਸਾਹ ਨਹੀਂ ਕਿਸੇ ਪਾਰਕ 'ਚ ਝੂਟਦਾ-ਝੂਟਦਾ ਘਰ ਮੁੜਨਾ ਭੁੱਲ ਗਿਆ ਹੋਵੇ।

ਉਥੋਂ ਸਿਨੇਮੇ, ਸਿਨੇਮੇ ਤੋਂ ਸਟੇਸ਼ਨ, ਬੱਸਾ ਅੱਡਾ, ਟੋਭੇ ਅਤੇ ਤਲਾਅ, ਗੰਦਾ ਨਾਲਾ, ਸੀਵਰੇਜ ਦੇ ਮੇਨਹੋਲ। ਆਖ਼ਰ 'ਚ ਗਲੀ-ਗਲੀ ਅਤੇ ਘਰ-ਘਰ।

ਬਿਨਾਂ ਕਿਸੇ ਦੇ ਆਖੇ ਹੀ ਭਾਗ ਮੁਨਾਦੀ ਵਾਲੇ ਨੇ ਆਪਣਾ ਭੂਪਨਾ ਅਤੇ ਸਾਈਕਲ ਚੁੱਕਿਆ ਅਤੇ ਗਲੀ-ਗਲੀ, ਮੁਹੱਲੇ-ਮੁਹੱਲੇ ਬੰਟੀ ਦੇ ਗੁੰਮ ਹੋਣ ਦੀ ਸੂਚਨਾ ਦੇਣ ਲੱਗਾ। ਏਡੇ ਵੱਡੇ ਸਹਿਰ ਵਿਚ ਇਕੱਲਾ ਭਾਗ ਗੇੜਾ ਕਿਵੇਂ ਦੇਵੇਗਾ ? ਸਾਧੂ ਨੇ ਵੀ ਰਿਕਸ਼ਾ ਮੰਗਵਾ ਲਈ। ਆਪਣਾ ਲਾਊਡ-ਸਪੀਕਰ ਫਿੱਟ ਕੀਤਾ ਅਤੇ ਸ਼ਹਿਰ ਦੀਆਂ ਬਾਹਰਲੀਆਂ ਬਸਤੀਆਂ ਵੱਲ ਨਿਕਲ ਗਿਆ।

ਲਾਲਾ ਜੀ ਨੂੰ ਸ਼ਹਿਰ ਦਾ ਬੱਚਾ-ਬੱਚਾ ਜਾਣਦਾ ਸੀ। ਜਿਸ ਘਰ 'ਚ ਵੀ ਪੁੱਛ-ਪੜਤਾਲ ਲਈ ਜਾਂਦੇ, ਉਸੇ ਘਰ ਦਾ ਕੋਈ ਨਾ ਕੋਈ ਮੈਂਬਰ ਉਹਨਾਂ ਦੇ ਨਾਲ ਹੋ ਲੈਂਦਾ।

ਅੱਧੀ ਰਾਤ ਤਕ ਉਹਨਾਂ ਦੇ ਕਾਫ਼ਲੇ ਦੀ ਗਿਣਤੀ ਸੌ ਤਕ ਅੱਪੜ ਗਈ। ਕਾਫ਼ਲੇ ਵਿਚ ਜੇ ਕਈ ਕਰੋੜਪਤੀ ਸ਼ਾਮਲ ਸਨ ਤਾਂ ਸਫ਼ਾਈ ਵਰਕਰ ਵੀ। ਕੁਸ਼ਟ-ਆਸ਼ਰਮ ਦਾ ਚੌਧਰੀ ਵੀ ਅਤੇ ਸਾਂਸੀਆਂ ਦਾ ਨੰਬਰਦਾਰ ਵੀ। ਟਰੱਕਾਂ ਵਾਲੇ ਵੀ ਅਤੇ ਰਿਕਸ਼ਿਆਂ ਵਾਲੇ ਵੀ। ਸੇਵਾ ਸੰਮਤੀ ਵਾਲੇ ਵੀ ਅਤੇ ਮਹਾਂਬੀਰ ਦਲ ਵਾਲੇ ਵੀ, ਮਿਸਤਰੀ ਵੀ ਅਤੇ ਮਾਲਕ ਵੀ।

ਯੁਵਾ ਸੰਘ ਦੇ ਪ੍ਰਧਾਨ ਰਾਮ ਸਰੂਪ ਨੂੰ ਇਹ ਗੱਲ ਪਸੰਦ ਨਹੀਂ ਸੀ ਆਈ। ਇੰਨੇ ਲੋਕਾਂ ਨੂੰ ਲਾਲਾ ਜੀ ਦੇ ਪਿੱਛੇ-ਪਿੱਛੇ ਫਿਰਨ ਦੀ ਕੀ ਲੋੜ ਹੈ? ਇਹ ਨਿਰਾ ਦਿਖਾਵਾ ਹੈ। ਇਸ ਦਾ ਲਾਲਾ ਜੀ ਨੂੰ ਕੀ ਫ਼ਾਇਦਾ? ਹਰ ਕੋਈ ਦੂਜੇ ਨੂੰ ਕੂਹਣੀ ਮਾਰ ਕੇ ਲਾਲਾ ਜੀ ਅੱਗੇ ਜਾ ਖੜੋਂਦਾ। ਦੂਸਰਾ ਧੱਕਾ ਮਾਰ ਕੇ ਉਸ ਤੋਂ ਅੱਗੇ ਹੋ ਜਾਂਦਾ। ਕੁਝ ਕਰਨਾ ਹੀ ਹੈ ਤਾਂ ਤਨੋਂ-ਮਨੋਂ ਅਤੇ ਢੰਗ ਨਾਲ ਕਰੋ। ਤੁਰਦੇ-ਤੁਰਦੇ ਰਾਮ ਸਰੂਪ ਨੇ ਸਾਥੀ ਵਰਕਰਾਂ ਦੀ ਸਲਾਹ ਲਈ। ਲਾਲਾ ਜੀ ਤੋਂ ਇਜਾਜ਼ਤ ਲੈ ਕੇ ਉਹ ਗੀਤਾ ਭਵਨ 'ਚ ਜਾ ਬੈਠੇ।

ਰਾਮ ਸਰੂਪ ਨੇ ਵਰਕਰਾਂ ਨੂੰ ਕਈ ਟੋਲੀਆਂ ਵਿਚ ਵੰਡਿਆ। ਕੋਈ ਟੋਲੀ ਰਾਮ ਪੁਰੇ ਵੱਲ ਜਾਵੇ ਅਤੇ ਕੋਈ ਧੂਰੀ ਵੱਲ। ਉਹਨਾਂ ਲਈ ਗੱਡੀ ਠੀਕ ਰਹੇਗੀ। ਬੱਸਾਂ ਤਾਂ ਸੱਤ ਵਜੇ ਹੀ ਬੰਦ ਹੋ ਜਾਂਦੀਆਂ ਹਨ। ਬਾਕੀ ਟੈਕਸੀਆਂ ਲੈ ਕੇ ਭਦੌੜ, ਰਾਏਕੋਟ, ਸੇਖਾਂ, ਠੀਕਰੀਵਾਲ ਅਤੇ ਮਾਨਸਾ ਵੱਲ ਕੂਚ ਕਰਨ। ਕਿਸੇ ਦੇ ਪਿੱਛੇ ਲੱਗ ਕੇ ਬੱਚਾ ਬੱਸ ਜਾਂ ਗੱਡੀ ਚੜ੍ਹ ਸਕਦਾ ਹੈ। ਪਿੱਛੋਂ ਇਕੱਲਾ ਰਹਿ ਕੇ ਕਿਸੇ ਬੱਸ ਅੱਡੇ ਜਾਂ ਸਟੇਸ਼ਨ 'ਤੇ ਬੈਠਾ ਵਿਲ੍ਹਕ ਰਿਹਾ ਹੋਣਾ ਹੈ। ਪੁਰਾਣੇ ਸਮੇਂ ਤਾਂ ਰਹੇ ਨਹੀਂ ਜਦੋਂ ਅਗਲਾ ਲੋੜਵੰਦਾਂ ਦੀ ਨਾਲੇ ਸੇਵਾ ਕਰੇ ਨਾਲੇ ਸਹੀ ਸਲਾਮਤ ਘਰ ਪਹੁੰਚਾਏ। ਅੱਜ-ਕੱਲ੍ਹ ਤਾਂ ਭਲਾ ਕਰਨ ਵਾਲੇ ਨੂੰ ਵੀ ਸੌ ਸਿਆਪੇ ਪੈ ਸਕਦੇ ਹਨ। ਨਾ ਚਾਹੁੰਦੇ ਹੋਏ ਭੀ ਭਲੇਮਾਣਸ ਬੰਦਿਆਂ ਨੂੰ ਪਿੱਠ ਭੁਆਉਣੀ ਪੈਂਦੀ ਹੈ।

ਕਾਲਕਾ ਮੇਲ ਦਾ ਵਕਤ ਹੋ ਗਿਆ ਸੀ। ਦੋ ਟੋਲੀਆਂ ਸਟੇਸ਼ਨ ਵੱਲ ਤੁਰ ਪਈਆਂ। ਬਾਕੀਆਂ ਲਈ ਕਾਰਾਂ ਦਾ ਇੰਤਜ਼ਾਮ ਕਰਨ ਲਈ ਥਾਂ-ਥਾਂ ਫ਼ੋਨ ਖੜਕਾਏ ਗਏ।

ਰਾਮ ਸਰੂਪ ਨੇ ਸਭ ਨੂੰ ਸਖ਼ਤ ਹਦਾਇਤਾਂ ਦਿੱਤੀਆਂ। ਚੰਗੀ-ਮਾੜੀ ਜੋ ਵੀ ਖ਼ਬਰ ਮਿਲੇ, ਤੁਰੰਤ ਲਾਲਾ ਜੀ ਨੂੰ ਸੂਚਿਤ ਕੀਤਾ ਜਾਵੇ। ਮੀਟਿੰਗ ਤੋਂ ਪਿੱਛੋਂ ਉਹ ਲਾਲਾ ਜੀ ਦੇ ਘਰ ਬੈਠੇਗਾ ਅਤੇ ਉਥੋਂ ਕੰਮ ਚਲਾਏਗਾ।

ਸਾਰੀ ਰਾਤ 'ਚ ਲਾਲਾ ਜੀ ਦੇ ਕਾਫ਼ਲੇ ਨੂੰ ਕੋਈ ਸਫ਼ਲਤਾ ਨਾ ਮਿਲੀ, ਨਾ ਹੀ ਯੁਵਾ ਸੰਘ ਨੂੰ। ਔਰਤਾਂ ਦਾ ਟੋਲਾ ਵੀ ਹੰਭ ਕੇ ਘਰ ਆ ਬੈਠਾ।

ਲਾਲਾ ਜੀ ਲੋਕਾਂ ਨੂੰ ਘਰੋ-ਘਰੀ ਜਾ ਕੇ ਆਰਾਮ ਕਰਨ ਲਈ ਕਈ ਵਾਰ ਬੇਨਤੀ ਕਰ ਚੁੱਕੇ ਸਨ। ਕਿਸੇ ਨੇ ਇਕ ਨਾ ਸੁਣੀ। ਸਾਰੇ ਧਰਨਾ ਮਾਰਨ ਵਾਲਿਆਂ ਵਾਂਗ ਢੀਠ ਬਣ ਕੇ ਬੈਠੇ ਰਹੇ।

ਬੈਠਕ ਤਾਂ ਉਹਨਾਂ ਲੋਕਾਂ ਨਾਲ ਹੀ ਭਰ ਗਈ ਸੀ, ਜਿਹੜੇ ਸਾਰੀ ਰਾਤ ਲਾਲਾ ਜੀ ਨਾਲ ਫਿਰਦੇ ਰਹੇ ਸਨ। ਨਵੇਂ ਆਉਣ ਵਾਲੇ ਜਾਂ ਲਾਂਘੇ ਵਿਚ ਹੀ ਬੈਠ ਜਾਂਦੇ ਜਾਂ ਵਿਹੜੇ ਵਿਚ ਜਾ ਬੈਠਦੇ। ਔਰਤਾਂ ਅੰਦਰ ਕੋਠੜੀ 'ਚ ਬੈਠੀ ਕਾਂਤਾ ਦੁਆਲੇ ਜੁੜ ਗਈਆਂ।

ਹਮਦਰਦਾਂ ਲਈ ਥਾਂ ਬਣਾਉਂਦੇ-ਬਣਾਉਂਦੇ ਲਾਲਾ ਜੀ ਬੈਠਕ ਦੀ ਕੰਧ ਨਾਲ ਜਾ ਲੱਗੇ ਸਨ।

ਪਹੁ ਫੁੱਟਣ ਤਕ ਕੋਈ ਚੰਗੀ ਖ਼ਬਰ ਨਹੀਂ ਸੀ ਮਿਲੀ।

ਖੋਜ ਲਈ ਨਿਕਲਿਆ ਕੋਈ ਨੌਜਵਾਨ ਜਦੋਂ ਬੈਠਕ 'ਚ ਪੈਰ ਧਰਦਾ ਤਾਂ ਲਾਲਾ ਜੀ ਦੀਆਂ ਅੱਖਾਂ ਅਜੀਬ ਜਿਹੀ ਆਸ ਨਾਲ ਚਮਕ ਉਠਦੀਆਂ। ਉਹਨਾਂ ਨੂੰ ਲੱਗਦਾ ਹੁਣੇ ਕੋਈ ਬੰਟੀ ਦੇ ਲੱਭਣ ਦੀ ਖ਼ਬਰ ਸੁਣਾਏਗਾ। ਪਰ ਜਦੋਂ ਆਉਣ ਵਾਲਾ ਗਰਦਨ ਸੁੱਟ ਕੇ ਬੈਠ ਜਾਂਦਾ ਤਾਂ ਲਾਲਾ ਜੀ ਇਕ ਲੰਬਾ ਹਉਕਾ ਭਰਦੇ ਅਤੇ ਮੁੜ ਕੰਧ ਨਾਲ ਢਾਸਣਾ ਲਾ ਕੇ ਅਗਲੇ ਬੰਦੇ ਦਾ ਇੰਤਜ਼ਾਰ ਆਰੰਭ ਦਿੰਦੇ।

ਕਦੇ-ਕਦੇ ਨਿਗਾਹਾਂ ਦਰਵਾਜ਼ੇ ਤੋਂ ਹਟ ਕੇ ਸਾਹਮਣੀ ਕਾਨਸ 'ਤੇ ਪਈਆਂ ਫ਼ੋਟੋਆਂ 'ਤੇ ਟਿਕ ਜਾਂਦੀਆਂ।

ਕਾਨਸ ਦੇ ਵਿਚਕਾਰ ਬੰਟੀ ਦੇ ਬਾਪ ਬਲਦੇਵ ਦੀ ਫ਼ੋਟੋ ਸੀ। ਉਸ ਦੀ ਫ਼ੋਟੋ ਦੁਆਲੇ ਲਟਕਾਇਆ ਗੋਟੇ ਦਾ ਹਾਰ ਦਸਦਾ ਸੀ ਕਿ ਉਹ ਇਸ ਦੁਨੀਆਂ ਤੋਂ ਕੂਚ ਕਰ ਚੁੱਕਾ ਸੀ। ਉਸ ਫ਼ੋਟੋ ਦੇ ਦੋਹੀਂ ਪਾਸੀਂ ਬੰਟੀ ਦੀਆਂ ਫ਼ੋਟੋਆਂ ਸਨ। ਕਿਸੇ ਫ਼ੋਟੋ 'ਚ ਉਹ ਲਾਲਾ ਜੀ ਦੇ ਮੋਢੇ ਚੜ੍ਹਿਆ ਹੋਇਆ ਸੀ, ਕਿਸੇ 'ਚ ਉਂਗਲ ਫੜੀ ਸਕੂਲ ਜਾ ਰਿਹਾ ਸੀ ਅਤੇ ਕਿਸੇ ਵਿਚ ਇਕਾਗਰ ਮਨ ਨਾਲ ਰਮਾਇਣ ਸੁਣ ਰਿਹਾ ਸੀ।

ਲਾਲਾ ਜੀ ਪੂਰਾ ਯਤਨ ਕਰ ਰਹੇ ਸਨ ਕਿ ਉਹਨਾਂ ਦੀਆਂ ਅੱਖਾਂ ਖੁੱਲ੍ਹੀਆਂ ਰਹਿਣ, ਪਰ ਉਹ ਵਾਰ-ਵਾਰ ਮਿਚ ਰਹੀਆਂ ਸਨ।

ਚਾਰੇ ਪਾਸੇ ਮੌਤ ਵਰਗਾ ਸੰਨਾਟਾ ਸੀ। ਲਾਲਾ ਜੀ ਨੂੰ ਅੰਤਰ-ਧਿਆਨ ਹੁੰਦਾ ਦੇਖ ਕੇ ਲੋਕ ਸਾਹ ਵੀ ਰੋਕਣ ਦੀ ਕੋਸ਼ਿਸ਼ ਕਰਦੇ।

ਗਿਆਨੀ-ਧਿਆਨੀ ਬੰਦਾ ਹੈ। ਕੀ ਪਤੈ ਉਪਰਲੇ ਨਾਲ ਹੀ ਲਿਵ ਲੱਗੀ ਹੋਵੇ। ਕੋਈ ਰੱਬੀ ਹੁਕਮ ਹੋ ਜਾਵੇ। ਕੋਈ ਦੇਵੀ-ਦੇਵਤਾ ਕਿਸੇ ਭੁੱਲ-ਚੁੱਕ ਦੀ ਯਾਦ ਦਿਵਾ ਦੇਵੇ। ਬੰਟੀ ਦੇ ਲੁਕਾਉਣ ਵਾਲੀ ਜਗ੍ਹਾ ਦੇ ਦਰਸ਼ਨ ਹੀ ਹੋ ਜਾਣ।

ਸ਼ਰਧਾਲੂ ਕੁਝ ਹੋਰ ਸੋਚ ਰਹੇ ਸਨ, ਲਾਲਾ ਜੀ ਕੁਝ ਹੋਰ। ਲਾਲਾ ਜੀ ਨੂੰ ਤਾਂ ਆਪਣੀ ਚਾਲੀ ਸਾਲਾ ਨਿਸ਼ਕਾਮ ਲੋਕ-ਸੇਵਾ ਅਤੇ ਪ੍ਰਭੂ-ਭਗਤੀ 'ਤੇ ਸ਼ੱਕ ਹੋ ਰਿਹਾ ਸੀ। ਉਹਨਾਂ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਹ ਰੱਬੀ-ਸ਼ਕਤੀ ਦਾ ਪ੍ਰਚਾਰ ਕਰ ਰਹੇ ਲੋਕਾਂ ਨੂੰ ਕੁਰਾਹੇ ਹੀ ਤਾਂ ਪਾ ਰਿਹਾ ਸੀ। ਰੱਬ ਨਾ ਦੀ ਕੋਈ ਚੀਜ਼ ਹੁੰਦੀ ਤਾਂ ਲਾਲਾ ਜੀ ਦੇ ਗਿਣ-ਗਿਣ ਬਦਲੇ ਨਾ ਲੈਂਦੀ। ਪਿਛਲੇ ਜਨਮ 'ਚ ਆਖ਼ਿਰ ਉਸ ਤੋਂ ਕਿਹੜਾ ਅਜਿਹਾ ਮਹਾਂਰਿਸ਼ੀ ਮਾਰਿਆ ਗਿਆ ਸੀ, ਜਿਸ ਦੀ ਸਜ਼ਾ ਸੱਠ ਸਾਲ ਲਈ ਨਰਕ ਭੋਗ ਕੇ ਵੀ ਪੂਰੀ ਨਹੀਂ ਸੀ ਹੋ ਰਹੀ। ਬੱਚੇ ਤਾਂ ਭਗਵਾਨ ਦਾ ਰੂਪ ਮੰਨੇ ਗਏ ਹਨ। ਉਹ ਉਹਨਾਂ ਪਾਪੀਆਂ ਨੂੰ ਸਜ਼ਾ ਕਿਉਂ ਨਹੀਂ ਦੇ ਰਿਹਾ, ਜਿਨ੍ਹਾਂ ਨੇ ਵਿਧਵਾ ਮਾਂ ਦਾ ਇਕੋ-ਇਕ ਪੁੱਤ ਉਸ ਦੀ ਛਾਤੀ ਨਾਲੋਂ ਧੂਹ ਲਿਆ ਹੈ।

ਅਸ਼ਾਂਤ ਮਨ ਨਾਲ ਲਾਲਾ ਜੀ ਆਪਣੀ ਜ਼ਿੰਦਗੀ ਦੇ ਸੱਠ ਸਾਲਾ ਇਤਿਹਾਸ ਨੂੰ ਘੋਖ ਰਹੇ ਸਨ।

ਉਹਨਾਂ ਨੂੰ ਅਜਿਹਾ ਇਕ ਵੀ ਪਲ ਯਾਦ ਨਹੀਂ ਸੀ ਆ ਰਿਹਾ, ਜਦੋਂ ਉਹ ਖੁੱਲ੍ਹ ਕੇ ਹੱਸੇ ਹੋਣ, ਰੱਜ ਕੇ ਬੇਫ਼ਿਕਰੀ ਦੀ ਨੀਂਦ ਸੁੱਤੇ ਹੋਣ ਜਾਂ ਖ਼ੁਸ਼ੀਆਂ ਨੇ ਕਦੇ ਉਹਨਾਂ ਦੇ ਵਿਹੜੇ ਵੱਲ ਮੂੰਹ ਕੀਤਾ ਹੋਵੇ।

ਇਹ ਸੁਫ਼ਨਾ ਹੈ ਜਾਂ ਸੱਚ, ਇਹ ਤਾਂ ਲਾਲਾ ਜੀ ਨੂੰ ਚੰਗੀ ਤਰ੍ਹਾਂ ਯਾਦ ਨਹੀਂ। ਬਾਈ ਦੀ ਸ਼ਕਲ ਦੇ ਕੁਝ ਕੁ ਝਉਲੇ ਜਿਹੇ ਯਾਦ ਹਨ। ਘੋਨ-ਮੋਨ ਸਿਰ ਵਾਲਾ ਅੱਠਾਂ ਸਾਲਾਂ ਦਾ ਦਿਆਲਾ ਗਲੀ ਵਿਚ ਗੀਠੇ ਖੇਡ ਰਿਹਾ ਹੈ। ਚਿੱਟੇ ਕੁੜਤੇ, ਡੱਬੀਦਾਰ ਲੂੰਗੀ ਅਤੇ ਤੋਤੀਆ ਪਗੜੀ ਵਾਲਾ

ਉਹਦਾ ਉੱਚਾ ਲੰਬਾ ਭਾਈ ਬਾਹਰੋਂ ਕਿਸੇ ਰਿਸ਼ਤੇਦਾਰੀ ਵਿਚੋਂ ਆ ਰਿਹਾ ਹੈ। ਖੰਡ ਦੀਆਂ ਗੋਲੀਆਂ ਨਾਲ ਉਹਦੀ ਜੇਬ ਭਰੀ ਹੋਈ ਹੈ। ਦੋ-ਦੋ ਚਾਰ-ਚਾਰ ਗੋਲੀਆਂ ਦਿਆਲੇ ਦੇ ਸਾਥੀਆਂ ਨੂੰ ਵੰਡਦਾ-ਵੰਡਦਾ ਉਹ ਦਿਆਲੇ ਕੋਲ ਪੁੱਜ ਕੇ ਉਸ ਨੂੰ ਗੋਦੀ ਚੁੱਕ ਰਿਹਾ ਹੈ। ਦਿਆਲੇ ਦੀ ਜੇਬ ਗੋਲੀਆਂ ਨਾਲ ਭਰ ਰਿਹਾ ਹੈ। ਪਿਆਰਦਾ-ਪੁਚਕਾਰਦਾ ਉਸ ਨੂੰ ਘਰ ਵੱਲ ਲੈ ਤੁਰਦਾ ਹੈ। ਗੋਦੀ ਚੜ੍ਹਿਆ ਦਿਆਲਾ ਮਾਊਂਟ ਐਵਰੇਸਟ ’ਤੇ ਚੜ੍ਹਿਆ ਮਹਿਸੂਸ ਕਰ ਰਿਹਾ ਹੈ।

ਬਾਈ ਦੀ ਇਸ ਤਸਵੀਰ ਦਾ ਦੂਜਾ ਪਾਸਾ ਉਸ ਨੂੰ ਚੰਗੀ ਤਰ੍ਹਾਂ ਯਾਦ ਹੈ। ਗਲੀ ’ਚ ਬੈਠਾ ਉਹ ਬਾਰਾਂ-ਗੀਟੀ ਖੇਡ ਰਿਹਾ ਹੈ। ਛੋਟੀ ਭੈਣ ਸ਼ਕੁੰਤਲਾ ਦਰਾਂ ’ਚ ਬੈਠੀ ਰੋਟੀ ਖਾ ਰਹੀ ਹੈ। ਇਕ ਦਮ ਉਹਨਾਂ ਦੇ ਘਰੋਂ ਅੰਦਰੋਂ ਚੀਕਾਂ ਸੁਣਾਈ ਦਿੰਦੀਆਂ ਹਨ। ਦਿਆਲਾ ਰੋਣ-ਹਾਕਾ ਹੋਇਆ ਘਰ ਵੱਲ ਦੌੜ ਰਿਹਾ ਹੈ।

ਉਹਨਾਂ ਦਾ ਬਾਈ ਵਿਹੜੇ ਵਿਚ ਭੁੰਜੇ ਪਿਆ ਹੈ। ਮਾਂ ਬਾਹੋ-ਧਾਹੀ ਪਿੱਟੀ ਜਾ ਰਹੀ ਹੈ। ਉਸ ਨੇ ਬਾਹਾਂ ਦੀਆਂ ਚੂੜੀਆਂ ਤੋੜ ਲਈਆਂ ਹਨ, ਵਾਲ ਖਿੱਲਰੇ ਪਏ ਹਨ, ਅੱਖਾਂ ’ਚ ਪਾਇਆ ਸੁਰਮਾ ਹੰਝੂਆਂ ਨਾਲ ਵਹਿ ਗਿਆ ਹੈ। ਗੋਰਾ ਮੂੰਹ ਕਾਲਖ ਨਾਲ ਲਿੱਪਿਆ ਗਿਆ ਹੈ। ਮਾਂ ਵਿਚ ਭੂਤਾਂ ਵਰਗੀ ਤਾਕਤ ਆ ਗਈ ਹੈ। ਉਹ ਕਈ-ਕਈ ਗੁਆਂਢਣਾਂ ਦੇ ਵੀ ਵੱਸ ਵਿਚ ਨਹੀਂ ਆ ਰਹੀ। ਬਾਈ ਨਾਲ ਚੁੰਬੜੀ ਹੋਈ ਹੈ। ਇਕ-ਅੱਧ ਵਾਰ ਜੇ ਪਿੱਛੇ ਹਟਦੀ ਹੈ ਤਾਂ ਦੂਜੀ ਵਾਰ ਦੂਣੀ ਤਾਕਤ ਨਾਲ ਜੱਫਾ ਪਾਉਂਦੀ ਹੈ।

ਡਰਿਆ ਸਹਿਮਿਆ ਦਿਆਲਾ ਮਾਂ ਕੋਲ ਖੜਾ ਹੈ। ਦਿਆਲੇ ਨੂੰ ਹਿੱਕ ਨਾਲ ਲਾ ਕੇ ਉਹ ਫੇਰ ਧਾਹਾਂ ਮਾਰਦੀ ਹੈ। ਦਿਆਲੇ ਨੂੰ ਦੇਖ ਕੇ ਬਾਕੀ ਔਰਤਾਂ ਵੀ ਚੀਕਾਂ ਮਾਰਨ ਲੱਗਦੀਆਂ ਹਨ। ਦਿਆਲੇ ਨੂੰ ਬਾਈ ਦਾ ਢੱਕਿਆ ਮੂੰਹ ਇਕ ਵਾਰ ਨੰਗਾ ਕਰ ਕੇ ਦਿਖਾਇਆ ਜਾਂਦਾ ਹੈ। ਅੱਖਾਂ ਬੰਦ, ਚਿਹਰਾ ਸ਼ਾਂਤ, ਜਿਵੇਂ ਹੁਣੇ ਉਠ ਕੇ ਦਿਆਲੇ ਨੂੰ ਗੋਦ ਲਏਗਾ। ਇਕ ਗੁਆਂਢੀ ਬਾਈ ਦਾ ਮੂੰਹ ਢੱਕਦਾ ਹੈ। ਇਕ ਹੋਰ ਦਿਆਲੇ ਨੂੰ ਚੁੱਕ ਕੇ ਬਾਹਰ ਲੈ ਜਾਂਦਾ ਹੈ। ਸਭ ਆਖਦੇ ਹਨ ਕਿ ਉਸ ਦਾ ਬਾਈ ਮਰ ਗਿਆ ਹੈ। ਮਰ ਗਿਆ ਤਾਂ ਕੀ ਹੋ ਗਿਆ ? ਉਸ ਨੂੰ ਸਮਝ ਨਹੀਂ ਆ ਰਹੀ।

‘ਮਰ ਗਿਆ’ ਦਾ ਕੀ ਮਤਲਬ ਹੁੰਦਾ ਹੈ, ਇਸ ਦਾ ਮਤਲਬ ਉਸ ਨੂੰ ਬਾਅਦ ਵਿਚ ਸਮਝ ਆਇਆ ਸੀ। ਇਸ ਦੇ ਇਕ ਨਹੀਂ, ਹਜ਼ਾਰਾਂ ਅਰਥ ਹਨ। ਮਰਨ ਵਾਲੇ ਦੇ ਹਰ ਸੰਬੰਧੀ ਲਈ ਇਸ ਦਾ ਅਰਥ ਵੱਖਰਾ ਹੁੰਦਾ ਹੈ।

ਜਵਾਨ ਪਤਨੀ ਲਈ ਇਸ ਦਾ ਅਰਥ ਹੈ ਖ਼ਾਹਿਸ਼ਾਂ ਅਤੇ ਉਮੰਗਾਂ ਦਾ ਕਤਲ ਹੋਣਾ। ਪੈਰੀਂ ਪੰਜੇਬਾਂ, ਹੱਥੀਂ ਚੂੜੀਆਂ ਅਤੇ ਕੰਨਾਂ ਦੇ ਝੁਮਕਿਆਂ ਦੇ ਮਧੁਰ ਸੰਗੀਤ ਦਾ ਗਲਾ ਘੁੱਟਿਆ ਜਾਣਾ। ਰੰਗੀਨ ਅਤੇ ਲਿਸ਼ਕਦੇ ਕੱਪੜਿਆਂ ਦੇ ਸਿਰ ’ਚ ਸੰਧੂਰ ਦੀ ਲਾਲੀ ਦਾ ਮਿਟ ਜਾਣਾ ਅਤੇ ਸਫ਼ੈਦ ਕੱਪੜਿਆਂ ’ਚ ਕੈਦ ਹੋਣਾ। ਆਂਢ-ਗੁਆਂਢ ਦੇ ਸ਼ਰਾਰਤੀ ਬੰਦਿਆਂ ਦੀਆਂ ਅੱਖਾਂ ਤੋਂ ਬਚਣਾ। ਨਜ਼ਦੀਕੀ ਰਿਸ਼ਤੇ ’ਚ ਲੱਗਦੇ ਬਾਪਾਂ, ਭਰਾਵਾਂ ਅਤੇ ਪੁੱਤਾਂ ਵਰਗੇ ਮਰਦਾਂ ਤੋਂ ਵੀ ਅੱਖ ਚੁਰਾਉਣਾ। ਤਿੱਥਾਂ ਤਿਉਹਾਰਾਂ ਅਤੇ ਵਿਆਹ-ਸ਼ਾਦੀਆਂ ’ਤੇ ਲੋਕਾਂ ਦੇ ਮੱਥੇ ਲੱਗਣੋਂ ਗੁਰੇਜ਼ ਕਰਨਾ। ਦੀਵਾਲੀ ਨੂੰ ਹਨੇਰੇ ’ਚ ਬੈਠ ਕੇ ਸਿਸਕੀਆਂ ਭਰਨਾ। ਕਰਵਾ ਚੌਥ ਨੂੰ ਭੁੱਖਣ-ਭਾਣੇ ਰਹਿ ਕੇ ‘ਵਰਤਣ’ ਨਾ ਅਖਵਾਉਣਾ। ਹਰ ਸਾਲ ਤੁਰ ਗਏ ਮਾਹੀ ਨੂੰ ਯਾਦ ਕਰਨ ਅਤੇ ਵਧ ਰਹੀ ਕਬੀਲਦਾਰੀ ਨੂੰ ਦੇਖ-ਦੇਖ ਤਿਲ-ਤਿਲ ਝੂਰਨਾ। ਚੁੱਲ੍ਹਾ ਮਘਦਾ ਰੱਖਣ ਲਈ ਲੋਕਾਂ ਦੀਆਂ ਦਰੀਆਂ ਬੁਣਨਾ, ਸੂਤ ਕੱਤਣਾ, ਬੋਹੀਏ-ਬੂਟੀਆਂ ਬਣਾਉਣਾ, ਨਾਲੇ ਬੁਣਨੇ ਅਤੇ ਫੁਲਕਾਰੀਆਂ ਕੱਢਣਾ। ‘ਮਰਨ’ ਦੇ ਇਹ ਅਰਥ ਉਸ ਦੀ ਮਾਂ ਨੇ ਆਪਣੇ ਪਿੰਡੇ ’ਤੇ ਹੰਢਾਏ ਸਨ।

ਦਿਆਲੇ ਵਰਗੇ ਅੱਠਾਂ ਸਾਲਾਂ ਦੇ ਪੁੱਤ ਲਈ 'ਮਰ ਗਏ' ਦੇ ਅਰਥ ਹੁੰਦੇ ਹਨ, ਉਸੇ ਦਿਨ ਤੋਂ ਗੰਭੀਰ ਹੋ ਜਾਣਾ। ਸਾਦਾ ਖਾਣਾ ਅਤੇ ਸਾਦਾ ਪਹਿਨਣਾ। ਸਾਥੀਆਂ ਤੋਂ ਕੁੱਟ ਖਾ ਕੇ ਵੀ ਗੁੱਸਾ ਪੀ ਜਾਣਾ। ਖੇਡਣਾ ਘੱਟ, ਪੜ੍ਹਨਾ ਬਹੁਤਾ। ਘਰ ਆ ਕੇ ਮਾਂ ਨਾਲ ਕੰਮ ਕਰਾਉਣਾ। ਵਿਹਲੇ ਸਮੇਂ ਦੁਕਾਨ 'ਤੇ ਨੌਕਰੀ ਕਰਨੀ। ਭੈਣ ਦੇ ਵਿਆਹ ਦਾ ਫ਼ਿਕਰ ਰੱਖਣਾ। ਬਾਪ ਦੇ ਸਿਰੋਂ ਉੱਠ ਜਾਣ ਦੇ ਇਹ ਅਰਥ ਕੱਢੇ ਸਨ ਲਾਲਾ ਜੀ ਨੇ।

ਬਿਨਾਂ ਮਰਦ ਵਾਲੇ ਘਰਾਂ ਦੀਆਂ ਧੀਆਂ ਨੂੰ ਘਰ ਦੀ ਚਾਰਦੀਵਾਰੀ ਅੰਦਰ ਕੈਦ ਰਹਿਣਾ ਹੁੰਦਾ ਹੈ। ਗਲੀ 'ਚ ਕੂੜਾ ਸੁੱਟਣ ਤੋਂ ਪਹਿਲਾਂ ਵੀ ਵੀਹ-ਵੀਹ ਵਾਰ ਇਧਰ-ਉਧਰ ਦੇਖਣਾ ਹੁੰਦਾ ਹੈ। ਕਿਸੇ ਭੈੜੀ ਅੱਖ ਦਾ ਸਾਹਮਣਾ ਤਾਂ ਨਹੀਂ ਕਰਨਾ ਪੈ ਰਿਹਾ ? ਸਹੇਲੀਆਂ ਨਾਲ ਹੱਸਣਾ, ਖੇਡਣਾ, ਤੀਆਂ 'ਚ ਜਾ ਕੇ ਚਾਂਭੜੇ ਪਾਉਣਾ ਉਹਨਾਂ ਲਈ ਵਰਜਿਤ ਹੁੰਦਾ ਹੈ। ਛੋਟੀ ਹੀ ਉਮਰੇ ਇੱਜ਼ਤ ਲੈ ਕੇ ਬੁੱਢੇ-ਠੇਰੇ ਲੜ ਲੱਗਣਾ ਉਸ ਦਾ ਨਸੀਬ ਹੁੰਦਾ ਹੈ। ਲੰਗੜੇ ਫ਼ੌਜੀ ਨੂੰ ਵਿਆਹੀ ਸ਼ਕੁੰਤਲਾ ਉਸੇ ਕਰੋਪੀ ਦਾ ਸੰਤਾਪ ਭੋਗ ਰਹੀ ਹੈ।

"ਗੁਰੂ ਦੇਵ, ਥੋੜ੍ਹੀ ਜਿਹੀ ਚਾਹ ਲਓ.....।" ਜ਼ਿੰਦਗੀ ਦਾ ਪਹਿਲਾ ਕਾਂਡ ਸਮਾਪਤ ਕਰ ਕੇ ਲਾਲਾ ਜੀ ਨੇ ਜਿਉਂ ਹੀ ਅੱਖਾਂ ਖੋਲ੍ਹੀਆਂ, ਰਾਮ ਸਰੂਪ ਨੇ ਝੱਟ ਚਾਹ ਵਾਲਾ ਗਲਾਸ ਅੱਗੇ ਕਰ ਦਿੱਤਾ।

"ਨਹੀਂ। ਮਨ ਨਹੀਂ ਕਰ ਰਿਹਾ....." ਅਸਲ 'ਚ ਅਤੀਤ ਵਿਚ ਗੁਆਚੇ ਲਾਲਾ ਜੀ ਦਾ ਵਰਤਮਾਨ ਵਿਚ ਮੁੜਨ ਨੂੰ ਦਿਲ ਨਹੀਂ ਸੀ ਕਰਦਾ।

"ਥੋੜ੍ਹੀ ਜਿਹੀ ਤਾਂ ਜ਼ਰੂਰ ਲਓ। ਕਾਂਤਾ ਭੈਣ ਜੀ ਨੇ ਕੱਲ੍ਹ ਦਾ ਪਾਣੀ ਤਕ ਨਹੀਂ ਪਰਸਿਆ.....। ਜੇ ਤੁਸੀਂ ਹੀ ਹੌਸਲਾ ਢਾਹ ਗਏ ਤਾਂ ਸਾਡਾ ਕੀ ਬਣੇਗਾ ?" ਯੁਵਾ ਸੰਘ ਦਾ ਸਕੱਤਰ ਦਰਸ਼ਨ ਵੀ ਲਾਲਾ ਜੀ 'ਤੇ ਚਾਹ ਪੀਣ ਲਈ ਜ਼ੋਰ ਪਾ ਰਿਹਾ ਸੀ।

ਲਾਲਾ ਜੀ ਦੀਆਂ ਉਦਾਸ ਅੱਖਾਂ ਬੈਠਕ ਦਾ ਜਾਇਜ਼ਾ ਲੈਣ ਲੱਗੀਆਂ। ਕਿਸੇ ਟਾਵੇਂ-ਟੱਲੇ ਦੇ ਹੱਥ ਵਿਚ ਚਾਹ ਵਾਲਾ ਗਲਾਸ ਫੜਿਆ ਹੋਇਆ ਸੀ। ਅੱਧਿਆਂ ਨਾਲੋਂ ਵੱਧ ਅਜਿਹੇ ਬੰਦੇ ਸਨ ਜਿਹੜੇ ਭੁੱਖੇ ਤਿਹਾਏ ਕੱਲ੍ਹ ਦੇ ਹੀ ਲਾਲਾ ਜੀ ਨਾਲ ਘੁੰਮ ਰਹੇ ਸਨ। ਲਾਲਾ ਜੀ ਤਾਂ ਵਰਤ ਰੱਖਣ ਦੇ ਆਦੀ ਸਨ। ਮਹੀਨੇ 'ਚ ਵੀਹ ਦਿਨ ਵਰਤ ਰੱਖਦੇ ਸਨ। ਇਕ ਦਿਨ ਨਹੀਂ ਖਾਣ-ਪੀਣਗੇ, ਕੋਈ ਫ਼ਰਕ ਨਹੀਂ ਪੈਣ ਲੱਗਾ। ਬਾਕੀਆਂ ਦਾ ਹਾਲ ਬੁਰਾ ਹੋ ਸਕਦਾ ਹੈ। ਕੱਪੜੇ ਵਾਲਾ ਅੰਮ੍ਰਿਤ, ਲੋਹੇ ਵਾਲਾ ਰਾਮਗੜ੍ਹੀਆ ਅਤੇ ਸੇਵਾ ਸੰਮਤੀ ਵਾਲਾ ਮਾਸਟਰ ਤਾਂ ਘੰਟੇ ਵਿਚ ਤਿੰਨ-ਤਿੰਨ ਵਾਰ ਚਾਹ ਪੀਂਦੇ ਹਨ। ਕੈਂਪਾਂ ਵਿਚ ਲਾਲਾ ਜੀ ਉਹਨਾਂ ਨੂੰ ਤਾੜਦੇ ਵੀ ਰਹਿੰਦੇ ਹਨ। ਜਦੋਂ ਵੇਖੋ ਚਾਹ ਸੜ੍ਹਾਕਦੇ ਦੇ ਸੜ੍ਹਾਕਦੇ। ਜੇ ਲਾਲਾ ਜੀ ਭੁੱਖੇ ਬੈਠੇ ਰਹੇ ਤਾਂ ਉਹਨਾਂ ਨੇ ਵੀ ਕੁਝ ਨਹੀਂ ਖਾਣਾ।

ਇਹ ਸਭ ਸੋਚ ਵਿਚਾਰ ਕੇ ਲਾਲਾ ਜੀ ਨੇ ਚਾਹ ਵਾਲਾ ਗਲਾਸ ਫੜ ਲਿਆ।

ਬੰਟੀ ਦੀ ਗ਼ੈਰ-ਹਾਜ਼ਰੀ ਵਿਚ ਭਰਿਆ ਚਾਹ ਦਾ ਘੁੱਟ ਲਾਲਾ ਜੀ ਨੂੰ ਜ਼ਹਿਰ ਵਰਗਾ ਲੱਗਾ। ਉਹ ਮਾਸੂਮ ਪਤਾ ਨਹੀਂ ਕਿਸ ਹਾਲਤ ਵਿਚ ਹੋਵੇਗਾ ? ਸੁੱਤਾ ਵੀ ਹੋਵੇਗਾ ਜਾਂ ਜਾਗਦਾ ਹੀ ਰਿਹਾ ਹੋਵੇਗਾ ? ਬਿਨਾਂ ਕਹਾਣੀ ਸੁਣੇ ਤਾਂ ਉਹ ਸੌਂ ਹੀ ਨਹੀਂ ਸਕਦਾ। ਜਿੰਨਾ ਚਿਰ ਸਿਰ ਵਿਚ ਉਂਗਲਾਂ ਨਾਲ ਮਾਲਿਸ਼ ਨਾ ਕਰੋ, ਉਸ ਨੂੰ ਨੀਂਦ ਨਹੀਂ ਆਉਂਦੀ। ਕਾਂਤਾ ਦੀ ਗੋਦ ਵਿਚ ਬੈਠੇ ਬਿਨਾਂ ਉਹ ਇਕ ਬੁਰਕੀ ਵੀ ਅੰਦਰ ਨਹੀਂ ਕਰਦਾ। ਬੰਟੀ ਇਕ ਪਲ ਲਈ ਵੀ ਅੱਖ ਨਹੀਂ ਝਪਕ ਸਕਿਆ ਹੋਣਾ ਹੈ। ਚੀਕਦਾ ਹੀ ਰਿਹਾ ਹੋਣਾ ਏ। ਗਲਾ ਬਹਿ ਗਿਆ ਹੋਣਾ ਹੈ ਰੋ-ਰੋ। ਕਿਸੇ ਨੇ ਪਾਣੀ ਦੀ ਘੁੱਟ ਵੀ ਨਹੀਂ ਦਿੱਤੀ ਹੋਣੀ।

ਲਾਲਾ ਜੀ ਦੇ ਹੱਥ 'ਚ ਫੜਿਆ ਗਲਾਸ ਦੇਖ-ਦੇਖ ਕੇ ਸਭ ਨੇ ਗਲਾਸ ਫੜ ਲਏ। ਗੁਆਂਢੀਆਂ ਨੇ ਚਾਹ ਤਾਂ ਕਈ ਵਾਰ ਬਣਾ-ਬਣਾ ਲਿਆਂਦੀ ਸੀ ਪਰ ਕਿਸੇ ਨੇ ਵੀ ਮੂੰਹ ਨਹੀਂ ਸੀ ਲਾਈ। ਠੰਢੀ ਹੋ ਕੇ ਖ਼ਰਾਬ ਹੁੰਦੀ ਰਹੀ। ਧਰਮਪਾਲ ਨੇ ਇਸ ਵਾਰ ਚਾਹ ਥੋੜ੍ਹੀ ਹੀ ਲਿਆਂਦੀ ਸੀ। ਕੁਝ ਗਲਾਸਾਂ 'ਚ ਪੈਣ ਨਾਲ ਹੀ ਮੁੱਕ ਗਈ। ਚਾਹ ਵਰਤਦੀ ਦੇਖ ਕੇ ਕਈ ਗੁਆਂਢੀ ਘਰਾਂ ਨੂੰ ਹੋਰ ਚਾਹ ਲੈਣ ਲਈ ਦੌੜ ਪਏ।

ਚਾਹ ਦੀਆਂ ਚੁਸਕੀਆਂ ਲਾਲਾ ਜੀ ਦੇ ਸੀਨੇ 'ਚ ਤੀਰ ਵਾਂਗ ਚੁਭ ਰਹੀਆਂ ਸਨ। ਉਹ ਚਾਹੁੰਦੇ ਸਨ, ਉਹਨ੍ਹਾਂ ਦੇ ਕੰਨ ਬੋਲੇ ਹੋ ਜਾਣ। ਇਹ ਸੰਭਵ ਨਹੀਂ ਸੀ। ਉਹਨਾਂ ਦੁਬਾਰਾ ਕੰਧ ਨਾਲ ਢਾਸਣਾ ਲਾਇਆ ਅਤੇ ਅੱਖਾਂ ਮੀਚ ਲਈਆਂ।

ਪੁੱਤ ਜੰਮ ਕੇ ਮਾਵਾਂ ਸੌ ਵਾਰੀ ਧਰਤੀ ਨਮਸਕਾਰਦੀਆਂ ਹਨ। ਜਿਊਂਦੀ ਮਾਂ ਪੁੱਤ ਦੀ ਛਾਂ ਹੇਠਾਂ ਮੌਜਾਂ ਮਾਣਦੀ ਹੈ। ਮਰ ਕੇ ਵੀ ਪੁੱਤ ਹੱਥੋਂ ਗਤੀ ਕਰਾ ਕੇ ਸਿੱਧੀ ਸੁਰਗ ਨੂੰ ਜਾਂਦੀ ਹੈ। ਲਾਲਾ ਜੀ ਦੀ ਮਾਂ ਨੇ ਜਿਹੜੀਆਂ ਸੁੱਖਾਂ ਉਸ ਦੇ ਜਨਮ ਤੋਂ ਪਹਿਲਾਂ ਸੁੱਖੀਆਂ ਸਨ, ਉਹ ਮਾਂ ਦੇ ਮਰਨ ਤਕ ਵੀ ਪੂਰੀਆਂ ਨਹੀਂ ਸੀ ਹੋ ਸਕੀਆਂ। ਸਾਰੀ ਉਮਰ ਉਹਨੂੰ ਵਰਤ ਰੱਖਣੇ, ਪਾਠ, ਜਗਰਾਤੇ ਅਤੇ ਕਦੇ ਤੀਰਥ ਯਾਤਰਾਵਾਂ ਕਰਨੀਆਂ ਪਈਆਂ ਸਨ।

ਮਾਂ ਨੇ ਆਪਣੀ ਸਾਰੀ ਜ਼ਿੰਦਗੀ ਲਾਲਾ ਜੀ ਦੀ ਖ਼ੁਸ਼ੀ ਲਈ ਲਾ ਦਿੱਤੀ। ਲਾਲਾ ਜੀ ਨੇ ਉਸ ਨੂੰ ਕੀ ਦਿੱਤਾ ? ਦੁੱਖਾਂ ਦੇ ਪਹਾੜ, ਹੰਝੂ ਤੇ ਹਉਕੇ।

ਮਾਂ ਨੇ ਬੜੇ ਸੁਫ਼ਨੇ ਦੇਖੇ ਸਨ। ਹਰਦਿਆਲ ਵੱਡਾ ਹੋ ਕੇ ਅਫ਼ਸਰ ਬਣੇਗਾ। ਕਿਸੇ ਮਲੂਕ ਜਿਹੀ ਕੁੜੀ ਨਾਲ ਵਿਆਹ ਕਰਾਏਗਾ। ਪੋਤਿਆਂ 'ਚ ਖੇਡਦੀ ਬੁੱਢੀ ਨੂੰ ਜਵਾਨੀ 'ਚ ਗਲ ਪਿਆ ਰੰਡੇਪਾ ਭੁੱਲ ਜਾਏਗਾ।

ਹਰਦਿਆਲ ਨੇ ਅਫ਼ਸਰ ਕਿਥੋਂ ਬਣਨਾ ਸੀ ? ਸਕੂਲ ਮਾਸਟਰ ਲਈ ਹੀ ਕਈ ਸਾਲ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪਈਆਂ। ਮਾਂ ਵਿਧਵਾ, ਘਰ ਜਵਾਨ ਭੈਣ, ਮੁੰਡਾ ਮਾਸਟਰ। ਕੁੜੀ ਨੂੰ ਲੜ ਲਾਉਣ ਦੀ ਥਾਂ ਅਗਲਾ ਖੂਹ 'ਚ ਧੱਕਾ ਨਹੀਂ ਦੇ ਦਿਊ। ਨਣਦ ਪਹਿਲਾਂ ਭਰਜਾਈ ਨਾਲ ਆਢਾ ਰੱਖੂ। ਜਾਂਦੀ ਹੋਈ ਸਾਰਾ ਨਿੱਕ-ਸੁੱਕ ਦਾਜ 'ਚ ਲੈ ਜਾਊ। ਮਾਸਟਰ ਦੀ ਤਨਖ਼ਾਹ ਨਾਲ ਤਾਂ ਦੋ ਡੰਗ ਦੀ ਰੋਟੀ ਵੀ ਨਹੀਂ ਪੱਕਦੀ। ਕੋਈ ਕੁੜੀ ਨੂੰ ਨਰਕਾਂ 'ਚ ਧੱਕਣ ਲਈ ਤਿਆਰ ਨਹੀਂ ਸੀ। ਹਰਦਿਆਲ ਦੇ ਵਿਆਹ ਲਈ ਵੀ ਮਾਂ ਨੂੰ ਹੀ ਕਈਆਂ ਦੇ ਪੈਰੀਂ ਚੁੰਨੀ ਧਰਨੀ ਪਈ।

ਨੌਕਰੀ ਅਤੇ ਵਿਆਹ ਤਾਂ ਬਿਗਾਨੇ ਹੱਥ ਸੀ। ਲਾਲਾ ਤਾਂ ਮਾਂ ਦੀ ਜਵਾਕਾਂ ਨਾਲ ਵਿਹੜਾ ਭਰਨ ਦੀ ਖ਼ਾਹਿਸ਼ ਵੀ ਪੂਰੀ ਨਾ ਕਰ ਸਕਿਆ।

ਵਿਆਹ ਦੇ ਤੀਸਰੇ ਮਹੀਨੇ ਹੀ ਬਲਦੇਵ ਆਪਣੀ ਮਾਂ ਦੇ ਪੇਟ ਆ ਪਿਆ। ਬੁੱਢੀ ਦਾ ਧਰਤੀ 'ਤੇ ਪੈਰ ਨਹੀਂ ਸੀ ਪੈਂਦਾ। ਬਹੂ ਨੂੰ ਸਾਰਾ ਦਿਨ ਮੰਦਰਾਂ, ਗੁਰਦੁਆਰਿਆਂ ਅਤੇ ਡੇਰਿਆਂ 'ਚ ਲਈ ਫਿਰਦੀ ਰਹੀ। ਕਦੇ ਧਾਗੇ ਕਰਾਉਂਦੀ, ਕਦੇ ਤਵੀਤ। ਕਦੇ ਕਿਸੇ ਪੰਡਤ ਤੋਂ ਪਾਣੀ ਕਰਾ ਲਿਆਈ ਅਤੇ ਕਦੇ ਕਿਸੇ ਸਾਧੂ ਤੋਂ ਭਬੂਤੀ। ਪੋਤੇ ਦਾ ਮੂੰਹ ਦੇਖਣ ਨੂੰ ਉਹ ਹਾਬੜੀ ਪਈ ਸੀ।

ਸੌਧਾਂ ਦੇ ਪੇਟ ਦਾ ਦਰਦ ਉਸ ਦਾ ਖਹਿੜਾ ਨਹੀਂ ਸੀ ਛੱਡ ਰਿਹਾ। ਸਾਰਾ ਦਿਨ 'ਢੂਹੀ, ਢੂਹੀ' ਕਰਦੀ ਮੰਜਾ ਮੱਲੀ ਰੱਖਦੀ। ਲਾਲਾ ਬਥੇਰੀ ਦੁਹਾਈ ਦਿੰਦਾ ਸੀ, ਉਸ ਨੂੰ ਡਾਕਟਰ ਕੋਲ ਲਿਜਾਣਾ ਚਾਹੀਦੈ। ਮਾਂ ਪੱਟੀ ਨਹੀਂ ਸੀ ਬੰਨ੍ਹਣ ਦਿੰਦੀ।

"ਤੈਨੂੰ ਬਹੂ ਦਾ ਹੇਰਵਾ ਮਾਰ ਗਿਐ। ਵੇ ਇਹ ਬੁੱਢੀਆਂ ਵਾਲੀਆਂ ਬੀਮਾਰੀਆਂ ਨੇ। ਬੁੱਢੀਆਂ

ਹੀ ਇਹਦਾ ਇਲਾਜ ਜਾਣਦੀਆਂ ਨੇ। ਪਹਿਲਾ ਜਾਪਾ ਹੈ, ਬਹੂ ਦਾ ਸਰੀਰ ਨਾਜ਼ੁਕ ਜਿਹਾ ਹੈ। ਆਪੇ ਠੀਕ ਹੋ ਜੂ।"

ਨਾ ਸੌਧਾਂ ਨੇ ਠੀਕ ਹੋਣਾ ਸੀ, ਨਾ ਹੋਈ। ਸੱਸ ਦੀ ਗੋਦ 'ਚ ਚੰਦ ਵਰਗਾ ਪੋਤਾ ਪਾ ਕੇ ਨੂੰਹ ਦੁਨੀਆਂ ਤੋਂ ਕਿਨਾਰਾ ਕਰ ਗਈ।

ਕਬੀਲਦਾਰੀ ਦਾ ਜੂਲਾ ਮਸਾਂ ਮਾਂ ਨੇ ਗਲੋਂ ਲਾਹਿਆ ਸੀ। ਸੌਧਾਂ ਦੇ ਮਰਨ ਨਾਲ ਮੁੜ ਗਲ ਆ ਪਿਆ। ਦਿਨਾਂ ਦੇ ਬੱਚੇ ਦੀ ਪਰਵਰਿਸ਼ ਅਤੇ ਉੱਤੇ ਚੁੱਲ੍ਹੇ 'ਚ ਸਿਰ।

ਲਾਲਾ ਜੀ ਲਈ ਆਪਣਾ ਹੀ ਘਰ ਬੇਗਾਨਾ ਹੋ ਗਿਆ। ਧੋਬੀ ਦੇ ਕੁੱਤੇ ਵਾਂਗ ਉਹ ਨਾ ਘਰ ਦਾ ਰਿਹਾ, ਨਾ ਘਾਟ ਦਾ। ਘਰੇ ਆਉਂਦਾ ਤਾਂ ਕੰਧਾਂ ਵੱਢ-ਵੱਢ ਖਾਂਦੀਆਂ। ਬਾਹਰ ਹੁੰਦਾ ਤਾਂ ਬਲਦੇਵ ਦੀਆਂ ਚੀਕਾਂ ਘਰ ਨੂੰ ਧੂਹਦੀਆਂ। ਮਰਜ਼ੀ ਦਾ ਖਾਣਾ ਪੀਣਾ ਮੁੱਕ ਗਿਆ। ਧੋਤਾ ਕੱਪੜਾ ਮਿਲਣੋਂ ਹਟ ਗਿਆ। ਨਾ ਕਿਸੇ ਨਾਲ ਦੁੱਖ-ਸੁਖ ਸਾਂਝਾ ਹੋਣਾ, ਨਾ ਮਨ ਦਾ ਗੁਬਾਰ ਨਿਕਲ ਸਕਣਾ। ਚੁੱਪ ਕਰ ਕੇ ਘਰ ਆਉਣਾ, ਰੋਟੀ ਅੰਦਰ ਸੁੱਟਣੀ ਅਤੇ ਮੰਜਾ ਮੱਲ ਲੈਣਾ।

ਬਲਦੇਵ ਨੂੰ ਕਦੇ ਬੁਖ਼ਾਰ ਹੈ, ਕਦੇ ਖੰਘ ਅਤੇ ਕਦੇ ਟੱਟੀਆਂ। ਕਦੇ ਗਰਮੀ ਲੱਗ ਜਾਣੀ, ਕਦੇ ਠੰਢ। ਸਾਰੀ-ਸਾਰੀ ਰਾਤ ਜਗਰਾਤਾ ਕਰਨ ਦੀ ਮਾਂ 'ਚ ਹਿੰਮਤ ਨਹੀਂ ਸੀ। ਉਹਦੀ ਰੋਂਦੀ ਦੀ ਨਿਗਾਹ ਕਮਜ਼ੋਰ ਹੋ ਗਈ ਸੀ। ਗੋਡੇ ਵੀ ਜਵਾਬ ਦਿੰਦੇ ਜਾ ਰਹੇ ਸਨ।

ਆਥਣ-ਉਗਣ ਮਾਂ ਸਮਝਾਉਣ ਲੱਗਦੀ। ਮਰ ਗਿਆਂ ਨੂੰ ਦਿਲ 'ਚ ਲਈ ਫਿਰਨਾ ਕੋਈ ਸਿਆਣਪ ਨਹੀਂ ਹੁੰਦੀ। ਚੁੱਪ ਕਰ ਕੇ ਦੂਜਾ ਵਿਆਹ ਕਰਾ ਲੈ। ਮਰਦ ਕਿੰਨਾ ਕੁ ਚਿਰ ਬੱਚੇ ਦਾ ਹੱਗਣਾ-ਮੂਤਣਾ ਕਰ ਸਕਦਾ ਹੈ। ਇਹ ਕੰਮ ਤਾਂ ਔਰਤ ਹੀ ਕਰ ਸਕਦੀ ਹੈ।

ਕੁਝ ਵੀ ਸੀ। ਲਾਲਾ ਜੀ ਦਾ ਫ਼ੈਸਲਾ ਅਟੱਲ ਸੀ। ਨਾ ਉਹਨੇ ਦੂਜਾ ਵਿਆਹ ਕਰਾਉਣਾ ਸੀ, ਨਾ ਕਰਾਇਆ। ਜਦੋਂ ਪਹਿਲੀ ਹੀ ਧੋਖਾ ਦੇ ਗਈ ਤਾਂ ਦੂਜੀ ਦਾ ਕੀ ਭਰੋਸਾ ? ਨਾਲੇ ਮਤਰੇਈ ਹੱਥ ਬਲਦੇਵ ਦਾ ਕੀ ਬਣੇਗਾ ? ਉਹ ਆਪਣੇ ਸੁਖ ਲਈ ਬਲਦੇਵ ਦੀ ਜ਼ਿੰਦਗੀ ਨੂੰ ਨਰਕ ਨਹੀਂ ਬਣਾਏਗਾ।

"ਗੁਰੂ ਦੇਵ, ਜ਼ਰਾ ਥਾਲ ਨੂੰ ਹੱਥ ਲਾ ਦਿਓ।" ਦਰਸ਼ਨ ਨੇ ਪਤਾਸਿਆਂ ਨਾਲ ਭਰੇ ਥਾਲ ਨੂੰ ਲਾਲਾ ਜੀ ਅੱਗੇ ਕਰ ਕੇ ਉਹਨਾਂ ਦੀ ਇਕਾਗਰਤਾ ਭੰਗ ਕੀਤੀ। ਪਤਾਸਿਆਂ ਉਪਰ ਪਿਆ ਇਕ ਤਵੀਤ ਵੀ ਚਮਕ ਰਿਹਾ ਸੀ।

ਲਾਲਾ ਜੀ ਨੇ ਕੁਝ ਨਹੀਂ ਪੁੱਛਿਆ ਇਹ ਕੀ ਹੈ ? ਉਹਨਾਂ ਦਾ ਮਨ ਕਿਸੇ ਨਾਲ ਵੀ ਗੱਲ ਕਰਨ ਨੂੰ ਤਿਆਰ ਨਹੀਂ ਸੀ। ਉਹ ਬੱਸ ਸੋਚੀ ਹੀ ਜਾਣਾ ਚਾਹੁੰਦੇ ਸਨ। ਚੁੱਪ ਕਰ ਕੇ ਉਹਨਾਂ ਥਾਲ ਨੂੰ ਹੱਥ ਲਾ ਦਿੱਤਾ।

ਦਰਸ਼ਨ ਆਪੇ ਦੱਸਣ ਲੱਗਾ। ਸੰਤੀ ਤਵੀਤ ਕਰਾ ਕੇ ਲਿਆਈ ਹੈ। ਤਵੀਤ ਨੂੰ ਚਰਖੇ ਦੇ ਮੁੰਨੇ ਨਾਲ ਬੰਨ੍ਹ ਕੇ ਚਰਖੇ ਨੂੰ ਪੁੱਠਾ ਘੁਮਾਉਣਾ ਹੈ। ਮੂੰਹ ਵਿਚ ਸੌ ਵਾਰੀ ਮੰਤਰ ਦਾ ਜਾਪ ਕਰਨਾ ਹੈ। ਫੇਰ ਤਵੀਤ ਨੂੰ ਮੁੰਨੇ ਨਾਲੋਂ ਲਾਹ ਕੇ ਲਾਲ ਮਿਰਚਾਂ ਵਾਲੇ ਠੀਕਰੇ ਵਿਚ ਪਾ ਕੇ ਸਾੜਨਾ ਹੈ। ਇਹ ਸੇਕ ਬੰਟੀ ਨੂੰ ਚੁੱਕਣ ਵਾਲਿਆਂ ਨੂੰ ਪੁੱਜਣਾ ਹੈ। ਉਹਨਾਂ ਦੇ ਸਰੀਰਾਂ ਨੇ ਉਸ ਸਮੇਂ ਤਕ ਮੱਚਦੇ ਰਹਿਣਾ ਹੈ, ਜਦੋਂ ਤਕ ਉਹ ਬੰਟੀ ਨੂੰ ਵਾਪਸ ਨਹੀਂ ਭੇਜਦੇ।

ਸੰਤੀ ਨੂੰ ਉੱਡਦੀ-ਉੱਡਦੀ ਖ਼ਬਰ ਅੱਧੀ ਰਾਤੀਂ ਮਿਲੀ ਸੀ। ਉਸੇ ਵਕਤ ਉਹ ਸੰਤਾਂ ਦੇ ਡੇਰੇ ਗਈ ਸੀ। ਪਹਿਲਾਂ ਤਾਂ ਕੱਚੀ ਨੀਂਦ ਉੱਠਣ ਕਰਕੇ ਸੰਤ ਝਈਆਂ ਲੈ-ਲੈ ਪਏ, ਪਰ ਜਦੋਂ ਲਾਲਾ ਜੀ 'ਤੇ ਪਈ ਭੀੜ ਦੀ ਗੱਲ ਸੁਣੀ ਤਾਂ ਠੰਢੇ ਹੋ ਗਏ। ਉਹਨਾਂ ਪੂਰਾ ਜ਼ੋਰ ਲਾ ਕੇ ਤਵੀਤ ਤਿਆਰ

ਕੀਤਾ ਸੀ। ਟੂਣੇ-ਟਾਮਣਾ ਵਿਚ ਸੰਤ ਜੀ ਦੂਰ-ਦੂਰ ਤਕ ਮਸ਼ਹੂਰ ਹਨ। ਉਹਨਾਂ ਦਾ ਤਵੀਤ ਆਲ੍ਹਾ ਨਹੀਂ ਜਾਂਦਾ।

ਕੁਝ ਹੀ ਮਿੰਟਾਂ ਬਾਅਦ ਚਰਖਾ ਪੁੱਠਾ ਘੁੰਮਣ ਲੱਗਾ।

ਪੁੱਠੀਆਂ ਚੱਕੀਆਂ ਤਾਂ ਪਹਿਲਾਂ ਹੀ ਘਰ 'ਚ ਚੱਲ ਰਹੀਆਂ ਸਨ। ਇਹ ਟੂਣਾ ਸਾਧਾਂ ਦੀ ਵੀਰੋ ਨੇ ਦੱਸਿਆ ਸੀ। ਉਹ ਆਖਦੀ ਸੀ ਜਦੋਂ ਓਹ ਛੋਟੀ ਸੀ ਤਾਂ ਉਹਦਾ ਮਾਮਾ ਮਾਮੀ ਨਾਲ ਲੜ ਕੇ ਘਰੋਂ ਨਿਕਲ ਗਿਆ ਸੀ। ਬੀੜ 'ਚ ਆਏ ਇਕ ਸਾਧ ਨੇ ਇਹ ਟੂਣਾ ਦੱਸਿਆ ਸੀ। ਮਾਮੀ ਨੇ ਤਿੰਨ ਦਿਨ ਪੁੱਟੀ ਚੱਕੀ ਘੁਮਾਈ। ਚੌਥੇ ਦਿਨ ਮਾਮਾ ਘਰੇ ਆ ਵੜਿਆ।

ਪੁੱਠਾ ਤਵਾ ਤਾਂ ਰਾਤ ਕਾਂਤਾ ਨੇ ਆਪ ਹੀ ਚਾੜ੍ਹ ਲਿਆ ਸੀ। ਕਿਸੇ ਸਮੇਂ ਉਹਦੀ ਮਾਂ ਨੇ ਦੱਸਿਆ ਸੀ ਕਿ ਜੇ ਕਿਸੇ ਦਾ ਪਸ਼ੂ ਗੁਆਚਾ ਹੋਵੇ ਤਾਂ ਪੁੱਠੇ ਤਵੇਂ 'ਤੇ ਰੋਟੀ ਲਾਹੁਣ ਨਾਲ ਪਸ਼ੂ ਖੁਰਲੀ 'ਤੇ ਮੁੜ ਆਉਂਦੈ। ਜੇ ਜਾਨਵਰ ਮੁੜ ਸਕਦੈ ਤਾਂ ਬੰਦਾ ਕਿਉਂ ਨਹੀਂ। ਰੋਟੀਆਂ ਨਾਲ ਉਹਦਾ ਡੱਬਾ ਭਰ ਗਿਆ ਸੀ।

ਚਰਖਿਆਂ, ਚੱਕੀਆਂ ਦੀ ਘੂਕਰ ਲਾਲਾ ਜੀ ਨੂੰ ਬੇਚੈਨ ਕਰ ਰਹੀ ਸੀ। ਸੰਤੀ ਦਾ ਉੱਚੀ-ਉੱਚੀ ਮੰਤਰ ਪੜ੍ਹਨਾ ਉਹਨਾਂ ਨੂੰ ਹੋਰ ਵੀ ਬੁਰਾ ਲੱਗ ਰਿਹਾ ਸੀ।

ਸੰਤੀ ਆਪਣੀ ਪੂਰੀ ਵਾਹ ਲਾ ਰਹੀ ਸੀ। ਉਹ ਲਾਲਾ ਜੀ ਦੇ ਸਾਰੇ ਅਹਿਸਾਨ ਚੁਕਾ ਦੇਣਾ ਚਾਹੁੰਦੀ ਸੀ। ਉਸ ਦਾ ਪੰਡਤ ਤਾਂ ਭਰੀ ਜਵਾਨੀ ਵਿਚ ਹੀ ਚਾਰ ਧੀਆਂ ਛੱਡ ਕੇ ਤੁਰ ਗਿਆ ਸੀ। ਕੋਠੇ ਵਰਗੀਆਂ ਧੀਆਂ ਨਾਲ ਪਤਾ ਨਹੀਂ ਕੀ ਬੀਤਦੀ। ਲਾਲਾ ਜੀ ਨੇ ਰਹਿਮ ਕੀਤਾ ਸੀ। ਇਕ-ਇਕ ਕਰਕੇ ਰਾਮ ਲੀਲ੍ਹਾ ਕਮੇਟੀ ਵੱਲੋਂ ਸੀਤਾ-ਸਵੰਬਰ ਵਾਲੇ ਦਿਨ ਸਾਰੀਆਂ ਵਿਆਹ ਦਿੱਤੀਆਂ। ਵਰ ਵੀ ਵਧੀਆ ਟੱਕਰੇ ਅਤੇ ਦਹੇਜ਼ ਵੀ ਸ਼ਰੀਕਾਂ ਨਾਲੋਂ ਵੱਧ ਇਕੱਠਾ ਹੋਇਆ। ਸਾਰੀਆਂ ਧੀਆਂ ਲਾਲਾ ਜੀ ਦੀ ਕਿਰਪਾ ਕਰਕੇ ਸੁਖੀ ਵੱਸਦੀਆਂ ਨੇ।

ਸੰਤੀ ਦੇ ਮੰਤਰ ਤੋਂ ਖਹਿੜਾ ਛੁਡਾਉਣ ਲਈ ਲਾਲਾ ਜੀ ਨੇ ਆਪਣਾ ਧਿਆਨ ਫ਼ੋਟੋਆਂ 'ਚ ਲਗਾ ਦਿੱਤਾ। ਕਦੇ ਬਲਦੇਵ ਦੀ ਫ਼ੋਟੋ ਵਿਚੋਂ ਉਹਨਾਂ ਨੂੰ ਬੰਟੀ ਦੇ ਭਵਿੱਖ ਦੇ ਝਉਲੇ ਪੈਂਦੇ ਅਤੇ ਕਦੇ ਬੰਟੀ ਦੀ ਫ਼ੋਟੋ ਵਿਚੋਂ ਬਲਦੇਵ ਦੇ ਅਤੀਤ ਦੇ। ਕਦੇ ਬੰਟੀ ਬਲਦੇਵ ਬਣ ਜਾਂਦਾ ਅਤੇ ਕਦੇ ਬਲਦੇਵ ਬੰਟੀ। ਦੋਨੋਂ ਇਕ-ਮਿੱਕ ਹੋ ਗਏ ਲੱਗਦੇ ਸਨ।

ਬੰਟੀ ਦੀ ਉਮਰ 'ਚ ਬਲਦੇਵ ਬੰਟੀ ਵਰਗਾ ਹੁੰਦਾ ਸੀ। ਮੋਟੀਆਂ-ਮੋਟੀਆਂ ਅੱਖਾਂ, ਗੁੰਦਵਾਂ ਸਰੀਰ ਅਤੇ ਸਾਫ਼ ਸੁਥਰੀ ਆਵਾਜ਼।

ਪੰਜਵੇਂ ਵਰ੍ਹੇ ਹੀ ਜੇ ਚੰਦਰੀ ਬੀਮਾਰੀ ਨਾ ਚੰਬੜੀ ਹੁੰਦੀ ਤਾਂ ਬਲਦੇਵ ਨੇ ਵੀ ਲਾਲਾ ਜੀ ਵਰਗਾ ਹੀ ਭਰ ਜਵਾਨ ਗੱਭਰੂ ਨਿਕਲਣਾ ਸੀ। ਓਪਰੇ ਦੁੱਧ ਅਤੇ ਵੇਲੇ-ਕੁਵੇਲੇ ਦੀ ਠੰਢੀ-ਤੱਤੀ ਰੋਟੀ ਨੇ ਉਹਦਾ ਮਿਹਦਾ ਕਮਜ਼ੋਰ ਕਰ ਦਿੱਤਾ। ਦਸੀਂ-ਪੰਦਰੀ ਦਿਨੀ ਉਹ ਮੰਜੀ ਮੱਲ ਲੈਂਦਾ। ਪਾਣੀ ਤਕ ਨਾ ਪਚਦਾ। ਡਾਕਟਰ ਉਹਦਾ ਖਾਣਾ-ਪੀਣਾ ਬੰਦ ਕਰ ਦਿੰਦੇ। ਕਈ-ਕਈ ਦਿਨ ਉਹ ਹਸਪਤਾਲ ਵਿਚ ਰੁਲਦੇ ਰਹਿੰਦੇ।

ਹਸਪਤਾਲ ਦੇ ਚੱਕਰ ਕੱਟਦੇ-ਕੱਟਦੇ ਲਾਲਾ ਜੀ ਦੀ ਜ਼ਿੰਦਗੀ ਨੇ ਮੋੜ ਕੱਟਿਆ ਸੀ। ਬਲਦੇਵ ਲਾਲਾ ਜੀ ਦੀ ਹਾਜ਼ਰੀ ਤਾਂ ਭਾਲਦਾ ਸੀ ਪਰ ਟਹਿਲ ਸੇਵਾ ਨਹੀਂ। ਵਿਹਲਾ ਬੈਠਾ ਹਰਦਿਆਲ ਸਮਾਂ ਲੰਘਾਉਣ ਲਈ ਮਰੀਜ਼ਾਂ ਦੇ ਛੋਟੇ-ਮੋਟੇ ਕੰਮ ਕਰਦਾ ਰਹਿੰਦਾ। ਕਿਸੇ ਨੂੰ ਦਵਾਈ ਲਿਆ ਦਿੱਤੀ, ਕਿਸੇ ਦਾ ਦੁੱਧ ਗਰਮ ਕਰਾ ਲਿਆਂਦਾ ਅਤੇ ਕਿਸੇ ਨੂੰ ਟੱਟੀ ਪੇਸ਼ਾਬ ਕਰਾ ਦਿੱਤਾ।

ਕਈ ਵਾਰ ਅਜਿਹੇ ਮਰੀਜ਼ ਵੀ ਆਉਂਦੇ, ਜਿਨ੍ਹਾਂ ਦੀ ਉੱਘ-ਸੁੱਘ ਲੈਣ ਵਾਲਾ ਕੋਈ ਨਾ ਹੁੰਦਾ। ਉਸ ਬਦਨਸੀਬ ਨੂੰ ਹਸਪਤਾਲ ਵਾਲੇ ਵੀ ਨਾ ਗੌਲਦੇ। ਕਈ ਦੇਖ-ਭਾਲ ਬਾਝੋਂ ਦਮ ਤੋੜ ਜਾਂਦੇ। ਅਜਿਹੇ ਹੀ ਦੋ ਮਰੀਜ਼ਾਂ ਨੂੰ ਮੌਤ ਦੇ ਮੂੰਹੋਂ ਬਚਾ ਕੇ ਲਾਲਾ ਜੀ ਨੂੰ ਅਜੀਬ ਜਿਹਾ ਸਕੂਨ ਮਿਲਿਆ ਸੀ। ਉਹਨਾਂ ਦੇ ਗ਼ਮ, ਖ਼ੁਸ਼ੀ ਵਿਚ ਬਦਲਣ ਲੱਗੇ ਸਨ। ਉਹਨਾਂ ਨੂੰ ਖ਼ੁਸ਼ੀ ਦਾ ਰਾਹ ਦਿਸ ਗਿਆ ਸੀ।

ਬਲਦੇਵ ਰਾਜ਼ੀ ਵੀ ਹੁੰਦਾ ਤਾਂ ਉਹ ਹਸਪਤਾਲ ਗੇੜਾ ਮਾਰਦੇ। ਮਰੀਜ਼ਾਂ ਨੂੰ ਵੀ ਉਹਦੀ ਲੋੜ ਮਹਿਸੂਸ ਹੋਣ ਲੱਗੀ ਸੀ। ਉਹ ਇਕ ਦਿਨ ਗੇੜਾ ਨਾ ਮਾਰਦਾ ਤਾਂ ਮਰੀਜ਼ਾਂ ਦੇ ਚਿਹਰੇ ਮੁਰਝਾ ਜਾਂਦੇ। ਕਿਸੇ ਦੇ ਕੱਪੜੇ ਗੰਦੇ ਰਹਿ ਜਾਂਦੇ, ਕਿਸੇ ਨੂੰ ਦੁੱਧ ਨਾ ਮਿਲਦਾ ਅਤੇ ਕਿਸੇ ਦੀ ਦਵਾਈ ਖੁੰਝ ਜਾਂਦੀ।

ਵੱਡਾ ਹੋਇਆ ਬਲਦੇਵ ਸਕੂਲ ਜਾਣ ਲੱਗਾ। ਕਰਨ ਲਈ ਲਾਲਾ ਜੀ ਕੋਲ ਹੋਰ ਕੋਈ ਕੰਮ ਨਹੀਂ ਸੀ। ਸਕੂਲੋਂ ਮੁੜਦੇ ਉਹ ਹਸਪਤਾਲ ਰੁਕਣ ਲੱਗੇ। ਜਿੰਨਾ ਕੁ ਸਰਦਾ ਕੋਲੋਂ ਖ਼ਰਚ ਦਿੰਦੇ, ਬਾਕੀ ਇਧਰੋਂ ਉਧਰੋਂ ਮੰਗ ਲੈਂਦੇ। ਸੇਵਾ ਸੰਮਤੀ ਨਵੀਂ-ਨਵੀਂ ਬਣੀ ਸੀ। ਲਾਲਾ ਜੀ ਦੀ ਰੀਸ ਨਾਲ ਉਹ ਵੀ ਮਰੀਜ਼ਾਂ ਵੱਲ ਧਿਆਨ ਦੇਣ ਲੱਗੀ। ਫਿਰ ਪੈਸਾ ਸੇਵਾ-ਸੰਮਤੀ ਵਾਲੇ ਖ਼ਰਚਣ ਲੱਗੇ, ਦੇਖ-ਭਾਲ ਲਾਲਾ ਜੀ ਕਰ ਦਿੰਦੇ। ਮਰੀਜ਼ਾਂ ਲਈ ਤਾਂ ਲਾਲਾ ਜੀ ਮਸੀਹਾ ਹੀ ਬਣ ਗਏ।

ਹਸਪਤਾਲ 'ਚ ਲਾਵਾਰਸ ਲਾਸ਼ਾਂ ਵੀ ਟੱਕਰਨ ਲੱਗੀਆਂ। ਲਾਵਾਰਸ ਲਾਸ਼ ਨੂੰ ਕਮੇਟੀ ਵਾਲੇ ਜਦੋਂ ਮਰੇ ਕੁੱਤੇ ਵਾਂਗ ਕੂੜੇ ਵਾਲੀ ਰੇਹੜੀ ਵਿਚ ਲੱਦ ਕੇ ਸ਼ਮਸ਼ਾਨ ਘਾਟ ਵੱਲ ਲਿਜਾਂਦੇ ਤਾਂ ਲਾਲਾ ਜੀ ਦੀਆਂ ਅੱਖਾਂ ਭਰ ਆਉਂਦੀਆਂ। ਕਿੰਨੀਆਂ ਆਸਾਂ ਲੈ ਕੇ ਜਿਊਂਦਾ ਹੈ ਮਨੁੱਖ! ਜਦੋਂ ਸੰਘਰਸ਼ ਹਾਰ ਜਾਂਦਾ ਹੈ ਤਾਂ ਕੁੱਤਿਆਂ ਨਾਲੋਂ ਵੀ ਭੈੜੀ ਮੌਤ ਮਰਦਾ ਹੈ। ਕਈਆਂ ਨੂੰ ਤਾਂ ਕਫ਼ਨ ਵੀ ਨਸੀਬ ਨਹੀਂ ਸੀ ਹੁੰਦਾ। ਕਮੇਟੀ ਵਾਲੇ ਤਾਂ ਲੱਕੜਾਂ ਵੀ ਪੂਰੀਆਂ ਨਹੀਂ ਸੀ ਪਾਉਂਦੇ। ਪਾਥੀਆਂ ਨਾਲ ਹੀ ਸਾਰ ਦਿੰਦੇ ਸਨ। ਨਾ ਕੋਈ ਕਿਰਿਆ ਕਰਮ, ਨਾ ਸ਼ਰਾਧ। ਫੁੱਲ ਗੰਗਾ ਪਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਮਰਨ ਵਾਲੇ ਦੀ ਰੂਹ ਭਟਕਦੀ ਹੈ ਤਾਂ ਭਟਕਦੀ ਰਹੇ। ਕਿਸੇ ਨੂੰ ਕੀ?

ਲਾਸ਼ਾਂ ਨੂੰ ਮਾਣ-ਇੱਜ਼ਤ ਬਖ਼ਸ਼ਣ ਲਈ ਲਾਲਾ ਜੀ ਨੂੰ ਬਹੁਤ ਭੱਜ-ਨੱਠ ਕਰਨੀ ਪਈ। ਕੁਝ ਖ਼ਰਚ ਕਮੇਟੀ ਤੋਂ ਮਨਜ਼ੂਰ ਕਰਾਇਆ, ਕੁਝ ਸੇਵਾ ਸੰਮਤੀ ਤੋਂ ਅਤੇ ਬਾਕੀ ਮਹਾਂਬੀਰ ਦਲ ਤੋਂ। ਕਿਰਿਆ ਕਰਮ ਉਹ ਆਪਣੇ ਹੱਥੀਂ ਕਰਾਉਂਦੇ। ਹਰਿਦੁਆਰ ਜਾ ਕੇ ਸਾਰੇ ਬਦਨਸੀਬਾਂ ਦੇ ਫੁੱਲ ਵੀ ਗੰਗਾ ਪਾ ਆਉਂਦੇ।

ਸ਼ਮਸ਼ਾਨ ਘਾਟ ਜਾਣ ਲੱਗੇ ਤਾਂ ਉਥੋਂ ਦੀਆਂ ਤਕਲੀਫ਼ਾਂ ਸਤਾਉਣ ਲੱਗੀਆਂ। ਮਲ੍ਹੇ, ਝਾੜੀਆਂ, ਟੁੱਟੇ ਘੜਿਆਂ ਦੀਆਂ ਠੀਕਰੀਆਂ, ਮੱਟੀਆਂ ਦੀਆਂ ਉੱਖੜੀਆਂ ਇੱਟਾਂ ਤੋਂ ਸਿਵਾ ਕੁਝ ਵੀ ਨਹੀਂ ਸੀ ਉਥੇ। ਲੱਕੜਾਂ ਲੈਣ ਲਈ ਕੋਹ ਵਾਟ ਜਾਣਾ ਪੈਂਦਾ। ਗਰਮੀਆਂ 'ਚ ਨੜੋਏ ਨਾਲ ਆਏ ਬੰਦੇ ਗਰਮੀ ਨਾਲ ਹੀ ਅਧ-ਮੋਏ ਹੋ ਜਾਂਦੇ। ਨਾ ਬੈਠਣ ਨੂੰ ਥਾਂ, ਨਾ ਪੀਣ ਨੂੰ ਪਾਣੀ। ਕੋਈ ਚਾਰ ਦੀਵਾਰੀ ਨਹੀਂ, ਕੋਈ ਰਖਵਾਲਾ ਨਹੀਂ। ਕਈ ਵਾਰ ਕੁੱਤੇ ਤਾਜ਼ੇ ਦੱਬੇ ਬੱਚਿਆਂ ਦੀਆਂ ਲਾਸ਼ਾਂ ਕੱਢ ਲੈਂਦੇ ਅਤੇ ਲੱਤਾਂ ਬਾਹਾਂ ਘੜੀਸੀ ਫਿਰਦੇ। ਮੀਂਹ ਕਣੀ ਹੁੰਦੀ ਤਾਂ ਤਿੰਨ-ਤਿੰਨ ਚਾਰ-ਚਾਰ ਦਿਨ ਲਾਸ਼ ਬਿੱਲੇ ਨਾ ਲੱਗਦੀ।

ਲਾਲਾ ਜੀ ਨੇ ਪਹਿਲਾਂ ਕਮੇਟੀ ਬਣਾਈ। ਲੱਕੜਾਂ ਸੁਟਵਾਈਆਂ, ਨਲਕਾ ਲਵਾਇਆ ਅਤੇ ਆਖ਼ਰ ਵਿਚ ਸ਼ੈੱਡ ਬਣਾਏ। ਲੋਕਾਂ ਨੂੰ ਥੋੜ੍ਹਾ ਜਿਹਾ ਸੁਖ ਦਾ ਸਾਹ ਆਉਣ ਲੱਗਾ ਤਾਂ ਆਪਣੇ ਆਪ ਦਾਨ ਦੇਣ ਲੱਗੇ।

ਮਿੱਠੂ ਸੇਠ ਨੇ ਆਪਣੀ ਪੁਰਾਣੀ ਹਵੇਲੀ ਸ਼ਮਸ਼ਾਨ ਘਾਟ ਦੇ ਨਾਂ ਲਗਵਾ ਦਿੱਤੀ। ਉਸ ਨੂੰ ਹਵੇਲੀ ਦਾ ਕੋਈ ਫ਼ਾਇਦਾ ਨਹੀਂ ਸੀ। ਤਿੰਨ ਪੁਸ਼ਤਾਂ ਤੋਂ ਹੀ ਇਹ ਹਵੇਲੀ ਉਜਾੜ ਪਈ ਸੀ। ਕਦੇ ਕੋਈ ਇਥੇ ਰਹਿੰਦਾ ਵੀ ਰਿਹਾ ਸੀ ਜਾਂ ਨਹੀਂ, ਕਿਸੇ ਨੂੰ ਨਹੀਂ ਪਤਾ। ਲੋਕਾਂ ਨੂੰ ਇਸ ਹਵੇਲੀ ਬਾਰੇ ਪ੍ਰਚੱਲਤ ਦੰਦ-ਕਥਾਵਾਂ ਦਾ ਹੀ ਪਤਾ ਸੀ। ਜਿਸ ਸੇਠ ਨੇ ਇਹ ਹਵੇਲੀ ਬਣਵਾਈ ਸੀ, ਉਹ ਚੌਦਾਂ ਧੀਆਂ-ਪੁੱਤ ਜੰਮ ਕੇ ਵੀ ਔਂਤ ਮਰਿਆ ਸੀ। ਉਸ ਜੋੜੇ ਦੀ ਰੂਹ ਇਸ ਹਵੇਲੀ ਵਿਚ ਭਟਕਦੀ ਫਿਰਦੀ ਹੈ। ਲੋਕਾਂ ਨੇ ਤਰ੍ਹਾਂ-ਤਰ੍ਹਾਂ ਦੀਆਂ ਅਵਾਜ਼ਾਂ ਅਤੇ ਚੀਕਾਂ ਇਸ ਹਵੇਲੀ ਵਿਚੋਂ ਸੁਣੀਆਂ ਸਨ। ਕਈ ਆਖਦੇ ਸਨ ਇਥੇ ਕਾਲਾ ਨਾਗ ਸਾਰਾ ਦਿਨ ਫੁੰਕਾਰੇ ਮਾਰਦਾ ਰਹਿੰਦਾ ਹੈ। ਹਵੇਲੀ 'ਚ ਰਹਿਣਾ ਤਾਂ ਇਕ ਪਾਸੇ ਰਿਹਾ, ਡਰਦਾ ਕੋਈ ਉਧਰ ਦੀ ਲੰਘਦਾ ਵੀ ਨਹੀਂ ਸੀ। ਅੱਧ-ਪਚੱਧ ਹਵੇਲੀ ਢਹਿ ਚੁੱਕੀ ਸੀ, ਉਥੇ ਅੱਜ-ਕੱਲ੍ਹ ਕਬੂਤਰ ਅਤੇ ਉੱਲੂ ਵੱਸਦੇ ਸਨ।

ਲਾਲਾ ਜੀ ਨੇ ਹਵੇਲੀ ਢਾਹੁਣ ਦਾ ਕੰਮ ਆਪਣੇ ਜ਼ਿੰਮੇ ਲਿਆ। ਪਹਿਲਾਂ ਪੂਰੀਆਂ ਧਾਰਮਿਕ ਰਸਮਾਂ ਨਾਲ ਰੂਹਾਂ ਦੀ ਗਤੀ ਕਰਾਈ ਗਈ। ਫੇਰ ਮੰਤਰਾਂ ਦੇ ਉਚਾਰਨ ਨਾਲ ਹਵੇਲੀ ਢਾਹੁਣ ਦਾ ਕੰਮ ਸ਼ੁਰੂ ਹੋਇਆ।

ਹਵੇਲੀ ਦੇ ਮਲਬੇ ਨਾਲ ਸ਼ਮਸ਼ਾਨ ਘਾਟ ਦੀ ਨੁਹਾਰ ਹੀ ਬਦਲ ਗਈ। ਲਾਸ਼ਾਂ ਨੂੰ ਦਫ਼ਨਾਉਣ ਲਈ ਚਬੂਤਰੇ ਬਣ ਗਏ, ਪਾਣੀ ਵਾਲੀ ਟੈਂਕੀ ਖੜੀ ਹੋ ਗਈ ਅਤੇ ਮੋਢੇ ਜਿੱਡੀ ਚਾਰ ਦੀਵਾਰੀ ਬਣ ਗਈ। ਵਾਧੂ-ਘਾਟੂ ਸਮਾਨ ਦੇ ਪੈਸਿਆਂ 'ਚ ਟੂਟੀਆਂ ਲੱਗ ਗਈਆਂ ਅਤੇ ਬਿਜਲੀ ਦੀ ਮੋਟਰ ਆ ਗਈ।

ਜੈਨੀਆਂ ਦੀ ਮਾਂ ਮਰੀ ਤਾਂ ਉਹਨਾਂ ਸ਼ਮਸ਼ਾਨ ਘਾਟ ਵਿਚ ਬਗ਼ੀਚੀ ਲਗਵਾ ਦਿੱਤੀ। ਵਿਚਕਾਰ ਸ਼ਿਵ ਦੀ ਮੂਰਤੀ ਦੀ ਸਥਾਪਨਾ ਕਰਾ ਦਿੱਤਾ ਅਤੇ ਬਗ਼ੀਚੀ ਦੀ ਦੇਖ-ਭਾਲ ਲਈ ਮਾਲੀ ਰਖਵਾ ਦਿੱਤਾ।

ਲਾਲਾ ਜੀ ਦੀ ਚੜ੍ਹਤ ਤੋਂ ਕਈਆਂ ਨੂੰ ਚਿੜ ਹੋਣ ਲੱਗੀ। ਉਹ ਮਿਹਣੇ ਮਾਰਨ ਲੱਗੇ।

"ਮੜ੍ਹੀਆਂ ਨਾਲ ਮੋਹ ਪਾ ਕੇ ਵੀ ਕਿਸੇ ਕੁਝ ਖੱਟਿਐ ?"

ਉਸ ਸਮੇਂ ਤਾਂ ਲਾਲਾ ਜੀ ਦੇ ਕੰਨ 'ਤੇ ਜੂੰ ਨਹੀਂ ਸੀ ਸਰਕਦੀ। ਹੁਣ ਉਹ ਸੋਚ ਰਹੇ ਸਨ। ਸੱਚਮੁੱਚ ਉਸ ਨੇ ਮੜ੍ਹੀਆਂ 'ਚੋਂ ਕੁਝ ਨਹੀਂ ਖੱਟਿਆ, ਸਗੋਂ ਮੜ੍ਹੀਆਂ ਨੇ ਉਸ ਨਾਲ ਮੋਹ ਪਾ ਲਿਐ। ਪਹਿਲਾ ਬਲਦੇਵ ਗਿਆ, ਮਗਰੇ ਮਾਂ.....ਅਤੇ ਹੁਣ.....ਉਹਨਾਂ ਨੂੰ ਲੱਗਾ, ਉਹ ਆਪਣੀਆਂ ਬਾਹਾਂ 'ਤੇ ਬੰਟੀ ਦੀ ਲਾਸ਼ ਪਾਈ ਆਪਣੀਆਂ ਹੀ ਸਜਾਈਆਂ ਸੰਵਾਰੀਆਂ ਮੜ੍ਹੀਆਂ ਵੱਲ ਜਾ ਰਿਹਾ ਹੈ.....।

"ਨਹੀਂ.....ਨਹੀਂ.....।" ਆਪ ਮੁਹਾਰੇ ਲਾਲਾ ਜੀ ਦੀਆਂ ਚੀਕਾਂ ਹਵਾ ਵਿਚ ਗੂੰਜਣ ਲੱਗੀਆਂ।

"ਕੀ ਗੱਲ ? ਕੀ ਹੋਇਆ ?" ਘਬਰਾਈ ਭੀੜ ਉਹਨਾਂ 'ਤੇ ਉੱਲਰ ਗਈ।

"ਕੁਛ ਨੀ.....ਕੁਛ ਨੀ.....ਇਕ ਮਾੜਾ ਸੁਫ਼ਨਾ ਦੇਖਿਐ.....।" ਜੋ ਕੁਝ ਉਹ ਦੇਖ ਰਹੇ ਸੀ, ਉਹ ਇਕ ਸੁਫ਼ਨਾ ਸੀ, ਇਹ ਜਾਣ ਕੇ ਉਹਨਾਂ ਦੀ ਜਾਨ ਵਿਚ ਜਾਨ ਆਈ।

ਆਪਣਾ ਅਤੇ ਹਮਦਰਦਾਂ ਦਾ ਧਿਆਨ ਚੰਗੇ ਪਾਸੇ ਲਾਉਣ ਲਈ ਲਾਲਾ ਜੀ ਇਤਿਹਾਸਕ ਮਿਥਿਹਾਸਕ ਕਹਾਣੀਆਂ ਛੋਹ ਕੇ ਬੈਠ ਗਏ। ਹਰੀਸ਼ ਚੰਦਰ 'ਤੇ ਆਏ ਸੰਕਟ ਦੀਆਂ। ਲਛਮਣ ਮੂਰਛਾ ਦੀਆਂ ਅਤੇ ਗੁਰੂ ਗੋਬਿੰਦ ਸਿੰਘ ਦੇ ਸ਼ਹੀਦ ਹੋਏ ਚਾਰੇ ਸਾਹਿਬਜ਼ਾਦਿਆਂ ਦੀਆਂ। ਇਹ ਕੁਝ ਘੜੀਆਂ ਦਾ ਗ੍ਰਹਿ ਹੈ, ਜੋ ਉਹਨਾਂ 'ਤੇ ਆਇਆ ਹੈ। ਇਸ ਨੇ ਟਲ ਹੀ ਜਾਣਾ ਹੈ। ਗ੍ਰਹਿ-ਚੱਕਰ ਤਾਂ ਦੇਵੀ-ਦੇਵਤਿਆਂ ਨੂੰ ਨਹੀਂ ਬਖ਼ਸ਼ਦਾ, ਉਹ ਤਾਂ ਮਾਮੂਲੀ ਮਨੁੱਖ ਹਨ।

ਉਹ ਦੱਸਣ ਲੱਗੇ ਕਿ ਹਰ ਵਿਦਵਾਨ ਨੇ ਬੰਟੀ ਦੀ ਲੰਬੀ ਉਮਰ ਦੀ ਭਵਿੱਖਬਾਣੀ ਕੀਤੀ ਹੋਈ ਹੈ। ਫ਼ਿਕਰ ਵਾਲੀ ਕੋਈ ਗੱਲ ਨਹੀਂ, ਪਾਂਧੇ 'ਤੇ ਉਹਨਾਂ ਨੂੰ ਮਾਣ ਸੀ।

ਬਲਦੇਵ ਦੀ ਜਨਮ-ਪੱਤਰੀ ਦੇਖ ਕੇ ਪਾਂਧਾ ਹਮੇਸ਼ਾ ਹੀ ਚੁੱਪ ਹੋ ਜਾਇਆ ਕਰਦਾ ਸੀ। ਵਾਰ-ਵਾਰ ਪੁੱਛਣ 'ਤੇ ਇਹੋ ਆਖਦਾ ਕਿ ਮੁੰਡਾ ਸੁਖ ਨਹੀਂ ਦੇਣ ਲੱਗਾ।

ਉਹ ਤਾਂ ਬਲਦੇਵ ਦੀਆਂ ਹਰਕਤਾਂ ਤੋਂ ਹੀ ਨਜ਼ਰ ਆਉਂਦਾ ਸੀ। ਉਹ ਲਾਲਾ ਜੀ ਵਾਲੀ ਦਿਸ਼ਾ ਤੋਂ ਉਲਟ ਦਿਸ਼ਾ ਵੱਲ ਜਾ ਰਿਹਾ ਸੀ। ਧਰਮ-ਕਰਮ ਨੂੰ ਉੱਕਾ ਨਹੀਂ ਸੀ ਮੰਨਦਾ। ਲਾਲਾ ਜੀ ਵਾਂਗ ਧੋਤੀ-ਕੁੜਤਾ ਨਹੀਂ ਸੀ ਪਾਉਂਦਾ। ਸਵੇਰੇ-ਸ਼ਾਮ ਪੂਜਾ-ਪਾਠ ਨਹੀਂ ਸੀ ਕਰਦਾ। ਕਦੇ-ਕਦੇ ਬੀੜੀ ਸਿਗਰਟ ਵੀ ਪੀ ਲੈਂਦਾ ਸੀ। ਬਹੁਤਾ ਪੜ੍ਹਿਆ-ਲਿਖਿਆ ਵੀ ਨਹੀਂ। ਦਸਵੀਂ ਕਰ ਕੇ ਪ੍ਰਾਈਵੇਟ ਸਕੂਲ ਵਿਚ ਕਲਰਕ ਲੱਗ ਗਿਆ। ਵਿਆਹ ਕੀਤਾ ਤਾਂ ਉਪਰੋਥੱਲੀ ਦੋ ਲੜਕੀਆਂ ਹੋ ਗਈਆਂ। ਤੀਜੀ ਵਾਰੀ ਬਹੂ ਨੂੰ ਲੈ ਕੇ ਅੰਮ੍ਰਿਤਸਰ ਨੂੰ ਚੜ੍ਹ ਗਿਆ। ਲਾਲਾ ਜੀ ਦੀ ਇਕ ਨਾ ਸੁਣੀ। ਰੱਬ ਦੇ ਜੀਅ ਨੂੰ ਧਰਤੀ 'ਤੇ ਆਉਣ ਦੇਣਾ ਚਾਹੀਦੈ। ਗਰਭ-ਪਾਤ ਪਾਪ ਸੀ। ਹਰ ਜੀਅ ਆਪਣੀ ਕਿਸਮਤ ਆਪ ਲੈ ਕੇ ਆਉਂਦਾ ਹੈ, ਪਰ ਉਸ ਨੂੰ ਹੋਰ ਧੀਆਂ ਦੀ ਜ਼ਰੂਰਤ ਨਹੀਂ ਸੀ। ਗਰਭ ਵਿਚ ਮੁੰਡਾ ਹੈ ਤਾਂ ਦੁਨੀਆਂ 'ਤੇ ਆਵੇ, ਨਹੀਂ ਤੁਰਦਾ ਬਣੇ। ਲਾਲਾ ਜੀ ਨੇ ਲੱਖ ਵਾਰ ਧਰਤੀ ਨਮਸਕਾਰੀ, ਜਦੋਂ ਪਤਾ ਲੱਗਾ, ਪੇਟ ਵਿਚ ਬੰਟੀ ਸੀ। ਉਹਨਾਂ ਦੇ ਘਰ ਜੀਵ-ਹੱਤਿਆ ਹੋਣੋਂ ਬਚ ਗਈ।

ਬਲਦੇਵ ਲਾਲਾ ਜੀ ਨੂੰ ਆਦਰਸ਼ਵਾਦੀ ਆਖਦਾ ਸੀ। ਉਸ ਨੂੰ ਸਾਦਾ ਖਾਣ-ਪੀਣ ਪਸੰਦ ਨਹੀਂ ਸੀ। ਉਹ ਘਰੇ ਟਿਕ ਕੇ ਬੈਠਣਾ ਨਹੀਂ ਸੀ ਚਾਹੁੰਦਾ। ਉਹ ਧੀਆਂ ਦਾ ਬਾਪ ਸੀ। ਉਹ ਨਹੀਂ ਸੀ ਚਾਹੁੰਦਾ, ਉਸ ਦੀਆਂ ਧੀਆਂ ਨੂੰ ਰਾਮ ਲੀਲ੍ਹਾ ਕਮੇਟੀ ਵਾਲੇ ਵਿਆਹੁਣ। ਓਹ ਬੰਟੀ ਨੂੰ ਵੀ ਤੱਪੜਾਂ ਵਾਲੇ ਗੌਰਮਿੰਟ ਸਕੂਲ 'ਚ ਨਹੀਂ ਸੀ ਪੜ੍ਹਾ ਸਕਦਾ। ਉਹ ਧੀਆਂ ਪੁੱਤਾਂ ਨੂੰ ਉੱਚੀ ਸਿੱਖਿਆ ਦੇ ਕੇ ਅਸਮਾਨੀ ਚੜ੍ਹਾਉਣ ਦੇ ਸੁਫ਼ਨੇ ਲੈਂਦਾ ਸੀ।

ਦਿਨ ਰਾਤ ਮਿਹਨਤ ਕਰ ਕੇ ਉਹ ਬੈਂਕ 'ਚ ਕਲਰਕ ਜਾ ਲੱਗਾ। ਬਾਰਾਂ ਸੌ ਦੀ ਥਾਂ ਅਠਾਰਾਂ ਸੌ ਤਨਖ਼ਾਹ ਮਿਲਣ ਲੱਗੀ। ਕੁਝ ਮਹੀਨੇ ਹੀ ਸੰਗਰੂਰ ਜਾਣਾ ਪੈਣਾ ਸੀ। ਫੇਰ ਇਥੋਂ ਦੀ ਬਦਲੀ ਹੋ ਜਾਣੀ ਸੀ।

ਕਿਸੇ ਨੂੰ ਕੀ ਪਤਾ ਸੀ, ਮੌਤ ਉਸ ਨੂੰ ਹਾਕਾਂ ਮਾਰ ਰਹੀ ਸੀ। ਵਿਹੁ ਮਾਤਾ ਨੇ ਨੌਕਰੀ ਦਾ ਬਹਾਨਾ ਘੜਿਆ ਸੀ, ਉਸ ਨੂੰ ਆਪਣੇ ਮਰਨ ਵਾਲੀ ਥਾਂ 'ਤੇ ਸੱਦਣ ਦਾ। ਦੂਸਰੇ ਹੀ ਮਹੀਨੇ ਟਰੱਕ ਹੇਠਾਂ ਆ ਕੇ ਮਰ ਗਿਆ ਸੀ।

ਇਤਿਹਾਸ ਦੁਹਰਾਇਆ ਗਿਆ। ਲਾਲਾ ਜੀ ਵਾਂਗ ਬੰਟੀ ਵੀ ਛੋਟੀ ਉਮਰੇ ਬੇਸਹਾਰਾ ਹੋ ਗਿਆ, ਪਰ ਉਸ ਲਈ ਲਾਲਾ ਜੀ ਹਾਜ਼ਰ ਸਨ। ਉਹਨਾਂ ਚੁਣੌਤੀ ਕਬੂਲ ਕੀਤੀ। ਲਾਲਾ ਜੀ ਨੇ ਤਹੱਈਆ ਕੀਤਾ ਕਿ ਉਹ ਬੰਟੀ ਨੂੰ ਬਲਦੇਵ ਦੀ ਗ਼ੈਰ-ਹਾਜ਼ਰੀ ਮਹਿਸੂਸ ਨਹੀਂ ਹੋਣ ਦੇਣਗੇ।

ਚਾਰ ਸਾਲਾਂ ਤੋਂ ਉਹ ਆਪਣਾ ਫ਼ਰਜ਼ ਨਿਭਾਉਂਦੇ ਆ ਰਹੇ ਸਨ।

ਯੁਵਾ ਸੰਘ ਦੀ ਸਥਾਪਨਾ ਕਰ ਕੇ ਉਹਨਾਂ ਬਹੁਤਾ ਭਾਰ ਨੌਜਵਾਨਾਂ ਦੇ ਮੋਢਿਆਂ 'ਤੇ ਪਾ ਦਿੱਤਾ ਸੀ। ਉਹਨਾਂ ਨੂੰ ਪਹਿਲਾਂ ਹੀ ਪਛਤਾਵਾ ਸੀ। ਬਲਦੇਵ ਵੱਲ ਉਹ ਬਹੁਤਾ ਧਿਆਨ ਨਹੀਂ ਸੀ ਦੇ ਸਕੇ। ਸਾਰਾ ਦਿਨ ਲੋਕਾਂ ਦੇ ਕੰਮਾਂ ਵਿਚ ਹੀ ਰੁੱਝੇ ਰਹਿੰਦੇ। ਉਹ ਇਸੇ ਗੱਲ 'ਤੇ ਉਹਨਾਂ ਨਾਲ ਗੁੱਸੇ ਰਹਿੰਦਾ ਸੀ। ਇਸ ਸ਼ਿਕਾਇਤ ਦਾ ਮੌਕਾ ਉਹ ਬੰਟੀ ਨੂੰ ਨਹੀਂ ਸੀ ਦੇਣਾ ਚਾਹੁੰਦੇ।

ਕੀ ਪਤਾ ਸੀ ਬਲਦੇਵ ਨੂੰ ਫੇਰ ਵੀ ਸ਼ਿਕਾਇਤ ਕਰਨ ਦਾ ਮੌਕਾ ਮਿਲ ਹੀ ਜਾਏਗਾ।

ਬਲਦੇਵ ਵਾਰ-ਵਾਰ ਉਹਨਾਂ ਅੱਗੇ ਆ ਖੜੋਂਦਾ ਸੀ। ਉਹਨਾਂ ਨੂੰ ਉਲਾਂਭੇ 'ਤੇ ਉਲਾਂਭਾ ਦੇ ਰਿਹਾ ਸੀ। ਜਿਵੇਂ ਆਖ ਰਿਹਾ ਸੀ, "ਚੁੱਕ ਲੈ ਆਪਣੀ ਸਮਾਜ-ਸੇਵਾ ਨੂੰ ਮੋਢਿਆਂ 'ਤੇ। ਤੇਰਾ ਤੁਖ਼ਮ ਇਸ ਦੁਨੀਆਂ ਤੋਂ ਚੁੱਕਿਆ ਗਿਆ, ਤੈਥੋਂ ਇਕ ਬੱਚਾ ਵੀ ਨਹੀਂ ਸੰਭਾਲਿਆ ਗਿਆ।"

ਉਹਨਾਂ ਨੂੰ ਕਈ ਵਾਰ ਝਉਲੇ ਪੈ ਰਹੇ ਸਨ, ਜਿਵੇਂ ਬਲਦੇਵ ਉਹਨਾਂ ਤੋਂ ਬੰਟੀ ਨੂੰ ਹਥਿਆ ਰਿਹਾ ਹੈ, ਬੰਟੀ ਨੂੰ ਉਂਗਲ ਲਾ ਕੇ ਕਿਸੇ ਅਣਪਛਾਤੀ ਥਾਂ ਵੱਲ ਲੈ ਕੇ ਜਾ ਰਿਹਾ ਹੈ.....। ਉਹਨਾਂ ਦੀ ਇਕ ਵਾਰ ਫੇਰ ਚੀਕ ਨਿਕਲ ਚੱਲੀ ਸੀ ਪਰ ਇਸ ਵਾਰ ਉਹਨਾਂ ਕਾਬੂ ਰੱਖਿਆ। ਦੂਜਿਆਂ ਨੂੰ ਰੱਬ ਦਾ ਭਾਣਾ ਮੰਨਣ ਦਾ ਸਬਕ ਦੇਣ ਵਾਲਾ ਆਪ ਹੀ ਡੋਲ ਗਿਆ। ਸੋਚ ਕੇ ਉਹਨਾਂ ਚੀਕ ਅੰਦਰ ਹੀ ਦਬਾ ਲਈ।

ਨੌਂ ਵਾਲੀ ਗੱਡੀ ਜਦੋਂ ਯੁਵਾ ਸੰਘ ਦੀ ਆਖ਼ਰੀ ਟੋਲੀ ਵੀ ਖ਼ਾਲੀ ਹੱਥ ਮੁੜ ਆਈ ਤਾਂ ਸਭ ਦੇ ਮਾਪੇ ਜਿਹੇ ਮਾਰੇ ਗਏ।

ਪੁਲਿਸ ਨੂੰ ਇਤਲਾਹ ਦੇਣ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ।

ਕੀ ਬੰਟੀ ਮੁੜ ਕੇ ਨਹੀਂ ਆਏਗਾ ? ਕੀ ਲਾਲਾ ਜੀ ਦੇ ਉਮਰ-ਭਰ ਦੇ ਪੁੰਨ-ਦਾਨ ਦਾ ਇਹੋ ਫਲ ਸੀ ? ਹਜ਼ਾਰਾਂ ਪ੍ਰਸ਼ਨ ਜਵਾਰਭਾਟੇ ਵਾਂਗ ਲਾਲਾ ਜੀ ਅੰਦਰ ਉਛਾਲੇ ਮਾਰਨ ਲੱਗੇ।

ਸ਼ਹਿਰ 'ਚ ਕਿਹੜੀ ਭਲਾਈ ਸੀ, ਜਿਹੜੀ ਲਾਲਾ ਜੀ ਨੇ ਤਨੋ-ਮਨੋਂ ਨਹੀਂ ਸੀ ਕੀਤੀ।

ਅੱਜ ਕੱਲ੍ਹ ਤਾਂ ਜਣਾ-ਖਣਾ ਅਖ਼ਬਾਰ ਵਿਚ ਫ਼ੋਟੋਆਂ ਛਪਵਾਉਣ ਲਈ ਅੱਖਾਂ ਦੇ ਮੁਫ਼ਤ ਕੈਂਪ ਲਾ ਲੈਂਦੇ। ਅਸਲ 'ਚ ਇਹ ਕਾਢ ਲਾਲਾ ਜੀ ਦੇ ਦਿਮਾਗ਼ ਦੀ ਹੈ।

ਜਦੋਂ ਤੀਹ ਸਾਲ ਪਹਿਲਾਂ ਉਹਨਾਂ ਕੈਂਪ ਲਾਇਆ ਸੀ ਤਾਂ ਆਮ ਲੋਕਾਂ ਨੂੰ ਪਤਾ ਵੀ ਨਹੀਂ ਸੀ ਕਿ ਅੱਖਾਂ ਦਾ ਅਪਰੇਸ਼ਨ ਇੰਨਾ ਸੌਖਾ ਹੋ ਜਾਂਦੈ। ਪੂਰੀ ਭੱਜ-ਨੱਠ ਕਰ ਕੇ ਉਹ ਮਸਾਂ ਅੱਠ ਅਪਰੇਸ਼ਨ ਕਰ ਸਕੇ ਸਨ। ਜਦੋਂ ਦਸ-ਦਸ ਸਾਲਾਂ ਤੋਂ ਅੰਨ੍ਹੇ ਹੋਏ ਬੰਦੇ ਆਪੇ ਬੱਸਾਂ ਚੜ੍ਹ ਕੇ ਪਿੰਡ ਪਹੁੰਚ ਗਏ ਤਾਂ ਲੋਕਾਂ ਨੂੰ ਤਸੱਲੀ ਹੋਈ। ਅੱਜ ਕਲ੍ਹ ਹਰ ਛਿਮਾਹੀ ਕੈਂਪ ਲੱਗਦਾ ਹੈ। ਪੰਡਾਲ ਵਿਆਹ ਵਾਂਗ ਸਜ ਜਾਂਦੈ। ਹਜ਼ਾਰਾਂ ਮਰੀਜ਼ ਵਹੀਰਾਂ ਘੱਤੀ ਆਉਂਦੇ ਹਨ। ਵਧੀਆ ਤੋਂ ਵਧੀਆ ਡਾਕਟਰ ਪੁੱਜਦੇ ਹਨ। ਕੋਈ ਸੰਸਥਾ ਮੁਫ਼ਤ ਦਵਾਈਆਂ ਦਿੰਦੀ ਹੈ, ਕੋਈ ਐਨਕਾਂ ਲਾਉਂਦੀ ਹੈ ਅਤੇ ਕੋਈ ਰਾਸ਼ਨ-ਪਾਣੀ ਦਿੰਦੀ ਹੈ। ਵਜ਼ੀਰਾਂ ਤਕ ਨੂੰ ਲਾਲਸਾ ਰਹਿੰਦੀ ਹੈ ਕਿ ਉਸ ਤੋਂ ਕੈਂਪ ਦਾ ਉਦਘਾਟਨ ਕਰਾਇਆ ਜਾਵੇ। ਕੀ ਲੱਖਾਂ ਲੋਕਾਂ ਨੂੰ ਰੋਸ਼ਨੀ ਦਿਵਾਉਣ ਦਾ ਇਹੋ ਫਲ ਹੈ ? ਉਸ ਤੋਂ ਆਪਣੀਆਂ ਅੱਖਾਂ ਦਾ ਨੂਰ ਖੋਹਿਆ ਜਾ ਰਿਹਾ ਸੀ।

ਰਾਮ ਲੀਲ੍ਹਾ ਕਮੇਟੀ ਦੇ ਪ੍ਰਧਾਨ ਨੇ ਆ ਕੇ ਦੱਸਿਆ ਕਿ ਰਾਮ ਲੀਲਾ ਗਰਾਊਂਡ ਵਿਚ ਪੰਡਤਾਂ ਨੇ ਹਵਨ ਆਰੰਭ ਕੀਤਾ ਹੈ, ਜਿਸ-ਜਿਸ ਪੰਡਤ ਨੂੰ ਵੀ ਪਤਾ ਲੱਗਦਾ ਜਾ ਰਿਹਾ ਹੈ, ਉਹੋ ਪਾਠ 'ਤੇ ਬੈਠਦਾ ਜਾ ਰਿਹਾ ਹੈ। ਆਖ਼ਰ ਰਾਮ ਲੀਲ੍ਹਾ ਕਮੇਟੀ ਲਈ ਲਾਲਾ ਜੀ ਦਾ ਯੋਗਦਾਨ ਕਿਹੜਾ ਥੋੜ੍ਹਾ ਹੈ। ਉਹ ਕਮੇਟੀ ਦੇ ਪ੍ਰਬੰਧਕਾਂ ਵਿਚ ਪੈ ਕੇ ਝਗੜਾ ਨਾ ਨਬੇੜਦੇ ਤਾਂ ਕਮੇਟੀ ਕਦੋਂ ਦੀ ਖਿੰਡ-ਪੁੰਡ ਗਈ ਹੁੰਦੀ। ਉਹਨਾਂ ਦੇ ਕਮੇਟੀ ਵਿਚ ਆਉਂਦਿਆਂ ਹੀ ਰਾਮ ਲੀਲਾ ਦੀ ਨੁਹਾਰ ਹੀ ਬਦਲ ਗਈ। ਪਹਿਲਾਂ ਭੀੜ ਇਕੱਠੀ ਕਰਨ ਲਈ ਅਖਾੜੇ ਲਾਏ ਅਤੇ ਡਾਂਸ ਕਰਾਏ ਜਾਂਦੇ ਸਨ। ਰਾਮ ਲੀਲ੍ਹਾ ਕਦੇ ਚੌਂਕ ਵਿਚ ਹੁੰਦੀ, ਕਦੇ ਦਾਣਾ-ਮੰਡੀ ਵਿਚ ਅਤੇ ਕਦੇ ਧਰਮਸ਼ਾਲਾ ਵਿਚ। ਕੋਈ ਸਿਗਰਟ ਪੀਵੇ ਚਾਹੇ ਸ਼ਰਾਬ, ਕੋਈ ਰੋਕ-ਟੋਕ ਨਹੀਂ ਸੀ। ਸੀਟੀਆਂ ਅਤੇ ਕੂਕਾਂ ਆਮ ਜਿਹੀ ਗੱਲ ਸੀ। ਲਾਲਾ ਜੀ ਨੇ ਇਹ ਸਭ ਕੁਝ ਬੰਦ ਕਰਾਇਆ। ਡੀ.ਸੀ. 'ਤੇ ਜ਼ੋਰ ਪਾ ਕੇ ਕਿਲ੍ਹੇ ਦੇ ਨਾਲ ਲੱਗਦੀ ਵਿਰਾਨ ਪਈ ਜਗ੍ਹਾ ਕਮੇਟੀ ਨੇ ਅਲਾਟ ਕਰਾਈ। ਲੋਕਾਂ ਵੱਲੋਂ ਚੜ੍ਹਦੇ ਚੜ੍ਹਾਵੇ

ਨੂੰ ਸਟੇਜ ਬਣਾਉਣ ਲਈ ਵਰਤਿਆ। ਚਾਰ ਦੀਵਾਰੀ ਬਣਵਾਈ ਅਤੇ ਪੱਕੇ ਕਮਰੇ। ਇਹ ਗਰਾਊਂਡ ਹੁਣ ਹਜ਼ਾਰਾਂ ਕੰਮ ਆਉਂਦਾ ਹੈ। ਇਥੇ ਹਰ ਸਾਲ ਰਾਮ ਲੀਲ੍ਹਾ ਹੁੰਦੀ ਹੈ, ਜਗਰਾਤੇ ਅਤੇ ਕਥਾ-ਵਾਰਤਾਵਾਂ ਹੁੰਦੀਆਂ ਹਨ। ਕਿਸੇ ਚੰਗੀ ਪਾਰਟੀ ਨੇ ਡਰਾਮੇ ਕਰਨੇ ਹੋਣ ਤਾਂ ਸਿਨੇਮੇ ਵਾਲਿਆਂ ਦੇ ਪਿੱਛੇ ਫਿਰਨ ਦੀ ਲੋੜ ਨਹੀਂ। ਬਣੀ-ਬਣਾਈ ਸਟੇਜ ਮਿਲ ਜਾਂਦੀ ਹੈ।

ਗੀਤਾ ਭਵਨ ਵਾਲੇ ਸਵਾਮੀ ਜੀ ਨੇ ਵੀ ਅਖੰਡ ਕੀਰਤਨ ਸ਼ੁਰੂ ਕਰ ਦਿੱਤਾ ਸੀ। ਉਹਨਾਂ ਪ੍ਰਣ ਕੀਤਾ ਸੀ, ਜਿੰਨਾ ਚਿਰ ਬੰਟੀ ਘਰ ਨਹੀਂ ਮੁੜਦਾ, ਕੀਰਤਨ ਹੁੰਦਾ ਰਹੇਗਾ। ਉਹਦੇ ਸ਼ਗਿਰਦਾਂ ਨੇ ਵੀ ਵਰਤ ਰੱਖੇ ਸਨ।

ਲਾਲਾ ਜੀ ਭਾਣਾ ਮੰਨ ਕੇ ਸਬਰ ਕਰਨਾ ਚਾਹੁੰਦੇ ਸਨ। ਕਿਸਮਤ 'ਚ ਹੋਇਆ ਤਾਂ ਬੰਟੀ ਦਾ ਵਾਲ ਵਿੰਗਾ ਨਹੀਂ ਹੋਣਾ। ਨਾ ਹੋਇਆ ਤਾਂ ਪੁਲਿਸ ਨੇ ਕਿਹੜਾ ਉਸ ਨੂੰ ਹਰਾ ਕਰ ਦੇਣਾ ਹੈ। ਯੁਵਾ ਸੰਘ ਇਸ ਗੱਲ ਨਾਲ ਸਹਿਮਤ ਨਹੀਂ ਸੀ। ਇਸ ਵਿਚ ਕੋਈ ਸ਼ੱਕ ਨਹੀਂ ਸੀ ਕਿ ਬੰਟੀ ਕਿਸੇ ਮਾੜੇ ਅਨਸਰ ਦੇ ਹੱਥ ਲੱਗ ਚੁੱਕਾ ਸੀ। ਪੁਲਿਸ ਬਿਨਾਂ ਮਾੜੇ ਅਨਸਰ ਫੜੇ ਨਹੀਂ ਜਾ ਸਕਦੇ। ਉਪਰੋਂ ਮਾੜੀ ਹਵਾ ਵਗ ਰਹੀ ਹੈ, ਚੰਗੇ-ਭਲੇ ਬੰਦੇ ਦਾ ਦਿਮਾਗ ਫਿਰਿਆ ਪਿਐ।

ਥਾਣੇ ਇਤਲਾਹ ਦੇਣ ਦੀ ਜ਼ਿੰਮੇਵਾਰੀ ਧਾਗਾ ਮਿੱਲ ਦੇ ਐਮ.ਡੀ. ਨੇ ਆਪਣੇ ਜ਼ਿੰਮੇ ਲਈ। ਨਾਲ ਫ਼ਲੋਰ ਮਿੱਲਜ਼ ਮਾਲਕ ਯੂਨੀਅਨ ਦੇ ਪ੍ਰਧਾਨ ਨੂੰ ਲਿਆ। ਸਾਰ ਦਿਨ ਉਹ ਥਾਣੇ ਦੀ ਮੈਸ ਲਈ ਵਗਾਰਾਂ ਕਰਦੇ ਨੇ। ਚੌਥੇ ਦਿਨ ਬੋਰੀ ਕਣਕ ਦੀ ਮੰਗ ਲੈਂਦੇ ਨੇ। ਬੰਟੀ ਦਾ ਨਾਂ ਪਤਾ ਅਤੇ ਹੋਰ ਜਾਣਕਾਰੀ ਲਈ ਉਹਨਾਂ ਬੰਟੀ ਦੇ ਮਾਮੇ ਸੂਰਜ ਨੂੰ ਨਾਲ ਲੈ ਲਿਆ।

ਸੂਰਜ ਅਤੇ ਐਮ.ਡੀ. ਦੇ ਥਾਣੇ ਜਾਂਦਿਆਂ ਹੀ ਕੁਸ਼ਟ ਆਸ਼ਰਮ ਦੇ ਚੌਧਰੀ ਅਤੇ ਸਾਂਸੀਆਂ ਦੇ ਨੰਬਰਦਾਰ ਦੇ ਸਾਹ ਸੁੱਕਣ ਲੱਗੇ।

ਬੰਟੀ ਨੂੰ ਲੱਭਣ ਲਈ ਪੁਲਿਸ ਦਾ ਪਹਿਲਾ ਹਮਲਾ ਉਹਨਾਂ ਦੀਆਂ ਕੁੱਲੀਆਂ 'ਤੇ ਹੀ ਹੋਵੇਗਾ।

"ਅੰਨ-ਦਾਤਾ, ਕੁਝ ਦੇਰ ਹੋਰ ਉਡੀਕ ਲਓ.....ਪੁਲਿਸ ਨੇ ਤਾਂ ਸਾਡੇ ਹੱਡਾਂ ਵਿਚ ਹੀ ਭਾਪ ਪਾਉਣੀ ਹੈ।" ਭੀੜ ਨੂੰ ਚੀਰ ਕੇ ਲਾਲਾ ਜੀ ਤੱਕ ਅੱਪੜ ਕੇ ਪਹਿਲਾਂ ਨੰਬਰਦਾਰ ਨੇ ਬੇਨਤੀ ਕੀਤੀ। ਪਿੱਛੇ ਹੀ ਹੱਥ ਜੋੜ ਕੇ ਚੌਧਰੀ ਜਾ ਖੜੋਤਾ।

ਕੁੱਲੀਆਂ 'ਤੇ ਟੁੱਟਣ ਵਾਲੇ ਕਹਿਰ ਤੋਂ ਉਹਨਾਂ ਨੂੰ ਲਾਲਾ ਜੀ ਹੀ ਬਚਾ ਸਕਦੇ ਸਨ।

ਲਾਲਾ ਜੀ ਦੀ ਕਿਰਪਾ ਨਾਲ ਸਾਂਸੀ ਪਹਿਲੇ ਸਾਂਸੀ ਨਹੀਂ ਸੀ ਰਹੇ। ਉਹ ਆਪਣਾ ਜੱਦੀ ਪੇਸ਼ਾ—ਚੋਰੀ ਛੱਡਦੇ ਜਾ ਰਹੇ ਸਨ। ਮਰਦ ਰੇਹੜੇ ਵਾਹੁਣ ਲੱਗੇ ਸਨ, ਔਰਤਾਂ ਖੇਤਾਂ ਨੂੰ ਜਾਂਦੀਆਂ ਸਨ। ਉਹਨਾਂ ਨੇ ਸੂਰਾਂ ਅਤੇ ਗਊਆਂ ਦੀ ਗਿਣਤੀ ਵਧਾ ਲਈ ਸੀ। ਬੱਚੇ ਸਕੂਲ ਜਾਣ ਲੱਗੇ ਸਨ। ਪੁਲਿਸ ਨੇ ਚੰਗੇ-ਮਾੜੇ ਦੀ ਪਛਾਣ ਨਹੀਂ ਸੀ ਕਰਨੀ, ਚੰਗੇ-ਮਾੜੇ ਸਾਰੇ ਇਕੋ ਰੱਸੇ ਨੂੜ ਲੈਣੇ ਸਨ। ਕਈਆਂ ਦੀਆਂ ਦਿਹਾੜੀਆਂ ਟੁੱਟ ਜਾਣਗੀਆਂ, ਕਈਆਂ ਨੂੰ ਟੁੱਟੀਆਂ ਲੱਤਾਂ-ਬਾਹਾਂ ਜੁੜਾਉਣ ਲਈ ਉਧਾਰ ਨਹੀਂ ਮਿਲਣਾ। ਉਨਾਂ ਨੂੰ ਨੰਬਰਦਾਰ ਦੇ ਖ਼ਿਲਾਫ਼ ਬੋਲਣ ਦਾ ਬਹਾਨਾ ਮਿਲ ਜਾਊ। ਜੇ ਇਮਾਨਦਾਰ ਰਹਿ ਕੇ ਵੀ ਪੁਲਿਸ ਤੋਂ ਮਾਰ ਖਾਣੀ ਹੈ ਤਾਂ ਸਾਰਾ ਦਿਨ ਪਸੀਨਾ ਵਹਾਉਣ ਦੀ ਕੀ ਲੋੜ ਹੈ ? ਪਹਿਲਾ ਕੰਮ ਕੀ ਮਾੜਾ ਸੀ ? ਸਾਰਾ ਦਿਨ ਸੁੱਤੇ ਰਹੋ, ਰਾਤ ਨੂੰ ਘਰੋਂ ਨਿਕਲੋ। ਇਕ-ਦੋ ਘਰਾਂ ਨੂੰ ਪਾੜ ਲਾਓ, ਅੱਧਾ ਪੁਲਿਸ ਨੂੰ ਦਿਉ, ਬਾਕੀ ਨਾਲ ਮੌਜਾਂ ਕਰੋ। ਕਿਸੇ ਦੇ ਘਰੇ ਦਾਅ ਨਹੀਂ ਲੱਗਦਾ ਤਾਂ ਕਿਸੇ ਦਾ ਨਰਮਾ ਚੁੱਕ ਲਓ। ਲਾਲਾ ਜੀ ਉਹਨਾਂ ਦੀ ਰੱਖਿਆ ਕਰਨ। ਆਪਣੇ ਹੱਥੀਂ ਲਾਏ ਬੂਟੇ ਨੂੰ ਬਚਾਉਣ।

ਇਹੋ ਡਰ ਚੌਧਰੀ ਨੂੰ ਸੀ। ਪਹਿਲਾਂ ਉਹ ਮੰਗਤੇ ਅਖਵਾਉਂਦੇ ਸਨ। ਸਟੇਸ਼ਨਾਂ, ਅੱਡਿਆਂ ਅਤੇ ਉਜਾੜਾਂ ਵਿਚ ਪਏ ਸੜਦੇ ਰਹਿੰਦੇ ਸਨ। ਉਸ ਸਮੇਂ ਉਹ ਬੱਚੇ ਵੀ ਚੁੱਕ ਲੈਂਦੇ ਸਨ ਅਤੇ ਚੋਰੀਆਂ ਵੀ ਕਰ ਲੈਂਦੇ ਸਨ। ਮੰਗਣ ਵਾਲੇ ਜਿੰਨੇ ਹੱਥ ਹੋਣਗੇ, ਓਨੇ ਹੀ ਥੋੜ੍ਹੇ। ਚੌਧਰੀ ਖ਼ੁਦ ਵੀ ਇਸੇ ਬੀਮਾਰੀ ਦਾ ਸ਼ਿਕਾਰ ਸੀ, ਉਸ ਨੂੰ ਵੀ ਕਿਤੋਂ ਚੁੱਕਿਆ ਗਿਆ ਸੀ। ਲਾਲਾ ਜੀ ਨੇ ਹਿੰਮਤ ਕੀਤੀ ਅਤੇ ਨਵੀਂ ਅਨਾਜ ਮੰਡੀ ਕੋਲ ਉਹਨਾਂ ਨੂੰ ਝੌਂਪੜੀਆਂ ਪਵਾ ਦਿੱਤੀਆਂ। ਮੰਗਣਾ ਬੰਦ, ਕੋਹੜੀਆਂ ਦੇ ਮੋਹਰੀਆਂ ਨੇ ਹਫ਼ਤੇ 'ਚ ਇਕ ਦਿਨ ਇਕ ਮੁਹੱਲੇ 'ਚ ਚੱਕਰ ਕੱਟਣਾ ਹੈ, ਅਗਲੇ ਦਿਨ ਦੂਜੇ ਮੁਹੱਲੇ। ਖਾਣ-ਪੀਣ ਜੋਗੇ ਪੈਸੇ ਉਹਨਾਂ ਨੂੰ ਮੁੱਕਦੇ ਨਹੀਂ। ਪੁੰਨ-ਦਾਨ ਕਰਨ ਵਾਲੇ ਆਸ਼ਰਮ ਪੁੱਜਣ ਲੱਗੇ ਹਨ। ਸਰਦੀਆਂ 'ਚ ਕੋਟੀਆਂ, ਕੰਬਲ ਮਿਲ ਜਾਂਦੇ ਹਨ। ਉਹਨਾਂ ਦੇ ਦਿਨ ਵਧੀਆ ਲੰਘ ਰਹੇ ਹਨ। ਬੱਚਾ ਗੁੰਮ ਜਾਣ ਦੀ ਖ਼ਬਰ ਨਾਲ ਪੁਲਿਸ ਦੀਆਂ ਗੱਡੀਆਂ ਦੇ ਮੂੰਹ ਪਹਿਲਾਂ ਆਸ਼ਰਮ ਵੱਲ ਹੀ ਮੁੜਨਗੇ।

"ਤੁਸੀਂ ਪਰਵਾਹ ਨਾ ਕਰੋ.....ਅਸੀਂ ਕਿਸੇ ਨਾਲ ਧੱਕਾ ਨਹੀਂ ਹੋਣ ਦਿੰਦੇ। ਤੁਹਾਡੀ ਹਵਾ ਵੱਲ ਕੋਈ ਨਹੀਂ ਝਾਕ ਸਕਦਾ। ਚੁੱਪ ਕਰ ਕੇ ਘਰੇ ਬੈਠੋ.....।" ਦਰਸ਼ਨ ਉਹਨਾਂ ਨੂੰ ਯਕੀਨ ਦਿਵਾਉਣ ਲੱਗਾ।

ਇਸ ਤੋਂ ਪਹਿਲਾਂ ਕਿ ਚੌਧਰੀ ਕੋਈ ਸਫ਼ਾਈ ਪੇਸ਼ ਕਰਦਾ, 'ਰਾਮ, ਰਾਮ' ਕਰਦੀ ਜਮਾਦਾਰਨੀ ਦੇਹਲੀਆਂ ਵਿਚ ਆ ਖੜੀ।

ਕੱਲ੍ਹ ਸ਼ਾਮ ਨੂੰ ਨਾਲੀਆਂ ਕੱਢਦੀ ਜਮਾਂਦਾਰਨੀ ਨੂੰ ਜਦੋਂ ਪਤਾ ਲੱਗਾ ਕਿ ਬੰਟੀ ਗੁਆਚ ਗਿਆ ਹੈ ਤਾਂ ਉਹ ਪਤਾ ਲੈਣ ਲਾਲਾ ਜੀ ਦੇ ਘਰ ਆਈ ਸੀ। ਘਰ ਵਿਚ ਕੋਈ ਨਹੀਂ ਸੀ। ਸਾਰੇ ਬੰਟੀ ਨੂੰ ਲੱਭਣ ਤੁਰੇ ਹੋਏ ਸਨ। ਕੋਈ ਉਸ ਨੂੰ ਕਾਗ਼ਜ਼ ਦਾ ਟੁਕੜਾ ਫੜਾ ਗਿਆ ਸੀ। ਉਹ ਲਾਲਾ ਜੀ ਨੂੰ ਦੇਣਾ ਸੀ। ਜਮਾਂਦਾਰਨੀ ਕਾਫ਼ੀ ਦੇਰ ਬੈਠੀ ਲਾਲਾ ਜੀ ਨੂੰ ਉਡੀਕਦੀ ਰਹੀ। ਫੇਰ ਕਾਗ਼ਜ਼ ਲੜ ਬੰਨ੍ਹ ਲਿਆ। ਜਾਂਦੀ ਹੋਈ ਦੇਣਾ ਭੁੱਲ ਗਈ।

ਸੁਬ੍ਹਾ ਯਾਦ ਆਉਣ 'ਤੇ ਉਹ ਭੱਜੀ-ਭੱਜੀ ਆਈ ਸੀ। ਉਹ ਕਾਗ਼ਜ਼ ਲਾਲਾ ਜੀ ਦੀ ਸੇਵਾ ਵਿਚ ਹਾਜ਼ਰ ਕਰਨਾ ਚਾਹੁੰਦੀ ਸੀ।

ਨੰਬਰਦਾਰ ਨੇ ਚਿੱਠੀ ਜਮਾਂਦਾਰਨੀ ਤੋਂ ਫੜ ਕੇ ਲਾਲਾ ਜੀ ਨੂੰ ਫੜਾ ਦਿੱਤੀ।

ਕਾਗ਼ਜ਼ ਦੀਆਂ ਤੈਹਾਂ ਖੋਲ੍ਹਦਿਆਂ ਹੀ ਲਾਲਾ ਜੀ ਦੇ ਹੱਥ-ਪੈਰ ਸੁੰਨ ਹੋਣ ਲੱਗੇ। ਉਹਨਾਂ ਦੇ ਚਿਹਰੇ 'ਤੇ ਉੱਡਦੀਆਂ ਹਵਾਈਆਂ ਦੇਖ ਕੇ ਕੁਝ ਹੋਰ ਬੰਦੇ ਵੀ ਕਾਗ਼ਜ਼ 'ਤੇ ਨਿਗਾਹ ਮਾਰਨ ਲੱਗੇ।

ਉਹੋ ਹੋਇਆ ਸੀ, ਜਿਸ ਦਾ ਸਭ ਨੂੰ ਡਰ ਸੀ। ਚਿੱਠੀ ਦਹਿਸ਼ਤਗਰਦਾਂ ਵੱਲੋਂ ਸੀ। ਪੰਜ ਹਜ਼ਾਰ ਰੁਪਏ ਪੰਜਵੀੜੀ ਵਾਲੇ ਟੋਭੇ ਕੋਲ ਬੋਹੜ ਹੇਠਾਂ ਰੱਖਣੇ ਸਨ। ਨਹੀਂ ਦਿਨ ਚੜ੍ਹਦੇ ਨਾਲ ਲਾਸ਼ ਉਹਨਾਂ ਦੇ ਘਰ ਪੁੱਜ ਜਾਣੀ ਸੀ।

ਸਵੇਰ ਦੇ ਦਸ ਵੱਜ ਚੁੱਕੇ ਸਨ। ਦਿੱਤੇ ਸਮੇਂ ਨੂੰ ਲੰਘਿਆਂ ਕਈ ਘੰਟੇ ਬੀਤ ਗਏ ਸਨ। ਹੁਣ ਕੀ ਹੋਏਗਾ ?

ਸਾਰੀ ਭੀੜ ਰੋਹ ਭਰੀਆਂ ਅੱਖਾਂ ਨਾਲ ਜਮਾਂਦਾਰਨੀ ਨੂੰ ਘੂਰਨ ਲੱਗੀ। ਕਿਧਰੇ ਉਹ ਚਿੱਠੀ ਵਕਤ ਸਿਰ ਫੜਾ ਦਿੰਦੀ ਤਾਂ ਬੰਟੀ ਕਦੋਂ ਦਾ ਘਰ ਮੁੜ ਆਉਂਦਾ। ਉਸ ਅਨਪੜ੍ਹ ਦਾ ਕੀ ਕਸੂਰ ਸੀ ? ਡਰਦੀ ਉਹ ਸਾਰੀ ਦੀ ਸਾਰੀ ਕੰਬਣ ਲੱਗੀ।

ਪੰਜ ਹਜ਼ਾਰ ਦੀ ਤਾਂ ਕੋਈ ਗੱਲ ਨਹੀਂ। ਇਕੱਲਾ ਬੰਦਾ ਹੀ ਦੇ ਦਿੰਦਾ। ਲੰਘਿਆ ਸਮਾਂ ਕਿਵੇਂ ਮੁੜੇ ?

"ਬੰਟੀ ਦਾ ਬਸਤਾ.....।" ਪਿੱਤਲ ਦੇ ਟੋਪੀਏ 'ਤੇ ਪਏ ਬੰਟੀ ਦੇ ਬਸਤੇ ਨੂੰ ਦੇਖ ਕੇ ਉਸ ਦੀ ਮੈਡਮ ਦੀ ਚੀਕ ਨਿਕਲ ਗਈ। ਉਸ ਨੂੰ ਲੱਗਾ ਬੰਟੀ ਮੁੜ ਆਇਆ ਹੈ। ਉਹ ਬਸਤਾ ਸੁੱਟ ਕੇ ਕਿਧਰੇ ਲੁਕ ਗਿਐ।

ਬਸਤਾ ਦੇਖਣ ਸਾਰੀ ਭੀੜ ਚਬੂਤਰੇ 'ਤੇ ਜੁੜ ਗਈ। ਬਸਤਾ ਉਸੇ ਦਾ ਸੀ।

ਬਸਤਾ ਸੁੱਖ ਦਾ ਸੰਕੇਤ ਨਹੀਂ ਸੀ। ਚਿੱਠੀ ਵਿਚ ਲਿਖੀ ਤਾੜਨਾ ਸਭ ਦੇ ਦਿਲਾਂ ਨੂੰ ਧੜਕਾਉਣ ਲੱਗੀ। ਟੋਪੀਏ ਹੇਠੋਂ ਬੰਟੀ ਦੀ ਨਿੱਕਰ ਦੀ ਗੈਲਸ ਵੀ ਦਿਖਾਈ ਦੇ ਰਹੀ ਸੀ।

"ਹੋ ਸਕਦੈ ਹੇਠਾਂ ਕੋਈ ਚਿੱਠੀ ਹੋਵੇ.....ਹੋਰ ਸਮਾਂ ਦਿੱਤਾ ਹੋਵੇ।" ਇਕ ਰੋਣਹਾਕਾ ਹੋਇਆ ਚਿੱਲਾਇਆ।

"ਠਹਿਰੋ.....ਇਹ ਵੀ ਹੋ ਸਕਦੈ ਉਹਨਾਂ ਆਪਣੀ ਧਮਕੀ.....।" ਟੋਪੀਆ ਚੁੱਕਣ ਗਏ ਪਹਿਲੇ ਨੂੰ ਰੋਕਣ ਲਈ ਦੂਸਰੇ ਨੇ ਕਿਹਾ।

"ਇਹ ਨਹੀਂ ਹੋ ਸਕਦਾ.....ਟੋਪੀਆ ਛੋਟਾ ਜਿਹੈ.....ਕਿਧਰੇ ਇਸ ਹੇਠਾਂ ਬੰਬ ਹੀ ਨਾ ਹੋਵੇ.....।" ਸਾਬਕਾ ਕੈਪਟਨ ਧਰਮ ਸਿੰਘ ਦੀ ਰਾਏ ਸੀ। ਇਸ ਤਰ੍ਹਾਂ ਦੇ ਵਾਕੇ ਆਮ ਹੋ ਰਹੇ ਹਨ। ਦੁਸ਼ਮਣ ਪਿੱਛੇ ਪਿਆ ਹੋਵੇ ਤਾਂ ਕੋਈ ਵੀ ਹਰਕਤ ਕਰ ਸਕਦਾ ਹੈ।

"ਕੈਪਟਨ ਸਾਹਿਬ ਠੀਕ ਆਖਦੇ ਹਨ.....ਤੁਰੰਤ ਪੁਲਿਸ ਬੁਲਾਓ.....ਸਾਰੇ ਪਰ੍ਹਾਂ ਹਟ ਜਾਓ.....।" ਸਹਿਗਲ ਵਕੀਲ ਵੀ ਜੋਸ਼ ਵਿਚ ਆ ਗਿਆ।

ਭੀੜ ਵਿਚ ਹਫੜਾ-ਦਫੜੀ ਮੱਚ ਗਈ। ਸਭ ਆਪਣੇ-ਆਪਣੇ ਘਰਾਂ ਨੂੰ ਨੱਠ ਤੁਰੇ। ਕੈਪਟਨ ਸਾਹਿਬ ਅਤੇ ਸਹਿਗਲ ਔਰਤਾਂ ਅਤੇ ਬੱਚਿਆਂ ਨੂੰ ਦੂਰ ਚਲੇ ਜਾਣ ਵਿਚ ਮਦਦ ਦੇਣ ਲੱਗੇ।

ਦਰਸ਼ਨ ਨੂੰ ਲਾਲਾ ਜੀ ਨੇ ਨਾਗਪਾਲ ਵੱਲ ਭੇਜਿਆ। ਉਸ ਤੋਂ ਫ਼ੋਨ ਕਰਾ ਕੇ ਪੁਲਿਸ ਬੁਲਾਈ ਜਾਵੇ।

ਸਹਿਗਲ ਅਤੇ ਕੈਪਟਨ ਲਾਲਾ ਜੀ ਨੂੰ ਬੈਠਕ ਛੱਡਣ ਲਈ ਮਜਬੂਰ ਕਰਦੇ ਰਹੇ।

ਉਹਨਾਂ ਸਗੋਂ ਚਾਦਰ ਓੜ ਲਈ ਅਤੇ ਲੰਬੀ ਤਾਣ ਕੇ ਪੈ ਗਏ।

ਚੰਗਾ ਹੋਵੇ ਜੇ ਇਹ ਬੰਬ ਚੱਲ ਜਾਵੇ। ਉਹਨਾਂ ਨੂੰ ਦੁੱਖਾਂ ਭਰੀ ਜ਼ਿੰਦਗੀ ਤੋਂ ਛੁਟਕਾਰਾ ਤਾਂ ਮਿਲੇ।

✶

# 4

ਜਦੋਂ ਸ਼ਿਵ ਕੁਆਟਰ ਪੁੱਜਿਆ, ਤਿੰਨ ਵੱਜ ਚੁੱਕੇ ਸਨ।

ਰੂੜੀ ਮਾਰਕਾ ਸ਼ਰਾਬ ਦਾ ਨਸ਼ਾ ਹਾਲੇ ਉਤਰਿਆ ਨਹੀਂ ਸੀ। ਕਦੇ-ਕਦੇ ਸਿਰ ਝੂਟਾ ਖਾ ਹੀ ਜਾਂਦਾ। ਮੀਟ ਵੀ ਰੱਜ ਕੇ ਖਾਧਾ ਸੀ, ਪੇਟ ਆਫਰਿਆ ਪਿਆ ਸੀ। ਉਸ ਦੀ ਸ਼ਾਮ ਦੀ ਗਿਣਤੀ ਤਕ ਸੌਂ ਲੈਣ ਦੀ ਇੱਛਾ ਸੀ। ਨਾਲੇ ਨਸ਼ਾ ਲਹਿ ਜਾਏਗਾ, ਨਾਲੇ ਪੇਟ ਨੂੰ ਕੁਝ ਰਾਹਤ ਮਿਲੇਗੀ।

ਕੁਆਟਰ 'ਚ ਵੜਨ ਲੱਗਿਆਂ ਉਸ ਨੇ ਪੂਰੀ ਸਾਵਧਾਨੀ ਵਰਤੀ ਸੀ। ਥਾਣੇ ਵਾਲਿਆਂ ਤੋਂ ਅੱਖ ਬਚਾ ਕੇ, ਡਰੰਮਾਂ ਪਿੱਛੋਂ ਦੀ ਚੋਰਾਂ ਵਾਂਗ ਲੁਕ ਕੇ ਅੰਦਰ ਆਇਆ ਸੀ। ਦੋ ਦਿਨ ਵਜ਼ੀਰ ਦੇ ਪਿੱਛੇ ਫਿਰ ਕੇ ਉਹ ਅੱਕਿਆ ਪਿਆ ਸੀ। ਕਿਸੇ ਨੇ ਸ਼ਿਵ ਨੂੰ ਥਾਣੇ ਵੜਦੇ ਦੇਖ ਲਿਆ ਤਾਂ ਪਿੱਛੇ ਹੀ ਸੁਨੇਹਾ ਆ ਜਾਣਾ ਸੀ। ਉਹ ਪੰਜਵੇਂ ਟਾਇਰ ਵਾਂਗ ਹੈ, ਜਿਥੇ ਕੋਈ ਹੋਰ ਨਾ ਜਾਵੇ, ਉਥੇ ਸ਼ਿਵ ਪ੍ਰਸ਼ਾਦ ਨੂੰ ਜਾਣਾ ਪੈਂਦਾ।

ਕਮਰੇ ਦਾ ਬੁਰਾ ਹਾਲ ਹੋਇਆ ਪਿਆ ਸੀ। ਦੋ ਦਿਨ ਬਾਹਰ ਰਹਿਣ ਕਰਕੇ ਹਰ ਚੀਜ਼ 'ਤੇ ਮਿੱਟੀ ਚੜ੍ਹ ਗਈ ਸੀ। ਉਹਨੇ ਮੇਜ਼ ਸਾਫ਼ ਕੀਤਾ। ਪੇਟੀ ਨਾਲੋਂ ਰਿਵਾਲਰ ਲਾਹ ਕੇ ਅਨਲੋਡ ਕੀਤਾ। ਕਾਰਤੂਸ ਪੇਟੀ 'ਚ ਪਾਏ, ਪੇਟੀ ਕਿੱਲੀ 'ਤੇ ਟੰਗ ਕੇ ਬੈਲਟ ਢਿੱਲੀ ਕੀਤੀ। ਬੈਲਟ ਕੱਸ ਕੇ ਬੰਨ੍ਹੀ ਹੋਣ ਕਰਕੇ ਪੇਟ ਦੋ ਇੰਚ ਅੰਦਰ ਧਸਿਆ ਪਿਆ ਸੀ।

ਕੁੱਲੇ ਵਾਲੀ ਪਗੜੀ ਲਾਹ ਕੇ ਮੇਜ਼ 'ਤੇ ਰੱਖੀ ਹੀ ਸੀ ਕਿ ਉਹੋ ਹੋ ਗਿਆ, ਜਿਸ ਤੋਂ ਉਹ ਬਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਸੰਤਰੀ ਬਾਹਰ ਖੜ੍ਹਾ ਦੁਹਾਈ ਦੇ ਰਿਹਾ ਸੀ।

"ਬਾਬੂ ਜੀ, ਵਰਦੀ ਨਾ ਲਾਹੁਣਾ। ਲਾਲਾ ਜੀ ਦਾ ਪੋਤਾ ਅਗਵਾ ਕਰ ਲਿਆ ਗਿਐ। ਕੋਈ ਬੂਹੇ ਅੱਗੇ ਟੋਪੀਆ ਰੱਖ ਗਿਐ। ਉਹਨਾਂ ਨੂੰ ਸ਼ੱਕ ਹੈ, ਟੋਪੀਏ ਹੇਠਾਂ ਬੰਬ ਹੈ। ਮੁਨਸ਼ੀ ਨੇ ਬੰਬ ਡਿਸਪੋਜ਼ਲ ਸਕਾਡ ਨੂੰ ਵਾਇਰਲੈੱਸ ਕਰ ਦਿੱਤੀ ਹੈ। ਉਨਾ ਚਿਰ ਤੁਸੀਂ ਮੌਕੇ 'ਤੇ ਜਾ ਕੇ ਨਿਗਰਾਨੀ ਕਰੋ।"

ਸ਼ਿਵ ਦੇ ਮੱਥੇ 'ਤੇ ਤਿਉੜੀਆਂ ਚੜ੍ਹ ਗਈਆਂ। ਇਹੋ ਗੱਲ ਉਸ ਨੂੰ ਪਸੰਦ ਨਹੀਂ। ਉਸ ਦੀ ਪੋਸਟਿੰਗ ਥਾਣੇ ਵਿਚ ਹੈ। ਸਿਟੀ ਨਾਲ ਕੋਈ ਤੁਅੱਲਕ ਨਹੀਂ। ਉਥੇ ਬਰਾਬਰ ਦੇ ਦੋ ਥਾਣੇਦਾਰ ਹਨ। ਹੌਲਦਾਰ ਵੀ ਨੇ। ਸਾਰੇ ਰੋਜ਼ਨਾਮਚੇ 'ਚ ਹਾਜ਼ਰ ਹੋਣਗੇ। ਘਰੋ-ਘਰੀ ਸੁੱਤੇ ਹੋਣਗੇ। ਪ੍ਰਾਈਵੇਟ ਮਕਾਨਾਂ ਦਾ ਇਹੋ ਫ਼ਾਇਦਾ ਹੁੰਦਾ ਹੈ। ਅੰਦਰ ਪਏ ਹੀ ਅਖਵਾ ਦਿਓ ਕਿ ਘਰ ਨਹੀਂ। ਸ਼ਿਵ ਨੇ ਸਰਕਾਰੀ ਕੁਆਟਰ ਚਾਰ ਪੈਸੇ ਬਚਾਉਣ ਲਈ ਲਿਆ ਸੀ ਨਾ ਕਿ ਮੁਫ਼ਤ ਦੀ ਬਲਾ ਗਲ ਪਾਉਣ ਲਈ। ਥੱਕਿਆ ਟੁੱਟਿਆ ਉਹ ਪਹਿਲਾਂ ਹੀ ਪਿਆ ਸੀ। ਘੁੱਟ ਪੀਤੀ ਵੀ ਹੋਈ ਸੀ। ਉਹ ਵਗਾਰ ਕਰਨ ਨਹੀਂ ਜਾਏਗਾ।

"ਮੈਂ ਨਹੀਂ ਜਾਣਾ। ਕਿਸੇ ਹੋਰ ਨੂੰ ਭੇਜ ਦਿਉ। ਮੈਂ ਕਿਹੜਾ ਹਾਲੇ ਵਾਪਸੀ ਕਰਾਈ ਹੈ।"

ਝਿੜਕਾਂ ਮਾਰ ਕੇ ਉਸ ਨੇ ਸੰਤਰੀ ਨੂੰ ਵਾਪਸ ਭੇਜ ਦਿੱਤਾ।

ਸਾਰੇ ਥਾਣੇ ਨੇ ਹਨੇਰ-ਗਰਦੀ ਹੀ ਤਾਂ ਮਚਾ ਰੱਖੀ ਹੈ। ਸ਼ਹਿਰ 'ਚੋਂ ਪੈਸੇ ਇਕੱਠੇ ਕਰਨੇ ਹੋਣ ਤਾਂ ਸਿਟੀ ਵਾਲੇ ਮੂਹਰੇ। ਸੱਟੇ ਵਾਲਿਆਂ, ਜੂਏ ਵਾਲਿਆਂ ਅਤੇ ਲੱਕੀ ਗੇਮਾਂ ਵਾਲਿਆਂ ਤੋਂ ਮਹੀਨਾ ਉਹ ਲੈਣ। ਐਫ਼.ਸੀ.ਆਈ. ਦੀ ਸਪੈਸ਼ਲ ਲੱਗੇ, ਸ਼ੈਲਰਾਂ ਵਾਲਿਆਂ ਨੇ ਸਰਕਾਰੀ ਚੌਲ ਬਲੈਕ ਵਿਚ ਵੇਚਣੇ ਹੋਣ ਜਾਂ ਫੂਡ ਸਪਲਾਈ ਵਾਲਿਆਂ ਨੇ ਗੁਦਾਮ ਖ਼ਾਲੀ ਕਰਨੇ ਹੋਣ ਤਾਂ ਹਿੱਸਾ ਉਹ ਵੰਡਾਉਣ। ਕੋਈ ਔਖਾ ਕੰਮ ਕਰਨਾ ਹੋਵੇ ਤਾਂ ਸਭ ਟਲ ਜਾਂਦੇ ਹਨ। ਕਈ ਥਾਣੇ ਸਾਹਮਣੀਆਂ ਦੁੱਧ-ਚਾਹ ਦੀਆਂ ਦੁਕਾਨਾਂ ਵਿਚ ਹੀ ਛਾਈਂ-ਮਾਈਂ ਹੋ ਜਾਂਦੇ ਹਨ। ਆਪੇ ਸ਼ਿਵ ਤੁਰ ਜਾਏਗਾ। ਇਹੋ ਉਹਨਾਂ ਹੁਣ ਸੋਚਿਆ ਹੋਣਾ ਹੈ।

ਬੰਟੀ ਦੇ ਗੁਆਚਣ ਦਾ ਤਾਂ ਉਹਨੂੰ ਕੱਲ੍ਹ ਦਾ ਪਤਾ ਹੈ। ਘਰ-ਘਰ, ਪਿੰਡ-ਪਿੰਡ ਤਾਂ ਹਾਹਾਕਾਰ ਮੱਚੀ ਪਈ ਹੈ। ਇਕ ਵਾਰ ਦਿਲ ਕੀਤਾ ਵੀ ਸੀ, ਥਾਣੇ ਇਤਲਾਹ ਦੇ ਦੇਵੇ। ਲਾਲਾ ਭਲਾਮਾਣਸ ਬੰਦਾ ਹੈ। ਬੱਚੇ ਸਭ ਦੇ ਸਾਂਝੇ ਹੁੰਦੇ ਹਨ। ਲਾਲੇ ਦੀ ਸਹਾਇਤਾ ਕਰਨੀ ਚਾਹੀਦੀ ਹੈ। ਫੇਰ ਉਹ ਇਹ ਸੋਚ ਕੇ ਚੁੱਪ ਕਰ ਗਿਆ ਕਿ ਉਸ ਨੂੰ ਦਸ ਮੀਲ ਦੂਰ ਬੈਠੇ ਨੂੰ ਪਤਾ ਲੱਗ ਗਿਆ ਤਾਂ ਥਾਣੇ ਵਾਲਿਆਂ ਨੂੰ ਕਿਹੜਾ ਪਤਾ ਨਹੀਂ ਹੋਣਾ ? ਥਾਣਾ ਸ਼ਹਿਰ ਦੇ ਵਿਚਕਾਰ ਹੈ। ਪੁਲਿਸ ਸਾਰਾ ਦਿਨ ਸ਼ਹਿਰ 'ਚ ਗੇੜੇ ਦਿੰਦੀ ਰਹਿੰਦੀ ਹੈ, ਸਭ ਨੂੰ ਪਤਾ ਹੋਣਾ ਹੈ। ਇਹ ਅਲੱਗ ਗੱਲ ਹੈ ਕਿ ਸਭ ਨੇ ਸ਼ਿਵ ਵਾਂਗ ਇਧਰਲੇ ਕੰਨ ਪਾ ਕੇ ਉਧਰਲੇ ਰਾਹੀਂ ਕੱਢ ਦਿੱਤੀ ਹੋਣੀ ਹੈ। ਪਤਾ ਹੈ, ਜਿਹੜਾ ਬੋਲੂ, ਉਹੋ ਕੁੰਡਾ ਖੋਹਲੂ। ਕੱਢਣ ਪਾਉਣ ਨੂੰ ਕੁਝ ਨਹੀਂ, ਸ਼ਿਕਾਇਤਾਂ ਹੋਣਗੀਆਂ, ਮਗ਼ਜ਼ ਖਪਾਈ ਹੋਵੇਗੀ। ਮੁੱਖ-ਮੰਤਰੀ ਦਾ ਇਲਾਕਾ ਹੈ। ਉੱਚ ਅਧਿਕਾਰੀ ਮਿੰਟ- ਮਿੰਟ 'ਤੇ ਇਤਲਾਹ ਮੰਗਣ ਲੱਗਦੇ ਹਨ। ਸਾਰੇ ਸ਼ਹਿਰ ਨੇ ਸ਼ਿਵ ਦੇ ਸਿਰ ਚੜ੍ਹੇ ਰਹਿਣਾ ਹੈ। ਦੋ ਕੌਡੀ ਦਾ ਬੰਦਾ ਵੀ ਆਖਣ ਲੱਗੂ ਪੁਲਿਸ ਕੁਝ ਨਹੀਂ ਕਰਦੀ। ਉਸਤਾਦ ਦੀ ਦਿੱਤੀ ਸਿੱਖਿਆ ਸ਼ਿਵ ਨੇ ਲੜ ਬੰਨ੍ਹੀ ਹੋਈ ਸੀ, ਵਗਾਰ ਦੀ ਤਫ਼ਤੀਸ਼ ਤੋਂ ਜਿੰਨਾ ਬਚਿਆ ਜਾ ਸਕੇ, ਬਚਣਾ ਚਾਹੀਦਾ ਹੈ। ਉਹ ਸਾਫ਼ ਸ਼ਬਦਾਂ ਵਿਚ ਆਖਦਾ ਹੁੰਦਾ ਸੀ ਕਿ ਜੇ ਕਿਸੇ ਸੂਏ ਖਾਲ ਵਿਚ ਕੋਈ ਗਲੀ-ਸੜੀ ਲਾਸ਼ ਟੱਕਰ ਜਾਵੇ ਤਾਂ ਠੁੱਡਾ ਮਾਰ ਕੇ ਅਗਾਂਹ ਰੋੜ੍ਹ ਦੇਈਦੀ ਐ। ਕੱਢ ਦੇ ਤਫ਼ਤੀਸ਼ ਨਹੀਂ ਸ਼ੁਰੂ ਕਰੀਦੀ। ਮਰਿਆ ਸੱਪ ਆਪ ਹੀ ਕੌਣ ਗੱਲ ਪਾਵੇ।

ਅਖੇ ਮੁੱਲਾਂ ਭੱਜਾ ਮੌਤ ਤੋਂ ਅੱਗੇ ਮੌਤ ਖੜ੍ਹੀ।

ਹੋਰ ਕੱਪੜੇ ਲਾਹੇ ਬਿਨਾਂ ਹੀ ਸ਼ਿਵ ਮੰਜੇ 'ਤੇ ਲੇਟ ਗਿਆ। ਪਤਾ ਸੀ ਜਾਣਾ ਤਾਂ ਪੈਣਾ ਹੀ ਹੈ, ਜਿੰਨਾ ਹੋ ਸਕੇ ਆਰਾਮ ਕਰ ਲਏ।

ਰੱਬ ਮੋਟਾ ਸਰੀਰ ਵੀ ਕਿਸੇ ਨੂੰ ਨਾ ਦੇਵੇ। ਸਾਰੀ ਉਮਰ ਦੀ ਸਜ਼ਾ ਹੈ। ਉਹਦਾ ਵਜ਼ਨ ਵੀ ਸਵਾ ਕੁਇੰਟਲ ਤੋਂ ਉਪਰ ਸੀ। ਪੇਟ ਢੋਲ ਵਾਂਗ ਬਾਹਰ ਨੂੰ ਨਿਕਲਿਆ ਪਿਐ। ਕਈ ਵਾਰ ਸਹੁੰ ਖਾਧੀ ਹੈ, ਘੱਟ ਖਾਵੇ ਅਤੇ ਕਸਰਤ ਵੱਧ ਕਰੇ, ਪਰ ਸ਼ਰਾਬ ਉਹਦੀ ਕਮਜ਼ੋਰੀ ਬਣ ਚੁੱਕੀ ਹੈ। ਨਾਲ ਮਸਾਲੇਦਾਰ ਮੀਟ ਬਣਿਆ ਹੋਵੇ ਤਾਂ ਸਭ ਕਸਮਾਂ ਭੁੱਲ ਜਾਂਦੀਆਂ ਹਨ। ਖਾ ਪੀ ਕੇ ਖੜ੍ਹਨਾ ਔਖਾ ਹੋ ਜਾਂਦਾ ਹੈ, ਪੇਟ ਵਿਚ ਹਵਾ ਭਰ ਜਾਂਦੀ ਹੈ। ਕਈ-ਕਈ ਦਿਨ ਕਬਜ਼ ਰਹਿੰਦੀ ਹੈ। ਦਵਾਈਆਂ ਵੀ ਅਸਰ ਨਹੀਂ ਕਰਦੀਆਂ।

ਬਦਹਜ਼ਮੀ ਤੋਂ ਡਰਦਾ ਉਹ ਪਹਿਲੇ ਦੋ ਪੈੱਗ ਨੀਟ ਹੀ ਪੀਂਦਾ ਹੈ। ਆਚਾਰ ਦੀ ਫਾੜੀ ਤੱਕ ਨੂੰ ਬਿਨਾਂ ਮੂੰਹ ਲਾਇਆਂ। ਜਦੋਂ ਅੰਦਰ ਅੱਗ ਦਾ ਭਾਂਬੜ ਮੱਚਣ ਲੱਗ ਜਾਏ, ਫੇਰ ਉਹ ਮੀਟ ਵੱਲ ਹੁੰਦਾ ਹੈ। ਇੰਝ ਪੀਣ ਨਾਲ ਹਾਜ਼ਮਾ ਦਰੁੱਸਤ ਰਹਿੰਦਾ ਹੈ। ਪਿੱਛੋਂ ਭਾਵੇਂ ਦੋ ਮੁਰਗ਼ੇ ਹਜ਼ਮ ਕਰ ਜਾਏ, ਕੁਝ ਨਹੀਂ ਹੁੰਦਾ। ਬਿਨਾਂ ਘੁੱਟ ਪੀਤੇ ਜੇ ਇਕ ਟੁਕੜੀ ਬਰਫ਼ੀ ਦੀ ਵੀ ਖਾ ਲਏ ਤਾਂ

ਸਾਰਾ ਦਿਨ ਪੇਟ ਭਾਰਾ ਰਹਿੰਦਾ ਹੈ। ਜਿੰਨਾ ਚਿਰ ਅੱਧੀਆ ਅੰਦਰ ਨਾ ਸੁੱਟ ਲਏ, ਹਜ਼ਮ ਨਹੀਂ ਹੁੰਦਾ।

ਬਹੁਤੀ ਪਿਆ ਕੇ ਸਹਿਜੜੇ ਵਾਲੇ ਸਰਪੰਚ ਨੇ ਉਹਦੇ ਨਾਲ ਧੱਕਾ ਕੀਤਾ ਸੀ। ਗਲਾਸੀ ਤੇ ਗਲਾਸੀ ਭਰ-ਭਰ ਦੇਈ ਗਿਆ। ਸ਼ਿਵ ਨੇ ਬਥੇਰਾ ਸਮਝਾਇਆ, ਵਜ਼ੀਰ ਸਾਹਿਬ ਸ਼ਰਾਬ ਦੇ ਖ਼ਿਲਾਫ਼ ਹਨ, ਕਿਸੇ ਨੇ ਮੁਖ਼ਬਰੀ ਕਰ ਦਿੱਤੀ ਜਾਂ ਉਹਨਾਂ ਨੂੰ ਹਵਾੜ ਆ ਗਈ ਤਾਂ ਖੜੇ ਹੀ ਸ਼ਿਵ ਦਾ ਸਟਾਰ ਲੁਹਾ ਦੇਣਗੇ। ਸਰਪੰਚ ਨੇ ਇਕ ਨਾ ਸੁਣੀ। ਹਾਥੀ ਦੇ ਦੰਦਾਂ ਵਾਂਗ ਕਹਿਣਾ ਕੁਝ ਹੋਰ ਹੁੰਦਾ ਹੈ ਅਤੇ ਕਰਨਾ ਕੁਝ ਹੋਰ। ਇਸੇ ਦਾ ਨਾਂ ਸਿਆਸਤ ਹੈ। ਇਹ ਵਜ਼ੀਰ ਕਛਹਿਰੇ ਪਾਉਣ ਵਾਲਾ ਜਥੇਦਾਰ ਨਹੀਂ ਹੈ, ਕੋਟ-ਪੈਂਟ ਵਾਲਾ ਹੈ। ਪੰਜ ਸਾਲ ਪ੍ਰੋਫ਼ੈਸਰ ਰਿਹਾ ਹੈ, ਕੱਟੜ ਨਹੀਂ। ਵੇਲੇ-ਕੁਵੇਲੇ ਛਿੱਟ ਲਾ ਲੈਂਦਾ ਹੈ। ਸ਼ਿਵ ਦਾ ਮੂੰਹ ਸੁੰਘਣ ਦੇ ਉਹ ਕਾਬਲ ਹੀ ਨਹੀਂ। ਉਹ ਆਪ ਵੀ ਮੂੰਹ ਲੁਕੋ ਕੇ ਬੈਠੇਗਾ ਅਤੇ ਚੰਡੀਗੜ੍ਹ ਤਕ ਘੁਰਾੜੇ ਮਾਰਦਾ ਜਾਵੇਗਾ।

ਸ਼ਿਵ ਸ਼ਰਮੋਂ-ਸ਼ਰਮੀਂ ਪੀਂਦਾ ਰਿਹਾ। ਸਰਪੰਚ ਵਜ਼ੀਰ ਦਾ ਲੰਗੋਟੀਆ ਯਾਰ ਸੀ। ਜਿੰਨਾ ਚਿਰ ਜੱਟ ਨਾਲ ਬੈਠ ਕੇ ਹਮ-ਪਿਆਲਾ ਨਾ ਹੋਇਆ ਜਾਵੇ, ਉਹ ਤੁਹਾਨੂੰ ਯਾਰ ਹੀ ਨਹੀਂ ਮੰਨਦਾ। ਜਿੰਨਾ ਚਿਰ ਯਾਰੀ ਨਾ ਹੋਵੇ, ਕੰਮ ਕਾਹਦਾ ? ਕੰਮ ਦਾ ਕੀ ਪਤਾ ਹੈ ਕਦੋਂ ਨਿਕਲ ਆਵੇ ? ਇਹੋ ਸੋਚ ਕੇ ਉਹ ਸਰਪੰਚ ਨਾਲ ਗਲਾਸ ਖੜਕਾ-ਖੜਕਾ ਕੇ ਪੀਂਦਾ ਰਿਹਾ ਸੀ। ਅੱਜ-ਕੱਲ੍ਹ ਦੇ ਸਿਆਸੀ ਮਾਹੌਲ ਵਿਚ ਇਕ-ਅੱਧ ਵਜ਼ੀਰ ਹੱਥ ਵਿਚ ਹੋਣਾ ਹੀ ਚਾਹੀਦਾ ਹੈ। ਕੋਈ ਅੰਗਲੀ- ਸੰਗਲੀ ਨਾਲ ਭਿੜਦੀ ਹੋਵੇ ਤਾਂ ਜ਼ੋਰਵਾਰ ਥਾਣੇਦਾਰ ਸ਼ਿਵ ਵਰਗੇ ਨੂੰ ਚੌਥੇ ਦਿਨ ਲਾਈਨ ਹਾਜ਼ਰ ਕਰਾ ਕੇ ਆਪ ਥਾਣੇ ਆ ਲੱਗਦੇ ਹਨ। ਸ਼ਿਵ ਦਾ ਕਿਹੜਾ ਕੁਝ ਪੱਲਿਓਂ ਜਾਂਦਾ ਸੀ, ਉਹਨਾਂ ਦੀਆਂ ਜੁੱਤੀਆਂ, ਉਹਨਾਂ ਦਾ ਹੀ ਸਿਰ।

ਵੱਤਰ ਹੋਣ ਲਈ ਸ਼ਿਵ ਨੂੰ ਘੰਟੇ-ਦੋ ਘੰਟੇ ਦਾ ਆਰਾਮ ਜ਼ਰੂਰੀ ਸੀ।

ਉਹਦੀ ਵਰਦੀ ਵੀ ਗੰਦੀ ਸੀ। ਵਜ਼ੀਰ ਦਾ ਪ੍ਰੋਗਰਾਮ ਇਕ ਦਿਨ ਦਾ ਸੀ। ਉਹ ਵਾਧੂ ਵਰਦੀ ਨਹੀਂ ਸੀ ਲੈ ਕੇ ਗਿਆ। ਵਜ਼ੀਰ ਤਾਂ ਮਰਾਸੀਆਂ ਦੇ ਜਵਾਈ ਵਾਂਗੂੰ ਡੇਰਾ ਹੀ ਲਾ ਕੇ ਬੈਠ ਗਿਆ। ਕੁੜਤੇ ਦੇ ਕਾਲਰ ਅਤੇ ਕਫ਼ਾਂ 'ਤੇ ਕਾਲਖ ਦੂਰੋਂ ਹੀ ਦਿਖਾਈ ਦਿੰਦੀ ਸੀ ਗੰਦੀ ਵਰਦੀ ਪਾਉਣ ਦਾ ਸ਼ਿਵ ਆਦੀ ਨਹੀਂ ਸੀ। ਗੰਦੇ ਕੱਪੜਿਆਂ 'ਚ ਪੁਲਿਸ ਅਫ਼ਸਰ ਦਾ ਰੋਹਬ ਨਹੀਂ ਰਹਿੰਦਾ। ਸਾਰੇ ਸਰੀਰ 'ਚੋਂ ਪਸੀਨੇ ਦੀ ਬੂ ਆ ਰਹੀ ਸੀ। ਮੋਟੇ ਬੰਦੇ ਨੂੰ ਪਸੀਨਾ ਵੀ ਜ਼ਿਆਦਾ ਆਉਂਦਾ ਹੈ।

ਸ਼ਿਵ ਦੀ ਇੱਛਾ ਸੀ ਕਿ ਉਹ ਘੜੀ ਪਲ ਆਰਾਮ ਕਰੇ, ਨਹਾਵੇ ਅਤੇ ਨਵੀਂ ਵਰਦੀ ਪਾ ਕੇ ਬਾਹਰ ਨਿਕਲੇ। ਇਕ ਵਾਰ ਤੁਰ ਪਿਆ ਤਾਂ ਪਤਾ ਨਹੀਂ ਕਦੋਂ ਵਾਪਸੀ ਹੋਵੇ। ਮੁਕਾਬਲਾ ਹੋ ਸਕਦਾ ਹੈ, ਮੁਜਰਮਾਂ ਨੂੰ ਘੇਰਾ ਪਾਇਆ ਜਾ ਸਕਦਾ ਹੈ ਜਾਂ ਪਿੱਛਾ ਕਰਦੇ-ਕਰਦੇ ਕਿਧਰੇ ਦੂਰ ਵੀ ਨਿਕਲਿਆ ਜਾ ਸਕਦਾ ਹੈ। ਪੁਲਿਸ ਦੀ ਨੌਕਰੀ ਦਾ ਇਹੋ ਕੁੱਤਖ਼ਾਨਾ ਹੈ। ਚੌਵੀ ਘੰਟੇ ਸੂਲੀ ਚੜ੍ਹੇ ਰਹੋ।

ਬਾਕੀ ਕੰਮਾਂ ਲਈ ਤਾਂ ਵਕਤ ਕਿਥੇ ? ਪੇਟ ਦੀ ਹਵਾ ਰਿਸਕਾਉਣ ਲਈ ਓਨਾ ਚਿਰ ਪਾਸੇ ਪਰਤਦਾ ਰਿਹਾ, ਜਿੰਨਾ ਚਿਰ ਮੁਨਸ਼ੀ ਖ਼ੁਦ ਨਾ ਆ ਧਮਕਿਆ।

"ਕਮਾਲ ਦੀ ਗੱਲ ਹੈ ਬਾਬੂ ਜੀ ? ਰਿਪੋਰਟ ਡੀ.ਜੀ. ਤਕ ਜਾ ਚੁੱਕੀ ਹੈ ਤੇ ਤੁਸੀਂ ਆਰਾਮ ਨਾਲ ਪਏ ਹੋ।.....ਕੋਈ ਵੀ ਮਾੜੀ ਘਟਨਾ ਵਾਪਰ ਸਕਦੀ ਹੈ.....ਝੱਟਪਟ ਮੌਕੇ 'ਤੇ ਜਾਓ। ਮੈਂ ਤੁਹਾਡੀ ਵਾਪਸੀ ਕਰਕੇ ਮੌਕੇ ਲਈ ਰਵਾਨਗੀ ਕਰ ਦਿੱਤੀ ਹੈ।.....ਚੌਂਕ 'ਚੋਂ ਦੋ ਸਿਪਾਹੀ ਹਟਾ ਕੇ ਉਥੇ ਭੇਜ ਦਿੱਤੇ ਹਨ। ਮੈਂ ਤੁਹਾਨੂੰ ਇਤਲਾਹ ਦੇ ਦਿੱਤੀ। ਅੱਗੋਂ ਤੁਹਾਡੀ ਮਰਜ਼ੀ।" ਮੁਨਸ਼ੀ ਹਫ਼ਿਆ ਪਿਆ ਸੀ। ਉਹਦੀ ਆਵਾਜ਼ ਵਿਚ ਘਬਰਾਹਟ ਸੀ, ਤਰਲਾ ਸੀ ਅਤੇ ਥੋੜ੍ਹਾ ਜਿਹਾ ਰੋਹਬ ਵੀ।

"ਚੱਲ ਮਨਾ ਚੱਲੀਏ। ਨੌਕਰੀ ਕੀ ਤੇ ਨਖ਼ਰਾ ਕੀ ?" ਮਨ ਨੂੰ ਸਮਝਾ ਕੇ ਸ਼ਿਵ ਉੱਠਿਆ। ਬੈਲਟ ਕੱਸੀ। ਪਸੀਨੇ ਅਤੇ ਤੇਲ ਨਾਲ ਥਿੰਦੀ ਹੋਈ-ਹੋਈ ਪਗੜੀ ਹੀ ਸਿਰ 'ਤੇ ਰੱਖੀ। ਰਿਵਾਲਵਰ ਵਿਚ ਛੇ ਗੋਲੀਆਂ ਪਾਈਆਂ ਅਤੇ ਹੱਥ 'ਚ ਡੰਡਾ ਫੜ ਕੇ ਬਾਹਰ ਨੂੰ ਤੁਰ ਪਿਆ।

ਥਾਣੇ ਦੇ ਗੇਟ 'ਤੇ ਆ ਕੇ ਇਧਰ-ਉਧਰ ਤੱਕਿਆ। ਉਸ ਨੂੰ ਆਸ ਸੀ ਜ਼ਰੂਰ ਕੋਈ ਬਾਹਰ ਖੜਾ ਉਸ ਦੀ ਇੰਤਜ਼ਾਰ ਕਰ ਰਿਹਾ ਹੋਣਾ ਹੈ। ਲਾਲਾ ਜੀ ਦਾ ਘਰ ਕੋਈ ਬਹੁਤਾ ਦੂਰ ਨਹੀਂ। ਤੁਰ ਕੇ ਜਾਈਏ ਤਾਂ ਵੀ ਦਸ ਮਿੰਟ ਤੋਂ ਵੱਧ ਨਹੀਂ ਲੱਗਦੇ। ਫਿਰ ਵੀ ਤੁਰ ਕੇ ਉਹ ਆਪਣਾ ਬਲੱਡ ਪ੍ਰੈਸ਼ਰ ਹਾਈ ਕਿਉਂ ਕਰੇ ?

ਭਾਰੀ ਦੇਹ ਕਰ ਕੇ ਸਾਈਕਲ ਸ਼ਿਵ ਨੇ ਰੱਖਿਆ ਹੀ ਨਹੀਂ ਸੀ। ਕਦੇ ਸਾਈਕਲ 'ਤੇ ਚੜ੍ਹਨਾ ਪੈਂਦਾ ਤਾਂ ਦੇਖ-ਦੇਖ ਲੋਕ ਮੁਸ਼ਕੜੀਏ ਹੱਸਦੇ। ਬਿਨਾਂ ਵਰਦੀ ਤੋਂ ਹੁੰਦਾ ਤਾਂ ਬੱਚੇ ਛੇੜਖ਼ਾਨੀ ਕਰਨ ਤੋਂ ਵੀ ਗੁਰੇਜ਼ ਨਾ ਕਰਦੇ। ਕੁੜੀਆਂ-ਕੱਤਰੀਆਂ ਤਾਂ ਵਰਦੀ ਦੀ ਵੀ ਪਰਵਾਹ ਨਾ ਕਰਦੀਆਂ, ਟਿੱਚਰ ਕਰ ਹੀ ਜਾਦੀਆਂ। ਮੋਟਰ-ਸਾਈਕਲ ਤੋਂ ਉਸ ਨੂੰ ਪਹਿਲੇ ਦਿਨੋਂ ਹੀ ਡਰ ਲੱਗਦਾ ਹੈ। ਇਕ ਵਾਰ ਸਿੱਖਦਾ-ਸਿੱਖਦਾ ਅਜਿਹਾ ਡਿੱਗਿਆ ਕਿ ਮੁੜ ਮੋਟਰ-ਸਾਈਕਲ ਨੂੰ ਹੱਥ ਲਾਉਣ ਦੀ ਹਿੰਮਤ ਨਾ ਪਈ। ਨਾਲੇ ਮਹਿੰਗੇ ਭਾਅ ਦਾ ਤੇਲ ਫੂਕਣ ਦੀ ਉਸ ਨੂੰ ਕੀ ਚੱਟੀ ਪਈ ਹੈ ? ਸਾਈਕਲ ਚਲਾਵੇ ਤਾਂ ਗੋਡਿਆਂ 'ਚ ਦਰਦ ਹੋਣ ਲੱਗਦੈ, ਸਾਹ ਅੱਡ ਚੜ੍ਹ ਜਾਂਦੈ। ਬਲੱਡ ਪ੍ਰੈਸ਼ਰ ਤਾਂ ਵਧਣਾ ਹੀ ਹੋਇਆ। ਜਿਸ ਨੂੰ ਕੰਮ ਹੋਊ, ਆਪੇ ਸਵਾਰੀ ਦਾ ਇੰਤਜ਼ਾਮ ਕਰੂ।

ਨਾ ਕੋਈ ਸ਼ਿਵ ਨੂੰ ਲੈਣ ਆਇਆ ਸੀ, ਨਾ ਸਵਾਰੀ ਦਾ ਇੰਤਜ਼ਾਮ ਸੀ। ਵਾੜ 'ਚ ਫਸੇ ਬਿੱਲੇ ਵਾਂਗ ਉਹ ਬਿਟਰ-ਬਿਟਰ ਤੱਕਦਾ ਰਿਹਾ।

ਕੋਈ ਗੱਲ ਨਹੀਂ, ਸਵਾਰੀ ਨਹੀਂ ਤਾਂ ਨਾ ਸਹੀ। ਚੌਂਕ 'ਚ ਖੜੇ ਰਿਕਸ਼ੇ ਵਾਲੇ ਤਾਂ ਕਿਤੇ ਨਹੀਂ ਗਏ। ਪੁਲਿਸ ਨੂੰ ਡਿਊਟੀ ਵਾਲੀ ਥਾਂ 'ਤੇ ਪਹੁੰਚਾਉਣਾ ਉਹਨਾਂ ਦਾ ਪਹਿਲਾ ਫ਼ਰਜ਼ ਹੈ।

ਸ਼ਿਵ ਨੂੰ ਆਪਣੇ ਵੱਲ ਆਉਂਦਾ ਦੇਖ ਕੇ ਚੌਂਕ 'ਚ ਖੜੇ ਰਿਕਸ਼ੇ ਵਾਲੇ ਖਿਸਕਣ ਲੱਗੇ। ਦੋ ਕੁ ਸਟੇਸ਼ਨ ਵੱਲ ਤੁਰ ਪਏ, ਚਾਰ ਕੁ ਪੁਰਾਣੇ ਸ਼ਹਿਰ ਵੱਲ। ਜਿਹਨਾਂ ਨੂੰ ਰਤਾ ਅਟਕ ਕੇ ਅਕਲ ਆਈ, ਉਹ ਰਿਕਸ਼ੇ ਛੱਡ ਕੇ ਦੁਕਾਨਾਂ ਵਿਚ ਜਾ ਵੜੇ। ਵਗਾਰ ਤਾਂ ਕਰਨੀ ਹੀ ਹੈ। ਜਿਹੜਾ ਫਸ ਗਿਆ, ਫਸ ਗਿਆ। ਮੀਲ ਦੋ ਮੀਲ ਜਾਣਾ ਹੋਵੇ ਤਾਂ ਰਿਕਸ਼ੇ ਵਾਲੇ ਮੱਥੇ ਵੱਟ ਨਹੀਂ ਪਾਉਂਦੇ, ਜਦੋਂ ਸਾਰੀ ਦਿਹਾੜੀ ਭੁੱਖਣ-ਭਾਣਿਆਂ ਨੂੰ ਧੂਹਿਆ ਜਾਂਦਾ ਹੈ ਤਾਂ ਉਹ ਖਿਝਦੇ ਹਨ। ਇਸੇ ਬੀਮਾਰੀ ਤੋਂ ਡਰਦੇ ਉਹ ਖਿੰਡ-ਪੁੰਡ ਰਹੇ ਸਨ।

ਸ਼ਿਵ ਨੂੰ ਗੁੱਸਾ ਚੜ੍ਹ ਗਿਆ। ਇਹ ਸਰਾਸਰ ਬਦਤਮੀਜ਼ੀ ਸੀ। ਪੁਲਿਸ ਦੀ ਤੌਹੀਨ ਸੀ। ਚੌਂਕ 'ਚ ਪਹੁੰਚ ਕੇ ਸਭ ਤੋਂ ਪਹਿਲਾਂ ਉਹਨੇ ਸਾਰੇ ਰਿਕਸ਼ਿਆਂ ਵਿਚੋਂ ਹਵਾ ਕੱਢ ਦਿੱਤੀ, ਵਾਲ ਅਤੇ ਢਿਬਰੀਆਂ ਜੇਬ ਵਿਚ ਪਾ ਲਈਆਂ। ਦੋ-ਦੋ ਰੁਪਏ ਵੀ ਖ਼ਰਚ ਹੋਣਗੇ ਅਤੇ ਘੰਟਾ-ਘੰਟਾ ਖ਼ਰਾਬ ਵੀ ਹੋਏਗਾ।

ਜਿਹੜਾ ਇਕ ਖਿਸਕਣੋਂ ਰਹਿ ਗਿਆ, ਉਸ ਨੂੰ ਸ਼ਿਵ ਨੇ ਕਾਬੂ ਕਰ ਲਿਆ।

"ਪਿਓ ਵਾਲਾ ਚੌਂਕ ਸਮਝਿਐ ਲੱਗਦੈ ? ਭੂਤਨੀ ਦਿਆ, ਦਿੱਸਦਾ ਨਹੀਂ, ਸਾਰੀ ਟਰੈਫ਼ਿਕ ਜਾਮ ਹੋ ਗਈ।" ਇਸ ਤੋਂ ਪਹਿਲਾਂ ਕਿ ਸ਼ਿਵ ਧੌਲ-ਧੱਫਾ ਕਰਦਾ, ਰਿਕਸ਼ੇ ਵਾਲਾ ਪਹਿਲਾਂ ਹੀ ਬੋਲ ਪਿਆ :

"ਕਿਥੇ ਜਾਓਗੇ ਬਾਬੂ ਜੀ.....?'

"ਟੈਗੋਰ ਸਟਰੀਟ।" ਮੁੱਛਾਂ ਨੂੰ ਵੱਟ ਦਿੰਦੇ ਸ਼ਿਵ ਨੇ ਆਪਣੀ ਮੰਜ਼ਲ ਦੱਸੀ।

"ਉਹ ਡਾਕਟਰ ਵਾਲੇ ਮੋੜ 'ਤੇ ਰੋਕੀਂ ਜ਼ਰਾ.....ਕੰਜਰ ਦਾ ਪੁੱਤ ਪਾਨਾਂ ਵਾਲਾ ਹਰ ਰੋਜ਼ ਇਸ ਮੋੜ 'ਤੇ ਖੜੋ ਜਾਂਦੈ। ਗਲੀ ਪਹਿਲਾਂ ਹੀ ਦੋ ਫੁੱਟ ਦੀ ਮਸਾਂ ਹੈ.....।"

ਸ਼ਿਵ ਨੂੰ ਵਹਿਮ ਸੀ, ਉਹਦੇ ਮੂੰਹ ਵਿਚੋਂ ਬੂ ਮਾਰ ਰਹੀ ਹੋਏਗੀ। ਰੂੜੀ ਮਾਰਕਾ ਸ਼ਰਾਬ ਦਾ ਨਸ਼ਾ ਤਾਂ ਭਾਵੇਂ ਘੰਟੇ ਬਾਅਦ ਹੀ ਉਤਰ ਜਾਂਦਾ ਹੈ ਪਰ ਬੂ ਅਗਲੇ ਦਿਨ ਤਕ ਆਉਂਦੀ ਰਹਿੰਦੀ ਹੈ। ਉਹਨੂੰ ਡਕਾਰ 'ਤੇ ਡਕਾਰ ਆ ਰਹੇ ਸਨ। ਡਕਾਰ ਨਾਲ ਬੂ ਸਾਰੇ ਵਾਯੂ-ਮੰਡਲ ਵਿਚ ਫੈਲ ਰਹੀ ਸੀ। ਯੁਵਾ ਸੰਘ ਸ਼ਰਾਬ ਦੇ ਖ਼ਿਲਾਫ਼ ਹੈ। ਰਾਮ-ਲੀਲ੍ਹਾ 'ਚ ਕਈ ਵਾਰ ਉਹਨੇ ਸੰਘ ਵਾਲਿਆਂ ਨੂੰ ਸ਼ਰਾਬੀਆਂ ਨਾਲ ਝਗੜਦੇ ਦੇਖਿਐ। ਰਾਮ ਸਰੂਪ, ਦਰਸ਼ਨ ਅਤੇ ਨਰਾਤਾ ਉਂਝ ਤਾਂ ਸਭ ਪਿਆਕੜ ਹਨ। ਸ਼ਿਵ ਨਾਲ ਕਈ ਵਾਰ ਬੈਠ ਚੁੱਕੇ ਹਨ, ਪਰ ਲੁਕ-ਛਿਪ ਕੇ ਅਤੇ ਸਮਾਂ ਵਿਚਾਰ ਕੇ। ਵੈਸੇ ਡਿਊਟੀ 'ਤੇ ਖੜਾ ਸਿਪਾਹੀ ਵੀ ਜੇ ਸ਼ਰਾਬੀ ਹੋ ਗਿਐ ਤਾਂ ਉਹਨਾਂ ਝੱਟ ਜਲੂਸ ਕੱਢ ਦੇਣੈ। ਬਹੁਤੀ ਦੇਰ ਨਹੀਂ ਹੋਈ ਉਸ ਗੱਲ ਨੂੰ, ਜਦੋਂ ਟਰੱਕ ਯੂਨੀਅਨ ਵਿਚ ਗੋਲੀ ਚੱਲੀ ਸੀ। ਉਥੇ ਕਈ ਘੰਟੇ ਹੱਲਾ-ਗੁੱਲਾ ਹੁੰਦਾ ਰਿਹਾ। ਡਿਪਟੀ ਨੂੰ ਸੰਘ ਵਾਲੇ ਭਾਲਦੇ ਰਹੇ, ਉਹ ਕਿਧਰੇ ਨਾ ਲੱਭਾ। ਪੁਲਿਸ ਘੰਟਾ ਬਾਅਦ ਮੌਕੇ 'ਤੇ ਪੁੱਜੀ। ਕਿਸੇ ਨੇ ਸੰਘ ਨੂੰ ਸੂਹ ਦੇ ਦਿੱਤੀ, ਡਿਪਟੀ ਡਾਕਟਰ ਦੀ ਕੋਠੀ ਬੈਠਾ ਦਾਰੂ ਪੀ ਰਿਹਾ ਹੈ। ਉਹਨਾਂ ਡਾਕਟਰ ਦੀ ਕੋਠੀ ਦਾ ਘਿਰਾਓ ਕਰ ਲਿਆ। ਆਖਣ ਦੋਹਾਂ ਦਾ ਮੁਆਇਨਾ ਕਰਾਉਣਾ ਹੈ। ਘਿਰੇ ਡਿਪਟੀ ਨੂੰ ਮੁਆਫ਼ੀ ਮੰਗ ਕੇ ਜਾਨ ਬਚਾਉਣੀ ਪਈ। ਸ਼ਰਮ ਦਾ ਮਾਰਿਆ ਦਸਾਂ ਦਿਨਾਂ ਬਾਅਦ ਬਦਲੀ ਕਰਵਾ ਕੇ ਭੱਜ ਗਿਆ। ਡਿਪਟੀ ਦਾ ਇਹ ਹਾਲ ਹੋ ਸਕਦੈ ਤਾਂ ਸ਼ਿਵ ਕਿਸ ਦਾ ਵਿਚਾਰਾ ਹੈ ? ਜਿਸ ਦਾ ਨਾ ਅੱਗਾ ਨਾ ਪਿੱਛਾ।

ਸ਼ਿਵ ਦਾ ਥੋੜ੍ਹਾ ਜਿੰਨਾ ਵੀ ਕਿੱਲੇ ਦਾ ਜ਼ੋਰ ਹੁੰਦਾ ਤਾਂ ਉਹ ਛੇ ਸਾਲ ਸਸਪੈਂਡ ਹੋ ਕੇ ਘਰੇ ਨਾ ਬੈਠਾ ਰਹਿੰਦਾ। ਹੋਰ ਥਾਣੇਦਾਰਾਂ ਵਾਂਗ ਤੀਜੇ ਦਿਨ ਇਨਕੁਆਇਰੀ ਫ਼ਾਈਲ ਕਰਵਾ ਕੇ ਬੜ੍ਹਕਾਂ ਮਾਰਦਾ ਫਿਰਦਾ।

ਅਠਾਈ ਸਾਲਾਂ ਦੀ ਨੌਕਰੀ 'ਚ ਉਹਨੇ ਪਹਿਲੀ ਵਾਰ ਦਲੇਰੀ ਫੜੀ ਸੀ। ਪਹਿਲੀ ਚੋਰੀ ਵਿਚ ਹੀ ਉਹਨੂੰ ਫਾਹਾ ਲੱਗਣ ਲੱਗਾ ਸੀ। ਪਹਿਲੇ ਅਠਾਈ ਸਾਲ ਉਹਨੇ ਡਰ ਕੇ ਹੀ ਨੌਕਰੀ ਕੀਤੀ ਸੀ। ਲੋਕ ਸੱਚ ਆਖਦੇ ਹਨ, ਉਸ ਵਿਚ ਪੈਸੇ ਲੈਣ ਵਾਲਾ ਗੁਰਦਾ ਹੈ ਹੀ ਨਹੀਂ। ਲੱਖ ਚਾਹੁੰਦਾ ਹੋਇਆ ਵੀ ਉਹ ਕਦੇ ਵੱਡੀ ਮਾਰ ਨਹੀਂ ਸੀ ਮਾਰ ਸਕਿਆ। ਇਹ ਗੱਲ ਨਹੀਂ ਕਿ ਉਸ ਨੂੰ ਕਦੇ ਵੱਡੀ ਫ਼ੀਸ ਲੈਣ ਦਾ ਮੌਕਾ ਨਹੀਂ ਮਿਲਿਆ। ਅਜਿਹੇ ਬਥੇਰੇ ਮੌਕੇ ਆਏ, ਕਈ ਸਾਲ ਉਹ ਬਾਰਡਰ 'ਤੇ ਰਿਹਾ ਸੀ। ਉਥੋਂ ਅਫ਼ੀਮ, ਡੋਡਿਆਂ ਦੇ ਟਰੱਕਾਂ ਦੇ ਟਰੱਕ ਲੰਘਦੇ ਸਨ। ਚਾਹੁੰਦਾ ਤਾਂ ਲੱਖਾਂ ਰੁਪਿਆ ਕਮਾ ਲੈਂਦਾ। ਫੜਿਆ ਟਰੱਕ ਓਹ ਕਦੇ ਵੀ ਨਾ ਛੱਡ ਸਕਿਆ। ਇਹ ਅਲੱਗ ਗੱਲ ਸੀ ਕਿ ਟਰੱਕਾਂ ਵਾਲਿਆਂ 'ਤੇ ਕਦੇ ਮੁਕੱਦਮੇ ਵੀ ਨਹੀਂ ਸੀ ਬਣੇ। ਕਿਸੇ ਨਾ ਕਿਸੇ ਵੱਡੇ ਅਫ਼ਸਰ ਨੇ ਵਿਚ ਪੈ ਜਾਣਾ ਅਤੇ ਪੈਸੇ ਲੈ ਕੇ ਛੱਡ ਦੇਣਾ।

ਇਕ ਵਾਰ ਦੀਵਾਲੀ ਵਾਲੇ ਦਿਨ ਜੂਆ ਖੇਡਦੇ ਸੇਠ ਹੱਥ ਲੱਗ ਗਏ। ਸੱਠ-ਸੱਠ ਸਾਲ ਦੇ ਬੁੱਢੇ। ਸ਼ੁਗਲ ਮੇਲੇ ਲਈ ਤਾਸ਼ ਖੇਡਣ ਬੈਠ ਗਏ। ਪੰਜਾਹ ਹਜ਼ਾਰ ਪਿੜ ਵਿਚ ਪਿਆ ਸੀ। ਇਸ ਤੋਂ ਵੱਧ ਉਹਨਾਂ ਦੇ ਗੋਡਿਆਂ ਹੇਠ। ਸ਼ਿਵ ਨੂੰ ਦੇਣ ਲਈ ਡਰਦੇ ਸੇਠਾਂ ਨੇ ਕੜੇ ਮੁੰਦਰੀਆਂ ਵੀ ਲਾਹ ਲਈਆਂ, ਪਿੜਾਂ ਵਾਲੇ ਪੈਸੇ ਵੀ ਉਹ ਰੱਖੇ, ਕੜੇ ਮੁੰਦਰੀਆਂ ਵੀ ਲਵੇ, ਉਹਨਾਂ ਦੀ ਇੱਜ਼ਤ ਬਚਾਏ। ਸਾਰੇ ਇੱਜ਼ਤਦਾਰ ਬੰਦੇ ਹਨ। ਧੀਆਂ-ਪੁੱਤ ਵੀ ਚੰਗੇ-ਚੰਗੇ ਥਾਂ ਵਿਆਹੇ ਹੋਏ ਹਨ। ਇਕ ਵਾਰ ਥਾਣੇ ਜਾਣਾ ਪੈ ਗਿਆ, ਸਾਰੀ ਇੱਜ਼ਤ ਮਿੱਟੀ 'ਚ ਰੁਲ ਜਾਏਗੀ। ਇਹ ਫ਼ੀਸ ਵੀ ਘੱਟ ਲੱਗਦੀ ਹੈ ਤਾਂ ਮੂੰਹ-ਮੰਗੇ ਪੈਸੇ ਕਾਰਖ਼ਾਨਿਉਂ ਭੇਜ ਦਿੰਦੇ ਹਾਂ। ਇੰਨੀ ਰਕਮ ਹਜ਼ਮ ਕਰਨ ਦੀ ਸ਼ਿਵ ਦੀ ਹਿੰਮਤ ਨਹੀਂ ਸੀ ਪਈ। ਕਿਸੇ ਨਾ ਕਿਸੇ ਪਾਸਿਉਂ ਗੱਲ ਨਿਕਲ ਜਾਣੀ ਸੀ। ਨਾਲ

ਦੇ ਸਿਪਾਹੀਆਂ ਨੇ ਬਥੇਰੀਆਂ ਮਿੰਨਤਾਂ ਕੀਤੀਆਂ। ਸ਼ਿਵ ਨਾ ਲਵੇ ਪਰ ਸਿਪਾਹੀਆਂ ਦੀ ਭੁੱਖ ਤਾਂ ਮਿਟਾ ਦੇਵੇ। ਡਰੇ ਸ਼ਿਵ ਨੇ ਉਹਨਾਂ ਨੂੰ ਇਕ ਪੈਸਾ ਨਹੀਂ ਲੈਣ ਦਿੱਤਾ। ਉਹ ਮਾਰ ਡਿਪਟੀ ਮਾਰ ਗਿਆ। ਸ਼ਿਵ ਨੂੰ ਝਿੜਕਾਂ ਵੀ ਪਈਆਂ। ਸੇਠ ਉਸ ਨੂੰ ਮੁਜਰਮ ਲੱਗਦੇ ਹਨ ? ਕੋਠੀ 'ਚ ਤਾਸ਼ ਖੇਡਣਾ ਕੋਈ ਜੁਰਮ ਹੈ ? ਇਹ ਤਾਂ ਮੋਚੀਆਂ, ਰਿਕਸ਼ੇ ਵਾਲਿਆਂ ਜਾਂ ਮਜ਼ਦੂਰਾਂ ਲਈ ਹੁੰਦੈ, ਜਿਹੜੇ ਸ਼ਰੇਆਮ ਜੂਆ ਖੇਡਦੇ ਹਨ।

ਉਸ ਪਿੱਛੋਂ ਸਿਪਾਹੀ ਸ਼ਿਵ ਨਾਲ ਗਸ਼ਤ 'ਤੇ ਜਾਣੋ ਹਟ ਗਏ। ਆਪ ਵੀ ਭੁੱਖਾ ਮਰਦਾ ਹੈ, ਨਾਲ ਦਿਆਂ ਨੂੰ ਵੀ ਮਾਰਦਾ ਹੈ।

ਸ਼ਿਵ ਦੀ ਫ਼ੀਸ ਸੌ-ਦੋ ਸੌ ਰੁਪਏ ਹੀ ਸੀ। ਬਹੁਤਾ ਜ਼ੋਰ ਲਾ ਕੇ ਮੰਗੇ ਤਾਂ ਵੀ ਹਜ਼ਾਰ ਤੋਂ ਵੱਧ ਨਹੀਂ ਮੰਗਦਾ। ਅੱਧੇ ਪਚੱਧੇ ਨਾਲ ਦੇ ਸਿਪਾਹੀਆਂ ਨੂੰ ਦੇ ਦਿੰਦਾ ਹੈ। ਕੁਝ ਸਰਕਾਰੀ ਵਕੀਲ ਅਤੇ ਜੱਜਾਂ ਦੀ ਵਗਾਰ ਲਈ ਰੱਖ ਲੈਂਦਾ ਹੈ। ਪੈਸੇ ਥੋੜ੍ਹੇ ਲਏ ਹੋਣ ਤਾਂ ਸ਼ਿਕਾਇਤ ਨਹੀਂ ਹੁੰਦੀ।

ਸ਼ਿਵ ਨੂੰ ਆਪਣੀ ਹੈਸੀਅਤ ਦਾ ਪਤਾ ਸੀ। ਉਹ ਇਕ ਹਟਵਾਣੀਏ ਦਾ ਮੁੰਡਾ ਸੀ। ਨਾ ਕਿਸੇ ਡਿਪਟੀ ਦਾ ਜਵਾਈ ਸੀ, ਨਾ ਕਿਸੇ ਵਜ਼ੀਰ ਦਾ ਭਤੀਜਾ, ਭਾਣਜਾ। ਅਧਵਾਟੇ ਨੌਕਰੀ ਵੀ ਨਹੀਂ ਛੱਡ ਸਕਦਾ। ਵਿਉਪਾਰ ਲਈ ਨਾ ਉਹਦੇ ਕੋਲ ਤਜਰਬਾ ਹੈ ਨਾ ਪੈਸੇ। ਨੌਕਰੀ ਹਰ ਹਾਲਤ ਵਿਚ ਕਰਨੀ ਹੀ ਪੈਣੀ ਹੈ। ਜਿਸ ਨੇ ਡਰ ਕੇ ਨੌਕਰੀ ਕਰਨੀ ਹੋਵੇ, ਉਹ ਪੈਸਾ ਨਹੀਂ ਕਮਾ ਸਕਦਾ।

ਪੁਲਿਸ 'ਚ ਪੈਸੇ ਕਮਾਉਣ ਦਾ ਦੂਜਾ ਤਰੀਕਾ ਡੰਡਾ ਪਰੇਡ ਹੈ। ਬੇਰੀ ਨੂੰ ਜਿੰਨੇ ਵੱਧ ਵੱਟੇ ਪੈਣ, ਓਨੇ ਵੱਧ ਬੇਰ ਦਿੰਦੀ ਹੈ। ਇਹੋ ਅਸੂਲ ਪੁਲਿਸ ਦਾ ਹੈ। ਜਿਉਂ-ਜਿਉਂ ਡੰਡਿਆਂ ਦੀ ਗਿਣਤੀ ਵਧਦੀ ਜਾਊ, ਤਿਉਂ-ਤਿਉਂ ਪੈਸਿਆਂ ਦਾ ਢੇਰ ਉੱਚਾ ਹੁੰਦਾ ਜਾਊ। ਡੰਡਾ ਪਰੇਡ ਕਰਦਿਆਂ ਸ਼ਿਵ ਨੂੰ ਪਸੀਨੇ ਛੁੱਟਦੇ ਹਨ। ਇਕ ਵਾਰ ਉਸ ਤੋਂ ਕਿਸੇ ਬਾਜ਼ੀਗਰ ਦੀ ਟੰਗ ਟੁੱਟ ਗਈ ਸੀ। ਸ਼ਿਵ ਨੇ ਉਸੇ ਦਿਨ ਦੇਵੀ ਅੱਗੇ ਸਹੁੰ ਖਾ ਲਈ। ਇਕ ਵਾਰ ਖਲਾਸੀ ਹੋ ਜਾਵੇ, ਮੁੜ ਕਿਸੇ ਨੂੰ ਹੱਥ ਨਹੀਂ ਲਾਉਣਾ। ਮਾਈ ਦੀ ਕਿਰਪਾ ਨਾਲ ਬਾਜ਼ੀਗਰ ਪੰਜ ਸੌ ਲੈ ਕੇ ਚੁੱਪ ਹੋ ਗਿਆ। ਕੋਈ ਹੋਰ ਹੁੰਦਾ ਤਾਂ ਸਜ਼ਾ ਕਰਾ ਕੇ ਹਟਦਾ। ਬਥੇਰੇ ਥਾਣੇਦਾਰਾਂ ਨੂੰ ਸਜ਼ਾ ਹੋ ਚੁੱਕੀ ਹੈ। ਨੌਕਰੀ ਤੋਂ ਬਰਖ਼ਾਸਤ ਤਾਂ ਹੁੰਦੇ ਹੀ ਰਹਿੰਦੇ ਹਨ। ਮੌਜੂਦ ਐਸ.ਐਚ.ਓ. ਤੋਂ ਸਾਲ ਪਹਿਲਾਂ ਇਕ ਬੰਦਾ ਮਰ ਗਿਆ ਸੀ। ਵਾਰਿਸ ਬੰਦੂਕਾਂ ਲੈ ਕੇ ਆ ਖੜ੍ਹੇ। ਉਹ ਤਾਂ ਇਸ ਦਾ ਰਸੂਖ਼ ਹੀ ਬਹੁਤ ਤਕੜਾ ਸੀ ਅਤੇ ਰਿਸ਼ਤੇਦਾਰ ਤਕੜੇ ਸਨ। ਵਜ਼ੀਰ ਨੇ ਵਿਚ ਪੈ ਕੇ ਰਾਜ਼ੀਨਾਮਾ ਕਰਵਾ ਦਿੱਤਾ। ਫੇਰ ਵੀ ਲੱਖ ਰੁਪਿਆ ਹਰਜਾਨਾ ਦੇਣਾ ਪਿਆ। ਸ਼ਿਵ ਕੋਲ ਇੰਨੀ ਪਰੋਖੋਂ ਨਹੀਂ। ਉਸ ਲਈ ਚੁੱਪ ਹੀ ਭਲੀ ਸੀ।

ਪੈਸੇ ਕਮਾਉਣ ਦੀ ਕਲਾ ਨਾ ਆਉਣ ਕਰਕੇ ਹੀ ਸ਼ਿਵ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾਂਦਾ ਸੀ। ਕੋਈ ਪੈਸਿਆਂ ਵਾਲੀ ਤਫ਼ਤੀਸ਼ ਹੁੰਦੀ ਤਾਂ ਉਸ ਤੋਂ ਖੋਹ ਕੇ ਕਿਸੇ ਹੋਰ ਨੂੰ ਦੇ ਦਿੱਤੀ ਜਾਂਦੀ। ਵਾਧੂ-ਘਾਟੂ ਕੰਮ ਉਸ ਨੂੰ ਫੜਾ ਦਿੱਤਾ ਜਾਂਦਾ। ਜਿਵੇਂ ਹੁਣ ਉਹ ਬੰਟੀ ਦੀ ਤਲਾਸ਼ ਲਈ ਚਲਾ ਗਿਆ ਸੀ। ਪੈਸੇ ਬਣਨ ਜਾਂ ਨਾ। ਇਕ ਮੌਜ ਜ਼ਰੂਰ ਸੀ, ਕੋਈ ਸਿਰ ਦਰਦ ਨਹੀਂ, ਕਿਸੇ ਸ਼ਿਕਾਇਤ, ਪੜਤਾਲ ਦਾ ਡਰ ਨਹੀਂ।

ਸਾਰੀ ਨੌਕਰੀ 'ਚ ਇਕੋ ਸ਼ਿਕਾਇਤ ਹੋਈ ਸੀ, ਉਸੇ 'ਚ ਨਾਨੀ ਯਾਦ ਆ ਗਈ ਸੀ।

ਉਸ ਕੇਸ ਵਿਚ ਵੀ ਸ਼ਿਵ ਨੇ ਇੰਨੇ ਪੈਸੇ ਨਹੀਂ ਸਨ ਲੈਣੇ ਜੇ ਕਈ ਗੱਲਾਂ ਦਾ ਮੇਲ ਨਾ ਹੋਇਆ ਹੁੰਦਾ। ਪਹਿਲੀ ਤਾਂ ਇਹ ਕਿ ਉਸ ਸਮੇਂ ਕਪਤਾਨ ਦੀ ਰਿਟਾਇਰਮੈਂਟ ਵਿਚ ਸਾਰੇ ਛੇ ਮਹੀਨੇ ਰਹਿੰਦੇ ਸਨ। ਕਪਤਾਨ ਨੇ ਝਾੜੂ ਫੜਿਆ ਹੋਇਆ ਸੀ। ਉਸ ਨੂੰ ਪੈਸੇ ਚਾਹੀਦੇ ਸਨ। ਤੁਸੀਂ ਚਾਹੇ ਖੂਹ ਪੁੱਟਿਆ ਹੈ, ਉਸ ਨੂੰ ਕੋਈ ਪਰਵਾਹ ਨਹੀਂ। ਦਸਖ਼ਤ ਵੀ ਅੱਖਾਂ ਮੀਚ ਕੇ ਕਰ ਦਿੰਦਾ, ਜਿਥੇ ਮਰਜ਼ੀ ਕਰਾ ਲਓ। ਕਤਲ 'ਚੋਂ ਬੰਦੇ ਕੱਢ ਦਿੰਦਾ। ਭਦੌੜ ਵਾਲੇ ਕਤਲ ਕੇਸ 'ਚ

ਸਰਦਾਰਾਂ ਨੂੰ ਕੱਢ ਕੇ ਉਸੇ ਮਹੀਨੇ ਚਰਨ ਸਿੰਘ ਨੇ ਪੰਜਾਹ ਹਜ਼ਾਰ ਰੁਪਏ ਲਏ ਸਨ। ਅਗਾਂਹ ਦਸ ਹਜ਼ਾਰ ਦੇ ਕੇ ਚਾਲੀ ਡਕਾਰ ਗਿਆ ਸੀ। ਭੁੱਕੀ, ਅਫ਼ੀਮ ਤਾਂ ਦੁਕਾਨਾਂ 'ਤੇ ਹੀ ਵਿਕਣ ਲੱਗ ਪਈ ਸੀ। ਮੁਨਸ਼ੀਆਂ ਨੇ ਸਾਰੇ ਮਾਲਖ਼ਾਨੇ ਵੇਚ ਦਿੱਤੇ। ਭੁੱਕੀ ਤਾਂ ਵੇਚੀ ਹੀ, ਖ਼ਾਲੀ ਬੋਤਲਾਂ, ਬੋਰੀਆਂ ਅਤੇ ਪੀਪੀਆਂ ਵੀ ਵੇਚ ਛੱਡੀਆਂ। ਮੁਨਸ਼ੀ ਹਜ਼ਾਰਾਂ ਰੁਪਏ ਇਸ ਕੰਮ ਵਿਚ ਹੀ ਕਮਾ ਗਏ। ਸਿਪਾਹੀ ਤਕ ਨੂੰ ਖੁੱਲ੍ਹ ਸੀ। ਬਾਹਰੋਂ ਬੰਦਾ ਫੜੋ, ਫ਼ੀਸ ਲਓ ਅਤੇ ਬੰਦਾ ਛੱਡ ਦਿਉ। ਵਰੰਟ ਤਾਮੀਲ ਕਰਾਉਣ ਗਏ ਸੌਦਾ ਕਰ ਆਉਂਦੇ। ਦੋਸ਼ੀ ਪੈਸੇ ਦਿੰਦਾ ਹੈ ਤਾਂ ਛੱਡ ਦਿਉ, ਨਹੀਂ ਹੱਥਕੜੀ ਲਾ ਕੇ ਅੰਦਰ ਤੁੰਨ ਦਿਓ। ਚਾਰੇ ਪਾਸੇ ਨੋਟਾਂ ਦਾ ਮੀਂਹ ਪੈਂਦਾ ਸੀ।

ਇੰਨੀ ਖੁੱਲ੍ਹ ਦੇਖ ਕੇ ਹੀ ਸ਼ਿਵ ਨੇ ਹਿੰਮਤ ਕੱਢੀ ਸੀ।

ਇਕ ਤਾਂ ਕਪਤਾਨ ਦਾ ਕੋਈ ਡਰ ਨਹੀਂ ਸੀ, ਦੂਜਾ ਦੋਸ਼ੀ ਜੈਨੀ ਸੇਠ ਸਨ। ਉਹਨਾਂ ਕੋਲ ਜਿੰਨਾ ਪੈਸਾ ਆਖ ਲਓ, ਉਨਾ ਹੀ ਥੋੜ੍ਹਾ ਹੈ। ਮੁੰਡੇ ਦਾ ਚਾਚਾ ਕਈ ਕਾਰਖ਼ਾਨਿਆਂ ਦਾ ਮਾਲਕ ਸੀ। ਸ਼ਹਿਰ ਦੀ ਸਭ ਤੋਂ ਵੱਡੀ ਕੱਪੜੇ ਦੀ ਦੁਕਾਨ ਉਸੇ ਦੀ ਸੀ। ਭਤੀਜਾ ਮਾਲੀ ਤੌਰ 'ਤੇ ਕਮਜ਼ੋਰ ਸੀ। ਕਿਸੇ ਦੁਕਾਨ 'ਤੇ ਮੁਨੀਮ ਸੀ। ਚਾਚੇ ਨੂੰ ਦਸ-ਪੰਜ ਹਜ਼ਾਰ ਚਿੱਤ ਚੇਤੇ ਨਹੀਂ ਸੀ। ਮਾਮਲਾ ਇੱਜ਼ਤ ਦਾ ਵੀ ਸੀ ਅਤੇ ਡੇਢ ਕਿੱਲੋ ਸੋਨੇ ਦਾ ਵੀ।

ਚਾਚਾ ਆਖਦਾ ਸੀ ਝਗੜੇ ਵਾਲਾ ਸੋਨਾ ਉਸ ਦੀ ਨਿੱਜੀ ਜਾਇਦਾਦ ਸੀ। ਇਹ ਗਹਿਣੇ ਉਹਦੀ ਮਾਂ ਨੂੰ ਉਹਦੇ ਨਾਨਕਿਆਂ ਨੇ ਵਿਆਹ ਵੇਲੇ ਦਾਜ 'ਚ ਦਿੱਤੇ ਸਨ। ਮਰਨ ਤੋਂ ਪਹਿਲਾਂ ਇਹ ਗਹਿਣੇ ਮਾਂ ਉਸ ਦੀ ਪਤਨੀ ਨੂੰ ਦੇ ਗਈ। ਭਤੀਜਾ ਕਹਿੰਦਾ ਸੀ ਇਹ ਉਸ ਦੀ ਜਾਇਦਾਦ ਸੀ। ਗਹਿਣੇ ਉਸ ਦੀ ਮਾਂ ਦੇ ਸਨ। ਗਹਿਣੇ ਉਹਦੇ ਪਿਓ ਦੇ ਕਬਜ਼ੇ ਵਿਚ ਸਨ। ਜਦੋਂ ਉਹ ਮਰਿਆ ਭਤੀਜਾ ਛੋਟਾ ਸੀ, ਮਾਂ ਪਹਿਲਾਂ ਹੀ ਮਰ ਗਈ ਸੀ। ਘਰ ਦਾ ਮੋਢੀ ਹੋਣ ਕਰਕੇ ਹੋਰ ਜਾਇਦਾਦ ਦੇ ਨਾਲ-ਨਾਲ ਗਹਿਣੇ ਵੀ ਚਾਚੇ ਨੂੰ ਮਿਲ ਗਏ ਸਨ। ਮੋੜਨ ਲੱਗਿਆਂ ਉਹ ਬੇਈਮਾਨ ਹੋ ਗਿਐ।

ਭਾਈਚਾਰਾ ਚਾਚੇ ਨਾਲ ਸੀ। ਚਾਚਾ ਦਾਨੀ ਪੁਰਸ਼ ਹੈ। ਦਸ ਹਜ਼ਾਰ ਰੁਪਿਆ ਆਏ ਸਾਲ ਤਾਂ ਉਹ ਇਕੱਲੀ ਗਊਸ਼ਾਲਾ ਨੂੰ ਦਿੰਦਾ ਹੈ। ਉਹ ਦੂਜੇ ਦੀ ਜਾਇਦਾਦ 'ਤੇ ਧਾਰ ਨਹੀਂ ਮਾਰਦਾ। ਮੁੰਡੇ ਦਾ ਹੱਥ ਤੰਗ ਹੈ, ਇਸ ਲਈ ਲਾਲਚ ਕਰ ਰਿਹਾ ਹੈ।

ਵੱਡੀ ਗੱਲ ਇਹ ਕਿ ਡੀ.ਸੀ. ਦਾ ਜੀ.ਏ. ਚਾਚੇ ਦੇ ਸਾਲੇ ਦਾ ਸਾਂਢੂ ਸੀ। ਉਸ ਨੇ ਸ਼ਿਵ ਨੂੰ ਦਫ਼ਤਰ ਬੁਲਾ ਕੇ ਚਾਚੇ ਦੀ ਮਦਦ ਦਾ ਹੁਕਮ ਦਿੱਤਾ ਸੀ।

ਦਬਕਾ ਧਮਕਾ ਕੇ ਸ਼ਿਵ ਨੇ ਸਾਰੇ ਗਹਿਣੇ ਕਾਬੂ ਕਰ ਲਏ। ਡੱਬੇ 'ਚ ਪਾ ਕੇ ਮੋਹਰਾਂ ਜੜ੍ਹ ਦਿੱਤੀਆਂ। ਕੋਈ ਹੋਰ ਤਫ਼ਤੀਸ਼ੀ ਹੁੰਦਾ ਤਾਂ ਇਕ ਦੋ ਗਹਿਣੇ ਖਿਸਕਾ ਲੈਂਦਾ ਜਾਂ ਅਸਲੀ ਕੱਢ ਕੇ ਨਕਲੀ ਪਾ ਦਿੰਦਾ। ਮੋਹਰਾਂ ਲਾਉਣਾ ਤਾਂ ਐਵੇਂ ਅਦਾਲਤ ਦੇ ਅੱਖੀਂ ਘੱਟਾ ਪਾਉਣ ਵਾਲੀ ਗੱਲ ਹੁੰਦੀ ਹੈ। ਸਾਰੇ ਕਾਗ਼ਜ਼ ਪੱਤਰ ਆਪਣੇ ਹੱਥ 'ਚ ਰੱਖੀਦੇ ਹਨ। ਜਦੋਂ ਜੀਅ ਕਰੇ ਮੋਹਰਾਂ ਤੋੜ ਕੇ ਨਵੀਆਂ ਲਾ ਦਿਓ। ਖ਼ਾਲੀ ਕਾਗ਼ਜ਼ਾਂ 'ਤੇ ਪਹਿਲਾਂ ਹੀ ਦਸਖ਼ਤ ਕਰਵਾ ਲਈਦੇ ਹਨ। ਪਿੱਛੋਂ ਫਸਿਆ ਮਾਲਕ ਮੁੱਕਰ ਨਹੀਂ ਸਕਦਾ। ਮੁੱਕਰੇਗਾ ਤਾਂ ਜਿਹੜੇ ਥੋੜ੍ਹੇ ਬਹੁਤੇ ਅਸਲੀ ਗਹਿਣੇ ਡੱਬੇ ਵਿਚ ਬਚ ਰਹਿੰਦੇ ਹਨ, ਉਹਨਾਂ ਤੋਂ ਵੀ ਹੱਥ ਧੋ ਬੈਠੇਗਾ। ਸ਼ਿਵ ਨੇ ਇਸ ਤਰ੍ਹਾਂ ਦੀ ਕੋਈ ਹੇਰਾ-ਫੇਰੀ ਨਹੀਂ ਸੀ ਕੀਤੀ। ਚਾਚੇ ਨਾਲ ਉੱਕਾ-ਪੁੱਕਾ ਸੌਦਾ ਕੀਤਾ ਸੀ। ਵੀਹ ਹਜ਼ਾਰ ਲਿਆ ਸੀ। ਸੌ ਵਾਰ ਸਹੁੰਆਂ ਖੁਆ ਕੇ ਕਿ ਜੀ.ਏ. ਨੂੰ ਨਹੀਂ ਦੱਸਣਾ।

ਭਤੀਜਾ ਜਦੋਂ ਦੋ ਦਿਨ ਥਾਣੇ ਬੈਠ ਕੇ ਵੀ ਟੱਸ ਤੋਂ ਮੱਸ ਨਾ ਹੋਇਆ ਤਾਂ ਸ਼ਿਵ ਨੇ ਦੋ ਕਿੱਲੋ ਅਫ਼ੀਮ ਫਿੱਟ ਕਰ ਦਿੱਤੀ। ਤਿੰਨ ਦਿਨਾਂ ਦਾ ਪੁਲਿਸ ਰਿਮਾਂਡ ਲਿਆ। ਹਫ਼ਤਾ ਜ਼ਮਾਨਤ ਨਾ ਹੋਣ ਦਿੱਤੀ।

ਭਤੀਜਾ ਜਦੋਂ ਅੱਠ-ਦਸ ਦਿਨ ਜੇਲ੍ਹ 'ਚ ਕੱਟ ਕੇ ਬਾਹਰ ਆਇਆ ਤਾਂ ਪਾਸਾ ਪਲਟ ਚੁੱਕਾ ਸੀ। ਸਾਰੀ ਜੈਨ ਬਰਾਦਰੀ ਮੁੰਡੇ ਦੇ ਹੱਕ 'ਚ ਹੋ ਚੁੱਕੀ ਸੀ। ਪੈਸੇ 'ਚ ਅੰਨ੍ਹੇ ਹੋਏ ਚਾਚੇ ਨੇ ਤਾਂ ਹੱਦ ਹੀ ਕਰ ਦਿੱਤੀ। ਗਊ ਵਰਗੇ ਮੁੰਡੇ ਨੂੰ ਜੱਲਾਦਾਂ ਹੱਥ ਵੇਚ ਦਿੱਤਾ। ਅੱਗ ਲੱਗੇ ਅਜਿਹੇ ਪੈਸੇ ਨੂੰ। ਇਹ ਪਹਿਲੀ ਵਾਰ ਸੀ ਕਿ ਕਿਸੇ ਜੈਨੀਆਂ ਦੇ ਮੁੰਡੇ ਨੂੰ ਕੈਦ ਕੱਟਣੀ ਪਈ ਸੀ।

ਚਾਚਾ ਵੀ ਪਸੀਜ ਗਿਆ। ਭਤੀਜੇ ਨੂੰ ਜੇਲ੍ਹ ਭੇਜ ਕੇ ਉਹਦੀ ਨੱਕ ਕੱਟੀ ਗਈ ਸੀ। ਬਾਹਰ ਆਉਂਦਿਆਂ ਹੀ ਉਸ ਨੇ ਸਾਰੇ ਗਹਿਣੇ ਉਸ ਨੂੰ ਦੇਣ ਦਾ ਐਲਾਨ ਕਰ ਦਿੱਤਾ।

ਰਾਜ਼ੀਨਾਮਾ ਹੋ ਗਿਆ ਤਾਂ ਮੁੰਡਾ ਕੇਸ ਵਿਚੋਂ ਬਰੀ ਵੀ ਹੋਣਾ ਚਾਹੀਦਾ ਸੀ। ਸਜ਼ਾ ਹੋ ਗਈ ਤਾਂ ਧੀਆਂ ਪੁੱਤ ਵਿਆਹੁਣੇ ਰਹਿ ਜਾਣਗੇ। ਬਰਾਦਰੀ ਨੂੰ ਦਾਗ਼ ਲੱਗ ਜਾਏਗਾ। ਉਹੋ ਚਾਚਾ ਜਿਹੜਾ ਭਤੀਜੇ ਨੂੰ ਸਜ਼ਾ ਕਰਾਉਣ ਲਈ ਨੋਟ ਚੁੱਕੀ ਫਿਰਦਾ ਸੀ, ਉਸ ਨੂੰ ਬਰੀ ਕਰਾਉਣ ਲਈ ਤਰਲੋ-ਮੱਛੀ ਹੋਣ ਲੱਗਾ।

ਬਰੀ ਕਰਾਉਣ ਲਈ ਸ਼ਿਵ ਕੋਲ ਕੋਈ ਜਾਦੂ ਦਾ ਡੰਡਾ ਤਾਂ ਹੈ ਨਹੀਂ ਸੀ। ਚਾਰ ਤਰੀਕਾਂ ਪੈ ਕੇ ਹੀ ਮੁੰਡੇ ਨੇ ਬਰੀ ਹੋਣਾ ਸੀ, ਦੂਜਾ ਤਰੀਕਾ ਸੀ ਮੁੰਡਾ ਜੁਰਮ ਦਾ ਇਕਬਾਲ ਕਰ ਲਏ। ਨੇਕ-ਚਲਨੀ ਕਰਾ ਕੇ ਖਹਿੜਾ ਛੁੱਟ ਜਾਣਾ ਸੀ।

ਚਾਚੇ ਦੀ ਬੇਚੈਨੀ ਦੇਖ ਕੇ ਸ਼ਿਵ ਵੀ ਘਬਰਾ ਗਿਆ। ਜੀ.ਏ. ਦੇ ਸੁਨੇਹੇ ਆਉਣ ਲੱਗੇ। ਸ਼ਿਵ ਡਰ ਰਿਹਾ ਸੀ, ਜੇ ਉਹਨਾਂ ਜੀ.ਏ. ਨੂੰ ਦੱਸ ਦਿੱਤਾ ਤਾਂ ਸ਼ਿਵ ਦੀ ਖ਼ੈਰ ਨਹੀਂ। ਸ਼ਿਵ ਨੂੰ ਇਕੋ ਰਾਹ ਦਿਖਾਈ ਦੇ ਰਿਹਾ ਸੀ। ਰੋਜ਼ਨਾਮਚੇ ਅਤੇ ਉੱਨੀ ਨੰਬਰ ਰਜਿਸਟਰ (ਸਟਾਕ ਰਜਿਸਟਰ) ਵਿਚ ਅਦਲਾ ਬਦਲੀ। ਦੋ ਕਿੱਲੋ ਦੀ ਥਾਂ ਸੌ ਗਰਾਮ ਬਣਾ ਦੇਵੇ। ਦੋ ਕਿੱਲੇ ਅਫ਼ੀਮ ਦਾ ਇਕਬਾਲ ਜੱਜ ਨੇ ਲੈਣਾ ਨਹੀਂ। ਦੋ ਸੌ ਗਰਾਮ ਦਾ ਝੱਟ ਹੋ ਜਾਣਾ ਸੀ।

ਇਕਬਾਲ ਲਈ ਚਾਚਾ ਵੀ ਸਹਿਮਤ ਸੀ ਅਤੇ ਭਤੀਜਾ ਵੀ। ਮੁਨਸ਼ੀ ਨੇ ਪੰਜ ਸੌ ਲੈ ਕੇ ਰੋਜ਼ਨਾਮਚੇ ਦੇ ਵਰਕੇ ਬਦਲ ਦਿੱਤੇ। ਉੱਨੀ ਨੰਬਰ 'ਚ ਇਕ ਰਿਮੂਵਰ ਨਾਲ ਕੰਮ ਚੱਲ ਗਿਆ।

ਕਚਹਿਰੀ ਇਕਬਾਲ ਕਰਨ ਗਏ ਤਾਂ ਵਕੀਲ ਨੇ ਢੁੱਚਰ ਅੜਾ ਦਿੱਤੀ। ਇਕਬਾਲ ਕਰ ਕੇ ਸਜ਼ਾ-ਯਾਫ਼ਤਾ ਹੋ ਜਾਣਾ ਸੀ, ਸਾਰੀ ਉਮਰ ਦਾ ਮਿਹਣਾ। ਜੇ ਜੀ.ਏ. ਰਿਸ਼ਤੇਦਾਰ ਹੈ ਤਾਂ ਕਾਹਦਾ ਡਰ ? ਮੁਕੱਦਮਾ ਤਾਂ ਝੂਠਾ ਹੈ ਹੀ, ਉਪਰੋਂ ਰਿਕਾਰਡ 'ਚ ਹੇਰਾ-ਫੇਰੀ ਹੋ ਗਈ। ਪੜਤਾਲ ਕਰਵਾ ਕੇ ਮੁਕੱਦਮਾ ਖ਼ਾਰਜ ਕਰਵਾ ਲਓ।

ਉਨ੍ਹਾਂ ਵਕੀਲ ਵਾਲੀ ਗੱਲ ਜਦੋਂ ਜੀ.ਏ. ਨੂੰ ਦੱਸੀ ਤਾਂ ਉਹਨੇ ਪਿਆਰ-ਪੁਚਕਾਰ ਕੇ ਸਾਰੀ ਕਹਾਣੀ ਸੁਣ ਲਈ। ਉਹਨੂੰ ਸ਼ਿਵ 'ਤੇ ਗੁੱਸਾ ਚੜ੍ਹ ਗਿਆ। ਜਦੋਂ ਜੀ.ਏ. ਨੇ ਸਿਫ਼ਾਰਸ਼ ਕਰ ਦਿੱਤੀ ਸੀ ਤਾਂ ਉਸ ਦਾ ਪੈਸੇ ਲੈਣ ਦਾ ਕੀ ਮਤਲਬ ? ਪਰਚਾ ਉਹ ਕੈਂਸਲ ਕਰਵਾ ਦੇਵੇਗਾ। ਸ਼ਿਵ 'ਤੇ ਰਿਸ਼ਵਤ ਲੈਣ ਦੀ ਦਰਖ਼ਾਸਤ ਦੇਣੀ ਜ਼ਰੂਰੀ ਸੀ। ਇਨਕੁਆਰੀ ਕਾਹਦੀ ਸ਼ੁਰੂ ਹੋਈ, ਸ਼ਿਵ ਨੂੰ ਦਿਨੇ ਤਾਰੇ ਦਿਖਾਈ ਦੇਣ ਲੱਗੇ।

ਵੀਹ ਹਜ਼ਾਰ ਵਿਚੋਂ ਦਸ ਤਾਂ ਉਹ ਕਪਤਾਨ ਨੂੰ ਹੀ ਦੇ ਆਇਆ ਸੀ। ਦੋ-ਤਿੰਨ ਬਾਕੀ ਮਾਤਹਿਤਾਂ ਵਿਚ ਵੰਡਿਆ ਜਾ ਚੁੱਕਾ ਸੀ। ਜੈਨੀ ਸਾਰੇ ਪੈਸੇ ਵਾਪਸ ਮੰਗਦੇ ਸਨ। ਕਪਤਾਨ ਦੇ ਸਿਰ 'ਤੇ ਪਹਿਲਾਂ ਉਹਨੇ ਬਹੁਤੀ ਪਰਵਾਹ ਨਾ ਕੀਤੀ।

ਪੜਤਾਲ ਪਹਿਲਾਂ ਡਿਪਟੀ (ਹੈੱਡਕੁਆਰਟਰ) ਨੇ ਸ਼ੁਰੂ ਕੀਤੀ। ਸੌਦਾ ਪੰਜ ਹਜ਼ਾਰ 'ਚ ਤਹਿ ਹੋਇਆ। ਉਹਦੇ ਦੋ-ਚਾਰ ਬਿਆਨ ਲਿਖ ਕੇ ਰਿਪੋਰਟ ਸ਼ਿਵ ਦੇ ਹੱਕ ਵਿਚ ਕਰ ਦਿੱਤੀ। ਜੀ.ਏ. ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਉਹਨੇ ਡੀ.ਸੀ. ਤੋਂ ਉਹ ਰਿਪੋਰਟ ਨਾ-ਮਨਜ਼ੂਰ ਕਰਾ ਦਿੱਤੀ।

ਦੂਜੀ ਵਾਰ ਐਸ.ਪੀ. (ਡੀ) ਆਇਆ। ਉਹ ਸਖ਼ਤੀ ਲਈ ਮਸ਼ਹੂਰ ਸੀ। ਨਵਾਂ-ਨਵਾਂ ਨੌਕਰ ਹੋਇਆ ਸੀ। ਰਿਸ਼ਵਤ ਦੇ ਕੋਲ ਦੀ ਨਹੀਂ ਸੀ ਲੰਘਦਾ। ਭੱਜ-ਨੱਠ ਕਰ ਕੇ ਮਸਾਂ ਸ਼ਿਵ ਨੇ ਉਹਦਾ ਸਾਲਾ ਫੜਿਆ। ਸਾਲੇ ਨੇ ਦਸ ਹਜ਼ਾਰ ਤਾਂ ਲਿਆ ਪਰ ਰਿਪੋਰਟ ਸ਼ਿਵ ਦੀ ਮਨ-ਮਰਜ਼ੀ ਦੀ ਕਰਵਾ ਦਿੱਤੀ। ਸ਼ਿਵ ਨੇ ਸੁਖ ਦਾ ਸਾਹ ਲਿਆ। ਚਲੋ ਮਾਮਲਾ ਰਫ਼ਾ-ਦਫ਼ਾ ਹੋਇਆ।

ਜੀ.ਏ. ਨੇ ਫਿਰ ਟੰਗ ਅੜਾ ਦਿੱਤੀ। ਇਨਕੁਆਰੀ ਵਿਜੀਲੈਂਸ ਨੂੰ ਭਿਜਵਾ ਦਿੱਤੀ। ਨਾਲੇ ਕਪਤਾਨ ਨੂੰ ਮੁਅੱਤਲੀ ਲਈ ਲਿਖ ਦਿੱਤਾ। ਜਿੰਨਾ ਚਿਰ ਸ਼ਿਵ ਬਹਾਲ ਹੈ, ਪੜਤਾਲ ਸਹੀ ਨਹੀਂ ਹੋ ਸਕਦੀ।

ਵਿਜੀਲੈਂਸ ਦੇ ਡੀ.ਆਈ.ਜੀ. ਨਾਲ ਸ਼ਿਵ ਕਦੇ ਰੀਡਰ ਰਿਹਾ ਸੀ। ਰਿਪੋਰਟ ਉਹਦੇ ਹੱਕ ਵਿਚ ਹੋਏਗੀ, ਇਹ ਸ਼ਿਵ ਨੂੰ ਆਸ ਸੀ। ਕੁੱਤੇ ਦਾ ਕੁੱਤਾ ਵੈਰੀ ਵਾਂਗ ਉਸ ਨੇ ਸਗੋਂ ਰੋਜ਼ਨਾਮਚਾ ਅਤੇ ਰਜਿਸਟਰ ਡਾਕੂਮੈਂਟ ਐਕਸਪਰਟ ਨੂੰ ਭੇਜ ਦਿੱਤੇ। ਰਿਪੋਰਟ ਸ਼ਿਵ ਦੇ ਖ਼ਿਲਾਫ਼ ਆਉਣੀ ਹੀ ਸੀ। ਰਿਪੋਰਟ ਠੀਕ ਕਰਾਉਣ ਲਈ ਡੀ.ਆਈ.ਜੀ. ਨੇ ਵੀਹ ਹਜ਼ਾਰ ਮੰਗਿਆ। ਮਰਦੇ ਸ਼ਿਵ ਨੇ ਇਹ ਅੱਕ ਵੀ ਚੱਬਿਆ। ਮਾੜੀ ਕਿਸਮਤ ਹੋਵੇ ਤਾਂ ਬਣੇ ਕੰਮ ਵੀ ਵਿਗੜ ਜਾਂਦੇ ਹਨ। ਰਿਪੋਰਟ ਲਿਖਣ ਤੋਂ ਪਹਿਲਾਂ ਹੀ ਉਹ ਡੀ.ਆਈ.ਜੀ. ਚਲਾਣਾ ਕਰ ਗਿਆ।

ਹੋਰ ਪੈਰਵਾਈ ਦੀ ਸ਼ਿਵ 'ਚ ਹਿੰਮਤ ਨਹੀਂ ਸੀ। ਜਿੰਨੇ ਪੈਸੇ ਪੱਲੇ ਸੀ, ਸਭ ਲੱਗ ਗਏ ਸਨ। ਉਹ ਚੁੱਪ ਕਰ ਕੇ ਘਰ ਬੈਠ ਗਿਆ, ਤਨਖ਼ਾਹ ਅੱਧੀ ਰਹਿ ਗਈ ਸੀ। ਖ਼ਰਚਾ ਪੂਰਾ ਕਰਨ ਲਈ ਸ਼ਿਵ ਨੇ ਟਾਈਪ-ਰਾਈਟਰ ਕਚਹਿਰੀ ਜਾ ਧਰਿਆ। ਲਿਖਣ-ਪੜ੍ਹਨ ਦਾ ਉਹ ਮਾਹਿਰ ਸੀ। ਨਵੇਂ ਵਕੀਲਾਂ ਨਾਲੋਂ ਵੱਧ ਕੰਮ ਜਾਣਦਾ ਸੀ।

ਜੀ.ਏ. ਨੇ ਜ਼ੋਰ ਪਾ ਕੇ ਅਫ਼ੀਮ ਦਾ ਮੁਕੱਦਮਾ ਤਾਂ ਖਾਰਜ ਕਰਵਾਇਆ ਹੀ, ਸ਼ਿਵ 'ਤੇ ਵੀ ਰਿਸ਼ਵਤ ਦਾ ਮੁਕੱਦਮਾ ਦਰਜ ਕਰਵਾ ਦਿੱਤਾ।

ਉਹ ਆਥਣ-ਉਗਣ ਜੈਨੀਆਂ ਦੀਆਂ ਮਿੰਨਤਾਂ ਕਰਨ ਜਾਂਦਾ। ਚਾਰ ਸਾਲ ਧੱਕੇ ਖਾ ਕੇ ਮਸਾਂ ਬਰੀ ਹੋਇਆ।

ਦੁੱਧ ਦਾ ਫੂਕਿਆ ਜਿਵੇਂ ਲੱਸੀ ਨੂੰ ਵੀ ਫੂਕਾਂ ਮਾਰਦਾ ਹੈ, ਇਵੇਂ ਹੀ ਸ਼ਿਵ ਨਹੀਂ ਸੀ ਚਾਹੁੰਦਾ ਕਿ ਦਾਰੂ ਪੀ ਕੇ ਲਾਲਾ ਜੀ ਦੇ ਘਰ ਜਾਵੇ। ਯੁਵਾ ਸੰਘ ਦੇ ਧੱਕੇ ਚੜ੍ਹ ਕੇ ਮੁੜ ਉਸੇ ਘੁੰਮਣ-ਘੇਰੀ ਵਿਚ ਫਸੇ। ਤਿੰਨ ਸਾਲ ਰਿਟਾਇਰ ਹੋਣ ਨੂੰ ਰਹਿੰਦੇ ਸਨ, ਉਹ ਸੁੱਖੀਂ-ਸਾਂਦੀ ਪੈਨਸ਼ਨ ਲੈ ਕੇ ਘਰ ਜਾਣਾ ਚਾਹੁੰਦਾ ਸੀ।

ਪਾਨ ਖਾਣ ਦੀ ਨੀਯਤ ਨਾਲ ਉਹਨੇ ਰਿਕਸ਼ਾ ਪਾਨ-ਫ਼ਰੋਸ਼ ਦੀ ਰੇਹੜੀ ਕੋਲ ਰੁਕਵਾਇਆ।

"ਤੈਨੂੰ ਹਜ਼ਾਰ ਵਾਰ ਆਖਿਐ ਇਸ ਰਸਤੇ ਜੱਜ ਸਾਹਿਬ ਦੀ ਕਾਰ ਨੇ ਲੰਘਣਾ ਹੁੰਦੈ, ਤੂੰ ਇਸ ਮੋੜ ਦਾ ਖਹਿੜਾ ਹੀ ਨਹੀਂ ਛੱਡਦਾ.....।" ਰਿਕਸ਼ੇ 'ਚ ਬੈਠੇ-ਬੈਠੇ ਹੀ ਉਹਨੇ ਰੇਹੜੀ ਦੀ ਟੀਨ ਦੀ ਛੱਤ 'ਤੇ ਡੰਡਾ ਖੜਕਾਇਆ।

ਪਾਨ-ਫ਼ਰੋਸ਼ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਜਲਦੀ-ਜਲਦੀ ਸਾਮਾਨ ਇਕੱਠਾ ਕਰਦੇ ਦੇ ਉਸ ਦੇ ਹੱਥ ਕੰਬਣ ਲੱਗੇ।

"ਇਕ-ਦੋ ਖ਼ੂਬਸੂਰਤ ਪਾਨ.....ਲੈਚੀਆਂ ਦੀ ਪੁੜੀ.....ਅਤੇ ਸਿਗਰਟਾਂ ਦੀ ਇਕ ਡੱਬੀ ਦੇ ਸਾਹਿਬ ਨੂੰ.....।" ਰਿਕਸ਼ੇ ਵਾਲਾ ਸ਼ਿਵ ਦਾ ਭੇਤੀ ਸੀ। ਪਾਨ-ਫ਼ਰੋਸ਼ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੁਸਕਰਾਉਂਦਿਆਂ ਉਸ ਨੇ ਸ਼ਿਵ ਦੀਆਂ ਲੋੜਾਂ ਦੱਸੀਆਂ।

ਪੈਸਿਆਂ ਲਈ ਸ਼ਿਵ ਜੇਬ 'ਚ ਹੱਥ ਪਾਉਣ ਲੱਗਾ ਤਾਂ ਪਾਨ-ਫ਼ਰੋਸ਼ ਹੱਥ ਬੰਨ੍ਹ ਕੇ ਖੜੋ ਗਿਆ।

"ਚੰਗਾ, ਅੱਜ ਤਾਂ ਖੜਾ ਰਹਿ, ਕੱਲ੍ਹ ਨੂੰ ਕੋਈ ਹੋਰ ਇੰਤਜ਼ਾਮ ਕਰ ਲਈਂ। ਨਹੀਂ ਮੈਥੋਂ ਬੁਰਾ ਕੋਈ ਨਹੀਂ।" ਇਕ ਪਾਨ ਮੂੰਹ 'ਚ ਪਾ ਕੇ ਅਤੇ ਦੂਜਾ ਜੇਬ 'ਚ ਤੁੰਨ ਕੇ ਉਹ ਅੱਗੇ ਵਧਿਆ।

"ਮੁਰਗੀ ਚੋਰ.....ਮੁਰਗੀ ਚੋਰ....." ਸ਼ਿਵ ਨੂੰ ਲੱਗਾ ਜਿਵੇਂ ਰਿਕਸ਼ੇ ਵਾਲਾ ਇਹ ਸ਼ਬਦ ਗੁਣਗੁਣਾ ਰਿਹਾ ਹੈ। ਇਕ-ਦੋ ਵਾਰ ਸ਼ਿਵ ਨੇ ਕੰਨ ਲਾ ਕੇ ਸੁਣਿਆ ਵੀ, ਇਹ ਉਸਦੇ ਮਨ ਦਾ ਭਰਮ ਸੀ। ਉਹ ਤਾਂ ਕੋਈ ਫ਼ਿਲਮੀ ਧੁਨ ਗਾ ਰਿਹਾ ਸੀ।

ਹੋਰ ਕੌਣ ਸੀ ਫੇਰ, ਜਿਹੜਾ ਸ਼ਿਵ ਦੀ ਇਸ ਖਿਝ ਨੂੰ ਜਾਣਦਾ ਸੀ ? ਪੰਝੀ ਸਾਲ ਪੁਰਾਣੀ ਗੱਲ ਸੀ। ਸਾਂਸੀਆਂ ਦੀਆਂ ਕੁੱਲੀਆਂ 'ਚ ਗਿਆਂ ਨੂੰ ਉਹਨਾਂ ਨੂੰ ਇਕ ਮੁਰਗੀ ਪਸੰਦ ਆ ਗਈ ਸੀ। ਮੁਰਗੀ ਦਾ ਉਂਝ ਤਾਂ ਸੌਦਾ ਨਾ ਬਣਿਆ, ਉਹਨਾਂ ਕਿਸੇ ਖ਼ਾਸ ਬੰਦੇ ਰਾਹੀਂ ਖਿਸਕਾ ਲਈ। ਸਾਂਸੀਆਂ ਨੂੰ ਪਤਾ ਨਹੀਂ ਕਿਥੋਂ ਪਤਾ ਲੱਗਾ, 'ਮੁਰਗੀ ਚੋਰ, ਮੁਰਗੀ ਚੋਰ' ਕਰਦੇ ਥਾਣੇ ਅੱਗੇ ਆ ਬੈਠੇ। ਉਸ ਦਿਨ ਤੋਂ ਅੱਜ ਤਕ ਲੋਕ ਉਸ ਨੂੰ 'ਮੁਰਗੀ ਚੋਰ' ਆਖ ਕੇ ਚਿੜਾਉਂਦੇ ਹਨ। ਮੁਫ਼ਤ ਦੀਆਂ ਸਿਗਰਟਾਂ ਅਤੇ ਪਾਨ ਲੈ ਕੇ ਉਸ ਅੰਦਰਲਾ ਸ਼ਿਵ ਹੀ ਸ਼ਾਇਦ ਬਾਗ਼ੀ ਹੋ ਗਿਆ ਸੀ।

ਆਪਣੇ ਅਤੀਤ ਤੋਂ ਖਹਿੜਾ ਛੁਡਾਉਣ ਲਈ ਸ਼ਿਵ ਆਲੇ-ਦੁਆਲੇ ਦੀਆਂ ਇਮਾਰਤਾਂ ਤੇ ਲਟਕਦੇ ਬੋਰਡ ਅਤੇ ਨੇਮ-ਪਲੇਟਾਂ ਪੜ੍ਹਨ ਲੱਗਾ।

ਤੀਸਰੀ ਗਲੀ ਟੈਗੋਰ ਸਟਰੀਟ ਸੀ। ਗਲੀ ਦੀ ਸਾਰੀ ਆਬਾਦੀ ਮੋੜ 'ਤੇ ਆ ਖੜੋਤੀ ਸੀ। ਸਭ ਦੇ ਚਿਹਰਿਆਂ 'ਤੇ ਡਰ ਅਤੇ ਮਾਤਮ ਸੀ।

ਪਹਿਲੇ ਪਹੁੰਚੇ ਸਿਪਾਹੀ ਨੇ ਕਾਫ਼ੀ ਕੰਮ ਨਿਬੇੜ ਲਿਆ ਸੀ। ਮੁਨਸ਼ੀ ਨੇ ਉਹਨਾਂ ਨੂੰ ਸਮਝਾ ਕੇ ਭੇਜਿਆ ਸੀ। ਜਾਂਦੇ ਹੀ ਟੋਪੀਏ ਦੁਆਲੇ ਰੇਤੇ ਦੀਆਂ ਬੋਰੀਆਂ ਲਗਵਾ ਦੇਣਾ। ਕੋਈ ਹੋਰ ਥਾਂ ਹੁੰਦਾ ਤਾਂ ਰੇਤਾ ਲੱਭਣਾ ਹੀ ਔਖਾ ਹੋ ਜਾਂਦਾ। ਇਥੇ ਲਾਲਾ ਜੀ ਦੇ ਉਪਾਸ਼ਕਾਂ ਵਿਚ ਲੱਭੂ ਰੇਤੇ ਬੱਜਰੀ ਵਾਲਾ ਹਾਜ਼ਰ ਸੀ। ਉਹਨੇ ਝੱਟ ਬਰੇਤੀ ਨਾਲ ਭਰੀਆਂ ਬੋਰੀਆਂ ਦਾ ਰੇਹੜਾ ਮੰਗਵਾ ਲਿਆ। ਯੁਵਾ ਸੰਘ ਦੇ ਵਰਕਰਾਂ ਨੇ ਮਿੰਟਾਂ ਵਿਚ ਬੋਰੀਆਂ ਚਿਣ ਦਿੱਤੀਆਂ।

ਸ਼ਿਵ ਦੇ ਪੁੱਜਣ ਤਕ ਸਿਪਾਹੀ ਵਿਹਲੇ ਹੋ ਚੁੱਕੇ ਸਨ। ਘਰਾਂ ਦੀਆਂ ਛੱਤਾਂ 'ਤੇ ਲੋਕ ਇਕੱਠੇ ਹੋਏ-ਹੋਏ ਸਨ। ਬੁੱਢੇ ਅਤੇ ਕੀ ਬੱਚੇ, ਸਭ ਦੇ ਸਭ ਟੋਪੀਏ, ਬਸਤੇ ਅਤੇ ਉਸ ਦੁਆਲੇ ਚਿਣੀਆਂ ਬੋਰੀਆਂ ਨੂੰ ਹੈਰਾਨੀ ਨਾਲ ਦੇਖ ਰਹੇ ਸਨ।

ਆਉਂਦਿਆਂ ਹੀ ਸ਼ਿਵ ਨੂੰ ਲਿਮਕਾ ਭੇਟ ਕੀਤਾ ਗਿਆ। ਇਕ ਗੁਆਂਢੀ ਸ਼ਿਵ ਲਈ ਕੁਰਸੀ ਤਕ ਚੁੱਕ ਲਿਆਇਆ।

"ਨਹੀਂ ਬਈ ਨਹੀਂ, ਮੈਂ ਬੈਠਣ ਥੋੜ੍ਹਾ ਆਇਆ ਹਾਂ।" ਜੇਬ 'ਚੋਂ ਦੂਜਾ ਪਾਨ ਕੱਢ ਕੇ ਮੂੰਹ 'ਚ ਪਾਉਂਦੇ ਸ਼ਿਵ ਨੇ ਗੁਆਂਢੀ ਦਾ ਧੰਨਵਾਦ ਕੀਤਾ।

ਸ਼ਿਵ ਕੁਰਸੀ 'ਤੇ ਬੈਠਣਾ ਚਾਹੁੰਦਾ ਸੀ, ਪਰ ਕਰਸੀ ਬਾਹਾਂ ਵਾਲੀ ਸੀ। ਸ਼ਿਵ ਨੂੰ ਪਤਾ ਸੀ ਉਹਦੀ ਦੇਹ ਕੁਰਸੀ 'ਚ ਫਸ ਨਹੀਂ ਸਕਦੀ। ਸ਼ਿਵ ਦੇ ਵਾਕਫ਼ਕਾਰਾਂ ਨੂੰ ਤਾਂ ਇਸ ਔਕੜ ਦਾ ਪਤਾ ਸੀ। ਉਹ ਸ਼ਿਵ ਨੂੰ ਬੈਠਣ ਲਈ ਸੋਫ਼ਾ ਭੇਟ ਕਰਦੇ ਜਾਂ ਬਿਨ ਬਾਹਾਂ ਵਾਲੀ ਕੁਰਸੀ। ਦੋਹਾਂ ਵਿਚੋਂ ਕੁਝ ਵੀ ਨਾ ਲੱਭਦਾ ਤਾਂ ਮੰਜਾ ਸਹੀ। ਹਾਸੇ ਦਾ ਪਾਤਰ ਬਣਨ ਨਾਲੋਂ ਤਾਂ ਖੜੇ ਰਹਿਣਾ ਹੀ ਚੰਗਾ ਸੀ। ਸੋ ਸ਼ਿਵ ਖੜਾ ਰਿਹਾ।

ਆਪਣੇ ਮੋਟਾਪੇ 'ਤੇ ਸ਼ਿਵ ਨੂੰ ਅਕਸਰ ਹੈਰਾਨੀ ਹੁੰਦੀ ਸੀ। ਮੀਟ ਅਤੇ ਸ਼ਰਾਬ ਨੇ ਕੋਈ ਮਣ ਪੱਕੀ ਚਰਬੀ ਉਹਦੇ ਸਰੀਰ 'ਚ ਜਮ੍ਹਾਂ ਕਰ ਦਿੱਤੀ ਸੀ। ਕੋਈ ਉਹ ਦਿਨ ਵੀ ਸਨ, ਜਦੋਂ ਸ਼ਿਵ

ਪਤਲਾ ਪਤੰਗ ਵਰਗਾ ਹੁੰਦਾ ਸੀ, ਉਹਦੀ ਕਬੱਡੀ ਪੰਜਾਹ-ਪੰਜਾਹ ਕੋਹਾਂ 'ਚ ਮਸ਼ਹੂਰ ਸੀ। ਉਸ ਦੀ ਕਬੱਡੀ ਦੀ ਖੇਡ ਨੇ ਹੀ ਉਸ ਨੂੰ ਪੁਲਿਸ 'ਚ ਭਰਤੀ ਕਰਾਇਆ ਸੀ। ਉਹਨਾਂ ਸਮਿਆਂ 'ਚ ਪੁਲਿਸ 'ਚ ਭਰਤੀ ਹੋਣ ਲਈ ਅੱਜ-ਕੱਲ੍ਹ ਵਾਂਗ ਨਾ ਸਰਟੀਫ਼ਿਕੇਟਾਂ ਦੀ ਲੋੜ ਹੁੰਦੀ ਸੀ ਨਾ ਸਿਫ਼ਾਰਸ਼ਾਂ ਦੀ ਅਤੇ ਨਾ ਹੀ ਨੋਟਾਂ ਦੀ। ਲੋੜ ਹੁੰਦੀ ਸੀ ਉੱਚੇ-ਲੰਬੇ ਕੱਦ ਦੀ, ਚੌੜੇ ਜੁੱਸੇ ਦੀ ਅਤੇ ਪਹਾੜ ਜਿੱਡੇ ਜਿਗਰੇ ਦੀ। ਤਿੰਨ-ਤਿੰਨ ਖਿਡਾਰੀਆਂ ਨੂੰ ਮੋਢਿਆਂ 'ਤੇ ਚੁੱਕੀ ਫਿਰਦੇ ਸ਼ਿਵ ਨੂੰ ਦੇਖ ਕੇ ਹੀ ਡਿਪਟੀ ਖ਼ੁਸ਼ ਹੋਇਆ ਸੀ। ਕਬੱਡੀ ਵਿਚੇ ਰੋਕ ਕੇ ਹੀ ਉਸ ਨੇ ਸ਼ਿਵ ਨੂੰ ਪੁਲਿਸ 'ਚ ਭਰਤੀ ਕਰਨ ਦਾ ਐਲਾਨ ਕਰ ਦਿੱਤਾ ਸੀ।

ਬਾਣੀਆਂ ਦਾ ਮੁੰਡਾ ਅਤੇ ਪੁਲਿਸ ? ਘਰ ਦੇ ਕਈ ਦਿਨ ਸੋਚੀਂ ਪਏ ਰਹੇ। ਉਹਦੇ ਬਾਪ ਨੂੰ ਇਕ ਵੀ ਰਿਸ਼ਤੇਦਾਰ ਯਾਦ ਨਹੀਂ ਸੀ ਆ ਰਿਹਾ, ਜਿਹੜਾ ਪੁਲਿਸ 'ਚ ਨੌਕਰ ਰਿਹਾ ਹੋਵੇ। ਬਾਣੀਆਂ ਬ੍ਰਾਹਮਣਾਂ ਦਾ ਪੁਲਿਸ 'ਚ ਕੀ ਕੰਮ ? ਪੁਲਿਸ ਨੂੰ ਮਾਰ-ਧਾੜ ਕਰਨੀ ਪੈਂਦੀ ਹੈ। ਉਹਨਾਂ ਦਾ ਮੁੰਡਾ ਤਾਂ ਗਊਆਂ ਭਿੜਦੀਆਂ ਦੇਖ ਕੇ ਡਰ ਜਾਂਦੈ, ਗੋਲੀ ਕਿਥੋਂ ਚਲਾਏਗਾ ? ਕਿਸੇ ਨੇ ਸ਼ਿਵ ਨੂੰ ਕੁੜੀ ਨਹੀਂ ਦੇਣੀ। ਪੁਲਸੀਆਂ ਦਾ ਹੱਥ ਖੁਲ੍ਹ ਜਾਂਦਾ ਹੈ। ਘਰ 'ਚ ਡੰਡਾ ਫੇਰਨ ਲੱਗਾ, ਫੇਰ ਕੀ ਬਣੂ ?

ਸਾਰਾ ਪਿੰਡ ਵਧਾਈਆਂ ਦੇ-ਦੇ ਜਾਵੇ। ਉਹਦੇ ਬਾਈ ਨੂੰ ਸ਼ਰਮ ਆਵੇ। ਨੰਬਰਦਾਰਾਂ ਦੇ ਸਮਝਾਉਣ 'ਤੇ ਉਸ ਨੇ ਮਸਾਂ ਹਾਂ ਕੀਤੀ। ਜੱਟਾਂ ਦਾ ਮੁੰਡਾ ਪੁਲਿਸ 'ਚ ਭਰਤੀ ਹੋ ਜਾਵੇ ਤਾਂ ਰਿਸ਼ਤੇਦਾਰ ਮਹੀਨਾ-ਮਹੀਨਾ ਜਸ਼ਨ ਮਨਾਉਂਦੇ ਹਨ। ਦੂਰੋਂ ਰਿਸ਼ਤੇਦਾਰ ਵਧਾਈਆਂ ਦੇਣ ਆਉਂਦੇ ਹਨ। ਇਕ ਰਿਸ਼ਤੇਦਾਰ ਵੀ ਪੁਲਿਸ ਵਿਚ ਹੋਵੇ ਤਾਂ ਕਈ ਖ਼ਾਨਦਾਨਾਂ ਦੇ ਮਸਲੇ ਹੱਲ ਹੋ ਜਾਂਦੇ ਹਨ। ਡਰਦੇ ਸ਼ਰੀਕ ਕੋਠੜੀ 'ਚ ਮੂੰਹ ਦੇਣ ਲਈ ਮਜਬੂਰ ਹੋ ਜਾਂਦੇ ਹਨ।

ਇਹ ਫ਼ਾਇਦਾ ਉਸ ਦੇ ਬਾਪ ਨੂੰ ਵੀ ਹੋਇਆ। ਪਹਿਲਾਂ ਹਰ ਕਿਸੇ ਲਈ ਉਹ 'ਕਰਾੜ' ਸੀ। ਧੀਆਂ-ਭੈਣਾਂ ਦਾ ਬਾਹਰ ਨਿਕਲਣਾ ਔਖਾ ਸੀ। ਐਰ-ਗ਼ੈਰ ਖੰਘੂਰਾ ਮਾਰ ਜਾਂਦਾ। ਉਹਨੇ ਵਰਦੀ ਪਾ ਕੇ ਜਦੋਂ ਪਹਿਲਾ ਗੇੜਾ ਪਿੰਡ 'ਚ ਦਿੱਤਾ ਤਾਂ ਮੁੰਦਰ ਵਰਗੇ ਬਦਮਾਸ਼ ਵੀ ਉਹਦੇ ਬਾਈ ਨੂੰ 'ਲਾਲਾ ਜੀ' ਆਖਣ ਲੱਗੇ, ਸਾਰਾ ਉਧਾਰ ਨਿਕਲ ਆਇਆ। ਜਿਹੜੀਆਂ ਅਸਾਮੀਆਂ ਮਰੀਆਂ ਸਮਝ ਕੇ ਬਾਈ ਨੇ ਨਾਮੇ 'ਤੇ ਕਾਟਾ ਮਾਰ ਦਿੱਤਾ ਸੀ, ਉਹ ਵੀ ਸਣੇ ਵਿਆਜ ਖਰੀਆਂ ਹੋ ਗਈਆਂ। ਉਗਰਾਹੀ ਲੈਣ ਗਏ ਨੂੰ ਲੋਕ ਅੱਖਾਂ ਕੱਢਣੋਂ ਹਟ ਗਏ। ਨਾਲ ਦੇ ਦੁਕਾਨਦਾਰ ਵੀ ਸੁਸਰੀ ਵਾਂਗ ਸੌਂ ਗਏ। ਪਹਿਲਾਂ ਗਾਹਕ ਖ਼ਰਾਬ ਕਰਦੇ ਰਹਿੰਦੇ, ਸਾਰਾ ਮਾਹੌਲ ਹੀ ਬਦਲ ਗਿਆ। ਬਾਈ ਨੇ ਚੰਗੇ ਪੈਸੇ ਕਮਾਏ।

ਪਿੰਡ 'ਚ ਉਹਨਾਂ ਦੇ ਅਜਿਹੇ ਪੈਰ ਜੰਮੇ ਕਿ ਅੱਜ ਉਹਦੇ ਭਰਾ ਲੱਖਾਂ ਦੇ ਮਾਲਕ ਬਣੇ ਬੈਠੇ ਨੇ। ਚਾਰ ਪੈਸੇ ਜੁੜੇ ਤਾਂ ਸ਼ਹਿਰ ਆ ਕੇ ਕੱਪੜੇ ਦੀ ਦੁਕਾਨ ਖੋਲ੍ਹ ਲਈ। ਕੱਪੜੇ ਦਾ ਕੰਮ ਚੱਲਿਆ ਤਾਂ ਕਪਾਹ ਦਾ ਕਾਰਖ਼ਾਨਾ ਜੜ ਦਿੱਤਾ। ਇਲਾਕੇ 'ਚ ਝੋਨਾ ਹੋਣ ਲੱਗਾ ਤਾਂ ਸਭ ਤੋਂ ਪਹਿਲਾਂ ਸ਼ੈਲਰ ਗੱਡ ਦਿੱਤਾ। ਸ਼ਿਵ ਨੂੰ ਉਹ ਭਾਵੇਂ ਟਿੱਚ ਕਰਕੇ ਜਾਣਦੇ ਸਨ, ਕਿਰਪਾ ਸਾਰੀ ਸ਼ਿਵ ਦੀ ਹੀ ਸੀ।

ਉਹਦੇ ਭਰਾ ਅਮੀਰ ਹੋ ਗਏ ਤਾਂ ਕੀ ਹੈ ? ਘਾਟਾ ਉਸ ਨੂੰ ਵੀ ਕਿਸੇ ਚੀਜ਼ ਦਾ ਨਹੀਂ। ਸਭ ਤੋਂ ਵੱਧ ਫ਼ਿਕਰ ਔਲਾਦ ਦਾ ਹੁੰਦਾ ਹੈ। ਖ਼ਾਸ ਕਰ ਪੁਲਿਸ ਵਾਲਿਆਂ ਨੂੰ। ਬੱਚੇ ਜਿਹੜੇ ਮਰਜ਼ੀ ਖੂਹ ਪੁੱਟਦੇ ਰਹਿਣ, ਕੋਈ ਨਹੀਂ ਟੋਕਦਾ। ਸਕੂਲ 'ਚ ਥਾਣੇਦਾਰ ਤੋਂ ਡਰਦਾ ਮਾਸਟਰ ਨਹੀਂ ਝਿੜਕਦਾ। ਗਲੀ-ਗੁਆਂਢ ਦੇ ਕਿਸੇ ਜਵਾਕ ਨੂੰ ਕੁੱਟ ਦੇਣ, ਡਰਦਾ ਕੋਈ ਉਲਾਂਭਾ ਨਹੀਂ ਦਿੰਦਾ। ਸਿਨੇਮੇ 'ਚ

ਜਾਣ ਜਾਂ ਹੋਟਲ 'ਚ, ਕੋਈ ਪੈਸੇ ਨਹੀਂ ਮੰਗਦਾ। ਪੁਲਸੀਆਂ ਦੇ ਬੱਚੇ ਵਿਗੜਨ ਦੀਆਂ ਸ਼ਿਵ ਸਾਹਮਣੇ ਹਜ਼ਾਰਾਂ ਉਦਾਹਰਣਾਂ ਸਨ। ਜਿੰਨੇ ਸੰਤਾ ਸਿੰਘ ਨੇ ਪੈਸੇ ਕਮਾਏ ਸਨ, ਸ਼ਾਇਦ ਹੀ ਕਿਸੇ ਨੇ ਕਮਾਏ ਹੋਣ। ਮਹੀਨੇ ਪਿੱਛੋਂ ਪਿੰਡ ਜਾਂਦਾ ਹੈ। ਬਰੀਫ਼ਕੇਸ ਨੋਟਾਂ ਦਾ ਭਰ ਕੇ ਲਿਜਾਂਦਾ ਹੈ। ਸੈਂਕੜੇ ਦੁਕਾਨਾਂ ਬਣਾ ਰੱਖੀਆਂ ਨੇ, ਕਈ ਫ਼ਾਰਮ ਲੱਖ ਰੁਪਿਆ ਕਿਰਾਏ ਦਾ ਆਉਂਦਾ ਹੋਊ। ਧੀਆਂ ਪੁੱਤਰ ਸਭ ਲੰਡਰ। ਵੱਡਾ ਦਿਨ ਚੜ੍ਹਦਿਆਂ ਹੀ ਪੀਣੀ ਸ਼ੁਰੂ ਕਰ ਦਿੰਦਾ ਹੈ, ਛੋਟਾ ਜੂਏਬਾਜ਼। ਦੂਜੇ ਦਿਨ ਮਾਂ ਨਾਲ ਰੁੱਸ ਕੇ ਘਰੋਂ ਨਿਕਲ ਜਾਂਦੈ। ਸੰਤਾ ਸਿੰਘ ਮਿੰਨਤਾਂ ਕਰ-ਕਰ ਲਿਆਉਂਦੈ।

ਭਾਨ ਸਿੰਘ ਨੇ ਵੀ ਕਮਾਈ ਦੀ ਕਸਰ ਨਹੀਂ ਛੱਡੀ। ਪਰ ਬਾਪ ਵਾਂਗ ਔਲਾਦ ਵੀ ਜ਼ਨਾਨੀ-ਬਾਜ਼ੀ ਦੀ ਸ਼ੌਕੀਨ ਹੈ। ਵੀਹ ਵਾਰ ਪੁਲਿਸ ਨੇ ਕੁੱਟੇ ਹਨ। ਕੋਈ ਮੁੰਡਾ ਮਾਸਟਰਨੀ ਨੂੰ ਘਰ ਖਵਾਈ ਜਾਂਦਾ ਹੈ, ਕੋਈ ਨਰਸ ਨੂੰ। ਕੁੜੀਆਂ ਉਹਨਾਂ ਤੋਂ ਵੀ ਦੋ ਚੰਦੇ ਵੱਧ ਹਨ। ਇਕ ਕਿਸੇ ਮਾਸਟਰ ਨਾਲ ਨਿਕਲ ਗਈ।

ਸ਼ਿਵ ਦੇ ਤਿੰਨ ਬੱਚੇ ਲਾਇਕ ਹਨ। ਇਕ ਡਾਕਟਰ ਬਣ ਗਿਆ, ਦੂਜਾ ਓਵਰਸੀਅਰ, ਕੁੜੀ ਪ੍ਰੋਫ਼ੈਸਰ ਬਣ ਗਈ। ਸੇਲ-ਟੈਕਸ ਇੰਸਪੈਕਟਰ ਨਾਲ ਵਿਆਹੀ ਗਈ। ਕਾਰ ਲੈ ਲਈ ? ਹੋਰ ਸ਼ਿਵ ਨੂੰ ਕੀ ਚਾਹੀਦਾ ਹੈ ? ਮੀਆਂ-ਬੀਵੀ ਰਹਿ ਗਏ। ਤਨਖ਼ਾਹ ਹੀ ਕਾਫ਼ੀ ਹੈ। ਨਾ-ਨਾ ਕਰਦਿਆਂ ਵੀ ਦੋ-ਤਿੰਨ ਹਜ਼ਾਰ ਹੋਰ ਬਣ ਜਾਂਦੈ।

ਸਿਆਣੇ ਸਿਪਾਹੀ ਨੇ ਇਕ ਗੁਆਂਢੀ ਨੂੰ ਇਸ਼ਾਰਾ ਕੀਤਾ। ਉਹ ਸ਼ਿਵ ਦੇ ਬੈਠਣ ਲਈ ਮੰਜਾ ਚੁੱਕ ਲਿਆਇਆ। ਨਾਲੇ ਦੋ ਚਿੱਟੇ ਸਿਰਹਾਣੇ।

ਸ਼ਿਵ ਨੂੰ ਮੰਜੇ 'ਤੇ ਕਿਹੜਾ ਆਰਾਮ ਮਿਲ ਰਿਹਾ ਸੀ ? ਕਦੇ ਉਹ ਸਾਰਾ ਬੋਝ ਖੱਬੇ ਪਾਸੇ ਸੁੱਟਦਾ ਕਦੇ ਸੱਜੇ ਪਾਸੇ।

ਸ਼ਿਵ ਪਾਣੀ ਦਾ ਜੱਗ ਪੀ ਚੁੱਕਾ ਸੀ। ਪਿਆਸ ਸਗੋਂ ਵਧਦੀ ਹੀ ਜਾ ਰਹੀ ਸੀ। ਖੱਟੇ ਡਕਾਰ ਵੀ ਵਧ ਗਏ ਸਨ। ਬਿੰਦੇ ਝੱਟੇ ਮਸਾਲੇਦਾਰ ਤਰੀ ਢਿੱਡ 'ਚੋਂ ਨਿਕਲ ਕੇ ਜੀਭ 'ਤੇ ਆ ਜਾਂਦੀ। ਕੋਈ ਹੋਰ ਥਾਂ ਹੁੰਦਾ, ਉਹ ਅਧੀਆ ਸੁੱਟ ਕੇ ਟੁੱਟੇ ਨਸ਼ੇ ਦਾ ਇਲਾਜ ਕਰਦਾ। ਇਥੇ ਕੁਝ ਵੀ ਸੰਭਵ ਨਹੀਂ ਸੀ।

ਬੰਬ ਡਿਸਪੋਜ਼ਲ ਦਸਤੇ ਦਾ ਕੀ ਪਤਾ ਹੈ ਕਦੋਂ ਆਵੇ ? ਉਹਦੀ ਉਡੀਕ ਵਿਚ ਸ਼ਿਵ ਆਪਣੇ ਆਪ ਨੂੰ ਫਾਹੇ ਟੰਗ ਕੇ ਨਹੀਂ ਰੱਖ ਸਕਦਾ।

ਮਾਹੌਲ ਤਨਾਅ-ਪੂਰਨ ਸੀ। ਯੁਵਾ ਸੰਘ ਵਾਲੇ ਸੰਤਰੀ ਅਤੇ ਮੁਨਸ਼ੀ ਨੂੰ ਵਾਰ-ਵਾਰ ਗਾਲ੍ਹਾਂ ਕੱਢ ਰਹੇ ਸਨ। ਸਮੇਂ ਸਿਰ ਕਾਰਵਾਈ ਹੋਈ ਹੁੰਦੀ ਤਾਂ ਇਹ ਝੰਜਟ ਨਾ ਪੈਂਦਾ। ਵਰਕਰ ਡਾਂਗਾਂ ਚੁੱਕੀ ਫਿਰਦੇ ਸਨ। ਸ਼ਿਵ ਨੇ ਹਿੰਦੂ-ਭਰਾ ਹੋਣ ਦਾ ਵਾਸਤਾ ਪਾ ਕੇ ਜਾਨ ਛੁਡਾਈ। ਹੁਣ ਬੰਬ ਸਕਾਡ 'ਤੇ ਖਿਝ ਰਹੇ ਸਨ। ਆਉਣ ਦਾ ਨਾਂ ਹੀ ਨਹੀਂ ਲੈਂਦਾ। ਕੋਈ ਨੁਕਸਾਨ ਹੋ ਗਿਆ ਤਾਂ ਪਿੱਛੋਂ ਆਉਣ ਜਾਂ ਨਾ। ਕਈ ਵਾਰ ਉਹ ਸੰਗਰੂਰ ਕਪਤਾਨ ਨੂੰ ਫ਼ੋਨ ਖੜਕਾ ਚੁੱਕੇ ਸਨ।

"ਤੁਸੀਂ ਜ਼ਰਾ ਦੇਖੋ ਤਾਂ ਸਹੀ ਕਿ ਬੋਰੀਆਂ ਠੀਕ ਤਰ੍ਹਾਂ ਹੀ ਲੱਗੀਆਂ ਨੇ ?" ਮੰਜੇ 'ਤੇ ਲਿਟੇ ਸ਼ਿਵ ਨੂੰ ਦੇਖ ਕੇ ਰਾਮ ਸਰੂਪ ਖਿਝ ਗਿਆ ਸੀ। ਉਹਨੇ ਸ਼ਿਵ ਨੂੰ ਕੰਮ ਲਾਉਣਾ ਚਾਹਿਆ।

"ਹਾਂ ਹਾਂ ਚੱਲੋ.....।" ਸ਼ਿਵ ਨੂੰ ਵੀ ਗ਼ਲਤੀ ਦਾ ਅਹਿਸਾਸ ਹੋਇਆ। ਉਹਦਾ ਫ਼ਰਜ਼ ਬਣਦਾ ਸੀ, ਆਉਂਦਾ ਹੀ ਮੌਕੇ ਦੀ ਪੜਤਾਲ ਕਰਦਾ। ਬਸਤੇ ਅਤੇ ਟੋਪੀਏ ਦਾ ਜਾਇਜ਼ਾ ਲੈਂਦਾ। ਉਹ ਆਉਂਦਾ ਹੀ ਮੰਜਾ ਮੱਲ ਕੇ ਬੈਠ ਗਿਆ।

ਪੂਰਾ ਜ਼ੋਰ ਲਾ ਕੇ ਵੀ ਮਿਣਿਆ ਜਾਵੇ ਤਾਂ ਵੀ ਟੋਪੀਏ ਦਾ ਵਿਆਸ ਗਿੱਠ ਤੋਂ ਵੱਧ ਨਹੀਂ ਸੀ। ਛੋਟੇ ਜਿਹੇ ਬੈਗ ਹੇਠਾਂ ਉਹ ਪੂਰੀ ਤਰ੍ਹਾਂ ਛੁਪਿਆ ਹੋਇਆ ਸੀ। ਟੋਪੀਏ ਦੇ ਇਕ ਪਾਸਿਉਂ

ਨਿੱਕਰ ਦੀ ਗੈਲਸ ਬਾਹਰ ਨਿਕਲੀ ਹੋਈ ਸੀ। ਗੈਲਸ ਹੈ ਤਾਂ ਨਿੱਕਰ ਤਾਂ ਹੋਏਗੀ ਹੀ। ਸ਼ਰਟ ਵੀ ਹੋ ਸਕਦੈ। ਬਸਤਾ ਅਤੇ ਕੱਪੜਾ ਭੇਜਣ ਦਾ ਮਤਲਬ ਹੈ ਬੰਟੀ ਦੀ ਹਿਰਾਸਤ ਦਾ ਸਬੂਤ ਦੇਣਾ। ਬੰਬ ਦਾ ਕੋਈ ਮਤਲਬ ਨਹੀਂ। ਲਾਸ਼ ਵੀ ਨਹੀਂ ਹੋ ਸਕਦੀ। ਹੁੰਦੀ ਤਾਂ ਖ਼ੂਨ ਸਿੰਮ ਪੈਂਦਾ। ਕੀੜੇ ਲੱਗ ਜਾਂਦੇ, ਮੱਖੀਆਂ ਭਿਣਕਣ ਲੱਗਦੀਆਂ।

ਸ਼ਿਵ ਨੂੰ ਆਪਣੀ ਅਕਲ 'ਤੇ ਪਰਦਾ ਪਿਆ ਲੱਗਾ। ਮੁਨਸ਼ੀ ਨੇ ਵੀ ਸਿਆਣਪ ਤੋਂ ਕੰਮ ਨਹੀਂ ਸੀ ਲਿਆ। ਬਿਨਾਂ ਪੜਤਾਲ ਕੀਤੇ ਬੰਬ ਸਕਾਡ ਨੂੰ ਬੁਲਾ ਲਿਆ ਸੀ। ਸ਼ਿਵ ਨੇ ਵੀ ਉਹੋ ਗ਼ਲਤੀ ਦੁਹਰਾਈ ਸੀ। ਘੰਟਾ ਸ਼ਿਵ ਨੇ ਗੱਲਾਂ ਵਿਚ ਲੰਘਾ ਦਿੱਤਾ। ਟੋਪੀਏ ਹੇਠਾਂ ਕੁਝ ਨਹੀਂ ਸੀ। ਵੱਧੋ-ਵੱਧ ਕੋਈ ਧਮਕੀ-ਪੱਤਰ ਹੋਏਗਾ।

ਸ਼ਿਵ ਨੇ ਇਕ ਵੱਡਾ ਬਾਂਸ ਮੰਗਵਾਇਆ। ਇਕ ਸਿਰੇ 'ਤੇ ਮੇਖ ਗੱਡ ਕੇ ਕੋਠੇ 'ਤੇ ਜਾ ਚੜ੍ਹਿਆ।

ਪੂਰੀ ਸਾਵਧਾਨੀ ਨਾਲ ਮੇਖ ਬੈਗ ਦੇ ਕਲਿੱਪ ਵਿਚ ਅੜਾਈ ਅਤੇ ਬਸਤਾ ਉੱਪਰ ਖਿੱਚ ਲਿਆ।

ਧੜਕਦੇ ਦਿਲ ਨਾਲ ਇਕ ਵਾਰ ਫੇਰ ਬਾਂਸ ਹੇਠਾਂ ਕੀਤਾ। ਇਸ ਵਾਰ ਮੇਖ ਗੈਲਸ ਵਿਚ ਅੜਾਈ।

ਗੈਲਸ ਥੋੜ੍ਹੀ ਜਿਹੀ ਉੱਪਰ ਉਠਦਿਆਂ ਹੀ ਟੋਪੀਆ ਮੂਧਾ ਹੋ ਗਿਆ। ਨਿੱਕਰ ਸ਼ਿਵ ਨੇ ਉੱਪਰ ਖਿੱਚ ਲਈ। ਸ਼ਰਟ ਇਕ ਪਾਸੇ ਜਾ ਗਿਰੀ।

ਆਪਣੀ ਸਫ਼ਲਤਾ 'ਤੇ ਫੁੱਲ ਕੇ ਕੁੱਪਾ ਹੋਏ ਸ਼ਿਵ ਨੇ ਜੇਤੂ ਨਜ਼ਰਾਂ ਨਾਲ ਸੰਘ ਦੇ ਵਰਕਰਾਂ ਵੱਲ ਤੱਕਿਆ। ਸਭ ਦੀਆਂ ਅੱਖਾਂ ਵਿਚ ਖ਼ੁਸ਼ੀ ਦੀ ਚਮਕ ਸੀ।

ਰੇਤੇ ਦੀਆਂ ਬੋਰੀਆਂ ਹਟਾ ਦਿੱਤੀਆਂ ਗਈਆਂ। ਸੰਘ ਵਾਲੇ ਕੱਪੜੇ ਅਤੇ ਬੈਗ ਨੂੰ ਕੋਲ ਰੱਖਣਾ ਚਾਹੁੰਦੇ ਸਨ। ਇਹ ਸ਼ਿਵ ਦੀ ਮਜਬੂਰੀ ਸੀ। ਸਾਰੀਆਂ ਚੀਜ਼ਾਂ ਥਾਣੇ ਲੈ ਜਾਣੀਆਂ ਜ਼ਰੂਰੀ ਸਨ। ਇਹਨਾਂ ਤੋਂ ਮੁਜਰਮਾਂ ਦਾ ਭੇਤ ਖੁੱਲ੍ਹ ਸਕਦਾ ਸੀ। ਉਂਗਲਾਂ ਦੇ ਨਿਸ਼ਾਨ ਮਿਲ ਸਕਦੇ ਸਨ। ਕੋਈ ਟੋਪੀਆ ਪਛਾਣ ਕੇ ਮੁਜਰਮਾਂ ਦੀ ਸ਼ਨਾਖ਼ਤ ਕਰ ਸਕਦਾ ਹੈ।

ਨਿੱਕਰ ਦੀ ਜੇਬ 'ਚੋਂ ਨਿਕਲੀ ਚਿੱਠੀ ਉਹਨੇ ਰਾਮ ਸਰੂਪ ਨੂੰ ਪੜ੍ਹਾ ਦਿੱਤੀ। ਉਹੋ ਪਹਿਲਾਂ ਵਾਲੀਆਂ ਗੱਲਾਂ ਦੁਹਰਾਈਆਂ ਗਈਆਂ ਸਨ। ਪਹਿਲੀ ਚਿੱਠੀ ਲੇਟ ਮਿਲਣ ਦਾ ਉਹਨਾਂ ਨੂੰ ਇਲਮ ਸੀ। ਇਸ ਲਈ ਇਕ ਹੋਰ ਮੌਕਾ ਦਿੱਤਾ ਗਿਆ ਸੀ। ਸਮਾਂ ਅਤੇ ਸਥਾਨ ਪਹਿਲਾਂ ਵਾਲਾ ਹੀ ਸੀ। ਪੁਲਿਸ ਨੂੰ ਇਤਲਾਹ ਦੇਣ ਤੋਂ ਰੋਕਿਆ ਗਿਆ ਸੀ। ਇਹ ਆਖ਼ਰੀ ਮੌਕਾ ਸੀ।

ਉਹਨਾਂ ਕੋਲ ਪੁੱਜਣ ਤੋਂ ਪਹਿਲਾਂ ਹੀ ਚਿੱਠੀ ਪੁਲਿਸ ਦੇ ਹੱਥ ਲੱਗ ਚੁੱਕੀ ਸੀ। ਇਹ ਮੌਕਾ ਵੀ ਹੱਥੋਂ ਖੁੰਝ ਜਾਣ 'ਤੇ ਸੰਘ ਫਿਰ ਨਿਰਾਸਤਾ ਦੀ ਖੱਡ ਵਿਚ ਜਾ ਡਿੱਗਾ।

ਸ਼ਿਵ ਖ਼ੁਸ਼ ਸੀ, ਬੰਬ ਸਕਾਡ ਨੇ ਪਤਾ ਨਹੀਂ ਕਦੋਂ ਆਉਣਾ ਸੀ, ਆ ਕੇ ਉਹਨਾਂ ਵੀਹ ਨਾਟਕ ਕਰਨੇ ਸਨ।

ਸ਼ਿਵ ਦੇ ਹੱਡ ਛੁੱਟੇ। ਹੁਣ ਉਹ ਕੁਆਰਟਰ 'ਚ ਜਾ ਕੇ ਮੌਜ ਨਾਲ ਅਧੀਆ ਅੰਦਰ ਸੁੱਟੇਗਾ ਅਤੇ ਬਦਹਜ਼ਮੀ ਦਾ ਇਲਾਜ ਕਰੇਗਾ।

✶

# 5

ਆਖ਼ਿਰ ਉਹ ਮੌਕਾ ਆ ਹੀ ਗਿਆ, ਜਿਸ ਦੀ ਸਿਟੀ ਇਨਚਾਰਜ ਮਨਬੀਰ ਸਿੰਘ ਭੁੱਲਰ ਨੂੰ ਕਾਫ਼ੀ ਅਰਸੇ ਤੋਂ ਉਡੀਕ ਸੀ।

ਜਦੋਂ ਦਾ ਉਸ ਦੇ ਬੈਚ ਦਾ ਸਭ ਤੋਂ ਘਟੀਆ ਥਾਣੇਦਾਰ ਡਿਪਟੀ ਬਣਿਆ ਸੀ, ਓਦੋਂ ਦਾ ਉਹ ਦਹਿਸ਼ਤਗਰਦਾਂ ਨਾਲ ਟੱਕਰਨ ਲਈ ਤਰਲੋ-ਮੱਛੀ ਹੋ ਰਿਹਾ ਸੀ। ਇਕ-ਦੋ ਵਾਰ ਉਸ ਨੇ ਅਫ਼ਸਰਾਂ ਕੋਲ ਬੇਨਤੀ ਵੀ ਕੀਤੀ ਸੀ। ਉਸ ਨੂੰ ਕਿਸੇ ਸਰਹੱਦੀ ਜ਼ਿਲ੍ਹੇ ਵਿਚ ਭੇਜਿਆ ਜਾਵੇ। ਮੁੱਖ ਮੰਤਰੀ ਮਨਬੀਰ ਨੂੰ ਇਥੋਂ ਤਬਦੀਲ ਕਰਨ ਲਈ ਤਿਆਰ ਨਹੀਂ ਸੀ। ਉਹ ਭੁੱਲਰ 'ਤੇ ਪੁੱਤਰਾਂ ਜਿੰਨਾ ਵਿਸ਼ਵਾਸ ਕਰਦਾ ਸੀ। ਚੰਗਾ-ਮਾੜਾ ਕੋਈ ਵੀ ਕੰਮ ਹੋਵੇ, ਮੁੱਖ ਮੰਤਰੀ ਸਿੱਧਾ ਹੀ ਮਨਬੀਰ ਨੂੰ ਆਖ ਦਿੰਦਾ ਸੀ। ਕਿਸੇ ਉੱਚ ਅਧਿਕਾਰੀ ਕੋਲ ਪੜਦਾ ਚੁੱਕਣ ਦੀ ਲੋੜ ਨਹੀਂ ਸੀ ਪੈਂਦੀ। ਮਨਬੀਰ ਤਰੱਕੀ ਲਈ ਹੀ ਅੱਗ ਦੇ ਮੂੰਹ ਵਿਚ ਜਾਣਾ ਚਾਹੁੰਦਾ ਸੀ। ਉਹ ਸਬਰ ਰੱਖੇ। ਜਿਉਂ ਹੀ ਮੁੱਖ ਮੰਤਰੀ ਨੂੰ ਮੌਕਾ ਲੱਗਾ, ਉਹ ਇਕ ਹੋਰ ਸਟਾਰ ਮਨਬੀਰ ਦੇ ਮੋਢੇ 'ਤੇ ਸਜਾ ਦੇਵੇਗਾ।

ਨਿੰਦਰ ਬਾਰੇ ਸੋਚ-ਸੋਚ ਮਨਬੀਰ ਨੂੰ ਚਿੜ੍ਹ ਚੜ੍ਹ ਜਾਂਦੀ। ਟ੍ਰੇਨਿੰਗ ਸਮੇਂ ਉਸ ਮਾੜਚੂ ਜਿਹੇ ਤੋਂ ਰੱਸਾ ਨਹੀਂ ਸੀ ਚੜ੍ਹਿਆ ਜਾਂਦਾ, ਨਾ ਉਹਦੇ ਅਕਲ ਪੱਲੇ ਸੀ, ਨਾ ਕੱਦ-ਕਾਠ ਸੀ। ਲੱਗਦਾ ਸੀ ਨੋਟਾਂ ਦੀ ਪੰਡ ਦੇ ਕੇ ਭਰਤੀ ਹੋਇਐ।

ਪਹਿਲਾਂ ਸਰਹੱਦੀ ਜਿਲ੍ਹਿਆਂ ਵਿਚ ਰਹਿ ਕੇ ਉਸ ਨੇ ਨੋਟਾਂ ਦੇ ਬੋਹਲ ਲਾਏ। ਪਿੱਛੋਂ ਦੋ ਵਾਰ ਅਤਿਵਦੀਆਂ ਨੂੰ ਮਾਰ ਕੇ ਦੋ ਤਰੱਕੀਆਂ ਲੈ ਲਈਆਂ। ਮੌਜ ਨਾਲ ਡਿਪਟੀ ਬਣਿਆ ਬੈਠਾ ਹੈ। ਪਿਛਲੀ ਵਾਰ ਜਦੋਂ ਮਨਬੀਰ ਨੂੰ ਮਿਲਿਆ ਤਾਂ ਪਛਾਣ 'ਚ ਹੀ ਨਾ ਆਵੇ। ਮਨਬੀਰ ਨੇ ਉਸੇ ਦਿਨ ਸਹੁੰ ਖਾਧੀ, ਜਿੰਨਾ ਚਿਰ ਡਿਪਟੀ ਨਹੀਂ ਬਣਦਾ, ਉਹ ਟਿਕ ਕੇ ਨਹੀਂ ਬੈਠੇਗਾ। ਉਸ ਨੂੰ ਚਾਹੇ ਪੰਜਾਹ ਦਹਿਸ਼ਤਗਰਦ ਮਾਰਨੇ ਪੈਣ।

ਇਕੱਲਾ ਨਿੰਦਰ ਹੀ ਨਹੀਂ, ਸਰਹੱਦੀ ਜ਼ਿਲ੍ਹਿਆਂ ਵਿਚ ਤਾਂ ਉਸ ਨਾਲ ਦੇ ਕਈ ਹੋਰ ਇੰਸਪੈਕਟਰ ਬਣੇ ਫਿਰਦੇ ਹਨ। ਪੰਜ-ਚਾਰ ਸਾਲਾਂ ਨੂੰ ਡਿਪਟੀ ਬਣ ਜਾਣਗੇ। ਇਕ ਮਨਬੀਰ ਹੈ ਕਿ ਹਾਲੇ ਸਬ-ਇੰਸਪੈਕਟਰ ਵੀ ਕਨਫ਼ਰਮ ਨਹੀਂ ਹੋਇਆ। ਜੇ ਇਸੇ ਜ਼ਿਲ੍ਹੇ ਵਿਚ ਬੈਠਾ ਰਿਹਾ ਤਾਂ ਡਿਪਟੀ ਤਾਂ ਕੀ ਇੰਸਪੈਕਟਰ ਵੀ ਨਹੀਂ ਬਣ ਹੋਣਾ।

ਸ਼ਿਵ ਪ੍ਰਸ਼ਾਦ ਨੇ ਜਦੋਂ ਦਾ ਦੱਸਿਆ ਸੀ ਕਿ ਬੰਟੀ ਨੂੰ ਦਹਿਸ਼ਤਗਰਦਾਂ ਨੇ ਅਗਵਾ ਕਰ ਲਿਆ ਹੈ ਤਾਂ ਭੁੱਲਰ ਨੂੰ ਲੱਗਾ, ਉਹਦੀ ਅਰਦਾਸ ਪਰਵਾਨ ਚੜ੍ਹ ਗਈ ਹੈ। ਬਿਨਾਂ ਹੋਰ ਕੁਝ ਸੋਚੇ ਉਹਨੇ ਤਫ਼ਤੀਸ਼ ਆਪਣੇ ਹੱਥ 'ਚ ਲੈ ਲਈ ਅਤੇ ਵੱਖ-ਵੱਖ ਪਹਿਲੂਆਂ 'ਤੇ ਸੋਚਣ ਲੱਗਾ।

ਸਰਹੱਦੀ ਜ਼ਿਲ੍ਹੇ ਦਹਿਤਸ਼ਗਰਦੀ ਦੀ ਲਪੇਟ ਵਿਚ ਆਏ ਹੋਏ ਸਨ। ਇਹ ਜ਼ਿਲ੍ਹਾ ਇਸ ਬੀਮਾਰੀ ਤੋਂ ਬਚਿਆ ਹੋਇਆ ਸੀ। ਇਹ ਕਾਰਵਾਈ ਦਹਿਸ਼ਤਗਰਦਾਂ ਦੀ ਨਹੀਂ ਸੀ ਲੱਗਦੀ। ਪੈਸਾ ਤਾਂ ਉਹਨਾਂ ਨੂੰ ਬੈਂਕਾਂ ਵਿਚੋਂ ਬਥੇਰਾ ਮਿਲ ਜਾਂਦਾ ਹੈ। ਇਹ ਸ਼ਰਾਰਤ ਕਿਸੇ ਜਰਾਇਮ-ਪੇਸ਼ਾ

ਗੋ੍ਹ ਦੀ ਲੱਗਦੀ ਸੀ। ਹਰ ਕਿਸੇ ਨੇ ਲੈਟਰ-ਪੈਡ ਛਪਵਾ ਲਿਆ ਹੈ। ਜਿਸ ਨੂੰ ਦਿਲ ਕੀਤਾ ਚਿੱਠੀ ਕੱਢ ਦਿੱਤੀ। ਪੈਸੇ ਮਿਲ ਗਏ ਤਾਂ ਠੀਕ, ਨਹੀਂ ਆਪ ਚੁੱਪ ਕਰ ਗਏ। ਮਨਬੀਰ ਨੇ ਥੋੜ੍ਹੀ ਜਿਹੀ ਵੀ ਸਖ਼ਤੀ ਕੀਤੀ ਤਾਂ ਸੁਰਾਗ਼ ਮਿਲ ਜਾਣਾ ਹੈ। ਇਕ ਵਾਰ ਬੰਟੀ ਮਿਲਿਆ ਨਹੀਂ ਕਿ ਉਸ ਨੂੰ ਤਰੱਕੀ ਮਿਲੀ ਨਹੀਂ।

ਮੁੱਖ ਮੰਤਰੀ ਤਾਂ ਉਸ 'ਤੇ ਖ਼ੁਸ਼ ਸੀ ਹੀ। ਸੌ ਬੰਦਿਆਂ 'ਚੋਂ ਪਛਾਣ ਕੇ ਹਾਲ-ਚਾਲ ਪੁੱਛਦਾ ਹੈ। ਹੁਣ ਉਹ ਨਾਂਹ ਨਹੀਂ ਕਰਨ ਲੱਗਾ।

ਮਨਬੀਰ ਨੇ ਵੀ ਸਰਦਾਰ ਲਈ ਪੂਰੇ ਤਨ, ਮਨ ਅਤੇ ਧਨ ਨਾਲ ਕੰਮ ਕੀਤਾ ਸੀ। ਆਪਣਾ ਸਭ ਕੁਝ ਦਾਅ 'ਤੇ ਲਾ ਕੇ ਸਰਦਾਰ ਦੀ ਡੋਲਦੀ ਕਿਸ਼ਤੀ ਨੂੰ ਪਾਰ ਲਾਇਆ ਸੀ।

ਚੋਣਾਂ ਸਮੇਂ ਇਕ ਵਾਰ ਤਾਂ ਉਹ ਮੌਕਾ ਵੀ ਆ ਗਿਆ ਸੀ ਕਿ ਸ਼ਹਿਰ ਵਿਚ ਉਹਨਾਂ ਦਾ ਕੋਈ ਝੰਡਾ ਵੀ ਲਾਉਣ ਨੂੰ ਤਿਆਰ ਨਹੀਂ ਸੀ। ਹਜ਼ਾਰ ਕੋਸ਼ਿਸ਼ ਕਰਨ 'ਤੇ ਵੀ ਸ਼ਹਿਰ ਵਿਚ ਕੋਈ ਚੋਣ ਜਲਸਾ ਨਹੀਂ ਸੀ ਹੋ ਸਕਿਆ। ਵਿਰੋਧੀ ਗਲੀ-ਗਲੀ ਮੀਟਿੰਗਾਂ ਕਰ ਰਿਹਾ ਸੀ। ਸਾਰੇ ਸ਼ਹਿਰ ਨੂੰ ਰੋਸਾ ਸੀ, ਸਰਦਾਰ ਚੋਣਾਂ ਜਿੱਤਦੇ ਹੀ ਚੰਡੀਗੜ੍ਹ ਜਾ ਬੈਠਦਾ ਹੈ, ਵਜ਼ੀਰ ਵੀ ਬਣ ਜਾਂਦਾ ਹੈ, ਕੋਈ ਕੰਮ ਲਈ ਜਾਵੇ ਤਾਂ ਵਕੀਲਾਂ ਵਾਲੀਆਂ ਘੁੰਡੀਆਂ ਕੱਢ ਕੇ ਟਾਲ ਦਿੰਦਾ ਹੈ। ਇਸ ਵਾਰ ਉਹ ਅਜਿਹਾ ਉਮੀਦਵਾਰ ਚੁਣਨਗੇ, ਜਿਹੜਾ ਉਹਨਾਂ ਦੇ ਅੰਗ-ਸੰਗ ਰਹੇ। ਦੁੱਖ-ਸੁਖ ਵੇਲੇ ਮੋਢਾ ਜੋੜ ਕੇ ਨਾਲ ਖਲੋਵੇ। ਬਾਬੂ ਜੀ ਅਜਿਹੇ ਹੀ ਬੰਦੇ ਸਨ। ਅੱਧੇ ਬੋਲ ਥਾਣੇ ਕਚਹਿਰੀ ਜਾਂਦਾ ਹੈ। ਲੋਕਾਂ ਨੇ ਸਰਦਾਰ ਦੀ ਸਰਦਾਰੀ ਤੋਂ ਕੀ ਲੈਣਾ।

ਭਾਰਤੀ ਜਨਤਾ ਪਾਰਟੀ ਸੂਬਾ ਪੱਧਰ 'ਤੇ ਹੀ ਅਕਾਲੀ ਦਲ ਦਾ ਵਿਰੋਧ ਕਰ ਰਹੀ ਸੀ। ਅੱਗੇ ਸ਼ਹਿਰ ਦਾ ਕੰਮ ਭਾਰਤੀ ਜਨਤਾ ਪਾਰਟੀ ਹੀ ਸੰਭਾਲਦੀ ਸੀ। ਸ਼ਹਿਰ ਦੀ ਵੋਟ ਬਿਨਾਂ ਅਕਾਲੀ ਉਮੀਦਵਾਰ ਦਾ ਜਿੱਤਣਾ ਅਸੰਭਵ ਸੀ। ਸ਼ਹਿਰ ਸੀ ਕਿ ਸਾਰੇ ਦਾ ਸਾਰਾ ਮੁੱਖ ਮੰਤਰੀ ਦੇ ਖ਼ਿਲਾਫ਼ ਹੋਇਆ ਪਿਆ ਸੀ।

ਕਿਸੇ ਨੇ ਸਰਦਾਰ ਨੂੰ ਸਲਾਹ ਦਿੱਤੀ ਕਿ ਮਨਬੀਰ ਬੇੜਾ ਬੰਨੇ ਲਾ ਸਕਦਾ ਹੈ। ਵਿਉਪਾਰ ਮੰਡਲ ਦੇ ਪ੍ਰਧਾਨ ਰਾਮ ਲਾਲ ਅਤੇ ਮਾਸਟਰ ਵਰਗੇ ਬੰਦਿਆਂ ਨੂੰ ਉਹ ਸਰਦਾਰ ਵੱਲ ਲਿਆ ਸਕਦਾ ਹੈ। ਦੋਹਾਂ ਨਾਲ ਉਹਦਾ ਖਾਣ-ਪੀਣ ਹੈ। ਦੋਵੇਂ ਭਾਰਤੀ ਜਨਤਾ ਪਾਰਟੀ ਵਿਚ ਸਿੱਧੇ ਆਏ ਹਨ। ਜਨਸੰਘ ਕੇਡਰ 'ਚੋਂ ਨਹੀਂ ਆਏ। ਉਹ ਬਹੁਤੇ ਆਦਰਸ਼ਵਾਦੀ ਨਹੀਂ। ਪਾਰਟੀ ਵਾਲੇ ਉਹਨਾਂ ਤੋਂ ਦੁਖੀ ਹਨ ਅਤੇ ਉਹ ਪਾਰਟੀ ਤੋਂ। ਲੋਕ ਉਹਨਾਂ ਪਿੱਛੇ ਲੱਗਦੇ ਹਨ। ਉਹਨਾਂ ਦੇ ਸਰਦਾਰ ਦੇ ਕੈਂਪ ਵਿਚ ਆਉਣ ਨਾਲ ਜਿੱਤ ਸੌਖੀ ਹੋ ਸਕਦੀ ਹੈ।

ਮਾਸਟਰ ਸਕੱਤਰ ਦੀਆਂ ਚੋਣਾਂ ਤੋਂ ਪਹਿਲਾਂ ਸਕੂਲ ਮਾਸਟਰ ਸੀ। ਤਨਖ਼ਾਹ ਵਿਚ ਗੁਜ਼ਾਰਾ ਨਾ ਹੁੰਦਾ ਵੇਖ ਕੇ ਉਹਨੇ ਬਸਾਤੀ ਦੀ ਦੁਕਾਨ ਖੋਲ੍ਹ ਲਈ। ਹਿੱਸੇਦਾਰ ਆਰ.ਐਸ.ਐਸ. ਦਾ ਸਰਗਰਮ ਮੈਂਬਰ ਸੀ। ਸੰਘ ਦੀ ਹਦਾਇਤ 'ਤੇ ਹਿੱਸੇਦਾਰ ਜਨਤਾ ਪਾਰਟੀ ਵਿਚ ਚਲਾ ਗਿਆ ਸੀ। ਆਪਣੇ ਗਰੁੱਪ ਦਾ ਦਬਾਅ ਬਣਾਈ ਰੱਖਣ ਲਈ ਉਸ ਨੇ ਮਾਸਟਰ ਨੂੰ ਵੀ ਪਾਰਟੀ ਦਾ ਮੈਂਬਰ ਬਣਾ ਲਿਆ। ਪਾਰਟੀ ਨਵੀਂ ਬਣੀ ਸੀ। ਦਫ਼ਤਰ ਹਾਲੇ ਬਣਾਇਆ ਨਹੀਂ ਸੀ। ਨਵੀਂ-ਨਵੀਂ ਹਕੂਮਤ ਬਣੀ ਸੀ, ਕੰਮਾਂ ਵਾਲਿਆਂ ਦੀ ਲਾਈਨ ਲੱਗੀ ਰਹਿੰਦੀ। ਜ਼ਿਆਦਾ ਇਕੱਠ ਮਾਸਟਰ ਦੀ ਦੁਕਾਨ 'ਤੇ ਹੀ ਰਹਿੰਦਾ। ਲਿਖਣ-ਪੜ੍ਹਨ ਦਾ ਮਾਹਿਰ ਸੀ। ਤਰੱਕੀ ਕਰਦਾ-ਕਰਦਾ ਪਾਰਟੀ ਦਾ ਸਕੱਤਰ ਬਣ ਗਿਆ। ਅਫ਼ਸਰਾਂ ਨਾਲ ਜਾਣ-ਪਹਿਚਾਣ ਹੋ ਗਈ। ਅੰਦਰਖਾਤੇ ਲੈਣ-ਦੇਣ ਕਰਾ ਦਿੰਦਾ। ਅਫ਼ਸਰ ਵੀ ਇੱਜ਼ਤ ਕਰਨ ਲੱਗੇ ਅਤੇ ਲੋਕ ਵੀ। ਵਰਕਰਾਂ ਪਿੱਛੇ ਚੱਕਰ ਕੱਟਣ ਨਾਲੋਂ ਤਾਂ ਪੈਸੇ ਦੇ ਕੇ

ਕੰਮ ਕਰਾਉਂਦਾ ਅਸਾਨ ਸੀ। ਅਫ਼ਸਰਾਂ ਦੇ ਮਸ਼ਵਰੇ ਅਤੇ ਵਜ਼ੀਰਾਂ ਦੀ ਸਿਫ਼ਾਰਸ਼ ’ਤੇ ਮਾਸਟਰ ਨੇ ਕਈ ਕੋਟੇ ਲਗਵਾ ਲਏ, ਲੋਨ ਲੈ ਲਏ ਅਤੇ ਛੋਟੀਆਂ ਛੋਟੀਆਂ ਫ਼ੈਕਟਰੀਆਂ ਅੜਕਾ ਲਈਆਂ। ਦੂਜੇ ਵਰਕਰਾਂ ਨੂੰ ਮਾਸਟਰ ਦਾ ਅਮੀਰ ਹੋਣਾ ਪਸੰਦ ਨਹੀਂ ਸੀ। ਕਈ ਵਾਰ ਉਸ ’ਤੇ ਇਲਜ਼ਾਮ ਲੱਗ ਚੁੱਕੇ ਸਨ। ਉਹਦੇ ਖ਼ਿਲਾਫ਼ ਮਤੇ ਪਾਸ ਹੋ ਚੁੱਕੇ ਸਨ। ਇਕ ਵਾਰ ਮੁਅੱਤਲ ਵੀ ਕੀਤਾ ਗਿਆ। ਚੋਣਾਂ ਨੇੜੇ ਆਈਆਂ ਦੇਖ ਕੇ ਫੇਰ ਬਹਾਲ ਕਰ ਦਿੱਤਾ। ਮਾਸਟਰ ਪਾਰਟੀ ਵਿਚ ਤਾਂ ਆ ਗਿਆ ਪਰ ਬਦਲੇ ਦੀ ਤਾਕ ਵਿਚ ਸੀ।

ਇਹੋ ਹਾਲ ਪ੍ਰਧਾਨ ਦਾ ਸੀ। ਉਹ ਬਚਪਨ ਤੋਂ ਹੀ ਖੱਦਰ ਪਾਉਂਦਾ ਸੀ। ਸ਼ਹਿਰ ’ਚ ਕਾਂਗਰਸੀਆਂ ਦੀ ਗਿਣਤੀ ਸੈਂਕੜਿਆਂ ਵਿਚ ਸੀ। ਪੁਰਾਣੇ ਘੁਲਾਟੀਏ ਦੀ ਹਾਜ਼ਰੀ ਵਿਚ ਉਸ ਦੀ ਕੋਈ ਪੁੱਛ ਨਾ ਪਈ, ਉਹ ਵੀ ਪੂਰਾ ਢੀਠ ਸੀ। ਕੋਈ ਸੱਦੇ ਜਾਂ ਨਾ, ਜਿਥੇ ਵੀ ਕਿਸੇ ਵਜ਼ੀਰ ਨੇ ਆਉਣਾ ਹੁੰਦਾ, ਆਪ ਹੀ ਸਟੇਜ ’ਤੇ ਜਾ ਬੈਠਦਾ। ਕਾਂਗਰਸ ਦੋਫਾੜ ਹੋਈ ਤਾਂ ਉਹਦਾ ਦਾਅ ਲੱਗ ਗਿਆ। ਇਕ ਗਰੁੱਪ ਦਾ ਖ਼ਜ਼ਾਨਚੀ ਬਣ ਗਿਆ। ਐਮਰਜੈਂਸੀ ਲੱਗੀ ਤਾਂ ਰੱਜ ਕੇ ਪੈਸੇ ਕਮਾਏ। ਕਾਰ ਖ਼ਰੀਦ ਲਈ। ਖਾਦ ਦੀਆਂ ਦੋ ਅਤੇ ਟਰੈਕਟਰਾਂ ਦੀ ਇਕ ਏਜੰਸੀ ਲੈ ਲਈ। ਪੈਸੇ ਦੇ ਸਿਰ ’ਤੇ ਬੱਲੇ-ਬੱਲੇ ਹੋਣ ਲੱਗੀ।

ਕਾਂਗਰਸ ਦਾ ਸਫ਼ਾਇਆ ਹੋਇਆ ਤਾਂ ਖੱਦਰ ਲਾਹ ਕੇ ਔਹ ਮਾਰਿਆ। ਬ੍ਰਿਜਭਾਨ ਰਾਹੀਂ ਜਨਤਾ ਪਾਰਟੀ ਵਿਚ ਚਲਿਆ ਗਿਆ। ਪਾਰਟੀ ਵਿਚ ਜੰਮ ਤਾਂ ਨਾ ਸਕਿਆ ਪਰ ਦਬੜੂ-ਘੁਸੜੂ ਕਰਦਾ ਰਿਹਾ।

ਜਨਤਾ ਪਾਰਟੀ ਦੋਫਾੜ ਹੋਈ ਤਾਂ ਭਾਰਤੀ ਜਨਤਾ ਪਾਰਟੀ ਵਿਚ ਟਿਕ ਗਿਆ। ਉਹ ਕਾਂਗਰਸੀਆਂ ਵੱਲੋਂ ‘ਘਰ-ਵਾਪਸੀ’ ਦੇ ਸੱਦੇ ਦੀ ਉਡੀਕ ਵਿਚ ਸੀ। ਕਾਂਗਰਸੀਆਂ ਨੂੰ ਪਹਿਲਾਂ ਹੀ ਕੁਰਸੀਆਂ ਦੀ ਘਾਟ ਮਹਿਸੂਸ ਹੋ ਰਹੀ ਸੀ। ਦਲ-ਬਦਲੂ ਤੋਂ ਉਹਨਾਂ ਨੇ ਕੀ ਲੈਣਾ ਸੀ। ਇਕ-ਦੋ ਵਾਰ ਆਪਣੇ ਬੰਦੇ ਪ੍ਰਧਾਨ ਨੇ ਘੱਲੇ ਵੀ ਪਰ ਦਾਲ ਨਾ ਗਲੀ। ਦੜ ਵੱਟੀ ਬੈਠੇ ਰਹੇ।

ਉਹਦੀ ਚੰਗੀ ਕਿਸਮਤ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਦੀ ਐਕਸੀਡੈਂਟ ਕਾਰਨ ਮੌਤ ਹੋ ਗਈ। ਪਾਰਟੀ ਵਿਚ ਪ੍ਰਧਾਨ ਨੂੰ ਗੁੱਠੇ ਲਾਉਣ ਵਾਲਾ ਉਹੋ ਸੀ। ਉਹ ਪੁਰਾਣਾ ਘੁਲਾਟੀਆ ਸੀ। ਕੇਂਦਰ ਤਕ ਪਹੁੰਚ ਸੀ। ਬਾਕੀ ਮੁੰਡੇ-ਖੁੰਡੇ ਸਨ। ਦਾਰੂ-ਸਿੱਕਾ ਪੀ ਲੈਂਦੇ ਸਨ। ਪੁਰਾਣਾ ਬੰਦਾ ਤਾਂ ਕੋਈ ਪਹਿਲੇ ਪ੍ਰਧਾਨ ਨੇ ਪਾਰਟੀ ਵਿਚ ਟਿਕਣ ਹੀ ਨਹੀਂ ਦਿੱਤਾ। ਜਿਸ ਨੇ ਪ੍ਰਧਾਨ ਦੀ ਬਰਾਬਰੀ ਕਰਨੀ ਚਾਹੀ, ਉਸ ਦਾ ਪੱਤਾ ਕੱਟ ਦਿੱਤਾ।

ਉਹ ਮਰਿਆ ਤਾਂ ਸਭ ਦੀਆਂ ਅੱਖਾਂ ਪ੍ਰਧਾਨਗੀ ’ਤੇ ਲੱਗ ਗਈਆਂ। ਪ੍ਰਧਾਨ ਚਾਹੇ ਜੇਲ੍ਹ ਨਹੀਂ ਗਿਆ ਪਰ ਕੰਮ ਕਰਾਉਣ ਵਿਚ ਮਾਹਿਰ ਹੈ। ਅਫ਼ਸਰ ਉਹਦੀ ਮੰਨਦੇ ਹਨ। ਕਾਰ ਹੈ, ਪੈਸਾ ਹੈ, ਵੇਲੇ-ਕੁਵੇਲੇ ਖ਼ਰਚ ਵੀ ਕਰ ਦਿੰਦਾ ਹੈ। ਬਾਕੀ ਵਰਕਰਾਂ ਕੋਲ ਤਾਂ ਚੰਡੀਗੜ੍ਹ ਤਕ ਜਾਣ ਦਾ ਕਿਰਾਇਆ ਵੀ ਨਹੀਂ ਹੁੰਦਾ। ਮੈਂਬਰ ਉਸ ਨੂੰ ਪ੍ਰਧਾਨ ਬਣਾਉਣ ਲਈ ਪੂਰੀ ਤਰ੍ਹਾਂ ਸਹਿਮਤ ਸਨ, ਪਰ ਹਾਈ ਕਮਾਂਡ ਅੜ ਗਈ। ਉਹ ਕੇਡਰ ਵਿਚ ਆਏ ਬੰਦੇ ਨੂੰ ਹੀ ਪ੍ਰਧਾਨ ਬਣਾਉਣਾ ਚਾਹੁੰਦੇ ਸਨ। ਉਮਰ ਛੋਟੀ ਹੈ ਜਾਂ ਵੱਡੀ, ਕੋਈ ਫ਼ਰਕ ਨਹੀਂ ਪੈਂਦਾ। ਕੇਡਰ ਵਿਚੋਂ ਆਇਆ ਬੰਦਾ ਅਨੁਸ਼ਾਸਨ ਵਿਚ ਤਾਂ ਰਹਿੰਦਾ ਹੀ ਹੈ, ਪਾਰਟੀ ਅਸੂਲਾਂ ’ਤੇ ਵੀ ਚੱਲਦਾ ਹੈ। ਪਾਰਟੀ ਦੀ ਪ੍ਰਧਾਨਗੀ ਤਾਂ ਰਾਮ ਲਾਲ ਨੂੰ ਨਾ ਮਿਲ ਸਕੀ ਪਰ ਵਿਉਪਾਰ ਮੰਡਲ ਦੀ ਪ੍ਰਧਾਨਗੀ ਹੱਥ ਲਗ ਹੀ ਗਈ। ਉਸ ਦਿਨ ਤੋਂ ਉਹ ਇਸ ਪਦਵੀ ’ਤੇ ਕਬਜ਼ਾ ਕਰੀ ਬੈਠਾ ਹੈ।

ਪਿਛਲੀ ਵਾਰ ਜਦੋਂ ਦਰਬਾਰਾ ਸਿੰਘ ਦੀ ਵਜ਼ਾਰਤ ਬਣੀ ਤਾਂ ਉਹ ਪਾਰਟੀ ਤੋਂ ਉਪਰਾਮ ਹੋ ਗਿਆ। ਉਹਨਾਂ ਦੀ ਪਾਰਟੀ ਨੂੰ ਕੋਈ ਪੁੱਛਦਾ ਹੀ ਨਹੀਂ ਸੀ। ਸਾਰੇ ਵੀਹ-ਤੀਹ ਮੈਂਬਰ ਸਨ। ਸਾਲ-ਸਾਲ ਪਾਰਟੀ ਦੀ ਮੀਟਿੰਗ ਨਹੀਂ ਸੀ ਹੁੰਦੀ। ਕਾਂਗਰਸ ਦੀ ਮੈਂਬਰਸ਼ਿਪ ਤਾਂ ਨਹੀਂ ਲਈ ਪਰ ਡੱਕਾ ਉਧਰ ਹੀ ਸੁੱਟਣ ਲੱਗੇ। ਇਸੇ ਗੱਲ 'ਤੇ ਭਾਰਤੀ ਜਨਤਾ ਪਾਰਟੀ ਨਰਾਜ਼ ਸੀ। ਅਹਿਮ ਮਸਲਿਆਂ 'ਤੇ ਵਿਚਾਰਾਂ ਸਮੇਂ ਉਸ ਨੂੰ ਘੱਟ ਹੀ ਬੁਲਾਇਆ ਜਾਂਦਾ। ਇਕ ਵਾਰੀ ਇਕ ਵਰਕਰ ਤੋਂ ਈ.ਟੀ.ਓ. ਨੂੰ ਪੈਸੇ ਕਾਹਦੇ ਦਿਵਾ ਦਿੱਤੇ, ਪਾਰਟੀ ਨੇ ਉਹਦਾ ਜਲੂਸ ਹੀ ਕੱਢ ਦਿੱਤਾ।

ਅਜਿਹੇ ਹਾਲਾਤਾਂ ਵਿਚ ਮਾਸਟਰ ਅਤੇ ਰਾਮ ਲਾਲ ਨੂੰ ਆਪਣੇ ਵੱਲ ਲਿਆਉਣਾ ਕੋਈ ਔਖਾ ਕੰਮ ਨਹੀਂ ਸੀ।

ਪਰ ਇਹ ਕੰਮ ਮਨਬੀਰ ਹੀ ਕਰ ਸਕਦਾ ਸੀ।

ਮਨਬੀਰ ਨੂੰ ਸਰਦਾਰ ਨੇ ਬੁਲਾਇਆ ਅਤੇ ਕੋਲ ਬਿਠਾ ਕੇ ਆਪ ਗੱਲ ਕੀਤੀ। ਉਮਰ ਭਰ ਅਹਿਸਾਨਮੰਦ ਰਹਿਣ ਦਾ ਤਰਲਾ ਲਿਆ।

ਮਨਬੀਰ ਕੋਈ ਬੁੱਧੂ ਥਾਣੇਦਾਰ ਨਹੀਂ ਸੀ। ਉਹ ਪੋਲੀਟੀਕਲ ਸਾਇੰਸ ਦਾ ਐਮ.ਏ. ਸੀ। ਸਿਆਸਤ ਦੇ ਉਤਰਾਵਾਂ-ਚੜ੍ਹਾਵਾਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਉਸ ਨੂੰ ਯਕੀਨ ਸੀ, ਕੇਂਦਰ ਨੇ ਅਗਲਾ ਮੁੱਖ ਮੰਤਰੀ ਸਰਦਾਰ ਨੂੰ ਹੀ ਬਣਾਉਣਾ ਹੈ। ਇਕ ਵਾਰ ਮਨਬੀਰ ਉਹਨਾਂ ਦੀ ਨਜ਼ਰ ਵਿਚ ਆ ਗਿਆ ਤਾਂ ਪੰਜੇ ਉਂਗਲਾਂ ਘਿਓ ਵਿਚ ਸਮਝੋ। ਇਸੇ ਵਿਚਾਰ ਨੂੰ ਮੁੱਖ ਰੱਖ ਕੇ ਮਨਬੀਰ ਨੇ ਦੋਹਾਂ 'ਤੇ ਜ਼ੋਰ ਪਾ ਦਿੱਤਾ।

ਅੰਨ੍ਹਾ ਕੀ ਭਾਲੇ, ਦੋ ਅੱਖਾਂ ? ਉਹ ਦੋਵੇਂ ਇਹੋ ਚਾਹੁੰਦੇ ਸਨ। ਇੱਜ਼ਤ ਨਾਲ ਸਰਦਾਰ ਬੁਲਾ ਰਿਹਾ ਸੀ, ਉਹ ਝੱਟ ਮੰਨ ਗਏ। ਬਲਕਿ ਪੂਰਾ ਯਕੀਨ ਦਿਵਾਇਆ, ਉਹ ਪਾਰਟੀ 'ਤੇ ਜ਼ੋਰ ਪਾਉਣਗੇ ਕਿ ਸਰਦਾਰ ਦੀ ਮਦਦ ਕੀਤੀ ਜਾਵੇ। ਜੇ ਗੱਲ ਨਾ ਬਣੀ ਤਾਂ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਪਹਿਲਾਂ ਸਿਟੀਜ਼ਨ ਕੌਂਸਲ ਦਾ ਗਠਨ ਕਰਨਗੇ ਅਤੇ ਫੇਰ ਸਰਦਾਰ ਦੀ ਹਮਾਇਤ ਦਾ ਐਲਾਨ।

ਇੰਝ ਹੀ ਹੋਇਆ। ਬੜੀ ਧੂਮਧਾਮ ਨਾਲ ਕੌਂਸਲ ਬਣਾਈ ਗਈ। ਬਜ਼ਾਰ ਦੇ ਵਿਚਾਲੇ ਦਫ਼ਤਰ ਖੁੱਲ੍ਹਾ। ਸਰਦਾਰ ਨੇ ਝੱਟ ਝੰਡਿਆਂ, ਪੋਸਟਰਾਂ ਅਤੇ ਬੈਨਰਾਂ ਨਾਲ ਦਫ਼ਤਰ ਭਰ ਦਿੱਤਾ।

ਦੋ ਦਿਨਾਂ ਵਿਚ ਹੀ ਸ਼ਹਿਰ ਦੀ ਹਵਾ ਬਦਲ ਗਈ। ਥਾਂ-ਥਾਂ ਝੰਡੇ ਲੱਗ ਗਏ, ਗਲੀ-ਗਲੀ ਮੀਟਿੰਗਾਂ ਹੋਈਆਂ। ਘਰ ਵਿਚ ਸਰਦਾਰ ਨੂੰ ਹਾਰ ਪਏ। ਅੰਦਰਖਾਤੇ ਇਕੱਲੇ ਰਹਿ ਗਏ ਭਾਰਤੀ ਜਨਤਾ ਪਾਰਟੀ ਦੇ ਵਰਕਰ ਵੀ ਸਰਦਾਰ ਨਾਲ ਸਹਿਮਤ ਹੋ ਗਏ। ਉਹਨਾਂ ਸਰਦਾਰ ਦਾ ਵਿਰੋਧ ਕਰਨਾ ਛੱਡ ਦਿੱਤਾ। ਚੋਣਾਂ ਤੋਂ ਦੋ ਦਿਨ ਪਹਿਲਾਂ ਹੋਰ ਹਲਕਿਆਂ ਨੂੰ ਤੁਰ ਗਏ।

ਇਸ ਸਿਆਸੀ ਉਥਲ-ਪੁੱਥਲ ਤੋਂ ਬਿਨਾਂ ਵੀ ਮਨਬੀਰ ਨੇ ਸਰਦਾਰ ਦੇ ਬਹੁਤ ਕੰਮ ਕੀਤੇ। ਪੰਜਾਹ ਹਜ਼ਾਰ ਰੁਪਿਆ ਨਕਦ ਦਿੱਤਾ। ਪੰਜ ਕਾਰਾਂ ਮੰਗਵਾ ਕੇ ਦਿੱਤੀਆਂ, ਪੈਟਰੋਲ ਵੀ ਆਪਣੇ ਜ਼ਿੰਮੇ ਲਿਆ।

ਸਰਦਾਰ ਨੇ ਜਿਸ ਕੰਮ ਲਈ ਵੀ ਫ਼ੋਨ ਕੀਤਾ, ਮਨਬੀਰ ਨੇ ਝੱਟ ਹੁਕਮ ਦੀ ਪਾਲਣਾ ਕੀਤੀ। ਚੋਣਾਂ ਦੇ ਦਿਨਾਂ ਵਿਚ ਸੱਟੇਬਾਜ਼ਾਂ ਨੂੰ ਖੁੱਲ੍ਹੀ ਛੁੱਟੀ ਰਹੀ। ਮੋੜ-ਮੋੜ 'ਤੇ ਖਲੋ ਕੇ ਉਹਨਾਂ ਸੱਟਾ ਲਗਵਾਇਆ। ਠੇਕੇਦਾਰਾਂ ਨੂੰ ਖੁੱਲ੍ਹ ਸੀ। ਨਾਜਾਇਜ਼ ਸ਼ਰਾਬ ਦੇ ਉਹਨਾਂ ਦਰਿਆ ਹੀ ਵਹਾ ਦਿੱਤੇ। ਸਮੱਗਲਰਾਂ ਨੂੰ ਹਰੀ ਝੰਡੀ ਸੀ। ਉਹਨਾਂ ਰਾਜਸਥਾਨ ਦੀ ਸਾਰੀ ਅਫ਼ੀਮ ਢੋਅ ਲਈ। ਮਨਬੀਰ ਦੀ ਇਕੋ ਸ਼ਰਤ ਸੀ, ਉਹ ਸਾਰੇ ਸਰਦਾਰ ਦੀ ਡਟ ਕੇ ਮਦਦ ਕਰਨ।

ਵੋਟਾਂ ਵਾਲੇ ਦਿਨ ਮਨਬੀਰ ਨੇ ਖ਼ਾਸ ਚੌਕਸੀ ਰੱਖੀ। ਜਿਸ-ਜਿਸ ਬੂਥ 'ਤੇ ਸਰਦਾਰ ਦੀ ਪੋਜ਼ੀਸ਼ਨ ਕਮਜ਼ੋਰ ਸੀ, ਉਥੇ ਮਨਬੀਰ ਨੇ ਆਪਣੇ ਖ਼ਾਸ-ਖ਼ਾਸ ਬੰਦੇ ਤਾਇਨਾਤ ਕੀਤੇ। ਜਦੋਂ ਵੀ ਸਰਦਾਰ ਦਾ ਪੋਲਿੰਗ ਏਜੰਟ ਇਸ਼ਾਰਾ ਕਰਦਾ, ਉਹ ਜਾਅਲੀ ਵੋਟਾਂ ਭੁਗਤਾਉਣ ਵਾਲਿਆਂ ਦੇ ਨਾਲ ਜਾਂਦਾ। ਕੋਈ ਵਿਰੋਧੀ ਦੇ ਹੱਕ ਵਿਚ ਜਾਅਲੀ ਵੋਟ ਭੁਗਤਣੀ ਹੁੰਦੀ ਤਾਂ ਉਹ ਡਰਾ ਕੇ ਭਜਾ ਦਿੰਦਾ। ਹਜ਼ਾਰਾਂ ਵੋਟਾਂ ਉਹਨਾਂ ਜਾਅਲੀ ਭੁਗਤਾਈਆਂ।

ਮਨਬੀਰ ਦੇ ਖ਼ਿਲਾਫ਼ ਫ਼ੋਨ ਵੀ ਹੋਏ ਅਤੇ ਤਾਰਾਂ ਵੀ ਦਿੱਤੀਆਂ ਗਈਆਂ। ਇਕ-ਦੋ ਥਾਵਾਂ 'ਤੇ ਨਾਅਰੇਬਾਜ਼ੀ ਵੀ ਹੋਈ। ਇਸ ਸਭ ਕਾਸੇ ਨੇ ਸਗੋਂ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ। ਅਫ਼ਸਰਾਂ ਨੂੰ ਵੀ ਪਤਾ ਲੱਗ ਗਿਆ ਕਿ ਮਨਬੀਰ ਸਰਦਾਰ ਦਾ ਬੰਦਾ ਹੈ। ਸਰਦਾਰ ਨੂੰ ਵੀ ਯਕੀਨ ਹੋ ਗਿਆ ਕਿ ਮਨਬੀਰ ਨੇ ਉਹਦੀ ਨੰਗੇ ਚਿੱਟੇ ਹੋ ਕੇ ਮਦਦ ਕੀਤੀ ਹੈ।

ਫੇਰ ਬੰਟੀ ਅਤੇ ਉਹਦੇ ਅਗਵਾਕਾਰਾਂ ਨੂੰ ਲੱਭ ਕੇ ਉਹ ਸਰਦਾਰ ਤੋਂ ਆਪਣੀ ਸੇਵਾ ਦਾ ਫ਼ਲ ਕਿਉਂ ਨਾ ਲਵੇ ?

ਸਭ ਤੋਂ ਪਹਿਲਾਂ ਉਸ ਨੇ ਸ਼ਹਿਰ ਦੀਆਂ ਸਾਰੀਆਂ ਪ੍ਰੈਸਾਂ ਦੇ ਮਾਲਕਾਂ, ਉਹਨਾਂ ਦੇ ਨੌਕਰਾਂ, ਭਾਂਡਿਆਂ ਵਾਲਿਆਂ, ਸਕੂਲਾਂ ਦੇ ਸਟਾਫ਼ ਅਤੇ ਰਿਕਸ਼ੇ-ਬੱਘੀਆਂ ਵਾਲਿਆਂ ਨੂੰ ਪੁੱਛ-ਗਿੱਛ ਲਈ ਬੁਲਾਇਆ।

ਹੋ ਸਕਦੈ ਲੈਟਰਪੈਡ ਕਿਸੇ ਸਥਾਨਕ ਪ੍ਰੈਸ ਵਿਚੋਂ ਹੀ ਛਪਿਆ ਹੋਵੇ। ਸਹਿਮਤੀ ਨਾਲ ਨਾ ਸਹੀ, ਡਰਾ-ਧਮਕਾ ਦੇ ਛਪਵਾ ਲਿਆ ਹੋਵੇ। ਪ੍ਰੈਸ ਦਾ ਕੋਈ ਵਰਕਰ ਵੀ ਕਿਸੇ ਗ੍ਰੋਹ ਨਾਲ ਹਮਦਰਦੀ ਰੱਖ ਸਕਦੈ। ਉਸਨੇ ਵੇਲੇ-ਕੁਵੇਲੇ ਛਾਪ ਲਿਆ ਹੋਵੇ।

ਟੋਪੀਆ ਨਵਾਂ ਨਕੋਰ ਹੈ। ਨਵਾਂ ਖ਼ਰੀਦਿਆ ਹੋਣਾ ਹੈ। ਹੋ ਸਕਦੈ ਕੋਈ ਦੁਕਾਨਦਾਰ ਖ਼ਰੀਦਦਾਰ ਨੂੰ ਪਛਾਣ ਲਏ।

ਕਿਸੇ ਅਧਿਆਪਕ ਨੇ ਬੰਟੀ ਨੂੰ ਕਿਸੇ ਅਜਨਬੀ ਨਾਲ ਗੱਲਾਂ ਕਰਦੇ, ਕਿਸੇ ਨਾਲ ਜਾਂਦੇ-ਆਉਂਦੇ ਦੇਖਿਆ ਹੋ ਸਕਦੈ।

ਬੱਘੀ ਵਾਲਿਆਂ ਨੂੰ ਫੇਰੀਆਂ ਵਾਲਿਆਂ ਦੀ ਪਛਾਣ ਹੁੰਦੀ ਹੈ। ਕੋਈ ਨਵਾਂ ਫੇਰੀ ਵਾਲਾ ਉਸ ਦਿਨ ਆਇਆ ਹੋਵੇ ? ਕਿਸੇ ਨੇ ਬੰਟੀ ਨੂੰ ਕਿਸੇ ਰੇਹੜੀ ਜਾਂ ਛਾਬੇ ਵਾਲੇ ਕੋਲ ਖੜਾ ਦੇਖਿਆ ਹੋਵੇ ?

ਆਖ਼ਿਰ ਬੰਟੀ ਕੋਈ ਸੂਈ ਤਾਂ ਨਹੀਂ ਸੀ ਕਿ ਕੋਈ ਜੇਬ ਵਿਚ ਪਾ ਕੇ ਲੈ ਗਿਆ। ਪੁਲਿਸ ਕੋਲ ਕੋਈ ਜਾਦੂ ਵਾਲਾ ਝੁਰਲੂ ਤਾਂ ਹੈ ਨਹੀਂ ਕਿ ਫੇਰਦਿਆਂ ਹੀ ਮੁਜਰਮ ਹਾਜ਼ਰ ਹੋ ਜਾਣ। ਸੁਰਾ.ਗ ਮਿਲਦਾ ਹੀ ਮਿਲਦਾ ਹੈ। ਸੁਰਾਗ ਲੱਭਣ ਲਈ ਇਹੋ ਢੁਕਵੇਂ ਬੰਦੇ ਸਨ।

ਬੱਘੀਆਂ ਵਾਲੇ ਤਾਂ ਜਿਵੇਂ ਪਹਿਲਾਂ ਹੀ ਤਾੜ ਗਏ। ਤਿੰਨ-ਚਾਰ ਤਾਂ ਬਿਹਾਰੀ ਭਈਏ ਸਨ। ਭਾਂਡਾ ਠੀਕਰ ਇਥੇ ਹੀ ਛੱਡ ਕੇ ਗੱਡੀ ਜਾ ਚੜ੍ਹੇ। ਇਕ ਬਾਜ਼ੀਗਰਾਂ ਦਾ ਮੁੰਡਾ ਹੈ। ਉਸ ਦੀ ਸ਼ਰਾਫ਼ਤ ਦੇ ਸਾਰੇ ਗਵਾਹ ਹਨ। ਅੱਠ ਸਾਲਾਂ ਤੋਂ ਬੱਚੇ ਲਿਜਾ ਰਿਹਾ ਹੈ। ਕਦੇ ਕੋਈ ਸ਼ਿਕਾਇਤ ਨਹੀਂ ਆਈ। ਉਸ ਦੀ ਸਿਫ਼ਾਰਸ਼ ਐਸ.ਡੀ.ਐਮ. ਨੇ ਖ਼ੁਦ ਕੀਤੀ।

ਸਕੂਲ ਦੇ ਸਟਾਫ਼ 'ਚ ਬਹੁਤੀਆਂ ਔਰਤਾਂ ਸਨ। ਉਹਨਾਂ ਦਾ ਥਾਣੇ ਆਉਣਾ ਸ਼ਹਿਰ ਵਾਲਿਆਂ ਨੂੰ ਪਸੰਦ ਨਹੀਂ ਸੀ। ਥਾਣਾ ਜਿਵੇਂ ਕੋਈ ਕੰਜਰਖ਼ਾਨਾ ਹੈ ਕਿ ਇਥੇ ਪੈਰ ਪਾਉਂਦਿਆਂ ਹੀ ਉਹਨਾਂ ਦਾ ਸਤ ਭੰਗ ਹੋ ਜਾਣਾ ਹੈ।

ਮੁਸ਼ਕਲ ਨਾਲ ਬੰਟੀ ਦੀ ਇਕ ਟੀਚਰ ਅਤੇ ਚਪੜਾਸੀ ਨੂੰ ਹੀ ਥਾਣੇ ਬੁਲਾਇਆ ਜਾ ਸਕਿਆ। ਟੀਚਰ ਤਾਂ ਥਾਣੇ ਵੜਦੀ ਹੀ ਬੇਹੋਸ਼ ਹੋ ਗਈ। ਚਪੜਾਸੀ ਬੁਖਲਾ ਗਿਆ। ਉਲਟੇ-ਸਿੱਧੇ ਜਵਾਬ ਦੇਣ ਲੱਗਾ। ਭੁੱਲਰ ਨੇ ਦਬਕਾ ਮਾਰਿਆ ਤਾਂ ਉਹਦਾ ਪਿਸ਼ਾਬ ਨਿਕਲ ਗਿਆ।

ਬਾਕੀ ਸਟਾਫ਼ ਲਾਲਾ ਜੀ ਦੇ ਘਰ ਜਾ ਵੜਿਆ। ਬੰਟੀ ਲਈ ਉਹ ਹਰ ਕੁਰਬਾਨੀ ਦੇਣ ਨੂੰ ਤਾਂ ਤਿਆਰ ਸਨ ਪਰ ਥਾਣੇ ਨਹੀਂ ਜਾਣਗੇ। ਲਾਲਾ ਜੀ ਨੇ ਵੀ ਉਹਨਾਂ ਦੀ ਹਮਾਇਤ ਕੀਤੀ। ਸਟਾਫ਼ 'ਤੇ ਸਖ਼ਤੀ ਦੀ ਜ਼ਰੂਰਤ ਨਹੀਂ। ਤਫ਼ਤੀਸ਼ ਠੀਕ ਢੰਗ ਨਾਲ ਕਰੋ।

ਇਹ ਗੁੰਝਲ ਹਾਲੇ ਮਨਬੀਰ ਸੁਲਝਾ ਵੀ ਨਹੀਂ ਸੀ ਸਕਿਆ ਕਿ ਮਾਸਟਰ ਅਤੇ ਪ੍ਰਧਾਨ ਦੇ ਫ਼ੋਨ ਕੰਨ ਖਾਣ ਲੱਗੇ।

ਸਕੂਲ ਵਾਲਿਆਂ ਤੋਂ ਕੁਝ ਮਿਲਣ ਦੀ ਆਸ ਨਹੀਂ ਸੀ। ਪ੍ਰੈਸ ਅਤੇ ਭਾਂਡਿਆਂ ਵਾਲਿਆਂ ਨੂੰ ਧੂਣ ਦਾ ਉਹਨੇ ਹੁਕਮ ਦਿੱਤਾ। ਸਿਪਾਹੀਆਂ 'ਤੇ ਭਰੋਸਾ ਨਹੀਂ ਸੀ। ਦਸ-ਦਸ ਰੁਪਏ ਲੈ ਕੇ ਛੱਡ ਆਉਣਗੇ। ਉਹਨੇ ਹੌਲਦਾਰ ਭੇਜੇ ਸਨ।

ਉਹ ਵੀ ਦੋ ਬੰਦਿਆਂ ਨੂੰ ਹੀ ਕਾਬੂ ਕਰ ਸਕੇ। ਇਕ ਨੂੰ ਘਰੋਂ, ਦੂਜੇ ਨੂੰ ਪ੍ਰੈਸ ਵਿਚੋਂ। ਬਾਕੀਆਂ ਨੂੰ ਪਤਾ ਲੱਗ ਗਿਆ, ਉਹ ਫ਼ਰਾਰ ਹੋ ਗਏ।

ਭਗੌੜੇ ਬੰਦੇ ਮਾਸਟਰ ਅਤੇ ਪ੍ਰਧਾਨ ਕੋਲ ਪੁੱਜ ਗਏ ਸਨ। ਪ੍ਰੈਸਾਂ ਵਾਲੇ ਪ੍ਰਧਾਨ ਦੇ ਚੁਬਾਰੇ ਵਿਚ ਬੈਠੇ ਸਨ ਅਤੇ ਭਾਂਡਿਆਂ ਵਾਲੇ ਮਾਸਟਰ ਦੀ ਦੁਕਾਨ ਵਿਚ। ਦੋਹਾਂ ਦਾ ਵਿਚਾਰ ਸੀ ਕਿ ਲੈ-ਦੇ ਕਰ ਕੇ ਉਹਨਾਂ ਦਾ ਖਹਿੜਾ ਛੱਡ ਦਿੱਤਾ ਜਾਵੇਗਾ।

ਮਨਬੀਰ ਉਹਨਾਂ ਨਾਲ ਸਹਿਮਤ ਨਹੀਂ ਸੀ। ਪੈਸਾ ਉਸ ਨੇ ਬਥੇਰਾ ਕਮਾਇਆ ਹੈ। ਪੰਦਰਾਂ ਸਾਲ ਹੋ ਗਏ ਉਸ ਨੂੰ ਥਾਣੇਦਾਰ ਭਰਤੀ ਹੋਇਆਂ। ਰੱਬ ਦੀ ਕਿਰਪਾ ਨਾਲ ਇਕ ਦਿਨ ਵੀ ਮਾੜੀ ਮੱਦ 'ਤੇ ਨਹੀਂ ਰਿਹਾ। ਮਨ-ਭਾਉਂਦੇ ਥਾਣੇ ਰਿਹਾ ਹੈ। ਕਾਰਨ ? ਉਸਤਾਦ ਦਾ ਸਬਕ। ਰਿਸ਼ਵਤ ਵੰਡ ਕੇ ਖਾਓ। ਉਹ ਹਮੇਸ਼ਾ ਦਸੌਂਦ ਕੱਢਦਾ ਰਹਿੰਦਾ ਹੈ। ਅਫ਼ਸਰਾਂ ਮਾਤਹਿਤਾਂ ਦਾ ਬਣਦਾ ਹਿੱਸਾ ਉਹਨਾਂ ਨੂੰ ਪਹੁੰਚਦਾ ਰਹਿੰਦਾ ਹੈ।

ਸਿਪਾਹੀ ਤੋਂ ਡਿਪਟੀ ਤਕ ਸਭ ਉਸ ਨੂੰ ਕੁਰਸੀ ਦਿੰਦੇ ਹਨ। ਉਹਦੀ ਡੀ.ਆਈ.ਜੀ. ਦੇ ਬੈੱਡ-ਰੂਮ ਤਕ ਪਹੁੰਚ ਹੈ। ਬੀਵੀ ਵਿਦੇਸ਼ੀ ਸਾੜ੍ਹੀਆਂ ਦੀ ਸ਼ੌਕੀਨ ਹੈ। ਦੋ-ਚਾਰ ਮਹੀਨਿਆਂ ਬਾਅਦ ਵਿਦੇਸ਼ੀ ਸਾੜ੍ਹੀਆਂ ਦਾ ਸੂਟਕੇਸ ਭਰ ਕੇ ਸਲੂਟ ਮਾਰ ਆਉਂਦਾ ਹੈ। ਉਹ ਡੀ.ਆਈ.ਜੀ. ਨਾਲੋਂ ਵੀ ਵੱਧ ਫੁਰਤੀ ਨਾਲ ਆਰਡਰ ਕਰਾਉਂਦੀ ਹੈ। ਕੀ ਮਜਾਲ ਹੈ ਸਾਹਿਬ ਨਾਂਹ-ਨੁੱਕਰ ਜਾਂ ਟਾਲ-ਮਟੋਲ ਕਰ ਜਾਵੇ।

ਕਪਤਾਨ ਉਸ ਨੂੰ ਛੋਟਾ ਵੀਰ ਸਮਝਦੇ ਹਨ। ਨਵੇਂ ਆਏ ਸਾਹਿਬ ਦੀ ਹਜ਼ੂਰੀ 'ਚ ਪੇਸ਼ ਹੋਣ ਤੋਂ ਪਹਿਲਾਂ ਹੀ ਉਹ ਉਸ ਦੇ ਸ਼ੌਕਾਂ ਦੀ ਸੂਚੀ ਤਿਆਰ ਕਰਦਾ ਹੈ। ਫੇਰ ਉਸੇ ਮੁਤਾਬਕ ਚੱਲਦਾ ਹੈ। ਪਹਿਲਾਂ ਸ਼ਰਮਾ ਆਇਆ, ਮਨਬੀਰ ਨੇ ਉਹਨੂੰ ਪਹਿਲੇ ਹਫ਼ਤੇ ਹੀ ਵਲਾਇਤੀ ਰਿਵਾਲਰ ਲਿਆ ਦਿੱਤਾ। ਦੁੱਗਲ ਆਇਆ ਤਾਂ ਪਤਾ ਲੱਗਾ, ਉਹਦੀ ਚੰਡੀਗੜ੍ਹ ਕੋਠੀ ਬਣਦੀ ਹੈ। ਇੱਟਾਂ, ਸੀਮਿੰਟ ਅਤੇ ਲੋਹਾ ਇਥੋਂ ਭੇਜਦਾ ਰਿਹਾ। ਜਿੰਨਾ ਚਿਰ ਉਹ ਰਿਹਾ ਮਨਬੀਰ ਨੂੰ ਇਨਾਮ 'ਤੇ ਇਨਾਮ ਦਿੰਦਾ ਰਿਹਾ। ਕੈਂਥ ਆਇਆ ਤਾਂ ਸ਼ਹਿਰ ਦੀਆਂ ਸਭ ਤੋਂ ਸੋਹਣੀਆਂ ਤੀਵੀਆਂ ਮਨਬੀਰ ਨੇ ਉਹਦੇ ਪੇਸ਼ ਕੀਤੀਆਂ। ਔਰਤਾਂ ਦੇ ਨਖ਼ਰਿਆਂ ਦਾ ਕੀਲਿਆ ਕੈਂਥ ਹਰ ਤੀਸਰੇ ਦਿਨ ਰੈਸਟ ਹਾਊਸ ਡੇਰਾ ਲਾ ਲੈਂਦਾ। ਰਾਤੋ-ਰਾਤ ਮਨਬੀਰ ਮਨ-ਮਰਜ਼ੀ ਦੇ ਆਰਡਰ ਕਰਾ ਲੈਂਦਾ। ਗੁਪਤੇ ਨੂੰ ਪੈਸਾ ਚਾਹੀਦਾ ਸੀ। ਮਨਬੀਰ ਨੇ ਤਿੰਨ-ਚਾਰ ਵੱਡੇ ਸਮੱਗਲਰ ਉਹਦੇ ਮੱਥੇ ਲਾ ਦਿੱਤੇ। ਨਾਲੇ ਸਾਹਿਬ ਖ਼ੁਸ਼ ਨਾਲੇ ਸਮੱਗਲਰ।

ਫੇਰ ਮਨਬੀਰ ਦੀ ਤਰੱਕੀ ਵਿਚ ਕਿਸੇ ਨੇ ਕੀ ਟੰਗ ਅੜਾਉਣੀ ਸੀ ? ਇਕ ਵਾਰ ਤਰੱਕੀ ਦਾ ਮੌਕਾ ਬਣੇ ਸਹੀ, ਮਿਸਲ ਤਾਂ ਭੰਬੀਰੀ ਵਾਂਗ ਘੁੰਮੇਗੀ।

ਮਨਬੀਰ ਨੂੰ ਕੇਵਲ ਬੰਟੀ ਦੀ ਲੋੜ ਸੀ। ਅਗਵਾਕਾਰਾਂ ਦੀ ਕੋਈ ਪਰਵਾਹ ਨਹੀਂ। ਅਸਲੀ ਨਾ ਵੀ ਲੱਭੇ ਤਾਂ ਕੀ ਹੈ। ਦੋ-ਚਾਰ ਹੋਰਾਂ ਨੂੰ ਹੀ ਗੱਡੀ ਚੜ੍ਹਾ ਦੇਵੇਗਾ। ਅੱਗੇ ਕਿਹੜਾ ਅਫ਼ਸਰਾਂ ਦੇ ਇਸ਼ਾਰਿਆਂ 'ਤੇ ਬੰਦੇ ਮਾਰੇ ਨਹੀਂ। ਇਕ-ਦੋ ਆਪਣੇ ਲਈ ਮਾਰ ਦਿੱਤੇ ਤਾਂ ਕਿਹੜਾ ਪਹਾੜ ਡਿੱਗ ਪੈਣੈ।

ਮਨਬੀਰ ਦਾ ਮਨ ਤਰੱਕੀ ਲੈਣ 'ਤੇ ਤੁਲਿਆ ਹੋਇਆ ਸੀ। ਸਬ-ਇੰਸਪੈਕਟਰੀ ਦੀ ਕੀ ਵੁੱਕਤ ਹੈ ? ਸਭ ਦੇ ਥੱਲੇ ਲੱਗੇ ਰਹੋ। ਡਿਪਟੀ ਲੱਗੇਗਾ ਤਾਂ ਮੜਕ ਨਾਲ ਅਫ਼ਸਰੀ ਕਰੇਗਾ। ਛੇ-ਛੇ ਥਾਣੇ ਥੱਲੇ। ਮਹੀਨੇ ਹੀ ਨਹੀਂ ਮਾਣ।

ਇਸੇ ਲਈ ਉਹ ਵਾਰ-ਵਾਰ ਦੋਹਾਂ ਨੂੰ ਨਾਂਹ ਕਰ ਰਿਹਾ ਸੀ। ਪੁੱਛ-ਪੜਤਾਲ ਮਨਬੀਰ ਨੇ ਕਰਨੀ ਹੀ ਹੈ। ਮਾਰੇ-ਕੁੱਟੇ ਬਿਨਾਂ ਕੋਈ ਸੱਚ ਨਹੀਂ ਬੋਲਦਾ। ਉਹਨਾਂ ਦੇ ਆਖਣ ਕਰਕੇ ਮਨਬੀਰ ਇਕ ਰਿਆਇਤ ਕਰ ਸਕਦਾ ਹੈ। ਜੇ ਕੋਈ ਇਕਬਾਲ ਕਰ ਲਏ ਤਾਂ ਉਹ ਬਾਕੀਆਂ ਨੂੰ ਛੱਡ ਸਕਦਾ ਹੈ। ਇਕਬਾਲ ਕਰਨ ਵਾਲੇ ਨੂੰ ਵੀ ਨਾ ਹੱਥ ਲਾਏਗਾ ਅਤੇ ਨਾ ਹੀ ਉਸ ਦਾ ਨਾਂ ਕਿਸੇ ਨੂੰ ਦੱਸੇਗਾ। ਬੰਟੀ ਦਾ ਕੇਸ ਉਸ ਨੇ ਹਰ ਹਾਲਤ ਵਿਚ ਸਿਰੇ ਚਾੜ੍ਹਨਾ ਹੈ। ਪੈਸਿਆਂ ਦਾ ਲਾਲਚ ਨਹੀਂ ਕਰਨਾ।

ਲਾਲਚ 'ਚ ਆ ਕੇ ਤਰੱਕੀ ਦਾ ਮੌਕਾ ਗਵਾਉਣ ਨੂੰ ਉਹ ਕਿਹੜਾ ਮਲੰਗਾਂ ਦਾ ਮੁੰਡਾ ਹੈ ? ਪੰਜਾਹ ਏਕੜ ਜ਼ਮੀਨ ਤਾਂ ਉਹਦੀ ਭਰਤੀ ਹੋਣ ਤੋਂ ਪਹਿਲਾਂ ਹੀ ਸੀ। ਇੰਨੀ ਹੁਣ ਬਣ ਗਈ ਹੈ। ਦੋ ਭਰਾ ਕੈਨੇਡਾ ਵਿਚ ਇੰਜੀਨੀਅਰ ਹਨ। ਇਕੋ-ਇਕ ਭੈਣ ਇੰਗਲੈਂਡ ਵਿਆਹੀ ਹੋਈ ਹੈ। ਭਰਾ ਕੈਨੇਡਾ ਆਉਣ ਲਈ ਜ਼ੋਰ ਪਾਉਂਦੇ ਹਨ, ਬਾਪੂ ਨਹੀਂ ਮੰਨਦਾ। ਕੋਈ ਜੱਦੀ ਜਾਇਦਾਦ ਸਾਂਭਣ ਵਾਲਾ ਵੀ ਪਿੱਛੇ ਚਾਹੀਦਾ ਹੈ। ਪੜ੍ਹਾਈ ਵਿਚ ਉਹ ਭਰਾਵਾਂ ਵਾਂਗ ਮਾਅਰਕੇ ਨਹੀਂ ਮਾਰ ਸਕਿਆ। ਐਮ.ਏ. ਹੀ ਕਰ ਸਕਿਆ। ਚੰਗੇ ਕਰਮਾਂ ਨੂੰ ਥਾਣੇਦਾਰਾਂ ਦੀਆਂ ਨੌਕਰੀਆਂ ਨਿਕਲ ਆਈਆਂ। ਪੰਜਾਹ ਹਜ਼ਾਰ ਮੱਥੇ ਮਾਰ ਕੇ ਭਰਤੀ ਹੋ ਗਿਆ। ਹੁਣ ਭਰਾਵਾਂ ਨਾਲੋਂ ਘੱਟ ਨਹੀਂ। ਕਮਾਈ ਤਾਂ ਮਨਬੀਰ ਨੂੰ ਜ਼ਮੀਨ ਦੀ ਹੀ ਘੱਟ ਨਹੀਂ, ਉੱਤੋਂ ਥਾਣੇਦਾਰੀ। ਬਹੁਤੇ ਲਾਲਚ ਦੀ ਲੋੜ ਨਹੀਂ।

ਵੈਸੇ ਵੀ ਲਾਲਾ ਜੀ ਭਲੇ ਬੰਦੇ ਹਨ। ਬੰਟੀ ਲੱਭਣਾ ਹੀ ਚਾਹੀਦਾ ਹੈ। ਇਹ ਮਨਬੀਰ ਦਾ ਇਖ਼ਲਾਕੀ ਫ਼ਰਜ਼ ਵੀ ਹੈ।

ਯੁਵਾ ਸੰਘ ਤੋਂ ਵੀ ਡਰ ਲੱਗਦਾ ਹੈ। ਉਹ ਮਾੜੀ ਜਿਹੀ ਗੱਲ 'ਤੇ ਹੀ ਅੜ ਜਾਂਦੇ ਹਨ। ਇਹ ਤਾਂ ਉਹਨਾਂ ਦਾ ਆਪਣਾ ਕੰਮ ਸੀ। ਲਾਲਾ ਜੀ ਲਈ ਤਾਂ ਸੰਘ ਦਾ ਹਰ ਮੈਂਬਰ ਜਾਨ ਦੀ ਬਾਜ਼ੀ ਤੱਕ ਲਾਉਣ ਨੂੰ ਤਿਆਰ ਹੈ। ਮਨਬੀਰ ਨੂੰ ਉਹ ਘਟਨਾ ਯਾਦ ਆਈ ਜਦੋਂ ਇਹਨਾਂ ਦੇ ਇਕ ਸਰਗਰਮ ਵਰਕਰ ਦੀ ਪਤਨੀ ਸੜ ਕੇ ਮਰ ਗਈ ਸੀ। ਰਾਮੂ ਬੂਟਾਂ ਵਾਲੇ ਦੇ ਮੁੰਡਿਆਂ ਨੂੰ ਨਵੇਂ ਕਮਾਏ ਪੈਸੇ ਦਾ ਹੰਕਾਰ ਸੀ। ਮੁੰਡੇ ਦੇ ਵਿਆਹ ਨੂੰ ਛੇ ਮਹੀਨੇ ਵੀ ਪੂਰੇ ਨਹੀਂ ਸੀ ਹੋਏ ਕਿ ਸੱਸ-ਨੂੰਹ ਵਿਚ ਖੜਕਣ ਲੱਗ ਪਈ। ਰਾਮ ਲਾਲ ਦਾ ਲਾਡਲਾ ਸੋਹਣ ਮਾਂ ਦਾ ਜ਼ਿਆਦਾ ਆਗਿਆਕਾਰ ਅਖਵਾਉਂਦਾ ਸੀ। ਘੁੱਟ ਪੀ ਕੇ ਕਰਵਾ ਚੌਥ ਵਾਲੇ ਦਿਨ ਸਹੁਰੇ ਚਲਾ ਗਿਆ। ਪਤਨੀ ਨੇ ਵਰਤ ਰੱਖਿਆ ਹੋਇਆ ਸੀ। ਜ਼ਿਦ ਫੜ ਕੇ ਬੈਠ ਗਿਆ, ਹੁਣੇ ਲੈ ਕੇ ਜਾਣੀ ਹੈ। ਤੈਸ਼ 'ਚ ਆ ਕੇ ਪਤਨੀ ਨਾਲ ਝਗੜ ਪਿਆ। ਅੱਜ-ਕੱਲ੍ਹ ਦੀਆਂ ਕੁੜੀਆਂ ਕਿਹੜਾ ਘੱਟ ਹਨ। ਆਉਂਦੀ ਨੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਲਈ। ਰਾਮੂ ਨੂੰ ਮਾਣ ਸੀ, ਉਹਦੀ ਥਾਣੇ ਕਚਹਿਰੀ ਚੱਲਦੀ ਸੀ। ਕਿਸੇ ਦਾ ਵਾਲ ਵੀ ਵਿੰਗਾ ਨਹੀਂ ਹੋਏਗਾ। ਬੂਟਾਂ ਦੀ ਦੁਕਾਨ ਤਾਂ ਉਹਦੀ ਤੀਹ ਸਾਲ ਪਹਿਲਾਂ ਹੁੰਦੀ ਸੀ। ਇਹਨੀਂ ਦਿਨੀਂ ਤਾਂ ਉਹ ਸ਼ਹਿਰ ਦਾ ਸਿਰਕੱਢ ਬਿਜ਼ਨਸਮੈਨ ਹੈ। ਗੈਸ

ਦੀ ਏਜੰਸੀ ਤੋਂ ਲੈ ਕੇ ਟੀ.ਵੀ., ਫਰਿੱਜ ਤਕ ਦੀਆਂ ਏਜੰਸੀਆਂ ਉਸੇ ਕੋਲ ਹਨ। ਪੰਜ ਟਰੱਕ ਚੱਲਦੇ ਹਨ। ਟਰੱਕ ਯੂਨੀਅਨ ਦੇ ਪ੍ਰਧਾਨ ਜੱਗੇ ਨਾਲ ਉਸ ਦੀ ਇਕੋ ਗੱਲ ਹੈ। ਬਦਮਾਸ਼ਾਂ ਦੀ ਭਰੀ ਜੀਪ ਸਾਰਾ ਦਿਨ ਉਸ ਦੇ ਬਾਰ 'ਚ ਖੜ੍ਹੀ ਰਹਿੰਦੀ ਹੈ। ਐਸ.ਐਚ.ਓ. ਨਾਲ ਗੱਲ ਕਰਕੇ ਉਹ ਆਪਣੀ ਨੂੰਹ ਨੂੰ ਉਹਦੇ ਮਾਪਿਆਂ ਦੇ ਪਹੁੰਚਣ ਤੋਂ ਪਹਿਲਾਂ ਹੀ ਸ਼ਮਸ਼ਾਨ ਘਾਟ ਲੈ ਗਏ।

ਸੰਘ ਦੇ ਕਿਸੇ ਵਰਕਰ ਦੇ ਕੰਨੀਂ ਖ਼ਬਰ ਪਈ ਤਾਂ ਉਹਨੇ ਝੱਟ ਮੀਟਿੰਗ ਬੁਲਾ ਲਈ। ਇਹ ਤਾਂ ਧੱਕਾ ਸੀ, ਬੇਇਨਸਾਫ਼ੀ ਸੀ। ਰਾਮੂ ਨੇ ਬਹੁਤ ਤਰਲੇ ਲਏ। ਸੋਹਣ ਵੀ ਤਾਂ ਸੰਘ ਦਾ ਮੈਂਬਰ ਹੈ। ਕਿਸੇ ਨੇ ਇਸ ਦਲੀਲ ਦੀ ਪਰਵਾਹ ਨਾ ਕੀਤੀ। ਲਾਸ਼ ਨੂੰ ਅੱਗ ਲਾਉਣੋਂ ਰੋਕ ਲਿਆ ਗਿਆ। ਕੁੜੀ ਦੇ ਮਾਪੇ ਆਏ, ਪੋਸਟ ਮਾਰਟਮ ਹੋਇਆ। ਓਨਾ ਚਿਰ ਹੜਤਾਲ ਜਾਰੀ ਰਹੀ, ਜਿੰਨਾ ਚਿਰ ਰਾਮੂ ਦੇ ਸਾਰੇ ਟੱਬਰ ਨੂੰ ਹੱਥਕੜੀ ਨਾ ਲੱਗ ਗਈ।

ਮਾੜੀ ਜਿਹੀ ਹਵਾ ਵੀ ਨਿਕਲ ਗਈ ਤਾਂ ਮਨਬੀਰ ਦੇ ਨਾਲ-ਨਾਲ ਹੀ ਪ੍ਰਧਾਨ ਤੇ ਮਾਸਟਰ ਦਾ ਜਲੂਸ ਵੀ ਨਿਕਲਣਾ ਸੀ। ਇਹ ਗੱਲ ਉਹਨਾਂ ਨੂੰ ਪਤਾ ਨਹੀਂ ਕਿਉਂ ਸਮਝ ਨਹੀਂ ਸੀ ਆ ਰਹੀ।

ਪ੍ਰਧਾਨ ਵਾਰ-ਵਾਰ ਵਾਲ-ਕੱਟੀ ਵਾਲੇ ਕੇਸ ਦੀ ਯਾਦ ਦਿਵਾ ਰਿਹਾ ਸੀ। ਉਦੋਂ ਮਨਬੀਰ ਇਥੇ ਬਦਲ ਕੇ ਆਇਆ ਹੀ ਸੀ। ਆਉਂਦਿਆਂ ਹੀ 'ਵਾਲ-ਕੱਟੀ' ਨਾਂ ਨਾਲ ਮਸ਼ਹੂਰ ਇਕ ਕੁੜੀ 'ਤੇ ਨਿਗਾਹ ਪਈ। ਉਹ ਸਾਰਾ ਦਿਨ ਸ਼ਹਿਰ 'ਚ ਘੁੰਮਦੀ ਰਹਿੰਦੀ ਸੀ। ਮਲੂਕੜੀ ਜਿਹੀ, ਹੱਥ 'ਚ ਲਾਲ ਜਾਪਾਨੀ ਛਤਰੀ। ਧੁੰਨੀ ਤੋਂ ਖ਼ਾਸੀ ਹੇਠਾਂ ਕਰਕੇ ਬੰਨ੍ਹੀ ਬਨਾਰਸੀ ਸਾੜ੍ਹੀ। ਤੇਜ਼-ਤਰਾਰ ਮੇਕ-ਅੱਪ। ਉੱਚੀ ਅੱਡੀ ਵਾਲੇ ਸੈਂਡਲ। ਇਕ ਵਾਰ ਤਾਂ ਮਨਬੀਰ ਦਾ ਮਨ ਡੋਲਿਆ। ਕੋਈ ਅਪੱਸਰਾ ਹੀ ਤਾਂ ਸੀ ਉਹ। ਕਿਸੇ ਅਫ਼ਸਰ ਦੇ ਪੇਸ਼ ਹੋ ਸਕੇ ਤਾਂ ਕਿਆ ਕਹਿਣੈ।

ਪੜਤਾਲ ਕੀਤੀ ਤਾਂ ਪਤਾ ਲੱਗਾ, ਉਹ ਡੇਹਰਾਦੂਨ ਦੀ ਜੰਮਪਲ ਸੀ। ਚੰਗੇ ਸਕੂਲਾਂ ਵਿਚ ਪੜ੍ਹੀ ਸੀ। ਉਹਦਾ ਬਾਪ ਇਕ ਰਈਸ ਸੀ, ਜੋ ਬੰਬੇ ਠੇਕੇਦਾਰੀ ਕਰਦਾ ਸੀ। 'ਵਾਲ ਕੱਟੀ' ਦੀ ਮਾਂ ਉਹਦੀ ਰਖੇਲ ਸੀ, ਜਿਹੜੀ ਉਸ ਨੇ ਗਰਮੀਆਂ ਦੀਆਂ ਛੁੱਟੀਆਂ ਲਈ ਡੇਹਰਾਦੂਨ ਰੱਖੀ ਹੋਈ ਸੀ। ਗ਼ਲਤੀ ਨਾਲ ਵਾਲ ਕੱਟੀ ਪੇਂਡੂ ਹਟਵਾਣੀਏ ਨਾਲ ਵਿਆਹੀ ਗਈ। ਕੱਪੜਿਆਂ ਦੀ ਦੁਕਾਨ 'ਤੇ ਕੈਂਚੀ ਚਲਾਉਂਦਾ ਮੁੰਡਾ ਉਹਦੇ ਰਾਸ ਨਹੀਂ ਸੀ। ਮੁੰਡੇ ਨੂੰ ਵੀ ਉਹਦਾ ਸੂਰਜ ਚੜ੍ਹਨ ਤਕ ਸੁੱਤੇ ਰਹਿਣਾ, ਅੱਧ-ਨੰਗੇ ਲਿਬਾਸ ਵਿਚ ਇਧਰ-ਉਧਰ ਘੁੰਮਣਾ, ਫ਼ਿਲਮਾਂ ਦੇਖਣਾ ਅਤੇ ਨਾਵਲ ਪੜ੍ਹਦੇ ਰਹਿਣਾ ਪਸੰਦ ਨਹੀਂ ਸੀ। ਛੋਟੀ-ਛੋਟੀ ਗੱਲ 'ਤੇ ਹੁੰਦਾ ਤਕਰਾਰ ਤਲਾਕ ਤਕ ਪਹੁੰਚ ਗਿਆ।

ਅਣਖੀਲੀ ਕੁੜੀ ਨੇ ਸਹੁਰਿਆਂ ਨੂੰ ਸਬਕ ਸਿਖਾਉਣ ਲਈ ਸ਼ਹਿਰ ਵਿਚ ਹੀ ਡੇਰੇ ਲਾ ਲਏ। ਸਹੁਰਿਆਂ ਨੂੰ ਉਸ ਦਾ ਸ਼ਰੇਆਮ ਸੜਕਾਂ 'ਤੇ ਘੁੰਮਣਾ ਵੀ ਪਸੰਦ ਨਹੀਂ ਸੀ। ਸ਼ਾਇਦ ਇਸੇ ਲਈ ਉਹ ਵਾਲ ਕੱਟੀ 'ਤੇ ਕਈ ਤਰ੍ਹਾਂ ਦੇ ਦੂਸ਼ਣ ਲਾ ਰਹੇ ਸਨ।

ਆਪਣੀ ਤਸੱਲੀ ਲਈ ਮਨਬੀਰ ਨੇ ਛੇੜਖ਼ਾਨੀ ਲਈ ਇਕ-ਦੋ ਬੰਦੇ ਉਹਦੇ ਪਿੱਛੇ ਵੀ ਲਾਏ। ਜਦੋਂ ਉਹ ਛਿੱਤਰ ਖਾ ਕੇ ਮੁੜੇ ਤਾਂ ਮਨਬੀਰ ਨੇ ਉਹਦਾ ਖਹਿੜਾ ਛੱਡ ਦਿੱਤਾ।

ਭਲਾ ਹੋਵੇ ਇਕ ਵਕੀਲ ਦਾ। ਉਹ ਵਾਲ ਕੱਟੀ ਦਾ ਗੁਆਂਢੀ ਸੀ। ਉਹਦਾ ਕਹਿਣਾ ਸੀ ਕਿ ਉਹ ਵੇਸਵਾ ਹੈ। ਮੁਹੱਲੇ ਵਿਚ ਸਾਰਾ ਦਿਨ ਗੁੰਡਾਗਰਦੀ ਹੁੰਦੀ ਹੈ। ਅੱਧਾ ਮੁਹੱਲਾ ਕੁੜੀ ਦੇ ਨਾਲ ਸੀ। ਵਕੀਲ ਦੀ ਦਾਲ ਨਹੀਂ ਗਲੀ, ਇਸ ਲਈ ਝੂਠੇ ਇਲਜ਼ਾਮ ਲਾ ਰਿਹਾ ਹੈ। ਵਕੀਲ ਹਿੰਮਤ ਹਾਰਨ ਵਾਲਾ ਨਹੀਂ ਸੀ। ਲੋਕਾਂ ਦੀਆਂ ਅੱਖਾਂ ਉਸ ਸਮੇਂ ਖੁੱਲ੍ਹੀਆਂ ਜਦੋਂ ਇਕ ਐਫ਼.ਸੀ.ਆਈ. ਦੇ ਮੈਨੇਜਰ ਨੂੰ ਉਸ ਨੇ ਰੰਗੇ ਹੱਥੀਂ ਕਾਬੂ ਕੀਤਾ।

ਮੈਨੇਜਰ ਐਸ.ਪੀ. ਵਿਜੀਲੈਂਸ ਦਾ ਛੋਟਾ ਭਰਾ ਸੀ। ਉਹ ਪੁਲਿਸ ਨੂੰ ਛੱਡਣਾ ਪਿਆ, ਪਰ ਵਾਲ ਕੱਟੀ ਉਹਨਾਂ ਦੇ ਕਾਬੂ ਆ ਗਈ।

ਆਸ਼ਕਾਂ ਦੀ ਜਿਹੜੀ ਲਿਸਟ ਵਾਲ ਕੱਟੀ ਨੇ ਦਿੱਤੀ, ਉਹ ਹੈਰਾਨੀਜਨਕ ਸੀ। ਡਾਕਟਰ, ਵਕੀਲ ਅਤੇ ਜੱਜ, ਮੌਜੂਦਾ ਐਸ.ਡੀ.ਐਮ. ਵੀ। ਸਨਅਤਕਾਰਾਂ ਅਤੇ ਸਿਆਸਤਦਾਨਾਂ ਨੇ ਤਾਂ ਹੋਣਾ ਹੀ ਸੀ।

ਪਹਿਲਾਂ ਝੁਰਲੂ ਮਨਬੀਰ ਨੇ ਸਾਬਣ ਵਾਲੇ ਕਾਲੂ ਰਾਮ 'ਤੇ ਫੇਰਿਆ। ਵਾਲ ਕੱਟੀ ਨੇ ਜਦੋਂ ਤਾੜ-ਤਾੜ ਉਹਦੇ ਕੁਕਰਮਾਂ ਦੇ ਭਾਂਡੇ ਭੰਨੇ ਤਾਂ ਸਾਹਮਣੇ ਬੈਠੇ ਕਾਲੂ ਰਾਮ ਨੂੰ ਗਸ਼ ਪੈ ਗਈ। ਝੱਟ ਵੀਹ ਹਜ਼ਾਰ ਦੇ ਨੋਟ ਹਾਜ਼ਰ ਹੋ ਗਏ।

ਆਪਣੇ ਖ਼ਾਸ-ਖ਼ਾਸ ਬੰਦਿਆਂ ਰਾਹੀਂ ਮਨਬੀਰ ਨੇ ਇਹ ਗੱਲ ਫੈਲਾਈ। ਆਸ਼ਕਾਂ ਨੂੰ ਫ਼ਿਕਰ ਪੈ ਗਿਆ। ਕੋਈ ਐਸ.ਡੀ.ਐਮ. ਵੱਲ ਭੱਜਾ, ਕੋਈ ਜੱਜ ਵੱਲ। ਪਹਿਲਾਂ ਅਫ਼ਸਰਾਂ ਨੇ ਰੋਹਬ ਮਾਰਨਾ ਚਾਹਿਆ, ਪੁਲਿਸ ਇਕ ਸ਼ਰੀਫ਼ ਕੁੜੀ ਨੂੰ ਤੰਗ ਕਰ ਰਹੀ ਹੈ।

ਜਦੋਂ ਉਹਨਾਂ ਦੇ ਸੁਣਨ ਲਈ ਮਨਬੀਰ ਨੇ ਟੇਪਾਂ ਭੇਜਣੀਆਂ ਚਾਹੀਆਂ ਤਾਂ ਸਭ ਦੇ ਹੋਸ਼ ਉੱਡ ਗਏ। ਐਸ.ਡੀ.ਐਮ. ਤਾਂ ਆਪ ਹੀ ਥਾਣੇ ਪੁੱਜ ਗਿਆ, ਜੱਜ ਨੇ ਸਰਕਾਰੀ ਵਕੀਲ ਭੇਜਿਆ। ਮਾਮਲਾ ਠੱਪ ਹੋਣਾ ਚਾਹੀਦਾ ਹੈ। ਐਸ.ਡੀ.ਐਮ. ਨੇ ਮਨਬੀਰ ਦੇ ਖ਼ਿਲਾਫ਼ ਚੱਲਦੀਆਂ ਪੜਤਾਲਾਂ ਦਾਖ਼ਲ ਦਫ਼ਤਰ ਕਰਨ ਦਾ ਵਾਅਦਾ ਕੀਤਾ ਅਤੇ ਜੱਜ ਨੇ ਇਸਤਗਾਸੇ ਖ਼ਾਰਜ ਕਰਨ ਦਾ। ਅਫ਼ਸਰ ਅਫ਼ਸਰ ਹੀ ਹੁੰਦੇ ਹਨ। ਪੁਲਿਸ ਨੇ ਕੰਮ ਲੈਣਾ ਹੁੰਦਾ ਹੈ। ਮਨਬੀਰ ਚੁੱਪ ਕਰ ਗਿਆ।

ਉਸ ਸਮੇਂ ਪ੍ਰਧਾਨ ਨਾਲ ਕਈ ਵਾਰ ਵਾਹ ਪਿਆ ਸੀ। ਵਾਲ ਕੱਟੀ ਦੇ ਆਸ਼ਕਾਂ ਤੋਂ ਪੈਸੇ ਇਕੱਠੇ ਕਰਨ ਦਾ ਕੰਮ ਉਸੇ ਨੇ ਕੀਤਾ ਸੀ। ਉਸ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਸਰਾਫ਼ ਤੋਂ ਕਿੰਨੇ ਪੈਸੇ ਲੈਣੇ ਹਨ, ਠੁਲੀਵਾਲ ਵਾਲੇ ਆਤਮੇ ਤੋਂ ਕਿੰਨੇ ਅਤੇ ਸਿਨੇਮੇ ਵਾਲੇ ਭਾਨ ਤੋਂ ਕਿੰਨੇ।

ਤਿੰਨ ਦਿਨ ਵਾਲ ਕੱਟੀ ਪੁਲਿਸ ਹਿਰਾਸਤ ਵਿਚ ਰਹੀ। ਪੂਰੇ ਢਾਈ ਲੱਖ ਮਨਬੀਰ ਨੇ ਬਣਾਏ। ਪੰਜਾਹ-ਸੱਠ ਪ੍ਰਧਾਨ ਲੈ ਗਿਆ। ਸਾਲ ਹੋ ਗਿਆ ਉਹਨਾਂ ਗੱਲਾਂ ਨੂੰ, ਮੁੜ ਕਿਸੇ ਨੇ ਚੂੰ ਨਹੀਂ ਕੀਤੀ।

ਪ੍ਰਧਾਨ ਬੰਦਾ ਭਰੋਸੇ ਵਾਲਾ ਸੀ। ਇਹੋ ਨਹੀਂ, ਪੰਜਾਹ ਵਾਰ ਪਰਖਿਆ ਸੀ ਮਨਬੀਰ ਨੇ। ਹਰ ਤਿੱਥ ਤਿਉਹਾਰ ਨੂੰ ਬੰਨ੍ਹੇ-ਬੰਨ੍ਹਾਏ ਪੈਸੇ ਮਿਲ ਜਾਦੇ ਹਨ। ਦੀਵਾਲੀ ਨੂੰ ਪਟਾਖੇ ਵੇਚਣ ਦੀ ਮਨਾਹੀ ਹੁੰਦੀ ਹੈ। ਚੁੱਪ ਕਰ ਕੇ ਪੰਜ ਹਜ਼ਾਰ ਦੇ ਨੋਟ ਫੜਾ ਗਿਆ। ਦੁਕਾਨਦਾਰ ਪਟਾਖੇ ਵੇਚਦੇ ਰਹਿਣ, ਪੁਲਿਸ ਨੂੰ ਕੀ ?

ਬੰਦਾ ਮਾਸਟਰ ਵੀ ਠੀਕ ਸੀ। ਉਸ ਨੇ ਉਸ ਸਮੇਂ ਜੌਹਰ ਦਿਖਾਏ, ਜਦੋਂ ਕਾਲਾ ਪੁਲਿਸ ਦੇ ਹੱਥ ਲੱਗਾ ਸੀ। ਕਾਲਾ ਚੋਰੀ ਤਾਂ ਸਾਰੇ ਇਲਾਕੇ ਵਿਚ ਕਰ ਜਾਂਦਾ ਪਰ ਹੱਥ ਕਦੇ ਨਾ ਆਉਂਦਾ। ਮਨਬੀਰ ਦੇ ਭਾਗਾਂ ਨੂੰ ਇਕ ਵਾਰ ਉਹ ਬਟੇਰਾ ਬਣ ਕੇ ਪੈਰ ਹੇਠਾਂ ਆ ਗਿਆ।

ਪੁਲਿਸ ਨੂੰ ਚੋਰਾਂ ਕੋਲੋਂ ਖੱਟਣ ਨੂੰ ਕੁਝ ਨਹੀਂ ਹੁੰਦਾ। ਚੋਰ ਮਾਲ ਨੂੰ ਸੰਭਾਲੀ ਰੱਖਣ ਲਈ ਤਾਂ ਚੋਰੀ ਕਰਦੇ ਨਹੀਂ। ਮਾਲ ਖ਼ਰੀਦਣ ਵਾਲੇ ਉਹਨਾਂ ਨਾਲੋਂ ਵੀ ਤੇਜ਼ ਹਨ। ਚੋਰ ਅੱਗੇ-ਅੱਗੇ, ਮਾਲ ਖ਼ਰੀਦਣ ਵਾਲੇ ਪਿੱਛੇ-ਪਿੱਛੇ।

ਪੁਲਿਸ ਦਾ ਘਰ ਉਹਨਾਂ ਦੁਕਾਨਦਾਰਾਂ ਤੋਂ ਪੂਰਾ ਹੁੰਦਾ ਹੈ, ਜਿਹੜੇ ਭੁੱਲ-ਭੁਲੇਖੇ ਚੋਰਾਂ ਤੋਂ ਮਾਲ ਖ਼ਰੀਦ ਲੈਂਦੇ ਹਨ। ਨਾਲੇ ਮਾਲ ਬਰਾਮਦ ਕਰੋ, ਨਾਲੇ ਚੋਰੀ ਦਾ ਮਾਲ ਖ਼ਰੀਦਣ ਦੇ ਜੁਰਮ ਤੋਂ ਬਰੀ ਕਰਨ ਦੀ ਫ਼ੀਸ ਲਵੋ। ਕਾਲੇ ਨੇ ਚੋਰੀਆਂ ਥੋਕ ਦੇ ਭਾਅ ਕੀਤੀਆਂ ਸਨ। ਪੱਖੇ, ਰੇਡੀਓ, ਟੀ.ਵੀ., ਕੈਮਰੇ, ਕੱਪੜਾ ਅਤੇ ਘੜੀਆਂ। ਸ਼ਹਿਰ ਦਾ ਕੋਈ ਦੁਕਾਨਦਾਰ ਅਜਿਹਾ ਨਹੀਂ ਸੀ, ਜਿਸ

ਕੋਲ ਉਸ ਨੇ ਕੋਈ ਨਾ ਕੋਈ ਚੀਜ਼ ਨਹੀਂ ਸੀ ਵੇਚੀ। ਕਾਲਾ ਜਿਸ ਦੁਕਾਨ ਅੱਗੇ ਜਾ ਕੇ ਰੁਕਦਾ, ਉਸੇ ਦੁਕਾਨਦਾਰ ਨੂੰ ਕੰਬਣੀ ਛਿੜ ਜਾਂਦੀ। ਕਾਲਾ ਕਈ ਸਾਲ ਪਹਿਲਾਂ ਵੇਚੀ ਚੀਜ਼ ਦੀ ਯਾਦ ਦਿਵਾਉਂਦਾ। ਦੁਕਾਨਦਾਰ ਨੂੰ ਕੁਝ ਯਾਦ ਆਉਂਦਾ ਜਾਂ ਨਾ ਪਰ ਪੁਲਿਸ ਤੋਂ ਡਰਦਾ ਹਾਂ ਜ਼ਰੂਰ ਕਰ ਦਿੰਦਾ। ਉਸ ਸਮੇਂ ਦੁਕਾਨਦਾਰਾਂ ਤੋਂ ਪੈਸੇ ਇਕੱਠੇ ਕਰਨ ਦਾ ਕੰਮ ਮਾਸਟਰ ਨੇ ਬੜੀ ਹੁਸ਼ਿਆਰੀ ਨਾਲ ਕੀਤਾ ਸੀ।

ਚੰਗੀ ਫ਼ੀਸ ਦੇ ਲਾਲਚ 'ਚ ਆ ਕੇ ਅਤੇ ਮਿੱਤਰਾਂ ਦੇ ਮਜਬੂਰ ਕਰਨ 'ਤੇ ਮਨਬੀਰ ਪ੍ਰੈਸ ਅਤੇ ਭਾਂਡਿਆਂ ਵਾਲਿਆਂ ਨੂੰ ਛੱਡਣ ਲਈ ਮੰਨ ਗਿਆ। ਚਲੋ ਬੰਟੀ ਦੇ ਹੋਰ ਸੁਰਾਗ਼ ਬਥੇਰੇ। ਘਰ ਆਈ ਮਾਇਆ ਨੂੰ ਧੱਕਣਾ ਨਹੀਂ ਚਾਹੀਦਾ।

ਮਾਮਲਾ ਤੈਅ ਹੋਏ ਨੂੰ ਦੋ ਘੰਟੇ ਵੀ ਨਹੀਂ ਸੀ ਹੋਏ ਕਿ ਬਜ਼ਾਰ ਵਿਚ ਘੁਸਰ-ਮੁਸਰ ਹੋਣ ਲੱਗ ਪਈ। ਮਨਬੀਰ ਦੇ ਦੋਸਤਾਂ ਨੇ ਉਸ ਨੂੰ ਸਾਵਧਾਨ ਕੀਤਾ। ਚੰਗਾ ਹੋਵੇ ਜੇ ਪੈਸੇ ਵਾਪਸ ਕਰ ਦਿੱਤੇ ਜਾਣ। ਕੁਝ ਬੰਦੇ ਮਾਲੀ ਤੌਰ 'ਤੇ ਕਮਜ਼ੋਰ ਸਨ। ਪ੍ਰਧਾਨ ਨੇ ਜ਼ਿਆਦਾ ਪੈਸੇ ਬਟੋਰ ਲਏ।

ਮਨਬੀਰ ਨੇ ਮਾਸਟਰ ਨੂੰ ਫ਼ੋਨ ਕੀਤਾ। ਪਹਿਲਾਂ ਜਵਾਬ ਮਿਲਿਆ, ਘਰ ਨਹੀਂ। ਦੁਬਾਰਾ ਕੀਤਾ ਤਾਂ ਪਤਾ ਲੱਗਾ ਕੋਈ ਉਸ ਨੂੰ ਚੰਡੀਗੜ੍ਹ ਲੈ ਗਿਆ। ਤਿੰਨ ਦਿਨਾਂ ਦਾ ਪ੍ਰੋਗਰਾਮ ਸੀ।

ਸੀ.ਆਈ.ਡੀ. ਵਾਲਿਆਂ ਦਾ ਫ਼ੋਨ ਆਇਆ। ਹੜਤਾਲ ਦੀ ਤਿਆਰੀ ਹੋ ਰਹੀ ਸੀ।

ਘਬਰਾਏ ਮਨਬੀਰ ਨੇ ਪ੍ਰਧਾਨ ਨੂੰ ਫ਼ੋਨ ਕੀਤਾ। ਜਵਾਬ ਮਿਲਿਆ, ਉਹ ਮਨਬੀਰ ਦੇ ਕੰਮ ਹੀ ਕਿਧਰੇ ਗਿਆ ਹੋਇਆ ਹੈ।

ਮਨਬੀਰ ਪਛਤਾਉਣ ਲੱਗਾ। ਕਿਧਰੇ ਲੈਣੇ ਦੇ ਦੇਣੇ ਨਾ ਪੈ ਜਾਣ। ਤਰੱਕੀ ਦੀ ਥਾਂ ਰਿਵਰਟ ਨਾ ਹੋ ਜਾਵੇ। ਉਹਦੇ ਖ਼ਿਲਾਫ਼ ਜਲਸੇ ਹੋਏ ਤਾਂ ਮੁੱਖ ਮੰਤਰੀ ਕੀ ਸੋਚੇਗਾ ? ਵਾਲ ਕੱਟੀ ਅਤੇ ਚੋਰੀਆਂ ਵੇਲੇ ਗੱਲ ਹੋਰ ਸੀ। ਉਸ ਸਮੇਂ ਦੇਣ ਵਾਲੇ ਕਸੂਰਵਾਰ ਸਨ। ਇਹ ਸਭ ਬੇਕਸੂਰ। ਪੈਸੇ ਕਾਹਦੇ ਦੇਣ ? ਪ੍ਰਧਾਨ ਦਾ ਵੱਟਾ ਵੀ ਭਾਰਾ ਹੈ। ਜ਼ਰੂਰ ਮੋਟੀ ਫ਼ੀਸ ਲਈ ਹੋਏਗੀ। ਅਗਲਿਆਂ ਨੇ ਤੜਫਣਾ ਹੀ ਸੀ।

ਯੁਵਾ ਸੰਘ ਵਿਚ ਮਨਬੀਰ ਦੀ ਬਹੁਤੀ ਸ਼ਾਖ਼ ਨਹੀਂ। ਸੰਘ ਨੂੰ ਪੁਲਿਸ ਖ਼ਿਲਾਫ਼ ਬੋਲਣ ਦਾ ਬਹਾਨਾ ਹੀ ਚਾਹੀਦਾ ਹੈ। ਉਹਨਾਂ ਨੂੰ ਚੁੱਪ ਕਰਾਉਣ ਵਾਲਾ ਮਨਬੀਰ ਦੇ ਹੱਥ ਵਿਚ ਕੋਈ ਬੰਦਾ ਨਹੀਂ। ਮਨਬੀਰ ਮੁੱਖ ਮੰਤਰੀ ਦਾ ਬੰਦਾ ਅਖਵਾਉਂਦਾ ਹੈ। ਮੁੱਖ ਮੰਤਰੀ ਦਾ ਵੀ ਕੋਈ ਬੰਦਾ ਮਨਬੀਰ ਦੀ ਮਦਦ ਨਹੀਂ ਸੀ ਕਰ ਸਕਦਾ।

ਦਰਵੇਸ਼ ਨੂੰ ਥਾਣੇ ਬੁਲਾਉਣ ਲਈ ਮਨਬੀਰ ਨੇ ਗੱਡੀ ਭੇਜੀ। ਉਹਨੇ ਸਾਫ਼ ਨਾਂਹ ਕਰ ਦਿੱਤੀ। ਪੁਲਿਸ ਨੂੰ ਪੈਸੇ ਬਣਾਉਣ ਦੀ ਲੱਗੀ ਹੋਈ ਹੈ। ਦਰਵੇਸ਼ ਤਿੰਨਾਂ ਦਿਨਾਂ ਦਾ ਚੀਖ ਰਿਹਾ ਹੈ ਕਿ ਸਕੂਲ ਦਾ ਇਕ ਚਪੜਾਸੀ ਉਸੇ ਦਿਨ ਦਾ ਫ਼ਰਾਰ ਹੈ। ਉਸ ਦਿਨ ਬੰਟੀ ਨੂੰ ਕੁਲਫ਼ੀ ਦਿੰਦਾ ਦੇਖਿਆ ਗਿਆ। ਦਰਵੇਸ਼ ਦੇ ਆਖਣ 'ਤੇ ਜਦੋਂ ਪੁਲਿਸ ਇਕ ਵਾਰ ਵੀ ਉਸ ਦੀ ਘਰਵਾਲੀ ਨੂੰ ਥਾਣੇ ਬੁਲਾਉਣ ਦੀ ਤਕਲੀਫ਼ ਨਹੀਂ ਕਰ ਸਕਦੀ ਤਾਂ ਉਹ ਕਿਉਂ ਪੁਲਿਸ ਦਾ ਪੱਖ ਪੂਰੇ ?

ਫ਼ੋਨ 'ਤੇ ਨਾਗਪਾਲ ਨਾਲ ਗੱਲ ਹੋਈ। ਥਾਣੇ ਆਉਣ 'ਚ ਉਸ ਨੂੰ ਵੀ ਇਤਰਾਜ਼ ਸੀ। ਮਸਲਾ ਗੰਭੀਰ ਹੁੰਦਾ ਜਾ ਰਿਹਾ ਸੀ। ਨਾਗਪਾਲ ਵੀ ਸ਼ਹਿਰ ਵਿਚ ਕੁਝ ਥਾਂ ਰੱਖਦਾ ਹੈ। ਖੁੱਲ੍ਹਮ-ਖੁੱਲ੍ਹਾ ਪੁਲਿਸ ਦੀ ਮਦਦ ਕਰਨ 'ਤੇ ਨਾਗਪਾਲ ਦਾ ਵੀ ਜਲੂਸ ਨਿਕਲ ਸਕਦਾ ਹੈ। ਮਨਬੀਰ ਦੇ ਖ਼ਿਲਾਫ਼ ਉਹ ਸਾਰੇ ਬੰਦੇ ਉੱਠ ਖੜੇ ਹੋਏ ਹਨ, ਜਿਨ੍ਹਾਂ ਤੋਂ ਕਦੇ ਨਾ ਕਦੇ ਉਸ ਨੇ ਪੈਸੇ ਬਟੋਰੇ ਸਨ। ਪੁਲਿਸ ਦੇ ਹੱਕ ਦੀ ਗੱਲ ਕਰਨ ਵਾਲੇ ਨੂੰ ਉਹ ਸੂਈ ਬਘਿਆੜੀ ਵਾਂਗ ਪੈਂਦੇ ਹਨ।

ਇਕੋ ਰਾਹ ਸੀ, ਗ੍ਰਿਫ਼ਤਾਰੀ ਦੇ ਬਹਾਨੇ ਪੁਲਿਸ ਨਾਗਪਾਲ ਕੋਲ ਆਵੇ। ਦੁਕਾਨ ’ਤੇ ਆ ਕੇ ਥੋੜ੍ਹਾ-ਬਹੁਤਾ ਉੱਚਾ-ਨੀਵਾਂ ਬੋਲਣ। ਧੱਕੇ ਨਾਲ ਜੀਪ ’ਚ ਬਿਠਾ ਕੇ ਥਾਣੇ ਲੈ ਜਾਣ।

ਇਸੇ ਬਹਾਨੇ ਜਦੋਂ ਨਾਗਪਾਲ ਨੂੰ ਥਾਣੇ ਲਿਆਂਦਾ ਗਿਆ ਤਾਂ ਸਾਰੀ ਪੁਲਿਸ ਨੂੰ ਹੀ ਫ਼ਿਕਰ ਪੈ ਗਿਆ।

ਗੁੱਸੇ ’ਚ ਮਨਬੀਰ ਦੀਆਂ ਮੁੱਠੀਆਂ ਕਈ ਵਾਰ ਬੰਦ ਹੋਈਆਂ। ਉਹੋ ਕੰਜਰ ਜਿਹੜੇ ਵਾਲ ਕਟੀ ਦੇ ਕੇਸ ਵਿਚੋਂ ਨਿਕਲਣ ਲਈ ਆਪਣੀ ਇਜ਼ਤ ਦਾ ਵਾਸਤਾ ਪਾਉਂਦੇ ਸਨ, ਟੋਪੀਆਂ, ਪਗੜੀਆਂ ਲਾਹ ਕੇ ਮਨਬੀਰ ਦੇ ਪੈਰੀਂ ਧਰਦੇ ਸਨ, ਹੁਣ ਉਸ ਖ਼ਿਲਾਫ਼ ਬੋਲਣ ਦੀ ਹਿੰਮਤ ਕਰ ਰਹੇ ਹਨ।

ਸਭ ਤੋਂ ਮੂਹਰੇ ਬਾਂਸ ਬਾਹੀਆਂ ਵਾਲਾ ਪ੍ਰੇਮ ਸੀ। ਵਾਲ ਕੱਟੀ ਦਾ ਸਭ ਤੋਂ ਚਹੇਤਾ ਆਸ਼ਕ। ਉਹ ਆਖਦਾ ਹੈ ਕਿ ਇਸ ਥਾਣੇਦਾਰ ਨੂੰ ਬਾਣੀਏ ਲੁੱਟਣ ਦਾ ਭੁੱਸ ਪੈ ਗਿਐ। ਬਹਾਨੇ ਨਾਲ ਕੋਈ ਨਾ ਕੋਈ ਝੂਠੀ ਕਹਾਣੀ ਘੜ ਲੈਂਦਾ ਹੈ, ਫੇਰ ਥੋਕ ਦੇ ਭਾਅ ਪੈਸੇ ਬਟੋਰਦਾ ਹੈ। ਇਸ ਥਾਣੇਦਾਰ ਨੇ ਚੋਰਾਂ, ਠੱਗਾਂ ਨੂੰ ਤਾਂ ਖੁੱਲ੍ਹੀਆਂ ਛੁੱਟੀਆਂ ਦੇ ਰੱਖੀਆਂ ਹਨ, ਸ਼ਰੀਫ਼ਾਂ ਦੇ ਗਲ ਅੰਗੂਠਾ ਦੇ ਰੱਖਿਆ ਹੈ।

ਸੀਤਾ ਸਰਾਫ਼ ਉਸ ਨਾਲ ਮੋਢਾ ਜੋੜੀ ਫਿਰਦਾ ਹੈ। ਸਭ ਤੋਂ ਵੱਧ ਚੋਰੀ ਦਾ ਮਾਲ ਉਹੋ ਖ਼ਰੀਦਦਾ ਹੈ। ਹੁਣ ਧੰਦਾ ਠੱਪ ਹੈ। ਅੱਕਿਆ ਆਖਦਾ ਹੈ ਕਿ ਮਨਬੀਰ ਸਿੱਖਾਂ ਦਾ ਸਮਰਥਕ ਹੈ। ਸਰਦਾਰ ਦਾ ਬੰਦਾ ਹੋਣ ਕਰਕੇ ਹਿੰਦੂਆਂ ਨੂੰ ਤੰਗ ਕਰਦਾ ਹੈ। ਸ਼ਹਿਰ ਵਿਚ ਹਿੰਦੂ ਥਾਣੇਦਾਰ ਲਾਇਆਾ ਜਾਵੇ।

ਬੰਦੂਕਾਂ ਵਾਲੇ ਸ਼ਿੰਦੇ ਨੂੰ ਕੀ ਗਿਲਾ, ਇਹ ਸਮਝ ਨਹੀਂ ਆਈ। ਥੋੜ੍ਹਾ-ਮੋਟਾ ਸਿਆਸਤ ਵਿਚ ਪੈਰ ਧਰਦਾ ਹੈ। ਚੋਣਾਂ ਦੇ ਦਿਨਾਂ ਵਿਚ ਜਿਸ ਉਮੀਦਵਾਰ ਦਾ ਪੱਲੜਾ ਭਾਰੀ ਹੋਵੇ, ਪੈਸੇ ਦੇ ਕੇ ਉਸ ਨਾਲ ਹੋ ਜਾਂਦਾ ਹੈ। ਇਕ-ਦੋ ਫ਼ੋਟੋਆਂ ਖਿਚਵਾ ਲੈਂਦਾ ਹੈ, ਪਿੱਛੋਂ ਚੁੱਪ। ਥਾਣੇ ਕਦੇ ਨਹੀਂ ਆਇਆ, ਅਸਲੇ ਦਾ ਕੰਮ ਬੰਦ ਹੈ। ਕੋਈ ਠੱਗੀ-ਠੋਰੀ ਕਰਨੀ ਹੋਊ। ਸੋਚਦਾ ਹੋਊ ਇੰਨੇ ਵਿਚ ਪੁਲਿਸ ਚੁੱਪ ਰਹੂ ਜਾਂ ਮੁੱਖ ਮੰਤਰੀ ਤੋਂ ਕਿਸੇ ਕੋਟੇ ਦੀ ਝਾਕ ਹੋਊ। ਸਿਆਸਤ ਵਿਚ ਸਰਗਰਮ ਰਹੇਗਾ ਤਾਂ ਹੀ ਮੰਤਰੀ ਦੀਆਂ ਨਜ਼ਰਾਂ ਵਿਚ ਆ ਸਕੇਗਾ।

ਨਾਗਪਾਲ ਦੀ ਰਾਏ ਸੀ, ਜਿੰਨਾ ਜਲਦੀ ਹੋ ਸਕੇ ਦਰਵੇਸ਼ ਨੂੰ ਕਾਬੂ ਕੀਤਾ ਜਾਵੇ। ਉਹ ਹਲਫ਼ੀਆ ਬਿਆਨ ਇਕੱਠੇ ਕਰ ਰਿਹਾ ਹੈ। ਖ਼ਬਰਾਂ ਤਾਂ ਛਪਵਾਏਗਾ ਹੀ, ਨਾਲ ਪੜਤਾਲ ਵੀ ਕਰਾਏਗਾ।

ਪ੍ਰੈਸਾਂ ਵਾਲੇ ਤਾਂ ਧੜਾ-ਧੜ ਪੋਸਟਰ ਛਾਪ ਰਹੇ ਸਨ। ਪੋਸਟਰਾਂ ਤੋਂ ਵੀ ਘੱਟ ਖ਼ਤਰਾ ਨਹੀਂ। ਹਰ ਪੋਸਟਰ ਵਿਚ ਨਵਾਂ ਕਿੱਸਾ ਛਾਪਿਆ ਗਿਆ ਹੈ। ਕਿਸੇ ਵਿਚ ਵਾਲ ਕੱਟੀ ਵਾਲਾ ਅਤੇ ਕਿਸੇ ਵਿਚ ਚੋਰਾਂ ਵਾਲਾ। ਮੁੱਖ ਮੰਤਰੀ ਨੂੰ ਵੀ ਵਿਚੇ ਘੜੀਸਿਆ ਗਿਆ ਹੈ। ਇਹ ਪੋਸਟਰ ਕੰਧਾਂ ’ਤੇ ਲੱਗ ਗਏ ਤਾਂ ਮੁੱਖ ਮੰਤਰੀ ਖ਼ੁਦ ਹੀ ਨੁਕਸਾਨ ਕਰ ਸਕਦਾ ਹੈ। ਸਿਆਸਤਦਾਨਾਂ ਦਾ ਕੀ ਹੈ ? ਕੰਮ ਲੈਣ ਵੇਲੇ ਹੋਰ, ਦੇਣ ਵੇਲੇ ਹੋਰ। ਪੁਲਿਸ ਵਾਂਗ ਇਹ ਵੀ ਕਿਸੇ ਦੇ ਮਿੱਤ ਨਹੀਂ ਹੁੰਦੇ।

ਮਨਬੀਰ ਮਾਸਟਰ ਤੇ ਪ੍ਰਧਾਨ ’ਤੇ ਚਿੜ ਰਿਹਾ ਸੀ। ਇਕ ਚੰਡੀਗੜ੍ਹ ਤੁਰ ਗਿਆ, ਦੂਜਾ ਗ਼ਾਇਬ ਹੈ। ਕਿਸੇ ਨੇ ਹਾਲੇ ਪੈਸੇ ਨਹੀਂ ਦਿੱਤੇ। ਇਹ ਵੀ ਨਹੀਂ ਦੱਸਿਆ, ਕਿਸ ਤੋਂ ਕਿੰਨੇ ਲਏ ਹਨ। ਉਹਨਾਂ ਬਿਨਾਂ ਮੋੜ-ਮੁੜਾਈ ਵੀ ਨਹੀਂ ਹੋ ਸਕਦੀ।

ਪ੍ਰਧਾਨ ਨਾਲ ਗੱਲ ਹੋਈ ਤਾਂ ਉਹ ਅੱਖਾਂ ਫੇਰ ਗਿਆ। ਨਾ ਥਾਣੇ ਆਉਣ ਨੂੰ ਤਿਆਰ ਹੈ, ਨਾ ਮਨਬੀਰ ਨੂੰ ਘਰੇ ਬੁਲਾਉਣ ਨੂੰ। ਆਖਦਾ ਹੈ ਇਸ ਤਰ੍ਹਾਂ ਪ੍ਰਧਾਨ ਦੀ ਹੋਰ ਬਦਨਾਮੀ ਹੋਏਗੀ। ਮਨਬੀਰ ਨੂੰ ਚੁੱਪ ਕਰ ਕੇ ਬੈਠਣ ਦੀ ਸਲਾਹ ਦੇ ਰਿਹਾ ਹੈ। ਇਕ-ਦੋ ਬੰਦੇ ਹੀ ਮਾੜੇ ਹਨ। ਪ੍ਰਧਾਨ

ਆਪੇ ਸਾਂਭ ਲਏਗਾ। ਮਨਬੀਰ ਦਾ ਕੀ ਹੈ ? ਅੱਜ ਇਥੇ, ਕੱਲ ਉਥੇ। ਪ੍ਰਧਾਨ ਨੇ ਤਾਂ ਸ਼ਹਿਰ ਵਿਚ ਹੀ ਰਹਿਣਾ ਹੈ। ਇਕ ਵਾਰ ਉਹਦੀ ਬਦਨਾਮੀ ਹੋ ਗਈ ਤਾਂ ਲੀਡਰੀ ਖੁੱਸ ਜਾਏਗੀ।

ਕੋਈ ਪ੍ਰਧਾਨ ਨੂੰ ਪੁੱਛੇ ਨੌਕਰੀ ਕੋਈ ਸੁਖਾਲੀ ਹੀ ਮਿਲ ਜਾਂਦੀ ਹੈ ? ਮਨਬੀਰ ਚੁੱਪ ਕਰ ਕੇ ਕਿਵੇਂ ਬੈਠ ਸਕਦਾ ਹੈ ?

ਜੇ ਸ਼ਹਿਰ ਵਾਲੇ ਹਿੰਦੂ ਸਿੱਖ ਦਾ ਸਵਾਲ ਬਣਾ ਲੈਣ, ਫੇਰ ਮਨਬੀਰ ਦਾ ਬਚਾਅ ਹੋ ਸਕਦਾ ਹੈ। ਜਥੇਦਾਰਾਂ ਨਾਲ ਮਨਬੀਰ ਦੀ ਪੂਰੀ ਯਾਰੀ ਹੈ। ਉਹ ਝੱਟ ਇਸ ਮਸਲੇ ਨੂੰ ਤੂਲ ਦੇ ਕੇ ਉਛਾਲ ਦੇਣਗੇ। ਹੱਥ ਮਜ਼ਬੂਤ ਕਰਨ ਲਈ ਮਨਬੀਰ ਨੇ ਆਪਣੇ ਖ਼ਾਸ-ਖ਼ਾਸ ਸਿਪਾਹੀ ਬੁਲਾਏ ਅਤੇ ਹਦਾਇਤਾਂ ਜਾਰੀ ਕੀਤੀਆਂ। ਕਿਸ-ਕਿਸ ਪਿੰਡ ਜਾਣਾ ਹੈ, ਕਿਹੜੇ-ਕਿਹੜੇ ਜਥੇਦਾਰ ਨੂੰ ਮਿਲਣਾ ਹੈ। ਕੀ-ਕੀ ਕਹਿਣਾ ਹੈ ? ਉਹ ਤਿਆਰੀ ਵਿਚ ਰਹਿਣ। ਛੋਟੇ-ਮੋਟੇ ਜਲੂਸ ਦੀ ਲੋੜ ਕਿਸੇ ਸਮੇਂ ਵੀ ਪੈ ਸਕਦੀ ਹੈ।

ਸੰਤਰੀ ਨੇ ਇਤਲਾਹ ਦਿੱਤੀ। ਅੱਧਾ ਬਜ਼ਾਰ ਬੰਦ ਹੋ ਗਿਆ ਹੈ। ਸੰਘ ਵਾਲੇ ਬਜ਼ਾਰ ਬੰਦ ਕਰਾਉਂਦੇ ਸਟੇਸ਼ਨ ਵੱਲੋਂ ਇਧਰ ਨੂੰ ਆ ਰਹੇ ਹਨ। ਕਈ ਟੋਲੀਆਂ ਬਣੀਆਂ ਹੋਈਆਂ ਹਨ। ਪੋਸਟਰ ਵੀ ਲੱਗ ਰਹੇ ਹਨ।

ਮਨਬੀਰ ਨੇ ਪ੍ਰਧਾਨ ਨੂੰ ਆਖ਼ਰੀ ਵਾਰ ਫ਼ੋਨ ਮਿਲਾਇਆ। ਪ੍ਰਧਾਨ ਨੂੰ ਬੇਨਤੀ ਕੀਤੀ, ਕਿਵੇਂ ਨਾ ਕਿਵੇਂ ਪੈਸੇ ਵਾਪਸ ਕਰ ਦੇਵੇ ਜਾਂ ਸਾਰੇ ਪੈਸੇ ਮਨਬੀਰ ਕੋਲ ਭੇਜ ਦੇਵੇ। ਉਹ ਵਾਪਸ ਕਰਨ ਦਾ ਆਪੇ ਪ੍ਰਬੰਧ ਕਰ ਲਏਗਾ।

ਪ੍ਰਧਾਨ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦਾ। ਇਸ ਵੇਲੇ ਪੈਸੇ ਵਾਪਸ ਕਰਨੇ ਬਲਦੀ 'ਤੇ ਤੇਲ ਪਾਉਣ ਦੇ ਬਰਾਬਰ ਹੋਏਗਾ। ਪ੍ਰਧਾਨ ਇਕੋ ਰਟ ਲਾਈ ਬੈਠਾ ਸੀ। ਮਨਬੀਰ ਪਰਵਾਹ ਨਾ ਕਰੇ, ਪ੍ਰਧਾਨ ਆਪੇ ਸੰਭਾਲ ਲਏਗਾ। ਸੰਭਾਲੇਗਾ ਕਦੋਂ ? ਉਦੋਂ ਜਦੋਂ ਮਨਬੀਰ ਮੁਅੱਤਲ ਹੋ ਗਿਆ।

"ਪ੍ਰਧਾਨ ਇਹ ਤੂੰ ਠੀਕ ਨਹੀਂ ਕਰ ਰਿਹਾ.....ਮੈਨੂੰ ਫਸਾ ਕੇ ਸਿੱਧੇ ਮੂੰਹ ਗੱਲ ਹੀ ਨਹੀਂ ਕਰਦਾ.....ਮੈਂ ਵੀ ਥਾਣੇਦਾਰ ਹਾਂ.....ਲੋੜ ਪੈਣ 'ਤੇ ਤੈਨੂੰ ਮੇਰੇ ਨਾਂ 'ਤੇ ਪੈਸੇ ਲੈਣ ਦੇ ਦੋਸ਼ ਵਿਚ ਗ੍ਰਿਫ਼ਤਾਰ ਵੀ ਕਰ ਸਕਦਾ ਹਾਂ.....।" ਮਨਬੀਰ ਆਪੇ ਤੋਂ ਬਾਹਰ ਹੋ ਕੇ ਜੋ ਮੂੰਹ ਆਇਆ ਬੋਲੀ ਗਿਆ।

"ਤੇਰੇ ਵਰਗੇ ਵੀਹ ਥਾਣੇਦਾਰ ਦੇਖੇ ਨੇ.....ਜੇ ਇਹੋ ਗੱਲ ਹੈ ਤਾਂ ਦੇਖ ਲਈਂ.....ਪਹਿਲਾਂ ਆਪਣੀ ਜਾਨ ਬਚਾ.....।" ਪ੍ਰਧਾਨ ਦੀ ਆਵਾਜ਼ ਵੀ ਉਨੀ ਹੀ ਕੁਰੱਖਤ ਸੀ।

ਨਾਅਰੇ ਉੱਚੀ ਹੁੰਦੇ ਜਾ ਰਹੇ ਸਨ। ਭੀੜ ਥਾਣੇ ਵੱਲ ਵਧਣ ਲੱਗੀ ਸੀ।

"ਮੁੰਡਿਓ, ਬੰਦੂਕਾਂ ਲੋਡ ਕਰੋ.....ਪੁਜ਼ੀਸ਼ਨਾਂ ਲੈ ਲਓ.....ਕੋਈ ਗੜਬੜ ਕਰੇ ਤਾਂ ਬਿਨਾਂ ਝਿਜਕ ਗੋਲੀ ਮਾਰ ਦਿਉ.....ਮੈਂ ਆਪੇ ਦੇਖ ਲਊਂ।"

ਮਨਬੀਰ ਨੇ ਆਪਣਾ ਰਿਵਾਲਵਰ ਵੀ ਲੋਡ ਕੀਤਾ। ਗੁੱਸੇ ਨਾਲ ਪਾਗ਼ਲ ਉਹ ਆਉਣ ਵਾਲੇ ਭੈੜੇ ਸਮੇਂ ਦਾ ਇੰਤਜ਼ਾਰ ਕਰਨ ਲੱਗਾ।

★

# 6

ਡਿਪਟੀ ਮਨਬੀਰ ਦੀ ਡਟ ਕੇ ਹਮਾਇਤ ਕਰ ਰਿਹਾ ਸੀ। ਛੇ ਥਾਣਿਆਂ ਵਿਚ ਉਹ ਇਕੱਲਾ ਹੀ ਥਾਣੇਦਾਰ ਸੀ, ਜਿਹੜਾ ਸਵੇਰੇ ਸ਼ਾਮ ਕੋਠੀ ਆ ਕੇ ਡਿਪਟੀ ਨੂੰ ਸਲੂਟ ਮਾਰਦਾ ਸੀ ਅਤੇ ਹੁਕਮ ਹਕਾਮ ਪੁੱਛਦਾ ਸੀ। ਅੱਗੇ-ਪਿੱਛੇ ਵੀ ਡਿਪਟੀ ਦੇ ਖ਼ਿਲਾਫ਼ ਨਹੀਂ ਸੀ ਬੋਲਦਾ, ਨਹੀਂ ਤਾਂ ਸਿਪਾਹੀ ਤੋਂ ਲੈ ਕੇ ਇੰਸਪੈਕਟਰ ਤਕ ਡਿਪਟੀ ਦੇ ਸਾਹਮਣੇ ਤਾਂ ਥਰ-ਥਰ ਕੰਬਦੇ ਸਨ ਪਰ ਪਿੱਠ ਪਿੱਛੇ ਧੀ-ਭੈਣ ਇਕ ਕਰ ਦਿੰਦੇ। ਮਨਬੀਰ ਡਿਪਟੀ ਤੋਂ ਕੁਝ ਵੀ ਲੁਕੋ ਕੇ ਨਹੀਂ ਸੀ ਰੱਖਦਾ। ਸਾਰੀ ਕਹਾਣੀ ਡਿਪਟੀ ਨੂੰ ਸੁਣਾ ਜਾਂਦਾ। ਕਿਥੋਂ ਕਿੰਨੀ ਫ਼ੀਸ ਲਈ ਹੈ, ਸਭ ਸਾਫ਼-ਸਾਫ਼ ਦੱਸ ਦਿੰਦਾ।

ਡਿਪਟੀ ਇਸ ਲਈ ਵੀ ਮਨਬੀਰ ਦੀ ਮਦਦ ਕਰ ਰਿਹਾ ਸੀ, ਕਿਉਂਕਿ ਉਹ ਇਕ ਦਲੇਰ ਥਾਣੇਦਾਰ ਸੀ। ਉਹ ਥਾਣੇਦਾਰ ਹੀ ਕਾਹਦਾ ਜਿਸ ਦੇ ਖ਼ਿਲਾਫ਼ ਰੌਲੇ-ਰੱਪੇ ਨਾ ਪੈਣ, ਜਲਸੇ ਅਤੇ ਹੜਤਾਲਾਂ ਨਾ ਹੋਣ। ਕੰਮ ਕਰਨ ਵਾਲੇ ਅਫ਼ਸਰ ਦੀ ਇਹੋ ਪਛਾਣ ਹੈ। ਜਿਸ ਪੁਲਿਸ ਅਫ਼ਸਰ ਨੇ ਚੂਹੇ ਵਾਂਗ ਖੁੱਡ ਵਿਚ ਹੀ ਵੜੇ ਰਹਿਣਾ ਹੈ, ਉਸ ਦੇ ਖ਼ਿਲਾਫ਼ ਕਿਸੇ ਨੇ ਕੀ ਗਿਲਾ ਕਰਨਾ ਹੈ। ਉਸ ਨੂੰ ਡਿਪਟੀ ਬਣਿਆਂ ਭਾਵੇਂ ਦਸ ਸਾਲ ਹੋ ਗਏ ਪਰ ਥਾਣੇਦਾਰੀ ਵੇਲੇ ਦੀਆਂ ਪੜਤਾਲਾਂ ਹਾਲੇ ਤਕ ਚੱਲ ਰਹੀਆਂ ਹਨ।

ਜੇ ਲਾਲਾ ਜੀ ਨੂੰ ਹਰ ਤੀਜੇ ਦਿਨ ਧਮਕੀ-ਪੱਤਰ ਆ ਰਿਹਾ ਹੈ ਤਾਂ ਇਸ ਵਿਚ ਮਨਬੀਰ ਜਾਂ ਪੁਲਿਸ ਕੀ ਕਰੇ ? ਹਾਲਾਤ ਹੀ ਅਜਿਹੇ ਚੱਲ ਰਹੇ ਹਨ, ਹਰ ਕੋਈ ਡਰਿਆ ਹੋਇਆ ਹੈ। ਮੁਜਰਮ ਚਾਹੇ ਕਿਸੇ ਦੀ ਕੁੱਛੜ ਵਿਚ ਹੀ ਬੈਠਾ ਹੋਵੇ, ਮਜਾਲ ਹੈ ਡਰਦਾ ਇਸ਼ਾਰਾ ਵੀ ਕਰ ਸਕੇ। ਸ਼ਹਿਰ ਵਾਲਿਆਂ ਦੀ ਮੰਗ ਗ਼ਲਤ ਸੀ। ਤਫ਼ਤੀਸ਼ ਵਿਚ ਮਦਦ ਕਰਨ ਦੀ ਥਾਂ ਉਹ ਪੁਲਿਸ ਨੂੰ ਜਲਸੇ-ਜਲੂਸਾਂ ਵਿਚ ਉਲਝਾਈ ਬੈਠੇ ਸਨ

ਪੁਲਿਸ ਦਾ ਮਨੋਬਲ ਅੱਗੇ ਹੀ ਗਿਰਿਆ ਹੋਇਆ ਹੈ। ਮਨਬੀਰ ਵਰਗੇ ਪੁਲਿਸ ਅਫ਼ਸਰ ਦੇ ਖ਼ਿਲਾਫ਼ ਰਿਪੋਰਟ ਕਰਕੇ ਉਹ ਪੁਲਿਸ ਦੇ ਹੌਸਲੇ ਨੂੰ ਹੋਰ ਪਸਤ ਨਹੀਂ ਸੀ ਕਰਨਾ ਚਾਹੁੰਦਾ।

ਪਰ ਜਦੋਂ ਵੱਡੀਆਂ-ਵੱਡੀਆਂ ਸੁਰਖ਼ੀਆਂ ਵਿਚ ਅਖ਼ਬਾਰਾਂ 'ਤੇ ਪਹਿਲੇ ਪੰਨਿਆਂ 'ਤੇ ਮਨਬੀਰ ਦੇ ਕਾਰਨਾਮੇ ਛਪਣ ਲੱਗੇ ਤਾਂ ਡਿਪਟੀ ਦਾ ਮਨ ਖੱਟਾ ਹੋ ਗਿਆ। ਵਾਲ ਕੱਟੀ ਸਕੈਂਡਲ। ਚੋਰ ਸਕੈਂਡਲ ਅਤੇ ਦੀਵਾਲੀ ਸਕੈਂਡਲ। ਡਿਪਟੀ ਨੂੰ ਯਕੀਨ ਨਹੀਂ ਸੀ ਆ ਰਿਹਾ। ਜੇ ਮਨਬੀਰ ਨੇ ਸੱਚਮੁੱਚ ਇੰਨੇ ਪੈਸੇ ਕਮਾਏ ਹੁੰਦੇ ਤਾਂ ਕਦੇ ਨਾ ਕਦੇ ਕਿਸੇ ਨੇ ਡਿਪਟੀ ਕੋਲ ਜ਼ਰੂਰ ਗੱਲ ਕਰ ਦੇਣੀ ਸੀ। ਉਸ ਨੂੰ ਲੱਗ ਰਿਹਾ ਸੀ ਪੱਤਰਕਾਰ ਮਨਬੀਰ ਨੂੰ ਬਦਲਾਉਣ ਲਈ ਹੀ ਮਨਘੜਤ ਕਹਾਣੀਆਂ ਘੜ ਰਹੇ ਸਨ।

ਡਿਪਟੀ ਨੂੰ ਆਪਣੇ ਮੁਖ਼ਬਰਾਂ 'ਤੇ ਮਾਣ ਸੀ। ਉਹ ਇੰਨੇ ਮਾੜੇ ਨਹੀਂ ਕਿ ਸਾਲ ਭਰ ਤਕ ਸੇਠਾਂ ਦੀਆਂ ਕਾਲੀਆਂ ਕਰਤੂਤਾਂ ਦੀ ਸੂਹ ਨਾ ਕੱਢ ਸਕਣ। ਮੁਖ਼ਬਰ ਪੈਦਾ ਕਰਨ ਦੀ ਆਪਣੀ ਯੋਗਤਾ ਦੇ ਸਿਰ 'ਤੇ ਹੀ ਤਾਂ ਉਹ ਪੰਜਾਬ ਦੇ ਮੰਨੇ-ਪ੍ਰਮੰਨੇ ਡਿਪਟੀਆਂ ਵਿਚੋਂ ਗਿਣਿਆ ਜਾਂਦਾ ਸੀ।

ਸੀ.ਆਈ.ਡੀ. 'ਤੇ ਉਸ ਨੇ ਪਹਿਲੇ ਦਿਨੋਂ ਵਿਸ਼ਵਾਸ ਨਹੀਂ ਕੀਤਾ। ਵਧੀਆ ਇਤਲਾਹ ਤਾਂ ਪੈਸੇ ਲੈ ਕੇ ਆਪ ਹੀ ਖੁਰਦ-ਬੁਰਦ ਕਰ ਦਿੰਦੇ ਹਨ। ਸੁਣੀਆਂ-ਸੁਣਾਈਆਂ ਗੱਲਾਂ ਦੀ ਰਿਪੋਰਟ ਬਣਾ ਕੇ ਉਪਰ ਧੱਕ ਦਿੰਦੇ ਹਨ।

ਨਵੀਂ ਥਾਂ 'ਤੇ ਜਾ ਕੇ ਆਪਣੇ ਭਰੋਸੇਯੋਗ ਮੁਖ਼ਬਰਾਂ ਦੀ ਢਾਣੀ ਖੜੀ ਕਰਨੀ ਉਸ ਦਾ ਪਹਿਲਾ ਕੰਮ ਹੁੰਦਾ ਹੈ।

ਮੁਖ਼ਬਰ ਪੈਦਾ ਕਰਨ ਦੇ ਉਸ ਦੇ ਆਪਣੇ ਤਰੀਕੇ ਸਨ। ਤਜਰਬਾ ਦੱਸਦਾ ਸੀ ਕਿ ਅੱਧੇ ਲੋਕ ਤਾਂ ਪੁਲਿਸ ਦੀਆਂ ਵਗਾਰਾਂ ਤੋਂ ਡਰਦੇ ਹੀ ਥਾਣੇ ਵੱਲ ਮੂੰਹ ਨਹੀਂ ਕਰਦੇ। ਮੁਖ਼ਬਰ ਭਾਵੇਂ ਜਾਨ ਤਲੀ 'ਤੇ ਧਰ ਕੇ ਇਤਲਾਹ ਦੇਣ ਆਇਆ ਹੋਵੇ, ਥਾਣੇਦਾਰ ਗੱਲ ਸੁਣਨ ਤੋਂ ਪਹਿਲਾਂ ਹੀ ਲੱਸੀਆਂ, ਚਾਹਾਂ ਅਤੇ ਬਰਫ਼ੀਆਂ ਲਿਆਉਣ ਦਾ ਹੁਕਮ ਸੁਣਾ ਦਿੰਦੇ ਹਨ। ਕਈ ਦੂਜੀ ਪਾਰਟੀ ਤੋਂ ਪੈਸੇ ਲੈ ਕੇ ਮੁਖ਼ਬਰ ਦਾ ਨਾਂ ਦੱਸ ਦਿੰਦੇ ਹਨ। ਦੁਸ਼ਮਣੀ ਪਵਾ ਦਿੰਦੇ ਹਨ। ਫੇਰ ਕਿਸੇ ਦਾ ਸਿਰ ਭੰਵਿਆ ਹੈ ਅਗਲਾ ਥਾਣੇ ਆ ਕੇ ਲੋਕਾਂ ਨਾਲ ਵੈਰ ਪਾਵੇ, ਨਾਲੇ ਧੌਂੜੀ ਲੁਹਾਵੇ।

ਡਿਪਟੀ ਦਾ ਰਵੱਈਆ ਇਸ ਤੋਂ ਬਿਲਕੁਲ ਉਲਟ ਹੈ। ਫ਼ਰਿਆਦੀਆਂ ਲਈ ਕੁਰਸੀਆਂ ਅਤੇ ਬੈਂਚ ਹਾਜ਼ਰ ਹਨ। ਆਏ ਨੂੰ ਪਹਿਲਾਂ ਪਾਣੀ-ਧਾਣੀ ਮਿਲਦਾ ਹੈ, ਬਿੰਦ-ਝੱਟ ਉਡੀਕਣਾ ਪਏ ਤਾਂ ਚਾਹ ਅਤੇ ਬਿਸਕੁਟ ਵੀ ਮਿਲ ਸਕਦੇ ਹਨ। ਰੋਟੀ-ਟੁੱਕ ਦਾ ਟਾਇਮ ਹੋਵੇ ਤਾਂ ਲੰਗਰ ਵੀ ਤਿਆਰ ਮਿਲਦਾ ਹੈ। ਕਿਸੇ ਮੁਲਾਜ਼ਮ ਦੀ ਕੀ ਮਜਾਲ ਚਾਹ ਦਾ ਕੱਪ ਵੀ ਮੰਗਵਾ ਲਵੇ। ਹੋਰ ਡਿਪਟੀ ਉਸ ਨੂੰ ਮਖ਼ੌਲ ਕਰਦੇ ਹਨ। ਉਸ ਦੇ ਚਲਾਏ ਲੰਗਰ 'ਤੇ ਹੱਸਦੇ ਹਨ। ਉਹ ਉਹਨਾਂ ਮੂਰਖ ਡਿਪਟੀਆਂ 'ਤੇ ਹੱਸਦਾ ਹੈ। ਉਹਨਾਂ ਭਲੇਮਾਣਸਾਂ ਨੂੰ ਲੋਕਾਂ ਦੇ ਮਨੋਵਿਗਿਆਨ ਦੀ ਸੂਝ ਹੋਵੇ ਤਾਂ ਹੀ ਲੰਗਰ ਦੀ ਮਹਾਨਤਾ ਨੂੰ ਸਮਝਣ। ਇਹ ਖ਼ਰਚ ਕਿਹੜਾ ਤਨਖ਼ਾਹ ਵਿਚੋਂ ਹੁੰਦਾ ਹੈ। ਇਕ ਵਾਰ ਕੋਈ ਚਾਹ ਦੀ ਪਿਆਲੀ ਮੁਫ਼ਤ ਵਿਚ ਪੀ ਜਾਵੇ, ਅਗਲੀ ਵਾਰ ਆਉਂਦਾ ਹੋਇਆ ਢੋਲੀ ਦੁੱਧ ਦੀ ਚੱਕੀ ਲਿਆਉਂਦਾ ਹੈ। ਕੋਈ ਪ੍ਰਸ਼ਾਦਾ ਛਕ ਗਿਆ ਤਾਂ ਬੋਰੀ ਕਣਕ ਦੀ ਭੇਜ ਦਿੰਦੈ। ਬਚੇ ਰਾਸ਼ਨ ਨੂੰ ਵਰਤਣ ਲਈ ਸਗੋਂ ਡਿਪਟੀ ਨੂੰ ਕਈ ਵਾਰ ਅਖੰਡ ਪਾਠ ਰਖਾਉਣਾ ਪੈਂਦਾ ਹੈ। ਘਰ-ਘਰ ਸੱਦਾ ਘੱਲਿਆ ਜਾਂਦਾ ਹੈ। ਡਿਪਟੀ ਦਾ ਕਾਰਡ ਮਿਲਣ 'ਤੇ ਅਗਲਾ ਫੁੱਲ ਕੇ ਕੁੱਪਾ ਹੋ ਜਾਂਦਾ ਹੈ। ਅਗਲੀ ਵਾਰੀ ਹੱਗਿਆ-ਮੂਤਿਆ ਸਭ ਦੱਸ ਜਾਂਦੈ। ਕਿਹੜੇ ਸਮੱਗਲਰ ਨੇ ਕਿਸ ਦਿਨ ਕਿਥੋਂ ਡੋਡਿਆਂ ਦਾ ਟਰੱਕ ਲਿਆਉਣਾ ਹੈ, ਕਿਸ ਦੇ ਮੁੰਡੇ ਦਾ ਕਦੋਂ ਵਿਆਹ ਹੈ ਅਤੇ ਕਿਸ ਦਿਨ ਸ਼ਰਾਬ ਲਈ ਭੱਠੀ ਚੜ੍ਹਨੀ ਹੈ। ਕਿਸ ਹੌਲਦਾਰ ਨੇ ਕਿਸ ਬੈਤਲ ਦੇ ਘਰ ਰਾਤ ਕੱਟੀ। ਕਿਸ ਜ਼ਮੀਨ ਦਾ ਝਗੜਾ ਚੱਲ ਰਿਹਾ ਹੈ। ਕਿਹੜੀ ਪਾਰਟੀ ਲੜਾਈ ਦੀ ਤਿਆਰੀ ਕਰ ਰਹੀ ਹੈ।

ਆਪਣੇ ਮੁਖ਼ਬਰਾਂ ਦੇ ਜਾਲ ਦੇ ਸਹਾਰੇ ਉਹ ਅਫ਼ਸਰਾਂ ਵਿਚ ਤਾਂ ਮਕਬੂਲ ਸੀ ਹੀ, ਮਾਤਹਿਤਾਂ 'ਤੇ ਵੀ ਰੋਹਬ ਰੱਖਦਾ ਸੀ। ਕਿਸੇ ਨੇ ਥੋੜ੍ਹੀ ਜਿਹੀ ਵੀ ਹੁਕਮ-ਅਦੂਲੀ ਕੀਤੀ, ਉਸ ਨੇ ਝੱਟ ਮੀਟਿੰਗ ਵਿਚ ਬੇਇੱਜ਼ਤੀ ਕਰ ਦੇਣੀ। ਜਦੋਂ ਸਾਰਾ ਖਾਧਾ-ਪੀਤਾ ਗਿਣਵਾ ਦੇਣਾ ਤਾਂ ਅਗਲੇ ਨੇ ਆਪੇ ਪੈਰੀਂ ਪੈ ਕੇ ਖਹਿੜਾ ਛੁਡਾਉਣਾ। ਕੋਈ ਫੇਰ ਵੀ ਆਕੜਦਾ ਤਾਂ ਸ਼ਿਕਾਇਤ ਕਰਾ ਕੇ ਅਫ਼ਸਰਾਂ ਤੋਂ ਛੁੱਟੀ ਕਰਵਾ ਦਿੰਦਾ। ਅਫ਼ਸਰਾਂ ਨਾਲ ਬਣਾ ਕੇ ਰੱਖਣ ਦਾ ਇਹੋ ਫ਼ਾਇਦਾ ਹੈ।

ਉਸ ਨੂੰ ਦੁੱਖ ਹੋ ਰਿਹਾ ਸੀ ਮਨਬੀਰ ਦੇ ਕਾਰਨਾਮੇ ਉਸ ਦੇ ਮੁਖ਼ਬਰਾਂ ਤੋਂ ਕਿਵੇਂ ਛਿਪੇ ਰਹੇ ?

ਖ਼ਬਰਾਂ ਨੇ ਡਾਇਰੈਕਟਰ ਜਨਰਲ ਨੂੰ ਵੀ ਚੱਕਰ ਵਿਚ ਪਾਇਆ ਹੋਇਆ ਸੀ। ਆਏ ਦਿਨ ਉਹ ਭ੍ਰਿਸ਼ਟ ਕਰਮਚਾਰੀਆਂ ਨੂੰ ਨੌਕਰੀਉਂ ਕੱਢਣ ਦੇ ਬਿਆਨ ਦਾਗ਼ ਰਿਹਾ ਸੀ। ਹਰ ਪ੍ਰੈਸ ਕਾਨਫ਼ਰੰਸ ਵਿਚ ਪੱਤਰਕਾਰ ਉਸ ਤੋਂ ਮਨਬੀਰ ਬਾਰੇ ਸਵਾਲ ਪੁੱਛਦੇ ਸਨ। ਦੇਣ ਲਈ ਉਸ ਕੋਲ ਕੋਈ ਜਵਾਬ

ਨਹੀਂ ਸੀ ਹੁੰਦਾ। ਡੀ.ਜੀ. ਇਸ ਗੱਲੋਂ ਡਰਦਾ ਸੀ ਕਿ ਇਹ ਮੁੱਖ-ਮੰਤਰੀ ਦਾ ਹਲਕਾ ਸੀ। ਮੁੱਖ-ਮੰਤਰੀ ਪਤਾ ਨਹੀਂ ਕਿਉਂ ਖ਼ਾਮੋਸ਼ ਸੀ। ਕਈ ਦਿਨਾਂ ਤੋਂ ਸ਼ਹਿਰ ਵਿਚ ਹੜਤਾਲ ਚੱਲ ਰਹੀ ਸੀ। ਕੁਝ ਨੇਤਾ ਗ੍ਰਿਫ਼ਤਾਰ ਵੀ ਹੋ ਚੁੱਕੇ ਸਨ। ਇਕ-ਦੋ ਵਾਰ ਲਾਠੀਚਾਰਜ ਵੀ ਹੋ ਚੁੱਕਾ ਸੀ। ਥਾਣੇਦਾਰ ਦੇ ਖ਼ਿਲਾਫ਼ ਲੱਗੇ ਦੋਸ਼ਾਂ ਦੀ ਪੜਤਾਲ ਸ਼ੁਰੂ ਨਹੀਂ ਸੀ ਹੋ ਰਹੀ। ਬਦਲੀ ਦੀ ਛੋਟੀ ਜਿਹੀ ਮੰਗ ਨੂੰ ਵੀ ਮਹਿਕਮਾ ਨਹੀਂ ਸੀ ਮੰਨ ਰਿਹਾ। ਜੇ ਮਨਬੀਰ ਸੱਚਾ-ਸੁੱਚਾ ਹੈ ਤਾਂ ਮਹਿਕਮੇ ਨੂੰ ਪੜਤਾਲ ਕਰਾ ਲੈਣੀ ਚਾਹੀਦੀ ਹੈ। ਡੀ.ਜੀ. ਡਿਪਟੀ ਤੋਂ ਰਿਪੋਰਟ ਮੰਗ ਰਿਹਾ ਸੀ। ਉਸ ਰਿਪੋਰਟ ਦੇ ਆਧਾਰ 'ਤੇ ਉਹ ਮਨਬੀਰ ਦੇ ਖ਼ਿਲਾਫ਼ ਕਾਰਵਾਈ ਕਰਨਾ ਚਾਹੁੰਦਾ ਸੀ।

ਪੱਤਰਕਾਰਾਂ ਦੀਆਂ ਰਿਪੋਰਟਾਂ 'ਤੇ ਤਾਂ ਡਿਪਟੀ ਨੂੰ ਯਕੀਨ ਨਹੀਂ ਸੀ ਆ ਰਿਹਾ, ਪਰ ਜਦੋਂ ਮਨਬੀਰ ਖ਼ੁਦ ਹੀ ਗ਼ਲਤੀ ਮੰਨ ਗਿਆ ਅਤੇ ਮਦਦ ਲਈ ਡਿਪਟੀ ਦੇ ਹਾੜੇ ਕੱਢਣ ਲੱਗਾ ਤਾਂ ਸ਼ੱਕ ਦੀ ਕੋਈ ਗੁੰਜਾਇਸ਼ ਨਾ ਰਹੀ।

ਮਨ ਤਾਂ ਕਰਦਾ ਸੀ ਮਨਬੀਰ ਨੂੰ ਅਜਿਹਾ ਸਬਕ ਸਿਖਾਵੇ ਕਿ ਉਹ ਅਫ਼ਸਰਾਂ ਨਾਲ ਹੇਰਾ-ਫੇਰੀ ਕਰਨ ਦੀ ਜੁਰਅਤ ਨਾ ਕਰੇ ਪਰ ਮਨਬੀਰ ਦੇ ਮੁੱਖ ਮੰਤਰੀ ਨਾਲ ਸੰਬੰਧਾਂ ਨੂੰ ਧਿਆਨ ਵਿਚ ਰੱਖਦਿਆਂ ਉਸ ਨੇ ਆਪਣੀ ਕਲਮ ਦਾ ਵਾਰ ਮੱਠਾ ਹੀ ਰੱਖਿਆ। ਕੋਈ ਪਤਾ ਨਹੀਂ ਮਨਬੀਰ ਮੰਤਰੀ ਤੋਂ ਫ਼ੋਨ ਕਰਾ ਕੇ ਮਸਲਾ ਠੱਪ ਹੀ ਕਰਵਾ ਦੇਵੇ। ਉਹੋ ਕੁਝ ਲਿਖਿਆ ਜਾਵੇ ਜਿਹੜਾ ਸਭ ਨੂੰ ਪਰਵਾਨ ਹੋਵੇ।

ਡਿਪਟੀ ਨੇ ਮਨਬੀਰ ਦੀ ਬਦਲੀ ਦੀ ਸਿਫ਼ਾਰਸ਼ ਹੀ ਕੀਤੀ। ਉਹ ਵੀ ਦੂਸਰੇ ਕਿਸੇ ਥਾਣੇ ਵਿਚ। ਉਸ ਦੀ ਦਲੇਰੀ 'ਤੇ ਤਾਂ ਕਿਸੇ ਨੂੰ ਸ਼ੱਕ ਨਹੀਂ। ਇਹੋ ਜਿਹੀ ਗੁੰਝਲਦਾਰ ਤਫ਼ਤੀਸ਼ ਲਈ ਡਿਪਟੀ ਨੂੰ ਉਸ ਵਰਗੇ ਥਾਣੇਦਾਰਾਂ ਦੀ ਹੀ ਲੋੜ ਸੀ।

ਡਿਪਟੀ ਦੀ ਅੱਧੀ ਸਿਫ਼ਾਰਸ਼ ਮੰਨੀ ਗਈ। ਮਨਬੀਰ ਦੀ ਬਦਲੀ ਤਾਂ ਹੋਈ ਪਰ ਪੁਲਿਸ ਲਾਈਨ ਦੀ। ਹੋਰ ਕਾਰਵਾਈ ਤੋਂ ਉਹ ਬਚ ਗਿਆ।

ਮਨਬੀਰ ਦੇ ਸਕੈਂਡਲਾਂ ਨੇ ਡਿਪਟੀ ਨੌਨਿਹਾਲ ਸਿੰਘ ਨੂੰ ਫ਼ਿਕਰਾਂ ਵਿਚ ਪਾ ਦਿੱਤਾ। ਉਸ ਨੂੰ ਇਹ ਗੱਲ ਹਜ਼ਮ ਕਰਨੀ ਔਖੀ ਸੀ ਕਿ ਮਨਬੀਰ ਉਸ ਨਾਲੋਂ ਵੀ ਦੋ ਕਦਮ ਅੱਗੇ ਲੰਘ ਗਿਆ ਸੀ। ਪੰਝੀ ਸਾਲਾਂ ਦੀ ਨੌਕਰੀ ਵਿਚ ਇਹ ਪਹਿਲੀ ਵਾਰ ਸੀ ਕਿ ਉਸ ਦੇ ਹਲਕੇ ਵਿਚ ਹੋਏ ਜੁਰਮਾਂ ਬਾਰੇ ਉਸ ਨੂੰ ਪਤਾ ਨਹੀਂ ਸੀ ਲੱਗਾ। ਨਹੀਂ ਤਾਂ ਹਲਕੇ ਵਿਚ ਪੱਤਾ ਪਿੱਛੋਂ ਹਿੱਲਦਾ ਸੀ, ਉਸ ਦੀ ਇਤਲਾਹ ਡਿਪਟੀ ਨੂੰ ਪਹਿਲਾਂ ਮਿਲ ਜਾਂਦੀ ਸੀ।

ਉਹਦੇ ਮੁਖ਼ਬਰਾਂ ਨੂੰ ਪਤਾ ਨਹੀਂ ਕੀ ਸੱਪ ਸੁੰਘ ਗਿਆ ? ਉਹ ਬੰਟੀ ਦੇ ਕੇਸ ਵਿਚ ਵੀ ਚੁੱਪ ਧਾਰੀ ਬੈਠੇ ਸਨ। ਹਫ਼ਤੇ ਤੋਂ ਹੀ ਡਿਪਟੀ ਅੰਦਰਖਾਤੇ ਇਸ ਕੋਸ਼ਿਸ਼ ਵਿਚ ਸੀ ਕਿ ਕਿਵੇਂ ਨਾ ਕਿਵੇਂ ਬੰਟੀ ਦਾ ਪਤਾ ਲੱਗ ਜਾਏ। ਓਹ ਆਪਣੀਆਂ ਵੱਡੀਆਂ-ਵੱਡੀਆਂ ਸਾਜ਼ਿਸ਼ਾਂ ਨੰਗੀਆਂ ਕਰਨ ਦੀ ਪਈ ਪੈਂਠ ਨੂੰ ਕਾਇਮ ਰੱਖਣਾ ਚਾਹੁੰਦਾ ਸੀ। ਪਰ ਇਸ ਉਲਝੀ ਤਾਣੀ ਦੀ ਇਕ ਵੀ ਤੰਦ ਉਸ ਦੇ ਹੱਥ ਨਹੀਂ ਸੀ ਆ ਰਹੀ।

ਹਫ਼ਤਾ ਬੀਤ ਜਾਣ 'ਤੇ ਵੀ ਤਫ਼ਤੀਸ਼ ਦਾ ਮੂੰਹ-ਮੱਥਾ ਨਹੀਂ ਸੀ ਬਣ ਸਕਿਆ। ਅਖ਼ਬਾਰਾਂ ਵਿਚ ਛਪਦੀਆਂ ਖ਼ਬਰਾਂ ਨੇ ਇਸ ਨੂੰ ਹੋਰ ਹੀ ਗੰਭੀਰ ਬਣਾ ਦਿੱਤਾ। ਮੁੱਖ ਮੰਤਰੀ ਕਿਸੇ ਵੀ ਸਮੇਂ ਰਿਪੋਰਟ ਮੰਗ ਸਕਦਾ ਸੀ। ਇਸ ਲਈ ਡਿਪਟੀ ਨੂੰ ਹੁਕਮ ਹੋਇਆ ਸੀ ਤਫ਼ਤੀਸ਼ ਉਹ ਆਪ ਕਰੇ। ਸਮੇਂ ਸਿਰ ਡੀ.ਜੀ. ਨੂੰ ਇਸ ਕੇਸ ਦੀ ਇਤਲਾਹ ਦਿੰਦਾ ਰਹੇ। ਡੀ.ਜੀ. ਨਹੀਂ ਸੀ ਚਾਹੁੰਦਾ ਕਿ ਉਹ ਲੋੜ ਪੈਣ 'ਤੇ ਮੁੱਖ ਮੰਤਰੀ ਅੱਗੇ ਘੁੱਗੂਆਂ ਵਾਂਗ ਖੜੋ ਜਾਵੇ। ਤਫ਼ਤੀਸ਼ ਦੇ ਸਾਰੇ ਤੱਥ ਉਹ 'ਟਿਪਸ' 'ਤੇ ਰੱਖਣਾ ਚਾਹੁੰਦਾ ਸੀ।

ਤਫ਼ਤੀਸ਼ ਹੱਥ ਵਿਚ ਲੈ ਕੇ ਡਿਪਟੀ ਨਿਰਾਸ਼ ਵੀ ਸੀ ਅਤੇ ਖ਼ੁਸ਼ ਵੀ। ਨਿਰਾਸ਼ ਇਸ ਲਈ ਕਿ ਬੰਟੀ ਦੇ ਲੱਭਣ ਦੇ ਆਸਾਰ ਨਜ਼ਰ ਨਹੀਂ ਸੀ ਆ ਰਹੇ। ਖ਼ੁਸ਼ ਇਸ ਲਈ ਕਿ 'ਬਲਾਈਂਡ' ਕੇਸ ਵਿਚ ਮਨਮਰਜ਼ੀ ਕਰਨ ਦੀ ਖੁੱਲ੍ਹ ਸੀ। ਜੋ ਮਰਜ਼ੀ ਕਰੇ, ਅਜਿਹੇ ਨਾਜ਼ਕ ਮਸਲੇ ਵਿਚ ਤਾਂ ਜੇ ਮੁੱਖ ਮੰਤਰੀ ਦੇ ਕਿਸੇ ਖ਼ਾਸ ਬੰਦੇ ਦੀ ਵੀ ਝਾੜ-ਝੰਬ ਹੋ ਜਾਵੇ ਤਾਂ ਕੋਈ ਬੁਰਾ ਨਹੀਂ ਮਨਾਉਂਦਾ।

ਤਫ਼ਤੀਸ਼ ਹੱਥ ਵਿਚ ਲੈਂਦਿਆਂ ਹੀ ਡਿਪਟੀ ਨੇ ਪਹਿਲਾਂ ਉਹਨਾਂ ਬੰਦਿਆਂ ਦੀ ਲਿਸਟ ਬਣਾਈ, ਜਿਹੜੇ ਉਸ ਨੂੰ ਟਿੱਚ ਸਮਝਦੇ ਸਨ ਅਤੇ ਜਿਨ੍ਹਾਂ ਨੂੰ ਉਸ ਨੇ ਪਹਿਲੀ ਰਾਤ ਹੀ ਚੁੱਕਣਾ ਸੀ।

ਸਭ ਤੋਂ ਜ਼ਿਆਦਾ ਗੁੱਸਾ ਉਸ ਨੂੰ ਖੁੱਡੀ ਵਾਲੇ ਨੰਬਰਦਾਰ 'ਤੇ ਸੀ। ਉਹ ਆਪਣੇ ਆਪ ਨੂੰ ਹਾਜੀ ਮਸਤਾਨ ਹੀ ਸਮਝਦਾ ਸੀ। ਨਾ ਉਸ ਨੇ ਡੋਡੇ ਵੇਚਣੇ ਛੱਡੇ, ਨਾ ਡਿਪਟੀ ਨਾਲ ਸੰਧੀ ਕੀਤੀ। ਜਿਥੇ-ਜਿਥੇ ਵੀ ਡਿਪਟੀ ਰਿਹਾ, ਡੋਡਿਆਂ ਦਾ ਧੰਦਾ ਉਹ ਆਪਣੀ ਮਰਜ਼ੀ ਨਾਲ ਚਲਾਉਂਦਾ ਰਿਹਾ। ਛੋਟੇ ਸਮੱਗਲਰਾਂ ਨੂੰ ਭਜਾ ਦਿੰਦਾ, ਵੱਡਿਆਂ ਨਾਲ ਹੱਥ ਮਿਲਾਉਂਦਾ। ਬਾਹਰੋਂ ਮਾਲ ਲਿਆਉਣਾ ਸਮੱਗਲਰਾਂ ਦਾ ਕੰਮ ਸੀ। ਵੇਚਣਾ ਡਿਪਟੀ ਦਾ। ਸਭ ਦੀ ਆਮਦਨ ਵਿਚ ਵਾਧਾ ਹੁੰਦਾ। ਇਕ ਤਾਂ ਮਾਲ ਲੈਣ ਲਈ ਗੱਡੀ ਨੂੰ ਬਹੁਤੀ ਵਗਾਰ ਨਹੀਂ ਸੀ ਦੇਣੀ ਪੈਂਦੀ। ਉਸ ਨਾਲ ਦੋ ਸਿਪਾਹੀ ਭੇਜ ਦਿੰਦਾ ਸੀ। ਗੱਡੀ ਆਰਾਮ ਨਾਲ ਨਾਕੇ ਲੰਘਦੀ ਆਉਂਦੀ। ਦੂਜਾ ਇਲਾਕੇ ਵਿਚ ਮਨਮਰਜ਼ੀ ਦਾ ਰੇਟ ਲੈਂਦੇ। ਕਿਸੇ ਹੋਰ ਦੀ ਮਜਾਲ ਨਹੀਂ ਸੀ ਕਿ ਇਕ ਤੋਲਾ ਵੀ ਮਾਲ ਵੇਚ ਜਾਵੇ। ਕਿਸੇ ਅਮਲੀ ਦੀ ਵੀ ਮਜਾਲ ਨਹੀਂ ਕਿ ਮਾਲ ਕਿਧਰੋਂ ਹੋਰ ਖ਼ਰੀਦ ਲਿਆਵੇ। ਜਿਸ ਨੇ ਵੀ ਗੁਸਤਾਖ਼ੀ ਕੀਤੀ, ਉਸੇ 'ਤੇ ਡਿਪਟੀ ਮੁਕੱਦਮਾ ਮੜ੍ਹ ਦਿੰਦਾ। ਨਾਲੇ ਪੁਲਿਸ ਨੂੰ ਵੀ ਮਹੀਨਾ ਦੇਣ ਦੀ ਜ਼ਰੂਰਤ ਨਹੀਂ। ਛੋਟੇ ਮੁਲਾਜ਼ਮ ਹੀ ਮਾਣ ਨਹੀਂ ਹੁੰਦੇ।

ਨੰਬਰਦਾਰ ਲੀਹ 'ਤੇ ਨਹੀਂ ਸੀ ਆਇਆ। ਇਕ-ਦੋ ਵਾਰ ਉਸ ਦੇ ਬੰਦੇ ਫੜੇ ਤਾਂ ਅਫ਼ਸਰਾਂ ਤੋਂ ਝਾੜਾਂ ਪਵਾ ਦਿੱਤੀਆਂ। ਉਸ ਬੇਇੱਜ਼ਤੀ ਦਾ ਬਦਲਾ ਲੈਣ ਦਾ ਇਹ ਵਧੀਆ ਮੌਕਾ ਸੀ।

ਪੈਸਿਆਂ ਦੀ ਕਮੀ ਕਰ ਕੇ ਡਿਪਟੀ ਦਾ ਜ਼ਮੀਨ ਦਾ ਸੌਦਾ ਵਿਚੇ ਪਿਆ ਸੀ। ਪਿੰਡ ਦੀ ਨਿਆਈਂ ਵਾਲੀ ਜ਼ਮੀਨ ਦੇ ਨਾਲ ਲੱਗਦੀ ਝੋਟੇ ਦੇ ਸਿਰ ਵਰਗੀ ਪੰਞੀ ਕਿੱਲੇ ਜ਼ਮੀਨ ਹੱਥੋਂ ਖੁੱਸਦੀ ਨਜ਼ਰ ਆ ਰਹੀ ਸੀ। ਵੈਸੇ ਤਾਂ ਉਸ ਕੋਲ ਜ਼ਮੀਨ ਬਥੇਰੀ ਸੀ, 'ਸਰਪਲਸ' ਹੋਣ ਦੇ ਡਰੋਂ ਧੀਆਂ-ਪੁੱਤਾਂ ਦੇ ਨਾਂ ਤਾਂ ਕਰਾਉਣੀ ਹੀ ਸੀ। ਪਤਨੀ ਨੂੰ ਵੀ ਤਲਾਕ ਦੇ ਰੱਖਿਆ ਸੀ, ਫੇਰ ਵੀ ਨਾਲ ਦੀ ਜ਼ਮੀਨ ਦਾ ਮੋਹ ਉਸ ਤੋਂ ਛੱਡਿਆ ਨਹੀਂ ਸੀ ਜਾ ਰਿਹਾ। ਪੈਸੇ ਬੈਂਕ ਵਿਚ ਬਥੇਰੇ ਸਨ, ਡਿਪਟੀ ਹੋ ਕੇ ਬੈਂਕ ਵਿਚੋਂ ਪੈਸੇ ਕਢਾ ਕੇ ਜ਼ਮੀਨ ਖ਼ਰੀਦੀ ਤਾਂ ਕੀ ਖ਼ਰੀਦੀ। ਉਹ ਬਾਹਰੋ-ਬਾਹਰੋਂ ਹੀ ਸਾਰਨਾ ਚਾਹੁੰਦਾ ਸੀ। ਇਕ ਫੂਡ ਸਪਲਾਈ ਅਫ਼ਸਰ ਵੀ ਉਸ ਜ਼ਮੀਨ 'ਤੇ ਨਜ਼ਰ ਟਿਕਾਈ ਬੈਠਾ ਸੀ। ਦਸ ਹਜ਼ਾਰ ਕਿੱਲੇ ਪਿੱਛੇ ਤਾਂ ਹੁਣੇ ਭਾਅ ਵਧਿਆ ਪਿਆ ਸੀ। ਨੰਬਰਦਾਰ ਅੜੀ ਨਾ ਕਰਦਾ ਤਾਂ ਸੌਦਾ ਕਦੋਂ ਦਾ ਸਿਰੇ ਚੜ੍ਹ ਗਿਆ ਹੁੰਦਾ।

ਨੰਬਰਦਾਰ ਨੂੰ ਉਹ ਪਿੰਡ ਵਿਚ ਹੀ ਕੁਟਾਪਾ ਚਾੜ੍ਹੇਗਾ। ਸਾਰਾ ਮਾਲ ਫੜ ਕੇ ਲੱਖਾਂ ਦਾ ਨੁਕਸਾਨ ਕਰੇਗਾ। ਫ਼ੋਟੋਆਂ ਖਿਚਵਾ ਕੇ ਅਖ਼ਬਾਰਾਂ ਵਿਚ ਛਪਵਾਏਗਾ।

ਦੂਜਾ ਨੰਬਰ ਸ਼ਰਾਬ ਦੇ ਠੇਕੇਦਾਰ ਮੇਜਰ ਦਾ ਸੀ। ਉਸ ਦੀ ਨਿਗਾਹ ਵੀ ਉੱਚੀ ਹੈ। ਧਰਤੀ 'ਤੇ ਪੱਬ ਨਹੀਂ ਲੱਗਦਾ। ਬਹਾਨਾ ਵਧੀਆ ਹੈ। ਐਕਸਾਈਜ਼ ਮਨਿਸਟਰ ਉਹਦਾ ਰਿਸ਼ਤੇਦਾਰ ਹੈ। ਬਾਰਾਂ ਠੇਕੇਦਾਰਾਂ ਨੇ ਰਲ ਕੇ ਸਾਰੀ ਸਬ-ਡਵੀਜ਼ਨ ਦੇ ਠੇਕੇ ਹੀ ਲੈ ਲਏ ਹਨ। ਮਨਮਰਜ਼ੀ ਦੀ ਬੋਲੀ ਦਿੰਦੇ ਹਨ। ਮਹਿਕਮੇ ਨਾਲ ਮਿਲ ਕੇ ਕਈ ਪਿੰਡਾਂ ਵਿਚ ਵੈਸੇ ਹੀ ਸ਼ਰਾਬ ਧਰ ਲੈਂਦੇ ਹਨ। ਮਰਜ਼ੀ ਦਾ ਭਾਅ ਲੈਂਦੇ ਹਨ। ਜਿਹੜੀ ਬੋਤਲ ਪਟਿਆਲੇ ਪੰਤਾਲੀ ਦੀ ਵਿਕਦੀ ਹੈ, ਉਹੋ ਇਥੇ ਪੈਂਹਠਾਂ

ਦੀ ਵਿਕਦੀ ਹੈ। ਸਿੱਧਾ ਵੀਹ ਦਾ ਮੁਨਾਫ਼ਾ। ਹੋਰ ਠੱਗੀਆਂ ਅਲੱਗ। ਡਿਪਟੀ ਤਾਂ ਜੰਮਿਆ ਹੀ ਠੇਕੇਦਾਰਾਂ ਦੇ ਘਰ ਹੈ। ਇਸ ਲਈ ਸਾਰੇ ਭੇਤ ਜਾਣਦਾ ਹੈ। ਨੋਟ ਹੀ ਨੋਟ ਹਨ ਇਸ ਕੰਮ ਵਿਚ।

ਸ਼ਰਾਬ ਦੇ ਠੇਕਿਆਂ ਵਿਚ ਥੋੜ੍ਹਾ ਬਹੁਤਾ ਹਿੱਸਾ ਪਾਉਣਾ ਉਸ ਦੀ ਆਦਤ ਸੀ। ਬਹੁਤਾ ਨਹੀਂ ਤਾਂ ਡੂਨ ਸਕੂਲ ਵਿਚ ਪੜ੍ਹਦੇ ਬੱਚਿਆਂ ਦਾ ਖ਼ਰਚਾ ਬਾਹਰੋ-ਬਾਹਰ ਨਿਕਲ ਜਾਂਦਾ। ਇਸ ਨਾਲ ਠੇਕੇਦਾਰਾਂ ਨੂੰ ਵੀ ਮੌਜਾਂ, ਉਸ ਨੂੰ ਵੀ ਫ਼ਾਇਦਾ। ਉਂਝ ਤਾਂ ਸਿਪਾਹੀਆਂ ਦੀਆਂ ਵਗਾਰਾਂ ਵੀ ਮਾਨ ਨਹੀਂ। ਦਿਨ ਢਲਦਿਆਂ ਹੀ ਬੋਤਲ ਮੰਗਣ ਆ ਜਾਂਦੇ ਹਨ। ਹੌਲਦਾਰਾਂ, ਥਾਣੇਦਾਰਾਂ ਦਾ ਮਹੀਨਾ ਅਲੱਗ ਅਤੇ ਵਗਾਰ ਅਲੱਗ। ਡਿਪਟੀ ਦਾ ਹਿੱਸਾ ਹੋਵੇ ਤਾਂ ਪੁਲਿਸ ਦੇ ਕਿਸੇ ਮੁਲਾਜ਼ਮ ਦੀ ਮਜਾਲ ਨਹੀਂ, ਠੇਕੇ ਅੱਗੋਂ ਵੀ ਲੰਘ ਜਾਵੇ। ਇਹੋ ਨਫ਼ਾ ਬਥੇਰਾ ਹੈ ਠੇਕੇਦਾਰਾਂ ਨੂੰ। ਡਿਪਟੀ ਹਿੱਸੇਦਾਰ ਹੋਵੇ ਤਾਂ ਬੋਲੀ ਵੀ ਅੱਧੇ ਭਾਅ। ਬੋਲੀ ਵਾਲੇ ਦਿਨ ਡਿਪਟੀ ਆਪ ਜੀਪ ਬਦਮਾਸ਼ਾਂ ਦੀ ਭਰ ਕੇ ਲਿਜਾਂਦੈ। ਇਕ ਵਾਰ ਕਿਸੇ ਨੇ ਉਹਨਾਂ ਤੋਂ ਉਪਰ ਦੀ ਬੋਲੀ ਦੇਣ ਦੀ ਕੋਸ਼ਿਸ਼ ਕੀਤੀ ਸੀ। ਡਿਪਟੀ ਦੇ ਬੰਦਿਆਂ ਨੇ ਉਹਨਾਂ ਦੇ ਸਿਰ ਪਾੜ ਦਿੱਤੇ।

ਮੇਜਰ ਉਂਗਲ ਨਹੀਂ ਸੀ ਫੜਾ ਰਿਹਾ। ਆਖਦਾ ਹੈ ਮਹੀਨਾ ਭਾਵੇਂ ਦੁਗਣਾ ਕਰ ਲਓ ਪਰ ਹਿਸਾਬ-ਕਿਤਾਬ ਦੀਆਂ ਕਿਤਾਬਾਂ ਨਹੀਂ ਦਿਖਾਉਣੀਆਂ। ਵਜ਼ੀਰਾਂ ਦਾ ਵਿਚ ਹਿੱਸਾ ਹੈ। ਉਹਨਾਂ ਦੀ ਬਦਨਾਮੀ ਹੋ ਸਕਦੀ ਹੈ। ਮਹੀਨੇ 'ਚ ਇਕ-ਦੋ ਗੇੜੇ ਵਜ਼ੀਰ ਮਾਰਦਾ ਵੀ ਹੈ। ਠੇਕੇਦਾਰਾਂ ਦਾ ਖ਼ਿਆਲ ਰੱਖਣ ਲਈ ਅਫ਼ਸਰਾਂ ਨੂੰ ਇਸ਼ਾਰਾ ਵੀ ਕਰਦਾ ਹੈ।

ਹਿੱਸਾ ਤਾਂ ਕੀ ਰੱਖਣਾ ਸੀ, ਮਹੀਨਾ ਵੀ ਪੂਰਾ ਨਹੀਂ ਸੀ ਦਿੰਦੇ। ਸਿਪਾਹੀਆਂ, ਹੌਲਦਾਰਾਂ ਨੂੰ ਤਾਂ ਥੜ੍ਹੇ 'ਤੇ ਨਹੀਂ ਚੜ੍ਹਨ ਦਿੰਦੇ। ਡਿਪਟੀ ਨੂੰ ਲਾਗੀਆਂ ਵਾਂਗ ਇੰਨੇ ਕੁ ਪੈਸੇ ਫੜਾ ਜਾਂਦੇ ਹਨ ਕਿ ਇਕ ਬੱਚੇ ਦਾ ਖ਼ਰਚਾ ਵੀ ਨਹੀਂ ਨਿਕਲਦਾ। ਉਹਦੇ ਤਾਂ ਤਿੰਨ ਬੱਚੇ ਪੜ੍ਹਦੇ ਹਨ। ਇਥੇ ਆ ਕੇ ਉਸ ਨੂੰ ਮਹਿਸੂਸ ਹੋਣ ਲੱਗਾ ਸੀ ਕਿ ਬੱਚੇ ਫ਼ਜ਼ੂਲਖ਼ਰਚੀ ਕਰਨ ਲੱਗੇ ਹਨ।

ਕਿਸੇ ਨਾ ਕਿਸੇ ਗੇੜ ਵਿਚ ਲਿਆ ਕੇ ਮੇਜਰ ਨੂੰ ਵੀ ਅੰਦਰ ਕਰਨਾ ਹੀ ਹੈ। ਉਹੋ ਜੱਟ ਅੜੀਅਲ ਹੈ, ਬਾਕੀ ਤਾਂ ਸਭ ਸੇਠ ਨੇ। ਪਹਿਲੇ ਦਬਕੇ ਹੀ ਮੰਨ ਜਾਣਗੇ।

ਤੀਜਾ ਨਿਸ਼ਾਨਾ ਪੱਬੀ ਬਦਮਾਸ਼ ਸੀ। ਉਸ ਨੇ ਵੀ ਬਥੇਰੀਆਂ ਮਨ-ਮਾਨੀਆਂ ਕਰ ਲਈਆਂ। ਮੁੱਖ ਮੰਤਰੀ ਦੀ ਆੜ ਵਿਚ ਧੜਾਧੜ ਜ਼ਮੀਨਾਂ, ਪਲਾਟਾਂ ਅਤੇ ਦੁਕਾਨਾਂ 'ਤੇ ਕਬਜ਼ੇ ਕਰਦਾ ਜਾ ਰਿਹਾ ਹੈ।

ਕਬਜ਼ਿਆਂ ਵਾਲਾ ਕੰਮ ਵੀ ਬਹੁਤ ਵਧੀਆ ਹੈ। ਨੌਨਿਹਾਲ ਦੇ ਪੈਰ ਇਸੇ ਕੰਮ ਵਿਚ ਲੱਗੇ ਹਨ। ਜੇ ਅੱਜ ਉਸ ਕੋਲ ਸੌ ਕਿੱਲੇ ਜ਼ਮੀਨ ਹੈ, ਕੰਬਾਈਨਾਂ ਅਤੇ ਟਰੈਕਟਰਾਂ ਦੀ ਦਰਜਨ ਹੈ ਤਾਂ ਸਭ ਇਸੇ ਧੰਦੇ ਦੀ ਮਿਹਰਬਾਨੀ ਕਰਕੇ। ਇਹ ਗੁਰ ਦਿੱਤਾ ਉਸ ਨੂੰ ਪਰਦੁਮਨ ਸਿੰਘ ਤਹਿਸੀਲਦਾਰ ਨੇ। ਇਕ ਵਾਰ ਚਾਹ ਪਾਰਟੀ 'ਤੇ ਇਕੱਠੇ ਹੋਏ ਤਾਂ ਤਹਿਸੀਲਦਾਰ ਨੇ ਸਕੀਮ ਸਮਝਾਈ। ਸ਼ਹਿਰ ਦੇ ਨਵੇਂ ਬਣੇ ਬਾਈਪਾਸ 'ਤੇ ਵੀਹ ਕਿੱਲਿਆਂ ਦਾ ਇਕ ਟੱਕ ਬਾਣੀਆਂ ਦੇ ਕਬਜ਼ੇ ਵਿਚ ਸੀ। ਕਾਬਜ਼ ਤਾਂ ਉਹ ਪੰਜਾਹ ਸਾਲਾਂ ਦੇ ਸਨ ਪਰ ਜਮ੍ਹਾਂਬੰਦੀ 'ਚ ਮਾਲਕ ਕੋਈ ਹੋਰ ਬੋਲਦਾ ਸੀ। ਮਾਲ ਮਹਿਕਮੇ ਨੇ ਅਸਲੀ ਮਾਲਕ ਲੱਭ ਲਿਆ ਸੀ। ਉਸ ਤੋਂ ਭੋਅ ਦੇ ਭਾਅ ਰਜਿਸਟਰੀ ਆਪਣੇ ਕਿਸੇ ਬੰਦੇ ਦੇ ਨਾਂ ਕਰਾ ਲਈ ਸੀ। ਡਿਪਟੀ ਨੇ ਕਬਜ਼ਾ ਲੈਣ ਸਮੇਂ ਉਹਨਾਂ ਦੀ ਮਦਦ ਕਰਨੀ ਸੀ। ਡਿਪਟੀ ਨੂੰ ਕੀ ਇਤਰਾਜ਼ ਹੋ ਸਕਦੈ ? ਦਸਵੇਂ ਹਿੱਸੇ ਦੇ ਹਿਸਾਬ ਨਾਲ ਉਸ ਨੂੰ ਦੋ ਲੱਖ ਮਿਲਣਾ ਸੀ। ਬਾਣੀਏ ਚੀਕਾਂ ਮਾਰਦੇ ਹੀ ਰਹਿ ਗਏ। ਪੁਲਿਸ ਨੇ ਉਹਨਾਂ ਦੀ ਟਿੰਡ-ਫੁਹੜੀ ਚੁੱਕ ਕੇ ਔਹ ਮਾਰੀ।

ਪਿੱਛੋਂ ਡਿਪਟੀ ਖ਼ੁਦ ਹੀ ਪਟਵਾਰੀਆਂ ਅਤੇ ਕਾਨੂੰਗੋਆਂ ਨਾਲ ਤਾਲਮੇਲ ਰੱਖਣ ਲੱਗਾ। ਮਹੀਨੇ ਵੀਹ ਦਿਨਾਂ ਬਾਅਦ ਬੁਲਾ ਕੇ ਦਾਰੂ ਪਿਆ ਦੇਣੀ। ਉਸ ਨੂੰ ਵਾਧੂ-ਘਾਟੂ ਜ਼ਮੀਨ ਦਾ ਪਤਾ ਹੋਣਾ ਚਾਹੀਦਾ ਹੈ। ਕਬਜ਼ਾ ਕਰਨ ਵਾਲੀਆਂ ਪਾਰਟੀਆਂ ਦੀ ਕੋਈ ਕਮੀ ਨਹੀਂ। ਪਟਵਾਰੀ ਆਪਣੇ-ਆਪਣੇ ਹਲਕੇ ਵਿਚ ਕਿਸੇ ਔਂਤ ਜਾਂ ਬੁੱਢੇ-ਠੇਰੇ ਦੀ ਜ਼ਮੀਨ ’ਤੇ ਨਿਗਾਹ ਰੱਖਦੇ। ਦਾਅ ਲੱਗਦੇ ਹੀ ਕਿਸੇ ਆਪਣੇ ਬੰਦੇ ਦੇ ਨਾਂ ਝੂਠੀ-ਸੱਚੀ ਰਜਿਸਟਰੀ ਹੁੰਦੀ, ਫੇਰ ਕਬਜ਼ਾ। ਕੋਈ ਰੌਲਾ-ਰੱਪਾ ਪਾਉਂਦਾ ਤਾਂ ਡਿਪਟੀ ਮੁਕੱਦਮਿਆਂ ਵਿਚ ਉਲਝਾ ਲੈਂਦਾ। ਬਹੁਤਾ ਜ਼ੋਰ ਪੈਂਦਾ ਤਾਂ ਦੇ-ਲੈ ਕਰਾ ਕੇ ਰਾਜ਼ੀਨਾਮਾ ਕਰਾ ਦਿੰਦਾ। ਫੇਰ ਵੀ ਕੁਝ ਨਾ ਕੁਝ ਖੱਟਦੇ ਹੀ। ਕਿਸੇ ਦੁਕਾਨ-ਮਕਾਨ ਦਾ ਰੌਲਾ ਹੁੰਦਾ ਤਾਂ ਝੱਟ ਉਸ ਦੇ ਬੰਦੇ ਉਸ ਪਾਰਟੀ ਨਾਲ ਸੰਪਰਕ ਬਣਾਉਂਦੇ, ਜਿਹੜਾ ਮਾੜਾ ਹੁੰਦਾ ਜਾਂ ਮੁਕੱਦਮੇ ਲੜ-ਲੜ ਥੱਕ ਚੁੱਕਾ ਹੁੰਦਾ। ਕੌਡੀਆਂ ਦੇ ਭਾਅ ਖ਼ਰੀਦਦੇ, ਪਿੱਛੋਂ ਡਰਾ ਧਮਕਾ ਕੇ ਕਿਰਾਏਦਾਰ ਨੂੰ ਕੱਢ ਦਿੰਦੇ। ਅਜਿਹੀਆਂ ਕਈ ਦੁਕਾਨਾਂ ਦਾ ਡਿਪਟੀ ਅੱਜ ਮਾਲਕ ਸੀ।

ਇਥੇ ਪੱਬੀ ਹੁਰਾਂ ਦੀ ਪਾਰਟੀ ਉਸ ਦੇ ਪੱਬ ਨਹੀਂ ਲੱਗਣ ਦਿੰਦੀ। ਉਹ ਮੁੱਖ ਮੰਤਰੀ ਵੱਲੋਂ ਲਾਏ ਜਾਂਦੇ ‘ਧਰਮ ਯੁੱਧ’ ਦੇ ਮੋਰਚਿਆਂ ਵਿਚ ਕਈ ਵਾਰ ਜੇਲ੍ਹ ਕੱਟ ਚੁੱਕੇ ਸਨ। ਚੋਣਾਂ ਵਿਚ ਪੂਰੇ ਦਾ ਪੂਰਾ ਕਾਫ਼ਲਾ ਹਥਿਆਰਬੰਦ ਹੋ ਕੇ ਉਹਨਾਂ ਦੀ ਹਿਫ਼ਾਜ਼ਤ ਲਈ ਅੱਗੇ-ਪਿੱਛੇ ਰਹਿੰਦਾ। ਜਿਥੇ ਕਿਤੇ ਗੜਬੜ ਹੋਣ ਦੀ ਸੰਭਾਵਨਾ ਹੁੰਦੀ, ਇਹ ਗੇੜਾ ਮਾਰ ਆਉਂਦੇ। ਲੋੜ ਪੈਣੀ ਤਾਂ ਇਕ ਦੋ ਹਵਾਈ ਫ਼ਾਇਰ ਵੀ ਕਰ ਦੇਣੇ। ਅੱਜ-ਕੱਲ੍ਹ ਕਿਲ੍ਹੇ ਵਰਗੀ ਕੋਠੀ ਦੀ ਰਾਖੀ ਕਰਦੇ ਹਨ। ਉਹਨਾਂ ਨੂੰ ਡਿਪਟੀ-ਸ਼ਿਪਟੀ ਦੀ ਕੀ ਪਰਵਾਹ ? ਬਹੁਤੀ ਟੰਗ ਅੜਾਊ ਤਾਂ ਸਰਦਾਰ ਨੂੰ ਆਖ ਕੇ ਆਥਣ ਨੂੰ ਬਦਲੀ ਕਰਾ ਦੇਣਗੇ।

ਨਵੇਂ ਬੱਸ ਸਟੈਂਡ ਕੋਲ ਉਹਨਾਂ ਪਿੱਛੇ ਜਿਹੇ ਹੀ ਅੱਠ ਕਿੱਲੇ ਦੇ ਟੱਕ ’ਤੇ ਹੱਥ ਮਾਰਿਆ ਸੀ। ਇਕਰਾਰਨਾਮੇ ਦੇ ਬਹਾਨੇ ਬੈਨਾਮੇ ’ਤੇ ਅੰਗੂਠਾ ਲਗਵਾ ਲਿਆ। ਦੋ ਮਹੀਨੇ ਚੁੱਪ ਰਹੇ, ਪਿੱਛੋਂ ਕਬਜ਼ੇ ਲਈ ਵਹੀਰਾਂ ਘੱਤ ਲਈਆਂ। ਡਿਪਟੀ ਨੇ ਪਰਚਾ ਦਰਜ ਕਰ ਕੇ ਥੋੜ੍ਹਾ ਜਿਹਾ ਖਿੱਚਣਾ ਚਾਹਿਆ ਤਾਂ ਉਪਰੋਂ ਫ਼ੋਨ ਖੜਕ ਗਏ। ਡੀ.ਜੀ. ਨੇ ਰਜਿਸਟਰੀ ਸਹੀ ਮੰਨ ਕੇ ਪਰਚਾ ਕੈਂਸਲ ਕਰ ਦਿੱਤਾ।

ਪੰਜ ਹਜ਼ਾਰ ਇਉਂ ਭੇਜ ਦਿੱਤਾ, ਜਿਵੇਂ ਮੰਗਤੇ ਨੂੰ ਖ਼ੈਰ ਪਾਈਦੀ ਹੈ। ਉਸ ਨੇ ਜਾਂਦੇ ਚੋਰ ਦੀ ਲੰਗੋਟੀ ਸਮਝ ਕੇ ਰੱਖ ਲਏ। ਉਹਨੀਂ ਦਿਨੀ ਪਟਿਆਲੇ ਵਾਲੀ ਮਾਸਟਰਨੀ ਵੀ ਆਈ ਹੋਈ ਸੀ। ਉਸ ਨੇ ਵੀ ਖ਼ਰਚਾ ਵਧਾ ਰੱਖਿਆ ਸੀ। ਉਸ ਨੂੰ ਸਿਰ ਚੜ੍ਹਾਉਣ ਵਿਚ ਡਿਪਟੀ ਦੀ ਹੀ ਗ਼ਲਤੀ ਸੀ। ਚੰਡੀਗੜ੍ਹ ਜਾਂਦਾ-ਆਉਂਦਾ ਉਹ ਪਟਿਆਲੇ ਉਸ ਕੋਲ ਰਾਤ ਕੱਟਦਾ। ਉਹ ਡਿਪਟੀ ਲਈ ਕੁਆਰੀ ਹੀ ਬੈਠੀ ਸੀ। ਇਸ ਗੱਲ ਨੇ ਡਿਪਟੀ ਨੂੰ ਉਸ ਦਾ ਭਗਤ ਬਣਾ ਦਿੱਤਾ ਸੀ। ਚਾਲੀ ਦੀ ਹੋ ਗਈ ਸੀ, ਵੀਹਾਂ ਸਾਲਾਂ ਤੋਂ ਯਾਰੀ ਨਿਭਾ ਰਹੀ ਸੀ। ਮਾਸਟਰਨੀ ਦੇ ਮੋਹ ’ਚ ਕੀਲੇ ਡਿਪਟੀ ਨੇ ਉਸ ਨੂੰ ਕੋਠੀ ਵੀ ਪਾ ਦਿੱਤੀ ਅਤੇ ਬੈਂਕ ਵਿਚ ਢੇਰ ਸਾਰੇ ਰੁਪਏ ਵੀ ਜਮ੍ਹਾਂ ਕਰਾ ਦਿੱਤੇ। ਸਕੂਲ ਵਿਚ ਮਾਸਟਰਾਂ ਦੀਆਂ ਟਿੱਚਰਾਂ ਤੋਂ ਬਚਾਉਣ ਲਈ ਨੌਕਰੀ ਛੁਡਾ ਦਿੱਤੀ। ਉਸ ਨੂੰ ਮਹਾਰਾਣੀਆਂ ਵਾਂਗ ਰਹਿਣ ਦੀ ਆਦਤ ਬਣ ਗਈ। ਪੰਜ-ਛੇ ਹਜ਼ਾਰ ਹਰ ਮਹੀਨੇ ਉਡਾ ਦਿੰਦੀ ਹੈ। ਉਸ ਦਾ ਵਾਰ-ਵਾਰ ਇਥੇ ਆਉਣਾ ਡਿਪਟੀ ਨੂੰ ਜ਼ਹਿਰ ਵਰਗਾ ਲੱਗਦਾ ਸੀ। ਪੱਬੀ ਵਾਲੇ ਪੰਜ ਹਜ਼ਾਰ ਉਸ ਨੂੰ ਦੇ ਕੇ ਮਸਾਂ ਖਹਿੜਾ ਛੁਡਾਇਆ।

ਤਿੰਨਾਂ ਵਿਚੋਂ ਉਹ ਕਿਸੇ ਨੂੰ ਵੀ ਨਹੀਂ ਬਖ਼ਸ਼ੇਗਾ। ਬਹੁਤਾ ਜ਼ੋਰ ਲਾਉਣਗੇ ਤਾਂ ਡਿਪਟੀ ਦੀ ਬਦਲੀ ਹੀ ਕਰਾ ਦੇਣਗੇ। ਇਹੋ ਉਹ ਚਾਹੁੰਦਾ ਸੀ। ਭੁੱਖੇ ਮਰਨ ਨਾਲੋਂ ਤਾਂ ਬਦਲੀ ਹੀ ਚੰਗੀ।

ਇਸ ਨਾਲੋਂ ਵਧੀਆ ਥਾਂ ਹੀ ਜਾਏਗਾ। ਸਾਲ ਦੋ ਸਾਲ ਗੁੱਠੇ ਲੱਗਣਾ ਪਿਆ ਤਾਂ ਵੀ ਕੱਟ ਲਏਗਾ। ਇਹਨਾਂ ਭੂਤਰੇ ਸਾਨ੍ਹਾਂ ਨੂੰ ਝੋਟੀਆਂ ਜ਼ਰੂਰ ਚੁੰਘਾਏਗਾ।

ਕਿਸੇ ਵੀ ਮਾਤਹਿਤ ਨਾਲ ਉਸ ਨੇ ਆਪਣੀ ਯੋਜਨਾ ਸਾਂਝੀ ਨਾ ਕੀਤੀ। ਜਿਨ੍ਹਾਂ ਪਾਰਟੀਆਂ ਨਾਲ ਡਿਪਟੀ ਪੰਗਾ ਲੈਣ ਜਾ ਰਿਹਾ ਸੀ, ਉਹਨਾਂ ਦੇ ਹੱਥ ਬੜੇ ਲੰਬੇ ਸਨ। ਕੋਈ ਪੁਲਸੀਆ ਹੀ ਉਹਨਾਂ ਨੂੰ ਸੂਹ ਦੇ ਸਕਦਾ ਸੀ।

ਚੁੱਪ ਕਰ ਕੇ ਉਸ ਨੇ ਦੋ ਟਰੱਕ ਅਤੇ ਦੋ ਜੀਪਾਂ ਮੰਗਵਾ ਕੇ ਕੋਠੀ ਖੜ੍ਹਾ ਲਈਆਂ। ਸਾਰੇ ਥਾਣਿਆਂ ਵਿਚੋਂ ਵਾਧੂ ਫ਼ੋਰਸ ਮੰਗਵਾ ਲਈ। ਬਾਕੀ ਮੁਲਾਜ਼ਮਾਂ ਨੂੰ ਇੰਨਾ ਹੀ ਦੱਸਿਆ ਗਿਆ ਕਿ ਸਵੇਰੇ ਤਿੰਨ ਵਜੇ ਦਹਿਸ਼ਤਗਰਦਾਂ ਦੇ ਖ਼ਾਸ-ਖ਼ਾਸ ਅੱਡਿਆਂ 'ਤੇ ਰੇਡ ਕਰਨਾ ਹੈ।

ਸਵੇਰੇ ਕੋਈ ਅਜਿਹਾ ਬੰਦਾ ਮੱਥੇ ਲੱਗਿਆ ਸੀ ਕਿ ਉਹਨਾਂ ਦੀ ਸਾਰੀ ਮਿਹਨਤ ਅਜਾਈਂ ਗਈ। ਨਾ ਮੇਜਰ ਮਿਲਿਆ, ਨਾ ਨੰਬਰਦਾਰ ਅਤੇ ਨਾ ਹੀ ਪੱਬੀ। ਸਗੋਂ ਯੋਜਨਾ ਜੱਗਰ ਹੋ ਗਈ।

ਨੰਬਰਦਾਰ ਦਾ ਉਹ ਨੁਕਸਾਨ ਜ਼ਰੂਰ ਕਰ ਆਇਆ ਸੀ। ਤੀਹ ਬੋਰੇ ਡੋਡਿਆਂ ਦੇ ਅਤੇ ਦਸ-ਬਾਰਾਂ ਕਿੱਲੋ ਅਫ਼ੀਮ ਚੁੱਕ ਲਿਆਇਆ ਸੀ। ਇਸ ਬਰਾਮਦਗੀ ਦੇ ਆਧਾਰ 'ਤੇ ਉਹ ਨੰਬਰਦਾਰ 'ਤੇ ਪਰਚਾ ਦਰਜ ਕਰ ਸਕਦਾ ਸੀ। ਨੰਬਰਦਾਰ ਨੂੰ ਮਾਲ ਛੱਡ ਕੇ ਭੱਜਦਾ ਦਿਖਾਇਆ ਜਾ ਸਕਦਾ ਸੀ। ਇਕ-ਦੋ ਕਰਿੰਦੇ ਹੱਥ ਲੱਗੇ ਸਨ। ਉਹੋ ਟਰੱਕ ਵਿਚ ਸੁੱਟ ਲਏ। ਹੋਰ ਕੁਝ ਨਾ ਹੋ ਸਕਿਆ ਤਾਂ ਉਹਨਾਂ 'ਤੇ ਹੀ ਪਰਚਾ ਦੇ ਦੇਵੇਗਾ। ਘੱਟੋ-ਘੱਟ ਤੀਹ-ਚਾਲੀ ਹਜ਼ਾਰ ਦਾ ਨੁਕਸਾਨ ਤਾਂ ਹੋਏਗਾ।

ਤਿੰਨ ਕਰਿੰਦੇ ਠੇਕੇਦਾਰਾਂ ਦੇ ਵੀ ਚੁੱਕੇ। ਜਦੋਂ ਉਹਨਾਂ ਦੱਸਿਆ ਕਿ ਕਿਥੋਂ-ਕਿਥੋਂ ਨਜਾਇਜ਼ ਸ਼ਰਾਬ ਆਉਂਦੀ ਹੈ ਅਤੇ ਕਿਥੇ-ਕਿਥੇ ਰੱਖੀ ਜਾਂਦੀ ਹੈ ਤਾਂ ਠੇਕੇਦਾਰਾਂ ਨੂੰ ਆਪੇ ਟੱਟੀਆਂ ਲੱਗ ਜਾਣਗੀਆਂ।

ਪੱਬੀ ਦੇ ਘਰੋਂ ਕੁਝ ਵੀ ਹੱਥ ਨਹੀਂ ਸੀ ਲੱਗਾ। ਘਰੇ ਬੁੱਢੀਆਂ-ਠੇਰੀਆਂ ਹੀ ਸਨ। ਪੱਬੀ ਦੀ ਘਰਵਾਲੀ ਦੀ ਗੋਦੀ ਦਸਾਂ ਦਿਨਾਂ ਦਾ ਬੱਚਾ ਸੀ। ਮਾਂ ਅੰਨ੍ਹੀ ਸੀ। ਥਾਣੇ ਬਿਠਾਏ ਜਾਣ ਵਾਲੀ ਇਕੱਲੀ ਉਸ ਦੀ ਭਰਜਾਈ ਹੀ ਸੀ। ਉਸ ਨੂੰ ਜੀਪ 'ਚ ਬਿਠਾ ਲਿਆ ਗਿਆ। ਆਪੇ ਛੁਡਾਉਣ ਆਏਗਾ।

ਪੱਬੀ ਦੇ ਪਿੱਡੋਂ ਚੱਲਦੇ-ਚੱਲਦੇ ਪਹੁ ਫੁੱਟ ਪਈ। ਖ਼ਾਲੀ ਹੱਥ ਵਾਪਸ ਮੁੜਨਾ ਡਿਪਟੀ ਦੀ ਸ਼ਾਨ ਦੇ ਖ਼ਿਲਾਫ਼ ਸੀ। ਕੋਈ ਨਾ ਕੋਈ ਸ਼ਿਕਾਰ ਤਾਂ ਫਸਣਾ ਹੀ ਚਾਹੀਦਾ ਸੀ। ਰਾਹ ਵਿਚ ਧਨੌਲਾ ਸੀ, ਪਿੰਡੀ ਸੀ ਅਤੇ ਫਰਵਾਹੀ ਵੀ। ਇਥੋਂ ਕਿਸ ਨੂੰ ਚੁੱਕਿਆ ਜਾਵੇ ? ਉਹ ਜੀਪ ਦੀ ਸਪੀਡ ਜਿੰਨੀ ਤੇਜ਼ੀ ਨਾਲ ਹੀ ਸੋਚ ਰਿਹਾ ਸੀ।

ਧਨੌਲੇ ਦੇ ਟੈਕਸੀ-ਸਟੈਂਡ ਕੋਲ ਅੱਪੜ ਕੇ ਡਿਪਟੀ ਨੂੰ ਯਾਦ ਆਇਆ ਕਿ ਪ੍ਰਧਾਨ ਨੂੰ ਫੜਿਆ ਜਾ ਸਕਦਾ ਹੈ। ਉਹ ਤਖ਼ਤਪੋਸ਼ 'ਤੇ ਬੈਠਾ ਮੌਜ ਨਾਲ ਅਖ਼ਬਾਰ ਪੜ੍ਹ ਰਿਹਾ ਸੀ। ਚਿੱਟੇ ਦੁੱਧ ਵਰਗੇ ਕੱਪੜੇ ਇਉਂ ਪਾਏ ਹੋਏ ਸਨ ਜਿਵੇਂ ਬਹੁਤ ਵੱਡਾ ਬਦਮਾਸ਼ ਹੋਵੇ।

ਇਹ ਡਿਪਟੀ ਦਾ ਪਹਿਲਾ ਸ਼ਿਕਾਰ ਸੀ।

ਜਦੋਂ ਦਾ ਧਨੌਲੇ ਵਾਲਾ ਜਥੇਦਾਰ ਚੇਅਰਮੈਨ ਬਣਿਆ ਹੈ, ਇਸ ਪ੍ਰਧਾਨ ਦਾ ਦਿਮਾਗ਼ ਹੀ ਖ਼ਰਾਬ ਹੋ ਗਿਐ। ਅੱਗੇ ਚੰਗੀ-ਭਲੀ ਵਗਾਰ ਦਿੰਦੇ ਸੀ, ਗੱਡੀ ਵੀ ਅਤੇ ਤੇਲ ਵੀ। ਹੁਣ ਆਖਦੇ ਹਨ, ਉਹ ਆਪਣੀਆਂ ਸ਼ਰਤਾਂ ਨਾਲ ਗੱਡੀ ਦੇਣਗੇ। ਪਹਿਲੀ ਇਹ ਕਿ ਗੱਡੀ ਉਹਨਾਂ ਦਾ ਡਰਾਈਵਰ ਚਲਾਏਗਾ। ਡਿਪਟੀ ਕਾਰ ਕੋਠੀ ਲੈ ਕੇ ਗਏ ਡਰਾਈਵਰ ਨੂੰ ਬੇਰੰਗ ਭੇਜ ਦਿੰਦਾ ਹੈ। ਗੱਡੀ ਉਹ ਆਪ ਚਲਾਉਂਦਾ ਹੈ ਜਾਂ ਉਸ ਦਾ ਕੋਈ ਸਿਪਾਹੀ। ਦੋ ਦਿਨਾਂ ਵਿਚ ਗੱਡੀ ਖੜਕ

ਜਾਂਦੀ ਹੈ। ਇਥੇ ਹੀ ਬੱਸ ਨਹੀਂ, ਜਿਥੇ ਤੇਲ ਮੁੱਕ ਗਿਆ, ਉਥੇ ਹੀ ਖੜ੍ਹਾ ਕੇ ਮੁੜ ਆਉਂਦੇ ਹਨ। ਦੂਜੀ ਇਹ ਕਿ ਗੱਡੀ ਜਿੰਨੇ ਦਿਨਾਂ ਲਈ ਮੰਗੀ ਜਾਵੇ, ਉਨੇ ਦਿਨਾਂ ਦੇ ਅੰਦਰ-ਅੰਦਰ ਹੀ ਵਾਪਸ ਕੀਤੀ ਜਾਵੇ। ਇਕ ਦਿਨ ਲਈ ਗਈ ਗੱਡੀ ਹਫ਼ਤਾ-ਹਫ਼ਤਾ ਨਹੀਂ ਆਉਂਦੀ। ਸੰਗਰੂਰ ਲਈ ਆਖ ਕੇ ਦਿੱਲੀ ਲੈ ਵੜਦੇ ਹਨ।

ਡਿਪਟੀ ਨੂੰ ਕੋਈ ਵੀ ਸ਼ਰਤ ਮਨਜ਼ੂਰ ਨਹੀਂ ਸੀ। ਡਿਪਟੀ ਨੇ ਵੀਹ ਗੁਪਤ ਕੰਮ ਕਰਨੇ ਹੁੰਦੇ ਹਨ। ਹਰ ਡਰਾਈਵਰ ਨੂੰ ਤਾਂ ਭੇਤ ਨਹੀਂ ਦਿੱਤਾ ਜਾ ਸਕਦਾ। ਡਿਪਟੀ ਉਹਨਾਂ ਦਾ ਨੌਕਰ ਨਹੀਂ ਕਿ ਕੰਮ ਵਿਚਾਲੇ ਛੱਡ ਕੇ ਇਸ ਲਈ ਮੁੜ ਆਵੇ ਕਿ ਗੱਡੀ ਜਿੰਨੇ ਦਿਨਾਂ ਲਈ ਮੰਗੀ ਗਈ ਸੀ, ਉਹ ਪੂਰੇ ਹੋ ਗਏ ਹਨ।

ਪਿਛਲੇ ਕੁਝ ਮਹੀਨਿਆਂ ਤੋਂ ਉਹ ਗੱਡੀ ਭੇਜਣ ਲੱਗੇ ਟਾਲ-ਮਟੋਲ ਕਰ ਰਹੇ ਸਨ। ਦੋ-ਤਿੰਨ ਡੀਜ਼ਲ ਵਾਲੀਆਂ ਗੱਡੀਆਂ ਸਨ। ਸਸਤੀਆਂ ਪੈਂਦੀਆਂ ਸਨ। ਮਾਲਕਾਂ ਨੇ ਉਹ ਵੇਚ ਕੇ ਪੈਟਰੋਲ ਵਾਲੀਆਂ ਲੈ ਆਂਦੀਆਂ। ਡਿਪਟੀ ਉਹਨਾਂ ਦਾ ਖਹਿੜਾ ਨਹੀਂ ਸੀ ਛੱਡਦਾ।

ਡਿਪਟੀ ਦੇ ਇਸ਼ਾਰੇ 'ਤੇ ਟੈਕਸੀ-ਸਟੈਂਡ ਨੂੰ ਘੇਰਾ ਪਾਇਆ ਗਿਆ। ਦੋ ਸਿਪਾਹੀ ਗਏ ਅਤੇ ਪ੍ਰਧਾਨ ਨੂੰ ਧੂਹ ਲਿਆਏ। ਉਸ ਨੇ ਅੜ-ਅੜਾਈ ਕੀਤੀ ਤਾਂ ਉਹਨਾਂ ਕੇਸਾਂ ਤੋਂ ਫੜ ਕੇ ਜ਼ਮੀਨ 'ਤੇ ਸੁੱਟ ਲਿਆ। ਅਗਾਂਹ ਵਧ ਕੇ ਡਿਪਟੀ ਨੇ ਖ਼ੁਦ ਹੀ ਠੁੱਡੇ ਮਾਰੇ।

"ਸਾਰਾ ਸ਼ਹਿਰ ਬੰਟੀ ਨੂੰ ਲੱਭਦਾ ਫਿਰਦਾ ਹੈ.....ਇਹ ਨਵਾਬ ਸਾਹਿਬ ਉਸ ਨੂੰ ਆਪਣੀ ਟੈਕਸੀ ਵਿਚ ਲਈ ਫਿਰਦਾ ਰਿਹਾ.....ਪੁਲਿਸ ਨੂੰ ਇਤਲਾਹ ਵੀ ਨਹੀਂ ਦਿੱਤੀ।"

ਥਰ-ਥਰ ਕੰਬ ਰਹੇ ਡਰਾਈਵਰਾਂ ਨੂੰ ਡਿਪਟੀ ਨੇ ਪ੍ਰਧਾਨ ਦੀ ਗ੍ਰਿਫ਼ਤਾਰੀ ਦਾ ਕਾਰਨ ਦੱਸਿਆ।

ਪਿੰਡੀ ਕੋਲ ਪੁੱਜ ਕੇ ਉਸ ਨੂੰ ਫ਼ਕੀਰੀਏ ਦੀ ਯਾਦ ਆਈ। ਪਿਛਲੀ ਵਾਰੀ ਉਸ ਨੇ ਆਈ.ਜੀ. ਨੂੰ ਕਾਰ ਦੇਣ ਦੇ ਬਹਾਨੇ ਮੋਹਤਬਰਾਂ ਅਤੇ ਨਾਮੀ ਸਮੱਗਲਰਾਂ ਤੋਂ ਪੰਜ-ਪੰਜ ਹਜ਼ਾਰ ਲੈ ਕੇ ਹਾਜ਼ਰ ਹੋਣ ਦਾ ਸੁਨੇਹਾ ਦਿੱਤਾ ਸੀ। ਇਹ ਤਾਂ ਡਿਪਟੀ ਨੂੰ ਪਤਾ ਸੀ ਕਿ ਪੰਜਾਂ ਸਾਲਾਂ ਤੋਂ ਉਹ ਧੰਦਾ ਛੱਡ ਗਿਐ। ਪਰ ਉਹ ਦੁਬਾਰਾ ਸ਼ੁਰੂ ਕਰ ਲਏ, ਡਿਪਟੀ ਕਿਹੜਾ ਰੋਕਦਾ ਹੈ। ਉਸ ਦਾ ਨਾਂ ਹਾਲੇ ਵੀ ਦਸ ਨੰਬਰੀਆਂ ਵਿਚ ਬੋਲਦਾ ਹੈ। ਜਿੰਨਾ ਚਿਰ ਉਸ ਦੀ ਮਿਸਲ ਇਸ ਬਸਤੇ ਵਿਚੋਂ ਨਹੀਂ ਨਿਕਲਦੀ, ਉਸ ਤੋਂ ਪੈਸੇ ਲੈਣ ਦਾ ਪੁਲਿਸ ਨੂੰ ਹੱਕ ਹੈ। ਉਸ ਤੋਂ ਪਹਿਲਾਂ ਉਸ ਨੇ ਡੀ.ਆਈ.ਜੀ. ਦੀ ਕੁੜੀ ਦੇ ਵਿਆਹ ਦੇ ਬਹਾਨੇ ਪੈਸੇ ਇਕੱਠੇ ਕੀਤੇ ਸਨ। ਪੰਚਾਂ-ਸਰਪੰਚਾਂ ਤਕ ਨੂੰ ਤਿੰਨ-ਤਿੰਨ ਹਜ਼ਾਰ ਲਾਇਆ ਸੀ। ਉਸ ਸਮੇਂ ਤਾਂ ਫ਼ਕੀਰੀਆ ਪਹਿਲੇ ਬੋਲ ਹੀ ਦੇ ਗਿਆ ਸੀ। ਇਸ ਵਾਰ ਨਾਂਹ ਕਰ ਦਿੱਤੀ ਸੀ। ਕਹਿੰਦਾ, ਉਸ ਦਾ ਆਪਣਾ ਗੁਜ਼ਾਰਾ ਹੀ ਮਸਾਂ ਚੱਲਦਾ ਹੈ। ਉਹ ਰਾਧਾ ਸੁਆਮੀ ਬਣ ਗਿਐ। ਕਿਸੇ ਮਾੜੇ ਕੰਮ ਨੂੰ ਹੱਥ ਨਹੀਂ ਲਾਉਂਦਾ। ਪਹਿਲਾਂ ਉਸ ਨੇ ਡਿਪਟੀ ਦੀ ਨਹੀਂ ਸੀ ਮੋੜੀ। ਹਰ ਵਾਰ ਧੌੜੀ ਲੁਹਾਉਣੀ ਮੁਸ਼ਕਿਲ ਹੈ।

ਜੇ ਇਸ ਵਰਗੇ ਮਲੰਗ ਡਿਪਟੀ ਨੂੰ ਨਾਂਹ ਕਰ ਗਏ ਤਾਂ ਉਸ ਨੂੰ ਪੈਸੇ ਕਿਸ ਨੇ ਦੇਣੇ ਹਨ। ਡਿਪਟੀ ਤਾਂ ਅਜਿਹਾ ਕੋਈ ਨਾ ਕੋਈ ਪ੍ਰੋਜੈਕਟ ਹਰ ਤਿਮਾਹੀ ਛੇੜੀ ਰੱਖਦਾ ਹੈ। ਇਸ ਬਹਾਨੇ ਵਾਹਵਾ ਪੈਸੇ ਇਕੱਠੇ ਹੋ ਜਾਂਦੇ ਹਨ। ਅਫ਼ਸਰਾਂ ਦੀਆਂ ਅੱਖਾਂ ਤਾਂ ਠੰਢੀਆਂ ਰਹਿੰਦੀਆਂ ਹੀ ਹਨ, ਉਸ ਨੂੰ ਵੀ ਗੱਫਾ ਟੱਕਰ ਜਾਂਦਾ ਹੈ। ਇਕ ਹੋਰ ਫ਼ਾਇਦਾ, ਜਿਹੜੇ ਮਾੜੇ ਸਿਫ਼ਾਰਸ਼ੀ ਹੁੰਦੇ ਹਨ, ਉਹ ਕੋਠੀ ਵੱਲ ਮੂੰਹ ਨਹੀਂ ਕਰਦੇ। ਜਿਹੜਾ ਪੰਜ-ਚਾਰ ਵਾਰ ਹੱਸ ਕੇ ਖ਼ਰਚ ਸਕਦੈ, ਉਹ ਡਿਪਟੀ ਦੇ ਬਰਾਬਰ ਬੈਠ ਸਕਦੈ।

ਇਸ ਗੁਸਤਾਖ਼ ਨੂੰ ਵੀ ਦੇਖ ਲਏਗਾ। ਬੰਗਾਲਣਾਂ ਵੇਚ-ਵੇਚ ਵੀਹ ਕਿੱਲੇ ਦਾ ਫ਼ਾਰਮ ਬਣਾ ਲਿਆ। ਹਜ਼ਾਰਾਂ ਘਰ ਪੁੱਟ ਦਿੱਤੇ, ਹੁਣ ਆਖਦੈ ਰਾਧਾ ਸੁਆਮੀ ਬਣ ਗਿਆ।

ਜਦੋਂ ਫ਼ਕੀਰੀਏ ਦੇ ਘਰ ਨੂੰ ਘੇਰਾ ਪਾ ਕੇ ਦੇਖਿਆ, ਉਹ ਵਿਹੜੇ ਵਿਚ ਬੈਠਾ ਪਾਠ ਕਰ ਰਿਹਾ ਸੀ। ਦਗੜ-ਦਗੜ ਕੰਧਾਂ ਟੱਪਦੀ ਪੁਲਿਸ ਨੂੰ ਦੇਖ ਕੇ ਉਸ ਨੇ ਪਾਠ ਬੰਦ ਕਰ ਦਿੱਤਾ ਅਤੇ ਆਉਣ ਵਾਲੀ ਮੁਸੀਬਤ ਲਈ ਆਪਣੇ ਆਪ ਨੂੰ ਤਿਆਰ ਕਰਨ ਲੱਗਾ।

"ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ। ਸੈਂਕੜੇ ਘਰ ਤਬਾਹ ਕਰ ਕੇ ਹੁਣ ਇਹ ਪਾਠੀ ਬਣ ਗਿਐ।" ਡਿਪਟੀ ਨੇ ਪਹਿਲਾ ਠੁੱਡਾ ਮਾਰਦਿਆਂ ਵਿਅੰਗ ਕੱਸਿਆ।

"ਮੇਰਾ ਕਸੂਰ ?" ਹੱਥ ਬੰਨ੍ਹ ਕੇ ਖੜੋਂਦੇ ਫ਼ਕੀਰੀਏ ਨੇ ਤਰਲਾ ਲਿਆ।

"ਬੰਟੀ ਦੇ ਅਗਵਾਕਾਰਾਂ ਨੂੰ ਤੂੰ ਸ਼ਰਨ ਦਿੱਤੀ ਹੈ। ਕਿਵੇਂ ਭੋਲਾ ਬਣ ਕੇ ਪੁੱਛਦੈ ? ਜਿਵੇਂ ਕੁਝ ਪਤਾ ਹੀ ਨਾ ਹੋਵੇ।" ਬਿਨਾਂ ਕੋਈ ਹੋਰ ਦਲੀਲ ਸੁਣੇ ਉਹਨਾਂ ਉਸ ਨੂੰ ਵੀ ਟਰੱਕ ਵਿਚ ਸੁੱਟ ਲਿਆ।

ਫਰਵਾਹੀ ਚੱਲ ਕੇ ਮੱਘਰ ਦੇ ਫ਼ਾਰਮ 'ਤੇ ਰੇਡ ਕੀਤਾ। ਉਸ ਨੇ ਕਪਤਾਨ ਨਾਲ ਸਿੱਧਾ ਹੀ ਹਿੱਸਾ ਕਰ ਲਿਆ ਸੀ। ਅੱਖਾਂ ਪੂੰਝਣ ਲਈ ਡਿਪਟੀ ਨੂੰ ਸਾਰਾ ਹਜ਼ਾਰ ਰੁਪਿਆ ਹੀ ਦਿੰਦਾ ਸੀ। ਉਸ ਨੂੰ ਨਹੀਂ ਪਤਾ ਡਿਪਟੀ ਦੀ ਘੱਟੋ-ਘੱਟ ਫ਼ੀਸ ਪੰਜ ਹਜ਼ਾਰ ਰੁਪਿਆ ਹੁੰਦੀ ਹੈ। ਪਹਿਲੇ ਭਨੋਈਏ ਨੂੰ ਚੰਗਾ-ਭਲਾ ਪੰਜ ਹਜ਼ਾਰ ਦਿੰਦਾ ਸੀ। ਦੇਖੂੰ ਸਾਹਿਬ ਕਿਵੇਂ ਉਸ ਦੀ ਮਦਦ ਕਰੂ।

ਦੁਪਹਿਰ ਤਕ ਸਾਰੇ ਸ਼ਹਿਰ ਵਿਚ ਇਹ ਗੱਲ ਫੈਲ ਗਈ ਕਿ ਡਿਪਟੀ ਨੇ ਪੂਰੀ ਸਖ਼ਤੀ ਕਰ ਦਿੱਤੀ ਹੈ। ਪਹਿਲਾਂ ਉਸ ਨੇ ਵੱਡੇ-ਵੱਡੇ ਬਦਮਾਸ਼ਾਂ ਨੂੰ ਹੀ ਹੱਥ ਪਾਇਐ। ਸਿਟੀ ਵਾਲੇ ਥਾਣੇਦਾਰ ਨੂੰ ਤਾਂ ਪੈਸੇ ਬਟੋਰਨ ਦੀ ਬਣੀ ਹੋਈ ਸੀ।

ਜਿਉਂ-ਜਿਉਂ ਥਾਣੇ 'ਚੋਂ ਆਉਂਦੀਆਂ ਚੀਕਾਂ ਦੀ ਸੁਰ ਉੱਚੀ ਹੁੰਦੀ ਜਾ ਰਹੀ ਸੀ, ਤਿਉਂ-ਤਿਉਂ ਥਾਣੇ ਦੇ ਬਾਹਰ ਜੁੜੀ ਭੀੜ ਨੂੰ ਰਾਹਤ ਮਹਿਸੂਸ ਹੋ ਰਹੀ ਸੀ। ਭਲਮਾਣਸੀ ਨਾਲ ਕੋਈ ਬੱਚਾ ਦੇਣ ਲੱਗੈ ਭਲਾ ?

ਜਿਹੜਾ ਵੀ ਥਾਣਿਉਂ ਨਿਕਲਦਾ, ਡਿਪਟੀ ਦੇ ਗੁਣਗਾਣ ਕਰਦਾ ਨਾ ਥੱਕਦਾ। ਸਭ ਨੂੰ ਯਕੀਨ ਸੀ ਕਿ ਡਿਪਟੀ ਕਿਸੇ ਵੀ ਸਮੇਂ ਬੰਟੀ ਨੂੰ ਬਰਾਮਦ ਕਰ ਸਕਦਾ ਸੀ।

ਕੋਈ ਬਾਹਰ ਆ ਕੇ ਦੱਸਦਾ ਕਿ ਧਨੌਲੇ ਦੀ ਟੈਕਸੀ ਯੂਨੀਅਨ ਦਾ ਪ੍ਰਧਾਨ ਸਾਰਾ ਕੁਝ ਮੰਨ ਗਿਐ।

ਕੋਈ ਆਖਦਾ ਉਹ ਫ਼ਕੀਰੀਏ ਕੋਲ ਇਕ ਰਾਤ ਰਹੇ ਸੀ। ਤੀਵੀਆਂ ਕੱਢ ਕੇ ਲਿਆਉਣੀਆਂ ਔਖੀਆਂ ਹੋ ਗਈਆਂ, ਬੁੱਢਾ ਜੁ ਹੋ ਗਿਐ, ਹੁਣ ਇਹ ਕੰਮ ਫੜ ਲਿਆ। ਬਾਹਰਲਾ ਘਰ ਇਸੇ ਕੰਮ ਲਈ ਪਾਇਆ ਹੋਊ। ਬਗਲਾ ਭਗਤ।

ਚਾਹ ਦੇ ਕੇ ਆਏ ਭੋਲੂ ਨੇ ਦੱਸਿਆ ਕਿ ਠੇਕੇਦਾਰਾਂ ਦਾ ਕਰਿੰਦਾ ਸਾਰਾ ਕੁਝ ਫਟਾ-ਫਟ ਦੱਸ ਰਿਹੈ। ਮੇਜਰ ਦੇ ਆਖਣ 'ਤੇ ਉਸ ਨੇ ਉਹਨਾਂ ਨੂੰ ਇਕ ਰਾਤ ਥੋਕ ਵਾਲੇ ਠੇਕੇ ਵਿਚ ਕਟਾਈ ਸੀ। ਦਹਿਸ਼ਤਗਰਦਾਂ ਨੂੰ ਉਹ ਸ਼ਰਾਬ ਵੀ ਦਿੰਦੇ ਸਨ ਅਤੇ ਰੋਟੀ-ਟੁੱਕ ਵੀ।

ਡਿਪਟੀ ਨੂੰ ਮਿਲ ਕੇ ਆਏ ਰਮੇਸ਼ ਆੜ੍ਹਤੀਏ ਨੂੰ ਲੱਗਦਾ ਸੀ ਇਹ ਸਾਰੀ ਸ਼ਰਾਰਤ ਹੀ ਖੁੱਡੀ ਵਾਲੇ ਨੰਬਰਦਾਰ ਦੀ ਸੀ। ਉਹਦਾ ਸੀਰੀ ਇਹੋ ਜਿਹਾ ਹੀ ਕੁਝ ਬਕ ਰਿਹਾ ਸੀ। ਉਹਨਾਂ ਦੀ ਮੋਟਰ 'ਤੇ ਪਰਾਏ ਮੁੰਡੇ ਆਉਂਦੇ ਰਹਿੰਦੇ ਹਨ। ਕਈ ਵਾਰ ਉਸ ਨੂੰ ਰੋਟੀ ਦੇਣ ਲਈ ਭੇਜਿਆ ਜਾਂਦਾ ਰਿਹਾ ਹੈ। ਉਹਨਾਂ ਨਾਲ ਕਦੇ ਬੱਚੇ ਹੁੰਦੇ ਅਤੇ ਕਦੇ ਜ਼ਨਾਨੀਆਂ। ਬੰਟੀ ਦੀ ਜਿਹੜੀ ਫ਼ੋਟੋ

ਉਸ ਨੂੰ ਦਿਖਾਈ ਜਾ ਰਹੀ ਸੀ, ਉਸ ਤਰ੍ਹਾਂ ਦਾ ਬੱਚਾ ਉਹਨਾਂ ਦੀ ਮੋਟਰ 'ਤੇ ਦੋ ਦਿਨ ਰਿਹਾ ਸੀ।

ਪੱਤਰਕਾਰ ਜ਼ੋਰ ਦੇ ਰਹੇ ਸਨ, ਡਿਪਟੀ ਕੋਈ ਬਿਆਨ ਦੇਵੇ। ਡਿਪਟੀ ਉਹਨਾਂ ਨੂੰ ਸਬਰ ਕਰਨ ਲਈ ਆਖ ਰਿਹਾ ਸੀ। ਉਸ ਦਾ ਕੋਈ ਵੀ ਬਿਆਨ ਬੰਟੀ ਦੀ ਜਾਨ ਲੈ ਸਕਦਾ ਹੈ। ਡਿਪਟੀ ਮੁਜਰਮਾਂ ਨੂੰ ਤਾਂ ਘੰਟੇ ਵਿਚ ਹੀ ਫੜ ਸਕਦਾ ਹੈ। ਹਾਲੇ ਇਸ ਗੱਲ ਦਾ ਪਤਾ ਨਹੀਂ ਸੀ ਲੱਗ ਸਕਿਆ ਕਿ ਬੰਟੀ ਕਿਸ ਜਗ੍ਹਾ 'ਤੇ ਲਕੋਇਆ ਗਿਆ ਹੈ। ਮੁਜਰਮਾਂ ਨਾਲੋਂ ਉਸ ਨੂੰ ਬੰਟੀ ਦੀ ਜਾਨ ਪਿਆਰੀ ਸੀ।

ਅੱਗੇ ਹਰ ਤੀਸਰੇ ਦਿਨ ਲਾਲਾ ਜੀ ਨੂੰ ਦਹਿਸ਼ਤਗਰਦਾਂ ਦੀ ਚਿੱਠੀ ਆਉਂਦੀ ਸੀ। ਅਗਲੀ ਚਿੱਠੀ ਦੀ ਵਾਰੀ ਕੱਲ੍ਹ ਬਣਦੀ ਸੀ। ਅੱਜ ਤਕ ਉਹ ਨਹੀਂ ਆਈ ਤਾਂ ਮਤਲਬ ਸਾਫ਼ ਸੀ ਕਿ ਪੁਲਿਸ ਨੇ ਕਾਫ਼ੀ ਸਫ਼ਲਤਾ ਪ੍ਰਾਪਤ ਕਰ ਲਈ ਸੀ।

ਆਪਣੇ ਹੱਕ ਵਿਚ ਬਣੇ ਮਾਹੌਲ ਨੂੰ ਦੇਖਦਿਆਂ ਡਿਪਟੀ ਨੇ ਆਪਣੇ ਦੁਸ਼ਮਣਾਂ ਦੀ ਲਿਸਟ ਵਿਚ ਕਈ ਹੋਰ ਨਾਂ ਲਿਖ ਲਏ।

ਵੱਧੋ-ਵੱਧ ਬੰਦਿਆਂ ਨੂੰ ਸਬਕ ਸਿਖਾਉਣ ਦਾ ਇਹ ਵਧੀਆ ਮੌਕਾ ਸੀ।

✶

# 7

ਡਾਇਨਿੰਗ ਟੇਬਲ ’ਤੇ ਖਾਣਾ ਲਗਾਈ ਬੈਠਾ ਲਾਂਗਰੀ ਸਾਹਿਬ ਨੂੰ ਉਡੀਕ ਰਿਹਾ ਸੀ। ਸਾਹਿਬ ਸੀ ਕਿ ਫ਼ੋਨ ਤੋਂ ਵਿਹਲਾ ਹੀ ਨਹੀਂ ਸੀ ਹੋ ਰਿਹਾ।

ਡੀ.ਆਈ.ਜੀ. ਦਾ ਫ਼ੋਨ ਸੀ। ਖ਼ਾਨ ਨੂੰ ਮੁੱਖ ਮੰਤਰੀ ਦਾ ਹੁਕਮ ਸੁਣਾਇਆ ਜਾ ਰਿਹਾ ਸੀ। ਮੁੱਖ ਮੰਤਰੀ ਚਾਹੁੰਦਾ ਸੀ ਕਿ ਕੁਝ ਦਿਨ ਲਈ ਖ਼ਾਨ ਦਾ ਹੈੱਡਕੁਆਰਟਰ ਸ਼ਹਿਰ ਵਿਚ ਤਬਦੀਲ ਕਰ ਦਿੱਤਾ ਜਾਵੇ। ਬੰਟੀ ਦੇ ਕੇਸ ਦੀ ਤਫ਼ਤੀਸ਼ ਖ਼ਾਨ ਖ਼ੁਦ ਕਰੇ ਅਤੇ ਸ਼ਹਿਰ ਵਿਚ ਅਮਨ ਬਣਾਈ ਰੱਖੇ।

ਮੁੱਖ ਮੰਤਰੀ ਦਾ ਤਾਂ ਹੁਕਮ ਸੀ ਕਿ ਖ਼ਾਨ ਇਸੇ ਵਕਤ ਸ਼ਹਿਰ ਜਾਵੇ। ਡੀ.ਆਈ.ਜੀ. ਦੀ ਰਾਏ ਸੀ ਕਿ ਇੰਨੀ ਕਾਹਲ ਵਾਲੀ ਕੋਈ ਗੱਲ ਨਹੀਂ। ਰਾਤ ਪੈ ਚੁੱਕੀ ਸੀ। ਅਜਿਹੇ ਵਕਤ ਪੁਲਿਸ ਅਫ਼ਸਰਾਂ ਦਾ ਬਾਹਰ ਨਿਕਲਣਾ ਖ਼ਤਰੇ ਤੋਂ ਖ਼ਾਲੀ ਨਹੀਂ ਹੁੰਦਾ। ਖ਼ਾਨ ਸਵੇਰੇ ਜਾਵੇ। ਅਜਿਹੀ ਕਿਹੜੀ ਪਰਲੋ ਆਉਣ ਵਾਲੀ ਹੈ, ਜਿਹੜੀ ਖ਼ਾਨ ਬਿਨਾਂ ਠੱਲ੍ਹੀ ਨਹੀਂ ਜਾਣੀ।

ਫ਼ੋਨ ਸੁਣ ਕੇ ਐਸ.ਪੀ. ਖ਼ਾਨ ਨੇ ਸਾਰੇ ਹਾਲਾਤ ਦਾ ਜਾਇਜ਼ਾ ਲਿਆ। ਘੜੀ ’ਤੇ ਅੱਠ ਵੱਜੇ ਸਨ। ਸ਼ਹਿਰ ਜਾਣ ਨੂੰ ਅੱਧਾ ਘੰਟਾ ਲੱਗੇਗਾ। ਖ਼ਾਨ ਦਸ ਮਿੰਟਾਂ ਵਿਚ ਤਿਆਰ ਹੋ ਜਾਏਗਾ। ਉਹਦੇ ਕਿਹੜਾ ਕੋਈ ਲੰਮਚਿੜਾ ਹੈ ਕਿ ਤਿਆਰੀ ਕਰਦੇ-ਕਰਦੇ ਰਾਤ ਲੱਗ ਜਾਏ। ਛੜਾ-ਛੜਾਂਗ ਹੈ, ਇਕ ਅਟੈਚੀ ਅਤੇ ਇਕ ਬਿਸਤਰਾ। ਇਥੇ ਉੱਸਲਵੱਟੇ ਲੈਣ ਨਾਲੋਂ ਸ਼ਹਿਰ ਪੁੱਜ ਕੇ ਰਾਤੋ-ਰਾਤ ਉਸ ਨੇ ਹਾਲਾਤ ਦਾ ਜਾਇਜ਼ਾ ਲੈ ਲੈਣਾ ਸੀ ਅਤੇ ਦਿਨ ਚੜ੍ਹਦਿਆਂ ਕੰਮ ਆਰੰਭ ਦੇਣਾ ਸੀ।

ਖ਼ਾਨ ਨੇ ਉਸੇ ਵਕਤ ਥਾਣੇ ਵਾਇਰਲੈੱਸ ਕਰਾਈ। ਉਹ ਹੁਣੇ ਸ਼ਹਿਰ ਪੁੱਜ ਰਿਹਾ ਹੈ। ਮੀਟਿੰਗ ਲਈ ਸਾਰੇ ਤਫ਼ਤੀਸ਼ੀ ਤਿਆਰ ਰਹਿਣ।

ਕਪਤਾਨ ਦੇ ਰੀਡਰ ਨੂੰ ਹੁਕਮ ਭੇਜਿਆ ਗਿਆ ਕਿ ਹੁਣ ਤਕ ਜਿੰਨੀ ਵੀ ਇਤਲਾਹ ਉਸ ਕੋਲ ਹੈ, ਲੈ ਕੇ ਹਾਜ਼ਰ ਹੋਵੇ।

ਮਿਸਲ ਦੱਸਦੀ ਸੀ ਕਿ ਬੱਚੇ ਨੂੰ ਗੁੰਮ ਹੋਇਆਂ ਦਸਵਾਂ ਦਿਨ ਸੀ। ਧਮਕੀ ਵਾਲੀ ਚਿੱਠੀ ਸ਼ਹਿਰ ਵਿਚੋਂ ਹੀ ਪੋਸਟ ਹੁੰਦੀ ਸੀ। ਪੁਲਿਸ ਅੱਧਾ ਸ਼ਹਿਰ ਕੁੱਟ ਚੁੱਕੀ ਸੀ ਪਰ ਪ੍ਰਨਾਲਾ ਉਥੇ ਦਾ ਉਥੇ ਸੀ।

ਦਹਿਸ਼ਤਗਰਦਾਂ ਦੀ ਹਰ ਚਿੱਠੀ ਰਸਤੇ ਵਿਚ ਹੀ ਦਬੋਚ ਲੈਣਾ ਪੁਲਿਸ ਆਪਣੀ ਬਹਾਦਰੀ ਸਮਝਦੀ ਸੀ। ਮਿਸਲ ਵਿਚ ਥਾਂ-ਥਾਂ ਪੁਲਿਸ ਦੀ ਇਸੇ ਚੌਕਸੀ ’ਤੇ ਤਸੱਲੀ ਪ੍ਰਗਟਾਈ ਗਈ ਸੀ।

ਰੀਡਰ ਦੱਸ ਰਿਹਾ ਸੀ ਕਿ ਸ਼ਹਿਰ ਵਾਲੇ ਦਹਿਸ਼ਤਗਰਦਾਂ ਨੂੰ ਪੈਸੇ ਦੇਣ ਨੂੰ ਤਿਆਰ ਹਨ। ਪੰਜ ਦੀ ਥਾਂ ਉਹਨਾਂ ਪੰਜਾਹ ਹਜ਼ਾਰ ਇਕੱਠਾ ਕਰ ਲਿਆ ਸੀ। ਪੁਲਿਸ ਲੋਕਾਂ ਦੇ ਪੈਰਾਂ ’ਤੇ ਪਾਣੀ ਨਹੀਂ ਪੈਣ ਦਿੰਦੀ। ਪੈਸੇ ਦੇਣ ਨਾਲ ਪੁਲਿਸ ਦਾ ਵਕਾਰ ਖ਼ਤਮ ਹੁੰਦਾ ਹੈ। ਪੁਲਿਸ ਬੰਟੀ ਨੂੰ ਸਹੀ ਸਲਾਮਤ ਬਿਨਾਂ ਕੁਝ ਦਿੱਤੇ-ਲਏ ਬਰਾਮਦ ਕਰਾਏਗੀ।

ਖ਼ਾਨ ਦੀ ਲੋੜ ਆਖ਼ਰੀ ਧਮਕੀ 'ਤੇ ਮਹਿਸੂਸ ਕੀਤੀ ਗਈ ਸੀ। ਇਸ ਚਿੱਠੀ ਨਾਲ ਸਾਰਾ ਸ਼ਹਿਰ ਦਹਿਲ ਗਿਆ ਸੀ। ਪੁਲਿਸ ਨਾ ਕੁਝ ਆਪ ਕਰਦੀ ਸੀ ਨਾ ਲੋਕਾਂ ਨੂੰ ਕਰਨ ਦਿੰਦੀ ਸੀ। ਇਸ ਤਰ੍ਹਾਂ ਬੱਚਾ ਕਿਸ ਤਰ੍ਹਾਂ ਬਰਾਮਦ ਹੋਏਗਾ ?

ਡਿਪਟੀ ਆਪਣੇ ਆਪ ਨੂੰ ਖੱਬੀ-ਖ਼ਾਨ ਅਫ਼ਸਰ ਅਖਵਾਉਂਦਾ ਹੈ। ਉਸ ਤੋਂ ਵੀ ਪੂਰੀ ਨਹੀਂ ਪਈ। ਮੁੱਖ ਮੰਤਰੀ ਦੀ ਸਮਾਧੀ ਉਸ ਸਮੇਂ ਹੀ ਖੁੱਲ੍ਹੀ ਜਦੋਂ ਸ਼ਹਿਰ ਦੇ ਪਤਵੰਤੇ ਵਿਰੋਧੀ ਕੈਂਪ ਦੇ ਨਹੀਂ, ਸਗੋਂ ਉਸ ਦੇ ਆਪਣੇ ਨਜ਼ਦੀਕੀ ਸਨ, ਪੱਬੀ, ਠੇਕੇਦਾਰ ਅਤੇ ਨੰਬਰਦਾਰ। ਉਹਨਾਂ ਕੋਲ ਡਿਪਟੀ ਦੇ ਖ਼ਿਲਾਫ਼ ਸ਼ਿਕਾਇਤਾਂ ਦੀ ਪੰਡ ਸੀ।

ਦੌਰੇ 'ਤੇ ਗਿਆ ਮੰਤਰੀ ਜਦੋਂ ਕਿਸੇ ਭੱਦਰ-ਪੁਰਸ਼ ਦੇ ਘਰ ਜਾਂਦਾ ਹੈ ਜਾਂ ਖਾਣਾ ਖਾਂਦਾ ਹੈ ਤਾਂ ਉਸ ਦਾ ਕੋਈ ਮਤਲਬ ਹੁੰਦਾ ਹੈ। ਅਫ਼ਸਰਾਂ ਅਤੇ ਲੋਕਾਂ ਨੂੰ ਇਸ਼ਾਰਾ ਹੁੰਦਾ ਹੈ ਕਿ ਮੇਜ਼ਬਾਨ ਮੰਤਰੀ ਦਾ ਖ਼ਾਸ ਬੰਦਾ ਹੈ। ਪੱਬੀ ਦੀ ਮੰਤਰੀ ਨਾਲ ਨੇੜਤਾ ਬਾਰੇ ਤਾਂ ਕਿਸੇ ਨੂੰ ਸ਼ੱਕ ਹੋਣਾ ਹੀ ਨਹੀਂ ਚਾਹੀਦਾ। ਜੇ ਪੱਬੀ ਦੀਆਂ ਧੀਆਂ-ਭੈਣਾਂ ਹੀ ਚੁੱਕ ਲਿਆਂਦੀਆਂ ਗਈਆਂ ਤਾਂ ਬਾਕੀ ਲੋਕਾਂ ਨਾਲ ਕੀ ਬਣੀ ਹੋਏਗੀ, ਇਸ ਦਾ ਅੰਦਾਜ਼ਾ ਮੁੱਖ ਮੰਤਰੀ ਆਸਾਨੀ ਨਾਲ ਲਾ ਸਕਦਾ ਸੀ।

ਠੇਕੇਦਾਰਾਂ ਨੇ ਮੁੱਖ ਮੰਤਰੀ ਅੱਗੇ ਦੋ-ਨੁਕਾਤੀ ਪ੍ਰੋਗਰਾਮ ਰੱਖਿਆ ਸੀ। ਪਹਿਲਾ ਡਿਪਟੀ ਦਾ ਤਬਾਦਲਾ। ਦੂਜਾ ਸ਼ਹਿਰ ਨੂੰ ਪੁਲਿਸ ਦੀ ਲੁੱਟ ਅਤੇ ਕੁੱਟ ਤੋਂ ਬਚਾਉਣ ਲਈ ਬੰਟੀ ਦੀ ਬਰਾਮਦਗੀ ਤਕ ਖ਼ਾਨ ਦਾ ਸ਼ਹਿਰ ਵਿਚ ਤਬਾਦਲਾ।

ਹਰਖੇ ਮੁੱਖ ਮੰਤਰੀ ਨੇ ਦੋਹਾਂ ਨੁਕਤਿਆਂ 'ਤੇ ਅਮਲ ਸ਼ੁਰੂ ਕਰ ਦਿੱਤਾ।

ਡਿਪਟੀ ਨੂੰ ਪੀ.ਏ.ਪੀ. ਜਲੰਧਰ ਬਦਲਿਆ ਗਿਆ। ਭੁੱਖੇ ਮਰਦੇ ਨੂੰ ਆਪੇ ਨਾਨੀ ਯਾਦ ਆ ਜਾਏਗੀ। ਉਹਨਾਂ ਦਾ ਖ਼ਿਆਲ ਸੀ।

ਬੰਟੀ ਦੀ ਸੂਹ ਡਿਪਟੀ ਨੂੰ ਮਿਲੇ ਜਾਂ ਨਾ ਪਰ ਆਪਣੇ ਤਬਾਦਲੇ ਦੀ ਸੂਹ ਉਸ ਨੇ ਝੱਟ ਕੱਢ ਲਈ। ਆਰਡਰ ਡਿਸਪੈਚ ਹੋਣ ਤੋਂ ਪਹਿਲਾਂ-ਪਹਿਲਾਂ ਵਿਧਾਨ ਸਭਾ ਦੇ ਸਪੀਕਰ ਨੂੰ ਮੁੱਖ ਮੰਤਰੀ ਦੀ ਕੋਠੀ ਲਿਆ ਬਿਠਾਇਆ। ਅਜਿਹੀ ਸਿਫ਼ਾਰਸ਼ ਲੱਭੀ, ਜਿਸ ਨੂੰ ਮੁੱਖ ਮੰਤਰੀ ਨਾਂਹ ਕਰ ਹੀ ਨਹੀਂ ਸਕਦਾ। ਕੋਈ ਐਮ.ਐਲ.ਏ. ਜਾਂ ਛੋਟਾ-ਮੋਟਾ ਮੰਤਰੀ ਹੁੰਦਾ, ਉਹ ਟਾਲ ਦਿੰਦਾ। ਸਪੀਕਰ ਨੂੰ ਕੀ ਆਖੇ ? ਬਹੁਮਤ ਤਾਂ ਮੁੱਖ ਮੰਤਰੀ ਪਹਿਲਾਂ ਹੀ ਗੁਆ ਚੁੱਕਾ ਹੈ। ਡਾਵਾਂਡੋਲ ਮਨਿਸਟਰੀ ਨੂੰ ਸਪੀਕਰ ਦੀ ਉਸੇ ਤਰ੍ਹਾਂ ਲੋੜ ਸੀ ਜਿਵੇਂ ਮਰ ਰਹੇ ਮਰੀਜ਼ ਨੂੰ ਆਕਸੀਜਨ ਦੀ। ਗੁੱਸੇ ਹੋਇਆ ਸਪੀਕਰ ਕਿਸੇ ਵੀ ਸਮੇਂ ਹੇਠੋਂ ਕੁਰਸੀ ਖਿੱਚ ਸਕਦਾ ਸੀ। ਸੋਚ-ਸਮਝ ਕੇ ਮੁੱਖ-ਮੰਤਰੀ ਨੇ ਅਜਿਹਾ ਰਾਹ ਲੱਭਿਆ ਕਿ ਦੋਹਾਂ ਧਿਰਾਂ ਦੀ ਤਸੱਲੀ ਹੋ ਗਈ। ਆਰਡਰ ਵੀ ਕੈਂਸਲ ਕਰ ਦਿੱਤੇ ਅਤੇ ਡਿਪਟੀ ਤੋਂ ਪੱਬੀ ਹੁਰਾਂ ਦੀਆਂ ਮਿੰਨਤਾਂ ਵੀ ਕਰਵਾ ਦਿੱਤੀਆਂ। ਨਾ ਪੱਬੀ ਨੂੰ ਡਿਪਟੀ ਨਾਲ ਕੋਈ ਨਿੱਜੀ ਰੰਜਿਸ਼ ਸੀ ਨਾ ਠੇਕੇਦਾਰਾਂ ਨੂੰ। ਡਿਪਟੀ ਬੱਸ ਉਹਨਾਂ ਦੇ ਕੰਮ ਵਿਚ ਟੰਗ ਨਾ ਅੜਾਵੇ। ਜਦੋਂ ਸਪੀਕਰ ਨੂੰ ਪਤਾ ਲੱਗਾ ਕਿ ਡਿਪਟੀ ਮੁਖ ਮੰਤਰੀ ਦੇ ਬੰਦਿਆਂ ਨੂੰ ਵੀ ਨਹੀਂ ਬਖ਼ਸ਼ਦਾ ਤਾਂ ਉਸ ਨੇ ਸਭ ਦੇ ਸਾਹਮਣੇ ਹੀ ਡਿਪਟੀ ਨੂੰ ਝਾੜਾਂ ਪਾਈਆਂ।

ਦੂਸਰੇ ਨੁਕਤੇ 'ਤੇ ਹੋਏ ਅਮਲ ਦੇ ਰੂਪ ਵਿਚ ਖ਼ਾਨ ਸ਼ਹਿਰ ਪਹੁੰਚਿਆ ਸੀ।

ਮੁੱਖ ਮੰਤਰੀ ਨੇ ਖ਼ਾਨ ਦਾ ਹੈਡਕੁਆਰਟਰ ਤਾਂ ਸ਼ਹਿਰ ਤਬਦੀਲ ਕੀਤਾ ਹੀ ਸੀ, ਕਪਤਾਨ ਦਾ ਵੀ ਚੰਗਾ ਮੱਕੂ ਠੱਪਿਆ। ਮੁੱਖ ਮੰਤਰੀ ਦੇ ਸ਼ਹਿਰ ਵਿਚ ਹਾਹਾਕਾਰ ਮੱਚੀ ਪਈ ਸੀ ਪਰ ਕਪਤਾਨ ਸੁੱਤਾ ਪਿਆ ਸੀ। ਸ਼ਿਕਾਇਤਾਂ ਨਾਲ ਅਖ਼ਬਾਰ ਭਰੇ ਪਏ ਹੁੰਦੇ ਹਨ ਪਰ ਉਸ ਨੇ ਹਾਲੇ ਤਕ ਇਕ ਵੀ ਮੁਲਾਜ਼ਮ ਦੀ ਪੜਤਾਲ ਸ਼ੁਰੂ ਨਹੀਂ ਕੀਤੀ। ਕਈ ਦਿਨ ਹੜਤਾਲ ਰਹੀ ਪਰ ਉਸ ਨੇ ਸ਼ਹਿਰ

ਦਾ ਇਕ ਵੀ ਚੱਕਰ ਨਹੀਂ ਮਾਰਿਆ। ਸਾਰੇ ਕੰਮ ਵਿਚੇ ਛੱਡ ਕੇ ਉਹ ਬੰਟੀ ਦੇ ਕੇਸ ਵੱਲ ਧਿਆਨ ਦੇਵੇ। ਲੋਕਾਂ ਵਿਚ ਵਿਸ਼ਵਾਸ ਪੈਦਾ ਕਰਨ ਲਈ ਚੁਸਤ-ਚਲਾਕ ਅਤੇ ਇਮਾਨਦਾਰ ਐਸ.ਪੀ. ਖ਼ਾਨ ਦਾ ਹੈਡਕੁਆਰਟਰ ਸ਼ਹਿਰ ਤਬਦੀਲ ਕੀਤਾ ਜਾਵੇ।

ਖ਼ਾਨ ਦੀ ਯੋਗਤਾ ਵਿਚ ਮੁੱਖ ਮੰਤਰੀ ਨੇ ਜਿਹੜਾ ਭਰੋਸਾ ਪ੍ਰਗਟਾਇਆ ਸੀ, ਉਹ ਖ਼ਾਨ ਲਈ ਫ਼ਖ਼ਰ ਵਾਲੀ ਗੱਲ ਸੀ। ਖ਼ਾਨ ਨੂੰ ਆਈ.ਪੀ.ਐਸ. ਵਿਚ ਆਇਆਂ ਸਾਰੇ ਢਾਈ ਸਾਲ ਹੋਏ ਸਨ। ਡੇਢ ਸਾਲ ਸਿਖਲਾਈ ਵਿਚ ਲੰਘ ਗਿਆ। ਆਪਣੇ ਜੌਹਰ ਦਿਖਾਉਣ ਲਈ ਉਸ ਨੂੰ ਕੇਵਲ ਇਕ ਸਾਲ ਮਿਲਿਆ ਸੀ।

ਉਸ ਦੀ ਪਹਿਲੀ ਪੋਸਟਿੰਗ ਮੋਗੇ ਦੀ ਸੀ, ਬਤੌਰ ਏ.ਐਸ.ਪੀ.।

ਜੋ ਕੁਝ ਇਲਾਕੇ 'ਚ ਵਾਪਰ ਰਿਹਾ ਸੀ, ਉਸ ਨੂੰ ਦੇਖ-ਦੇਖ ਖ਼ਾਨ ਹੈਰਾਨ ਹੁੰਦਾ ਰਿਹਾ। ਅਮਲੀਆਂ 'ਤੇ ਧੜਾ-ਧੜ ਕੇਸ ਬਣ ਰਹੇ ਸਨ। ਟਰੱਕਾਂ ਦੇ ਟਰੱਕ ਅਫ਼ੀਮ-ਡੋਡੇ ਵੇਚਣ ਵਾਲਿਆਂ ਨਾਲ ਪੁਲਿਸ ਹਮ-ਪਿਆਲਾ ਹੁੰਦੀ ਸੀ। ਪਿੰਡ ਅਜਿੱਤਵਾਲ 'ਅਫ਼ੀਮ ਦੀ ਮੰਡੀ' ਦੇ ਨਾਂ ਨਾਲ ਮਸ਼ਹੂਰ ਸੀ। ਇਥੋਂ ਦੇ 'ਆੜ੍ਹਤੀਏ' ਕਿਸੇ ਥਾਣੇ ਨੂੰ ਸੱਠ ਹਜ਼ਾਰ ਰੁਪਿਆ ਮਹੀਨਾ ਦਿੰਦੇ ਸਨ ਅਤੇ ਕਿਸੇ ਨੂੰ ਚਾਲੀ ਹਜ਼ਾਰ।

ਖ਼ਾਨ ਨੇ ਜਾਂਦਿਆਂ ਹੀ ਵੱਡੇ-ਵੱਡੇ ਮਗਰਮੱਛਾਂ ਨੂੰ ਹੱਥ ਪਾਇਆ। ਪਹਿਲਾਂ ਸਮੱਗਲਰਾਂ ਵੱਲੋਂ ਧਮਕੀਆਂ ਆਈਆਂ। ਫੇਰ ਸਿਫ਼ਾਰਸ਼ਾਂ ਅਤੇ ਅਖ਼ੀਰ ਵਿਚ ਤਰ੍ਹਾਂ-ਤਰ੍ਹਾਂ ਦੀਆਂ ਪੇਸ਼ਕਸ਼ਾਂ। ਕੋਈ ਨਵੀਂ ਕਾਰ ਦੇਣ ਨੂੰ ਫਿਰਦਾ ਸੀ, ਕੋਈ ਕੋਠੀ। ਕੋਈ ਲੱਖ ਰੁਪਿਆ ਮਹੀਨਾ ਦੇਣ ਨੂੰ ਤਿਆਰ ਸੀ, ਕੋਈ ਡੇਢ ਲੱਖ।

ਖ਼ਾਨ ਨੇ ਕਸਮ ਖਾਧੀ ਸੀ, ਜਿੰਨਾ ਚਿਰ ਏਥੇ ਰਹੇਗਾ, ਨਸ਼ਾ ਨਹੀਂ ਵਿਕਣ ਦੇਵੇਗਾ। ਜਦੋਂ ਸਮੱਗਲਰਾਂ ਦੀ ਕੋਈ ਪੇਸ਼ ਨਾ ਗਈ ਤਾਂ ਉਹ ਵਜ਼ੀਰਾਂ ਪਿੱਛੇ ਫਿਰਨ ਲੱਗੇ। ਕਈ ਵਾਰ ਖ਼ਾਨ ਦੀ ਬਦਲੀ ਕਰਵਾਈ, ਪਰ ਅਮਨ-ਪਸੰਦ ਲੋਕ ਆਪੇ ਬਦਲੀ ਕੈਂਸਲ ਕਰਾ ਦਿੰਦੇ। ਖ਼ਾਨ ਨੇ ਸਮੱਗਲਰਾਂ ਦੇ ਜਲੂਸ ਕੱਢੇ, ਮੂੰਹ ਕਾਲੇ ਕੀਤੇ, ਲੋਕਾਂ ਸਾਹਮਣੇ ਨੱਕ ਰਗੜਾਏ ਅਤੇ ਮੰਦਰਾਂ-ਗੁਰਦੁਆਰਿਆਂ ਵਿਚ ਸਹੁੰ ਖੁਆਈ।

ਉਸ ਸਮੇਂ ਤਾਂ ਲੋਕਾਂ ਦੇ ਮੂੰਹ ਅੱਡੇ ਹੀ ਰਹਿ ਗਏ ਜਦੋਂ ਖ਼ਾਨ ਨੇ ਜ਼ੈਲਦਾਰਾਂ ਦਾ ਨਕਾਬ ਲਾਹਿਆ।

ਚਾਰਜ ਸੰਭਾਲਦਿਆਂ ਹੀ ਉਸ ਅੱਗੇ ਜ਼ੈਲਦਾਰਾਂ ਦੀ ਨੂੰਹ ਦੇ ਕਤਲ ਵਾਲੀ ਮਿਸਲ ਪੇਸ਼ ਕੀਤੀ ਗਈ। ਕਤਲ ਹੋਏ ਨੂੰ ਸਾਲ ਹੋ ਗਿਆ ਸੀ। ਕਾਤਲ ਭਈਆ ਉਸੇ ਦਿਨ ਤੋਂ ਫ਼ਰਾਰ ਸੀ। ਪੁਲਿਸ ਸਿਰ-ਤੋੜ ਯਤਨ ਕਰ ਚੁੱਕੀ ਸੀ, ਭਈਆ ਨਹੀਂ ਸੀ ਮਿਲਿਆ। ਉਸ ਨੂੰ ਇਸ਼ਤਿਹਾਰੀ ਮੁਜਰਮ ਕਰਾਰ ਦਿੱਤਾ ਜਾ ਚੁੱਕਾ ਸੀ। ਹੇਠਲੇ ਅਫ਼ਸਰਾਂ ਦਾ ਕੇਸ ਨੂੰ 'ਅਨਟਰੇਸ' ਦੇ ਕੇ ਤਫ਼ਤੀਸ਼ ਬੰਦ ਕਰਨ ਦਾ ਇਰਾਦਾ ਸੀ।

ਖ਼ਾਨ ਨੂੰ ਦਾਲ 'ਚ ਕਾਲਾ ਨਜ਼ਰ ਆਇਆ। ਪੰਜਾਬ ਪੁਲਿਸ ਏਨੀ ਗਈ-ਗੁਜ਼ਰੀ ਨਹੀਂ ਕਿ ਇਕ ਭਈਆ ਹੀ ਨਾ ਫੜਿਆ ਜਾਵੇ। ਮਾਮਲਾ ਸ਼ੱਕੀ ਸੀ।

ਅਜੀਬ ਜਿਹੀ ਕਹਾਣੀ ਸੀ। ਕਤਲ ਸਵੇਰੇ, ਮੂੰਹ-ਹਨੇਰੇ ਉਸੇ ਸਮੇਂ ਹੋਇਆ ਜਦੋਂ ਵੱਡੀ ਨੂੰਹ ਮੱਝਾਂ ਦੀ ਧਾਰ ਕੱਢ ਰਹੀ ਸੀ। ਕੋਲ ਖ਼ੂਨ ਨਾਲ ਲਿੱਬੜੀ ਭਈਏ ਦੀ ਪੈਂਟ ਅਤੇ ਜੁੱਤੀ ਪਈ ਸੀ। ਸਰਦਾਰਨੀ ਦੇ ਗਲੋਂ ਸੋਨੇ ਦੀ ਚੈਨੀ ਗ਼ਾਇਬ ਸੀ। ਅਲਮਾਰੀ ਵਿਚ ਪਿਆ ਤਿੰਨ ਹਜ਼ਾਰ ਰੁਪਿਆ ਵੀ ਨਹੀਂ ਸੀ ਲੱਭਦਾ। ਘਰ ਵਾਲਿਆਂ ਨੂੰ ਭਈਏ 'ਤੇ ਸ਼ੱਕ ਸੀ। ਉਸ ਅੰਦਰ ਲਾਲਚ

ਜਾਗ ਪਿਆ। ਗੜਬੜ ਇਹ ਸੀ ਕਿ ਭਈਏ ਦਾ ਪਿਛਲਾ ਪਤਾ ਕਿਸੇ ਨੂੰ ਨਹੀਂ ਸੀ ਪਤਾ। ਪੁਲਿਸ ਸਿਰ ਖਪਾ ਕੇ ਬੈਠ ਗਈ। ਜ਼ੈਲਦਾਰਾਂ ਨੇ ਭਾਣਾ ਮੰਨ ਲਿਆ। ਜਦੋਂ ਕੋਈ ਪੈਰਵਾਈ ਹੀ ਨਹੀਂ ਕਰਦਾ ਤਾਂ ਪੁਲਿਸ ਪੱਲਿਉਂ ਪੈਰਵਾਈ ਕਿਉਂ ਕਰੇ ? ਜਿਥੇ ਬਸਤੇ ਵਿਚ ਹੋਰ ਸੈਂਕੜੇ ਮਿਸਲਾਂ ਪਈਆਂ ਹਨ, ਉਥੇ ਇਕ ਹੋਰ ਪਈ ਰਹੇਗੀ।

ਪਹਿਲੀ ਜ਼ਿਮਨੀ ਪੜ੍ਹਦਿਆਂ ਹੀ ਖ਼ਾਨ ਨੂੰ ਜਚ ਗਈ ਕਿ ਕਾਤਲ ਘਰ ਵਿਚ ਹੀ ਸਨ। ਭਈਆ ਸਾਰਾ ਅੱਠਾਂ ਸਾਲਾਂ ਦਾ ਸੀ, ਜਦੋਂ ਸਰਦਾਰਾਂ ਦੇ ਆਇਆ ਸੀ। ਦਸਾਂ ਸਾਲਾਂ ਤੋਂ ਭਈਆ ਘਰ ਵਿਚ ਪੁੱਤਾਂ ਵਾਂਗ ਰਹਿੰਦਾ ਸੀ। ਘਰ ਦੀ ਹਰ ਚੀਜ਼ ਦਾ ਉਸ ਨੂੰ ਇਲਮ ਸੀ। ਸਵੇਰੇ ਉੱਠ ਕੇ ਮੱਝਾਂ ਨੂੰ ਪੱਠੇ ਪਾਉਂਦਾ, ਸੰਨ੍ਹੀਆਂ ਰਲਾਉਂਦਾ, ਫੇਰ ਸਰਦਾਰਨੀ ਨਾਲ ਧਾਰਾਂ ਕੱਢਦਾ। ਚੋਰੀ ਦੀ ਨੀਯਤ ਹੁੰਦੀ ਤਾਂ ਕਿਸੇ ਚੰਗੀ ਚੀਜ਼ 'ਤੇ ਹੱਥ ਮਾਰਦਾ, ਪੰਜ-ਸੱਤ ਹਜ਼ਾਰ ਦੀ ਚੋਰੀ ਲਈ ਕਤਲ ਦੀ ਕੀ ਲੋੜ ਸੀ ?

ਲਾਸ਼ ਤੂੜੀ ਵਾਲੇ ਕੋਠੇ ਵਿਚ ਕਿਵੇਂ ਪੁੱਜੀ ? ਕਿਸੇ ਨੂੰ ਮਰਨ ਵਾਲੀ ਦੀ ਚੀਕ ਤਕ ਸੁਣਾਈ ਕਿਉਂ ਨਹੀਂ ਦਿੱਤੀ। ਭਈਏ ਦੀ ਪੈਂਟ ਅਤੇ ਜੁੱਤੀ ਉੱਪਰ ਖ਼ੂਨ ਕਿਥੋਂ ਆਇਆ ? ਕਤਲ ਛੇ ਵਜੇ ਹੋਇਆ। ਰਿਪੋਰਟ ਦਸ ਵਜੇ ਦਰਜ ਕਰਵਾਈ ਗਈ। ਚਾਰ ਘੰਟੇ ਮਸਲਾ ਗੁਪਤ ਕਿਉਂ ਰੱਖਿਆ ਗਿਆ।

ਭਈਏ ਦਾ ਸਾਰਾ ਸਾਮਾਨ ਉਸ ਦੀ ਕੋਠੜੀ ਵਿਚ ਸੀ। ਤਲਾਸ਼ੀ ਸਮੇਂ ਕੁਝ ਪੈਸੇ ਵੀ ਮਿਲੇ ਸਨ। ਡਾਕਖ਼ਾਨੇ ਵਿਚ ਖਾਤਾ ਸੀ। ਚਾਰ ਸੌ ਜਮ੍ਹਾਂ ਸੀ। ਭੱਜਣਾ ਹੁੰਦਾ ਤਾਂ ਪੈਸੇ ਕਢਾ ਕੇ ਰੱਖਦਾ।

ਖ਼ਾਨ ਦੇ ਸਰਸਰੀ ਜਿਹੀ ਪੁੱਛ-ਪੜਤਾਲ ਲਈ ਜ਼ੈਲਦਾਰਾਂ ਨੂੰ ਬੁਲਾਇਆ ਤਾਂ ਡੀ.ਆਈ.ਜੀ. ਦਾ ਫ਼ੋਨ ਆ ਗਿਆ।

"ਸਰਦਾਰ ਮੇਰੇ ਰਿਸ਼ਤੇਦਾਰ ਹਨ। ਘਰ ਪਹਿਲਾਂ ਹੀ ਪੁੱਟਿਆ ਗਿਆ। ਉਹਨਾਂ ਨੂੰ ਹੋਰ ਪ੍ਰੇਸ਼ਾਨ ਨਾ ਕੀਤਾ ਜਾਵੇ।"

ਖ਼ਾਨ ਨੂੰ ਯਕੀਨ ਹੋ ਗਿਆ ਕਿ ਭਈਆ ਕਾਤਲ ਨਹੀਂ। ਸਿਫ਼ਾਰਸ਼ਾਂ ਦਾ ਮਤਲਬ ਸੀ ਸਰਦਾਰਾਂ ਦੇ ਦਿਲ ਵਿਚ ਚੋਰ ਸੀ।

ਖ਼ੁਫ਼ੀਆ ਪੜਤਾਲ ਕਰਾਈ ਤਾਂ ਪਤਾ ਲੱਗਾ ਕਿ ਮਰਨ ਵਾਲੀ ਦਾ ਘਰ ਵਾਲਾ ਦਸਾਂ ਸਾਲਾਂ ਤੋਂ ਇੰਗਲੈਂਡ ਰਹਿੰਦੈ। ਜਦੋਂ ਇਥੇ ਸੀ, ਉਦੋਂ ਵੀ ਸਰਦਾਰਨੀ ਨਾਲ ਨਹੀਂ ਸੀ ਬਣਦੀ। ਇੰਗਲੈਂਡ ਵਿਚ ਉਸ ਨੇ ਦੂਜਾ ਵਿਆਹ ਕਰਾਇਆ ਹੋਇਐ। ਬਾਲ-ਬੱਚੇ ਵੀ ਹਨ। ਮਰਨ ਵਾਲੀ ਪੇਟੋਂ ਨਹੀਂ ਸੀ ਫੁੱਟੀ। ਪਹਿਲਾਂ ਪੇਕੇ ਰਹੀ। ਭਰਜਾਈ ਨੇ ਲੜ-ਲੜ ਘਰੋਂ ਕੱਢੀ ਤਾਂ ਦਿਨ-ਕੱਟੀ ਕਰਨ ਇਥੇ ਆ ਗਈ। ਜ਼ੈਲਦਾਰਾਂ ਨੇ ਉਸ ਨੂੰ ਮੁਫ਼ਤ ਦੀ ਕਾਮੀ ਸਮਝ ਕੇ ਰੱਖ ਲਿਆ। ਉਸ ਦਾ ਖ਼ਰਚ ਤਾਂ ਭਈਏ ਨਾਲੋਂ ਵੀ ਘੱਟ ਸੀ। ਸਾਰਾ ਦਿਨ ਭਈਏ ਨਾਲ ਰਲ ਕੇ ਕੰਮ ਕਰਾਉਂਦੀ। ਗੁਆਂਢੀਆਂ ਨੂੰ ਸ਼ੱਕ ਸੀ, ਉਹ ਭਈਏ ਨਾਲ ਘੁਲ-ਮਿਲ ਗਈ ਹੋਵੇਗੀ। ਕਈ ਵਾਰ ਉਸ ਨੂੰ ਭਈਏ ਨਾਲ ਹੱਸਦੇ-ਖੇਡਦੇ ਦੇਖਿਆ ਗਿਆ ਸੀ।

ਚਾਰ ਦਿਨ ਸਖ਼ਤ ਮਿਹਨਤ ਕਰ ਕੇ ਖ਼ਾਨ ਦੀ ਤੇਜ਼ ਬੁੱਧੀ ਨੇ ਟੁੱਟੀਆਂ ਤੰਦਾਂ ਜੋੜ ਲਈਆਂ। ਉਸ ਦੇ ਭਈਏ ਨਾਲ ਨਾਜਾਇਜ਼ ਸੰਬੰਧ ਹੋਣਗੇ। ਤੂੜੀ ਵਾਲੇ ਕੋਠੇ ਵਿਚ ਫੜੇ ਗਏ ਹੋਣਗੇ। ਹਰਖੇ ਸਰਦਾਰਾਂ ਨੇ ਦੋਹਾਂ ਦਾ ਫਾਹਾ ਵੱਢ ਦਿੱਤਾ। ਨੂੰਹ ਦੀ ਮੌਤ ਲੁਕਾਉਣਾ ਮੁਸ਼ਕਿਲ ਸੀ, ਕਿਸੇ ਸਿਆਣੇ ਦੀ ਰਾਏ ਨਾਲ ਕਤਲ ਭਈਏ ਸਿਰ ਮੜ੍ਹ ਦਿੱਤਾ ਗਿਆ। ਨਾਲੇ ਸੱਪ ਵੀ ਮਰ ਜਾਣਾ ਸੀ, ਨਾਲੇ ਸੋਟੀ ਵੀ ਬਚ ਰਹਿਣੀ ਸੀ।

ਸਾਰੀਆਂ ਸਿਫ਼ਾਰਸ਼ਾਂ ਇਕ ਪਾਸੇ ਰੱਖ ਕੇ ਜਦੋਂ ਵੱਡੇ ਸਰਦਾਰ ਦੇ ਘੋਟਾ ਲਾਉਣ ਲਈ ਕੱਪੜੇ ਲੁਹਾਏ ਗਏ ਤਾਂ ਉਸ ਨੇ ਸਾਰਾ ਸੱਚ ਉਗਲ ਦਿੱਤਾ।

ਸਰਦਾਰ ਜਦੋਂ ਭਈਏ ਦੀਆਂ ਹੱਡੀਆਂ ਬਰਾਮਦ ਕਰਾਉਣ ਖੇਤ ਗਏ ਤਾਂ ਚਾਰ ਸੌ ਬੰਦੇ ਦਾ ਇਕੱਠ ਸੀ। ਵੀਡੀਓ ਕੈਮਰੇ ਚੁੱਕੀ ਪੱਤਰਕਾਰ ਇਉਂ ਭੱਜੇ ਫਿਰਦੇ ਸਨ ਜਿਵੇਂ ਵਿਆਹ ’ਚ ਨੈਣ ਭੱਜੀ ਫਿਰਦੀ ਹੈ।

ਕਈ ਮਹੀਨੇ ਇਸ ਸਨਸਨੀਖੇਜ਼ ਕਤਲ ਦੀਆਂ ਫ਼ੋਟੋਆਂ ਅਤੇ ਰਿਪੋਰਟਾਂ ਅਖ਼ਬਾਰਾਂ ਵਿਚ ਛਪੀਆਂ। ਖ਼ਾਨ ਦੀ ਇੰਟਰਵਿਊ ਕਰਨ ਪੱਤਰਕਾਰ ਦੂਰੋਂ-ਦੂਰੋਂ ਆਏ। ਵਧਾਈ ਦੀਆਂ ਚਿੱਠੀਆਂ ਦਾ ਤਾਂਤਾ ਲੱਗ ਗਿਆ। ਡੀ.ਜੀ. ਨੇ ਖ਼ੁਦ ਫ਼ੋਨ ਕਰ ਕੇ ਖ਼ਾਨ ਦੇ ਕੰਮ ਨੂੰ ਸਲਾਹਿਆ।

ਪਾਪਾ ਨੇ ਕਲਕੱਤੇ ਤੋਂ ਵਧਾਈ ਦੀ ਤਾਰ ਵੀ ਦਿੱਤੀ ਅਤੇ ਇਕ ਵੱਡਾ ਸਾਰਾ ਨਸੀਹਤਾਂ ਨਾਲ ਭਰਿਆ ਖ਼ਤ ਵੀ ਲਿਖਿਆ। ਖ਼ਾਨ ਨੇ ਡੀ.ਆਈ.ਜੀ. ਨੂੰ ਨਰਾਜ਼ ਕਰਕੇ ਚੰਗਾ ਨਹੀਂ ਕੀਤਾ। ਨਵੇਂ ਅਫ਼ਸਰ ਨੂੰ ਕਦੇ ਵੀ ਆਪਣੇ ‘ਬਾਸ’ ਨਾਲ ਵਿਗਾੜਨੀ ਨਹੀਂ ਚਾਹੀਦੀ। ਅਫ਼ਸਰ ਮਾਤਹਿਤ ਦਾ ਕਿਸੇ ਸਮੇਂ ਕੰਨ ਖਿੱਚ ਸਕਦਾ ਹੈ। ਪਾਪਾ ਨੇ ਹਵਾ ਦੇ ਰੁਖ਼ ਅਨੁਸਾਰ ਚੱਲਣ ਦੀ ਰਾਏ ਦਿੱਤੀ ਸੀ। ਪਰ ਖ਼ਾਨ ਸੀ ਕਿ ਹਵਾ ਦੇ ਰੁਖ਼ ਨੂੰ ਮੋੜਨ ਵਿਚ ਵਿਸ਼ਵਾਸ ਰੱਖਦਾ ਸੀ।

ਖ਼ਾਨ ਪਾਪਾ ਨੂੰ ਫ਼ੋਨ ਕਰਨ ਲਈ ਕਾਹਲਾ ਪੈ ਰਿਹਾ ਸੀ। ਉਹ ਦੱਸਣਾ ਚਾਹੁੰਦਾ ਸੀ ਕਿ ਖ਼ਾਨ ਦੇ ਕੰਮ ਦੇ ਡੰਕੇ ਮੁੱਖ ਮੰਤਰੀ ਦੇ ਦਰਬਾਰ ਤਕ ਵੱਜ ਚੁੱਕੇ ਹਨ। ਲੋਕਾਂ ਨੇ ਖ਼ਾਨ ਤੋਂ ਤਫ਼ਤੀਸ਼ ਕਰਾਉਣ ਲਈ ਮੁੱਖ ਮੰਤਰੀ ’ਤੇ ਦਬਾਅ ਪਾਇਆ ਹੈ। ਹਾਲੇ ਫ਼ੋਨ ਲਈ ਉਸ ਕੋਲ ਵਕਤ ਨਹੀਂ ਸੀ। ਉਸ ਨੇ ਸ਼ਹਿਰ ਜਾਣਾ ਸੀ, ਤਫ਼ਤੀਸ਼ ਦੀਆਂ ਕੜੀਆਂ ਜੋੜਨੀਆਂ ਸਨ ਅਤੇ ਬੰਟੀ ਨੂੰ ਬਰਾਮਦ ਕਰਨ ਦੇ ਰਾਹ ਲੱਭਣੇ ਸਨ।

ਸ਼ਹਿਰ ਪਹੁੰਚ ਕੇ ਨਾ ਖ਼ਾਨ ਸੁੱਤਾ, ਨਾ ਉਸ ਨੇ ਕਿਸੇ ਤਫ਼ਤੀਸ਼ੀ ਅਫ਼ਸਰ ਨੂੰ ਸੌਣ ਦਿੱਤਾ। ਉਹ ਥਾਣੇਦਾਰਾਂ ਨੂੰ ਝਈਆਂ ਲੈ-ਲੈ ਪੈ ਰਿਹਾ ਸੀ। ਅਫ਼ਸੋਸ ਕਰ ਰਿਹਾ ਸੀ ਕਿ ਤਫ਼ਤੀਸ਼ ਪਹਿਲੇ ਦਿਨ ਵਾਲੀ ਥਾਂ ਹੀ ਖੜੀ ਸੀ। ਵਰਕੇ ਕਾਲੇ ਕਰਨ ਤੋਂ ਇਲਾਵਾ ਕਿਸੇ ਨੇ ਕੁਝ ਨਹੀਂ ਸੀ ਕੀਤਾ। ਸਭ ਨੇ ‘ਹਿੱਟ ਐਂਡ ਟਰਾਇਲ’ ਤਰੀਕਾ ਅਪਣਾਇਆ ਸੀ। ਪੁਰਾਣੀਆਂ ਲਿਸਟਾਂ ਚੁੱਕੀਆਂ, ਮੁਜਰਮ ਬੁਲਾਏ, ਮਾਰੇ-ਕੁੱਟੇ ਅਤੇ ਛੱਡ ਦਿੱਤੇ। ਡਿਪਟੀ ਤਕ ਨੇ ਇਹ ਪੜਤਾਲ ਨਹੀਂ ਸੀ ਕੀਤੀ ਕਿ ਚਿੱਠੀ ਦਾ ਵਰਕਾ ਕਿਹੋ ਜਿਹਾ ਹੈ ? ਕਾਪੀ ਦਾ, ਦਸਤੇ ਦਾ ਜਾਂ ਕਿਸੇ ਪੈਡ ਦਾ ? ਸਿਆਹੀ ਕਿਹੋ ਜਿਹੀ ਵਰਤੀ ਜਾ ਰਹੀ ਹੈ ? ਦਫ਼ਤਰਾਂ ਵਾਲੀ, ਸਕੂਲੀ ਬੱਚਿਆਂ ਵਾਲੀ ਜਾਂ ਦੁਕਾਨਦਾਰਾਂ ਵਾਲੀ ? ਪੈੱਨ ਵਰਤਿਆ ਗਿਆ ਹੈ ਜਾਂ ਪੈਨਸਲ। ਹਰ ਵਾਰ ਉਸੇ ਤਰ੍ਹਾਂ ਦਾ ਕਾਗ਼ਜ਼ ਵਰਤਿਆ ਜਾਂਦਾ ਹੈ ਜਾਂ ਵੱਖਰਾ ? ਲਿਖਤ ਕਿਸ ਤਰ੍ਹਾਂ ਦੀ ਹੈ ? ਕਿਸੇ ਪੜ੍ਹੇ-ਲਿਖੇ ਦੀ ? ਸ਼ਬਦ-ਜੋੜਾਂ ਵਿਚ ਕਿਹੋ ਜਿਹੀਆਂ ਗ਼ਲਤੀਆਂ ਹਨ। ਲਿਖਣ ਵਾਲਾ ਇਕੋ ਹੈ ਜਾਂ ਵੱਖ-ਵੱਖ ? ਕਿਸੇ ਨੂੰ ਕੁਝ ਨਹੀਂ ਪਤਾ। ਇਕੋ ਗੱਲ ਦਾ ਪਤਾ ਹੈ ਕਿ ਕਿਵੇਂ ਨਾ ਕਿਵੇ ਚਿੱਠੀ ਬਰਾਮਦ ਕਰੋ ਅਤੇ ਮਿਸਲ ਨਾਲ ਨੱਥੀ ਕਰ ਦਿਉ।

ਤਫ਼ਤੀਸ਼ ਦੀ ਹਾਲਤ ਦੇਖ ਕੇ ਖ਼ਾਨ ਘਬਰਾ ਰਿਹਾ ਸੀ। ਉਸ ਨੂੰ ਬੜਾ ਘੱਟ ਸਮਾਂ ਮਿਲਿਆ ਸੀ। ਆਖ਼ਰੀ ਚਿੱਠੀ ਨੂੰ ਸਹੀ ਮੰਨ ਲਿਆ ਜਾਵੇ ਤਾਂ ਉਸ ਕੋਲ ਇਕ ਦਿਨ ਅਤੇ ਇਕ ਰਾਤ ਸੀ। ਸਾਰਾ ਕੰਮ ਖ਼ਾਨ ਨੇ ਕਰਨਾ ਸੀ। ਕੁਝ ਗੱਲਾਂ ਤਾਂ ਸਾਫ਼ ਨਜ਼ਰ ਆਉਂਦੀਆਂ ਸਨ। ਅਗਵਾਕਾਰ ਹਾਲੇ ਤਕ ਸ਼ਹਿਰ ਵਿਚ ਹੀ ਟਿਕੇ ਹੋਏ ਸਨ। ਇਰਾਦੇ ਦੇ ਪੱਕੇ ਲੱਗਦੇ ਸਨ। ਕਿਸੇ ਖ਼ਾਸ ਥਾਂ ਸ਼ਰਨ ਲਈ ਹੋਈ ਸੀ। ਉਹਨਾਂ ਨੂੰ ਹਰ ਤਰ੍ਹਾਂ ਦੀ ਸੂਚਨਾ ਵੀ ਮਿਲ ਰਹੀ ਸੀ। ਖ਼ਾਨ ਦੇ ਸ਼ਹਿਰ ਪੁੱਜਣ

ਦੀ ਖ਼ਬਰ ਵੀ ਉਹਨਾਂ ਨੂੰ ਮਿਲ ਗਈ ਹੋਵੇਗੀ। ਉਹ ਘਬਰਾਏ ਵੀ ਹੋਣਗੇ। ਖ਼ਾਨ ਇਸ ਗੱਲ 'ਤੇ ਘਬਰਾ ਰਿਹਾ ਸੀ ਕਿ ਜੇ ਉਹਨਾਂ ਬੰਟੀ ਨੂੰ ਮਾਰ ਦਿੱਤਾ ਤਾਂ ਮੁੱਖ ਮੰਤਰੀ ਕੀ ਸੋਚੇਗਾ ? ਖ਼ਾਨ ਦੀ ਬਣੀ-ਬਣਾਈ ਇੱਜ਼ਤ ਮਿੱਟੀ ਵਿਚ ਮਿਲ ਜਾਏਗੀ।

ਹੌਲੀ-ਹੌਲੀ ਖ਼ਾਨ ਆਪਣੀ ਘਬਰਾਹਟ 'ਤੇ ਕਾਬੂ ਪਾਉਣ ਲੱਗਾ। ਵੱਡੇ ਕੰਮ ਨੂੰ ਸਾਹਮਣੇ ਦੇਖ ਕੇ ਘਬਰਾ ਜਾਣਾ ਉਸ ਦੀ ਆਦਤ ਸੀ। ਇਮਤਿਹਾਨ ਸਮੇਂ ਇਸੇ ਤਰ੍ਹਾਂ ਹੁੰਦਾ ਆਇਆ ਸੀ। ਪਹਿਲਾਂ ਵੱਡੀਆਂ-ਵੱਡੀਆਂ ਪੁਸਤਕਾਂ ਦੇਖ ਕੇ ਘਬਰਾ ਜਾਣਾ। ਜਦੋਂ ਪੜ੍ਹਨ ਬੈਠਣਾ ਤਾਂ ਕੰਮ ਦਿਨਾਂ ਵਿਚ ਮੁਕਾ ਲੈਣਾ। ਇਕ ਗੱਲ 'ਤੇ ਉਸ ਨੂੰ ਮਾਣ ਸੀ। ਉਹ ਇਰਾਦੇ ਦਾ ਪੱਕਾ ਸੀ। ਜਿਹੜੀ ਗੱਲ ਇਕ ਵਾਰ ਠਾਣ ਲਈ, ਜਿੰਨਾ ਚਿਰ ਉਸ ਨੂੰ ਸਿਰੇ ਨਾ ਚਾੜ੍ਹ ਲੈਂਦਾ, ਉਹ ਦਮ ਨਹੀਂ ਸੀ ਲੈਂਦਾ। ਆਈ.ਪੀ.ਐਸ. ਦੇ ਅਹੁਦੇ ਤਕ ਪਹੁੰਚਣ ਲਈ ਉਸ ਦਾ ਇਹੋ ਗੁਣ ਸਹਾਈ ਹੋਇਆ ਸੀ।

ਖ਼ਾਨ ਬੰਟੀ ਵਾਲੀ ਤਫ਼ਤੀਸ਼ ਨੂੰ ਵੀ ਆਪਣਾ ਇਮਤਿਹਾਨ ਸਮਝ ਰਿਹਾ ਸੀ। ਬਿਲਕੁਲ ਉਸੇ ਤਰ੍ਹਾਂ ਦੀ ਸਥਿਤੀ ਸੀ ਜਿਵੇਂ ਇਕ ਵਾਰ ਮੋਗੇ ਝੋਟਿਆਂ ਦੇ ਭੇੜ ਵਿਚ ਫਸੇ ਖ਼ਾਨ ਲਈ ਬਣ ਗਈ ਸੀ।

ਉਸ ਸਮੇਂ ਸ਼ੈਲਰ ਮਾਲਕਾਂ ਦੀ ਯੂਨੀਅਨ ਦੇ ਪ੍ਰਧਾਨ ਲਾਲਾ ਸ਼ਿਵ ਦਿਆਲ ਨੇ ਲੇਬਰ ਯੂਨੀਅਨ ਦੇ ਪ੍ਰਧਾਨ ਬੰਤਾ ਸਿੰਘ ਦੇ ਭਰੇ ਬਜ਼ਾਰ ਵਿਚ ਗੋਲੀ ਮਾਰੀ ਸੀ। ਬੰਤੇ ਨੂੰ ਟਰੱਕ ਡਰਾਈਵਰਾਂ ਦੀ ਸ਼ਹਿ ਸੀ। ਸੈਂਕੜੇ ਲੋਕਾਂ ਦੇ ਸਾਹਮਣੇ ਉਹ ਭਰੇ ਬਜ਼ਾਰ ਵਿਚ ਲਾਲੇ ਨੂੰ ਧੀਆਂ-ਭੈਣਾਂ ਦੀਆ ਗਾਲ੍ਹਾਂ ਕੱਢ ਰਿਹਾ ਸੀ। ਸਾਰਾ ਬਜ਼ਾਰ ਗਵਾਹ ਸੀ ਕਿ ਲਾਲਾ ਆਖ਼ਰੀ ਮੌਕੇ ਤਕ ਲੜਾਈ ਤੋਂ ਟਲਦਾ ਰਿਹਾ। ਖਿਸਕਦਾ-ਖਿਸਕਦਾ ਆਪਣੀ ਦੁਕਾਨ ਤਕ ਚਲਾ ਗਿਆ। ਅੱਗੇ ਲੱਗੇ ਲਾਲੇ ਨੂੰ ਦੇਖ ਕੇ ਬੰਤੇ ਨੂੰ ਹੋਰ ਸ਼ਹਿ ਹੋ ਗਈ। ਬੱਕਰੇ ਬੁਲਾਉਂਦਾ ਉਹ ਦੁਕਾਨ ਤਕ ਲਾਲੇ ਦਾ ਪਿੱਛਾ ਕਰਦਾ ਰਿਹਾ।

ਅੱਗੋਂ ਸ਼ਿਵ ਦਿਆਲ ਕਿਹੜਾ ਘੱਟ ਸੀ। ਬੁਰਛਿਆਂ ਵਰਗੇ ਪੰਜ ਪੁੱਤਾਂ ਦਾ ਬਾਪ ਸੀ। ਦੋ ਆੜ੍ਹਤ ਦੀਆਂ ਦੁਕਾਨਾਂ, ਚਾਰ ਸ਼ੈਲਰਾਂ ਅਤੇ ਅੱਠ ਟਰੱਕਾਂ ਦਾ ਮਾਲਕ ਸੀ। ਭਾਰਤੀ ਜਨਤਾ ਪਾਰਟੀ ਦਾ ਪ੍ਰਧਾਨ ਸੀ। ਦੋ ਲਾਇਸੈਂਸੀ ਬੰਦੂਕਾਂ ਹਰ ਸਮੇਂ ਭਰ ਕੇ ਰੱਖਦਾ ਸੀ। ਵੀਹ ਸਾਲ ਟਰੱਕ ਯੂਨੀਅਨ ਦਾ ਪ੍ਰਧਾਨ ਰਿਹਾ। ਅੱਜ ਤਕ ਕਿਸੇ ਨੇ ਉਸ ਅੱਗੇ ਅੱਖ ਨਹੀਂ ਚੁੱਕੀ। ਧੀਆਂ-ਭੈਣਾਂ ਦੀਆਂ ਗਾਲ੍ਹਾਂ ਸੁਣ ਕੇ ਜਿਊਣ ਨਾਲੋਂ ਤਾਂ ਮਰਨਾ ਚੰਗਾ ਸੀ। ਅੱਕ ਕੇ ਸ਼ਿਵ ਦਿਆਲ ਨੇ ਬੰਦੂਕ ਤਾਣ ਲਈ।

ਪਿੱਛੇ ਹਟਣਾ ਬੰਤੇ ਲਈ ਵੀ ਔਖਾ ਸੀ। ਪਿਛਲੇ ਪੰਜਾਂ ਸਾਲਾਂ ਤੋਂ ਉਹ ਚੰਮ ਦੀਆਂ ਚਲਾਉਂਦਾ ਆ ਰਿਹਾ ਸੀ। ਬੰਤੇ ਦੇ ਬਾਪ ਨੇ ਸਾਰੀ ਉਮਰ ਆੜ੍ਹਤੀਆਂ ਦੀਆਂ ਦੁਕਾਨਾਂ 'ਤੇ ਝਾੜੂ ਮਾਰਿਆ ਸੀ ਤਾਂ ਕੀ ਹੋਇਆ ? ਬੰਤਾ ਅੱਜ-ਕੱਲ੍ਹ ਲੱਖਾਂ ਵਿਚ ਖੇਡਦਾ ਸੀ। ਲਾਲਿਆਂ ਦੇ ਵੀਹ ਮੁੰਡੇ ਉਸ ਦੇ ਨੌਕਰ ਸਨ। ਉਸ ਕੋਲ ਕੋਠੀ ਸੀ, ਕਾਰ ਸੀ ਅਤੇ ਕਾਂਗਰਸ ਪਾਰਟੀ ਦਾ ਅਹੁਦਾ ਵੀ। ਐਫ਼.ਸੀ.ਆਈ. ਦਾ ਮਹਿਕਮਾ ਖੁੱਲ੍ਹਦਿਆਂ ਹੀ ਬੰਤੇ ਦੀ ਕਿਸਮਤ ਜਾਗ ਪਈ। ਬੋਰੀਆ ਢੋਂਦਾ-ਢੋਂਦਾ ਉਹ ਪਹਿਲਾਂ ਇਥੋਂ ਦੀ ਮੰਡੀ ਦਾ ਠੇਕੇਦਾਰ ਬਣਿਆ, ਫੇਰ ਜ਼ਿਲ੍ਹੇ ਦਾ। ਦੋ ਗੱਡੀਆਂ ਲੈ ਕੇ ਟਰੱਕ ਯੂਨੀਅਨ ਵਿਚ ਜਾ ਵੜਿਆ। ਪ੍ਰਧਾਨਗੀ ਮੱਲ ਲਈ। ਪੰਜਾਹ-ਪੰਜਾਹ ਬੰਦੇ ਸਾਰਾ ਦਿਨ ਅੱਗੇ-ਪਿੱਛੇ ਰਹਿਣ ਲੱਗੇ। ਵਜ਼ੀਰਾਂ ਨਾਲੋਂ ਵੱਧ ਟੌਹਰ ਸੀ। ਹਰ ਸਮਾਗਮ 'ਤੇ ਗਿਆ ਪੰਜ-ਪੰਜ ਹਜ਼ਾਰ ਦਾਨ ਦੇ ਆਉਂਦਾ। ਲਾਲੇ ਨਾਲ ਉਸ ਦਾ ਟਰੱਕ ਯੂਨੀਅਨ ਦੇ ਹਿਸਾਬ-ਕਿਤਾਬ ਦਾ ਹੀ

ਰੌਲਾ ਸੀ। ਲਾਲੇ ਦੀ ਬੰਦੂਕ ਨੂੰ ਉਹ ਬਾਂਦਰ-ਧਮਕੀ ਹੀ ਸਮਝਦਾ ਸੀ। ਪਿੱਠ ਦਿਖਾ ਕੇ ਭੱਜਣ ਵਾਲਾ ਬੰਤਾ ਨਹੀਂ ਸੀ।

ਲਾਲਾ ਗੋਲੀ ਨਾ ਚਲਾਉਂਦਾ ਤਾਂ ਹੋ ਸਕਦੈ ਬੰਤੇ ਦੀ ਗੋਲੀ ਦਾ ਸ਼ਿਕਾਰ ਹੋ ਜਾਂਦਾ। ਬੰਤਾ ਹਮੇਸ਼ਾ ਭਰਿਆ ਪਿਸਤੌਲ ਡੱਬ ਵਿਚ ਰੱਖਦਾ ਸੀ।

ਮਰੇ ਪਏ ਬੰਤੇ ਦੇ ਉਸ ਦੇ ਸਾਥੀਆਂ ਨੇ ਦੋ ਗੋਲੀਆਂ ਹੋਰ ਮਾਰ ਦਿੱਤੀਆਂ। ਲਾਲਾ ਤਾਂ ਫਸਣਾ ਹੀ ਸੀ, ਨਾਲ ਸ਼ਿਵ ਦਿਆਲ ਦੇ ਦੋ ਮੁੰਡੇ ਵੀ ਘੜੀਸ ਲਏ।

ਇਥੋਂ ਹੀ ਮਸਲਾ ਗੰਭੀਰ ਬਣਿਆ ਸੀ। ਕਈ ਯੂਨੀਅਨਾਂ ਸ਼ਿਵ ਦਿਆਲ ਦੇ ਮੁੰਡਿਆਂ ਦੀ ਗ੍ਰਿਫ਼ਤਾਰੀ ਲਈ ਜ਼ੋਰ ਲਾ ਰਹੀਆਂ ਸਨ। ਜਲਸਾ ਕਦੇ ਲੇਬਰ ਯੂਨੀਅਨ ਕਰਦੀ, ਕਦੇ ਟਰੱਕ ਯੂਨੀਅਨ ਅਤੇ ਕਦੇ ਕਾਂਗਰਸ। ਧਰਨਾ ਕਦੇ ਬਾਲਮੀਕ ਸਭਾ ਵੱਲੋਂ ਹੁੰਦਾ, ਕਦੇ ਸਾਰੇ ਦਲਿਤਾਂ ਵੱਲੋਂ। ਇਕ ਅਕਾਲੀ ਨੇਤਾ, ਜਿਹੜਾ ਦੂਰੋਂ-ਨੇੜਿਉਂ ਬੰਤੇ ਦਾ ਰਿਸ਼ਤੇਦਾਰ ਸੀ, ਵੀ ਧਰਨਾ ਦੇਈ ਬੈਠਾ ਸੀ।

ਲਾਲਿਆਂ ਨਾਲ ਸਾਰਾ ਬਜ਼ਾਰ ਸੀ। ਵਜ਼ੀਰ ਸਨ ਅਤੇ ਅਫ਼ਸਰਸ਼ਾਹੀ ਸੀ। ਲਾਲਾ ਆਪ ਹੀ ਪੁਲਿਸ ਅੱਗੇ ਪੇਸ਼ ਹੋ ਚੁੱਕਾ ਸੀ। ਬਜ਼ਾਰ ਵਾਲੇ ਬੇਕਸੂਰ ਮੁੰਡਿਆਂ ਨੂੰ ਹੱਥ ਨਹੀਂ ਲਾਉਣ ਦੇਣਗੇ। ਇਕ ਦਿਨ ਲੇਬਰ ਯੂਨੀਅਨ ਵਾਲੇ ਬਜ਼ਾਰ ਬੰਦ ਕਰਵਾ ਦਿੰਦੇ ਤਾਂ ਦੂਜੇ ਦਿਨ ਵਿਉਪਾਰ ਮੰਡਲ ਵਾਲੇ।

ਪੁਲਿਸ ਭੰਬਲ-ਭੂਸੇ ਵਿਚ ਪਈ ਹੋਈ ਸੀ। ਵੱਡੇ ਤੋਂ ਵੱਡਾ ਅਫ਼ਸਰ ਲੱਤ ਨਹੀਂ ਸੀ ਲਾ ਰਿਹਾ। ਮਿੰਟ-ਮਿੰਟ ’ਤੇ ਹੁਕਮ ਜਾਰੀ ਹੋ ਰਹੇ ਸਨ। ਕਦੇ ਮੁੰਡੇ ਗ੍ਰਿਫ਼ਤਾਰ ਕਰਨ ਦਾ, ਕਦੇ ਬੰਦੂਕਾਂ ਜ਼ਬਤ ਕਰਨ ਦਾ। ਦੂਜੇ ਹੀ ਪਲ ਹੁਕਮ ਮਿਲਦਾ, ਮੁੰਡੇ ਬੇਕਸੂਰ ਹਨ। ਉਹਨਾਂ ਨੂੰ ਖਾਨਾ ਨੰਬਰ ਦੋ ਵਿਚ ਰੱਖ ਕੇ ਚਲਾਨ ਪੇਸ਼ ਕਰੋ।

ਹੋਮ ਮਨਿਸਟਰ ਨੇ ਪੜਤਾਲ ਦੇ ਹੁਕਮ ਜਾਰੀ ਕੀਤੇ ਤਾਂ ਸਾਰੇ ਅਫ਼ਸਰ ਟਲ ਗਏ। ਪਾਣੀ ਆਖ਼ਰ ਨਿਵਾਣਾਂ ਵੱਲ ਹੀ ਵਿਹਾ। ਖ਼ਾਨ ਦੀ ਯੋਗਤਾ ਦਾ ਇਮਤਿਹਾਨ ਰੱਖਿਆ ਗਿਆ।

ਯੂਨੀਅਨ ਵਾਲਿਆਂ ਨੂੰ ਖ਼ਾਨ ਦੀ ਨਿਯੁਕਤੀ ਪਸੰਦ ਨਹੀਂ ਸੀ। ਉਹਨਾਂ ਨੂੰ ਖਾਣ-ਪੀਣ ਵਾਲਾ ਬੰਦਾ ਚਾਹੀਦਾ ਸੀ। ਖ਼ਾਨ ਦੀ ਇਮਾਨਦਾਰੀ ’ਤੇ ਕੋਈ ਉਂਗਲ ਨਹੀਂ ਧਰ ਸਕਦਾ। ਜਲਦੀ-ਜਲਦੀ ਖ਼ਾਨ ਤਕ ਪਹੁੰਚ ਨਹੀਂ ਸੀ ਹੋ ਸਕਣੀ। ਉਸ ਦਾ ਬਾਪ ਆਈ.ਏ.ਐਸ. ਅਫ਼ਸਰ ਸੀ ਅਤੇ ਇਕੋ-ਇਕ ਭਰਾ ਕਸਟਮਜ਼ ਦਾ ਕਮਿਸ਼ਨਰ। ਏਡੇ ਵੱਡੇ ਅਫ਼ਸਰਾਂ ਨੂੰ ਤਾਂ ਮਿਲਣਾ ਹੀ ਔਖਾ ਹੁੰਦਾ ਹੈ। ਉਹਨਾਂ ਤੋਂ ਸਿਫ਼ਾਰਸ਼ ਕਰਾਉਣ ਦੀ ਗੱਲ ਦੂਰ ਦੀ ਸੀ। ਵੈਸੇ ਵੀ ਖ਼ਾਨਦਾਨੀ ਰਈਸ ਸਨ। ਪਰਿਵਾਰ ਕਲਕੱਤੇ ਰਹਿੰਦਾ ਸੀ। ਪੰਜਾਬ ਨਾਲ ਉਹਨਾਂ ਦਾ ਦੂਰੋਂ-ਨੇੜਿਉਂ ਕੋਈ ਸੰਬੰਧ ਨਹੀਂ ਸੀ। ਯੂਨੀਅਨ ਵਾਲੇ ਡਰ ਰਹੇ ਸਨ। ਬੰਤੇ ਦੇ ਗੋਲੀਆਂ ਮਾਰ ਕੇ ਉਹ ਗ਼ਲਤੀ ਕਰ ਬੈਠੇ ਸਨ। ਕਿਧਰੇ ਲੈਣੇ ਦੇ ਦੇਣੇ ਨਾ ਪੈ ਜਾਣ। ਕੇਸ ਆਪਣੇ ਬੰਦਿਆਂ ਸਿਰ ਹੀ ਨਾ ਪੈ ਜਾਵੇ।

ਲਾਲੇ ਕਿਹੜੇ ਘੱਟ ਸਨ। ਮਿਲ-ਮਿਲਾ ਕੇ ਸਾਰੀਆਂ ਰਿਪੋਰਟਾਂ ਆਪਣੇ ਹੱਕ ਵਿਚ ਕਰਵਾ ਲਈਆਂ। ਪਹਿਲੀ ਇਹ ਕਿ ਜਿਸ ਰੌਂਦ ਨਾਲ ਬੰਤਾ ਮਰਿਆ ਦੱਸਿਆ ਜਾਂਦਾ ਹੈ, ਉਹ ਰੌਂਦ ਉਸ ਬੰਦੂਕ ਵਿਚੋਂ ਨਹੀਂ ਨਿਕਲਿਆ, ਜਿਹੜੀ ਲਾਲੇ ਕੋਲੋਂ ਬਰਾਮਦ ਹੋਈ ਸੀ। ਦੂਜੀ ਇਹ ਕਿ ਦੂਸਰੇ ਫ਼ਾਇਰ ਮਰਨ ਵਾਲੇ ਦੇ ਬਹੁਤ ਨੇੜੇ ਤੋਂ ਮਾਰੇ ਗਏ ਸਨ। ਉਹਨਾਂ ਦਾ ਬੋਰ ਵੀ ਲਾਲੇ ਦੀਆਂ ਦੋਹਾਂ ਬੰਦੂਕਾਂ ਤੋਂ ਵੱਖ ਸੀ।

ਖ਼ਾਨ ਨੇ ਤਿੰਨ ਦਿਨ ਖੁੱਲ੍ਹਾ ਦਰਬਾਰ ਲਾਇਆ। ਫ਼ੋਨ ਸੁਣ-ਸੁਣ ਅਤੇ ਵਿਰੋਧੀ ਖ਼ੁਫ਼ੀਆ ਰਿਪੋਰਟਾਂ ਤੋਂ ਉਹ ਅੱਕ ਗਿਆ ਸੀ।

ਲਾਲਿਆਂ ਨੇ ਕਿਸੇ ਨਾਲ ਅਜਿਹੀ ਅੰਗਲੀ-ਸੰਗੀ ਭਿੜਾਈ ਕਿ ਦਿੱਲੀ ਤੋਂ ਖ਼ਾਨ ਦੇ ਭਰਾ ਨੂੰ ਲੈ ਆਏ। ਗੱਲੀਂ ਪਏ ਖ਼ਾਨ ਨੇ ਆਪਣੀ ਪੜਤਾਲ ਦਾ ਨਿਚੋੜ ਦੱਸਿਆ।

ਕਤਲ ਲਾਲੇ ਨੇ ਕੀਤਾ ਸੀ। ਜਿਨ੍ਹਾਂ ਬੰਦਿਆਂ ਨੇ ਬੰਤੇ ਦੇ ਵਾਧੂ ਗੋਲੀਆਂ ਮਾਰੀਆਂ ਸਨ, ਉਹਨਾਂ ਦੀ ਸ਼ਨਾਖ਼ਤ ਹੋ ਗਈ ਸੀ। ਖ਼ਾਨ ਉਹਨਾਂ ਨੂੰ ਵੀ ਗ੍ਰਿਫ਼ਤਾਰ ਕਰਨ ਦੀ ਸੋਚ ਰਿਹਾ ਸੀ।

ਖ਼ਾਨ ਦੀਆਂ ਗੱਲਾਂ ਸੁਣ ਕੇ ਭਰਾ ਦਾ ਚਿਹਰਾ ਗੁਲਾਬ ਵਾਂਗ ਖਿੜ ਗਿਆ। ਲਾਲੇ ਦੇ ਮੁੰਡਿਆਂ ਨੂੰ ਨਿਰਦੋਸ਼ ਕਰਾਰ ਦਿਵਾਉਣ ਲਈ ਹੀ ਉਹ ਪੰਜ ਲੱਖ ਲੈ ਕੇ ਆਇਆ ਸੀ। ਜੇ ਬੰਤੇ ਦੇ ਹਮਾਇਤੀ ਫਸ ਜਾਣ ਤਾਂ ਲੱਖ ਹੋਰ ਮਿਲ ਸਕਦਾ ਸੀ।

ਗਈ ਰਾਤ ਤਕ ਖ਼ਾਨ ਦਾ ਭਰਾ ਉਸ ਨੂੰ ਪੈਸਿਆਂ ਦੀ ਅਹਿਮੀਅਤ ਸਮਝਾਉਂਦਾ ਰਿਹਾ। ਉਹ ਵੀ ਪਹਿਲਾਂ ਖ਼ਾਂਨ ਵਾਂਗ ਇਮਾਨਦਾਰ ਅਤੇ ਆਦਰਸ਼ਵਾਦੀ ਸੀ। ਵੱਡੇ ਸਮੱਗਲਰਾਂ ਦੇ ਸੋਨੇ ਚਾਂਦੀ ਨੂੰ ਬਾਜ ਵਾਂਗ ਝਪਟ ਲੈਂਦਾ ਸੀ। ਇਕ-ਦੋ ਸਾਲ ਚੜ੍ਹਤ ਰਹੀ। ਪਿੱਛੋਂ ਸਾਰਾ ਵਿਰੋਧੀ ਧੜਾ ਇਕਮੁੱਠ ਹੋ ਗਿਆ। ਪਾਪਾ ਜੀ ਨਾ ਬਚਾਉਂਦੇ ਤਾਂ ਬਦਮਾਸ਼ ਲੋਕ ਉਸ ਨੂੰ ਨੌਕਰੀਉਂ ਕਢਾ ਕੇ ਦਮ ਲੈਂਦੇ। ਪੈਸੇ ਲੈਣ ਲੱਗਾ ਹੈ ਤਾਂ ਸਾਰੇ ਬਾਗ਼ੋ-ਬਾਗ਼ ਹਨ। ਸ਼ੁਰੂਆਤ ਪੰਜ ਲੱਖ ਤੋਂ ਹੁੰਦੀ ਹੈ ਤਾਂ ਖ਼ਾਨ ਨੂੰ ਕਰ ਹੀ ਲੈਣੀ ਚਾਹੀਦੀ ਹੈ। ਇਸ ਵਿਚ ਵੈਸੇ ਵੀ ਕੋਈ ਹਰਜ ਨਹੀਂ, ਰਿਪੋਰਟ ਉਂਝ ਵੀ ਇਸੇ ਤਰ੍ਹਾਂ ਹੋਣੀ ਹੈ। ਉਹ ਖ਼ਾਨ ਦਾ ਭਰਾ ਹੋਣ ਕਰਕੇ ਸੱਚ ਦੱਸ ਰਿਹਾ ਹੈ। ਨਹੀਂ ਤਾਂ ਉਸ ਦੀਆਂ ਗੱਲਾਂ ਸੁਣ ਕੇ ਵਿਚੋਲਾ ਸਾਰੇ ਪੈਸੇ ਹਜ਼ਮ ਕਰ ਗਿਆ ਹੁੰਦਾ, ਕਿਸੇ ਨੂੰ ਕੰਨੋਂ-ਕੰਨ ਖ਼ਬਰ ਵੀ ਨਹੀਂ ਸੀ ਹੋਣੀ।

ਖ਼ਾਨ 'ਤੇ ਇਸ ਭਾਸ਼ਣ ਦਾ ਕੋਈ ਅਸਰ ਨਹੀਂ ਸੀ। ਬੜੀ ਹਲੀਮੀ ਨਾਲ ਉਸ ਨੇ ਪੈਸਿਆਂ ਵਾਲਾ ਬੈਗ ਵਾਪਸ ਕਰ ਦਿੱਤਾ।

ਚੋਰੀ ਯਾਰੀ ਵਾਂਗ ਰਿਸ਼ਵਤ ਵੀ ਗੁੱਝੀ ਨਹੀਂ ਰਹਿੰਦੀ। ਦੋ ਦਿਨਾਂ ਵਿਚ ਹੀ ਗੱਲ ਸਾਰੇ ਸ਼ਹਿਰ ਵਿਚ ਫੈਲ ਗਈ। ਪਹਿਲਾਂ ਖ਼ਾਨ ਡਰਿਆ। ਹੌਲੀ-ਹੌਲੀ ਇਹ ਗੱਲ ਖ਼ਾਨ ਦੇ ਹੱਕ ਵਿਚ ਭੁਗਤਣ ਲੱਗੀ। ਕੋਈ ਦੇਵਤਾ ਹੀ ਏਡੀ ਵੱਡੀ ਰਕਮ ਠੁਕਰਾ ਸਕਦੈ। ਲੋਕ ਆਖਣ ਲੱਗੇ।

ਦਿੱਲੀ ਜਾ ਕੇ ਭਾਈ ਸਾਹਿਬ ਨੇ ਬੜੀ ਸਖ਼ਤ ਚਿੱਠੀ ਲਿਖੀ। ਉਸ ਦੇ ਬਚਪਨੇ 'ਤੇ ਅਫ਼ਸੋਸ ਪ੍ਰਗਟ ਕੀਤਾ। ਖ਼ਾਨ ਨੂੰ ਕੋਈ ਅਫ਼ਸੋਸ ਨਹੀਂ। ਉਸ ਦੀ ਸਖ਼ਤੀ ਰੰਗ ਲਿਆ ਰਹੀ ਸੀ। ਮੁੱਖ ਮੰਤਰੀ ਨੇ ਖ਼ੁਦ ਖ਼ਾਨ ਨੂੰ ਇਸ ਤਫ਼ਤੀਸ਼ ਲਈ ਚੁਣਿਆ ਸੀ, ਨਵੇਂ ਅਫ਼ਸਰ ਲਈ ਇਹ ਕੋਈ ਘੱਟ ਫ਼ਖ਼ਰ ਵਾਲੀ ਗੱਲ ਨਹੀਂ ਹੁੰਦੀ। ਉਸ ਨਾਲ ਦੇ ਹਾਲੇ ਪੁਲਿਸ ਲਾਈਨ ਵਿਚ ਧੱਕੇ ਖਾ ਰਹੇ ਹਨ। ਉਹ ਐਸ.ਪੀ. ਬਣ ਚੁੱਕਾ ਹੈ। ਬੰਟੀ ਲੱਭ ਪਿਆ ਤਾਂ ਐਸ.ਐਸ.ਪੀ. ਬਣ ਜਾਣਾ ਹੈ।

ਇੰਨੇ ਥੋੜ੍ਹੇ ਸਮੇਂ ਵਿਚ ਬੰਟੀ ਦੀ ਤਲਾਸ਼ ਉਸ ਨੂੰ ਅਸੰਭਵ ਲੱਗ ਰਹੀ ਸੀ। ਮੋਗੇ ਹੁੰਦਾ ਤਾਂ ਲੋਕਾਂ ਨੇ ਉਸ ਨੂੰ ਨਿਧੜਕ ਮੁਖ਼ਬਰੀ ਦੇ ਦੇਣੀ ਸੀ। ਉਸ ਦਾ ਏਨਾ ਰਸੂਖ਼ ਬਣ ਗਿਆ ਸੀ ਕਿ ਮਾੜੇ ਤੋਂ ਮਾੜਾ ਬੰਦਾ ਵੀ ਚਿਕ ਚੁੱਕ ਕੇ ਅੰਦਰ ਆ ਸਕਦਾ ਸੀ। ਹਰ ਕਿਸੇ ਨੂੰ ਆਪਣੇ ਦੁਖੜੇ ਰੋਣ ਦੀ ਖੁੱਲ੍ਹ ਸੀ। ਉਸ ਦੇ ਰਵੱਈਏ ਨੂੰ ਦੇਖ ਛੋਟੇ ਮੁਲਾਜ਼ਮਾਂ ਨੇ ਵੀ ਆਪਣਾ ਰਵੱਈਆ ਬਦਲਣਾ ਸ਼ੁਰੂ ਕਰ ਦਿੱਤਾ ਸੀ। ਉਹਨਾਂ ਨੂੰ ਪਤਾ ਸੀ, ਖ਼ਾਨ ਨੇ ਦਰਖ਼ਾਸਤ 'ਤੇ ਦਸਖ਼ਤ ਕਰਕੇ ਹੀ ਚੁੱਪ ਨਹੀਂ ਸੀ ਕਰ ਜਾਣਾ। ਜਿੰਨਾ ਚਿਰ ਫ਼ਰਿਆਦੀ ਦੀ ਤਸੱਲੀ ਨਹੀਂ ਹੁੰਦੀ, ਉਹ ਖਹਿੜਾ ਨਹੀਂ ਸੀ ਛੱਡਦਾ। ਕਿਸੇ ਮੁਲਾਜ਼ਮ ਦੀ ਉਸ ਕੋਲ ਝੂਠੀ ਰਿਪੋਰਟ ਕਰਨ ਦੀ ਵੀ ਹਿੰਮਤ ਨਹੀਂ

ਸੀ ਪੈਂਦੀ। ਉਹ ਆਪ ਤਸਦੀਕ ਕਰਨ ਤੁਰ ਪੈਂਦਾ ਸੀ। ਕਦੇ-ਕਦੇ ਮੁਜਰਮ ਨੂੰ ਕੁੱਟ ਕੇ ਇਹ ਵੀ ਪੁੱਛ ਲੈਂਦਾ ਸੀ ਕਿ ਪੁਲਿਸ ਨੂੰ ਕਿੰਨੇ ਪੈਸੇ ਦਿੱਤੇ ਹਨ। ਇਕ ਮੁਜਰਮ ਨੂੰ ਤਫ਼ਤੀਸ਼ ਲਈ ਕਈ-ਕਈ ਥਾਣਿਆਂ ਵਿਚੋਂ ਵੀ ਗੁਜ਼ਰਨਾ ਪੈ ਸਕਦਾ ਸੀ। ਇਸ ਲਈ ਖ਼ਾਨ ਨੂੰ ਹਨੇਰੇ ਵਿਚ ਰੱਖਣ ਦੀ ਕਿਸੇ ਦੀ ਮਜਾਲ ਨਹੀਂ ਸੀ।

ਜਿਥੇ ਖ਼ਾਨ ਸਖ਼ਤ ਸੀ, ਉਥੇ ਮੁਲਾਜ਼ਮਾਂ ਦਾ ਪੱਖ ਵੀ ਪੂਰਦਾ ਸੀ। ਭੀੜ ਪੈਣ ’ਤੇ ਹੋਰ ਅਫ਼ਸਰਾਂ ਵਾਂਗ ਪਿੱਠ ਨਹੀਂ ਸੀ ਦਿਖਾਉਂਦਾ। ਜਿਹੜੀ ਕਾਰਵਾਈ ਖ਼ਾਨ ਦੇ ਹੁਕਮਾਂ ਨਾਲ ਹੁੰਦੀ, ਉਸ ਬਾਰੇ ਕਿਸੇ ਪਾਸਿਉਂ ਵੀ ਪੁੱਛ-ਪੜਤਾਲ ਹੁੰਦੀ, ਉਹ ਚੱਟਾਨ ਵਾਂਗ ਅੜਦਾ। ਉਸ ਅਧੀਨ ਕੰਮ ਕਰਨ ਵਾਲੇ ਮੁਲਾਜ਼ਮਾਂ ਦੇ ਹੌਸਲੇ ਬੁਲੰਦ ਰਹਿੰਦੇ ਸਨ। ਖ਼ਤਰਨਾਕ ਤੋਂ ਖ਼ਤਰਨਾਕ ਕੰਮ ਨੂੰ ਹੱਥ ਪਾਉਣ ਲੱਗਾ ਉਹ ਮਿੰਟ ਲਾਉਂਦਾ ਸੀ।

ਬੰਟੀ ਦੀ ਤਫ਼ਤੀਸ਼ ਲਈ ਉਸ ਨੂੰ ਜਾਨ ’ਤੇ ਖੇਡਣ ਵਾਲੇ ਮੁਲਾਜ਼ਮਾਂ ਦੀ ਵੀ ਜ਼ਰੂਰਤ ਸੀ ਅਤੇ ਬਿਨਾਂ ਡਰ ਭੈਅ ਤੋਂ ਪੁਲਿਸ ਦਾ ਸਾਥ ਦੇਣ ਵਾਲੇ ਲੋਕਾਂ ਦੀ ਵੀ। ਹੈਰਾਨੀ ਦੀ ਗੱਲ ਸੀ ਕਿ ਹਾਲੇ ਤਕ ਕਿਸੇ ਵੀ ਅਫ਼ਸਰ ਨੇ ਨਾ ਲੋਕਾਂ ਦੇ ਸਹਿਯੋਗ ਲਈ ਕੋਈ ਯਤਨ ਕੀਤਾ ਸੀ ਅਤੇ ਨਾ ਹੀ ਕੋਈ ਸਾਂਝਾ ਪ੍ਰੋਗਰਾਮ ਬਣਾਇਆ ਸੀ। ਜਿਸ ਨੂੰ ਵੀ ਤਫ਼ਤੀਸ਼ ਮਿਲੀ, ਉਸੇ ਨੇ ਮਿਸਲ ਕੁੱਛੜ ’ਚ ਦੇ ਲਈ ਅਤੇ ਪੈਸੇ ਕਮਾਉਣ ਲੱਗਾ।

ਆਉਂਦਿਆਂ ਹੀ ਖ਼ਾਨ ਨੇ ਰੈਸਟ ਹਾਊਸ ਵਿਚ ਸ਼ਹਿਰੀਆਂ ਦੀ ਮੀਟਿੰਗ ਰੱਖ ਲਈ। ਹਰ ਤਬਕੇ ਦੇ ਮੋਹਰੀ ਨੂੰ ਸੱਦਾ ਭੇਜਿਆ ਗਿਆ। ਰਿਕਸ਼ਾ ਯੂਨੀਅਨ ਤੋਂ ਲੈ ਕੇ ਵਿਉਪਾਰ ਮੰਡਲ ਤਕ ਸਭ ਤੋਂ ਸਹਾਇਤਾ ਮੰਗੀ।

ਮੀਟਿੰਗ ਨੌਂ ਵਜੇ ਹੋਣੀ ਸੀ। ਬਾਕੀ ਬਚਦੇ ਘੰਟੇ ਨੂੰ ਖ਼ਾਨ ਨੇ ਬਾਕੀ ਦੇ ਪ੍ਰਬੰਧ ਮੁਕੰਮਲ ਕਰਨ ਲਈ ਵਰਤਿਆ। ਚਿੱਠੀਆਂ ਦੀ ਘੋਖ ਲਈ ਹੱਥ-ਲਿਖਤਾਂ ਦੇ ਮਾਹਿਰ ਬੁਲਾਏ ਗਏ। ਸਾਰੇ ਥਾਣਿਆਂ ਦੀ ਫ਼ੋਰਸ ਦਾ ਜਾਇਜ਼ਾ ਲਿਆ ਗਿਆ। ਕਿਥੋਂ-ਕਿਥੋਂ ਵਾਧੂ ਫ਼ੋਰਸ ਮੰਗਵਾਈ ਜਾ ਸਕਦੀ ਹੈ ? ਗੱਡੀਆਂ ਅਤੇ ਅਸਲੇ ਦੀ ਪੜਤਾਲ ਕੀਤੀ।

ਮੀਟਿੰਗ ਸ਼ੁਰੂ ਹੁੰਦਿਆਂ ਹੀ ਲੋਕਾਂ ਨੇ ਪੁਲਿਸ ’ਤੇ ਗੁੱਸਾ ਕੱਢਣਾ ਸ਼ੁਰੂ ਕੀਤਾ। ਖ਼ਾਨ ਚੁੱਪ ਕਰਕੇ ਸੁਣਦਾ ਰਿਹਾ। ਉਹਨਾਂ ਦੀਆਂ ਸਾਰੀਆਂ ਗੱਲਾਂ ਜਾਇਜ਼ ਸਨ। ਉਹ ਸਭ ਸ਼ਿਕਾਇਤਾਂ ਦੀ ਪੜਤਾਲ ਕਰੇਗਾ, ਪਰ ਇਹ ਵਕਤ ਪੁਲਿਸ ਦੀਆਂ ਪੜਤਾਲਾਂ ਕਰਨ ਦਾ ਨਹੀਂ ਸੀ। ਇਹ ਕੰਮ ਪਿੱਛੋਂ ਕੀਤਾ ਜਾਏਗਾ। ਫ਼ੋਰਸ ਵੀ ਘੱਟ ਸੀ ਅਤੇ ਘਬਰਾਈ ਹੋਈ ਵੀ। ਪਹਿਲਾਂ ਬੰਟੀ ਨੂੰ ਲੱਭਿਆ ਜਾਵੇ, ਉਸ ਦੇ ਅਗਵਾਕਾਾਰਾਂ ਨੂੰ ਨੱਥ ਪਾਈ ਜਾਵੇ। ਪਿੱਛੋਂ ਜਿੰਨਾ ਚਿਰ ਲੋਕ ਆਖਣਗੇ, ਖ਼ਾਨ ਇਥੇ ਬੈਠਾ ਰਹੇਗਾ। ਮੁਲਾਜ਼ਮਾਂ ਦੀ ਖੁੱਲ੍ਹੇ ਦਰਬਾਰ ਵਿਚ ਪੜਤਾਲ ਕਰੇਗਾ।

ਖ਼ਾਨ ਇਸ ਗੱਲ ’ਤੇ ਖ਼ੁਸ਼ ਸੀ ਕਿ ਸਾਰਾ ਸ਼ਹਿਰ ਬੰਟੀ ਨੂੰ ਲੱਭਣ ਲਈ ਇਕਮੁੱਠ ਸੀ। ਇਸ ਕੰਮ ਲਈ ਹਰ ਪਾਰਟੀ, ਹਰ ਤਬਕਾ ਅਤੇ ਹਰ ਸੰਸਥਾ ਆਪਣੇ ਮਤਭੇਦਾਂ ਨੂੰ ਭੁਲਾ ਕੇ ਇਕੱਠੇ ਹੋ ਕੇ ਕੰਮ ਕਰਨ ਨੂੰ ਤਿਆਰ ਸੀ। ਦਹਿਸ਼ਤਗਰਦਾਂ ਨੂੰ ਪੈਸੇ ਦੇ ਕੇ ਵੀ ਬੱਚੇ ਦੀ ਜਾਨ ਬਚਾਈ ਜਾ ਸਕੇ ਤਾਂ ਵੀ ਕਿਸੇ ਨੂੰ ਕੋਈ ਗਿਲਾ ਨਹੀਂ ਸੀ।

ਖ਼ਾਨ ਇਕ ਗੱਲ ’ਤੇ ਹੈਰਾਨ ਸੀ। ਸ਼ਹਿਰ ਦੇ ਹਰ ਮੁਹੱਲੇ, ਤਬਕੇ ਅਤੇ ਪਾਰਟੀ ਦੇ ਨੁਮਾਇੰਦੇ ਇਥੇ ਮੌਜੂਦ ਸਨ। ਅਗਵਾਕਾਰਾਂ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਸੀ। ਹਰ ਇਕ ਨੇ ਸਹੁੰ ਖਾ ਕੇ ਕਿਹਾ ਕਿ ਅਗਵਾਕਾਰ ਉਹਨਾਂ ਦੇ ਗਲੀ-ਮੁਹੱਲੇ ਵਿਚ ਨਹੀਂ ਹਨ। ਸਭ ਦਾ ਇਹ ਵੀ ਮੱਤ ਸੀ ਕਿ ਬੱਚਾ ਅਤੇ ਅਗਵਾਕਾਰ ਸਨ ਸ਼ਹਿਰ ਵਿਚ ਹੀ।

ਉਹ ਕਿਥੇ ਹੋ ਸਕਦੇ ਹਨ ? ਉਹਨਾਂ ਨੂੰ ਕੌਣ ਪਨਾਹ ਦੇ ਰਿਹਾ ਹੈ ? ਇਸ ਬਾਰੇ ਸਭ ਦੇ ਵਿਚਾਰ ਅਲੱਗ-ਅਲੱਗ ਸਨ।

ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਬਿਹਾਰੀ ਲਾਲ ਦਾ ਮੱਤ ਸੀ ਕਿ ਅਜਿਹੀ ਕਮੀਨੀ ਹਰਕਤ ਕੋਈ ਖ਼ਾਨਦਾਨੀ ਅਤੇ ਪੇਸ਼ੇਵਾਰ ਮੁਜਰਮ ਹੀ ਕਰ ਸਕਦਾ ਹੈ। ਅਜਿਹੇ ਮੁਜਰਮਾਂ ਦੀ ਸ਼ਹਿਰ ਵਿਚ ਪਹਿਲਾਂ ਹੀ ਕਮੀ ਨਹੀਂ ਸੀ। ਲਾਲਾ ਜੀ ਨੇ ਕੁਸ਼ਟ ਆਸ਼ਰਮ ਬਣਾ ਕੇ ਹੋਰ ਕੰਡੇ ਬੀਜ ਦਿੱਤੇ। ਪ੍ਰਧਾਨ ਨੇ ਉਸ ਸਮੇਂ ਵੀ ਇਸ ਆਸ਼ਰਮ ਦਾ ਵਿਰੋਧ ਕੀਤਾ ਸੀ, ਜਦੋਂ ਇਸ ਦੀ ਸਥਾਪਨਾ ਦੀ ਗੱਲ ਚੱਲੀ ਸੀ। ਕੌਣ ਨਹੀਂ ਜਾਣਦਾ ਕਿ ਇਹਨਾਂ ਹੱਡ-ਹਰਾਮਾਂ ਦਾ ਇਕੋ-ਇਕ ਪੇਸ਼ਾ ਮੰਗ-ਖਾਣਾ ਹੈ। ਭਾਂਤ-ਭਾਂਤ ਦੀਆਂ ਬੀਮਾਰੀਆਂ ਦਾ ਦਿਖਾਵਾ ਕਰਨ ਦੇ ਇਹ ਮਾਹਿਰ ਹਨ। ਲੋਕਾਂ ਦਾ ਦਿਲ ਪਸੀਜ ਕੇ ਵੱਧੋ-ਵੱਧ ਪੈਸੇ ਬਟੋਰਦੇ ਹਨ। ਨਹੀਂ ਤਾਂ ਇਸ ਦੀ ਕੋਈ ਵਜ੍ਹਾ ਨਹੀਂ ਕਿ ਇਹਨਾਂ ਦੇ ਕੋੜਮੇ ਦੇ ਹਰ ਮੈਂਬਰ ਦਾ ਕੋਈ ਨਾ ਕੋਈ ਅੰਗ ਜਾਂ ਕੱਟਿਆ ਹੋਵੇ ਜਾਂ ਫਿਰ ਕਰੂਪ ਹੋਵੇ। ਇਹ ਹਰਾਮਖ਼ੋਰ ਸ਼ਰੀਫ਼ ਘਰਾਂ ਦੇ ਬੱਚੇ ਚੁੱਕਦੇ ਹਨ। ਉਹਨਾਂ ਦੇ ਅੰਗ ਕੱਟ ਕੇ, ਉਹਨਾਂ ਨੂੰ ਤਰਸ ਦੇ ਪਾਤਰ ਬਣਾ ਕੇ, ਗਲੀ-ਗਲੀ ਮੰਗਣ ਲਈ ਭੇਜ ਦਿੰਦੇ ਹਨ। ਅਜਿਹੇ ਸੈਂਕੜੇ ਕੇਸ ਅਖ਼ਬਾਰਾਂ ਵਿਚ ਹਰ ਰੋਜ਼ ਛਪਦੇ ਹਨ। ਬਹੁਤੇ ਦਿਨ ਨਹੀਂ ਹੋਏ ਜਦੋਂ ਪ੍ਰਧਾਨ ਨੇ ਖ਼ੁਦ ਇਕ ਅਜਿਹਾ ਹੀ ਕੇਸ ਪੁਲਿਸ ਦੇ ਹਵਾਲੇ ਕੀਤਾ ਸੀ। ਅੱਠ ਸਾਲਾਂ ਦੇ ਇਕ ਅਧਰੰਗ ਦੇ ਮਰੀਜ਼ ਬੱਚੇ ਨੂੰ ਰੇਹੜੀ ਵਿਚ ਪਾਈ ਇਕ ਟੋਲਾ ਕਈ ਦਿਨ ਬਜ਼ਾਰਾਂ ਵਿਚ ਮੰਗਦਾ ਫਿਰਦਾ ਰਿਹਾ। ਉਸ ਦੀ ਬੀਮਾਰੀ ਦੇ ਵੈਣ ਪਾ-ਪਾ ਕੇ ਪੈਸੇ ਉਗਰਾਹੁੰਦਾ ਰਿਹਾ। ਪੰਜਵੇਂ ਦਿਨ ਉਸ ਦੀ ਲਾਸ਼ ਨੂੰ ਚੌਂਕ ਵਿਚ ਸਜਾਇਆ ਗਿਆ। ਉਸ ਦੇ ਸੰਸਕਾਰ ਦੇ ਨਾਂ ’ਤੇ ਫੇਰ ਪੈਸੇ ਇਕੱਠੇ ਕੀਤੇ ਗਏ। ਕੁਦਰਤੀ ਉਸੇ ਦਿਨ ਪ੍ਰਧਾਨ ਦਾ ਸਾਲਾ ਆ ਗਿਆ। ਉਹ ਸਾਰੀ ਘਟਨਾ ਦੇਖ ਕੇ ਬੜਾ ਹੈਰਾਨ ਹੋਇਆ। ਪੰਦਰਾਂ ਦਿਨ ਪਹਿਲਾਂ ਇਹੋ ਟੋਲਾ ਇਸੇ ਤਰ੍ਹਾਂ ਬਠਿੰਡੇ ਪੈਸੇ ਇਕੱਠੇ ਕਰ ਰਿਹਾ ਸੀ। ਪ੍ਰਧਾਨ ਨੇ ਹਿੰਮਤ ਕੀਤੀ ਤਾਂ ਸਾਰਾ ਭੇਤ ਖੁੱਲ੍ਹ ਗਿਆ। ਬੱਚੇ ਚੁੱਕ ਕੇ ਬੀਮਾਰ ਕਰਨੇ ਅਤੇ ਫੇਰ ਉਸ ਨੂੰ ਮਾਰ ਕੇ ਪੈਸੇ ਇਕੱਠੇ ਕਰਨਾ ਇਹ ਗਰੋਹ ਦਾ ਕੰਮ ਸੀ। ਕੁਸ਼ਟ ਆਸ਼ਰਮ ਵਾਲੇ ਕੁਝ ਵਰ੍ਹੇ ਪਹਿਲਾਂ ਇਹੋ ਧੰਦਾ ਕਰਦੇ ਸਨ। ਰੋਟੀ ਚੰਗੀ ਮਿਲਣ ਲੱਗੀ ਹੈ। ਇਸ ਲਈ ਹੋ ਸਕਦੈ ਮਾੜੇ ਕੰਮ ਘਟਾ ਦਿੱਤੇ ਹੋਣ। ਚੋਰ, ਚੋਰੀ ਤੋਂ ਤਾਂ ਭਾਵੇਂ ਚਲਾ ਜਾਵੇ ਪਰ ਹੇਰਾ-ਫੇਰੀ ਤੋਂ ਨਹੀਂ ਜਾਂਦਾ। ਆਪ ਨਾ ਕੀਤਾ ਕਿਸੇ ਭਾਈਚਾਰੇ ਦੇ ਬੰਦੇ ਤੋਂ ਕਰਵਾ ਦਿੱਤਾ। ਜੁਰਮ ਇਹਨਾਂ ਦੇ ਖ਼ੂਨ ’ਚ ਰਚਿਆ ਹੋਇਐ। ਇਹਨਾਂ ਦੀਆਂ ਕੁੱਲੀਆਂ ਦੀ ਤਲਾਸ਼ੀ ਬਹੁਤ ਜ਼ਰੂਰੀ ਹੈ। ਇਹਨਾਂ ਨੂੰ ਮਾੜੇ ਮੰਗਤੇ ਨਾ ਸਮਝ ਕੇ ਇਹਨਾਂ ਦੇ ਮੁਜਰਮਾਨਾ ਇਤਿਹਾਸ ਦੀ ਨਿਗਾਹ ਵਿਚ ਇਹਨਾਂ ਨੂੰ ਪਰਖਿਆ ਜਾਵੇ।

ਰਾਮ ਸ਼ਰਨ ਵਕੀਲ ਨੂੰ ਇਹ ਗੱਲ ਬੇਤੁਕੀ ਲੱਗੀ। ਉਹ ਜਰਾਇਮ-ਪੇਸ਼ਾ ਲੋਕ ਜ਼ਰੂਰ ਹਨ। ਕਦੇ ਮਨ ਵਿਚ ਬੇਈਮਾਨੀ ਵੀ ਆ ਸਕਦੀ ਹੈ। ਜੇ ਇਕੱਲਾ ਬੱਚਾ ਅਗਵਾ ਹੋਇਆ ਹੁੰਦਾ ਤਾਂ ਇਹ ਗੱਲ ਮੰਨੀ ਜਾ ਸਕਦੀ ਸੀ। ਇਥੇ ਤਾਂ ਹਰ ਰੋਜ਼ ਚਿੱਠੀ ਲਿਖੀ ਜਾ ਰਹੀ ਸੀ। ਇੰਨਾ ਹੌਂਸਲਾ ਜਾਂ ਸਾਧਨ ਉਹਨਾਂ ਕੋਲ ਕਿਥੋਂ ਆਏ ? ਵਕੀਲ ਦਾ ਮੱਤ ਸੀ ਕਿ ਇਸ ਕੰਮ ਵਿਚ ਸਾਂਸੀਆਂ ਜਾਂ ਬਾਜ਼ੀਗਰਾਂ ਦਾ ਹੱਥ ਹੋ ਸਕਦਾ ਹੈ। ਇਹਨਾਂ ਕਬੀਲਿਆਂ ਦਾ ਇਕੋ-ਇਕ ਕਿੱਤਾ ਜੁਰਮ ਕਰਨਾ ਹੈ। ਠੱਗੀ, ਚੋਰੀ ਇਹਨਾਂ ਦਾ ਧਰਮ ਹੈ। ਇਸੇ ਪੇਸ਼ੇ ਦੇ ਨਵੇਂ-ਨਵੇਂ ਤਰੀਕੇ ਇਹਨਾਂ ਨੂੰ ਬਚਪਨ ਵਿਚ ਸਿਖਾਏ ਜਾਂਦੇ ਹਨ। ਉਸ ਦਾ ਵਕਾਲਤ ਦਾ ਤਜਰਬਾ ਦੱਸਦਾ ਸੀ ਕਿ ਸ਼ਹਿਰ ਵਿਚ ਹੁੰਦੀਆਂ ਨੱਬੇ ਫ਼ੀਸਦੀ ਚੋਰੀਆਂ ਵਿਚ ਇਹ ਭਾਈਵਾਲ ਹੁੰਦੇ ਹਨ। ਇਹਨਾਂ ਦੇ ਜਵਾਕ ਦੋ-ਦੋ, ਚਾਰ-ਚਾਰ ਜਮਾਤਾਂ ਪੜ੍ਹ ਗਏ ਹਨ। ਚਿੱਠੀਆਂ ਲਿਖਣ ਦੇ ਕਾਬਲ ਹਨ। ਇਹਨਾਂ ਦੇ ਮਰਦ ਸ਼ਹਿਰਾਂ ਵਿਚ

ਚੋਰੀਆਂ ਕਰਦੇ ਹਨ, ਬੱਚੇ ਜੇਬਾਂ ਕੱਟਦੇ ਹਨ ਅਤੇ ਔਰਤਾਂ ਬੱਸਾਂ ਵਿਚ ਚੈਨੀਆਂ ਲਾਹੁੰਦੀਆਂ ਹਨ। ਕੋਈ ਹੋਰ ਦਾਅ ਨਾ ਲੱਗੇ ਤਾਂ ਕਪਾਹਾਂ ਚੁਗ ਲਈਆਂ, ਕਣਕਾਂ ਵੱਢ ਲਈਆਂ ਜਾਂ ਡੰਗਰ ਹੱਕ ਲਏ। ਫ਼ਿਲਮੀ ਯੁਗ ਹੈ, ਨਵੀਂ ਪੀੜ੍ਹੀ ਨੇ ਨਵਾਂ ਢੰਗ ਅਪਣਾ ਲਿਆ ਹੋਣਾ ਹੈ। ਇਹ ਉਹਨਾਂ ਦੀ ਹੀ ਸ਼ਰਾਰਤ ਹੈ। ਉਸ ਨੇ ਆਪਣੀ ਰਾਏ ਦੀ ਪੁਸ਼ਟੀ ਲਈ ਸਭ ਤੋਂ ਵੱਡੀ ਇਹ ਦਲੀਲ ਦਿੱਤੀ ਸੀ ਕਿ ਪੈਸਿਆਂ ਲਈ ਨੀਯਤ ਕੀਤੀ ਜਗ੍ਹਾ ਹਰ ਵਾਰ ਉਹਨਾਂ ਦੇ ਵਿਹੜੇ ਦੇ ਨੇੜੇ-ਤੇੜੇ ਹੀ ਹੁੰਦੀ ਸੀ।

ਇਹ ਗੱਲਾਂ ਲਾਲਾ ਜੀ ਨੂੰ ਅਤੇ ਸੰਘ ਨੂੰ ਪਸੰਦ ਨਹੀਂ ਸਨ। ਅਸਿੱਧੇ ਢੰਗ ਨਾਲ ਉਹ ਲਾਲਾ ਜੀ ’ਤੇ ਹਮਲੇ ਕਰ ਰਹੇ ਸਨ। ਲਾਲਾ ਜੀ ਦੇ ਕੰਮਾਂ ’ਤੇ ਨੁਕਤਾਚੀਨੀ ਕੀਤੀ ਜਾ ਰਹੀ ਸੀ। ਲਾਲਾ ਜੀ ਤਾਂ ਚੁੱਪ ਰਹੇ, ਉਹਨਾਂ ਦੇ ਬੋਲਣ ਦਾ ਸਮਾਂ ਨਹੀਂ ਸੀ। ਦਰਸ਼ਨ ਤੋਂ ਰਿਹਾ ਨਾ ਗਿਆ। ਉਸ ਨੂੰ ਪ੍ਰਧਾਨ ਨਾਲੋਂ ਜ਼ਿਆਦਾ ਵਕੀਲ ਸਾਹਿਬ ਦੀ ਅਕਲ ’ਤੇ ਹਾਸਾ ਆ ਰਿਹਾ ਸੀ। ਨਾ ਸਾਂਸੀ ਖ਼ਾਨਦਾਨ ਮੁਜਰਮ ਸਨ ਨਾ ਮੰਗਤੇ। ਮਾੜੇ ਹਾਲਾਤਾਂ ਨੇ ਉਹਨਾਂ ਨੂੰ ਮੁਜਰਮ ਬਣਾਇਆ ਹੈ। ਜਦੋਂ ਤੋਂ ਸੰਘ ਨੇ ਸਾਂਸੀਆਂ ਦੇ ਵਿਹੜੇ ਕੰਮ ਕਰਨਾ ਸ਼ੁਰੂ ਕੀਤਾ ਹੈ, ਇਕ ਦੋ ਜੁਰਮਾਂ ਨੂੰ ਛੱਡ ਕੇ ਕੋਈ ਬਹੁਤੇ ਜੁਰਮ ਨਹੀਂ ਹੋਏ। ਜਦੋਂ ਹਾਲੇ ਵੀ ਉਹਨਾਂ ਨੂੰ ਸ਼ੱਕ ਦੀ ਨਿਗਾਹ ਨਾਲ ਦੇਖਿਆ ਜਾ ਰਿਹਾ ਹੈ ਅਤੇ ਧਿਰਕਾਰਿਆ ਜਾ ਰਿਹਾ ਹੈ ਤਾਂ ਉਹ ਮੁਜਰਮ ਨਾ ਬਣਨ ਤਾਂ ਕੀ ਕਰਨ। ਸਮਾਜ ਉਹਨਾਂ ਨੂੰ ਸਵੀਕਾਰ ਕਰਨ ਨੂੰ ਤਿਆਰ ਹੀ ਨਹੀਂ। ਸੰਘ ਨੂੰ ਯਕੀਨ ਹੈ ਕਿ ਬੰਟੀ ਨਾ ਕੁੱਲੀਆਂ ਵਿਚ ਹੈ, ਨਾ ਆਸ਼ਰਮ ਵਿਚ।

ਰਾਮ ਸਰੂਪ ਪੂਰਾ ਜ਼ੋਰ ਲਾ ਕੇ ਇਹ ਸਿੱਧ ਕਰ ਰਿਹਾ ਸੀ ਕਿ ਇਹ ਸਾਰੀ ਕਰਤੂਤ ਵਾਣ ਵੱਟਣਿਆਂ ਦੀ ਸੀ। ਉਹ ਪੇਸ਼ੇ ਤੋਂ ਝਟਕਈ ਹਨ। ਮੁਰਗਿਆਂ ਅਤੇ ਭੇਡਾਂ ਬੱਕਰੀਆਂ ਦੇ ਸਿਰ ਗਾਜਰ ਮੂਲੀ ਵਾਂਗ ਵੱਢ ਸੁੱਟਦੇ ਹਨ। ਤਕਸੀਮ ਸਮੇਂ ਇਹਨਾਂ ਨੂੰ ਪਾਕਿਸਤਾਨੋਂ ਉੱਜੜ ਕੇ ਆਇਆਂ ਨੂੰ ਸ਼ਹਿਰ ਨੇ ਹਿੱਕ ਨਾਲ ਲਾਇਆ ਸੀ। ਪੁਰਾਣੇ ਕਿਲ੍ਹੇ ਦੇ ਖੰਡਰਾਂ ਵਿਚ ਉਹਨਾਂ ਨੂੰ ਵਸਾਇਆ ਗਿਆ ਸੀ। ਮੁੱਢਲੇ ਦਿਨਾਂ ਵਿਚ ਉਹ ਵਾਣ ਵੱਟ ਕੇ ਗੁਜ਼ਾਰਾ ਕਰਦੇ ਸਨ। ਮਸ਼ੀਨੀ ਯੁਗ ਆਇਆ ਤਾਂ ਇਹਨਾਂ ਵੀ ਕਿੱਤੇ ਬਦਲ ਲਏ। ਕੋਈ ਸਬਜ਼ੀ ਵੇਚਣ ਲੱਗਾ, ਕੋਈ ਰਿਕਸ਼ਾ ਵਾਹੁਣ ਲੱਗਾ ਅਤੇ ਕੋਈ-ਕੋਈ ਤਰੱਕੀ ਕਰ ਕੇ ਟਰੱਕ-ਡਰਾਈਵਰ ਬਣ ਗਿਆ। ਮਾਰ-ਧਾੜ ਇਹ ਉਸੇ ਤਰ੍ਹਾਂ ਕਰਦੇ ਰਹਿੰਦੇ ਹਨ, ਜਿਵੇਂ ਪਹਿਲਾਂ ਕਰਦੇ ਸਨ। ਮੁਰਗੀ ਦੇ ਆਂਡੇ ਖ਼ਾਤਰ ਬੰਦਾ ਮਾਰ ਦਿੰਦੇ ਹਨ। ਇਸ ਮੁਹੱਲੇ ਸਿੱਖੀ ਦਾ ਨਵਾਂ-ਨਵਾਂ ਪ੍ਰਚਾਰ ਹੋਇਆ ਹੈ। ਦਿਨਾਂ ਵਿਚ ਆਲੀਸ਼ਾਨ ਗੁਰਦੁਆਰਾ ਉੱਸਰ ਗਿਆ। ਉਥੋਂ ਦਾ ਗ੍ਰੰਥੀ ਖ਼ਤਰਨਾਕ ਲੱਗਦਾ ਹੈ। ਉਸ ਦਾ ਭਾਸ਼ਣ ਭੜਕਾਊ ਹੁੰਦਾ ਹੈ। ਪਿਛਲੇ ਕਈ ਜਲੂਸਾਂ ਵਿਚ ਮੁੰਡੇ ਨੰਗੀਆਂ ਤਲਵਾਰਾਂ ਲੈ ਕੇ ਸ਼ਾਮਲ ਹੁੰਦੇ ਰਹੇ ਹਨ। ਹਿੰਦੂਆਂ ਦੇ ਕਈ ਧਾਰਮਿਕ ਜਲੂਸਾਂ ਵਿਚ ਹੁੱਲੜਬਾਜ਼ੀ ਕਰ ਚੁੱਕੇ ਹਨ। ਉਪਰੋਂ ਆਈ ਕਿਸੇ ਹਦਾਇਤ ਦੇ ਆਧਾਰ ’ਤੇ ਗੜਬੜ ਕਰ ਬੈਠੇ ਹੋਣ ਤਾਂ ਇਹ ਕੋਈ ਵੱਡੀ ਗੱਲ ਨਹੀਂ। ਫੁਰਤੀਲਾ ਉਹਨਾਂ ਦਾ ਆਗੂ ਹੈ। ਸਮਝਾ-ਬੁਝਾ ਕੇ ਮੰਨ ਜਾਣ ਤਾਂ ਠੀਕ ਹੈ, ਨਹੀਂ ਤਾਂ ਗੁਰਦੁਆਰੇ ਸਣੇ ਸਾਰੇ ਮੁਹੱਲੇ ਦੀ ਤਲਾਸ਼ੀ ਹੋਣੀ ਚਾਹੀਦੀ ਹੈ।

ਫੁਰਤੀਲਾ ਵਿਚਕਾਰੋਂ ਹੀ ਬੋਲ ਪਿਆ। ਉਸ ਦੀ ਬਰਾਦਰੀ ’ਤੇ ਲੱਗੀ ਦੂਸ਼ਣਬਾਜ਼ੀ ’ਤੇ ਉਹ ਤਿਲਮਿਲਾ ਉਠਿਆ। ਉਹ ਰਾਜਪੂਤ ਹਨ, ਲੜਨਾ ਉਹਨਾਂ ਦਾ ਧਰਮ ਹੈ। ਰਾਜਪੂਤ ਕਦੇ ਇਸ ਤਰ੍ਹਾਂ ਦੀਆਂ ਕਮੀਨੀਆਂ ਹਰਕਤਾਂ ਨਹੀਂ ਕਰਦੇ, ਲਲਕਾਰ ਕੇ ਲੜਦੇ ਹਨ। ਮਾਸੂਮਾਂ ਅਤੇ ਔਰਤਾਂ ’ਤੇ ਤਾਂ ਉਹ ਵਾਰ ਕਰਦੇ ਹੀ ਨਹੀਂ। ਇਹ ਗੱਲ ਸੀ ਤਾਂ ਪਹਿਲਾਂ ਹੀ ਦੱਸ ਦਿੰਦੇ। ਉਹ

ਘਰ-ਘਰ ਦੀ ਤਲਾਸ਼ੀ ਲਈ ਤਿਆਰ ਹਨ। ਬੰਟੀ ਉਹਨਾਂ ਨੂੰ ਆਪਣੇ ਬੱਚਿਆਂ ਜਿੰਨਾ ਹੀ ਅਜ਼ੀਜ਼ ਹੈ। ਮੀਟਿੰਗ ਵਿਚ ਉਹਨਾਂ ਦੀ ਬਰਾਦਰੀ ਨੂੰ ਜ਼ਲੀਲ ਕਰਨ ਦੀ ਕੀ ਲੋੜ ਸੀ ? ਰਾਮ ਸਰੂਪ ਦੇ ਭਾਸ਼ਨ 'ਤੇ ਉਹ ਤੈਸ਼ ਵਿਚ ਆ ਗਿਆ ਸੀ। ਖ਼ਾਨ ਠੰਢਾ ਨਾ ਕਰਦਾ ਤਾਂ ਉਸ ਨੇ ਬਾਈਕਾਟ ਕਰਨ ਲੱਗਿਆਂ ਮਿੰਟ ਲਾਉਣਾ ਸੀ।

ਹੈੱਡਮਾਸਟਰ ਸ਼ਰਮਾ ਜੀ ਹੋਰ ਹੀ ਰਾਏ ਰੱਖਦੇ ਸਨ। ਇਸ ਮਸਲੇ ਦੀ ਜੜ੍ਹ ਨਾ ਸਾਂਸੀਆਂ ਵਿਚ ਹੈ, ਨਾ ਕੋਹੜੀਆਂ ਵਿਚ ਅਤੇ ਨਾ ਵਾਣ ਵੱਟਣਿਆਂ ਵਿਚ। ਇਸ ਸਾਰੇ ਸਿਆਪੇ ਦੀ ਜੜ੍ਹ ਤਾਂ ਸਿੱਧੂਆਂ ਦਾ ਅਗਵਾੜ ਹੋ ਸਕਦੈ। ਪੰਜਾਹ ਸਾਲਾਂ ਵਿਚ ਅਗਵਾੜ ਦੀ ਆਬਾਦੀ ਤਾਂ ਦੁੱਗਣੀ ਤਿੱਗਣੀ ਹੋ ਗਈ ਪਰ ਖੇਤੀ ਵਾਲੀ ਜ਼ਮੀਨ ਘਟ ਕੇ ਚੌਥਾ ਹਿੱਸਾ ਰਹਿ ਗਈ। ਸ਼ਹਿਰ ਦਾ ਵਿਸਥਾਰ ਚਾਰੇ ਪਾਸੇ ਵੱਲ ਹੋ ਰਿਹਾ ਹੈ। ਅਗਵਾੜ ਦੀ ਅੱਧੀ ਜ਼ਮੀਨ ਵਿਚ ਕਾਰਖ਼ਾਨੇ ਅਤੇ ਫ਼ੈਕਟਰੀਆਂ ਲੱਗ ਗਈਆਂ ਅਤੇ ਅੱਧੀ ਵਿਚ ਕੋਠੀਆਂ ਅਤੇ ਮਕਾਨ ਬਣ ਗਏ। ਦੂਜੇ ਪਾਸੇ ਮੁੰਡੇ ਪੜ੍ਹਦੇ-ਲਿਖਦੇ ਜਾ ਰਹੇ ਹਨ। ਪੈਂਟਾਂ-ਸ਼ਰਟਾਂ ਪਾਉਣ ਲੱਗੇ ਹਨ। ਵੱਡੀਆਂ-ਵੱਡੀਆਂ ਡਿਗਰੀਆਂ ਲਈ ਫਿਰਦੇ ਹਨ। ਨਾ ਖੇਤੀ ਦੇ ਕਾਬਲ ਰਹੇ ਹਨ, ਨਾ ਨੌਕਰੀ ਮਿਲਦੀ ਹੈ। ਵਿਹਲਿਆਂ ਨੇ ਮਾੜੇ ਪਾਸੇ ਹੀ ਲੱਗਣਾ ਹੈ। ਜਦੋਂ ਨਕਸਲਬਾੜੀ ਲਹਿਰ ਚੱਲੀ, ਅਗਵਾੜ ਦੇ ਅੱਧੇ ਮੁੰਡੇ ਕੇਸ ਕਟਾ ਕੇ ਨਕਸਲੀਏ ਬਣ ਗਏ। ਕਈ ਮਾਰੇ ਗਏ, ਕਈ ਜੇਲ੍ਹਾਂ 'ਚ ਰੁਲਦੇ ਰਹੇ। ਹੁਣ ਫੇਰ ਸਾਰਾ ਅਗਵਾੜ ਕੇਸਰੀ ਪੱਗਾਂ ਬੰਨ੍ਹੀ ਫਿਰਦੈ। ਅੱਧੀ ਨਾਲੋਂ ਵੱਧ ਮੁੰਡੀਰ ਨੇ ਗਾਤਰੇ ਪਾ ਲਏ। ਫ਼ੈਡਰੇਸ਼ਨ ਦੇ ਨਾਂ ਥੱਲੇ ਮੀਟਿੰਗਾਂ ਕਰਦੇ ਹਨ, ਜਲੂਸ ਕੱਢਦੇ ਹਨ ਅਤੇ ਇਸ਼ਤਿਹਾਰ ਲਾਉਂਦੇ ਹਨ। ਵਾਣ ਵੱਟਣਿਆਂ ਵਿਚਾਰਿਆਂ ਨੂੰ ਇੰਨੀ ਸੂਝ ਕਿਥੇ ? ਫੜ-ਫੜਾਈ ਕਰਨੀ ਹੈ ਤਾਂ ਅਗਵਾੜ ਵਿਚੋਂ ਕੀਤੀ ਜਾਵੇ।

ਹੈੱਡਮਾਸਟਰ ਦੀਆਂ ਗੱਲਾਂ ਨੇ ਜ਼ੈਲਦਾਰ ਨੂੰ ਪਸੀਨਾ ਲਿਆ ਦਿੱਤਾ। ਉਸ ਨੇ ਹੈੱਡਮਾਸਟਰ ਨੂੰ ਕਈ ਵਾਰ ਟੋਕਿਆ। ਖ਼ਾਨ ਨੇ ਹੈੱਡਮਾਸਟਰ ਨੂੰ ਬੋਲਣ ਦਿੱਤਾ। ਉਹ ਸਭ ਦੇ ਵਿਚਾਰ ਸੁਣਨਾ ਚਾਹੁੰਦਾ ਸੀ। ਜਿੰਨਾ ਚਿਰ ਕੋਈ ਖੁੱਲ੍ਹ ਕੇ ਬੋਲ ਨਹੀਂ ਸਕਦਾ, ਮਾਮਲੇ ਦੀ ਤਹਿ ਤਕ ਨਹੀਂ ਪਹੁੰਚਿਆ ਜਾ ਸਕਦਾ।

ਮੁੰਡਿਆਂ ਦਾ ਧਾਰਮਿਕ ਖ਼ਿਆਲਾਂ ਦਾ ਹੋ ਜਾਣਾ ਜ਼ੈਲਦਾਰ ਨੂੰ ਮਾੜਾ ਨਹੀਂ ਸੀ ਲੱਗਦਾ। ਇਹ ਤਾਂ ਸਗੋਂ ਚੰਗੀ ਗੱਲ ਸੀ। ਕਿਸੇ ਵੀ ਧਰਮ ਨੂੰ ਅਪਨਾਉਣ ਦੀ ਹਰ ਨਾਗਰਿਕ ਨੂੰ ਸੰਵਿਧਾਨਕ ਖੁੱਲ੍ਹ ਹੈ। ਨਾਸਤਕ ਹੋ ਕੇ ਕਤਲੇਆਮ ਕਰਨ ਦੀ ਥਾਂ ਜੇ ਮੁੰਡੇ ਧਰਮ ਦਾ ਰਾਹ ਅਪਣਾ ਕੇ ਖ਼ਲਕਤ ਦੀ ਭਲਾਈ ਕਰਨਾ ਚਾਹੁੰਦੇ ਹਨ ਤਾਂ ਇਸ ਵਿਚ ਕੀ ਬੁਰਾਈ ਹੈ ? ਇਹਨਾਂ ਹਿੰਦੂ ਸੇਠਾਂ ਨੂੰ ਤਾਂ ਹਰ ਸਿੱਖ ਹੀ ਦਹਿਸ਼ਤਗਰਦ ਨਜ਼ਰ ਆਉਣ ਲੱਗਾ ਹੈ। ਸਭ ਖਾਂਦੇ-ਪੀਂਦੇ ਘਰਾਂ ਦੇ ਮੁੰਡੇ ਹਨ। ਪੰਜ ਹਜ਼ਾਰ ਲਈ ਅਜਿਹੀ ਕਮੀਨੀ ਹਰਕਤ ਕਿਉਂ ਕਰਨਗੇ ? ਉਹ ਕਿਸੇ ਵੀ ਕੀਮਤ 'ਤੇ ਅਗਵਾੜ ਦੀ ਬੇਇੱਜ਼ਤੀ ਨਹੀਂ ਹੋਣ ਦੇਵੇਗਾ। ਉਹ ਮੁੱਖ ਮੰਤਰੀ ਨਾਲ ਗੱਲ ਕਰੇਗਾ।

ਜ਼ੈਲਦਾਰ ਨੂੰ ਮੁੱਖ ਮੰਤਰੀ ਦੇ ਨੇੜੇ ਹੋਣ ਦਾ ਮਾਣ ਸੀ। ਹਰ ਮੋਰਚੇ ਵਿਚ ਉਹ ਸਰਦਾਰ ਦਾ ਹਰ ਤਰ੍ਹਾਂ ਸਾਥ ਦਿੰਦਾ ਸੀ। ਧਨ ਨਾਲ ਵੀ ਅਤੇ ਬੰਦਿਆਂ ਨਾਲ ਵੀ। ਇਸ ਮੀਟਿੰਗ ਵਿਚ ਵੀ ਅਗਵਾੜ ਦੇ ਨੁਮਾਇੰਦੇ ਦੇ ਤੌਰ 'ਤੇ ਹਾਜ਼ਰ ਸੀ। ਅਗਵਾੜ 'ਤੇ ਕੋਈ ਚਿੱਕੜ ਉਛਾਲੇ ਤਾਂ ਉਸ ਦਾ ਜਵਾਬ ਦੇਣਾ ਜ਼ੈਲਦਾਰ ਦੀ ਜ਼ਿੰਮੇਵਾਰੀ ਹੈ। ਆਪਣੀ ਜ਼ਿੰਮੇਵਾਰੀ ਉਹ ਬਾਖ਼ੂਬੀ ਨਿਭਾ ਰਿਹਾ ਸੀ।

ਲਾਲਾ ਜੀ ਦਾ ਵੀਹ ਘਰਾਂ ਨਾਲ ਵਿਰੋਧ ਵੀ ਤਾਂ ਹੈ। ਬੰਟੀ ਮਾਡਲ ਟਾਊਨ ਦੀਆਂ ਕੋਠੀਆਂ ਵਿਚ ਕਿਉਂ ਨਹੀਂ ਹੋ ਸਕਦਾ ? ਕਿਹੜਾ ਭੈੜੇ ਤੋਂ ਭੈੜਾ ਜੁਰਮ ਹੈ, ਜਿਹੜਾਂ ਉਹਨਾਂ ਕੋਠੀਆਂ ਵਿਚ

ਨਹੀਂ ਹੁੰਦਾ ? ਚੋਰ-ਬਜ਼ਾਰੀ, ਸਮੱਗਲਿੰਗ ਅਤੇ ਹੇਰਾ-ਫੇਰੀਆਂ ਦੀਆਂ ਸਾਰੀਆਂ ਯੋਜਨਾਵਾਂ ਉਥੇ ਹੀ ਤਾਂ ਬਣਦੀਆਂ ਹਨ। ਉਹ ਖ਼ੁਦ ਨਹੀਂ ਕਰ ਸਕਦੇ ਤਾਂ ਕਿਸੇ ਨੂੰ ਖ਼ਰੀਦ ਤਾਂ ਸਕਦੇ ਹਨ। ਕਈ ਸੇਠਾਂ ਨੂੰ ਦੁੱਖ ਹੈ, ਲਾਲਾ ਹਰ ਵਾਰ ਹੀ ਸੀਤਾ ਭਵਨ ਦਾ ਪ੍ਰਧਾਨ ਬਣ ਜਾਂਦਾ ਹੈ। ਬਾਕੀ ਸੇਵਾ ਦੇ ਮੌਕੇ ਤੋਂ ਖੁੰਝ ਜਾਂਦੇ ਹਨ। ਕਈ ਹੋਰਾਂ ਨੂੰ ਰਾਮ ਲੀਲਾ ਕਮੇਟੀ 'ਤੇ ਕਬਜ਼ਾ ਕਰਨ ਦੀ ਭੁੱਖ ਹੈ। ਸੇਵਾ ਸੰਮਤੀ ਵਿਚ ਵੀ ਪਾਰਟੀ-ਬਾਜ਼ੀ ਹੈ। ਮਹਾਂਬੀਰ ਦਲ ਵਿਚ ਵੀ ਲਾਲਾ ਜੀ ਦਾ ਬੋਲਬਾਲਾ ਹੈ। ਚੋਣਾਂ ਵਿਚ ਵੀ ਇਹਨਾਂ ਇਕ ਪਾਰਟੀ ਦਾ ਪੱਖ ਖੁੱਲ੍ਹ ਕੇ ਪੂਰਿਆ ਹੈ। ਮਾੜੇ ਹਾਲਤਾਂ ਦਾ ਫ਼ਾਇਦਾ ਉਠਾ ਕੇ ਕੋਈ ਵੀ ਨਿੱਜੀ ਦੁਸ਼ਮਣੀ ਕੱਢ ਸਕਦਾ ਹੈ। ਜਿੰਨਾ ਚਿਰ ਕੋਠੀਆਂ ਦੀ ਛਾਣ-ਬੀਣ ਨਹੀਂ ਹੋ ਜਾਂਦੀ, ਜ਼ੈਲਦਾਰ ਕਿਸੇ ਨੂੰ ਅਗਵਾੜ ਵੱਲ ਮੂੰਹ ਨਹੀਂ ਕਰਨ ਦੇਵੇਗਾ।

ਖ਼ਾਨ ਨੇ ਸਭ ਦੀਆਂ ਗੱਲਾਂ ਸੁਣੀਆਂ। ਭਾਵੇਂ ਹਰ ਕਿਸੇ ਨੇ ਆਪਣੇ ਤਬਕੇ ਦਾ ਪੱਖ ਪੂਰਿਆ ਸੀ, ਫੇਰ ਵੀ ਉਹਨਾਂ ਦੇ ਨੁਕਤਿਆਂ ਵਿਚ ਵਜ਼ਨ ਸੀ। ਕਸੂਰਵਾਰ ਕੋਈ ਵੀ ਹੋ ਸਕਦਾ ਸੀ। ਸਾਂਸੀਆਂ ਕੋਹੜੀਆਂ ਤੋਂ ਲੈ ਕੇ ਸੇਠਾਂ ਤਕ।

ਖ਼ਾਨ ਦੇ ਜ਼ਿਹਨ ਵਿਚ ਜੁਰਮ-ਵਿਗਿਆਨ ਦੇ ਵੱਖ-ਵੱਖ ਸਿਧਾਂਤ ਘੁੰਮਣ ਲੱਗੇ। ਬੰਟੀ ਦੇ ਕੇਸ ਨੂੰ ਕਿਸ ਸਿਧਾਂਤ 'ਤੇ ਰੱਖ ਕੇ ਪਰਖਿਆ ਜਾਵੇ, ਉਸ ਨੂੰ ਸਮਝ ਨਹੀਂ ਸੀ ਆ ਰਹੀ।

ਕਈ ਜੁਰਮ ਵਿਗਿਆਨੀ ਆਖਦੇ ਹਨ ਕਿ ਜੁਰਮ ਕਰਨ ਦੀ ਪ੍ਰਵਿਰਤੀ ਖ਼ਾਨਦਾਨੀ ਹੁੰਦੀ ਹੈ। ਜੁਰਮ ਮੁਜਰਮਾਂ ਦੇ ਖ਼ੂਨ ਵਿਚ ਵੱਸਿਆ ਹੁੰਦਾ ਹੈ। ਉਹ ਪੀੜ੍ਹੀ-ਦਰ-ਪੀੜ੍ਹੀ ਚੱਲਦਾ ਰਹਿੰਦਾ ਹੈ। ਪੰਜਾਬ ਵਿਚ ਅਜਿਹੇ ਕਬੀਲਿਆਂ ਦੀ ਕਮੀ ਨਹੀਂ, ਜਿਨ੍ਹਾਂ ਦਾ ਇਕੋ-ਇਕ ਪੇਸ਼ਾ ਜੁਰਮ ਹੈ ਅਤੇ ਜੁਰਮ ਕਰਨ ਦੀ ਸਿੱਖਿਆ ਬੱਚਿਆਂ ਨੂੰ ਗੁੜ੍ਹਤੀ ਵਿਚ ਦਿੱਤੀ ਜਾਂਦੀ ਹੈ। ਅਜਿਹੇ ਮੁਜਰਮਾਂ ਦਾ ਸੁਧਾਰ ਅਸੰਭਵ ਹੈ। ਇਹਨਾਂ ਨੂੰ ਜੇਲ੍ਹ 'ਚ ਸੁੱਟੀ ਰੱਖਣਾ ਜਾਂ ਖ਼ਤਮ ਕਰਨਾ ਹੀ ਇਕੋ-ਇਕ ਇਲਾਜ ਹੈ।

ਮਾਰਕਸ ਦੇ ਸਮਰਥਕ ਇਸ ਸਿਧਾਂਤ ਦਾ ਵਿਰੋਧ ਕਰਦੇ ਹਨ। ਉਹ ਜੁਰਮਾਂ ਦੇ ਕਾਰਨ ਬਾਹਰ-ਮੁਖੀ ਪ੍ਰਸਥਿਤੀਆਂ ਵਿਚ ਮਿੱਥਦੇ ਹਨ। ਜਿੰਨਾ ਚਿਰ ਸਮਾਜ ਵਿਚ ਅਸਮਾਨਤਾ ਰਹੇਗੀ, ਲੋਕਾਂ ਨੂੰ ਆਪਣੀ ਮਿਹਨਤ ਦਾ ਮੁੱਲ ਨਹੀਂ ਮਿਲੇਗਾ ਅਤੇ ਕਿਰਤੀ ਲੋਕਾਂ ਦੀ ਲੁੱਟ-ਖਸੁੱਟ ਹੁੰਦੀ ਰਹੇਗੀ, ਓਨਾ ਚਿਰ ਸਮਾਜ ਵਿਚ ਜੁਰਮ ਹੁੰਦਾ ਰਹੇਗਾ। ਉਹ ਮੁਜਰਮ ਨੂੰ ਖ਼ਤਮ ਕਰਨ ਦੀ ਥਾਂ ਅਜਿਹੀਆਂ ਪ੍ਰਸਥਿਤੀਆਂ ਨੂੰ ਖ਼ਤਮ ਕਰਨਾ ਚਾਹੁੰਦੇ ਹਨ, ਜਿਸ ਨਾਲ ਅਸਮਾਨਤਾ ਵਧਦੀ ਹੈ।

ਸਦਰਲੈਂਡ ਵਰਗੇ ਇਸ ਸਿਧਾਂਤ ਨੂੰ ਵੀ ਰੱਦ ਕਰਦੇ ਹਨ। ਉਹਨਾਂ ਦਾ ਮੱਤ ਹੈ ਕਿ ਪੈਸੇ ਦੀ ਕਮੀ ਨਹੀਂ, ਸਗੋਂ ਪੈਸੇ ਦੀ ਭੁੱਖ ਮੁਜਰਮਾਂ ਲਈ ਪ੍ਰੇਰਨਾ-ਸ੍ਰੋਤ ਬਣਦੀ ਹੈ। ਜੇ ਪੈਸੇ ਲਈ ਲੋਕ ਜੁਰਮ ਕਰਦੇ ਤਾਂ ਅਮੀਰ ਲੋਕ ਜੁਰਮ ਦੇ ਨੇੜੇ ਵੀ ਨਾ ਢੁਕਦੇ। ਇਹਨੀਂ ਦਿਨੀਂ ਸਮਾਜ ਦਾ ਸਭ ਤੋਂ ਅਮੀਰ ਤਬਕਾ ਹੀ ਜੁਰਮ ਕਰਨ 'ਤੇ ਤੁਲਿਆ ਹੋਇਆ ਹੈ। ਰਿਸ਼ਵਤ-ਖ਼ੋਰੀ, ਟੈਕਸਾਂ ਦੀ ਚੋਰੀ, ਸਮੱਗਲਿੰਗ ਅਤੇ ਬਲੈਕ-ਮਾਰਕੀਟ, ਸਭ ਅਮੀਰਾਂ ਦੇ ਜੁਰਮ ਹਨ।

ਕੋਈ ਕੁਝ ਵੀ ਆਖੇ। ਖ਼ਾਨ ਲੋਕਬਰੋਸੋ (Lombroso) ਦਾ ਹਾਮੀ ਸੀ। ਕਈ ਮੁਜਰਮ ਹੁੰਦੇ ਹਨ, ਜਿਨ੍ਹਾਂ ਨੂੰ ਸੁਧਾਰਿਆ ਨਹੀਂ ਜਾ ਸਕਦਾ। ਸਾਡੀ ਨਿਆਂ-ਪ੍ਰਣਾਲੀ ਆਪਣੇ ਮਕਸਦ ਤੋਂ ਭਟਕ ਚੁੱਕੀ ਹੈ। ਖ਼ਾਨ ਅਜਿਹੇ ਕੱਟੜ ਮੁਜਰਮਾਂ ਨੂੰ ਖ਼ਤਮ ਕਰਨ ਦਾ ਹਾਮੀ ਸੀ। ਉਹ ਬਿਹਾਰ ਦੀ ਪੁਲਿਸ ਮੁਤਾਬਕ ਮੁਜਰਮਾਂ ਨੂੰ ਸਜ਼ਾ ਦੇਣ ਦੇ ਹੱਕ ਵਿਚ ਸੀ, ਜਿਨ੍ਹਾਂ ਨੇ ਚੋਰਾਂ ਦੀਆਂ ਅੱਖਾਂ ਹੀ ਕੱਢ ਦਿੱਤੀਆਂ ਸਨ। ਸਮਾਜ-ਸੁਧਾਰਕਾਂ ਦੀ ਹਾਲ ਦੁਹਾਈ ਖ਼ਾਨ ਨੂੰ ਭੈੜੀ ਲੱਗਦੀ ਸੀ। ਜੇ ਅਦਾਲਤਾਂ ਸਮਾਜ ਨੂੰ ਇਹਨਾਂ ਚੋਰਾਂ ਤੋਂ ਨਹੀਂ ਬਚਾ ਸਕਦੀਆਂ ਤਾਂ ਪੁਲਿਸ ਨੇ ਤਾਂ ਬਚਾਉਣਾ ਹੀ ਹੈ। ਲਾਲਾ ਜੀ ਦਾ ਆਦਰਸ਼ਵਾਦ ਵੀ ਉਸ ਨੂੰ ਪਸੰਦ ਨਹੀਂ ਸੀ ਆਇਆ। ਬੰਟੀ ਦੀ ਬਹੁਤੀ ਸੰਭਾਵਨਾ ਉਹਨਾਂ

ਕੁੱਲੀਆਂ ਵਿਚ ਹੀ ਹੋ ਸਕਦੀ ਸੀ, ਜਿਥੇ ਸਾਂਸੀ, ਬਾਜ਼ੀਗਰ ਅਤੇ ਮੰਗਤੇ ਰਹਿੰਦੇ ਹਨ।

ਵਜ਼ਨ ਸਿੱਧੂਆਂ ਦੇ ਅਗਵਾੜ ਵਾਲੀ ਗੱਲ ਵਿਚ ਵੀ ਸੀ। ਮੱਧ-ਵਰਗੀ ਨੌਜਵਾਨ ਵਿਹਲਾ ਰਹਿ ਕੇ ਬਗ਼ਾਵਤ ਨਹੀਂ ਕਰੇਗਾ ਤਾਂ ਹੋਰ ਕੀ ਕਰੇਗਾ ? ਉਹ ਨਾ ਘਰ ਦਾ ਰਿਹੈ, ਨਾ ਘਾਟ ਦਾ। ਪੈਸਿਆਂ ਬਿਨਾਂ ਕੋਈ ਨੌਕਰੀ ਨਹੀਂ ਮਿਲਦੀ। ਅੱਧੀਆਂ ਸੀਟਾਂ ਵੱਖ-ਵੱਖ ਜਾਤਾਂ ਲਈ ਰਾਖਵੀਆਂ ਹਨ, ਬਾਕੀ ਦੀਆਂ ਨੌਕਰੀਆਂ ਜਾਂ ਪੈਸੇ ਵਾਲੇ ਲੈ ਜਾਂਦੇ ਹਨ ਜਾਂ ਅਫ਼ਸਰਾਂ ਤੇ ਨੇਤਾਵਾਂ ਦੇ ਰਿਸ਼ਤੇਦਾਰ। ਸਿੱਖਿਆ ਪ੍ਰਣਾਲੀ ਵਿਚ ਇੰਨਾ ਦਮ ਨਹੀਂ ਕਿ ਕਿਸੇ ਕਿੱਤੇ ਦੇ ਯੋਗ ਬਣਾ ਦੇਵੇ। ਹੋ ਸਕਦੈ ਕਿਸੇ ਅੱਤਵਾਦੀ ਸੰਸਥਾ ਨਾਲ ਜੁੜਨ ਲਈ ਅਗਵਾੜ ਦੇ ਮੁੰਡੇ ਆਪਣੀ ਦਲੇਰੀ ਦਾ ਸਬੂਤ ਦੇ ਰਹੇ ਹੋਣ। ਲਾਲਾ ਜੀ ਦਾ ਸ਼ਹਿਰ ਵਿਚ ਬਹੁਤ ਰਸੂਖ਼ ਹੈ। ਕਿਸੇ ਮਾੜੀ ਘਟਨਾ ਦੇ ਵਾਪਰਦੇ ਹੀ ਦੰਗੇ ਫ਼ਸਾਦ ਹੋ ਸਕਦੇ ਹਨ। ਅਗਵਾੜ ਦੇ ਬਹੁਤੇ ਮੁੰਡੇ ਫ਼ੈਡਰੇਸ਼ਨ ਦੇ ਮੈਂਬਰ ਹਨ। ਇਕ-ਦੋ ਘਰੋਂ ਫ਼ਰਾਰ ਵੀ ਹਨ। ਸਿੱਧੂਆਂ ਦਾ ਅਗਵਾੜ ਛੱਡਿਆ ਨਹੀਂ ਜਾ ਸਕਦਾ।

ਮਾਡਲ ਟਾਊਨ ਦੀ ਤਲਾਸ਼ੀ ਵਾਲੀ ਗੱਲ ਖ਼ਾਨ ਨੂੰ ਜਚੀ ਨਹੀਂ ਸੀ। ਉਹ ਖ਼ੁਦ ਰਈਸ ਖ਼ਾਨਦਾਨ ਦਾ ਮੁੰਡਾ ਹੈ। ਅਮੀਰਾਂ ਦੇ ਕਰਨ ਲਈ ਹੋਰ ਬਥੇਰੀ ਤਰ੍ਹਾਂ ਦੇ ਜੁਰਮ ਹਨ। ਇਸ ਤਰ੍ਹਾਂ ਦੀ ਘਟੀਆ ਹਰਕਤ ਉਹ ਕਦੇ ਨਹੀਂ ਕਰਨਗੇ। ਸੇਵਾ ਸੰਮਤੀ ਦੀ ਪ੍ਰਧਾਨਗੀ ਦਾ ਰੌਲਾ ਹੋਵੇ ਤਾ ਗੀਤਾ ਭਵਨ ਦੀ ਚੌਧਰ ਦਾ, ਬੱਚੇ ਨਾਲ ਕੀ ਮਤਲਬ ? ਉਹ ਪੈਸਾ ਖ਼ਰਚ ਕੇ ਨਵੇਂ ਮੈਂਬਰ ਬਣਾ ਸਕਦੇ ਹਨ, ਪੁਰਾਣਿਆਂ ਨੂੰ ਖ਼ਰੀਦ ਸਕਦੇ ਹਨ। ਨਵੀਂ ਸੰਸਥਾ ਜਾਂ ਭਵਨ ਉਸਾਰ ਸਕਦੇ ਹਨ। ਖ਼ਾਨ ਸੇਠਾਂ ਨੂੰ ਤੰਗ ਕਰਨ ਦੇ ਹੱਕ ਵਿਚ ਨਹੀਂ ਸੀ, ਪਰ ਜੇ ਹੋਰ ਬਸਤੀਆਂ ਦੀ ਤਲਾਸ਼ੀ ਕਰਨੀ ਹੈ ਤਾਂ ਲੋਕਾਂ ਦੀਆਂ ਅੱਖਾਂ ਪੂੰਝਣ ਅਤੇ ਨਿਰਪੱਖਤਾ ਦਾ ਸਬੂਤ ਦੇਣ ਲਈ ਮਾਡਲ ਟਾਊਨ ਦੀ ਤਲਾਸ਼ੀ ਦਾ ਵੀ ਕੋਈ ਹਰਜ ਨਹੀਂ। ਇਹ ਹਦਾਇਤਾਂ ਉਹ ਜ਼ਰੂਰ ਦੇਵੇਗਾ ਕਿ ਨੌਕਰਾਂ ਦੇ ਕੁਆਟਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਕਈ ਵਾਰ ਦੀਵੇ ਥੱਲੇ ਹੀ ਹਨੇਰਾ ਹੁੰਦਾ ਹੈ। ਨੌਕਰ ਕੋਠੀਆਂ ਨੂੰ ਜੁਰਮ ਲਈ ਅਕਸਰ ਵਰਤਦੇ ਦੇਖੇ ਗਏ ਹਨ।

ਕਰਫ਼ਿਊ ਲਗਾ ਕੇ ਘਰ-ਘਰ ਦੀ ਤਲਾਸ਼ੀ ਲੈਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਆਪਣੀ ਯੋਜਨਾ ਉਹ ਮੀਟਿੰਗ ਵਿਚ ਬੈਠੇ ਲੋਕਾਂ ਕੋਲ ਵੀ ਨਹੀਂ ਸੀ ਦੱਸ ਸਕਦਾ। ਪੁਲਿਸ ਨੇ ਹਾਲੇ ਬਹੁਤ ਪ੍ਰਬੰਧ ਕਰਨੇ ਸਨ। ਹੋ ਸਕਦੈ ਗੱਲ ਮੁਜਰਮਾਂ ਕੋਲ ਪੁੱਜ ਜਾਏ ਅਤੇ ਉਹ ਪੁਲਿਸ ਪ੍ਰਬੰਧ ਮੁਕੰਮਲ ਹੋਣ ਤੋਂ ਪਹਿਲਾਂ ਹੀ ਖਿਸਕ ਜਾਣ।

ਪਤਵੰਤੇ ਇਸ ਗੱਲ 'ਤੇ ਸਹਿਮਤ ਸਨ ਕਿ ਘਰ-ਘਰ ਦੀ ਤਲਾਸ਼ੀ ਲਈ ਜਾਵੇ। ਮਸਲਾ ਤਾਂ ਹੀ ਹੱਲ ਹੋਣਾ ਸੀ।

ਖ਼ਾਨ ਉਹਨਾਂ ਨਾਲ ਸਹਿਮਤ ਤਾਂ ਸੀ ਪਰ ਮੀਟਿੰਗ ਵਿਚ ਐਲਾਨ ਨਹੀਂ ਸੀ ਕਰ ਸਕਦਾ।

ਮੀਟਿੰਗ ਖ਼ਤਮ ਹੋਣ ਤੋਂ ਪਹਿਲਾਂ ਉਸ ਨੇ ਲੋਕਾਂ ਨੂੰ ਯਕੀਨ ਦਵਾਇਆ ਕਿ ਉਹ ਬਿਨਾਂ ਕਰਫ਼ਿਊ ਲਾਇਆਂ ਹੀ ਬੰਟੀ ਨੂੰ ਲੱਭ ਲਏਗਾ। ਉਸ ਦੇ ਜ਼ਿਹਨ ਵਿਚ ਕੁਝ ਯੋਜਨਾਵਾਂ ਸਨ। ਉਹ ਬਾਕੀ ਅਫ਼ਸਰਾਂ ਨਾਲ ਰਾਏ ਕਰਕੇ ਪਤਵੰਤਿਆਂ ਨਾਲ ਅਗਲੀ ਮੀਟਿੰਗ ਵਿਚ ਉਹਨਾਂ 'ਤੇ ਵਿਚਾਰ ਕਰੇਗਾ।

ਅਗਲੀ ਮੀਟਿੰਗ ਸ਼ਾਮ ਨੂੰ ਚਾਰ ਵਜੇ ਰੱਖੀ ਗਈ।

ਖ਼ਾਨ ਨੂੰ ਪਤਾ ਸੀ ਅਗਲੀ ਮੀਟਿੰਗ ਦੀ ਲੋੜ ਨਹੀਂ ਪਏਗੀ। ਚਾਰ ਵੱਜਣ ਤੋਂ ਪਹਿਲਾਂ ਹੀ ਸਾਰੇ ਸ਼ਹਿਰ ਵਿਚ ਕਰਫ਼ਿਊ ਲਾ ਦਿੱਤਾ ਜਾਏਗਾ ਅਤੇ ਸ਼ਹਿਰ ਦੇ ਸਾਰੇ ਰਾਹ ਸੀਲ ਕਰ ਕੇ ਘਰ-ਘਰ ਦੀ ਤਲਾਸ਼ੀ ਸ਼ੁਰੂ ਕਰ ਦਿੱਤੀ ਜਾਏਗੀ।

★

# 8

ਪਿਛਲੇ ਦਿਨਾਂ ਵਿਚ ਜਿਹੜੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ, ਉਹਨਾਂ ਵਿਚ ਪ੍ਰਵੇਸ਼ ਕਰਨ ਵਾਲੇ ਹਰ ਰਾਹ ਉੱਤੇ ਪਹਿਰਾ ਅਤੇ ਉਥੋਂ ਲੰਘਦੀ ਹਰ ਗੱਡੀ ਦੀ ਛਾਣ-ਬੀਣ ਵੀ ਸ਼ਾਮਲ ਸੀ।

ਦਰਸ਼ਨ ਸਿੰਘ ਹੌਲਦਾਰ ਨੇ ਡਿਪਟੀ ਦੇ ਨੇੜੇ ਹੋਣ ਦਾ ਫ਼ਾਇਦਾ ਉਠਾ ਰੱਖਿਆ ਸੀ। ਆਪਣੀ ਮਰਜ਼ੀ ਨਾਲ ਉਸ ਨੇ ਹੰਢਿਆਏ ਦੀਆਂ ਕੈਂਚੀਆਂ ਵਾਲਾ ਨਾਕਾ ਚੁਣਿਆ ਸੀ। ਇਥੋਂ ਚਾਰ ਰਾਹ ਨਿਕਲਦੇ ਸਨ। ਬਠਿੰਡਾ, ਮਾਨਸਾ, ਸੰਗਰੂਰ ਅਤੇ ਬਰਨਾਲਾ।

ਘੰਟੇ ਵਿਚ ਪੰਜਾਹ-ਪੰਜਾਹ ਗੱਡੀਆਂ ਲੰਘਦੀਆਂ ਹਨ। ਨਾਕੇ ਦਾ ਇੰਚਾਰਜ ਜਿਵੇਂ ਮਰਜ਼ੀ ਹੱਥ ਰੰਗਦਾ ਰਹੇ।

ਪਹਿਲੇ ਪੰਜ-ਚਾਰ ਦਿਨ ਉਸ ਨੇ ਕਿਸੇ ਦੀ ਪਰਵਾਹ ਨਹੀਂ ਕੀਤੀ। ਦੋ ਸਿਪਾਹੀ ਲੈ ਕੇ ਨਿੰਮ ਹੇਠਾਂ ਖੜ੍ਹਾ ਰਹਿੰਦਾ। ਦੋ-ਚਾਰ ਸਕੂਟਰ ਮੋਟਰ-ਸਾਈਕਲ ਘੇਰ ਕੇ ਉਹਨਾਂ ਦੇ ਕਾਗ਼ਜ਼ ਦੇਖ ਲਏ, ਇਕ-ਦੋ ਕਾਰਾਂ ਦੀਆਂ ਡਿੱਘੀਆਂ ਖੁਲ੍ਹਵਾ ਕੇ ਤਲਾਸ਼ੀ ਲੈ ਲਈ ਤੇ ਬੱਸ। ਬਾਕੀ ਸਾਰਾ ਦਿਨ ਫ਼ੀਸ ਉਗਰਾਹੁੰਦੇ ਰਹਿਣਾ।

ਕੱਲ੍ਹ ਦੀ ਜਦੋਂ ਦੀ ਖ਼ਾਨ ਦੇ ਹੈੱਡਕੁਆਰਟਰ ਨੂੰ ਸ਼ਹਿਰ ਤਬਦੀਲ ਕਰਨ ਦੇ ਹੁਕਮਾਂ ਦੀ ਖ਼ਬਰ ਆਈ ਸੀ, ਦਰਸ਼ਨ ਨੇ ਵੀ ਸਖ਼ਤੀ ਵਧਾ ਦਿੱਤੀ ਸੀ।

ਰਾਤੋ-ਰਾਤ ਪੀ.ਡਬਲਯੂ.ਡੀ. ਵਾਲਿਆਂ ਤੋਂ ਚਾਲੀ-ਪੰਜਾਹ ਖ਼ਾਲੀ ਡਰੰਮ ਸੜਕ ’ਤੇ ਸੁਟਵਾ ਲਏ। ਮੇਟਾਂ ਨੂੰ ਬੁਲਾ ਕੇ ਸਫ਼ੈਦੀ ਕਰਾ ਲਈ। ਵੀਹ ਕੁ ਬੋਰੀਆਂ ਵਿਚ ਮਿੱਟੀ ਭਰਵਾ ਲਈ। ਜੰਗਲਾਤ ਵਾਲਿਆਂ ਨੂੰ ਆਖ ਕੇ ਇਕ ਵੱਡਾ ਸਾਰਾ ਸਫ਼ੈਦਾ ਕਟਵਾ ਲਿਆ।

ਚੌਂਕ ਵਿਚੋਂ ਲੰਘਣ ਵਾਲੇ ਵਹੀਕਲ ਦੀ ਰਫ਼ਤਾਰ ਘਟਾਉਣ ਲਈ ਦਰਸ਼ਨ ਨੇ ਦੂਹਰਾ ਪ੍ਰਬੰਧ ਕੀਤਾ ਸੀ। ਸੜਕ ’ਤੇ ਡਰੰਮ ਇਸ ਤਰ੍ਹਾਂ ਰੱਖੇ ਗਏ ਸਨ ਕਿ ਉਥੋਂ ਲੰਘਦੀ ਹਰ ਗੱਡੀ ਸੱਪ ਵਾਂਗ ਵੱਲ ਖਾਵੇ ਅਤੇ ਕੀੜੀ ਦੀ ਤੋਰ ਤੁਰੇ। ਕੋਈ ਕੁਤਾਹੀ ਕਰੇ ਤਾਂ ਅੱਗੇ ਸਫ਼ੈਦਾ ਰਾਹ ਰੋਕੀ ਖੜ੍ਹਾ ਹੋਊ। ਸੜਕ ਦੇ ਇਕ ਪਾਸੇ ਦੋ ਥੰਮ੍ਹੀਆਂ ਗਡਵਾ ਕੇ ਵਿਚਕਾਰ ਸਫ਼ੈਦਾ ਰੱਖ ਕੇ, ਸਫ਼ੈਦੇ ਦੇ ਇਕ ਸਿਰੇ ਨਾਲ ਭਾਰ ਲਾਉਣ ਲਈ ਮਿੱਟੀ ਦੀ ਭਰੀ ਬੋਰੀ ਲਟਕਾ ਦਿੱਤੀ ਸੀ। ਦੂਜੇ ਸਿਰੇ ’ਤੇ ਇਕ ਰੱਸਾ ਬੰਨ੍ਹ ਕੇ ਹੋਮਗਾਰਡੀਏ ਨੂੰ ਫੜਾ ਦਿੱਤਾ ਗਿਆ। ਜਿੰਨਾ ਚਿਰ ਗੱਡੀ ਚੈੱਕ ਨਾ ਹੋ ਜਾਵੇ, ਉਸ ਨੇ ਰੱਸਾ ਖਿੱਚੀ ਰੱਖਣਾ। ਦਰਸ਼ਨ ਦੇ ਇਸ਼ਾਰੇ ਤੋਂ ਪਿੱਛੋਂ ਹੀ ਰੱਸਾ ਢਿੱਲਾ ਛੱਡਣਾ ਸੀ ਅਤੇ ਗੱਡੀ ਨੂੰ ਲੰਘਣ ਦੇਣਾ ਸੀ।

ਖ਼ਾਨ ਦੇ ਸਖ਼ਤ ਸੁਭਾਅ ਦਾ ਕਿਸ ਨੂੰ ਨਹੀਂ ਸੀ ਪਤਾ ? ਅਫ਼ਸਰ ਦੇ ਸੁਭਾਅ ਅਨੁਸਾਰ ਢਲ ਜਾਣਾ ਦਰਸ਼ਨ ਦਾ ਖ਼ਾਸ ਗੁਣ ਸੀ। ਖ਼ਾਨ ਦਾ ਕੋਈ ਪਤਾ ਨਹੀਂ ਕਿਸ ਸਮੇਂ ਨਾਕਾ ਚੈੱਕ ਕਰ ਲਏ। ਰਾਤ ਦੇ ਇਕ ਵਜੇ ਅਤੇ ਸਵੇਰ ਦੇ ਚਾਰ ਵਜੇ ਥਾਣੇ ਚੈੱਕ ਕਰਨ ਲਈ ਉਹ ਮਸ਼ਹੂਰ ਹੈ। ਵਰਦੀ ਦਾ ਬਹੁਤ ਸ਼ੌਕੀਨ ਹੈ। ਬੂਟ ਪਾਲਿਸ਼ ਨਾ ਕੀਤੇ ਹੋਣ, ਵਰਦੀ ਵਿਚ ਵਲ ਹੋਣ ਜਾਂ ਪਗੜੀ

ਵਿੰਗੀ ਟੇਢੀ ਹੋਵੇ, ਝੱਟ ਲਾਈਨ ਹਾਜ਼ਰ ਕਰ ਦਿੰਦੈ। ਜਿੰਨਾ ਚਿਰ ਵਰਦੀ ਪਾਉਣ ਦਾ ਵੱਲ ਨਹੀਂ ਆਉਂਦਾ, ਥਾਣੇ ਦਾ ਮੂੰਹ ਨਹੀਂ ਦਿਖਾਉਂਦਾ। ਦਰਸ਼ਨ ਨੇ ਸਵੇਰੇ ਹੀ ਵਰਦੀ ਪ੍ਰੈਸ ਕਰਾ ਲਈ ਸੀ। ਇਕ ਵਾਧੂ ਵਰਦੀ ਲਿਆ ਕੇ ਕੋਲ ਰੱਖ ਲਈ ਸੀ। ਜਿਉਂ ਹੀ ਪਹਿਲੀ ਵਰਦੀ ਖ਼ਰਾਬ ਹੋਈ, ਝੱਟ ਦੂਜੀ ਪਾ ਲਏਗਾ। ਵਰਦੀ ਦਾ ਖ਼ਿਆਲ ਰੱਖਣ ਬਾਰੇ ਉਸ ਨੇ ਨਾਲ ਦੇ ਸਿਪਾਹੀਆਂ ਅਤੇ ਸੀ.ਆਰ.ਪੀ. ਵਾਲਿਆਂ ਨੂੰ ਵੀ ਸਮਝਾ ਦਿੱਤਾ।

ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਸੜਕ ਦੇ ਚੌਹਾਂ ਪਾਸਿਆਂ ’ਤੇ ਬੰਕਰ ਬਣਾ ਦਿੱਤੇ ਗਏ। ਲੋੜ ਪੈਣ ’ਤੇ ਜਵਾਨ ਪੋਜ਼ੀਸ਼ਨਾਂ ਲੈ ਸਕਦੇ ਸਨ। ਨਾਕੇ ਦੇ ਚਾਰੇ ਪਾਸਿਉਂ ਸਫ਼ਾਈ ਕਰਾ ਕੇ ਛਿੜਕਾ ਕਰਵਾ ਦਿੱਤਾ ਗਿਆ। ਮੰਜੇ ਪੀਹੜੇ ਲੁਕੋ ਦਿੱਤੇ ਗਏ। ਆਰੇ ਤੋਂ ਇਕ ਛੋਟਾ ਮੇਜ਼ ਅਤੇ ਦੋ ਕੁਰਸੀਆਂ ਮੰਗਵਾਈਆਂ ਗਈਆਂ। ਡਿਊਟੀ ’ਤੇ ਆਰਾਮ ਕਰਨ ਨੂੰ ਖ਼ਾਨ ਕੁਫ਼ਰ ਸਮਝਦਾ ਸੀ।

ਖ਼ਾਨ ਦੇ ਸ਼ਹਿਰ ਵਿਚ ਪਹੁੰਚਣ ਤੋਂ ਬਾਅਦ ਦਰਸ਼ਨ ਨੂੰ ਸੀ.ਆਰ.ਪੀ. ਦੇ ਚਾਰ ਜਵਾਨਾਂ ਦੀ ਇਕ ਹੋਰ ਸੈਕਸ਼ਨ ਦਿੱਤੀ ਗਈ। ਰਲ ਕੇ ਸਾਰੇ ਜਣੇ ਦੁਪਹਿਰ ਤਕ ਪਹਿਰਾ ਦਿੰਦੇ ਰਹੇ।

ਹਰ ਜਵਾਨ ਨੂੰ ਬੰਟੀ ਦੀ ਇਕ-ਇਕ ਤਸਵੀਰ ਵੰਡੀ ਗਈ। ਖ਼ੂੰਖ਼ਾਰ ਦਹਿਸ਼ਤਗਰਦਾਂ ਅਤੇ ਨਾਮੀ ਬਦਮਾਸ਼ਾਂ ਵਾਲੀ ਇਕ ਐਲਬਮ ਵੀ ਉਹਨਾਂ ਕੋਲ ਸੀ। ਹਰ ਗੱਡੀ ਦੀ ਹਰ ਸਵਾਲੀ ਦੀ ਪੜਤਾਲ ਉਹ ਗਹੁ ਨਾਲ ਕਰਨ ਲੱਗੇ। ਬੁੱਢੀਆਂ-ਠੇਰੀਆਂ ਦੀਆਂ ਗਠੜੀਆਂ ਤਕ ਨੂੰ ਫਰੋਲ-ਫਰੋਲ ਦੇਖਿਆ ਗਿਆ। ਕਈ ਵਾਰ ਲੋਕ ਟਿੱਚਰਾਂ ਵੀ ਕਰਨ ਲੱਗਦੇ।

“ਉਹ ਤੁਹਾਡੇ ਭੜੂਏ ਬੱਸਾਂ ਵਿਚ ਫਿਰਨਗੇ ?”

“ਇਹਨਾਂ ਨੂੰ ਹੁਣ ਬੱਸਾਂ ’ਚੋਂ ਬੰਬ ਮਿਲਣਗੇ ?”

ਕੋਈ ਇਹਨਾਂ ਟਿੱਚਰਾਂ ਦੀ ਪਰਵਾਹ ਨਹੀਂ ਸੀ ਕਰ ਰਿਹਾ। ਕਈ ਵਾਰ ਟਰੈਫ਼ਿਕ ਜਾਮ ਹੋ ਜਾਂਦੀ। ਲੋਕ ਬੁੜਬੁੜ ਕਰਨ ਲੱਗਦੇ। ਪੁਲਿਸ ਪਾਰਟੀ ਕੰਨਾਂ ਵਿਚ ਤੇਲ ਪਾ ਲੈਂਦੀ। ਉਹਨਾਂ ਆਪਣੀ ਡਿਊਟੀ ਹਰ ਹਾਲਤ ਵਿਚ ਨਿਭਾਉਣੀ ਹੈ। ਕਿਸੇ ਨੂੰ ਬਹੁਤੀ ਤਕਲੀਫ਼ ਹੈ, ਉਹ ਉਤਰ ਕੇ ਨਾਲ ਵਾਲੇ ਢਾਬਿਆਂ ਤੋਂ ਅੰਨ-ਪਾਣੀ ਛਕ ਲਏ, ਚਾਹ-ਦੁੱਧ ਪੀ ਲਏ। ਲੰਬੇ ਰੂਟ ਦੀ ਬੱਸ ਤਾਂ ਉਹ ਕਈ ਵਾਰ ਜਾਣ-ਬੁੱਝ ਕੇ ਲੇਟ ਕਰ ਦਿੰਦੇ। ਹੋਟਲਾਂ ਵਾਲਿਆਂ ਨੂੰ ਚਾਰ ਪੈਸੇ ਬਣ ਜਾਂਦੇ। ਦੋ ਪੈਸੇ ਵੱਟਣਗੇ ਤਾਂ ਹੀ ਅੱਠ-ਦਸ ਜਣਿਆਂ ਨੂੰ ਮੁਫ਼ਤ ’ਚ ਰੋਟੀ-ਪਾਣੀ ਖਵਾਉਂਦੇ ਕੌੜ-ਕੌੜ ਨਹੀਂ ਝਾਕਣਗੇ। ਦੁਪਹਿਰ ਤਕ ਜਦੋਂ ਕੁਝ ਵੀ ਪੱਲੇ ਨਾ ਪਿਆ ਤਾਂ ਪੁਲਿਸ ਪਾਰਟੀ ਦਾ ਉਤਸ਼ਾਹ ਮੱਠਾ ਪੈ ਗਿਆ। ਲੋਕ ਠੀਕ ਆਖਦੇ ਹਨ। ਉਹਨਾਂ ਬੱਚੇ ਨੂੰ ਬੱਸਾਂ ’ਚ ਥੋੜ੍ਹਾ ਲਈ ਫਿਰਨੈ। ਇਹ ਪੁਲਿਸ ਦੀ ਵਾਧੂ ਭਕਾਈ ਕਰਾਈ ਜਾ ਰਹੀ ਹੈ।

ਖੜੇ-ਖੜੇ ਦਰਸ਼ਨ ਦੀਆਂ ਟੰਗਾਂ ਆਕੜ ਗਈਆਂ, ਢੂਹੀ ’ਚ ਦਰਦ ਹੋਣ ਲੱਗਾ। ਸਿਰ ਨੂੰ ਕਈ ਵਾਰ ਘੁਮੇਰ ਚੜ੍ਹੀ।

ਦਰਸ਼ਨ ਨੂੰ ਹੌਲਦਾਰ ਬਣਿਆਂ ਚਾਰ ਸਾਲ ਹੋ ਗਏ ਸਨ। ਸਖ਼ਤ ਡਿਊਟੀ ਦੀ ਆਦਤ ਨਹੀਂ ਸੀ ਰਹੀ। ਜਦੋਂ ਸਿਪਾਹੀ ਸੀ ਉਸ ਸਮੇਂ ਗੱਲ ਹੋਰ ਸੀ। ਸਿਪਾਹੀ ਨੂੰ ਸਾਰਾ ਦਿਨ ਨੱਠ-ਭੱਜ ਰਹਿੰਦੀ ਹੈ। ਕਦੇ ਗਸ਼ਤ ਕਰਨੀ, ਕਦੇ ਕਿਸੇ ਨੂੰ ਫੜਨ ਤੁਰ ਜਾਣਾ ਅਤੇ ਕਦੇ ਪਹਿਰੇ ’ਤੇ ਖੜੋਣਾ। ਉਹਨੀਂ ਦਿਨੀਂ ਉਹ ਪਤਲਾ-ਪਤੰਗ ਸੀ।

ਚਾਰੇ ਸਾਲ ਦਰਸ਼ਨ ਨੇ ਥਾਣਿਆਂ ਵਿਚ ਕੱਟੇ ਸਨ। ਥਾਣੇ ਵਿਚ ਹੌਲਦਾਰ ਦੇ ਕਰਨ ਵਾਲਾ ਕੋਈ ਸਖ਼ਤ ਕੰਮ ਨਹੀਂ ਹੁੰਦਾ। ਨਾਕੇ ’ਤੇ ਖੜੇ ਦਰਸ਼ਨ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਉਸ ਦੀ ਗੋਗੜ ਵਧ ਰਹੀ ਹੈ ਅਤੇ ਹਿੱਪ ਵੀ ਭਾਰੀ ਹੋ ਗਈ ਹੈ। ਗਰਦਨ ’ਤੇ ਵੀ ਮਾਸ ਚੜ੍ਹਨ

ਲੱਗਾ ਹੈ। ਉਸ ਦਾ ਇਸ ਵਿਚ ਕੋਈ ਕਸੂਰ ਨਹੀਂ, ਪੁਲਿਸ ਨੂੰ ਹੁਣ ਡਸਿਪਲਿੰਡ ਫ਼ੋਰਸ ਕਹਿਣਾ ਫ਼ਜ਼ੂਲ ਹੈ। ਇਕ ਵਾਰ ਫਿਲੌਰ ਤੋਂ ਕੋਰਸ ਕਰ ਕੇ ਆ ਜਾਓ ਫੇਰ ਮੌਜਾਂ ਹੀ ਮੌਜਾਂ ਹਨ। ਹਫ਼ਤੇ ਵਿਚ ਇਕ ਦਿਨ ਪਰੇਡ ਹੁੰਦੀ ਹੈ, ਉਹ ਵੀ ਉਹਨਾਂ ਮਾੜੀ ਕਿਸਮਤ ਵਾਲਿਆਂ ਦੀ ਜਿਹੜੇ ਜ਼ਿਲ੍ਹਾ ਹੈੱਡਕੁਆਰਟਰ 'ਤੇ ਲੱਗੇ ਹੋਣ। ਉਥੇ ਹੀ ਅਗਲਾ ਪਰੇਡ 'ਚ ਜਾਣ ਤੋਂ ਟਲਣ ਲਈ ਵੀਹ ਬਹਾਨੇ ਘੜਦਾ ਹੈ। ਇਕ ਨੇ ਸ਼ਹਾਦਤ ਦਾ ਬਹਾਨਾ ਘੜਿਆ ਤਾਂ ਦੂਜੇ ਨੇ ਬੀਮਾਰੀ ਦਾ। ਫੇਰ ਮੁਲਾਜ਼ਮਾਂ ਦੇ ਸਰੀਰ ਫੁਰਤੀਲੇ ਰਹਿਣ ਤਾਂ ਕਿਵੇਂ ?

ਦਰਸ਼ਨ ਦੀ ਸਿਹਤ ਖ਼ਰਾਬ ਕਰਨ ਵਿਚ ਜਰਦੇ ਅਤੇ ਸ਼ਰਾਬ ਦਾ ਹੱਥ ਵੀ ਸੀ। ਮਹਿਕਮਾ ਹੀ ਅਜਿਹਾ ਹੈ। ਡਰੰਮਾਂ ਦੇ ਡਰੰਮ ਸ਼ਰਾਬ ਦੇ ਪੀਓ ਅਤੇ ਦਰਜਨਾਂ ਦੇ ਦਰਜਨਾ ਮੁਰਗੇ ਛਕੋ। ਕੋਈ ਘਾਟਾ ਨਹੀਂ। ਪੁਲਿਸ ਦੀ ਨੌਕਰੀ ਹੀ ਅਜਿਹੀ ਹੈ ਕਿ ਮਜਬੂਰੀ ਵਿਚ ਖਾਣਾ-ਪੀਣਾ ਪੈਂਦਾ ਹੈ। ਸਾਰਾ ਦਿਨ ਚੋਰਾਂ, ਠੱਗਾਂ ਅਤੇ ਸਮੱਗਲਰਾਂ ਨਾਲ ਵਾਹ ਹੈ। ਜਿਥੇ ਵੀ ਜਾਓ, ਅਗਲਾ ਬੋਤਲ ਕੱਢ ਕੇ ਬੈਠ ਜਾਂਦੈ। ਇੰਨਾਂ ਦਰਸ਼ਨ 'ਚ ਹੌਸਲਾ ਨਹੀਂ ਕਿ ਬੋਤਲ ਚੱਕ ਕੇ ਇਕ ਪਾਸੇ ਰੱਖ ਦੇਵੇ। ਮੂੰਹ 'ਚ ਪਾਣੀ ਆ ਹੀ ਜਾਂਦਾ ਹੈ। ਪਹਿਲਾਂ ਇਕ ਪੈੱਗ ਲਾਉਣ ਦਾ ਮਨ ਬਣਾਉਂਦਾ ਹੈ। ਜਦੋਂ ਥੋੜ੍ਹਾ ਜਿਹਾ ਨਸ਼ਾ ਹੋ ਜਾਂਦੇ ਤਾਂ ਛੱਡਣ ਨੂੰ ਦਿਲ ਨਹੀਂ ਕਰਦਾ।

ਉਂਝ ਦਰਸ਼ਨ ਆਪਣੀ ਕਾਮਯਾਬੀ ਦਾ ਰਾਜ਼ ਸ਼ਰਾਬ ਨੂੰ ਹੀ ਮੰਨਦਾ ਹੈ। ਜਿੰਨਾ ਚਿਰ ਕਿਸੇ ਨਾਲ ਬੈਠ ਕੇ ਪੀਓ ਨਾ, ਉਹ ਤੁਹਾਡੇ ਨਾਲ ਹਮਰਾਜ਼ ਨਹੀਂ ਹੁੰਦਾ। ਪੁਲਿਸ ਨੂੰ ਪੈਰ-ਪੈਰ 'ਤੇ ਮੁਖ਼ਬਰੀ ਦੀ ਲੋੜ ਹੁੰਦੀ ਹੈ। ਜਿਸ ਪੁਲਿਸ ਅਫ਼ਸਰ ਨੂੰ ਮੁਖ਼ਬਰੀ ਨਹੀਂ ਮਿਲਦੀ, ਉਹ ਕੀ ਖ਼ਾਕ ਕੰਮ ਕਰੇਗਾ।

ਰਾਤ ਉਸ ਨੇ ਪੱਕਾ ਮਨ ਬਣਾਇਆ ਸੀ ਕਿ ਜਿੰਨਾ ਚਿਰ ਖ਼ਾਨ ਸ਼ਹਿਰ ਵਿਚ ਰਹੂ, ਦਾਰੂ ਨੂੰ ਮੂੰਹ ਨਹੀਂ ਲਾਉਣਾ। ਓਵਰਸੀਅਰ ਕੋਲ ਡਰੰਮ ਲੈਣ ਗਿਆ ਤਾਂ ਉਹ ਬੋਤਲ ਲੈ ਕੇ ਬੈਠ ਗਿਆ। ਨਾਲ ਠੇਕੇਦਾਰ ਬੈਠੇ ਸਨ। ਬਰਾਂਡ ਵਧੀਆ ਸੀ। ਮੀਟ ਵੀ ਕਰਾਰਾ ਸੀ। ਮਨ ਮਚਲ ਗਿਆ। ਦੋ ਪੈੱਗਾਂ ਬਿਨਾਂ ਉਸ ਨੇ ਉੱਠਣ ਹੀ ਨਾ ਦਿੱਤਾ। ਲੋਕਾਂ ਤੋਂ ਕੰਮ ਲੈਣਾ ਹੈ ਤਾਂ ਮੂੰਹ-ਮੁਲਾਹਜ਼ਾ ਤਾਂ ਰੱਖਣਾ ਹੀ ਪੈਂਦਾ ਹੈ। ਅੱਗੇ ਜਦੋਂ ਰੇਂਜਰ ਕੋਲ ਗਿਆ ਤਾਂ ਉਹ ਫੁੱਲ ਸੀ। ਮੱਲੋ-ਮੱਲੀ ਉਸ ਨੇ ਦੋ ਪੈੱਗ ਪਿਆ ਦਿੱਤੇ।

ਰਾਤ ਜ਼ਿਆਦਾ ਪੀਣ ਕਰਕੇ ਹੀ ਸ਼ਾਇਦ ਉਸ ਨੂੰ ਥਕਾਵਟ ਮਹਿਸੂਸ ਹੋ ਰਹੀ ਸੀ। ਨਿੰਬੂ ਕੋਈ ਅਸਰ ਨਹੀਂ ਸੀ ਕਰ ਰਹੇ। ਕੁਝ ਮਿੰਟਾਂ ਲਈ ਦਿਲ ਟਿਕਦਾ, ਫੇਰ ਧੱਕ-ਧੱਕ ਕਰਨ ਲੱਗਦਾ। ਦੋ ਵਾਰ ਅਫ਼ੀਮ ਦੀਆਂ ਗੋਲੀਆਂ ਵੀ ਅੰਦਰ ਸੁੱਟੀਆਂ। ਉਹ ਵੀ ਬਹੁਤਾ ਅਸਰ ਨਾ ਦਿਖਾ ਸਕੀਆਂ। ਅਫ਼ੀਮ ਸ਼ਾਇਦ ਖਰੀ ਨਹੀਂ ਸੀ। ਥਕਾਨ ਲਾਹੁਣ ਲਈ ਨਾ ਦਰਸ਼ਨ ਮੰਜਾ ਮੱਲ ਸਕਦਾ ਸੀ, ਨਾ ਹੋਰ ਪੀ ਸਕਦਾ ਸੀ। ਕੁਝ ਦੇਰ ਪਹਿਲਾਂ ਵੀ ਵਾਕੀ-ਟਾਕੀ 'ਤੇ ਸੁਨੇਹਾ ਮਿਲਿਆ ਸੀ ਕਿ ਖ਼ਾਨ ਸ਼ਹਿਰੀਆਂ ਨਾਲ ਮੀਟਿੰਗ ਕਰ ਰਿਹਾ ਹੈ। ਕੁਝ ਅਹਿਮ ਫ਼ੈਸਲੇ ਲਏ ਜਾਣੇ ਹਨ। ਖ਼ਾਨ ਜੇ ਆਇਆ ਹੈ ਤਾਂ ਕੁਝ ਕਰ ਕੇ ਹੀ ਜਾਏਗਾ।

ਮੀਟਿੰਗ ਕਿਹੜਾ ਘੰਟੇ-ਅੱਧੇ ਘੰਟੇ ਵਿਚ ਮੁੱਕ ਜਾਣੀ ਸੀ। ਜਿੰਨੇ ਮੂੰਹ, ਓਨੀਆਂ ਗੱਲਾਂ। ਹਰ ਇਕ ਨੇ ਆਪਣਾ-ਆਪਣਾ ਘੋੜਾ ਭਜਾਉਣਾ ਸੀ। ਜਿੰਨਾ ਚਿਰ ਮੀਟਿੰਗ ਚੱਲਦੀ ਹੈ, ਖ਼ਾਨ ਇਧਰ ਥੋੜ੍ਹਾ ਆਉਣ ਲੱਗੈ। ਉੱਨਾ ਚਿਰ ਕਿਉਂ ਨਾ ਢੂਹੀ ਸਿੱਧੀ ਕਰ ਲਈ ਜਾਵੇ।

ਥੱਕੇ ਦਰਸ਼ਨ ਨੇ ਅਰਾਮ ਦੇ ਹੱਕ ਵਿਚ ਆਪੇ ਦਲੀਲ ਲੱਭੀ ਅਤੇ ਦੋ ਘੜੀ ਸੁਸਤਾਉਣ ਲਈ ਢਾਬੇ ਵੱਲ ਹੋ ਗਿਆ।

ਉਹਦੀ ਅੱਖ ਲੱਗੀ ਹੀ ਸੀ ਕਿ ਨੱਥੂ ਸਿਪਾਹੀ ਅਤੇ ਦੋ ਸੀ.ਆਰ.ਪੀ. ਦੇ ਜਵਾਨ ਚੀਕ-ਚਿਹੜਾ ਪਾਉਂਦੇ ਆ ਧਮਕੇ। ਇਕ ਵਾਰ ਤਾਂ ਦਰਸ਼ਨ ਦੇ ਖਾਨਿਉਂ ਗਈ। ਕਿਧਰੇ ਚੈਕਿੰਗ ਹੀ ਨਾ ਹੋ ਗਈ ਹੋਵੇ ? ਕੋਈ ਮੁਕਾਬਲਾ ਨਾ ਹੋ ਗਿਆ ਹੋਵੇ ? ਅਗਵਾਕਾਰ ਤਾਂ ਨਹੀਂ ਫੜੇ ਗਏ ? ਕਈ ਪ੍ਰਸ਼ਨ ਇਕਦਮ ਉਹਦੇ ਜ਼ਿਹਨ ਵਿਚ ਉੱਭਰੇ।

ਗੱਲ ਮਾਮੂਲੀ ਸੀ। ਨੱਥੂ ਨੇ ਇਕ ਭਈਏ ਦੇ ਸਕੂਟਰ ਵਿਚੋਂ ਤਿੰਨ ਬੋਤਲਾਂ ਵਿਸਕੀ ਦੀਆਂ ਫੜ ਲਈਆਂ ਸਨ। ਨੱਥੂ ਆਖਦਾ ਸੀ ਤਿੰਨ ਬੋਤਲਾਂ ਸ਼ਰਾਬ ਦੀਆਂ ਕਬਜ਼ੇ ਵਿਚ ਰੱਖਣਾ ਜੁਰਮ ਹੈ। ਸੀ.ਆਰ.ਪੀ. ਵਾਲੇ ਆਖਦੇ ਸਨ ਕਿ ਭਈਆ ਵਿਚਾਰਾ ਤਾਂ ਇਕ ਨੌਕਰ ਹੈ। ਰਾਮ ਲਾਲ ਪੋਲਟਰੀ ਫ਼ਾਰਮ ਵਾਲੇ ਦਾ ਮੁਨੀਮ ਹੈ। ਉਹ ਸ਼ਰਾਬ ਮਾਲਕਾਂ ਲਈ ਲੈ ਕੇ ਚੱਲਿਆ ਹੈ। ਨੱਥੂ ਨੇ ਉਸ ਗ਼ਰੀਬ ਦੀ ਜੇਬ ਵਿਚੋਂ ਜਾਮਾ-ਤਲਾਸ਼ੀ ਦੇ ਬਹਾਨੇ ਇਕ ਸੌ ਵੀਹ ਰੁਪਏ ਵੀ ਕੱਢ ਲਏ ਸਨ। ਸੀ.ਆਰ.ਪੀ. ਵਾਲੇ ਕਹਿੰਦੇ ਸਨ ਕਿ ਭਈਏ ਨੂੰ ਛੱਡਿਆ ਜਾਵੇ, ਨਾਲੇ ਉਸਦੇ ਪੈਸੇ ਵਾਪਸ ਕੀਤੇ ਜਾਣ। ਪੁਲਿਸ ਪਾਰਟੀ ਇਥੇ ਮੁਜਰਮਾਂ ਅਤੇ ਬੰਟੀ ਦੀ ਭਾਲ ਲਈ ਖੜੀ ਹੈ ਨਾ ਕਿ ਸ਼ਰਾਬ ਫੜਨ ਲਈ। ਉਂਝ ਵੀ ਭਈਆ ਉਹਨਾਂ ਦੇ ਸੂਬੇ ਦਾ ਹੈ।

ਦਰਸ਼ਨ ਸਾਰੀ ਗੱਲ ਤਾੜ ਗਿਆ। ਸ਼ਹਿਰ ਦੇ ਠੇਕਿਆਂ ਤੋਂ ਸ਼ਰਾਬ ਮਾੜੀ ਮਿਲਦੀ ਹੈ। ਹੰਡਿਆਏ ਦੀ ਸ਼ਰਾਬ ਮਸ਼ਹੂਰ ਹੈ। ਪੋਲਟਰੀ ਵਾਲਿਆਂ ਨੇ ਉਥੋਂ ਮੰਗਵਾਈ ਹੋਣੀ ਹੈ। ਭਈਏ ਦਾ ਬਹੁਤਾ ਕਸੂਰ ਨਹੀਂ। ਨੌਕਰ ਹੈ, ਹੁਕਮ ਮੰਨਣਾ ਹੀ ਹੋਇਆ। ਨਾਲੇ ਉਹ ਕਿਹੜਾ ਵਕਾਲਤ ਪਾਸ ਹੈ ਬਈ ਦੇਸ਼ ਦੇ ਸਾਰੇ ਕਾਨੂੰਨਾਂ ਦਾ ਵਾਕਫ਼ ਹੋਵੇ। ਇਕ ਸੌ ਵੀਹ ਰੁਪਿਆਂ ਵਿਚੋਂ ਭਈਏ ਦੇ ਆਪਣੇ ਕੇਵਲ ਚਾਰ ਰੁਪਏ ਸਨ, ਬਾਕੀ ਮਾਲਕਾਂ ਦੇ।

ਸੀ.ਆਰ.ਪੀ. ਦੀ ਸਿਫ਼ਾਰਸ਼ 'ਤੇ ਦਰਸ਼ਨ ਨੇ ਭਈਏ ਨੂੰ ਛੱਡ ਦਿੱਤਾ। ਚਾਰ ਰੁਪਏ ਵੀ ਵਾਪਸ ਕਰ ਦਿੱਤੇ। ਬਾਕੀ ਪੈਸੇ, ਵਿਸਕੀ ਅਤੇ ਸਕੂਟਰ ਜ਼ਬਤ ਕਰ ਲਏ। ਉਹ ਜਾ ਕੇ ਮਾਲਕਾਂ ਨੂੰ ਭੇਜੇ, ਆਪੇ ਨਾਲੇ ਮਿੰਨਤਾਂ ਕਰਨਗੇ, ਨਾਲੇ ਜੁਰਮਾਨਾ ਭਰਨਗੇ। ਹੋਰ ਨਹੀਂ ਤਾਂ ਪੰਜ-ਸੱਤ ਮੁਰਗੇ ਹੀ ਸਹੀ। ਨਾਲੇ ਅੱਗੋਂ ਤੋਂ ਪੋਲਟਰੀ ਫ਼ਾਰਮ 'ਤੇ ਜਾਣ-ਆਉਣ ਦਾ ਰਾਹ ਖੁੱਲ੍ਹ ਜਾਏਗਾ।

ਕੁਝ ਦੇਰ ਦਰਸ਼ਨ ਸੋਚਦਾ ਰਿਹਾ। ਫੇਰ ਉਸ ਨੇ ਨੱਥੂ ਤੋਂ ਜਾਮਾ-ਤਲਾਸ਼ੀ ਵਾਲੇ ਸਾਰੇ ਪੈਸੇ ਫੜ ਅਤੇ ਸੀ.ਆਰ.ਪੀ. ਦੇ ਜਵਾਨਾਂ ਵਿਚ ਵੰਡ ਦਿੱਤੇ। ਬੀੜੀਆਂ 'ਚ ਰਿਸ਼ਵਤਾਂ ਲੈਣ ਵਾਲਿਆਂ ਦਾ ਮੂੰਹ ਬੰਦ ਕਰਨ ਦਾ ਇਹੋ ਤਰੀਕਾ ਸੀ। ਦੋ ਵਿਸਕੀ ਦੀਆਂ ਬੋਤਲਾਂ ਵੀ ਜਵਾਨਾਂ ਲਈ ਰਾਖਵੀਆਂ ਕਰ ਦਿੱਤੀਆਂ। ਡਿਊਟੀ ਤੋਂ ਫ਼ਾਰਗ ਹੁੰਦੇ ਹੀ ਮੌਜਾਂ ਕਰਨ।

ਨੱਥੂ ਦੇਖਦਾ ਹੀ ਰਹਿ ਗਿਆ। ਮਾਰ ਨੱਥੂ ਨੇ ਮਾਰੀ, ਸ਼ਿਕਾਰ ਲੈ ਗਏ ਇਹ ਭਈਏ। ਦਰਸ਼ਨ ਨੇ ਇਸ਼ਾਰੇ ਨਾਲ ਉਸ ਨੂੰ ਸਬਰ ਕਰਨ ਦਾ ਹੁਕਮ ਦਿੱਤਾ। ਇਸ ਤੋਂ ਕਿਤੇ ਵੱਧ ਉਹ ਪੋਲਟਰੀ ਫ਼ਾਰਮ ਵਾਲਿਆਂ ਤੋਂ ਲੈਣਗੇ। ਹੋਰ ਬਥੇਰਾ ਕਮਾਉਣਗੇ। ਇਹ ਤਾਂ ਭਈਆਂ ਦੇ ਮੂੰਹ ਨੂੰ ਲਹੂ ਲਾਇਆ ਗਿਆ ਸੀ।

ਦਰਸ਼ਨ ਦੇ ਹਰ ਥਾਂ ਹਰਮਨ ਪਿਆਰੇ ਹੋਣ ਦਾ ਇਹੋ ਰਾਜ਼ ਸੀ। ਰਿਸ਼ਵਤ ਵੰਡ ਕੇ ਖਾਂਦਾ ਸੀ। ਲੋਕ ਆਖਦੇ ਹਨ ਉਹ ਖੁੱਲ੍ਹੇ ਸੁਭਾਅ ਦਾ ਹੈ, ਪਰ ਦਰਸ਼ਨ ਉਹਨਾਂ ਦੀਆਂ ਜੁੱਤੀਆਂ ਉਹਨਾਂ ਦੇ ਹੀ ਸਿਰ ਮਾਰਦਾ ਹੈ। ਉਸ ਨੇ ਹਰ ਮੁਲਾਜ਼ਮ ਦੀ ਦਰਜਾ-ਬ-ਦਰਜਾ ਵੰਡ ਕੀਤੀ ਹੋਈ ਹੈ। ਉਸੇ ਦਰਜੇ ਮੁਤਾਬਕ ਲਈ ਫ਼ੀਸ ਵਿਚੋਂ ਹਿੱਸੇ ਲੈਂਦਾ ਹੈ। ਚੌਥਾ ਹਿੱਸਾ ਉਪਰਲੇ ਅਫ਼ਸਰਾਂ ਲਈ, ਦਸੌਂਦ ਸਾਹਿਬ ਦੇ ਦਫ਼ਤਰ ਦੇ ਮੁਲਾਜ਼ਮਾਂ ਲਈ, ਇਕ ਦਸੌਂਦ ਆਪਣੇ ਝੋਲੀ-ਚੁੱਕਾਂ ਲਈ। ਥਾਂ-ਥਾਂ ਦਰਸ਼ਨ-ਦਰਸ਼ਨ ਹੁੰਦੀ ਹੈ। ਜਿਹੜਾ ਕੰਮ ਥਾਣੇਦਾਰਾਂ ਤੋਂ ਨਹੀਂ ਹੁੰਦਾ, ਉਹ ਦਰਸ਼ਨ ਕਰ ਲੈਂਦਾ ਹੈ।

ਕਚਹਿਰੀ ਦੇ ਕੰਮਾਂ ਲਈ ਤਾਂ ਡਿਊਟੀ ਹੀ ਦਰਸ਼ਨ ਦੀ ਲੱਗਦੀ ਹੈ। ਕਚਹਿਰੀ ਦੇ ਮੁਲਾਜ਼ਮ ਦਰਸ਼ਨ ਨੂੰ ਹੱਥਾਂ 'ਤੇ ਚੁੱਕ ਲੈਂਦੇ ਹਨ। ਪਤਾ ਹੁੰਦਾ ਹੈ ਕਿ ਜਾਂਦਾ ਹੋਇਆ ਜੇਬ ਖ਼ਾਲੀ ਕਰ ਕੇ ਜਾਏਗਾ। ਕਈ ਸੂਮ ਪੁਲਿਸ ਅਫ਼ਸਰਾਂ ਨੂੰ ਜੇਬ ਨੂੰ ਤਾਲਾ ਲਾ ਕੇ ਰੱਖਣ ਦੀ ਆਦਤ ਹੁੰਦੀ ਹੈ। ਸਰਕਾਰੀ ਵਕੀਲ ਦੀ ਭਲਾ ਕੀ ਵਗਾਰ ਹੁੰਦੀ ਹੈ ? ਉਹ ਦਫ਼ਤਰ ਵਿਚ ਵੜਨ ਤੋਂ ਪਹਿਲਾਂ ਹੀ ਗੁਲਾਬ ਜਾਮਨਾਂ ਅਤੇ ਦੁੱਧ-ਪੱਤੀ ਦਾ ਹੁਕਮ ਦੇ ਦਿੰਦਾ ਹੈ। ਗਰਮੀ ਹੋਵੇ ਤਾਂ ਚਾਰ ਗਲਾਸ ਜੂਸ। ਬਹੁਤਾ ਜ਼ੋਰ ਮਾਰੂ ਤਾਂ ਦੋ ਬੋਤਲਾਂ ਵਿਸਕੀ ਦੀਆਂ ਮੰਗ ਲਊ। ਸਾਰੇ ਕੰਮ 'ਤੇ ਸੌ ਤੋਂ ਵੱਧ ਖ਼ਰਚ ਨਹੀਂ ਹੁੰਦਾ। ਪਿੱਛੋਂ ਭਾਵੇਂ ਵੀਹ ਹਜ਼ਾਰ ਵਾਲਾ ਕੰਮ ਕਢਾ ਲਓ।

ਜੱਜ ਤੋਂ ਵੀ ਪੁਲਿਸ ਵਾਲੇ ਐਵੇਂ ਹੀ ਡਰਦੇ ਰਹਿੰਦੇ ਹਨ। ਉਸ ਦੀ ਵੱਡੀ ਤੋਂ ਵੱਡੀ ਵਗਾਰ ਗੱਡੀ ਦੀ ਹੁੰਦੀ ਹੈ। ਉਹ ਵੀ ਲੁਧਿਆਣੇ ਜਾਂ ਚੰਡੀਗੜ੍ਹ ਤਕ। ਟੈਕਸੀ ਪੁਲਿਸ ਨੇ ਅੱਡੇ ਵਿਚੋਂ ਫੜਨੀ ਹੁੰਦੀ ਹੈ, ਸੌ ਤੋਂ ਵੱਧ ਤੇਲ ਨਹੀਂ ਪੈਂਦਾ। ਜੱਜ ਜੇ ਅੰਬੈਸਡਰ ਕਾਰ ਮੰਗੇ, ਉਹ ਮਾਰੂਤੀ ਭੇਜਦਾ ਹੈ, ਜੱਜ ਅਰੈਸਟੋਕਰੇਟ ਦੀ ਵਿਸਕੀ ਮੰਗੇ ਤਾਂ ਉਹ ਮੈਕਡਾਵਲ ਭੇਜਦਾ ਹੈ। ਜੱਜ ਬਾਗ਼ੋ-ਬਾਗ਼। ਦਰਸ਼ਨ ਨੂੰ ਕਚਹਿਰੀ ਵਿਚ ਫਿਰਦੇ ਨੂੰ ਦੇਖ ਕੇ ਪਹਿਲਾਂ ਰਿਟਾਇਰਿੰਗ ਰੂਮ ਵਿਚ ਬਿਠਾਉਂਦਾ ਹੈ, ਚਾਹ ਪਿਲਾਉਂਦਾ ਹੈ ਅਤੇ ਫੇਰ ਕੰਮ-ਕਾਰ ਪੁੱਛਦਾ ਹੈ। ਸਾਲ 'ਚ ਜੱਜ ਤੋਂ ਇਕ ਕੰਮ ਵੀ ਕਰਾ ਲਓ ਤਾਂ ਵੀ ਸਾਲ ਭਰ ਦੀਆਂ ਵਗਾਰਾਂ ਨਿਕਲ ਜਾਦੀਆਂ ਹਨ। ਆਪਣੇ ਅਫ਼ਸਰਾਂ ਕੋਲ ਸਿਫ਼ਾਰਸ਼ ਕਰਾਉਣੀ ਹੋਵੇ, ਉਹ ਮੁਫ਼ਤ ਵਿਚ। ਪੁਲਿਸ ਅਫ਼ਸਰ ਜੁਡੀਸ਼ੀਅਲ ਵਾਲਿਆਂ ਦਾ ਕਹਿਣਾ ਨਹੀਂ ਮੋੜਦੇ। ਮੁਲਾਜ਼ਮਾਂ ਅਤੇ ਅਫ਼ਸਰਾਂ ਦੇ ਪੈਸੇ ਉਹਨਾਂ 'ਤੇ ਖ਼ਰਚ ਕੇ ਉਹ ਮੁਫ਼ਤ ਦੀ ਵਾਹ-ਵਾਹ ਖੱਟਦਾ ਰਹਿੰਦਾ ਹੈ।

ਇਹੋ ਢੰਗ ਉਸ ਨੇ ਹੁਣ ਅਪਣਾਇਆ ਸੀ। ਇਕ ਵਾਰ ਜਵਾਨਾਂ ਨੂੰ ਕਾਣੇ ਕਰ ਕੇ ਉਹ ਮਨਮਾਨੀਆਂ ਕਰ ਸਕਦਾ ਸੀ। ਇਹਨਾਂ ਅਠੰਨੀ-ਚਵੱਨੀ ਰਿਸ਼ਵਤ ਲੈਣ ਵਾਲਿਆਂ ਨੂੰ ਕੀ ਪਤੈ ਕਿ ਪੰਜਾਬ ਪੁਲਿਸ ਦੀ ਛੋਟੀ ਤੋਂ ਛੋਟੀ ਰਿਸ਼ਵਤ ਵੀ ਅੰਗਰੇਜ਼ੀ ਸ਼ਰਾਬ ਦੀ ਬੋਤਲ ਹੁੰਦੀ ਹੈ, ਜਿਹੜੀ ਘੱਟੋ-ਘੱਟ ਪੈਂਹਠਾਂ ਦੀ ਆਉਂਦੀ ਹੈ। ਅਗਲਾ ਰਿਆਇਤ ਕਰਾ ਲਏ ਤਾਂ ਦੇਸੀ ਦੀ ਬੋਤਲ ਤਾਂ ਲਿਆਉਣੀ ਹੀ ਪਊ। ਉਹ ਵੀ ਤੀਹ-ਪੈਂਤੀ ਦੀ ਆਉਂਦੀ ਹੈ।

ਤੀਹ-ਤੀਹ ਜੇਬਾਂ ਵਿਚ ਪਾ ਕੇ ਸੀ.ਆਰ.ਪੀ. ਵਾਲਿਆਂ ਦੇ ਤੇਵਰ ਹੀ ਬਦਲ ਗਏ। ਉਹ ਦਰਸ਼ਨ ਨੂੰ 'ਸਾਹਿਬ-ਸਾਹਿਬ' ਆਖ ਕੇ ਬੁਲਾਉਣ ਲੱਗੇ।

ਨੱਥੂ ਅਤੇ ਪਾਲਾ ਬਾਕੀ ਬਚੀ ਬੋਤਲ ਵਿਚੋਂ ਦੋ-ਦੋ ਪੈੱਗ ਮਾਰ ਆਏ। ਮਨ ਤਾਂ ਦਰਸ਼ਨ ਦਾ ਵੀ ਕਰ ਰਿਹਾ ਸੀ, ਪਰ ਉਹ ਮੀਟਿੰਗ ਦੇ ਨਤੀਜੇ ਉਡੀਕ ਰਿਹਾ ਸੀ। ਉਥੇ ਹੋਏ ਫ਼ੈਸਲਿਆਂ ਤੋਂ ਬਾਅਦ ਹੀ ਦਰਸ਼ਨ ਨੇ ਆਪਣਾ ਅਗਲਾ ਪ੍ਰੋਗਰਾਮ ਉਲੀਕਣਾ ਸੀ।

ਸੀ.ਆਰ.ਪੀ. ਨਾਲ ਬੁੱਕਲ ਸਾਂਝੀ ਹੋਣ ਕਰਕੇ ਅਤੇ ਵਧੀਆ ਸ਼ਰਾਬ ਦੇ ਨਸ਼ੇ ਕਰਕੇ ਨੱਥੂ ਦਾ ਹੌਸਲਾ ਬੁਲੰਦ ਸੀ। ਪਾਲ ਤਾਂ ਹਾਲੇ ਨਵਾਂ ਸੀ ਪਰ ਨੱਥੂ ਦਾ ਪੈਂਤੀਆਂ ਸਾਲਾਂ ਦਾ ਤਜਰਬਾ ਸੀ। ਉਹ ਇਕ ਚੰਗੇ ਤਫ਼ਤੀਸ਼ੀ ਜਿੰਨਾ ਦਿਮਾਗ਼ ਰੱਖਦਾ ਸੀ। ਦਰਸ਼ਨ ਦਾ ਇਸ਼ਾਰਾ ਸਮਝ ਕੇ ਉਸ ਨੇ ਦੁਬਾਰਾ ਨਾਕਾ-ਬੰਦੀ ਕੀਤੀ।

ਇਕ ਪਾਸੇ ਪਾਲ ਸਿੰਘ ਅਤੇ ਦੋ ਜਵਾਨ ਸੀ.ਆਰ.ਪੀ. ਦੇ ਖੜ੍ਹਾਏ ਗਏ। ਮਾਨਸਾ ਵੱਲੋਂ ਆਉਣ ਵਾਲੀਆਂ ਗੱਡੀਆਂ ਪਾਲ ਸਿੰਘ ਦੀ ਪਾਰਟੀ ਨੇ ਚੈੱਕ ਕਰਨੀਆਂ ਸਨ। ਨੱਥੂ ਦੋ ਜਵਾਨਾਂ ਨੂੰ ਲੈ ਕੇ ਦੂਸਰੇ ਪਾਸੇ ਹੋ ਗਿਆ। ਬਠਿੰਡੇ ਵਾਲੀ ਸਾਈਡ ਉਸ ਕੋਲ ਸੀ। ਹੋਮਗਾਰਡ ਵਾਲਿਆਂ

ਨੂੰ ਵੀ ਚੌਕੰਨਾ ਕਰ ਦਿੱਤਾ ਗਿਆ। ਰੱਸਾ ਚੁਸਤੀ ਨਾਲ ਫੜਿਆ ਜਾਵੇ। ਅੱਗੇ ਜੋ ਕਾਰਵਾਈ ਉਹ ਕਰਨ ਜਾ ਰਹੇ ਸਨ, ਉਸ ਵਿਚ ਉਹਨਾਂ ਦਾ ਵੀ ਹਿੱਸਾ ਹੋਏਗਾ।

ਦਰਸ਼ਨ ਨੇ ਮੇਜ਼ ਕੁਰਸੀ ਸੰਭਾਲ ਲਈ। ਹੁਣ ਤਕ ਉਹ ਕਾਗ਼ਜ਼-ਪੱਤਰ ਦੇਖ ਕੇ ਗੱਡੀਆਂ ਲੰਘਾਉਂਦੇ ਰਹੇ ਸਨ। ਅੱਗੋਂ ਤੋਂ ਕਾਗ਼ਜ਼ਾਂ ਵਿਚ ਨੁਕਸ ਕੱਢਣਗੇ। ਚਲਾਨ ਦੀਆਂ ਧਮਕੀਆਂ ਦੇਣਗੇ। ਦੋ-ਚਾਰ ਮੋਟਰ ਸਾਈਕਲਾਂ ਅਤੇ ਸਕੂਟਰ ਦਰੱਖ਼ਤਾਂ ਹੇਠ ਖੜੇ ਕਰਨਗੇ। ਮਸਾਂ ਉਹਨਾਂ ਨੂੰ ਟਰੈਫਿਕ ਪੁਲਿਸ ਵਾਲੇ ਅਧਿਕਾਰ ਮਿਲੇ ਹਨ। ਇਕ ਦਿਨ ਦੇ ਰਾਜ-ਪਾਟ ਵਿਚ ਚੰਮ ਦੀਆਂ ਚਲਾਉਣਾ ਪਾਪ ਨਹੀਂ ਹੁੰਦਾ।

ਦੋ ਘੰਟਿਆਂ ਵਿਚ ਦਰਸ਼ਨ ਨੇ ਨੋਟਾਂ ਨਾਲ ਝੋਲਾ ਭਰ ਲਿਆ। ਪਹਿਲਾਂ ਸੀ.ਆਰ.ਪੀ. ਵਾਲੇ ਝਿਜਕੇ। ਉਹਨਾਂ ਨੂੰ ਕਾਗ਼ਜ਼ਾਂ-ਪੱਤਰਾਂ ਦੀ ਬਹੁਤੀ ਸਮਝ ਨਹੀਂ ਸੀ। ਜਿਉਂ-ਜਿਉਂ ਝੋਲਾ ਭਰਦਾ ਗਿਆ, ਉਹਨਾਂ ਨੂੰ ਵੀ ਕਾਗ਼ਜ਼ਾਂ ਦੀ ਸਮਝ ਆਉਂਦੀ ਗਈ। ਇੰਨੇ ਰੂਲ ਲਾਗੂ ਸਨ ਕਿ ਚੰਗੀ-ਭਲੀ ਗੱਡੀ ਦਾ ਚਲਾਨ ਕੀਤਾ ਜਾ ਸਕਦਾ ਸੀ। ਕਿਸੇ ਨੇ ਬੀਮਾ ਨਹੀਂ ਕਰਾਇਆ, ਕਿਸੇ ਨੇ ਟੈਕਸ ਨਹੀਂ ਭਰਿਆ ਅਤੇ ਕਿਸੇ ਨੇ ਗੱਡੀ ਪਾਸ ਨਹੀਂ ਕਰਾਈ। ਇਹ ਸਭ ਠੀਕ ਹੈ ਤਾਂ ਕਿਸੇ ਦੀਆਂ ਲਾਈਟਾਂ ਪੂਰੀਆਂ ਨਹੀਂ, ਕਿਸੇ ਨੇ ਸ਼ੀਸ਼ੇ ਕਾਲੇ ਨਹੀਂ ਕੀਤੇ ਅਤੇ ਕਿਸੇ ਦੀਆਂ ਬੱਤੀਆਂ ਦੀ ਰੌਸ਼ਨੀ ਘੱਟ ਹੈ। ਹੋਰ ਨਹੀਂ ਤਾਂ ਗ਼ਲਤ ਸਾਈਡ ਖੜਾਉਣ ਦਾ ਹੀ ਚਲਾਨ ਕਰ ਦਿਉ। ਕੋਈ ਗੱਡੀ ਕਿਸੇ ਤਰ੍ਹਾਂ ਵੀ ਸੂਤ ਨਹੀਂ ਆਉਂਦੀ ਤਾਂ ਉਹਦੇ ਡਰਾਈਵਰ ਨਾਲ ਥੋੜ੍ਹਾ ਜਿਹਾ ਗਰਮ ਹੋਵੋ, ਉਸ ਦਾ ਲਾਇਸੈਂਸ ਆਪਣੀ ਜੇਬ ਵਿਚ ਪਾਓ ਅਤੇ ਬਿਨਾਂ ਲਾਇਸੈਂਸ ਗੱਡੀ ਚਲਾਉਣ ਦਾ ਚਲਾਨ ਕਰ ਦਿਓ। ਅਗਲਾ ਆਪੇ ਨਾਲੇ ਕਚਹਿਰੀ 'ਚ ਧੱਕੇ ਖਾਊ, ਨਾਲੇ ਲਾਇਸੈਂਸ ਵਾਪਸ ਲੈਣ ਲਈ ਕਿਸੇ ਦੀ ਸਿਫ਼ਾਰਸ਼ ਲਿਆਊ।

ਟਰੱਕਾਂ ਟੈਕਸੀਆਂ ਵਾਲੇ ਤਾਂ ਕਾਗ਼ਜ਼ ਕੱਢਣ ਤੋਂ ਪਹਿਲਾਂ ਹੀ ਬਟੂਆ ਕੱਢ ਲੈਂਦੇ। ਬਿਨਾਂ ਕੁਝ ਪੁੱਛੇ-ਗਿੱਛੇ ਵੀਹ ਦਾ ਨੋਟ ਫੜਾ ਦਿੰਦੇ। ਕੋਈ ਦਿੱਲੀ-ਦੱਖਣ ਦਾ ਹੁੰਦਾ, ਕੋਈ ਬੰਬਈ ਕਲਕੱਤੇ ਦਾ। ਇਕ ਵਾਰ ਵੀ ਚਲਾਨ ਭੁਗਤਣ ਲਈ ਇਥੇ ਆਉਣਾ ਪਿਆ ਤਾਂ ਸਿਧਾ ਹਜ਼ਾਰ ਦਾ ਨੁਕਸਾਨ ਹੋਣਾ ਸੀ। ਅੱਗੇ ਕਚਹਿਰੀ ਵਿਚ ਕਿਹੜੇ ਫੁੱਲ ਪੈਣੇ ਸਨ। ਉਥੇ ਗੂੰਗਾ ਬਣ ਕੇ ਜੁਰਮ ਦਾ ਇਕਬਾਲ ਹੀ ਕਰਨਾ ਪੈਂਦਾ ਹੈ। ਮੁਕੱਦਮਾ ਝਗੜਨਾ ਹੋਵੇ ਤਾਂ ਪਹਿਲਾਂ ਵਕੀਲ ਕਰੋ, ਜ਼ਮਾਨਤੀਆ ਲਿਆਓ ਅਤੇ ਫੇਰ ਦਸ-ਪੰਦਰਾਂ ਪੇਸ਼ੀਆਂ ਭੁਗਤੋ। ਇਥੇ ਵੀਹ ਨਾਲ ਖਹਿੜਾ ਛੁੱਟ ਜਾਂਦਾ ਹੈ। ਉਥੇ ਜੱਜ ਦੇ ਮੂਡ 'ਤੇ ਨਿਰਭਰ ਕਰਦਾ ਹੈ। ਖਿਝਿਆ ਹੋਵੇ ਤਾਂ ਭਾਵੇਂ ਪੰਜ ਸੌ ਜੁਰਮਾਨਾ ਕਰ ਦੇਵੇ। ਚੰਗੇ ਰੌਂ 'ਚ ਹੋਵੇ ਤਾਂ ਭਾਵੇਂ ਪੰਜਾਹ ਨਾਲ ਸਾਰ ਦੇਵੇ। ਰਜਿਸਟਰੇਸ਼ਨ ਵਾਪਸ ਲੈਣ ਲਈ ਮੁਨਸ਼ੀਆਂ, ਰੀਡਰਾਂ, ਨਾਇਬ-ਕੋਰਟਾਂ ਅਤੇ ਅਹਿਲਮੱਦਾਂ ਦੇ ਨਾਲੇ ਹਾੜੇ ਕੱਢੋ ਨਾਲੇ ਮੁੱਠੀ ਗਰਮ ਕਰੋ। ਖੱਜਲ-ਖੁਆਰੀ ਹੀ ਖੱਜਲ-ਖੁਆਰੀ ਹੈ। ਜੁਰਮਾਨੇ ਕਰਨ ਲੱਗਿਆਂ ਵੀ ਜੱਜ ਨੇ ਪੁਲਿਸ ਦਾ ਹੀ ਪੱਖ ਪੂਰਨਾ ਹੁੰਦਾ ਹੈ। ਇਹ ਗੱਲਾਂ ਟਰੱਕਾਂ ਅਤੇ ਕਾਰਾਂ ਵਾਲੇ ਚੰਗੀ ਤਰ੍ਹਾਂ ਜਾਣਦੇ ਸਨ। ਇਸੇ ਲਈ ਸਾਊ ਪੁੱਤਾਂ ਵਾਂਗ ਪੈਸੇ ਦੇ ਰਹੇ ਸਨ।

ਸਕੂਟਰਾਂ ਵਾਲੇ ਅੜਫੜ ਕਰਦੇ ਰਹਿੰਦੇ। ਸੀ.ਆਰ.ਪੀ. ਵਾਲਿਆਂ ਨੂੰ ਉਹਨਾਂ ਦਾ ਅੜਨਾ ਪਸੰਦ ਨਹੀਂ ਸੀ। ਵੀਹ ਨਾ ਸਹੀ ਦਸ ਦਾ ਨੋਟ ਤਾਂ ਦੇਣ। ਉਹਨਾਂ ਸਕੂਟਰਾਂ ਵਾਲਿਆਂ 'ਤੇ ਸਖ਼ਤੀ ਵਧਾ ਦਿੱਤੀ। ਇਕ-ਦੋ ਨੂੰ ਧੌਲ-ਧੱਫਾ ਵੀ ਕਰ ਦਿੱਤਾ।

ਇਕ ਬਾਬੂ ਨਾਲ ਉਲਝ ਪੈਣ 'ਤੇ ਦਰਸ਼ਨ ਨੂੰ ਦਖ਼ਲ ਦੇਣਾ ਪਿਆ। ਬਾਬੂ ਆਖ ਰਿਹਾ ਸੀ, ਉਹ ਇਥੋਂ ਦੇ ਸਰਕਾਰੀ ਵਕੀਲ ਸੁਰਿੰਦਰ ਕੁਮਾਰ ਦਾ ਸਾਲਾ ਹੈ। ਇਹ ਸਕੂਟਰ ਸਰਕਾਰੀ

ਵਕੀਲ ਦਾ ਹੀ ਹੈ। ਉਹ ਮੰਗ ਕੇ ਲਿਆਇਆ ਸੀ। ਕਾਗ਼ਜ਼ ਡਿੱਘੀ ਵਿਚ ਹਨ। ਚਾਬੀ ਉਸ ਕੋਲ ਨਹੀਂ। ਸੀ.ਆਰ.ਪੀ. ਵਾਲੇ ਇਸ ਬਹਾਨੇ ਨੂੰ ਮੰਨਣ ਲਈ ਤਿਆਰ ਨਹੀਂ ਸੀ। ਸਕੂਟਰ ਬਿਨਾਂ ਕਾਗ਼ਜ਼ਾਂ ਤੋਂ ਸੀ। ਕਬਜ਼ੇ ਵਿਚ ਲਿਆ ਜਾ ਸਕਦਾ ਸੀ। ਨੱਥੂ ਪਰ੍ਹਾਂ ਟਲ ਚੁੱਕਾ ਸੀ। ਉਸ ਨੂੰ ਪਤਾ ਸੀ ਕਿ ਸਕੂਟਰ ਸੱਚਮੁੱਚ ਸਰਕਾਰੀ ਵਕੀਲ ਦਾ ਸੀ। ਵੀਹ ਵਾਰ ਤਾਂ ਉਸ ਨੇ ਇਸ ਵਿਚ ਪੈਟਰੋਲ ਪਵਾ-ਪਵਾ ਲਿਆਂਦੈ। ਉਸ ਨੇ ਸੋਚਿਆ ਸੀ ਜੇ ਸੀ.ਆਰ.ਪੀ. ਵਾਲੇ ਕੁਝ ਝਾੜ ਲੈਣ ਤਾਂ ਕੀ ਹਰਜ ਹੈ ? ਜੇ ਸਰਕਾਰੀ ਵਕੀਲ ਨੇ ਉਲਾਂਭਾ ਦਿੱਤਾ ਤਾਂ ਨਾਂ ਸੀ.ਆਰ.ਪੀ. ਦਾ ਹੀ ਲੱਗਣਾ ਸੀ। ਦਰਸ਼ਨ ਨੱਥੂ ਦੇ ਲਾਲਚੀ ਸੁਭਾਅ 'ਤੇ ਚਿੜ ਰਿਹਾ ਸੀ। ਇਹਨਾਂ ਬਾਂਦਰਾਂ ਨੂੰ ਤਾਂ ਕੁਝ ਨਹੀਂ ਪਤਾ, ਪਰ ਉਸ ਨੱਥੂ ਦੇ ਬੱਚੇ ਨੂੰ ਤਾਂ ਸ਼ਰਮ ਕਰਨੀ ਚਾਹੀਦੀ ਹੈ। ਸਾਰਾ ਦਿਨ ਸਰਕਾਰੀ ਵਕੀਲਾਂ ਤੋਂ ਕੰਮ ਲੈਣਾ ਹੁੰਦਾ ਹੈ। ਵੀਹ-ਤੀਹ ਰੁਪਿਆਂ ਖ਼ਾਤਰ ਬਣੀ-ਬਣਾਈ ਤਾਂ ਨਹੀਂ ਵਿਗਾੜਨੀ। ਦਰਸ਼ਨ ਨੇ ਸਕੂਟਰ ਛੁਡਾ ਦਿੱਤਾ। ਖਿਝੇ ਦਰਸ਼ਨ ਨੇ ਜਵਾਨਾਂ ਨੂੰ ਆਪਣੀ ਡਿਊਟੀ ਵੀ ਯਾਦ ਕਰਾਈ। ਕਾਗ਼ਜ਼-ਪੱਤਰ ਕੇਵਲ ਪੁਲਿਸ ਹੀ ਦੇਖ ਸਕਦੀ ਹੈ। ਉਹਨਾਂ ਕੋਲ ਅਜਿਹੇ ਕੋਈ ਅਧਿਕਾਰ ਨਹੀਂ। ਚੰਗਾ-ਮਾੜਾ ਬੰਦਾ ਦੇਖ ਲਿਆ ਕਰਨ, ਹੋਰ ਨਾ ਕਿਸੇ ਨਾਲ ਪੰਗਾ ਪਵਾ ਦੇਣ।

ਸ਼ਹਿਰੀਆਂ ਨਾਲ ਮੀਟਿੰਗ ਕਰ ਕੇ ਖ਼ਾਨ ਨੇ ਅਫ਼ਸਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਖ਼ਤਮ ਹੁੰਦਿਆਂ ਹੀ ਨਾਕਾ ਪਾਰਟੀਆਂ ਨੂੰ ਚੌਕਸ ਕਰ ਦਿੱਤਾ ਗਿਆ। ਕੁਝ ਹੀ ਸਮੇਂ 'ਚ ਸ਼ਹਿਰ ਵਿਚ ਕਰਫ਼ਿਊ ਲਾਇਆ ਜਾਣਾ ਸੀ ਅਤੇ ਘਰ-ਘਰ ਦੀ ਤਲਾਸ਼ੀ ਹੋਣੀ ਸੀ। ਮੁਜਰਮ ਘਬਰਾ ਕੇ ਸ਼ਹਿਰੋਂ ਬਾਹਰ ਜਾ ਸਕਦੇ ਹਨ। ਨਾਕਾ-ਪਾਰਟੀਆਂ ਦੀ ਹੁਸ਼ਿਆਰੀ ਬਹੁਤ ਜ਼ਰੂਰੀ ਸੀ।

ਦਰਸ਼ਨ ਨੇ ਇਕ ਵਾਰ ਫੇਰ ਮੌਕੇ ਦੀ ਨਜ਼ਾਕਤ ਨੂੰ ਪਹਿਚਾਣਿਆ। ਜਿੰਨੇ ਪੈਸੇ ਹੁਣ ਤਕ ਇਕੱਠੇ ਹੋਏ ਸੀ, ਹਿੱਸੇ ਬਹਿੰਦੇ ਵੰਡ ਦਿੱਤੇ।

ਮੁੜ ਸਖ਼ਤੀ ਨਾਲ ਅਗਵਾਕਾਰਾਂ ਦੀ ਤਲਾਸ਼ ਹੋਣ ਲੱਗੀ।

ਨਵੇਂ ਦੌਰ ਵਿਚ ਸਭ ਤੋਂ ਪਹਿਲਾਂ ਉਹਨਾਂ ਦੇ ਅੜਿੱਕੇ ਠੇਕੇਦਾਰਾਂ ਦੀ ਜੀਪ ਆਈ। ਜੀਪ ਨੂੰ ਖ਼ੁਦ ਸ਼ਾਮ ਲਾਲ ਚਲਾ ਰਿਹਾ ਸੀ। ਪਿੱਛੇ ਉਹਦੀ ਨੂੰਹ ਅਤੇ ਧੀ ਬੈਠੀ ਸੀ। ਨਾਲ ਗੋਦੀਆਂ ਵਿਚ ਸੁੱਤੇ ਉਹਨਾਂ ਦੇ ਬੱਚੇ। ਮੱਥੇ 'ਤੇ ਲੱਗੇ ਤਿਲਕਾਂ ਤੋਂ ਲੱਗਦਾ ਸੀ ਜਾਂ ਉਹ ਵਿਆਹ-ਸ਼ਾਦੀ ਤੋਂ ਆਏ ਸਨ ਜਾਂ ਫੇਰ ਕਿਸੇ ਧਾਰਮਿਕ ਸਥਾਨ ਤੋਂ।

ਦਰਸ਼ਨ ਨ ਜਵਾਨਾਂ ਨੂੰ ਸਮਝਾਇਆ, ਇਹ ਠੇਕੇਦਾਰਾਂ ਦੀ ਜੀਪ ਹੈ। ਉਹ ਰੱਜੇ-ਪੁੱਜੇ ਬੰਦੇ ਹਨ। ਅਜਿਹੇ ਕੰਮ ਦਾ ਪਰਛਾਵਾਂ ਨਹੀਂ ਲੈਂਦੇ, ਪਰ ਜਵਾਨ ਟੱਸ ਤੋਂ ਮੱਸ ਨਾ ਹੋਏ। ਬੱਚਿਆਂ ਦੇ ਚਿਹਰੇ ਚੁੰਨੀਆਂ ਨਾਲ ਢੱਕੇ ਹੋਏ ਸਨ। ਜੀਪ ਵਿਚ ਟਰੰਕ ਸਨ, ਫਲਾਂ ਦੀਆਂ ਟੋਕਰੀਆਂ ਅਤੇ ਹੋਰ ਨਿੱਕ-ਸੁੱਕ ਵੀ। ਉਹਨਾਂ ਦੇ ਖ਼ਿਆਲ ਵਿਚ ਤਲਾਸ਼ੀ ਬਹੁਤ ਜ਼ਰੂਰੀ ਸੀ। ਅਗਵਾਕਾਰ ਕੋਈ ਵੀ ਤਰੀਕਾ ਵਰਤ ਸਕਦੇ ਸਨ। ਭੁੱਚੋ ਦੀ ਬੈਂਕ ਡਕੈਤੀ ਵੇਲੇ ਇਕ ਔਰਤ ਵੀ ਡਾਕੇ ਵਿਚ ਸ਼ਾਮਲ ਸੀ। ਔਰਤਾਂ ਅਤੇ ਬੱਚਿਆਂ ਦੀ ਆੜ ਵਿਚ ਕਈ ਵਾਰ ਖ਼ਤਰਨਾਕ ਦਹਿਸ਼ਤਗਰਦ ਬਚ ਕੇ ਨਿਕਲ ਜਾਂਦੇ ਹਨ। ਪੰਜਾਬ ਪੁਲਿਸ ਕੁਝ ਵੀ ਆਖੇ, ਉਹ ਬਿਨਾਂ ਤਲਾਸ਼ੀ ਜੀਪ ਨਹੀਂ ਜਾਣ ਦੇਣਗੇ।

ਸੀ.ਆਰ.ਪੀ. ਦੀ ਜ਼ਿੱਦ 'ਤੇ ਦਰਸ਼ਨ ਨੇ ਹਥਿਆਰ ਸੁੱਟ ਦਿੱਤੇ। ਮਲਵੀਂ ਜਿਹੀ ਜੀਭ ਨਾਲ ਠੇਕੇਦਾਰਾਂ ਤੋਂ ਮੁਆਫ਼ੀ ਮੰਗੀ। ਉਹ ਮਜਬੂਰ ਸੀ। ਰੋਸ ਵੱਜੋਂ ਦਰਸ਼ਨ ਪੰਜਾਹ ਕਦਮ ਪਿਛਾਂਹ ਜਾ ਖਲੋਤਾ ਅਤੇ ਮੂੰਹ ਦੂਜੇ ਪਾਸੇ ਭਵਾਂ ਲਿਆ।

ਦਰਸ਼ਨ ਕਿਹੜੇ ਮੂੰਹ ਠੇਕੇਦਾਰਾਂ ਦੀ ਤਲਾਸ਼ੀ ਲਏ ? ਉਹ ਮਿਲਣਸਾਰ ਬੜੇ ਸਨ। ਜਦੋਂ ਮਰਜ਼ੀ, ਜਿੰਨੀ ਮਰਜ਼ੀ ਵਿਸਕੀ ਚੁੱਕ ਲਓ। ਕਦੇ ਮੱਥੇ ਵੱਟ ਨਹੀਂ ਪਾਉਂਦੇ। ਵੇਲੇ-ਕੁਵੇਲੇ ਪੈਸੇ-ਟਕੇ

ਦੀ ਜ਼ਰੂਰਤ ਪੈ ਜਾਏ ਤਾਂ ਵੀ ਨਾਂਹ ਨਹੀਂ ਕਰਦੇ। ਕਈ ਕਪਤਾਨਾਂ ਅਤੇ ਕਮਿਸ਼ਨਰਾਂ ਨਾਲ ਇਹਨਾਂ ਦਾ ਖਾਣ-ਪੀਣ ਹੈ। ਕਦੇ ਕੰਮ ਪੈ ਜਾਏ ਪਿੱਛੇ ਨਹੀਂ ਹਟਦੇ। ਗੱਡੀ ਵੀ ਠੇਕੇਦਾਰਾਂ ਦੀ, ਖ਼ਰਚਾ ਵੀ ਠੇਕੇਦਾਰਾਂ ਦਾ ਪਰ ਕੰਮ ਦਰਸ਼ਨ ਦਾ।

ਜਦੋਂ ਜਵਾਨ ਜ਼ਨਾਨੀਆਂ ਨੂੰ ਜੀਪ ਵਿਚੋਂ ਉਤਰਨ ਲਈ ਮਜਬੂਰ ਕਰਨ ਲੱਗੇ ਤਾਂ ਖਿਝੇ ਦਰਸ਼ਨ ਨੇ ਜਵਾਨਾਂ ਨੂੰ ਪੰਜ-ਚਾਰ ਕਰਾਰੀਆਂ-ਕਰਾਰੀਆਂ ਗਾਲ੍ਹਾਂ ਮਨ ਵਿਚ ਹੀ ਕੱਢੀਆਂ। ਦਰਸ਼ਨ ਇਸ ਨੂੰ ਆਪਣੀ ਤੌਹੀਨ ਸਮਝ ਰਿਹਾ ਸੀ। ਪਰ ਕੀ ਕਰੇ ? ਮਾਮਲਾ ਹੀ ਨਾਜ਼ੁਕ ਸੀ। ਦਰਸ਼ਨ ਨੇ ਮੱਲੋ-ਮੱਲੀ ਰੋਕਿਆ ਤਾਂ ਇਹਨਾਂ ਪਾਗ਼ਲਾਂ ਦਾ ਪਤਾ ਨਹੀਂ ਆਪਣੇ ਅਫ਼ਸਰ ਕੋਲ ਸ਼ਿਕਾਇਤ ਹੀ ਕਰ ਦੇਣ। ਲੋਕ ਤਾਂ ਪਹਿਲਾਂ ਹੀ ਪੁਲਿਸ ਦੇ ਪਿੱਛੇ ਪਏ ਹੋਏ ਹਨ। ਸਬਰ ਦੀ ਘੁੱਟ ਭਰ ਉਹ ਮੋਟੀਆਂ-ਮੋਟੀਆਂ ਅਤੇ ਚਿੱਟੀਆਂ-ਚਿੱਟੀਆਂ ਔਰਤਾਂ ਨੂੰ ਗਲੋਟ ਵਰਗੇ ਜਵਾਕ ਗੋਦੀ ਚੁੱਕੀ ਗੱਡੀਉਂ ਉਤਰਦੇ ਦੇਖਦਾ ਰਿਹਾ।

ਠੇਕੇਦਾਰ ਨੂੰ ਸਵਾ ਕੁਇੰਟਲ ਦੀ ਦੇਹ ਲੈ ਕੇ ਹੇਠਾਂ ਉਤਰਨਾ ਫ਼ਾਂਸੀ ਚੜ੍ਹਨ ਬਰਾਬਰ ਸੀ। ਉਹਦੇ ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਟਪਕ ਪਈਆਂ ਅਤੇ ਗਲ ਵਿਚਲੀ ਦੋ ਤੋਲੇ ਦੀ ਚੈਨੀ ਜੇਬ ਵਿਚਲੇ ਪੈੱਨ ਵਿਚ ਅੜਕ ਕੇ ਟੁੱਟ ਗਈ। ਘਬਰਾਇਆ ਉਹ ਡਿੱਗਦਾ-ਡਿੱਗਦਾ ਮਸਾਂ ਹੀ ਸੰਭਲਿਆ।

ਮੋਟੀ ਗੋਗੜ ਵਾਲਾ ਇਹ ਠੇਕੇਦਾਰ ਪੰਦਰਾਂ ਸਾਲ ਪਹਿਲਾਂ ਸੁੱਕੇ ਕਾਨੇ ਵਰਗਾ ਹੁੰਦਾ ਸੀ। ਸਾਰਾ ਦਿਨ ਫਾਟਕਾਂ ਵਾਲੇ ਠੇਕੇ 'ਤੇ ਗੱਦੀ 'ਤੇ ਬੈਠਾ ਰਹਿੰਦਾ। ਉਸ ਸਮੇਂ ਉਹ ਕੇਵਲ ਇਕ ਕਰਿੰਦਾ ਸੀ। ਕੰਮ ਦਾ ਇੰਨਾ ਮਾਹਿਰ ਕਿ ਠੇਕੇਦਾਰ ਪੁੱਛ ਕੇ ਗੱਲ ਕਰਦੇ। ਕਦੇ ਦਰਸ਼ਨ ਠੇਕੇ 'ਤੇ ਚਲਿਆ ਜਾਂਦਾ, ਉਸ ਨੂੰ ਚਾਅ ਚੜ੍ਹ ਜਾਂਦਾ। ਆਪ ਪੈੱਗ ਬਣਾ-ਬਣਾ ਦਾਰੂ ਪਿਆਉਂਦਾ। ਹਫ਼ਤੇ ਦਸੀਂ ਦਿਨੀਂ ਮੁਰਗਾ ਰਿੰਨ੍ਹਦਾ। ਦਰਸ਼ਨ ਉਸ ਸਮੇਂ ਤੋਂ ਹੀ ਠੇਕੇਦਾਰ ਨਾਲ ਮੋਹ ਰੱਖਦਾ ਸੀ।

ਇਹਦੀ ਕਿਸਮਤ ਕਿ ਠੇਕੇਦਾਰਾਂ ਦੀਆਂ ਦੋ ਪਾਰਟੀਆਂ ਬਣ ਗਈਆਂ। ਧਨੀ ਰਾਮ ਕੋਲ ਪੈਸਾ ਤਾਂ ਸੀ ਪਰ ਤਜਰਬਾ ਨਹੀਂ ਸੀ। ਸ਼ਾਮ ਲਾਲ ਕੋਲ ਤਜਰਬਾ ਸੀ ਪਰ ਪੈਸਾ ਨਹੀਂ ਸੀ। ਦੋਹਾਂ ਨੇ ਅੱਧੋ-ਅੱਧ ਵਿਚ ਕੰਮ ਕਰ ਲਿਆ।

ਉਹ ਦਿਨ ਤੇ ਆਹ ਦਿਨ। ਸ਼ਾਮ ਲਾਲ ਪੈਸੇ ਝਾੜੂਆਂ ਨਾਲ ਹੂੰਝਦਾ ਹੈ। ਉਹਦੇ ਮੁੰਡੇ, ਜਿਹੜੇ ਸ਼ਰਾਬ ਦੇ ਅਹਾਤੇ ਵਿਚ ਜੂਠੀਆਂ ਪਲੇਟਾਂ ਧੋਇਆ ਕਰਦੇ ਸਨ, ਮਾਰੂਤੀ ਤੋਂ ਬਿਨਾਂ ਨਹੀਂ ਤੁਰਦੇ। ਕਰੋੜਪਤੀਆਂ ਦੇ ਘਰ ਰਿਸ਼ਤੇ ਹੋਏ। ਪਰੀਆਂ ਵਰਗੀਆਂ ਕੁੜੀਆਂ ਨਾਲ ਵਿਆਹੇ ਗਏ। ਅਗਾਂਹ ਅੰਗਰੇਜ਼ਾਂ ਵਰਗੇ ਜਵਾਕ ਜੰਮੇ।

ਸੇਠਾਣੀਆਂ ਦੀਆਂ ਗਹਿਣਿਆਂ ਨਾਲ ਭਰੀਆਂ ਗਰਦਨਾਂ ਅਤੇ ਬਾਹਾਂ ਉੱਤੇ ਨੱਥੂ ਦੀਆਂ ਟਿਕੀਆਂ ਅੱਖਾਂ ਦੇਖ ਕੇ ਦਰਸ਼ਨ ਦਾ ਹਾਸਾ ਨਿਕਲ ਗਿਆ। ਥਾਣੇ ਹੁੰਦਾ ਤਾਂ ਜਾਮਾ-ਤਲਾਸ਼ੀ ਦੇ ਬਹਾਨੇ ਸਾਰੇ ਗਹਿਣੇ ਲੁਹਾ ਲੈਂਦਾ। ਇਕ ਅੱਧ ਜ਼ਰੂਰ ਖਿਸਕਾ ਲੈਂਦਾ। ਇਥੇ ਉਸ ਦਾ ਦਾਅ ਨਹੀਂ ਸੀ ਲੱਗ ਰਿਹਾ।

ਪਾਲੇ ਦੀ ਨੀਅਤ ਵੀ ਸਾਫ਼ ਨਹੀਂ ਸੀ। ਉਸ ਦੀ ਟਿਕਟਿਕੀ ਔਰਤਾਂ ਦੇ ਅੱਧ-ਨੰਗੇ ਸਰੀਰਾਂ 'ਤੇ ਟਿਕੀ ਹੋਈ ਸੀ। ਜੀਪ ਤੋਂ ਉਤਰਦੀ ਠੇਕੇਦਾਰ ਦੀ ਕੁੜੀ ਦਾ ਪੇਟੀਕੋਟ ਥੋੜ੍ਹਾ ਜਿਹਾ ਉਤਾਂਹ ਉੱਠ ਗਿਆ ਸੀ। ਗੋਰੀ ਲੱਤ 'ਤੇ ਚਮਕਦੇ ਸੁਨਹਿਰੀ ਵਾਲਾਂ ਨੂੰ ਦੇਖ ਕੇ ਉਹ ਪਾਗ਼ਲ ਹੋਇਆ ਪਿਆ ਸੀ। ਥਾਣੇ ਹੁੰਦਾ ਤਾ ਜ਼ਰੂਰ ਛੇੜ-ਛਾੜ ਕਰਦਾ। ਇਥੇ ਵਿਚਾਰਾ ਮਜਬੂਰ ਸੀ।

ਨੂੰਹ ਨੂੰ ਥੋੜ੍ਹਾ ਜਿਹਾ ਝੁਕ ਕੇ ਹੇਠਾਂ ਉਤਰਨਾ ਪਿਆ, ਉਸ ਦੀਆਂ ਭਾਰੀਆਂ ਛਾਤੀਆਂ ਹੇਠਾਂ ਲਟਕ ਗਈਆਂ ਤੇ ਸਾਫ਼ ਦਿਖਾਈ ਦੇਣ ਲੱਗੀਆਂ। ਉਹਨਾਂ ਵਿਚ ਬਣੀ ਲੀਕ ਦੇਖ ਕੇ ਦਰਸ਼ਨ ਦੇ ਅੰਦਰ ਵੀ ਰੁੱਗ ਭਰਿਆ ਗਿਆ। ਜ਼ਨਾਨੀਆਂ ਤਾਂ ਇਹ ਹਨ, ਨਿਰੀਆਂ ਬਰਫ਼ੀ ਦੀਆਂ ਟੁਕੜੀਆਂ। ਉਹ ਤਾਂ ਐਵੇਂ ਕਾਲੀਆਂ ਮੱਝਾਂ ਨਾਲ ਖੇਹ ਖਾਂਦੇ ਹਨ।

ਪਾਲਾ ਸੇਠਾਨੀਆਂ ਦੀ ਨੇੜਤਾ ਮਾਨਣ ਲਈ ਜੀਪ ਕੋਲ ਜਾ ਖਲੋਤਾ। ਉਹਦਾ ਨਸ਼ਾ ਖਿੜ ਰਿਹਾ ਸੀ। ਧਰਤੀ 'ਤੇ ਪੱਬ ਨਹੀਂ ਸੀ ਟਿਕਦਾ।

ਪਾਲੇ ਦੇ ਮੂੰਹ ਵਿਚੋਂ ਆਉਂਦੀ ਬੂ ਨਾਲ ਸੇਠਾਨੀ ਨੂੰ ਉਲਟੀ ਆਉਣ ਵਾਲੀ ਹੋ ਗਈ। ਇਕ ਹੱਥ ਨਾਲ ਬੱਚਾ ਸੰਭਾਲ ਕੇ, ਦੂਜੇ ਨਾਲ ਉਸ ਨੇ ਨੱਕ 'ਤੇ ਪੱਲਾ ਦੇ ਲਿਆ।

ਪਾਲੇ ਦਾ ਸਾਰਾ ਨਸ਼ਾ ਉਤਰ ਗਿਆ। ਬੁੜ-ਬੁੜ ਕਰਦਾ ਉਹ ਜੀਪ ਵਿਚਲੀਆਂ ਪੇਟੀਆਂ ਫਰੋਲਣ ਲੱਗਾ। ਇਕ ਵਿਚ ਸੇਬ ਸਨ ਅਤੇ ਦੂਜੀ ਵਿਚ ਸੰਗਤਰੇ। ਟੋਕਰੀ ਕੇਲਿਆਂ ਨਾਲ ਭਰੀ ਹੋਈ ਸੀ।

ਉਹ ਪੂਰੀ ਬੋਤਲ ਸੁੱਕੀ ਹੀ ਸੜਾਕ ਗਏ ਸਨ। ਖਾਣ-ਪੀਣ ਨੂੰ ਕੁਝ ਨਹੀਂ ਸੀ ਮਿਲਿਆ। ਹਿੰਮਤ ਕਰ ਕੇ ਉਸ ਨੇ ਪੰਜ-ਛੇ ਸੰਗਤਰੇ ਅਤੇ ਤਿੰਨ-ਚਾਰ ਸੇਬ ਖਿਸਕਾ ਲਏ ਤੇ ਹਿੜ-ਹਿੜ ਕਰਦਾ ਸੰਗਤਰੇ ਛਿਲਦਾ, ਪਰ੍ਹਾਂ ਨੂੰ ਤੁਰ ਗਿਆ।

ਜਵਾਨਾਂ ਨੇ ਸੁੱਤੇ ਪਏ ਬੱਚਿਆਂ ਦੇ ਨਕਸ਼ ਬੰਟੀ ਦੀ ਫ਼ੋਟੋ ਨਾਲ ਮਿਲਾਉਣੇ ਚਾਹੇ। ਉਹਨਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਕਿਥੇ ਮਾੜਚੂ ਜਿਹਾ ਬੰਟੀ, ਕਿਥੇ ਗੜੌਂਦੇ ਬੇਰ ਵਰਗੇ ਇਹ।

ਜਵਾਨਾਂ ਵੱਲੋਂ ਹਰੀ ਝੰਡੀ ਮਿਲਣ 'ਤੇ ਦਰਸ਼ਨ ਇਕ ਵਾਰ ਫਿਰ ਜੀਪ ਕੋਲ ਗਿਆ। ਠੇਕੇਦਾਰ ਦੇ ਮੱਥੇ 'ਤੇ ਪਈਆਂ ਤਿਊੜੀਆਂ ਨੂੰ ਢਿੱਲਾ ਕਰਨ ਲਈ ਉਸ ਨੇ ਇਕ ਵਾਰ ਫੇਰ ਰਸਮੀ ਜਿਹੀ ਮੁਆਫ਼ੀ ਮੰਗੀ।

ਠੇਕੇਦਾਰ ਜੀਪ ਸਟਾਰਟ ਕਰਨ ਹੀ ਲੱਗਾ ਸੀ ਕਿ ਨੱਥੂ ਨੇ ਦਰਸ਼ਨ ਨੂੰ ਕੰਨ ਵਿਚ ਘੁਸਰ-ਮੁਸਰ ਕੀਤੀ। ਦਰਸ਼ਨ ਨੂੰ ਵੀ ਜਿਵੇਂ ਕੁਝ ਅਚਾਨਕ ਯਾਦ ਆ ਗਿਆ। ਤ੍ਰਿਕਾਲਾਂ ਪੈ ਚੱਲੀਆਂ ਸਨ। ਖਾਣ-ਪੀਣ ਦਾ ਵਕਤ ਹੋਣ ਵਾਲਾ ਸੀ। ਠੇਕੇਦਾਰ ਤੋਂ ਪਰਚੀ ਲੈ ਲੈਣੀ ਚਾਹੀਦੀ ਹੈ।

"ਇਹ ਕਿਹੜੀ ਖ਼ਾਸ ਗੱਲ ਹੈ ? ਤੁਸੀਂ ਤਾਂ ਭਾਵੇਂ ਸ਼ਾਮ ਲਾਲ ਨੂੰ ਨਹੀਂ ਬਖ਼ਸ਼ਿਆ, ਪਰ ਇਹ ਜਵਾਬ ਨਹੀਂ ਦੇਣ ਲੱਗੇ। ਸ਼ਾਮ ਲਾਲ ਜੀ, ਦਿਉ ਇਹਨੂੰ ਪਰਚੀ। ਸਾਲਾ ਸਵੇਰ ਦਾ ਪੀਈ ਜਾਂਦੈ, ਫੇਰ ਵੀ ਸਬਰ ਨਹੀਂ।"

ਦਰਸ਼ਨ ਦੇਖ ਰਿਹਾ ਸੀ, ਠੇਕੇਦਾਰ ਦਾ ਪਾਰਾ ਲੱਥਾ ਨਹੀਂ ਸੀ। ਇਸੇ ਲਈ ਉਸ ਨੇ ਆਪਣੇ ਪੈੱਨ ਵੱਲ ਹੱਥ ਨਹੀਂ ਸੀ ਵਧਾਇਆ। ਦਰਸ਼ਨ ਨੇ ਆਪਣਾ ਪੈੱਨ ਉਸ ਅੱਗੇ ਕਰ ਦਿੱਤਾ। ਜੇਬ ਵਿਚੋਂ ਦੋ ਦਾ ਨੋਟ ਵੀ ਕੱਢ ਲਿਆ। ਇਸ 'ਤੇ ਨਿਸ਼ਾਨੀ ਪਾ ਦੇਵੇ।

ਬੁਝੇ ਮਨ ਨਾਲ ਠੇਕੇਦਾਰ ਨੇ ਦੋ ਅੱਖਰ ਝਰੀਟ ਦਿੱਤੇ।

ਜੀਪ ਦੇ ਲੰਘ ਜਾਣ 'ਤੇ ਜਦੋਂ ਦਰਸ਼ਨ ਨੇ ਨੋਟ 'ਤੇ ਝਾਤੀ ਮਾਰੀ ਤਾਂ ਉਸ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਕੇਵਲ ਦੋ ਬੋਤਲਾਂ ਅਤੇ ਉਹ ਵੀ ਦੇਸੀ। ਉਸਨੂੰ ਚੰਗਾ ਭਲਾ ਪਤਾ ਸੀ, ਦਰਸ਼ਨ ਦੇਸੀ ਸ਼ਰਾਬ ਨੂੰ ਮੂੰਹ ਨਹੀਂ ਲਾਉਂਦਾ। ਫੇਰ ਉਹ ਠੰਢਾ ਹੋ ਗਿਆ। ਠੇਕੇਦਾਰ ਨੇ ਆਪਣੀ ਬੇਇੱਜ਼ਤੀ ਦਾ ਬਦਲਾ ਲੈਣਾ ਹੀ ਸੀ।

ਸ਼ਹਿਰ ਵਿਚ ਕਰਫ਼ਿਊ ਲੱਗਣ ਦਾ ਸੁਨੇਹਾ ਮਿਲ ਚੁੱਕਾ ਸੀ।

ਸਾਰੀ ਟਰੈਫ਼ਿਕ ਬੰਦ ਹੋ ਗਈ। ਸ਼ਹਿਰ ਵੱਲੋਂ ਤਾਂ ਕੋਈ ਆਉਂਦੀ ਹੀ ਨਹੀਂ ਸੀ। ਕੋਈ ਗੱਡੀ ਬਾਹਰੋਂ ਆਉਂਦੀ ਤਾਂ ਉਥੇ ਹੀ ਰੋਕ ਦਿੱਤੀ ਜਾਂਦੀ। ਕੋਈ ਵਾਪਸ ਮੁੜਨਾ ਚਾਹੇ ਤਾਂ ਮੁੜ ਸਕਦਾ ਸੀ।

ਹਨੇਰਾ ਹੋਣ ਲੱਗਾ ਸੀ। ਚਾਰੇ ਦਿਸ਼ਾਵਾਂ ਸ਼ਾਂਤ ਸਨ।

ਮਜ਼ਦੂਰ ਅਤੇ ਪਾਲੀਆਂ ਨੂੰ ਘਰ ਮੁੜਦੇ ਦੇਖ ਕੇ ਪਾਲ ਦੇ ਹੌਲ ਪੈਣ ਲੱਗੇ। ਬੱਸ ਤਾਂ ਕੋਈ ਨਹੀਂ ਸੀ ਆਉਣੀ ਸ਼ਹਿਰੋਂ। ਪਿੰਡ ਵੀਹ ਮੀਲ ਦੂਰ ਸੀ। ਥੋੜ੍ਹਾ ਜਿਹਾ ਵੀ ਹੋਰ ਲੇਟ ਹੋ ਗਿਆ ਤਾਂ ਪਿੰਡ ਨੂੰ ਜਾਣ ਵਾਲੇ ਮਜ਼ਦੂਰਾਂ ਨੇ ਵੀ ਲੰਘ ਜਾਣਾ ਸੀ। ਪੀਤੀ ਹੋਈ ਵੀ ਸੀ। ਸਾਈਕਲ ਵੀ ਨਹੀਂ ਸੀ ਚਲਾਇਆ ਜਾਣਾ। ਚਾਰੇ ਪਾਸੇ ਸੰਨਾਟਾ ਛਾ ਗਿਆ ਸੀ। ਇਸ ਵਕਤ ਕਿਸ ਭੜੂਏ ਨੇ ਇਧਰ ਆਉਣਾ ਹੈ। ਆ ਵੀ ਗਿਆ ਫੇਰ ਕਿਹੜਾ ਪਾਲੇ ਬਿਨਾਂ ਪੁਲਿਸ ਪਾਰਟੀ ਕਮਜ਼ੋਰ ਹੋ ਜਾਣੀ ਹੈ। ਬਥੇਰੇ ਜਵਾਨ ਹਨ।

ਪਾਲੇ ਨੇ ਮਲਕੜੇ ਜਿਹੇ ਆ ਕੇ ਦਰਸ਼ਨ ਦੇ ਗੋਡੇ ਫੜੇ। ਨੱਥੂ ਵੀ ਇਹੋ ਰੋਣਾ ਰੋ ਰਿਹਾ ਸੀ। ਘਰ ਜਾਣ ਦਾ ਪਾਲ ਦਾ ਕੇਸ ਮਜ਼ਬੂਤ ਸੀ। ਨੱਥੂ ਤਾਂ ਬੁੜ੍ਹਾ ਖੁੰਢ ਹੈ, ਉਹ ਚਾਰ ਦਿਨ ਪਿੰਡ ਨਹੀਂ ਜਾਊ ਤਾਂ ਕਿਹੜਾ ਮੱਝ ਧਾਰ ਦੇਣੋਂ ਹਟ ਜਾਊ। ਪਾਲੇ ਦਾ ਵਿਆਹ ਨਵਾਂ-ਨਵਾਂ ਹੋਇਆ ਹੈ। ਉਹਦਾ ਘਰ ਜਾਣਾ ਬਹੁਤ ਜ਼ਰੂਰੀ ਹੈ।

ਦਰਸ਼ਨ ਦਾ ਫ਼ੈਸਲਾ ਪਾਲੇ ਦੇ ਹੱਕ ਵਿਚ ਸੀ। ਪਾਲ ਨੇ ਝੱਟ ਰਾਈਫ਼ਲ ਨੱਥੂ ਦੇ ਹਵਾਲੇ ਕੀਤੀ। ਪਗੜੀ ਲਾਹ ਕੇ ਬੈਗ ਵਿਚ ਪਾਈ ਅਤੇ ਸ਼ਰਟ ਬਦਲ ਕੇ ਕਾਲਜੀਏਟ ਬਣ ਗਿਆ। ਬੈਗ ਨੂੰ ਮੋਢੇ 'ਤੇ ਲਟਕਾ ਕੇ ਸਵਾਰੀ ਦੀ ਉਡੀਕ ਕਰਨ ਲੱਗਾ।

ਜਵਾਨਾਂ ਨੂੰ ਭੋਜਨ ਦੇਣ ਆਈ ਗੱਡੀ ਤੋਂ ਉਹਨਾਂ ਨੂੰ ਪਤਾ ਲੱਗਾ ਕਿ ਸ਼ਹਿਰ ਵਿਚ ਤਲਾਸ਼ੀ ਜ਼ੋਰਾਂ 'ਤੇ ਸੀ। ਕਈ ਪਾਰਟੀਆਂ ਨਾਕਿਆਂ ਤੋਂ ਵਾਪਸ ਬੁਲਾ ਕੇ ਤਲਾਸ਼ੀ ਲਈ ਲਾ ਦਿੱਤੀਆਂ ਗਈਆਂ ਸਨ। ਅਜਿਹੇ ਹਾਲਾਤ ਵਿਚ ਕਿਸੇ ਅਫ਼ਸਰ ਦਾ ਨਾਕਾ ਚੈੱਕ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਦਰਸ਼ਨ ਨੇ ਮੰਜੇ ਮੰਗਵਾ ਲਏ। ਹੋਮ-ਗਾਰਡੀਏ ਨੂੰ ਰੱਸੇ ਤੋਂ ਫ਼ਾਰਗ ਕਰ ਕੇ ਢਾਬੇ ਤੋਂ ਆਂਡਿਆਂ ਦੀ ਭੁਰਜੀ, ਮੀਟ ਅਤੇ ਨਮਕੀਨ ਲਿਆਉਣ ਲਈ ਭੇਜਿਆ। ਜਵਾਨਾਂ ਨੇ ਡਿਊਟੀ 'ਤੇ ਪੀਣੋਂ ਨਾਂਹ ਕਰ ਦਿੱਤੀ। ਜਾਮ ਖੜਕਾਉਣ ਵਾਲੇ ਕੇਵਲ ਨੱਥੂ ਅਤੇ ਦਰਸ਼ਨ ਹੀ ਸਨ ਜਾਂ ਵਿਚ ਦੀ ਕਦੇ-ਕਦੇ ਉਹ ਹੋਮਗਾਰਡੀਏ ਨੂੰ ਵੀ ਗਲਾਸ ਭਰ ਦਿੰਦੇ। ਇਸੇ ਚਾਅ 'ਚ ਉਹ ਭੱਜ-ਭੱਜ ਕੰਮ ਕਰ ਰਿਹਾ ਸੀ।

ਦਰਸ਼ਨ ਜਵਾਨਾਂ ਨੂੰ ਆਰਾਮ ਕਰਨ ਲਈ ਆਖਣ ਹੀ ਲੱਗਾ ਸੀ ਕਿ ਬਠਿੰਡੇ ਵੱਲੋਂ ਆਉਂਦੇ ਕਿਸੇ ਵ੍ਹੀਕਲ ਦੀ ਤੇਜ਼ ਰਫ਼ਤਾਰ ਨੇ ਉਹਨਾਂ ਨੂੰ ਡਰਾ ਦਿੱਤਾ। ਲਾਈਟਾਂ ਦੀ ਤੇਜ਼ ਰੌਸ਼ਨੀ ਕਾਰਨ ਉਹਨਾਂ ਨੂੰ ਪਤਾ ਨਹੀਂ ਸੀ ਲੱਗ ਰਿਹਾ, ਆਉਣ ਵਾਲਾ ਵ੍ਹੀਕਲ ਟਰੱਕ ਹੈ ਜਾਂ ਬੱਸ।

ਦਰਸ਼ਨ ਟਾਰਚ ਨਾਲ ਵਾਰ-ਵਾਰ ਇਸ਼ਾਰੇ ਕਰ ਰਿਹਾ ਸੀ, ਸੁੱਤੇ ਪਏ ਡਰਾਈਵਰ ਨੂੰ ਜਿਵੇਂ ਕੁਝ ਦਿਖਾਈ ਨਹੀਂ ਸੀ ਦੇ ਰਿਹਾ।

ਘਬਰਾਏ ਜਵਾਨਾਂ ਨੇ ਬੰਕਰਾਂ ਵਿਚ ਪੋਜ਼ੀਸ਼ਨਾਂ ਲੈ ਲਈਆਂ। ਲੋੜ ਪੈਣ 'ਤੇ ਉਹ ਟਾਇਰ ਵੀ ਪਾੜ ਸਕਦੇ ਸਨ ਅਤੇ ਚਾਲਕ ਨੂੰ ਚਿੱਤ ਵੀ ਕਰ ਸਕਦੇ ਸਨ।

ਟਰੱਕ ਇਕ ਕਦਮ ਵੀ ਹੋਰ ਅੱਗੇ ਵਧਦਾ ਤਾਂ ਉਸ ਨੇ ਫ਼ਾਇਰ ਦਾ ਹੁਕਮ ਦੇ ਦੇਣਾ ਸੀ। ਉਸ ਨੂੰ ਸੁਖ ਦਾ ਸਾਹ ਆਇਆ ਜਦੋਂ ਟਰੱਕ ਵਿਚੋਂ ਉਤਰਨ ਵਾਲਾ ਜ਼ੈਲਾ ਨਿਕਲਿਆ।

"ਓਏ ਖਸਮਾ ਤੂੰ ? ਸਾਲਿਆ, ਟਰੱਕ ਤਾਂ ਇਉਂ ਭਜਾਈ ਆਉਂਦਾ ਸੀ ਜਿਵੇਂ ਬਾਪੂ ਵਾਲਾ ਰਾਜ ਹੋਵੇ। ਤੇਰੀ ਕਿਸਮਤ ਚੰਗੀ ਹੈ। ਥੋੜ੍ਹਾ ਜਿਹਾ ਹੋਰ ਅੱਗੇ ਗਿਆ ਹੁੰਦਾ ਤਾਂ ਤੇਰਾ ਘੋਗਾ ਚਿੱਤ ਹੋਇਆ ਪਿਆ ਹੋਣਾ ਸੀ।" ਜ਼ੈਲੇ ਨੂੰ ਜੱਫੀ ਵਿਚ ਲੈਂਦਿਆਂ ਦਰਸ਼ਨ ਨੇ ਅਪਣੱਤ ਦਿਖਾਈ।

ਦਰਸ਼ਨ ਅਤੇ ਜ਼ੈਲੇ ਨੂੰ ਘਿਓ-ਖਿਚੜੀ ਹੋਇਆ ਦੇਖ ਕੇ ਜਵਾਨ ਬੰਕਰ ਵਿਚੋਂ ਬਾਹਰ ਆ ਗਏ।

"ਮੈਨੂੰ ਪਿੱਛੇ ਪਤਾ ਲੱਗ ਗਿਆ ਸੀ ਕਿ ਅੱਗੇ ਬਾਈ ਦਾ ਨਾਕਾ ਹੈ। ਤੇਰੇ ਹੁੰਦੇ ਮੈਨੂੰ ਕਾਹਦਾ ਡਰ ਸੀ। ਸੋਚਿਆ ਟਰੱਕ ਥਾਂ ਸਿਰ ਲਾ ਹੀ ਦੇਵਾਂ।"

ਹਫ਼ਤੇ ਤੋਂ ਜੈਲਾ ਰਾਜਸਥਾਨ ਵਿਚ ਸੀ। ਥਾਂ-ਥਾਂ ਲੱਗੇ ਨਾਕਿਆਂ ਤੋਂ ਉਸ ਨੇ ਅੰਦਾਜ਼ਾ ਤਾਂ ਲਾ ਲਿਆ ਸੀ ਕਿ ਸੁਖ ਨਹੀਂ। ਪਰ ਦੋ ਲੱਖ ਦੇ ਮਾਲ ਨੂੰ ਲੈ ਕੇ ਬਾਹਰਲੇ ਇਲਾਕੇ ਵਿਚ ਖੜੋ ਜਾਣਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਆਪਣੇ ਹਲਕੇ ਵਿਚ ਤਾਂ ਕੋਈ ਨਾ ਕੋਈ ਹੀਲਾ ਬਣ ਹੀ ਜਾਂਦਾ ਹੈ। ਇਹ ਸੋਚ ਕੇ ਪੈਸਿਆਂ ਦਾ ਮੀਂਹ ਵਰਸਾਉਂਦਾ ਉਹ ਇਥੇ ਤਕ ਪਹੁੰਚ ਗਿਆ ਸੀ। ਇਹ ਆਖ਼ਰੀ ਨਾਕਾ ਸੀ। ਇਥੋਂ ਟਰੱਕ ਨੇ ਸਿੱਧਾ ਗੁਦਾਮ ਵਿਚ ਪਹੁੰਚ ਜਾਣਾ ਸੀ।

"ਇਹ ਵੱਡੇ ਸਰਦਾਰ ਦੀ ਕੈਟਲ-ਫੀਡ ਹੈ.....ਮੁਰਗੀਖ਼ਾਨੇ ਲਿਜਾਣੀ ਹੈ।" ਇਸ਼ਾਰਿਆਂ ਨਾਲ ਉਸ ਨੇ ਗੱਲ ਸਮਝਾਈ। ਟਰੱਕ ਵਿਚ ਡੋਡੇ ਸਨ। ਉਸ ਦੇ ਆਪਣੇ ਸਨ ਅਤੇ ਗੁਦਾਮ ਵਿਚ ਚੱਲੇ ਸਨ। ਸੇਵਾ ਲਈ ਉਹ ਹਾਜ਼ਰ ਹੈ।

ਦਰਸ਼ਨ ਦੇ ਹੱਥ ਦੋ ਲੱਖ ਦਾ ਮਾਲ ਸੀ। ਉਹ ਚਾਹੇ ਤਾਂ ਟਰੱਕ ਦੀ ਬਰਾਮਦੀ ਪਾ ਕੇ ਮਹਿਕਮੇ ਤੋਂ ਵਾਹ-ਵਾਹ ਖੱਟ ਸਕਦਾ ਸੀ। ਤਸਵੀਰ ਦਾ ਦੂਸਰਾ ਪਾਸਾ ਵੀ ਦਰਸ਼ਨ ਦੇ ਸਾਹਮਣੇ ਸੀ। ਉਸ ਦੀਆਂ ਤਿੰਨ ਫੀਤੀਆਂ ਵੀ ਲਹਿ ਸਕਦੀਆਂ ਸਨ ਅਤੇ ਨੌਕਰੀ ਗਵਾ ਕੇ ਘਰ ਵੀ ਬੈਠ ਸਕਦਾ ਸੀ। ਜੈਲਾ ਕੋਈ ਮਾੜੀ-ਮੋਟੀ ਸ਼ੈਅ ਨਹੀਂ ਸੀ। ਉਹਨੇ ਦੂਰ-ਦੂਰ ਤਕ ਟੰਗਾਂ ਪਸਾਰ ਲਈਆਂ ਸਨ। ਅੱਧਿਆਂ ਨਾਲੋਂ ਵੱਧ ਡਿਪਟੀਆਂ ਨਾਲ ਹਿੱਸੇਦਾਰ ਰਹਿ ਚੁੱਕਾ ਸੀ। ਕਈ ਜੱਥੇਦਾਰ ਅਤੇ ਖੱਦਰਧਾਰੀ ਆਥਣ-ਉਗਣ ਉਹਦੀ ਹਾਜ਼ਰੀ ਭਰਦੇ ਸਨ। ਹਰ ਇਲੈਕਸ਼ਨ ਵਿਚ ਸਾਰੇ ਉਮੀਦਵਾਰਾਂ ਨੂੰ ਪੈਸੇ ਦਿੰਦਾ ਸੀ। ਜੇ ਕੋਈ ਸਿਆਸੀ ਬੰਦਾ ਉਹਦੀ ਮਦਦ ਨਹੀਂ ਸੀ ਕਰਦਾ ਤਾਂ ਵਿਰੋਧ ਵੀ ਨਹੀਂ ਸੀ ਕਰਦਾ। ਮੁਕੱਦਮਾ ਬਣਾਉਣ ਦਾ ਮਤਲਬ ਸੀ, ਦਰਿਆ ਵਿਚ ਰਹਿ ਕੇ ਮਗਰਮੱਛ ਨਾਲ ਵੈਰ।

ਦੂਸਰਾ ਰਸਤਾ ਸੀ ਚੁੱਪ ਕਰਕੇ ਪੈਸੇ ਲੈਣੇ ਅਤੇ ਟਰੱਕ ਲੰਘਾ ਦੇਣਾ। ਜੈਲੇ ਨੂੰ ਦਰਸ਼ਨ ਦੇ ਸੁਭਾਅ ਦਾ ਪਤਾ ਸੀ। ਮੋਟੀ ਫ਼ੀਸ ਲੈਂਦਾ ਸੀ। ਸੌ ਰੁਪਏ ਬੋਰੀ ਦੇ ਹਿਸਾਬ ਨਾਲ ਵੀ ਦਸ ਹਜ਼ਾਰ ਬਣਦਾ ਸੀ। ਚੁੱਪ ਖੜਾ ਜੈਲਾ ਦਰਸ਼ਨ ਨੂੰ ਜ਼ਹਿਰ ਵਰਗਾ ਲੱਗਾ। ਪਤਾ ਨਹੀਂ ਮੂੰਹੋਂ ਕੀ ਕੱਢ ਦੇਵੇ। ਜੋ ਬਕੇਗਾ ਉਹੋ ਲੈਣਾ ਪਏਗਾ। ਇਸ਼ਾਰੇ ਨਾਲ ਉਸ ਨੇ ਟਰੱਕ ਲੰਘਾਉਣ ਦਾ ਮੁੱਲ ਦੱਸਿਆ।

ਦਿਓ ਕੱਦ ਉਸ ਜੈਲੇ ਅੱਗੇ ਖੜਾ ਦਰਸ਼ਨ ਆਪਣੇ ਆਪ ਨੂੰ ਬੌਣਾ ਮਹਿਸੂਸ ਕਰ ਰਿਹਾ ਸੀ, ਜਿਹੜਾ ਆਪਣੀ ਮਾਂ ਨਾਲ ਥਾਣਾ ਸੰਭਰਨ ਆਇਆ ਕਰਦਾ ਸੀ। ਦਰਸ਼ਨ ਨੇ ਜੈਲੇ ਦੇ ਬਦਲਦੇ ਸਾਰੇ ਰੂਪ ਦੇਖੇ ਸਨ। ਨੱਕ 'ਚ ਨਲੀਆਂ, ਗਲ ਫਟਿਆ ਕੁੜਤਾ, ਅੱਖਾਂ 'ਚ ਗਿੱਡ ਅਤੇ ਸਿਰ 'ਚ ਜੂੰਆਂ। ਸਾਰਾ ਦਿਨ ਰੀਂ-ਰੀਂ ਕਰਦਾ ਜਮਾਂਦਾਰਨੀ ਪਿੱਛੇ ਫਿਰਦਾ ਰਹਿੰਦਾ। ਕਈ ਵਾਰ ਦਰਸ਼ਨ ਨੇ ਚੁਆਨੀ ਅਠਿਆਨੀ ਦੇ ਕੇ ਉਸ ਨੂੰ ਚੁੱਪ ਕਰਾਇਆ ਸੀ। ਥੋੜ੍ਹਾ ਵੱਡਾ ਹੋਇਆ ਤਾਂ ਥਾਣੇ ਵਾਲਿਆਂ ਦੇ ਛੋਟੇ-ਛੋਟੇ ਕੰਮ ਕਰਨ ਲੱਗਾ। ਕਦੇ ਚਾਹ ਲਿਆ ਦਿੱਤੀ, ਕਦੇ ਕੱਪੜੇ ਪ੍ਰੈਸ ਕਰਾ ਲਿਆਂਦੇ ਅਤੇ ਕਦੇ ਮਾਲਖ਼ਾਨੇ ਦੀ ਸਫ਼ਾਈ ਕਰਵਾ ਦਿੱਤੀ। ਹੋਰ ਵੱਡਾ ਹੋਇਆ ਤਾਂ ਸਿਪਾਹੀਆਂ, ਹੌਲਦਾਰਾਂ ਨਾਲ ਬੈਠ ਕੇ ਦਾਰੂ ਪੀਣ ਲੱਗਾ। ਲੋਕ ਉਸ ਦੀ ਜਾਣ-ਪਹਿਚਾਣ ਦਾ

ਫ਼ਾਇਦਾ ਉਠਾਉਣ ਲੱਗੇ। ਉਹ ਪੁਲਿਸ ਵਾਲਿਆਂ ਨੂੰ ਫ਼ੀਸ ਦਿਵਾਉਣ ਲੱਗਾ। ਮਹੀਨੇ ਤੈਅ ਕਰਾਉਣ ਅਤੇ ਉਗਰਾਹੁਣ ਲੱਗਾ।

ਹੋਰ ਸੁਰਤ ਸੰਭਾਲੀ ਤਾਂ ਪਹਾੜੀਏ ਨਾਲ ਹਿੱਸਾ ਪਾ ਲਿਆ। ਜਿੰਨਾ ਵੀ ਨਾਜਾਇਜ਼ ਮਾਲ ਪੁਲਿਸ ਫੜਦੀ, ਉਹ ਸਾਰਾ ਪਹਾੜੀਆ ਅਤੇ ਜੈਲਾ ਖ਼ਰੀਦ ਲੈਂਦੇ। ਬਣਦਾ-ਬਣਦਾ ਉਹ ਥੋਕ ਦਾ ਵਿਉਪਾਰੀ ਬਣ ਗਿਆ। ਹੁਣ ਥਾਣੇਦਾਰ ਉਸ ਦੇ ਅੱਗੇ-ਪਿੱਛੇ ਫਿਰਦੇ ਹਨ। ਸਿਪਾਹੀ ਬੋਤਲ ਲੈਣ ਲਈ ਘੰਟਾ-ਘੰਟਾ ਕੋਠੀ ਅੱਗੇ ਖੜੇ ਰਹਿੰਦੇ ਹਨ।

ਪੰਜ ਟਰੱਕ ਹਨ। ਸ਼ਰਾਬ ਦੇ ਠੇਕੇ ਹਨ। ਸੂਏ 'ਤੇ ਕੋਠੀ ਹੈ। ਸਾਲਮ ਦਾ ਸਾਲਮ ਟਰੱਕ ਭੋਰੇ ਵਿਚ ਗ਼ਾਇਬ ਹੋ ਜਾਂਦਾ ਹੈ। ਟੈਲੀਫ਼ੋਨ ਹੈ। ਆਲੀਸ਼ਾਨ ਗੈਸਟ ਰੂਮ ਬਣਾਇਆ ਹੋਇਐ। ਆਏ ਗਏ ਅਤੇ ਪੁਲਿਸ ਦੀ ਸੇਵਾ ਲਈ ਦੋ ਤਿੰਨ ਮਦਰਾਸਣਾਂ ਹਨ। ਸੌਦੇ ਫ਼ੋਨ 'ਤੇ ਹੀ ਹੁੰਦੇ ਹਨ। ਅੱਜ ਟਰੱਕ ਵਿਚ ਕਿਵੇਂ ਬੈਠ ਗਿਆ, ਦਰਸ਼ਨ ਹੈਰਾਨ ਸੀ।

ਕੁਝ ਦੇਰ ਸੋਚ-ਸਮਝ ਕੇ ਜੈਲੇ ਨੇ ਦਰਸ਼ਨ ਦੀ ਮੰਗ ਮੰਨ ਲਈ। ਇਕ ਸ਼ਰਤ 'ਤੇ। ਨੱਥੂ ਉਸ ਨਾਲ ਗੁਦਾਮ ਤਕ ਜਾਵੇ ਟਰੱਕ ਵਿਚ ਬੈਠ ਕੇ। ਟਰੱਕ ਨੂੰ ਗੁਦਾਮ ਤਕ ਸਹੀ ਸਲਾਮਤ ਪਹੁੰਚਾਣਾ, ਉਹਨਾਂ ਦੀ ਜ਼ਿੰਮੇਵਾਰੀ ਹੋਵੇਗੀ। ਸਿਪਾਹੀ ਟਰੱਕ ਵਿਚ ਬੈਠਾ ਹੋਵੇ ਤਾਂ ਕੋਈ ਨਹੀਂ ਰੋਕਦਾ। ਕੋਈ ਰੋਕੇ ਤਾਂ ਨੱਥੂ ਉਤਰ ਕੇ ਆਖੇ, ਇਹ ਟਰੱਕ ਸਾਹਿਬ ਦੀ ਵਗਾਰ 'ਤੇ ਚੱਲਿਆ ਹੈ।

ਇਸ ਵਕਤ ਜੈਲਾ ਵੈਸੇ ਵੀ ਖ਼ਾਲੀ ਹੱਥ ਸੀ। ਕੋਠੀ ਪਹੁੰਚ ਕੇ ਨੱਥੂ ਨੂੰ ਫ਼ੀਸ ਵੀ ਦੇ ਦੇਵੇਗਾ।

ਜੈਲਾ ਜਵਾਨਾਂ ਲਈ ਕੁਝ ਪੈਸੇ ਦੇਣਾ ਚਾਹੁੰਦਾ ਸੀ। ਦਰਸ਼ਨ ਨੇ ਰੋਕ ਦਿੱਤਾ। ਇੰਞ ਕਰੇਗਾ ਤਾਂ ਜਵਾਨਾਂ ਨੂੰ ਸ਼ੱਕ ਹੋ ਜਾਏਗਾ। ਹਾਂ, ਜੇ ਉਸ ਕੋਲ ਵਿਸਕੀ ਹੈ ਤਾਂ ਦੋ ਬੋਤਲਾਂ ਦੇ ਦੇਵੇ। ਉਸ ਦਾ ਨਸ਼ਾ ਟੁੱਟਦਾ ਜਾ ਰਿਹਾ ਸੀ। ਠੇਕੇ ਬੰਦ ਹੋ ਚੁੱਕੇ ਸਨ।

ਬਾਂਦਰ ਵਾਂਗ ਟਪੂਸੀ ਮਾਰ ਕੇ ਜ਼ੈਲਾ ਝੱਟ ਟੂਲ-ਬਕਸ ਵਿਚੋਂ ਵਿਸਕੀ ਵਾਲਾ ਡੱਬਾ ਲਾਹ ਲਿਆਇਆ।

ਇਕ-ਇਕ ਵੱਡਾ ਪੈੱਗ ਉਹਨਾਂ ਸੌਦਾ ਤੈਅ ਹੋ ਜਾਣ ਦੀ ਖ਼ੁਸ਼ੀ ਵਿਚ ਲਾਇਆ। ਬਹੁਤਾ ਰੁਕਣਾ ਸਭ ਲਈ ਖ਼ਤਰਨਾਕ ਸੀ।

ਨੱਥੂ ਨੂੰ ਟਰੱਕ 'ਚ ਚੜ੍ਹਾ ਦੇ ਬੇਫ਼ਿਕਰ ਹੋਏ ਦਰਸ਼ਨ ਨੇ ਦੋ ਪੈੱਗ ਹੋਰ ਅੰਦਰ ਸੁੱਟੇ। ਮੰਜੇ 'ਤੇ ਲੇਟਦਿਆਂ ਹੀ ਉਹ ਘੁਰਾੜੇ ਮਾਰਨ ਲੱਗਾ।

✶

# 9

ਬਾਤ ਦਾ ਬਤੰਗੜ ਬਣਨ ਦਾ ਸਭ ਤੋਂ ਵੱਧ ਨੁਕਸਾਨ ਪ੍ਰੀਤਮ ਸਿੰਘ ਐਸ.ਐਚ.ਓ. ਦਾ ਹੋਇਆ। ਇਸ ਖੱਜਲ-ਖੁਆਰੀ ਵਿਚ ਕੱਢਣ-ਪਾਉਣ ਨੂੰ ਕੱਖ ਨਹੀਂ ਸੀ ਪਰ ਖ਼ਰਚ ਇਉਂ ਹੋ ਰਿਹਾ ਸੀ, ਜਿਵੇਂ ਵਿਆਹ ਧਰਿਆ ਹੋਵੇ। ਨਿੱਤ ਨਵੀਆਂ ਤੋਂ ਨਵੀਆਂ ਕੰਪਨੀਆਂ ਆ ਟਪਕਦੀਆਂ। ਕਦੇ ਸੀ.ਆਰ.ਪੀ. ਅਤੇ ਕਦੇ ਬੀ.ਐਸ.ਐਫ਼. ਦੀ। ਸ਼ਹਿਰ ਦੀਆਂ ਸਾਰੀਆਂ ਧਰਮਸ਼ਾਲਾਵਾਂ ਅਤੇ ਮੰਦਰ ਇਹਨਾਂ ਨਾਲ ਭਰ ਗਏ। ਖ਼ਾਨ ਨੇ ਹੋਰ ਫ਼ੋਰਸ ਮੰਗਵਾ ਲਈ। ਫ਼ੋਰਸ ਨੂੰ ਠਹਿਰਾਉਣ ਦੀ ਹੀ ਦਿੱਕਤ ਨਹੀਂ, ਉਹਨਾਂ ਦੇ ਖਾਣ-ਪੀਣ ਦਾ ਇੰਤਜ਼ਾਮ ਕਰਨਾ ਪੈਂਦਾ ਹੈ।

ਹਰ ਰੋਜ਼ ਕੋਈ ਨਾ ਕੋਈ ਅਫ਼ਸਰ ਆ ਟਪਕਦਾ ਹੈ। ਅਫ਼ਸਰ ਭਾਵੇਂ ਹੋਮ ਗਾਰਡ ਦਾ ਹੋਵੇ, ਭਾਵੇ ਮਾਲ ਮਹਿਕਮੇ ਦਾ, ਖਾਣ-ਪੀਣ ਦਾ ਪ੍ਰਬੰਧ ਪੁਲਿਸ ਜ਼ਿੰਮੇ ਹੀ ਹੁੰਦੈ।

ਵਗਾਰਾਂ ਵਾਲੇ ਵੀ ਕੀ ਕਰਨ ? ਵੇਦ ਸੱਟੇ ਵਾਲੇ ਦੀ ਪੁਲਿਸ ਨੇ ਛਿੱਲ ਲਾਹ ਰੱਖੀ ਹੈ। ਇਕ ਤਾਂ ਇਸ ਹਫੜਾ-ਦਫੜੀ ਵਿਚ ਵੈਸੇ ਹੀ ਉਸ ਦਾ ਕੰਮ ਬੰਦ ਹੈ। ਉਪਰੋਂ ਆਟੇ ਕੋਟੇ ਦੀ ਸਾਰੀ ਜ਼ਿੰਮੇਵਾਰੀ ਉਸੇ ਸਿਰ ਹੈ। ਵੇਦ ਦੀ ਮਜਬੂਰੀ ਪ੍ਰੀਤਮ ਤਾਂ ਸਮਝ ਸਕਦਾ ਹੈ, ਹਰਾਮਖ਼ੋਰ ਹੇਠਲੇ ਮੁਲਾਜ਼ਮ ਨਹੀਂ ਸਮਝਦੇ। ਸਿਪਾਹੀ ਬੋਤਲ ਲੈਣ ਦੇ ਬਹਾਨੇ ਸ਼ਾਮ ਢਲਦੇ ਹੀ ਉਹਦੇ ਦਰਾਂ ਅੱਗੇ ਚੱਕਰ ਕੱਟਣ ਲੱਗਦੇ ਹਨ। ਇਹੋ ਵਕਤ ਦੋ ਪੈਸੇ ਕਮਾਉਣ ਦਾ ਹੁੰਦਾ ਹੈ। ਇਕ-ਦੋ ਵਾਰ ਪ੍ਰੀਤਮ ਨੇ ਸਿਪਾਹੀਆਂ ਨੂੰ ਝਿੜਕਿਆ ਤਾਂ ਉਸੇ ਨੂੰ ਝਈਆਂ ਲੈ-ਲੈ ਪੈਣ ਲੱਗੇ। ਬੁੜਬੁੜ ਕਰਨ ਲੱਗੇ।

"ਆਪ ਤਾਂ ਮਹੀਨਾ ਪਹਿਲੀ ਤਰੀਖ਼ ਨੂੰ ਫੜ ਲੈਂਦਾ ਹੈ, ਸਾਡੀ ਬੋਤਲ ਨਾਲ ਜਿਵੇਂ ਉਹ ਮਲੰਗ ਹੋ ਜਾਣੈ।"

ਚੰਗਾ ਚਾਹੇ ਮਾੜਾ, ਰੋਟੀ-ਟੁੱਕ ਦਾ ਇੰਤਜ਼ਾਮ ਵੇਦ ਸੰਭਾਲ ਰਿਹਾ ਹੈ। ਅਫ਼ਸਰਾਂ ਲਈ ਦਾਰੂ ਕਿਥੋਂ ਆਵੇ ? ਅਫ਼ਸਰ ਭਾਲਦੇ ਵੀ ਚੰਗਾ ਬਰਾਂਡ ਹਨ। ਰੂੜੀ ਮਾਰਕਾ ਤਾਂ ਜਿੰਨੀ ਮਰਜ਼ੀ ਪੀਂਦੇ ਰਹਿਣ, ਕੋਈ ਘਾਟਾ ਨਹੀਂ। ਪੀਟਰ ਸਕਾਟ, ਮੈਕਡਾਵਲ ਅਤੇ ਅਰੈਸਟੋਕਰੇਟ ਲਈ ਤਾਂ ਠੇਕੇਦਾਰ ਥੜ੍ਹੇ 'ਤੇ ਨਹੀਂ ਚੜ੍ਹਨ ਦਿੰਦੇ। ਸਖ਼ਤੀ ਪ੍ਰੀਤਮ ਕਰ ਨਹੀਂ ਸਕਦਾ। ਪਹਿਲੀ ਗੱਲ ਇਹ ਕਿ ਕੁਝ ਵਜ਼ੀਰ ਇਹਨਾਂ ਠੇਕਿਆਂ ਵਿਚ ਹਿੱਸੇਦਾਰ ਸੁਣੀਂਦੇ ਹਨ। ਜਦੋਂ ਵੀ ਕੋਈ ਵਜ਼ੀਰ ਇਧਰ ਆਉਂਦਾ ਹੈ, ਕਿਸੇ ਨਾ ਕਿਸੇ ਬਹਾਨੇ ਪੁਲਿਸ ਨੂੰ ਅੱਖਾਂ ਦਿਖਾ ਜਾਂਦਾ ਹੈ। ਦੂਜੀ ਗੱਲ ਇਹ ਬਈ ਠੇਕੇਦਾਰ ਬੱਝਵਾਂ ਮਹੀਨਾ ਦਿੰਦੇ ਹਨ। ਬਦਤਮੀਜ਼ ਇੰਨੇ ਕਿ ਇਸ ਵਾਰ ਦਾ ਖ਼ਰਚਾ ਅਗਲੇ ਮਹੀਨੇ ਵਿਚ ਵੀ ਅਡਜੈਸਟ ਕਰਨ ਨੂੰ ਤਿਆਰ ਨਹੀਂ। ਮੇਜਰ ਨੂੰ ਤਾਂ ਬੋਲਣ ਦੀ ਤਮੀਜ਼ ਨਹੀਂ। ਫ਼ੋਨ 'ਤੇ ਸਿੱਧਾ ਹੀ ਬਕਣ ਲੱਗਾ।

"ਜਿਹੋ ਜਿਹੇ ਹਾਲਾਤ ਇਥੇ ਬਣੇ ਹੋਏ ਹਨ, ਉਸ ਵਿਚ ਪਤਾ ਨਹੀਂ ਕਿਹੜਾ ਥਾਣੇਦਾਰ ਕਦੋਂ ਬਦਲ ਜਾਵੇ। ਫੇਰ ਅਸੀਂ ਕਿਸ-ਕਿਸ ਦੇ ਪਿੱਛੇ ਫਿਰਾਂਗੇ। ਆਉਣ ਵਾਲੇ ਨੇ ਤਾਂ ਇਕ ਪੈਸੇ ਦੀ ਵੀ ਰਿਆਇਤ ਨਹੀਂ ਕਰਨੀ। ਗਿਣ-ਗਿਣ ਪੈਸੇ ਲੈਣੇ ਨੇ।"

ਸ਼ਾਮੂ ਦੇ ਬੱਚੇ ਨੂੰ ਆਖਿਆ ਤਾਂ ਹੱਸ ਕੇ ਟਾਲ ਗਿਆ।

“ਬਥੇਰੇ ਪੈਸੇ ਕਮਾਉਂਦੇ ਹੋ। ਕਿਸੇ ਮਹੀਨੇ ਘੱਟ ਬਣ ਗਏ ਤਾਂ ਦਿਲ ਛੋਟਾ ਕਿਉਂ ਕਰਦੇ ਹੋ। ਸਾਨੂੰ ਵੀ ਚਾਰ ਪੈਸੇ ਕਮਾ ਲੈਣ ਦਿਉ। ਕਦੇ ਬਟੂਏ ਵਿਚੋਂ ਵੀ ਕੱਢ ਲਿਆ ਕਰੋ। ਪਾਉਂਦੇ ਹੀ ਰਹਿੰਦੇ ਹੋ।”

ਇਹ ਸਿਆਪਾ ਤਾਂ ਮੁੱਕ ਨਹੀਂ ਸੀ ਰਿਹਾ, ਉਪਰੋਂ ਖ਼ਾਨ ਨੇ ਸ਼ਹਿਰ ਦੀ ਤਲਾਸ਼ੀ ਦਾ ਮਸਲਾ ਖੜਾ ਕਰ ਦਿੱਤਾ ਸੀ। ਇਸ ਅਪਰੇਸ਼ਨ ਦਾ ਇੰਚਾਰਜ ਵੀ ਪ੍ਰੀਤਮ ਨੂੰ ਹੀ ਬਣਾਇਆ ਗਿਆ। ਕੋਈ ਹੋਰ ਇੰਚਾਰਜ ਹੁੰਦਾ ਤਾਂ ਪ੍ਰੀਤਮ ਦੇ ਹੱਡ ਛੁੱਟ ਜਾਂਦੇ। ਫੇਰ ਮਹੀਨਾ ਲੈਣ ਵਾਲਿਆਂ ਨੂੰ ਆਖ ਹੀ ਦੇਣਾ ਸੀ ਕਿ ਅਸੀਂ ਸਾਰੇ ਜ਼ਿਲ੍ਹੇ ਦੀ ਪੁਲਿਸ ਦਾ ਠੇਕਾ ਥੋੜ੍ਹਾ ਲਿਐ। ਮਹੀਨਾ ਬੰਨ੍ਹਣ ਦਾ ਮਤਲਬ ਹੁੰਦੈ ਕਿ ਨਾ ਐਸ.ਐਚ.ਓ. ਫੜੇਗਾ ਅਤੇ ਨਾ ਥਾਣੇ ਦਾ ਕੋਈ ਹੋਰ ਅਫ਼ਸਰ। ਬਾਹਰਲੀ ਪੁਲਿਸ ਦੀ ਕੋਈ ਜ਼ਿੰਮੇਵਾਰੀ ਨਹੀਂ ਹੁੰਦੀ। ਆਪੇ ਮਹੀਨਾ ਬੰਨ੍ਹਿਆ ਹੋਵੇ, ਆਪੇ ਜਾ ਕੇ ਰੇਡ ਕਰ ਲਈਏ ਤਾਂ ਬਚਣ ਨੂੰ ਥਾਂ ਨਹੀਂ ਲੱਭਦੀ।

ਪ੍ਰੀਤਮ ਕਿਸ-ਕਿਸ ਨੂੰ ਬਚਾਏਗਾ ? ਉਸ ਨੂੰ ਲੱਗ ਰਿਹਾ ਸੀ ਜਿਵੇਂ ਸਾਰਾ ਸ਼ਹਿਰ ਹੀ ਮੁਜਰਮਾਂ ਨਾਲ ਭਰਿਆ ਪਿਆ ਹੋਵੇ। ਜਿਸ ਮਾਡਲ ਟਾਊਨ ਨੂੰ ਅਫ਼ਸਰ ਭਲਾਮਾਣਸ ਗਿਣਦੇ ਹਨ, ਉਥੇ ਸਭ ਤੋਂ ਵੱਧ ਠੱਗੀਆਂ ਹੁੰਦੀਆਂ ਹਨ। ਬਹੁਤਾ ਫ਼ਿਕਰ ਉਸ ਨੂੰ ਵਿਉਪਾਰ ਮੰਡਲ ਦੇ ਪ੍ਰਧਾਨ ਤੋਂ ਸੀ। ਉਸ ਨੇ ਗੈਸ ਸਿਲੰਡਰਾਂ ਦੀ ਬਲੈਕ ਦਾ ਕੰਮ ਪੂਰੇ ਜ਼ੋਰ ਨਾਲ ਸ਼ੁਰੂ ਕੀਤਾ ਹੋਇਆ ਹੈ। ਸੱਠਾਂ ਵਾਲਾ ਸਿਲੰਡਰ ਇਕ ਸੌ ਸੱਠਾਂ ਨੂੰ ਵੇਚਦਾ ਹੈ। ਕਿਸੇ ਨੇ ਸਿਲੰਡਰ ਰੱਖਣ ਲਈ ਲੈਣਾ ਹੋਵੇ ਤਾਂ ਪੰਜ ਸੌ ਵਾਲਾ ਹਜ਼ਾਰ ਨੂੰ ਦਿੰਦਾ ਹੈ। ਸ਼ਹਿਰ ਵਿਚ ਨਾ ਕਿਸੇ ਹੋਰ ਨੂੰ ਇਹ ਕੰਮ ਕਰਨ ਦਿੰਦਾ ਹੈ, ਨਾ ਗੈਸ ਦੀ ਏਜੰਸੀ ਖੁੱਲ੍ਹਣ ਦਿੰਦਾ ਹੈ। ਦੋ-ਚਾਰ ਵਾਰ ਜੈਨੀਆਂ ਨੇ ਏਜੰਸੀ ਲੈਣ ਦੀ ਕੋਸ਼ਿਸ਼ ਕੀਤੀ ਤਾਂ ਇਸ ਨੇ ਝੱਟ ਸ਼ਿਕਾਇਤਾਂ ਅਤੇ ਪੜਤਾਲਾਂ ਕਰਵਾ ਕੇ ਏਜੰਸੀ ਨਾ-ਮਨਜ਼ੂਰ ਕਰਵਾ ਦਿੱਤੀ। ਆਪ ਸ਼ਰੇਆਮ ਦੁਕਾਨ ’ਤੇ ਰੱਖ ਕੇ ਵੇਚਦਾ ਹੈ। ਗਲੀ-ਮੁਹੱਲਿਆਂ ਵਿਚ ਛੋਟੇ ਦੁਕਾਨਦਾਰਾਂ ਨੂੰ ਸਪਲਾਈ ਕਰਦਾ ਹੈ। ਦਸ ਰੁਪਏ ਕਮਿਸ਼ਨ ਦੁਕਾਨਦਾਰ ਨੂੰ ਦਿੰਦਾ ਹੈ। ਪ੍ਰਧਾਨ ਦੀ ਕੋਠੀ ਦਾ ਗੈਰਜ ਸਿਲੰਡਰਾਂ ਨਾਲ ਭਰਿਆ ਪਿਆ ਹੋਏਗਾ। ਉਸ ਕਲੋਨੀ ਦੀ ਤਲਾਸ਼ੀ ਵੀ ਅਮੀ ਚੰਦ ਇੰਸਪੈਕਟਰ ਨੇ ਲੈਣੀ ਹੈ। ਨਾ ਦੁਆਨੀ ਲਏ ਨਾ ਕਿਸੇ ਦੀ ਰਿਆਇਤ ਕਰੇ। ਪੰਡਤ ਹੈ। ਵਿਉਪਾਰਾਂ ਦੀਆਂ ਘੁੰਡੀਆਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਪ੍ਰਧਾਨ ਹੋਰਾਂ ਅੱਗੇ ਤਾਂ ਸੌ ਬੜ੍ਹਕਾਂ ਮਾਰਦਾ ਰਹੇ, ਅਮੀ ਚੰਦ ਅੱਗੇ ਉਸ ਦਾ ਮੂਤ ਨਿਕਲ ਜਾਣਾ ਹੈ। ਇਕੋ ਦਬਕੇ ਨਾਲ ਸਾਰੇ ਪਾਜ ਖੁੱਲ੍ਹ ਜਾਣਗੇ। ਕਿੰਨੇ ਪੈਸੇ ਪ੍ਰੀਤਮ ਨੂੰ ਜਾਂਦੇ ਹਨ ਅਤੇ ਕਿੰਨੇ ਸਿਟੀ ਇੰਚਾਰਜ ਨੂੰ। ਸਭ ਦੱਸ ਦੇਣਾ ਹੈ ਉਸ ਡਰਪੋਕ ਨੇ। ਹੌਲਦਾਰ ਸਿਪਾਹੀ ਜਿਹੜੇ ਮੁਫ਼ਤ ਵਿਚ ਸਿਲੰਡਰ ਭਰਵਾਉਂਦੇ ਹਨ, ਉਸ ਦਾ ਵੀ ਪੂਰਾ ਹਿਸਾਬ ਰੱਖਦਾ ਹੈ। ਵੈਸੇ ਪ੍ਰਧਾਨ ਮੀਟਿੰਗ ਵਿਚ ਹਾਜ਼ਰ ਸੀ। ਕਰਫ਼ਿਊ ਅਤੇ ਤਲਾਸ਼ੀ ਦੀ ਗੱਲ ਚੱਲੀ ਵੀ ਸੀ। ਸਮਝ ਗਿਆ ਹੋਵੇ ਤਾਂ ਚੰਗਾ ਹੈ, ਨਹੀਂ ਤਾਂ ਸੱਤ ਈ.ਸੀ. ਦਾ ਪਰਚਾ ਉਸ ਦੇ ਖ਼ਿਲਾਫ਼ ਤਾਂ ਹੋਏਗਾ ਹੀ, ਪ੍ਰੀਤਮ ਦੇ ਖ਼ਿਲਾਫ਼ ਵੀ ਕੁਰੱਪਸ਼ਨ ਦਾ ਪਰਚਾ ਕਰਾਏਗਾ।

ਕਿਵੇਂ ਨਾ ਕਿਵੇਂ ਅਗਵਾੜ ਵਿਚ ਮਹਿੰਦਰੂ ਨੂੰ ਵੀ ਖ਼ਬਰ ਪਹੁੰਚਣੀ ਚਾਹੀਦੀ ਹੈ। ਉਹ ਇੰਨਾ ਦਲੇਰ ਹੈ ਕਿ ਸੱਥ ਵਿਚ ਹੀ ਪੁੜੀਆਂ ਲੈ ਕੇ ਬਹਿ ਜਾਂਦਾ ਹੈ। ਘਰ ਜ਼ਨਾਨੀ ਤੱਕੜੀ ਵੱਟੇ ਰੱਖ ਲੈਂਦੀ ਹੈ। ਅਫ਼ੀਮ ਇਉਂ ਵੇਚਦੇ ਹਨ ਜਿਵੇਂ ਖ਼ਰਬੂਜ਼ੇ ਕੱਕੜੀਆਂ ਹੋਣ। ਪ੍ਰੀਤਮ ਨੇ ਬਥੇਰਾ ਸਮਝਾਇਆ ਕਿ ਇੰਨੀ ਦਲੇਰੀ ਮਹਿੰਗੀ ਪੈ ਸਕਦੀ ਹੈ ਪਰ ਕੋਈ ਅਸਰ ਨਹੀਂ। ਆਪਣੀ ਆਂਡਲ ਜਿਹੀ ਪਤਨੀ ਵੱਲ ਦੇਖ ਕੇ ਹੱਸ ਪੈਂਦਾ ਹੈ। ਉਹ ਸਿੱਧੀ ਡਿਪਟੀ ਦੇ ਜਾਂਦੀ ਹੈ। ਕਿਸੇ ਮਾਤਹਿਤ ਦੀ ਕੀ ਮਜਾਲ ਹੈ ਕਿ

ਉਹ ਡਿਪਟੀ ਨਾਲ ਵਿਗਾੜ ਸਕੇ। ਹੁਣ ਤਾਂ ਉਹ ਥਿੱਬ ਗਈ, ਜਦੋਂ ਜਵਾਨ ਸੀ ਤਾਂ ਉਸ ਸਮੇਂ ਦੇ ਕਪਤਾਨ ਸ਼ਰਮੇ ਨਾਲ ਸ਼ਰੇਆਮ ਰਾਤਾਂ ਕੱਟਣ ਜਾਂਦੀ ਸੀ। ਉਹ ਹੁਣ ਡੀ.ਆਈ.ਜੀ. ਹੈ। ਬਹੁਤੀ ਭੀੜ ਪੈ ਜਾਏ ਤਾਂ ਉਸ ਕੋਲ ਪਹੁੰਚ ਜਾਂਦੀ ਹੈ। ਉਹ ਆਸ਼ਕੀ ਪੱਠਾ ਹੈ, ਝੱਟ ਵਾਇਰਲੈੱਸਾਂ ਖੜਕਾ ਦਿੰਦਾ ਹੈ।

ਇਹ ਸਿਫ਼ਾਰਸ਼ਾਂ ਤਾਂ ਮਹਿੰਦਰੂ ਦੀਆਂ ਹਨ ਹੀ, ਵੈਸੇ ਹਿਸਾਬ-ਕਿਤਾਬ ਦਾ ਵੀ ਪੱਕਾ ਹੈ। ਚੜ੍ਹਦੇ ਮਹੀਨੇ ਹੀ ਦਰਜਾ-ਬ-ਦਰਜਾ ਸਭ ਦਾ ਹਿਸਾਬ ਚੁਕਤਾ ਕਰ ਦਿੰਦਾ ਹੈ। ਅੱਗੜ-ਪਿੱਛੜ ਦੀ ਵਗਾਰ ’ਤੇ ਖਿੱਝਦਾ ਹੈ। ਕਦੇ ਕਿਸੇ ਅਫ਼ਸਰ ਦੀ ਵਗਾਰ ਲਈ ਤੋਲਾ ਅਫ਼ੀਮ ਦੀ ਵੀ ਲੋੜ ਪੈ ਜਾਏ ਤਾਂ ਪੈਸੇ ਗਿਣ ਕੇ ਲੈਂਦਾ ਹੈ। ਜ਼ਿਆਦਾ ਅਫ਼ੀਮ ਦੀ ਲੋੜ ਪੈ ਜਾਵੇ ਤਾਂ ਮੁਖ਼ਬਰੀ ਕਰ ਕੇ ਫੜਾ ਦਿੰਦਾ ਹੈ। ਆਪ ਨੱਕ ’ਤੇ ਮੱਖੀ ਨਹੀਂ ਬੈਠਣ ਦਿੰਦਾ। ਖ਼ਾਨ ਹੈ ਕਿ ਸਮੱਗਲਰਾਂ ਦਾ ਦੁਸ਼ਮਣ ਹੈ। ਭੋਰਾ ਅਫ਼ੀਮ ਦਾ ਵੀ ਮਿਲ ਗਿਆ ਤਾਂ ਮਹਿੰਦਰੂ ਦੀਆਂ ਬਹੁੜੀਆਂ ਪਵਾ ਦੇਵੇਗਾ। ਨਾਲ ਹੀ ਪ੍ਰੀਤਮ ਨੂੰ ਵੀ ਲਾਈਨ ਹਾਜ਼ਰ ਕਰ ਦੇਵੇਗਾ। ਉਸ ਮਹਿੰਦਰੂ ਦੇ ਬੱਚੇ ਨੂੰ ਇਤਲਾਹ ਕਿਵੇਂ ਦਿੱਤੀ ਜਾਵੇ ? ਉਸ ਨੂੰ ਸਮਝ ਨਹੀਂ ਸੀ ਆ ਰਹੀ।

ਸਾਂਸੀਆਂ ਦੀਆਂ ਕੁੱਲੀਆਂ ਵਿਚੋਂ ਉਸ ਨੂੰ ਬਾਬੂ ਅਤੇ ਘੀਲੇ ਤੋਂ ਡਰ ਸੀ। ਚੰਗਾ ਹੋਵੇ ਜੇ ਆਪ ਤਾਂ ਘਰ ਹੋਣ ਪਰ ਚੋਰੀ ਦਾ ਮਾਲ ਘਰ ਨਾ ਹੋਵੇ। ਵੈਸੇ ਤਾਂ ਚੋਰਾਂ ਦਾ ਅਸੂਲ ਹੈ, ਉਹ ਘਰ ਵੜਨ ਤੋਂ ਪਹਿਲਾਂ ਹੀ ਮਾਲ ਵੇਚ-ਵੱਟ ਆਉਂਦੇ ਹਨ। ਘੀਲੇ ਅਤੇ ਬਾਬੂ ਨੇ ਤਾਂ ਚੋਰੀ ਦਾ ਨਵਾਂ ਹੀ ਢੰਗ ਕੱਢਿਆ ਹੋਇਆ ਹੈ। ਉਹ ਸੇਠਾਂ ਦੇ ਪਾੜ ਲਾਉਂਦੇ ਹਨ। ਬੀਮੇ ਵਾਲੇ ਜਾਂ ਬੈਂਕ ਮੈਨੇਜਰ ਉਹਨਾਂ ਦਾ ਪਹਿਲਾ ਨਿਸ਼ਾਨਾ ਹੁੰਦੇ ਹਨ। ਪਹਿਲਾਂ ਜਦੋਂ ਸਕੂਲ ਮਾਸਟਰਾਂ ਜਾਂ ਬਾਬੂਆਂ ਦੇ ਘਰ ਚੋਰੀ ਕਰਦੇ ਸਨ ਤਾਂ ਪੁਲਿਸ ਦਾ ਦਸ-ਦਸ ਦਿਨ ਜਲੂਸ ਨਿਕਲਦਾ ਰਹਿੰਦਾ। ਉਹਨਾਂ ਦੀਆਂ ਯੂਨੀਅਨਾਂ ਜਲਸੇ ਕਰਦੀਆਂ, ਜਲੂਸ ਕੱਢਦੀਆਂ ਅਤੇ ਧਰਨੇ ਦਿੰਦੀਆਂ। ਮਜਬੂਰ ਹੋਈ ਪੁਲਿਸ ਨੂੰ ਚੋਰਾਂ ਨੂੰ ਹੱਥ ਪਾਉਣਾ ਪੈਂਦਾ। ਸੇਠਾਂ ਤੋਂ ਅਜਿਹੀ ਕਿਸੇ ਕਾਰਵਾਈ ਦੀ ਆਸ ਨਹੀਂ ਹੁੰਦੀ। ਉਹ ਸਗੋਂ ਖ਼ੁਸ਼ ਹੁੰਦੇ ਹਨ। ਉਨ੍ਹਾਂ ਨੂੰ ਰਿਪੋਰਟ ਲਿਖਵਾ ਕੇ ਰਿਪੋਰਟ ਦੀ ਨਕਲ ਤਕ ਮਤਲਬ ਹੁੰਦਾ ਹੈ। ਮਾਲ ਦਾ ਪਹਿਲਾਂ ਹੀ ਬੀਮਾ ਕਰਾਇਆ ਹੁੰਦਾ ਹੈ। ਚਾਰ ਚੀਜ਼ਾਂ ਵੱਧ ਲਿਖਾ ਕੇ ਸਗੋਂ ਵੱਧ ਕਲੇਮ ਕਰਦੇ ਹਨ। ਕੋਈ ਚੀਜ਼ ਬਰਾਮਦ ਵੀ ਹੋ ਜਾਵੇ ਤਾਂ ਵੀ ਆਖਣਗੇ, ਇਹ ਚੀਜ਼ਾਂ ਪੁਲਿਸ ਹੀ ਰੱਖ ਲਏ। ਉਹਨਾਂ ਨੂੰ ਲਿਆ ਕੇ ਕਲੇਮ ਵਾਪਸ ਕਰਨਾ ਪਏਗਾ। ਨਾਲੇ ਚੋਰਾਂ ਨੂੰ ਮੌਜਾਂ, ਨਾਲੇ ਪੁਲਿਸ ਨੂੰ ਭੱਜ-ਨੱਠ ਦੀ ਲੋੜ ਨਹੀਂ। ਕਿਧਰੇ ਚੋਰਾਂ ਕੋਲ ਸਾੜ੍ਹੀਆਂ ਦੀ ਗੱਠੜੀ, ਰੰਗਦਾਰ ਟੀ.ਵੀ. ਜਾਂ ਵੀ.ਸੀ.ਆਰ. ਪਿਆ ਹੋਇਆ ਤਾਂ ਲੈਣੇ ਦੇ ਦੇਣੇ ਪੈ ਜਾਣਗੇ। ਖ਼ਾਨ ਨੇ ਪੁਛਣਾ ਹੈ ਜਦੋਂ ਇਹ ਦੋਵੇਂ ਬੀ.ਸੀ. ਹਨ, ਇਹਨਾਂ ਦੀ ਹਿਸਟਰੀਸ਼ੀਟ ਖੁੱਲ੍ਹੀ ਹੋਈ ਹੈ ਤਾਂ ਇਹਨਾਂ ਦੀ ਹਾਜ਼ਰੀ ਕਿਉਂ ਨਹੀਂ ਲਾਈ, ਇਹਨਾਂ ’ਤੇ ਵਾਰ-ਵਾਰ ਰੇਡ ਕਿਉਂ ਨਹੀਂ ਕੀਤੇ ? ਕਰਫ਼ਿਊ ਵਿਚ ਮਾਲ ਇਧਰ-ਉਧਰ ਵੀ ਨਹੀਂ ਕਰ ਹੋਣਾ। ਮਹਿੰਦਰੂ ਅਤੇ ਪ੍ਰਧਾਨ ਤਾਂ ਖਹਿੜਾ ਛੁਡਾ ਹੀ ਲੈਣਗੇ, ਇਹਨਾਂ ਨਿਖੱਟੂਆਂ ਤੋਂ ਕੁਝ ਨਹੀਂ ਸਰਨਾ।

ਉਥੇ ਲਾਇਆ ਵੀ ਬੂਝਾ ਸਿੰਘ ਇੰਸਪੈਕਟਰ ਸੀ। ਉਹ ਪ੍ਰੀਤਮ ਦਾ ਦੁਸ਼ਮਣ ਨੰਬਰ ਇਕ ਸੀ। ਬੂਝਾ ਸਿੰਘ ਕਈ ਸਾਲਾਂ ਤੋਂ ਸੀ.ਆਈ.ਡੀ. ਵਿਚ ਧੱਕੇ ਖਾ ਰਿਹਾ ਸੀ। ਉਹ ਦੋਵੇਂ ਇਕੱਠੇ ਭਰਤੀ ਹੋਏ ਸਨ। ਇਕੋ ਸਮੇਂ ਸਬ-ਇੰਸਪੈਕਟਰ ਬਣੇ। ਉਸ ਤੋਂ ਬੰਦਾ ਕਾਹਦਾ ਮਰ ਗਿਆ, ਪੁੱਠੇ ਦਿਨ ਹੀ ਆ ਗਏ। ਸਸਪੈਂਡ ਤਾਂ ਹੋਇਆ ਹੀ, ਪ੍ਰਮੋਟ ਹੋਣੋਂ ਵੀ ਰਹਿ ਗਿਆ। ਏ ਕਲਾਸ ਥਾਣੇ ਦਾ ਐਸ.ਐਚ.ਓ. ਲੱਗਾ ਪ੍ਰੀਤਮ ਉਸ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦਾ। ਸਾਰਾ ਦਿਨ ਪ੍ਰੀਤਮ ਦੇ ਖ਼ਿਲਾਫ਼ ਛੁਰਲੀਆਂ ਛੱਡਦਾ ਰਹਿੰਦਾ ਹੈ। ਸਿੱਧੀ ਸਾਹਿਬ ਕੋਲ ਮੁਖ਼ਬਰੀ ਕਰਦਾ ਹੈ। ਪਿੱਛੇ ਜਿਹੇ ਸੀ.ਆਈ.ਏ. ਵਾਲਿਆਂ ਨਾਲ ਮਿਲ ਕੇ ਅਮਲੀਆਂ ਉੱਤੇ ਅਫ਼ੀਮ ਅਤੇ ਡੋਡਿਆਂ ਦੇ ਪਰਚੇ ਦੇ ਦਿੱਤੇ। ਇਕ ਵਾਰ ਤਾਂ ਸੰਗਰੂਰੋਂ

ਪੁਲਿਸ ਮੰਗਵਾ ਕੇ ਵੇਦ ਸੱਟੇ ਵਾਲੇ ਦੇ ਰੇਡ ਕਰਵਾ ਦਿੱਤਾ। ਉਹ ਸਾਹਿਬ ਕੋਲ ਇਹ ਸਿੱਧ ਕਰਨਾ ਚਾਹੁੰਦਾ ਸੀ ਕਿ ਪ੍ਰੀਤਮ ਸੁੱਤਾ ਹੀ ਪਿਆ ਹੈ। ਜੇ ਪ੍ਰੀਤਮ ਦੀ ਸਾਹਿਬ ਨਾਲ ਸਿੱਧੀ ਗੱਲਬਾਤ ਨਾ ਹੁੰਦੀ ਤਾਂ ਕਦੋਂ ਦਾ ਥਾਣਾ ਖੁੱਸ ਗਿਆ ਹੁੰਦਾ। ਬੂਝਾ ਸਿੰਘ ਦੀ ਅੱਖ ਸਿਟੀ 'ਤੇ ਲੱਗੀ ਹੋਈ ਹੈ। ਆਥਣ-ਉਗਣ ਸਾਹਿਬ ਕੋਲ ਸਿਫ਼ਾਰਸ਼ਾਂ ਘੱਲਦਾ ਰਹਿੰਦਾ ਹੈ। ਖ਼ਾਨ ਦੀ ਹਾਜ਼ਰੀ 'ਚ ਮਿਲਿਆ ਮੌਕਾ ਅੰਵਾਈਂ ਨਹੀਂ ਜਾਏਗਾ। ਪ੍ਰੀਤਮ ਲਈ ਜ਼ਰੂਰ ਵੰਝ ਗੱਡੇਗਾ।

ਵਾਣ ਵੱਟਣਿਆਂ ਦੀ ਬਸਤੀ ਵਿਚ ਵੀ ਇਹੋ ਹਾਲ ਸੀ। ਉਥੇ ਪ੍ਰੀਤਮ ਦੇ ਚੇਲੇ ਚਪਟਿਆਂ ਦੀ ਗਿਣਤੀ ਸਭ ਤੋਂ ਵੱਧ ਸੀ।

ਭਾਨੇ ਅਤੇ ਸਾਧੂ ਦੇ ਘਰ ਜ਼ਰੂਰ ਕੁਝ ਨਾ ਕੁਝ ਪਿਆ ਹੋਏਗਾ। ਦੋਵੇਂ ਟਰੱਕ ਡਰਾਈਵਰ ਹਨ ਅਤੇ ਨਵੀਂ ਹੀ ਕਿਸਮ ਦੀ ਠੱਗੀ ਮਾਰਦੇ ਹਨ। ਟਰੱਕਾਂ ਵਿਚੋਂ ਮਾਲ ਖਿਸਕਾ ਲੈਂਦੇ ਹਨ। ਕਿਸੇ ਦੀ ਕੱਪੜੇ ਦੀ ਗੰਢ ਲਾਹ ਲਈ, ਕਿਸੇ ਦੀ ਚਾਹ ਦੀ ਪੇਟੀ ਅਤੇ ਕਿਸੇ ਦੀ ਲੌਂਗਾਂ ਦੀ ਬੋਰੀ। ਬੜੇ ਖ਼ਚਰੇ ਹਨ। ਮਾਲ ਬੁੱਕ ਕਰਨ ਸਮੇਂ ਕਾਂ ਵਾਂਗ ਅੱਖ ਰੱਖਦੇ ਹਨ। ਦੋ ਨੰਬਰ ਦਾ ਮਾਲ ਝੱਟ ਤਾੜ ਲੈਂਦੇ ਹਨ। ਡਰਦਾ ਮਾਲਕ ਨਾ ਰਿਪੋਰਟ ਦਰਜ ਕਰਾ ਸਕਦਾ ਹੈ, ਨਾ ਪੁੱਛ-ਪੜਤਾਲ ਕਰ ਸਕਦਾ ਹੈ। ਮੋਟੇ ਮਾਲ ਦੀ ਚੋਰੀ ਕਰਦੇ ਹਨ। ਕਮਾਈ ਵਧੀਆ ਹੁੰਦੀ ਹੈ। ਪਿਛਲੀ ਵਾਰ ਪ੍ਰੀਤਮ ਨੂੰ ਉਹ ਕਾਜੂਆਂ ਦਾ ਝੋਲਾ ਦੇ ਗਏ ਸਨ। ਇਕ ਵਾਰ ਲੌਂਗਾ ਦਾ ਡੱਬਾ। ਇਸ ਵਾਰ ਕੋਈ ਇਹੋ ਜਿਹੀ ਚੀਜ਼ ਘਰੇ ਪਈ ਹੋਈ ਤਾਂ ਕੀ ਜਵਾਬ ਦੇਣਗੇ ?

ਸੰਤੂ ਦੇ ਜਦੋਂ ਮਰਜ਼ੀ ਛਾਪਾ ਮਾਰ ਲਓ। ਸਾਰਾ ਘਰ ਨਜਾਇਜ਼ ਸ਼ਰਾਬ ਨਾਲ ਭਰੀਆਂ ਕੇਨੀਆਂ ਅਤੇ ਟਿਊਬਾਂ ਨਾਲ ਭਰਿਆ ਪਿਆ ਹੁੰਦੈ। ਭਾਵੇਂ ਡਰੰਮਾਂ ਦੇ ਡਰੰਮ ਫੜ ਲਓ। ਲਾਹਣ ਫੜਨੀ ਹੋਵੇ ਤਾਂ ਰੂੜੀਆਂ ਫਰੋਲ ਲਓ। ਘਰ ਅੱਗੋਂ ਲੰਘਦਿਆਂ ਹੀ ਸ਼ਰਾਬ ਦੀ ਬੂ ਆਉਣ ਲੱਗਦੀ ਹੈ। ਥਾਣੇ ਦੇ ਜੀਅ-ਜੀਅ ਨੂੰ ਪਤਾ ਹੈ। ਅੱਧੇ ਨਾਲੋਂ ਵੱਧ ਥਾਣਾ ਪ੍ਰੀਤਮ ਦਾ ਵੈਰੀ ਹੈ। ਕਿਸੇ ਨੇ ਵੀ ਘਰੋੜ ਕੱਢਣੀ ਹੋਈ ਤਾ ਸੰਤੂ ਦਾ ਘਰ ਹੀ ਬਥੇਰਾ ਹੈ। ਅੱਧੇ ਨਾਲੋਂ ਵੱਧ ਥਾਣਾ ਇਥੋਂ ਹੀ ਸ਼ਰਾਬੀ ਹੋ ਕੇ ਜਾਂਦਾ ਹੈ। ਇਕ-ਦੋ ਸੁਡੇ ਵਿਚ ਵੀ ਟੰਗ ਲੈਂਦੇ ਹਨ। ਨਮਕ-ਹਰਾਮ ਕਰਨ ਲੱਗੇ ਵੀ ਮਿੰਟ ਲਾਉਂਦੇ ਹਨ। ਇਥੋਂ ਪ੍ਰੀਤਮ ਦਾ ਬਚਣਾ ਤਾਂ ਬਹੁਤ ਮੁਸ਼ਕਲ ਸੀ।

ਹੋਰ ਤਾਂ ਆਪਣੀ ਬਣੀ ਆਪੇ ਨਬੇੜਨਗੇ ਪਰ ਨਿਹਾਲੋ ਪ੍ਰੀਤਮ ਦੇ ਗਲ ਫਾਹਾ ਜ਼ਰੂਰ ਪਵਾਏਗੀ। ਉਸ ਨੇ ਪਹਿਲਾਂ ਵੀ ਅਰਜ਼ੀਆਂ ਪਾ-ਪਾ ਢੇਰ ਲਾ ਦਿੱਤੇ ਸਨ। ਉਨੇ ਪੈਸੇ ਤਾਂ ਪ੍ਰੀਤਮ ਨੇ ਸਰਦਾਰਾਂ ਤੋਂ ਲਏ ਵੀ ਨਹੀਂ ਸਨ ਜਿੰਨੇ ਉਪਰ ਲੱਗ ਗਏ। ਜ਼ਿਲ੍ਹਾ ਸ਼ਿਕਾਇਤ ਕਮੇਟੀ ਤੋਂ ਲੈ ਕੇ ਪ੍ਰਧਾਨ ਮੰਤਰੀ ਤਕ ਉਸ ਨੇ ਸ਼ਿਕਾਇਤਾਂ ਕਰ ਰੱਖੀਆਂ ਹਨ। ਜੇ ਉਸ ਨੂੰ ਭਿਣਕ ਪੈ ਗਈ ਕਿ ਸ਼ਹਿਰ ਵਿਚ ਖ਼ਾਨ ਆਇਆ ਹੋਇਆ ਹੈ ਤਾਂ ਆਪਣੀ ਲੰਗੜੀ ਟੰਗ ਘੜੀਸਦੀ ਅਤੇ ਟੁੰਡੇ-ਮੁੰਡੇ ਨੂੰ ਉਂਗਲ ਲਾਈ ਜ਼ਰੂਰ ਖ਼ਾਨ ਸਾਹਮਣੇ ਪੇਸ਼ ਹੋਏਗੀ। ਰੋ-ਰੋ ਅਸਮਾਨ ਸਿਰ 'ਤੇ ਚੁੱਕ ਲੈਣੈ, ਉਸ ਫਫੇ-ਕੁੱਟਣੀ ਨੇ।

ਉਸ ਸਮੇਂ ਪ੍ਰੀਤਮ ਛੋਟਾ-ਮੋਟਾ ਪਰਚਾ ਵੀ ਕੱਟ ਦਿੰਦਾ ਤਾਂ ਵੀ ਹੁਣ ਇੰਨਾ ਫ਼ਿਕਰ ਨਾ ਕਰਨਾ ਪੈਂਦਾ। ਉਸ ਸਮੇਂ ਲੱਗਦਾ ਸੀ, ਸਰਦਾਰ ਹਰ ਹਾਲਤ ਵਿਚ ਰਾਜ਼ੀਨਾਮਾ ਕਰ ਲੈਣਗੇ। ਉਹ ਪਰਚਾ ਦੇਣੋਂ ਟਲਦਾ ਰਿਹਾ। ਇਕ ਦਿਨ, ਦੋ ਦਿਨ, ਤਿੰਨ ਦਿਨ, ਉਂਗਲਾਂ ਲਾਉਣ ਵਾਲਿਆਂ ਨੇ ਸਰਦਾਰਾਂ ਦਾ ਵੱਸ ਨਾ ਜਾਣ ਦਿੱਤਾ। ਪਿੱਛੋਂ ਕਿਸੇ ਵਕੀਲ ਨੇ ਸਰਦਾਰ ਦੇ ਕੰਨ ਵਿਚ ਫੂਕ ਮਾਰ ਦਿੱਤੀ। ਪਰਚਾ ਚਾਰ ਦਿਨ ਲੇਟ ਹੋ ਗਿਐ। ਇਸ ਵਕਤ ਪਰਚਾ ਦਰਜ ਵੀ ਹੋ ਜਾਵੇ ਤਾਂ ਵੀ ਉਹ ਬਰੀ ਹੋਣਗੇ। ਖਾਹਮਖਾਹ ਬਿੱਲੀਆਂ ਦਾ ਗੂੰਹ ਅਸਮਾਨ ਨੂੰ ਨਾ ਚੜ੍ਹਾਇਆ ਜਾਵੇ।

ਸਾਰੀ ਬਲਾਅ ਪ੍ਰੀਤਮ ਦੇ ਗਲ ਪੈ ਗਈ। ਸਰਦਾਰਾਂ ਨਾਲ ਬੈਠ ਕੇ ਪ੍ਰੀਤਮ ਪੀਂਦਾ ਰਿਹਾ ਸੀ। ਇਹੋ ਝੇਂਪ ਮਾਰ ਗਈ। ਨਹੀਂ ਸਰਦਾਰਾਂ ਦਾ ਕਸੂਰ ਤਾਂ ਪੂਰਾ ਸੀ। ਨਿਹਾਲੋ ਭੱਠੀ ਲਈ ਅੱਗੇ ਵੀ ਤਾਂ ਉਹਨਾਂ ਦੇ ਖੇਤੋਂ ਬਾਲਣ ਚੁੱਕ ਲਿਆਉਂਦੀ ਸੀ। ਉਸ ਦਿਨ ਨਾਲ ਉਸ ਦੀ ਕੁੜੀ ਸੀ। ਸਰਦਾਰਾਂ ਦੇ ਮੁੰਡੇ ਕੁੜੀ ਦੇਖ ਕੇ ਮੱਛਰ ਗਏ। ਨਿਹਾਲੋ ਨੇ ਘੂਰੇ ਤਾਂ ਉਸ ਨੂੰ ਪੈ ਗਏ। ਮੁੰਡੇ ਨੇ ਦਖ਼ਲ ਦਿੱਤਾ ਤਾਂ ਰਾਡ ਨਾਲ ਉਸ ਦੀ ਬਾਂਹ ਚਕਨਾਚੂਰ ਕਰ ਦਿੱਤੀ। ਨਿਹਾਲੋ ਮੁੰਡੇ ਨੂੰ ਛੁਡਾਉਣ ਲੱਗੀ ਤਾਂ ਨਿਹਾਲੋ ਦੀਆਂ ਲੱਤਾਂ ਭੰਨ ਦਿੱਤੀਆਂ। ਮਹੀਨੇ ਤੋਂ ਦੋਹਾਂ ਦੀਆਂ ਲੱਤਾਂ-ਬਾਹਾਂ 'ਤੇ ਪਲੱਸਤਰ ਲੱਗੇ ਹੋਏ ਹਨ। ਡਾਕਟਰ ਨਿਹਾਲੋ ਦੀ ਲੱਤ ਕੱਟਣ ਨੂੰ ਫਿਰਦੇ ਹਨ। ਪ੍ਰੀਤਮ ਡਾਕਟਰਾਂ ਨੂੰ ਰੋਕੀ ਬੈਠਾ ਹੈ। ਉਹ ਚਾਹੁੰਦਾ ਹੈ, ਨਿਹਾਲੋ ਸਮਝੌਤਾ ਕਰ ਲਏ। ਪੰਜ-ਚਾਰ ਹਜ਼ਾਰ ਪ੍ਰੀਤਮ ਦੇਣ ਨੂੰ ਤਿਆਰ ਹੈ। ਬਲਾਅ ਤਾਂ ਗਲੋਂ ਟਲੇ। ਕਿਧਰੇ ਖ਼ਾਨ ਵਰਗੇ ਦੇ ਨੋਟਿਸ ਵਿਚ ਆ ਗਿਆ ਤਾਂ ਉਸ ਨੇ ਡਿਸਮਿਸ ਕਰੇ ਬਿਨਾਂ ਨਹੀਂ ਛੱਡਣਾ।

ਇਥੇ ਵੀ ਉਹੋ ਸਿਆਪਾ ਸੀ। ਪ੍ਰੀਤਮ ਸਿੰਘ ਨੇ ਤਾਂ ਆਖਿਆ ਸੀ ਕਿ ਵਾਣ ਵੱਟਣਿਆਂ ਦੇ ਵਿਹੜੇ ਦੀ ਤਲਾਸ਼ੀ ਲਈ ਉਸ ਨੂੰ ਇੰਚਾਰਜ ਲਾਇਆ ਜਾਵੇ। ਕਿਸੇ ਨੇ ਨਾ ਸੁਣੀ। ਉਸ ਪਾਰਟੀ ਦਾ ਇੰਚਾਰਜ ਬਣਾਇਆ ਗਿਆ ਹੈ ਸਰਦੂਲ ਸਿੰਘ ਇੰਸਪੈਕਟਰ ਨੂੰ, ਜਿਹੜਾ ਪੰਜ ਸਾਲਾਂ ਤੋਂ ਸੀ.ਆਈ.ਏ. ਦੇ ਸਟਾਫ਼ ਵਿਚ ਧੱਕੇ ਖਾ ਰਿਹਾ ਹੈ। ਪ੍ਰੀਤਮ ਨੂੰ ਇੰਸਪੈਕਟਰ ਬਣਿਆਂ ਸਾਰਾ ਸਾਲ ਹੋਇਆ ਹੈ, ਜਦੋਂ ਕਿ ਉਹ ਡਿਪਟੀ ਬਣਨ ਵਾਲਾ ਹੈ। ਉਹ ਇਕ ਵਾਰ ਅਜਿਹਾ ਲੀਹ ਤੋਂ ਲੱਥਾ ਹੈ ਕਿ ਦੁਬਾਰਾ ਲੀਹ 'ਤੇ ਚੜ੍ਹਨਾ ਮੁਸ਼ਕਲ ਹੋਇਆ ਪਿਆ ਹੈ। ਐਸ.ਐਚ.ਓ. ਲੱਗਣ ਲਈ ਨੋਟਾਂ ਦਾ ਭਰਿਆ ਬਰੀਫ਼ਕੇਸ ਚਾਹੀਦਾ ਹੈ। ਇਹ ਉਹੋ ਦੇ ਸਕਦਾ ਹੈ ਜਿਹੜਾ ਪਹਿਲਾਂ ਹੀ ਕਿਸੇ ਥਾਣੇ ਦਾ ਐਸ.ਐਚ.ਓ. ਹੋਵੇ। ਸੀ.ਆਈ.ਏ. ਵਾਲਿਆਂ ਕੋਲ ਇੰਨੇ ਪੈਸੇ ਨਹੀਂ ਹੁੰਦੇ। ਸਰਦੂਲ ਸਿੰਘ ਦੀ ਵੀ ਪੂਰੀ ਕੋਸ਼ਿਸ਼ ਹੋਏਗੀ ਕਿ ਪੰਜ-ਚਾਰ ਕੇਸ ਫੜ ਕੇ ਉਹ ਖ਼ਾਨ ਸਾਹਮਣੇ ਸੱਚਾ ਹੋ ਜਾਵੇ। ਪਿਛਲੇ ਮਹੀਨੇ ਚੋਰਾਂ ਦਾ ਗੈਂਗ ਫੜਨ ਦਾ ਉਸ ਨੇ ਡਰਾਮਾ ਰਚਿਆ ਸੀ। ਫ਼ੋਟੋਆਂ ਖਿਚਵਾ- ਖਿਚਵਾ ਕਈ ਦਿਨ ਅਖ਼ਬਾਰਾਂ ਵਿਚ ਛਪਵਾਈਆਂ। ਪ੍ਰੀਤਮ ਨੂੰ ਲੱਗਦਾ ਸੀ, ਉਸ ਦੇ ਸਿਤਾਰੇ ਉਸ ਦੀ ਮਦਦ ਕਰ ਰਹੇ ਸਨ।

ਸਰਦੂਲ ਨੂੰ ਵਾਣ ਵੱਟਣਿਆਂ ਦੇ ਵਿਹੜੇ ਦੀ ਤਲਾਸ਼ੀ ਲੈਣ ਵਾਲੀ ਪਾਰਟੀ ਦਾ ਇੰਚਾਰਜ ਬਣਾ ਕੇ ਆਖ਼ਰ ਡਿਪਟੀ ਨੇ ਪ੍ਰੀਤਮ ਤੋਂ ਬਦਲਾ ਲੈ ਹੀ ਲਿਆ ਸੀ। ਲੋਕ ਸੱਚ ਆਖਦੇ ਹਨ ਕਿ ਡਿਪਟੀ ਊਠ ਵਾਲਾ ਵੈਰ ਰੱਖਦਾ ਹੈ। ਕੋਈ ਵਸਾਹ ਨਹੀਂ, ਵੀਹਾਂ ਸਾਲਾਂ ਬਾਅਦ ਹੀ ਮਨ ਵਿਚ ਖੌਰ੍ਹ ਜਾਗ ਪਏ ਅਤੇ ਕੋਈ ਨੁਕਸਾਨ ਕਰ ਦੇਵੇ। ਪ੍ਰੀਤਮ ਨੇ ਤਾਂ ਮੁਆਫ਼ੀ ਮੰਗ ਲਈ ਸੀ ਅਤੇ ਗੋਡੇ ਹੱਥ ਲਾ ਕੇ ਗੱਲ ਆਈ-ਗਈ ਹੋ ਗਈ ਸਮਝ ਲਈ ਸੀ।

ਗੱਲ ਉਹਨਾਂ ਦਿਨਾਂ ਦੀ ਸੀ, ਜਦੋਂ ਸਰਹੰਦ ਦੇ ਮਹਾਂ ਠੱਗਾਂ ਦੀ ਨਕਲ ਕਰ-ਕਰ ਛੋਟੇ ਠੱਗਾਂ ਨੇ ਪਿੰਡ-ਪਿੰਡ ਦੁਕਾਨਾਂ ਖੋਲ੍ਹ ਲਈਆਂ ਸਨ। ਕੋਈ ਪੰਦਰਾਂ ਦਿਨਾਂ ਬਾਅਦ ਦੁਗਣੇ ਪੈਸੇ ਦਿੰਦਾ ਸੀ ਅਤੇ ਕੋਈ ਅੱਠਾਂ ਦਿਨਾਂ ਬਾਅਦ ਹੀ ਪੰਜ ਸੌ ਬਦਲੇ ਮੋਟਰ ਸਾਈਕਲ ਦੇ ਦਿੰਦਾ ਸੀ। ਇਕ-ਇਕ ਗਲੀ ਵਿਚ ਪੰਜ-ਪੰਜ ਦੁਕਾਨਾਂ ਖੁੱਲ੍ਹ ਗਈਆਂ ਸਨ। ਲੋਕ ਵੀ ਕਮਲੇ ਹੋ ਕੇ ਇਹਨਾਂ ਪਿੱਛੇ ਲੱਗ ਗਏ। ਦੁਕਾਨਾਂ 'ਤੇ ਇੰਨੀ ਭੀੜ ਹੋ ਜਾਂਦੀ ਕਿ ਪੁਲਿਸ ਨੂੰ ਕਈ ਵਾਰ ਲਾਠੀਚਾਰਜ ਕਰਨਾ ਪੈਂਦਾ। ਉਹਨਾਂ ਦੀ ਲੁੱਟ ਵਿਚੋਂ ਅਫ਼ਸਰ ਵੀ ਹਿੱਸਾ ਵੰਡਾਉਣ ਲੱਗੇ।

ਇਸ ਸ਼ਹਿਰ ਵਿਚ ਨਾਭੇ ਵਾਲਿਆਂ ਨੇ ਕੰਮ ਸ਼ੁਰੂ ਕੀਤਾ ਸੀ। ਆਉਂਦਿਆਂ ਹੀ ਇਕ ਰੰਗਦਾਰ ਟੀ.ਵੀ. ਅਤੇ ਜਪਾਨੀ ਵੀ.ਸੀ.ਆਰ. ਐਸ.ਡੀ.ਐਮ. ਦੀ ਕੋਠੀ ਪਹੁੰਚਾ ਕੇ ਦੁਕਾਨ ਖੋਲ੍ਹਣ ਦੀ ਮਨਜ਼ੂਰੀ

ਲੈ ਲਈ। ਤਹਿਸੀਲਦਾਰ ਨੂੰ ਪਤਾ ਲੱਗਾ ਤਾਂ ਉਸ ਨੇ ਫਰਿੱਜ ਮੰਗਵਾ ਲਿਆ। ਰੀਡਰ ਨੇ ਸੌ ਰੁਪਿਆ ਭਰ ਕੇ ਕੂਲਰ ਫਿੱਟ ਕਰਵਾ ਲਿਆ। ਬੀ.ਡੀ.ਓ. ਮੋਟਰਸਾਈਕਲ ਲੈ ਗਿਆ। ਥਾਣੇ ਵਾਲਿਆਂ ਨੂੰ ਤਾਂ ਉਸ ਸਮੇਂ ਹੀ ਪਤਾ ਲੱਗਾ, ਜਦੋਂ ਦੁਕਾਨ ਲੁੱਟੀ ਗਈ। ਜੇ ਸਿਪਾਹੀਆਂ ਨੇ ਟੇਪ ਰਿਕਾਰਡਰ, ਕੱਪੜੇ ਧੋਣ ਵਾਲੀ ਮਸ਼ੀਨ ਅਤੇ ਪੱਖਿਆਂ ਨੂੰ ਹੱਥ ਪਾਇਆ ਤਾਂ ਹੌਲਦਾਰਾਂ ਨੇ ਕੱਪੜੇ ਸਿਊਣ ਵਾਲੀਆਂ ਮਸ਼ੀਨਾਂ, ਰੇਡੀਓ ਅਤੇ ਸੋਫ਼ੇ ਚੁੱਕ ਲਿਆਂਦੇ। ਛੋਟੇ ਥਾਣੇਦਾਰਾਂ ਨੇ ਗੋਦਰੇਜ ਦੀਆਂ ਅਲਮਾਰੀਆਂ ਅਤੇ ਡਾਈਨਿੰਗ ਸੈੱਟ ਖਿੱਚ ਲਏ। ਜਦੋਂ ਡਿਪਟੀ ਨੇ ਦੁਕਾਨ ਦਾ ਦੌਰਾ ਕੀਤਾ ਤਾਂ ਉਸ ਦੇ ਚੁੱਕਣ ਵਾਲੀ ਕੋਈ ਵੀ ਚੀਜ਼ ਨਹੀਂ ਸੀ। ਉਸ ਨੇ ਸਿੱਧਾ ਹੀ ਪੰਜਾਹ ਹਜ਼ਾਰ ਲੈ ਲਿਆ। ਕੋਈ ਆਖਦਾ ਹੈ, ਫੀਅਟ ਕਾਰ ਲਈ ਸੀ। ਕੁਝ ਵੀ ਸੀ, ਡਿਪਟੀ ਨੇ ਗੱਫਾ ਵੱਡਾ ਮਾਰਿਆ ਸੀ। ਪ੍ਰੀਤਮ ਦੀ ਵਾਰੀ ਆਈ ਤਾਂ ਡਿਪਟੀ ਨੇ ਫ਼ੋਨ ਕਰ ਦਿਤਾ। ਨਾਭੇ ਵਾਲਿਆਂ ਨੂੰ ਤੰਗ ਨਾ ਕੀਤਾ ਜਾਵੇ। ਪ੍ਰੀਤਮ ਨੇ ਸਬਰ ਦਾ ਘੁੱਟ ਭਰ ਲਿਆ। ਠੱਗਾਂ ਨੇ ਪੰਜ-ਚਾਰ ਚੀਜ਼ਾਂ ਭੇਜੀਆਂ ਤਾਂ ਸਹੀ ਪਰ ਉਹ ਪ੍ਰੀਤਮ ਦੇ ਹਿੱਸੇ ਦੇ ਸੌਵੇਂ ਹਿੱਸੇ ਦੇ ਬਰਾਬਰ ਵੀ ਨਹੀਂ ਸਨ। ਚੁੱਪ ਕੀਤਾ ਪ੍ਰੀਤਮ ਮੌਕੇ ਦੀ ਉਡੀਕ ਕਰਦਾ ਰਿਹਾ।

ਚੋਰੀ-ਠੱਗੀ ਬਹੁਤੇ ਦਿਨ ਨਹੀਂ ਚੱਲਦੀ। ਦਸਾਂ ਦਿਨਾਂ ਬਾਅਦ ਦੁਕਾਨ ਖ਼ਾਲੀ ਹੋਣ ਲੱਗ ਪਈ। ਲੋਕ ਪੈਸੇ ਮੁੜਾਉਣ ਲਈ ਸਿਫ਼ਾਰਸ਼ਾਂ ਪਵਾਉਣ ਲੱਗੇ। ਥੋੜ੍ਹਾ ਜਿਹਾ ਕਸਾ ਪਿਆ ਤਾਂ ਉਹ ਰਾਤੋ-ਰਾਤ ਭੱਜ ਗਏ। ਤਿੰਨ ਦਿਨ ਯੁਵਾ ਸੰਘ ਵਾਲਿਆਂ ਨੇ ਹੜਤਾਲ ਰੱਖੀ। ਨਾਭੇ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਨਾਭੇ ਵਾਲਿਆਂ ਨੇ ਫੇਰ ਡਿਪਟੀ ਨਾਲ ਕੋਈ ਗਿਟਮਿਟ ਕੀਤੀ। ਡਿਪਟੀ ਨੇ ਕੋਲ ਖੜ੍ਹ ਕੇ ਰਾਤ ਨੂੰ ਸਾਮਾਨ ਦਾ ਟਰੱਕ ਭਰਾ ਕੇ ਉਹਨਾ ਦੇ ਹਵਾਲੇ ਕਰ ਦਿੱਤਾ।

ਸੰਘ ਨੇ ਫੇਰ ਜਲੂਸ ਕੱਢੇ। ਮੁੱਖ ਮੰਤਰੀ ਨੇ ਦਖ਼ਲ ਦੇ ਕੇ ਪਰਚਾ ਦਰਜ ਕਰਵਾ ਦਿੱਤਾ। ਦੁਕਾਨ ਦਾ ਜਿੰਦਾ ਤੋੜ ਕੇ ਰਿਕਾਰਡ ਦੇਖਿਆ ਗਿਆ ਤਾਂ ਪਤਾ ਲੱਗਾ ਉਹਨਾਂ ਸ਼ਹਿਰ ਵਿਚੋਂ ਘੱਟੋ-ਘੱਟ ਪੰਦਰਾਂ ਲੱਖ ਰੁਪਿਆ ਇਕੱਠਾ ਕੀਤਾ ਸੀ। ਪੁਲਿਸ ਨੇ ਥਾਂ-ਥਾਂ ਰੇਡ ਕੀਤੇ। ਨਾਭੇ ਵਾਲੇ ਕਿਧਰੇ ਨਹੀਂ ਸਨ। ਲੋਕਾਂ ਹਿੰਮਤ ਕਰ ਕੇ ਉਹਨਾਂ ਦੀ ਸੂਹ ਲਈ। ਉਹ ਦਿੱਲੀ ਦੇ ਇਕ ਹੋਟਲ ਵਿਚ ਮੌਜਾਂ ਕਰ ਰਹੇ ਸਨ। ਪ੍ਰੀਤਮ ਨੇ ਆਪਣੀ ਜਾਨ ਖ਼ਤਰੇ ਵਿਚ ਪਾ ਕੇ ਫੜੇ ਤਾਂ ਨਾਭੇ ਵਾਲਿਆਂ ਨੇ ਦਸ ਹਜ਼ਾਰ ਦੇ ਦਿੱਤਾ। ਸਿਰਫ਼ ਇਸ ਗੱਲ ਦਾ ਕਿ ਉਹਨਾਂ ਨੂੰ ਦਿੱਲੀ ਦੀ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਇਹ ਗੱਲ ਕਾਨੂੰਨੀ ਵੀ ਸੀ। ਕਿਸੇ ਕੇਂਦਰੀ ਮੰਤਰੀ ਰਾਹੀਂ ਉਹਨਾਂ ਜ਼ਮਾਨਤ ਕਰਾ ਲਈ। ਡਿਪਟੀ ਇਸੇ ਗੱਲ 'ਤੇ ਨਰਾਜ਼ ਸੀ ਕਿ ਉਸ ਨੇ ਡਿਪਟੀ ਦੇ ਬੰਦਿਆਂ ਤੋਂ ਦਸ ਹਜ਼ਾਰ ਕਿਉਂ ਲਿਆ ?

ਹੋਰ ਤਾਂ ਕੋਈ ਵੱਸ ਨਾ ਚੱਲਿਆ, ਹੁਣ ਸਰਦੂਲ ਸਿੰਘ ਨੂੰ ਵਾਣ ਵੱਟਣਿਆਂ ਦੇ ਭੇਜ ਕੇ ਉਹ ਪ੍ਰੀਤਮ ਦੀ ਬੇੜੀ ਵਿਚ ਵੱਟੇ ਪਾਉਣ 'ਤੇ ਤੁੱਲਿਆ ਹੋਇਆ ਸੀ।

ਅਗਾਂਹ ਸਰਦੂਲ ਸਿੰਘ ਨੇ ਹੌਲਦਾਰ ਵੀ ਸਿਰੇ ਦੇ ਲਫੰਡਰ ਲਏ ਸਨ। ਪਹਿਲਾ ਸੀ ਬੰਤ ਸਿੰਘ। ਜਦੋਂ ਬੰਤ ਸਿੰਘ ਨੂੰ ਇਥੇ ਲਾਇਆ ਗਿਆ ਸੀ ਤਾਂ ਪ੍ਰੀਤਮ ਨੇ ਸਾਹਿਬ ਕੋਲ ਬਥੇਰੀ ਹਾਲ- ਦੁਹਾਈ ਪਾਈ ਸੀ ਕਿ ਇਸ ਬਗ਼ਾਵਤੀ ਬੀਜ ਨੂੰ ਉਸ ਦੇ ਥਾਣੇ ਨਾ ਬੀਜੋ। ਆਪ ਤਾਂ ਪੁੱਠਾ ਹੈ ਹੀ, ਹੋਰਾਂ ਨੂੰ ਵੀ ਪੁੱਠੇ ਰਾਹ ਪਾਏਗਾ। ਸਾਹਿਬ ਨੇ ਬਹਾਨਾ ਵਧੀਆ ਘੜਿਆ। ਇਸ ਨੂੰ ਕੋਈ ਲੈਣ ਨੂੰ ਤਿਆਰ ਨਹੀਂ। ਪੁਲਿਸ ਲਾਈਨ ਵਿਚ ਬੈਠਾ ਕਪਤਾਨ ਦੇ ਖ਼ਿਲਾਫ਼ ਬੋਲਦਾ ਰਹਿੰਦਾ ਹੈ। ਆਖ਼ਰ ਇਸ ਨੂੰ ਕਿਧਰੇ ਤਾਂ ਲਾਉਣਾ ਹੀ ਹੈ। ਬੰਤ ਸਿੰਘ ਜ਼ਿੰਦਗੀ ਤੋਂ ਹੀ ਨਿਰਾਸ਼ ਹੈ। ਪੰਦਰਾਂ ਸਾਲਾਂ ਤੋਂ ਤਰੱਕੀ ਤੋਂ 'ਇਗਨੋਰ' ਹੋ ਰਿਹਾ ਹੈ। ਪੰਜ-ਚਾਰ ਸਾਲ ਨੌਕਰੀ ਦੇ ਰਹਿੰਦੇ ਹਨ। ਕਿਸੇ ਦੀ ਵੀ ਪਰਵਾਹ ਨਹੀਂ ਕਰਦਾ। ਹਰ ਇਕ 'ਤੇ ਤਵਾ ਲਾਉਂਦਾ ਰਹਿੰਦਾ ਹੈ। ਪੁਲਿਸ ਐਜੀਟੇਸ਼ਨ ਵੇਲੇ ਨੌਕਰੀਉਂ ਕੱਢ ਦਿੱਤਾ ਗਿਆ ਸੀ। ਮੁਕੱਦਮੇ ਜਿੱਤ ਕੇ ਫਿਰ ਆ ਗਿਆ। ਅੱਜ-ਕੱਲ੍ਹ ਹਰ ਇਕ ਦੇ ਖ਼ਿਲਾਫ਼ ਪ੍ਰਚਾਰ ਕਰਦਾ ਰਹਿੰਦਾ ਹੈ।

ਕੋਈ ਫ਼ਿਕਰ ਨਹੀਂ ਕਿ ਸਾਹਮਣੇ ਬੈਠਾ ਅਫ਼ਸਰ ਕਪਤਾਨ ਹੈ, ਡੀ.ਆਈ.ਜੀ. ਜਾਂ ਡੀ.ਜੀ.ਪੀ., ਵੱਡਾ ਕਾਮਰੇਡ ਬਣਿਆ ਫਿਰਦਾ ਹੈ। ਸਭ ਨੂੰ ਬੇਹੇ ਕੜਾਹ ਵਾਂਗ ਲੈਂਦਾ ਹੈ।

ਇਕ ਵਾਰ ਐਮ.ਐਲ.ਏ. ਦੇ ਨਾਲ ਪੰਗਾ ਲੈ ਲਿਆ। ਸਾਰੀ ਪੁਲਿਸ ਨੇ ਸ਼ੁਕਰ ਕੀਤਾ ਕਿ ਡਿਸਮਿਸ ਹੋਊ ਜਾਂ ਫਿਰ ਕਿਸੇ ਹੋਰ ਜ਼ਿਲ੍ਹੇ ਦੀ ਬਦਲੀ ਹੋਊ। ਡਰਦੇ ਕਿਸੇ ਅਫ਼ਸਰ ਨੇ ਉਸ ਨਾਲ ਟੇਟਾ ਨਾ ਲਿਆ। ਉਲਟਾ ਸ਼ਰਮ ਦਾ ਮਾਰਾ ਐਮ.ਐਲ.ਏ. ਹੀ ਥਾਣੇ ਆਉਣੋਂ ਹਟ ਗਿਆ। ਵਜ਼ੀਰਾਂ ਕੋਲ ਪ੍ਰੀਤਮ ਦੀ ਸ਼ਿਕਾਇਤ ਕਰਦਾ ਰਹਿੰਦਾ ਹੈ। ਉਸ ਨੂੰ ਸ਼ੱਕ ਹੈ ਕਿ ਪ੍ਰੀਤਮ ਨੇ ਬੰਤ ਨੂੰ ਜਾਣ-ਬੁੱਝ ਕੇ ਉਸ ਦੇ ਗਲ ਪਾਇਆ ਹੈ। ਬੰਤ ਨੂੰ ਇਕ-ਇਕ ਮੁਜਰਮ ਦਾ ਇਲਮ ਹੈ। ਜੇ ਉਸ ਨੂੰ ਮੁਕੱਦਮਾ ਬਣਾਉਣ ਦਾ ਮੌਕਾ ਮਿਲ ਗਿਆ ਤਾਂ ਪਹਿਲਾਂ ਮੁਜਰਮ ਦਾ ਬਿਆਨ ਲਿਖੂ। ਕਿਸ ਭੜੂਏ ਨੂੰ ਕਿੰਨੇ ਦਿੰਦਾ ਹੈਂ ? ਫੇਰ ਉਹੋ ਬਿਆਨ ਸਿੱਧਾ ਡੀ.ਜੀ.ਪੀ. ਨੂੰ ਭੇਜੂ।

ਸਰਦੂਲ ਅਤੇ ਬੰਤਾ ਹੀ ਘੱਟ ਨਹੀਂ, ਨਾਲ ਰਲਿਆ ਹੈ ਸਾਧਾ ਸਿੰਘ। ਉਹ ਕੱਲ੍ਹ ਦੀ ਭੂਤਨੀ ਸਿਵਿਆਂ 'ਚ ਅੱਧ ਭਾਲਦੀ ਹੈ। ਪ੍ਰੀਤਮ ਨੇ ਉਸ ਦੀ ਫੜੀ ਭੱਠੀ ਕਾਹਦੀ ਛੱਡ ਦਿੱਤੀ, ਸਾਨ੍ਹਾਂ ਵਾਲਾ ਵੈਰ ਹੀ ਬੰਨ੍ਹ ਲਿਆ ਭਲੇਮਾਣਸ ਨੇ। ਆਖ਼ਰ ਪ੍ਰੀਤਮ ਐਸ.ਐਚ.ਓ. ਹੈ। ਜਿਸ ਨੂੰ ਦਿਲ ਕਰੇ ਫੜੇ, ਜਿਸ ਨੂੰ ਦਿਲ ਕਰੇ ਛੱਡੇ। ਉਹ ਜੇ ਹੌਲਦਾਰ ਤੋਂ ਹੀ ਦਬਕ ਜਾਵੇ ਤਾਂ ਥਾਣੇਦਾਰੀ ਕਾਹਦੀ ? ਪ੍ਰੀਤਮ ਨੇ ਤਾਂ ਜੱਟਾਂ ਨੂੰ ਆਖਿਆ ਸੀ ਕਿ ਜਾਂਦੇ ਹੋਏ ਸਾਧਾ ਸਿੰਘ ਨੂੰ ਵੀ ਦੋ ਹਜ਼ਾਰ ਦੇ ਜਾਣਾ, ਪੰਜ ਹਜ਼ਾਰ ਤਾਂ ਪ੍ਰੀਤਮ ਦੀ ਆਪਣੀ ਫ਼ੀਸ ਸੀ। ਜੇ ਉਹ ਠੱਗੀ ਮਾਰ ਗਏ ਅਤੇ ਦੋ ਹਜ਼ਾਰ ਦੀ ਥਾਂ ਪੰਜ ਸੌ ਹੀ ਦਿੱਤਾ ਤਾਂ ਇਸ ਵਿਚ ਪ੍ਰੀਤਮ ਦਾ ਕੀ ਕਸੂਰ ਹੈ ? ਉਹ ਪੰਜ ਸੌ ਮੋੜ ਕੇ ਦੋ ਹਜ਼ਾਰ ਲਈ ਅੜ ਜਾਂਦਾ। ਹੌਲਦਾਰਾਂ ਨੂੰ ਕੌਣ ਪੁੱਛਦਾ ਹੈ। ਥਾਣੇਦਾਰ ਨੇ ਵੀਹ ਵਗਾਰਾਂ ਕਰਨੀਆਂ ਹੁੰਦੀਆਂ ਹਨ। ਕਈ ਵਾਰੀ ਤਾਂ ਵਗਾਰਾਂ ਵੰਡ ਕੇ ਹੋ ਜਾਂਦੀਆਂ ਹਨ। ਕਈ ਗੁਪਤ ਰੱਖਣੀਆਂ ਪੈਂਦੀਆਂ ਹਨ। ਉਹਨੀਂ ਦਿਨੀਂ ਹਾਈਕੋਰਟ ਦੇ ਇਕ ਜੱਜ ਦੀ ਕੁੜੀ ਦਾ ਵਿਆਹ ਸੀ। ਮੈਜਿਸਟਰੇਟ ਨੇ ਪ੍ਰੀਤਮ ਨੂੰ ਫਰਿੱਜ ਦੀ ਵਗਾਰ ਪਾਈ ਸੀ। ਪ੍ਰੀਤਮ ਚਾਹੁੰਦਾ ਤਾਂ ਸਾਰੇ ਤਫ਼ਤੀਸ਼ੀਆਂ 'ਤੇ ਬੋਝ ਪਾ ਦਿੰਦਾ। ਇੰਝ ਮੈਜਿਸਟਰੇਟ ਦਾ ਜਲੂਸ ਨਿਕਲਣਾ ਸੀ। ਪ੍ਰੀਤਮ ਨੇ ਚੁਪਕੇ ਜਿਹੇ ਫਰਿੱਜ ਭੇਜ ਦਿੱਤਾ। ਵਗਾਰ ਪ੍ਰੀਤਮ ਨੇ ਤਨਖ਼ਾਹ ਵਿਚੋਂ ਤਾਂ ਨਹੀਂ ਕਰਨੀ। ਇਹਨਾਂ ਬੁੱਧੂਆਂ ਨੂੰ ਇਹ ਤਾਂ ਅਹਿਸਾਸ ਹੀ ਨਹੀਂ ਕਿ ਐਸ.ਐਚ.ਓ. ਦੇ ਸਿਰ 'ਤੇ ਜ਼ਿੰਮੇਵਾਰੀਆਂ ਦੀ ਪੰਡ ਹੁੰਦੀ ਹੈ। ਉਹਨਾਂ ਵਾਂਗ ਥੋੜ੍ਹਾ ਹੈ ਕਿ ਜਿੰਨੇ ਕਮਾ ਲਏ, ਬੋਝੇ ਵਿਚ ਪਾ ਕੇ ਤੁਰ ਗਏ।

ਸਾਧਾ ਸਿੰਘ ਉਸੇ ਦਿਨ ਤੋਂ ਰੌਲਾ ਪਾ ਰਿਹਾ ਹੈ। ਪ੍ਰੀਤਮ ਉਸ ਦਾ ਹੱਕ ਮਾਰ ਗਿਆ। ਉਹ ਸਾਧੇ ਦੀ ਮਾਰ ਸੀ। ਪੰਜ ਹਜ਼ਾਰ ਨਾ ਸਹੀ ਤਾਂ ਤਿੰਨ ਤਾਂ ਸਾਧੇ ਨੂੰ ਮਿਲਣਾ ਹੀ ਚਾਹੀਦਾ ਸੀ। ਭੱਠੀ ਤਾਂ ਮੁਜਰਮ ਸਾਲ ਤੋਂ ਲਾ ਰਿਹਾ ਸੀ, ਸਭ ਨੂੰ ਪਤਾ ਵੀ ਸੀ। ਕਿਸੇ ਦੀ ਹਿੰਮਤ ਨਾ ਪਈ ਉਸ ਨੂੰ ਫੜ ਲੈਣ ਦੀ। ਸਾਧੇ ਨੇ ਦਲੇਰੀ ਦਿਖਾਈ ਸੀ ਤਾਂ ਉਸੇ ਨੂੰ ਫ਼ੀਸ ਮਿਲਣੀ ਚਾਹੀਦੀ ਸੀ। ਬੰਤਾ ਉਸ ਦੀ ਹਾਂ ਵਿਚ ਹਾਂ ਮਿਲਾ ਰਿਹਾ ਸੀ। ਉਸ ਨੂੰ ਪ੍ਰੀਤਮ ਦੇ ਖ਼ਿਲਾਫ਼ ਭੜਕਾ ਰਿਹਾ ਸੀ।

ਬੰਟੀ ਕਾਹਦਾ ਅਗਵਾ ਹੋਇਆ ਸੀ, ਪ੍ਰੀਤਮ ਦੇ ਦਿਨ ਮਾੜੇ ਆਏ ਸਨ।

ਮਨ ਵਿਚ ਸੁੱਖਾਂ ਸੁੱਖਦਾ ਪ੍ਰੀਤਮ ਪੁਲਿਸ ਪਾਰਟੀਆਂ ਬਣਦੀਆਂ ਦੇਖਦਾ ਰਿਹਾ।

ਉਸ ਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਪੁਲਿਸ ਪਾਰਟੀਆਂ ਬੰਟੀ ਦੀ ਤਲਾਸ਼ ਲਈ ਨਹੀਂ ਸੀ ਬਣ ਰਹੀਆਂ, ਸਗੋਂ ਪ੍ਰੀਤਮ ਨੂੰ ਨੌਕਰੀਉਂ ਕੱਢਣ ਲਈ ਮਸਾਲਾ ਇਕੱਠਾ ਕਰਨ ਲਈ ਬਣ ਰਹੀਆਂ ਸਨ।

*

# 10

ਨਾ ਸ਼ਹਿਰ ਲਈ ਅਮੀ ਚੰਦ ਓਪਰਾ ਸੀ, ਨਾ ਅਮੀ ਚੰਦ ਲਈ ਸ਼ਹਿਰ।

ਭਾਵੇਂ ਉਸ ਨੇ ਦਾੜ੍ਹੀ ਕੇਸ ਰੱਖੇ ਹੋਏ ਸਨ ਅਤੇ ਦੇਖਣ ਵਾਲੇ ਨੂੰ ਉਹ ਪੂਰਾ ਗੁਰਸਿੱਖ ਲੱਗਦਾ ਸੀ, ਫੇਰ ਵੀ ਸਭ ਨੂੰ ਪਤਾ ਸੀ ਕਿ ਉਹ ਜਾਤ ਦਾ ਪੰਡਤ ਹੈ। ਸਾਰਾ ਸ਼ਹਿਰ ਉਸ ਨੂੰ ਸ਼ਰਮਾ ਆਖ ਕੇ ਬੁਲਾਉਂਦਾ ਸੀ।

ਉਹ ਜਾਤ ਦਾ ਹੀ ਪੰਡਤ ਨਹੀਂ ਸੀ, ਬਲਕਿ ਧਰਮ ਕਰਮ ਦਾ ਵੀ ਸੀ। ਉਹ ਦੋਵੇਂ ਵਕਤ ਪਾਠ-ਪੂਜਾ ਕਰਦਾ। ਸ਼ਰਾਬ, ਆਂਡੇ ਅਤੇ ਪਰਾਈ ਇਸਤਰੀ ਨੂੰ ਤਾਂ ਨਫ਼ਰਤ ਕਰਦਾ ਹੀ ਸੀ, ਹਰਾਮ ਦਾ ਪੈਸਾ ਵੀ ਘਰੇ ਨਹੀਂ ਸੀ ਵੜਨ ਦੇਂਦਾ।

ਇਮਾਨਦਾਰੀ ਅਤੇ ਸਖ਼ਤ ਸੁਭਾਅ ਦੇ ਸਿਰ ’ਤੇ ਹੀ ਉਹ ਸ਼ਹਿਰੀਆਂ ਦੇ ਦਿਲਾਂ ’ਤੇ ਰਾਜ ਕਰਦਾ ਸੀ। ਹਰ ਸ਼ਹਿਰ ਦੇ ਸ਼ਰੀਫ਼ ਲੋਕ ਡੈਪੂਟੇਸ਼ਨ ਲੈ-ਲੈ ਸਾਹਿਬ ਨੂੰ ਮਿਲਦੇ ਰਹਿੰਦੇ ਅਤੇ ਅਮੀ ਚੰਦ ਨੂੰ ਆਪਣੇ-ਆਪਣੇ ਸ਼ਹਿਰ ਲਈ ਮੰਗਦੇ ਰਹਿੰਦੇ।

ਇਸ ਸ਼ਹਿਰ ਵਿਚ ਉਹ ਕੁਲ ਮਿਲਾ ਕੇ ਗਿਆਰਾਂ ਸਾਲ ਨੌਕਰੀ ਕਰ ਚੁੱਕਾ ਸੀ। ਸ਼ਹਿਰ ਵਿਚ ਉਸ ਦੀ ਜਾਣ-ਪਹਿਚਾਣ ਬਤੌਰ ਹੌਲਦਾਰ ਹੋਈ ਸੀ। ਏ.ਐਸ.ਆਈ. ਬਣਿਆ ਤਾਂ ਸਿਟੀ ਇੰਚਾਰਜ ਜਾ ਲੱਗਾ। ਜਦੋਂ ਤਰੱਕੀ ਕਰ ਕੇ ਉਹ ਸਬ-ਇੰਸਪੈਕਟਰ ਬਣਿਆ ਤਾਂ ਲੋਕ ਧਰਨਾ ਮਾਰ ਕੇ ਬੈਠ ਗਏ। ਸਾਹਿਬ ਨੂੰ ਸਿਟੀ ਇੰਚਾਰਜ ਦਾ ਰੈਂਕ ਵਧਾਉਣਾ ਪਿਆ। ਪਹਿਲਾਂ ਸਿਟੀ ਇੰਚਾਰਜ ਏ.ਐਸ.ਆਈ. ਹੁੰਦਾ ਸੀ। ਉਸ ਸਮੇਂ ਤੋਂ ਇਹ ਅਹੁਦਾ ਸਬ-ਇੰਸਪੈਕਟਰ ਨੂੰ ਜਾਂਦਾ ਹੈ।

ਜਦੋਂ ਮਾਡਲ ਟਾਊਨ ਵਾਲਿਆਂ ਨੂੰ ਪਤਾ ਲੱਗਾ ਕਿ ਅਮੀ ਚੰਦ ਦੀ ਪੁਲਿਸ ਪਾਰਟੀ ਨੇ ਉਹਨਾਂ ਦੀਆਂ ਕੋਠੀਆਂ ਦੀ ਤਲਾਸ਼ੀ ਲੈਣੀ ਹੈ ਤਾਂ ਉਹਨਾਂ ਸੌ ਵਾਰੀ ਧਰਤੀ ਨਿਮਸਕਾਰੀ। ਕੋਈ ਹੋਰ ਪੁਲਿਸ ਅਫ਼ਸਰ ਹੁੰਦਾ ਤਾਂ ਹਰ ਹਾਲਤ ਵਿਚ ਖੱਜਲ-ਖੁਆਰੀ ਹੁੰਦੀ। ਕਿਸੇ ਨੂੰ ਕੋਈ ਵਗਾਰ ਪੈਂਦੀ, ਕਿਸੇ ਨੂੰ ਕੋਈ। ਮਸਲਾ ਤਾਂ ਬੰਟੀ ਨੂੰ ਲੱਭਣ ਦਾ ਸੀ। ਪੁਲਿਸ ਨੇ ਵਿਉਪਾਰੀਆਂ ਦੀਆਂ ਵਹੀਆਂ ਹੀ ਮੰਗ ਕੇ ਬਹਿ ਜਾਣਾ ਸੀ। ਕੋਈ ਸਟੋਰ ਵਿਚ ਜਾ ਵੜਦਾ, ਕੋਈ ਰਸੋਈ ਵਿਚ। ਪੁਲਿਸ ਵਾਲੇ ਘਰੇ ਵੜ ਜਾਣ ਤਾਂ ਚੋਰਾਂ ਨਾਲੋਂ ਵੱਧ ਲੁੱਟਦੇ ਹਨ। ਚੋਰ ਤਾਂ ਚੋਰੀ ਛੁਪੇ ਚੋਰੀ ਕਰਦਾ ਹੈ,‘ ਇਹ ਸਾਹਮਣੇ ਹੀ ਸਾਮਾਨ ਚੁੱਕ ਤੁਰਦੇ ਹਨ। ਜਦੋਂ ਅਮੀ ਚੰਦ ਨਾਲ ਹੋਇਆ ਤਾਂ ਅਜਿਹੀ ਲੁੱਟ-ਖਸੁੱਟ ਨਹੀਂ ਹੋਏਗੀ। ਲੋਕ ਉਹ ਦਿਨ ਭੁੱਲੇ ਨਹੀਂ ਸਨ ਜਦੋਂ ਸ਼ਰਾਬੀ ਹੋਏ ਇਕ ਸਿਪਾਹੀ ਨੂੰ ਉਸ ਨੇ ਚੌਕ ਵਿਚ ਹੀ ਕੁੱਟਿਆ ਸੀ ਅਤੇ ਵਰਦੀ ਲੁਹਾ ਕੇ ਹਵਾਲਾਤ ਵਿਚ ਬੰਦ ਕਰਵਾ ਦਿੱਤਾ ਸੀ।

ਮਾਡਲ ਟਾਊਨ ਦੀ ਤਲਾਸ਼ੀ ਲਈ ਅਮੀ ਚੰਦ ਨੇ ਬਹੁਤੀ ਫ਼ੋਰਸ ਦੀ ਜ਼ਰੂਰਤ ਨਹੀਂ ਸੀ ਸਮਝੀ। ਚਾਰ ਸਿਪਾਹੀ ਅਤੇ ਇਕ ਹੌਲਦਾਰ ਹੀ ਕਾਫ਼ੀ ਸਨ। ਉਸ ਨੂੰ ਇਲਮ ਸੀ ਕਿ ਇਹਨਾਂ ਧਨਾਢਾਂ ਨੂੰ ਨਾ ਕਿਸੇ ਧਰਮ ਵਿਚ ਰੁਚੀ ਹੈ, ਨਾ ਸਿਆਸਤ ਵਿਚ। ਇਹਨਾਂ ਦਾ ਇਕੋ-ਇਕ ਧਰਮ

ਹੈ, ਵੱਧੋ-ਵੱਧ ਪੈਸਾ ਇਕੱਠਾ ਕਰਨਾ। ਕਿਸ ਦਾ ਸਿਰ ਭਵਿਆਂ ਹੈ ਕਿ ਉਹ ਮਹਿਲਾਂ ਵਰਗੀਆਂ ਕੋਠੀਆਂ, ਅਪੱਸ਼ਰਾਂ ਵਰਗੀਆਂ ਔਰਤਾਂ ਅਤੇ ਸਵਰਗਾਂ ਵਰਗੇ ਸੁਖ ਛੱਡ ਕੇ ਨਰਕਾਂ ਵਰਗੀਆਂ ਜੇਲ੍ਹਾਂ ਵਿਚ ਬੈਠ ਕੇ ਚੱਕੀ ਪੀਸੇ। ਉਸ ਨੇ ਮੀਟਿੰਗ ਵਿਚ ਵੀ ਇਥੋਂ ਦੀ ਤਲਾਸ਼ੀ ਦਾ ਵਿਰੋਧ ਕੀਤਾ ਸੀ। ਖ਼ਾਨ ਉਸ ਨਾਲ ਸਹਿਮਤ ਤਾਂ ਸੀ ਪਰ ਲੋਕ ਰਾਏ ਅੱਗੇ ਝੁਕ ਗਿਆ ਸੀ।

ਅਮੀ ਚੰਦ ਨੂੰ ਤਲਾਸ਼ੀ ਪਾਰਕ ਵਾਲੇ ਪਾਸਿਉਂ ਸ਼ੁਰੂ ਕਰਨ ਦਾ ਹੁਕਮ ਹੋਇਆ ਸੀ।

ਮਾਡਲ ਟਾਊਨ ਵਿਚ ਤਾਂ ਭਲੇ ਦਿਨਾਂ ਵਿਚ ਮੌਤ ਵਰਗਾ ਸੰਨਾਟਾ ਹੁੰਦਾ ਹੈ। ਲੋਕ ਘਰੋ-ਘਰੀਂ ਕੈਦ ਹੋਏ ਬੈਠੇ ਰਹਿੰਦੇ ਹਨ। ਸਾਰਾ ਦਿਨ ਸੜਕਾਂ ਸੁੰਨਸਾਨ ਪਈਆਂ ਰਹਿੰਦੀਆਂ ਹਨ। ਕਦੇ-ਕਦਾਈਂ ਹੀ ਕਿਸੇ ਕਾਰ ਜਾਂ ਸਕੂਟਰ ਦਾ ਖੜਕਾ ਸੁਣਾਈ ਦਿੰਦਾ ਹੈ। ਗੇਟ ਖੁੱਲ੍ਹਣ ਦੀ ਚੀਂ-ਚੀਂ ਹੁੰਦੀ ਹੈ। ਗੱਡੀ ਦੇ ਕੋਠੀ 'ਚ ਜਾਂਦਿਆਂ ਹੀ ਫੇਰ ਚੁੱਪ ਵਰਤ ਜਾਂਦੀ ਹੈ। ਕਰਫ਼ਿਊ ਹੋਣ ਕਰਕੇ ਇਹ ਸ਼ੋਰ-ਸ਼ਰਾਬਾ ਵੀ ਬੰਦ ਸੀ। ਦਰੱਖ਼ਤਾਂ ਤੋਂ ਟੁੱਟੇ ਪੱਤਿਆਂ ਨੂੰ ਮੌਜਾਂ ਲੱਗੀਆਂ ਹੋਈਆਂ ਸਨ। ਭਾਂ-ਭਾਂ ਕਰਦੀਆਂ ਸੜਕਾਂ 'ਤੇ ਉਹ ਆਜ਼ਾਦੀ ਨਾਲ ਉੱਡ ਰਹੇ ਸਨ। ਕੋਠੀਆਂ ਦੇ ਗੇਟਾਂ 'ਤੇ ਭੌਂਕਦੇ ਕੁੱਤਿਆਂ ਦੀ ਆਵਾਜ਼ ਹੀ ਸੀ, ਜਿਹੜੀ ਪੁਲਿਸ ਦਾ ਸਵਾਗਤ ਕਰ ਰਹੀ ਸੀ।

ਪਹਿਲੀ ਕੋਠੀ ਰਾਮ ਚੰਦ ਲੋਟੀਏ ਦੀ ਸੀ। ਬੈੱਲ ਖੜਕਾਈ ਤਾਂ ਰਾਮ ਚੰਦ ਦਾ ਜੇਠਾ ਪੁੱਤਰ ਸੂਰਜ ਭਾਨ ਉਹਨਾਂ ਦੇ ਸਵਾਗਤ ਲਈ ਹਾਜ਼ਰ ਸੀ। ਸੂਰਜ ਭਾਨ ਦੀ ਸੂਰ ਵਰਗੀ ਦੇਹ ਅਤੇ ਰੇਸ਼ਮੀ ਗਾਊਨ ਨੂੰ ਦੇਖ ਦੇ ਅਮੀ ਚੰਦ ਦਾ ਹਾਸਾ ਨਿਕਲ ਗਿਆ। ਕੀ ਇਹ ਉਹੋ ਸੂਰਜ ਭਾਨ ਸੀ, ਜਿਸ ਦਾ ਮੂੰਹ ਕਾਲਾ ਕਰ ਕੇ ਅਮੀ ਚੰਦ ਨੇ ਸਾਰਾ ਦਿਨ ਥਾਣੇ ਬਿਠਾਈ ਰੱਖਿਆ ਸੀ? ਛੇ-ਸੱਤ ਸਾਲਾਂ ਵਿਚ ਉਸ ਨੇ ਜ਼ਮੀਨ ਤੋਂ ਅਸਮਾਨ ਤਕ ਦਾ ਸਫ਼ਰ ਤੈਅ ਕਰ ਲਿਆ ਸੀ। ਉਸ ਸਮੇਂ ਤਾਂ ਉਹ ਕਾਲਜ ਵਿਚ ਪੜ੍ਹਦਾ ਰਿਸ਼ਟ-ਪੁਸ਼ਟ ਨੌਜਵਾਨ ਸੀ। ਪੜ੍ਹਨ-ਪੜ੍ਹਾਉਣ ਦਾ ਉਸ ਨੂੰ ਕੋਈ ਫ਼ਿਕਰ ਨਹੀਂ ਸੀ। ਬਾਪ ਦੀ ਦੁਕਾਨ ਵਧੀਆ ਚੱਲਦੀ ਸੀ। ਲੋਹਾ ਸੋਨੇ ਦੇ ਭਾਅ ਹੁੰਦਾ ਜਾ ਰਿਹਾ ਸੀ। ਲਾਲੇ ਦੇ ਦੋ ਹੀ ਪੁੱਤਰ ਸਨ। ਛੋਟੇ ਨੂੰ ਨਾਨਕੇ ਲੈ ਗਏ। ਵਿਉਪਾਰ ਇਸੇ ਨੇ ਸੰਭਾਲਣਾ ਸੀ। ਖ਼ਰਚਾ ਖੁੱਲ੍ਹਾ ਕਰਦਾ ਸੀ। ਹੇਠ ਮੋਟਰਸਾਈਕਲ ਸੀ। ਮੁੰਡਾ ਸਾਰਾ ਦਿਨ ਕੁੜੀਆਂ ਪਿੱਛੇ ਫਿਰਦਾ ਰਹਿੰਦਾ। ਕਿੱਕ ਮਾਰੀ ਕੁੜੀਆਂ ਦੇ ਕਾਲਜ ਅੱਗੇ। ਦੂਜੀ ਮਾਰੀ ਬੱਸ ਸਟੈਂਡ ਅਤੇ ਤੀਜੀ ਮਾਰੀ ਤਾਂ ਸਿਨੇਮੇ। ਡਰਦੀਆਂ ਕੁੜੀਆਂ ਮੂੰਹ ਨਹੀਂ ਸੀ ਖੋਲ੍ਹਦੀਆਂ। ਉਸ ਦਾ ਬਾਪ ਕਾਲਜ ਦੀ ਮੈਨੇਜਮੈਂਟ ਵਿਚ ਸੀ। ਪ੍ਰਿੰਸੀਪਲ ਸੂਰਜ 'ਤੇ ਸਖ਼ਤੀ ਨਹੀਂ ਸੀ ਕਰ ਸਕਦੀ। ਉਲਟਾ ਕੁੜੀਆਂ ਦੀ ਬਦਨਾਮੀ ਹੀ ਹੋਣੀ ਸੀ।

ਅਮੀ ਚੰਦ ਸਿਟੀ ਵਿਚ ਆਇਆ ਤਾਂ ਮੁੰਡਿਆਂ ਦੀ ਗੁੰਡਾਗਰਦੀ ਦਾ ਪਤਾ ਲੱਗਾ। ਇਕ ਵਾਰ ਮੁੰਡੇ ਇਕੱਠੇ ਕਰ ਕੇ ਉਸ ਨੇ ਸਮਝਾ ਦਿੱਤੇ। ਜਿਹੜੇ ਅਮੀ ਚੰਦ ਦੇ ਸੁਭਾਅ ਤੋਂ ਜਾਣੂ ਸਨ, ਬੰਦੇ ਬਣ ਗਏ। ਸੂਰਜ ਭਾਨ ਨੂੰ ਇਹ ਟਿੱਚਰ ਹੀ ਲੱਗੀ। ਪਹਿਲੀ ਵਾਰ ਅਮੀ ਚੰਦ ਨੇ ਉਸ ਦੇ ਮੋਟਰ- ਸਾਈਕਲ ਦੀ ਫੂਕ ਕੱਢੀ। ਦੂਜੀ ਵਾਰ ਉਸ ਨੇ ਬਜ਼ਾਰ ਵਿਚ ਹੀ ਬੋਕ ਵਾਂਗੂ ਢਾਹ ਲਿਆ। ਲੋਟੀਏ ਨੇ ਬਥੇਰੀਆਂ ਮਿੰਨਤਾਂ ਕੀਤੀਆਂ। ਅਮੀ ਚੰਦ ਨੇ ਮੂੰਹ ਕਾਲਾ ਕਰ ਕੇ ਜਲੂਸ ਕੱਢੇ ਬਿਨਾਂ ਨਾ ਛੱਡਿਆ।

"ਕਿਉਂ ਪੁੱਤਰਾ, ਕੀ ਹਾਲ ਹੈ?" ਸੂਰਜ ਨੂੰ ਆਪਣੇ ਪੈਰਾਂ ਵੱਲ ਝੁਕਦਾ ਦੇਖ ਕੇ ਅਮੀ ਚੰਦ ਨੇ ਬਾਹੋਂ ਫੜ ਕੇ ਖੜਾ ਕਰਦਿਆਂ ਪੁੱਛਿਆ।

ਮੂੰਹ ਕਾਲਾ ਕਰਾ ਕੇ ਸੂਰਜ ਭਾਨ ਬੰਦਾ ਬਣ ਗਿਆ ਸੀ। ਉਸੇ ਦਿਨ ਉਹ ਸ਼ਰਮ ਦਾ ਮਾਰਿਆ ਸ਼ਹਿਰ ਛੱਡ ਗਿਆ ਸੀ। ਜਿੰਨਾ ਚਿਰ ਵਧੀਆ ਵਿਉਪਾਰੀ ਨਹੀਂ ਬਣ ਗਿਆ, ਸ਼ਹਿਰ ਨਹੀਂ

ਵੜਿਆ। ਅੱਜ-ਕੱਲ੍ਹ ਉਹ ਬਾਪ ਨਾਲੋਂ ਵੀ ਵੱਧ ਕਾਮਯਾਬ ਸੀ। ਇਸ ਕਾਮਯਾਬੀ ਦਾ ਸਿਹਰਾ ਉਹ ਅਮੀ ਚੰਦ ਦੇ ਸਿਰ ਬੰਨ੍ਹਦਾ ਸੀ।

ਸੂਰਜ ਭਾਨ ਨੇ ਬਹੁਤ ਜ਼ੋਰ ਲਾਇਆ, ਅਮੀ ਚੰਦ ਅੰਦਰ ਆਵੇ ਅਤੇ ਇਕ ਕੱਪ ਚਾਹ ਦਾ ਪੀ ਕੇ ਜਾਵੇ। ਅਮੀ ਚੰਦ ਕੋਲ ਵਕਤ ਨਹੀਂ ਸੀ। ਉਸ ਨੇ ਆਪਣੇ ਆਉਣ ਦਾ ਕਾਰਨ ਦੱਸਿਆ ਅਤੇ ਬੰਟੀ ਦੀ ਤਲਾਸ਼ ਵਿਚ ਸੂਰਜ ਦੀ ਮਦਦ ਮੰਗੀ। ਸੂਰਜ ਤਲਾਸ਼ੀ ਦੇਣ ਲਈ ਤਿਆਰ ਸੀ। ਅਮੀ ਚੰਦ ਨੂੰ ਪਤਾ ਸੀ ਇਸ ਕੋਠੀ ਦੀ ਤਲਾਸ਼ੀ ਦੀ ਕੋਈ ਜ਼ਰੂਰਤ ਨਹੀਂ, ਸਰਸਰੀ ਜਿਹੀ ਨਜ਼ਰ ਮਾਰ ਕੇ ਉਹ ਅਗਾਂਹ ਤੁਰ ਪਏ।

ਅਗਲੀ ਕੋਠੀ ਨਾਇਬ ਤਹਿਸੀਲਦਾਰ ਗਰੇਵਾਲ ਦੀ ਸੀ। ਰਿਸ਼ਵਤ ਲੈਣੀ ਹੋਵੇ ਤਾਂ ਢੱਗੇ ਜਿੱਡੀ ਬੜ੍ਹਕ ਮਾਰਦਾ ਹੈ। ਸ਼ਿਕਾਇਤ ਹੋ ਜਾਵੇ ਤਾਂ ਗਊ ਦਾ ਜਾਇਆ ਬਣ ਕੇ ਮੋਕ ਵੀ ਮਾਰ ਦਿੰਦਾ ਹੈ। ਜਦੋਂ ਅਮੀ ਚੰਦ ਹੌਲਦਾਰ ਸੀ ਤਾਂ ਇਹ ਪਟਵਾਰੀ ਸੀ। ਇਸ ਨੂੰ ਵਿਜੀਲੈਂਸ ਵਾਲਿਆਂ ਨੇ ਪੰਜਾਹ ਰੁਪਏ ਰਿਸ਼ਵਤ ਲੈਂਦਿਆਂ ਫੜ ਲਿਆ ਸੀ। ਥਾਣੇ ਬੈਠੇ ਨੂੰ ਉਸ ਨੂੰ ਸਾਰਾ ਦਿਨ ਗ਼ਸ਼ਾਂ ਪੈਂਦੀਆਂ ਰਹੀਆਂ। ਮਿੰਟ-ਮਿੰਟ ਬਾਅਦ ਟੱਟੀ ਕਰੀ ਜਾਵੇ। ਉਸ ਦੇ ਸਾਲਿਆਂ ਤੋਂ ਬਿਨਾਂ ਕਿਸੇ ਨੇ ਬਾਤ ਨਾ ਪੁੱਛੀ। ਪੈਸੇ ਦੇ ਕੇ ਬਰੀ ਹੋ ਗਿਆ। ਬਹਾਲ ਹੁੰਦਿਆਂ ਹੀ ਤਰੱਕੀ ਮਿਲ ਗਈ। ਇਕ ਹੰਭਲਾ ਹੋਰ ਮਾਰਿਆ ਅਤੇ ਨਾਇਬ ਤਹਿਸੀਲਦਾਰ ਬਣ ਗਿਆ। ਨਾਇਬ ਦੀ ਕੁਰਸੀ ’ਤੇ ਬੈਠਦਿਆਂ ਹੀ ਇਉਂ ਪੈਸੇ ਕਮਾਏ ਜਿਵੇਂ ਜਾਦੂ ਦਾ ਡੰਡਾ ਲੱਭਾ ਹੋਵੇ। ਪਿਛਲੇ ਤਜਰਬੇ ਦਾ ਪੂਰਾ ਫ਼ਾਇਦਾ ਉਠਾਇਆ। ਪਿੱਛੋਂ ਅਫ਼ਸਰਾਂ ਨਾਲ ਖ਼ੂਬ ਬਣਾ ਕੇ ਰੱਖੀ। ਹੌਲਦਾਰ ਤੋਂ ਲੈ ਕੇ ਵਿਜੀਲੈਂਸ ਦੇ ਡਿਪਟੀ ਤਕ ਨੂੰ ਮਹੀਨੇ ਵਿਚ ਇਕ-ਦੋ ਵਾਰ ਕੋਠੀ ਬੁਲਾ ਕੇ ਦਾਰੂ ਪਿਆ ਦੇਣੀ। ਕਿਸੇ ਦੀ ਹਿੰਮਤ ਨਹੀਂ ਸੀ ਪੈਂਦੀ, ਉਸ ਖ਼ਿਲਾਫ਼ ਉਂਗਲ ਵੀ ਕਰ ਜਾਵੇ। ਉਸ ਨੂੰ ਪੈਸੇ ਬਣਾਉਣ ਤਕ ਮਤਲਬ ਸੀ। ਉਸ ਨੇ ਬੰਟੀ ਜਾਂ ਉਸਦੇ ਅਗਵਾਕਾਰਾਂ ਤੋਂ ਕੀ ਲੈਣਾ ਸੀ ? ਨੇਮ-ਪਲੇਟ ਪੜ੍ਹ ਕੇ ਹੀ ਅਮੀ ਚੰਦ ਅਗਾਂਹ ਤੁਰ ਗਿਆ।

ਉਸ ਤੋਂ ਅਗਲੀ ਕੋਠੀ ਫ਼ਕੀਰ ਚੰਦ ਸ਼ੁਕਲਾ ਦੀ ਸੀ। ਉਹ ਵਕੀਲ ਸੀ। ਕਚਹਿਰੀ ਵਿਚ ਵਕੀਲ ਸਾਇਲਾਂ ਨੂੰ ਲੱਖ ਦਲੇਰ ਰਹਿਣ ਦੀ ਸਿੱਖਿਆ ਦਿੰਦਾ ਰਹੇ, ਆਪ ਉਹ ਛੋਟੀ ਤੋਂ ਛੋਟੀ ਗ਼ਲਤੀ ਕਰਨ ਤੋਂ ਪਹਿਲਾਂ ਸੌ ਵਾਰ ਸੋਚਦਾ ਹੈ। ਪਹਿਲਾਂ ਅਮੀ ਚੰਦ ਇਸ ਕੋਠੀ ਅੱਗੋਂ ਵੀ ਲੰਘ ਜਾਣਾ ਚਾਹੁੰਦਾ ਸੀ, ਫੇਰ ਸੋਚਿਆ ਇਹ ਫ਼ੌਜਦਾਰੀ ਵਕੀਲ ਹੈ, ਕੋਈ ਵਸਾਹ ਨਹੀਂ, ਮੁਜਰਮਾਂ ਨੂੰ ਘਰ ਪਨਾਹ ਦੇਈ ਬੈਠਾ ਹੋਵੇ। ਚੋਰਾਂ, ਡਾਕੂਆਂ ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਲਈ ਆਪਣੇ ਖੋਖਿਆਂ ਵਿਚ ਤਾਂ ਇਹ ਆਮ ਹੀ ਬਿਠਾ ਲੈਂਦੇ ਹਨ। ਕਈ ਵਾਰ ਆਪਣੀਆਂ ਕਾਰਾਂ ਵਿਚ ਬਿਠਾ ਕੇ ਇਧਰ-ਉਧਰ ਵੀ ਛੱਡ ਆਉਂਦੇ ਹਨ। ਜਿੰਨਾ ਚਿਰ ਅਗਾਊਂ ਜ਼ਮਾਨਤ ਨਾ ਹੋ ਜਾਵੇ, ਮੁਜਰਮਾਂ ਨੂੰ ਆਪਦੇ ਘਰੇ ਵੀ ਲਕੋਈ ਰੱਖਦੇ ਹਨ।

ਇਹ ਵਕੀਲ ਇਹੋ ਜਿਹੇ ਕੰਮਾਂ ਲਈ ਮਸ਼ਹੂਰ ਹੈ। ਗਵਾਹਾਂ ਨੂੰ ਮੁਕਰਾਉਣਾ, ਮਾਲ-ਮੁਕੱਦਮੇ ਵਿਚ ਰੱਦੋ-ਬਦਲ ਕਰਨਾ ਅਤੇ ਸਰਕਾਰੀ ਵਕੀਲ ਨੂੰ ਆਪਣੇ ਹੱਥ ਵਿਚ ਰੱਖਣਾ, ਇਹ ਵਕਾਲਤ ਦਾ ਇਕ ਅੰਗ ਸਮਝਦਾ ਹੈ। ਜੱਜਾਂ ਨੂੰ ਵੀ ਮਿਲ-ਮਿਲਾ ਲੈਂਦਾ ਹੈ।

ਇਕ ਵਾਰੀ ਅਮੀ ਚੰਦ ਨੂੰ ਵੀ ਮਿਲਿਆ ਸੀ। ਕਹਿੰਦਾ ਉਸ ਨੇ ਸੈਸ਼ਨ ਜੱਜ ਨੂੰ ਤਾਂ ਫੀਅਟ ਕਾਰ ਦਿਵਾ ਦਿੱਤੀ ਹੈ। ਉਸ ਨੇ ਮੁਜਰਮਾਂ ਨੂੰ ਬਰੀ ਕਰਨਾ ਹੀ ਕਰਨਾ ਹੈ। ਅਮੀ ਚੰਦ ਨੂੰ ਵੀ ਉਹ ਤੀਹ ਹਜ਼ਾਰ ਰੁਪਿਆ ਦਿਵਾ ਸਕਦਾ ਹੈ। ਜੇ ਅੱਧੋ-ਅੱਧ ਕਰ ਲਏ ਤਾਂ ਪੰਜਾਹ ਹਜ਼ਾਰ ਵੀ ਮਿਲ ਸਕਦਾ ਹੈ। ਅਮੀ ਚੰਦ ਨੇ ਭਰੀ ਕਚਹਿਰੀ ਵਿਚ ਉਸ ਦੀ ਖੁੰਬ ਠੱਪੀ ਸੀ। ਮੁੜ ਕੇ ਇਹ ਅਮੀ ਚੰਦ ਦੇ ਫੜੇ ਮੁਕੱਦਮਿਆਂ ਵਿਚ ਵਕੀਲ ਬਣਨੋਂ ਹੀ ਹਟ ਗਿਆ।

ਇਸ ਦੀ ਵਕਾਲਤ ਜ਼ੋਰਾਂ 'ਤੇ ਸੀ। ਹਰ ਕਿਸਮ ਦੇ ਮੁਜਰਮ ਇਸ ਦੇ ਸਾਇਲ ਸਨ। ਲਾਲਚ-ਵੱਸ ਇਹ ਕੁਝ ਵੀ ਕਰ ਸਕਦਾ ਸੀ। ਵਕੀਲ ਦੀ ਕੋਠੀ ਦੀ ਤਲਾਸ਼ੀ ਅਮੀ ਚੰਦ ਨੂੰ ਬਹੁਤ ਜ਼ਰੂਰੀ ਲੱਗੀ।

ਬੈੱਲ ਖੜਕਾਈ ਤਾਂ ਸ਼ੁਕਲਾ ਜੀ ਘਰ ਨਹੀਂ ਸਨ। ਉਹ ਕਿਸੇ ਕੇਸ ਦੇ ਸੰਬੰਧ ਵਿਚ ਚੰਡੀਗੜ੍ਹ ਗਏ ਹੋਏ ਸਨ। ਅਮੀ ਚੰਦ ਨੂੰ ਯਕੀਨ ਨਾ ਆਇਆ। ਇਹ ਕੋਈ ਚਾਲ ਵੀ ਹੋ ਸਕਦੀ ਹੈ। ਬਾਹਰੋਂ ਹੀ ਪੁਲਿਸ ਨੂੰ ਮੋੜਨ ਦਾ ਬਹਾਨਾ ਵੀ ਹੋ ਸਕਦੈ।

ਵਕੀਲ ਦੀ ਨੂੰਹ ਨੂੰ ਅਮੀ ਚੰਦ ਨੇ ਆਪਣੇ ਆਉਣ ਦਾ ਕਾਰਨ ਦੱਸਿਆ। ਪਹਿਲਾਂ ਉਹ ਝਿਜਕੀ। ਘਰ ਵਿਚ ਕੋਈ ਵੀ ਹਾਜ਼ਰ ਨਹੀਂ ਸੀ। ਕੇਵਲ ਨੌਕਰ ਸਨ। ਜਦੋਂ ਅਮੀ ਚੰਦ ਨੇ ਆਪਣੀ ਜਾਣ-ਪਹਿਚਾਣ ਕਰਾਈ ਤਾਂ ਉਹ ਮੰਨ ਗਈ।

ਨੂੰਹ ਰਾਣੀ, ਜਿਹੜੀ ਭਾਰੀ ਸਿਲਕ ਦੀ ਸਾੜ੍ਹੀ ਵਿਚ ਲਿਪਟੀ ਹੋਈ ਸੀ ਨੇ ਉਹਨਾਂ ਨੂੰ ਕੋਠੀ ਦੇ ਬਰਾਡੇ ਤਕ ਅਗਵਾਨੀ ਕੀਤੀ। ਉਥੋਂ ਤਕ ਪੁੱਜਣ ਲਈ ਉਹਨਾਂ ਨੂੰ ਪੰਜਾਹ ਗਜ਼ ਲੰਬਾ ਗਰਾਸੀ ਪਲਾਟ ਲੰਘਣਾ ਪਿਆ ਸੀ। ਲਾਅਨ ਵਿਚ ਖੇਡਣ ਲਈ ਬੈਡਮਿੰਟਨ ਦਾ ਨੈੱਟ ਲੱਗਾ ਹੋਇਆ ਸੀ।

ਸਿਪਾਹੀਆਂ ਦੀਆਂ ਨਜ਼ਰਾਂ ਸੋਹਣੀ-ਸੁਨੱਖੀ, ਪਤਲੇ ਅੰਗ ਦੀ ਨੂੰਹ ਨੂੰ ਨਿਹਾਰ ਰਹੀਆਂ ਸਨ। ਅਮੀ ਚੰਦ ਉਸ ਦੇ ਪਏ ਗਹਿਣਿਆਂ ਦੀ ਕੀਮਤ ਦਾ ਅੰਦਾਜ਼ਾ ਲਾ ਰਿਹਾ ਸੀ। ਬਹੁਤ ਨਹੀਂ ਤਾਂ ਘੱਟੋ-ਘੱਟ ਤੀਹ-ਚਾਲੀ ਹਜ਼ਾਰ ਦੇ ਤਾਂ ਹੋਣਗੇ ਹੀ। ਜਿਹੜੀ ਆਮ ਦਿਨ ਇੰਨੇ ਗਹਿਣੇ ਪਾਈ ਫਿਰਦੀ ਹੈ, ਉਹ ਵਿਆਹ-ਸ਼ਾਦੀ ਵਾਲੇ ਦਿਨ ਕਿੰਨੇ ਗਹਿਣੇ ਪਾਉਂਦੀ ਹੋਵੇਗੀ ? ਇਸ ਤੋਂ ਸ਼ੁਕਲੇ ਦੀ ਬੇਅਥਾਹ ਆਮਦਨ ਦਾ ਅੰਦਾਜ਼ਾ ਵੀ ਲੱਗ ਸਕਦਾ ਸੀ।

ਵਿਦੇਸ਼ੀ ਸੈਂਟਾਂ ਦੀਆਂ ਖ਼ੁਸ਼ਬੂਆਂ ਖਿਲਾਰਦੀ ਬਹੂ ਰਾਣੀ ਉਹਨਾਂ ਨੂੰ ਬਰਾਂਡੇ ਵਿਚ ਖੜਾ ਕੇ ਅੰਦਰਲੇ ਦਰਵਾਜ਼ੇ ਰਾਹੀਂ ਵਕੀਲ ਸਾਹਿਬ ਦਾ ਦਫ਼ਤਰ ਖੋਲ੍ਹਣ ਚਲੀ ਗਈ। ਜਾਂਦੀ-ਜਾਂਦੀ ਉਹ ਮਿਸਜ਼ ਸ਼ੁਕਲਾ ਨੂੰ ਵੀ ਸੁਚੇਤ ਕਰ ਗਈ। ਮਿਸਜ਼ ਸ਼ੁਕਲਾ ਡਰਾਇੰਗ ਰੂਮ ਵਿਚ ਖਿੱਲਰੀਆਂ ਚੀਜ਼ਾਂ ਥਾਂ ਸਿਰ ਕਰਨ ਲੱਗੀ। ਪੁਲਿਸ ਨੂੰ ਘਰ ਆਈ ਦੇਖ ਕੇ ਉਸ ਨੂੰ ਕੋਈ ਹੈਰਾਨੀ ਨਹੀਂ ਸੀ ਹੋਈ। ਸ਼ੁਕਲਾ ਪੁਲਿਸ ਦਾ ਹਮਾਇਤੀ ਵਕੀਲ ਸਮਝਿਆ ਜਾਂਦਾ ਸੀ। ਮੁਕੱਦਮਿਆਂ ਦੇ ਸੰਬੰਧ ਵਿਚ ਪੁਲਿਸ ਉਹਨਾਂ ਦੀ ਕੋਠੀ ਆਮ ਆਉਂਦੀ ਜਾਂਦੀ ਸੀ।

ਅਮੀ ਚੰਦ ਨੂੰ ਦਫ਼ਤਰ ਵਿਚ ਕੋਈ ਦਿਲਚਸਪੀ ਨਹੀਂ ਸੀ। ਨਾ ਡਰਾਇੰਗ ਰੂਮ ਵਿਚ। ਉਹ ਸਰਵੈਂਟ ਕੁਆਰਟਰ ਅਤੇ ਸਾਇਲਾਂ ਲਈ ਬਣਾਏ ਵਾਧੂ-ਘਾਟੂ ਕਮਰੇ ਦੇਖਣਾ ਚਾਹੁੰਦਾ ਸੀ।

ਕਿਤਾਬਾਂ ਅਤੇ ਲਿਫ਼ਾਫ਼ਿਆਂ ਨਾਲ ਭਰੇ ਦਫ਼ਤਰ ਵਿਚ ਅਮੀ ਚੰਦ ਨੇ ਸਰਸਰੀ ਜਿਹੀ ਨਿਗਾਹ ਮਾਰੀ। ਪਤਾ ਨਹੀਂ ਕਿੰਨੇ ਕੁ ਸਾਇਲਾਂ ਦੀ ਕਿਸਮਤ ਸ਼ੁਕਲਾ ਜੀ ਨੇ ਇਹਨਾਂ ਲਿਫ਼ਾਫ਼ਿਆਂ ਵਿਚ ਬੰਦ ਕਰ ਰੱਖੀ ਸੀ।

ਦਫ਼ਤਰੋਂ ਉਹਨਾਂ ਨੂੰ ਡਰਾਇੰਗ ਰੂਮ ਲਿਜਾਇਆ ਗਿਆ। ਮਹਿੰਗੇ ਸੋਫ਼ੇ ਉਹਨਾਂ ਨੂੰ ਉਡੀਕ ਰਹੇ ਸਨ। ਨੌਕਰ ਮਿੰਟਾਂ ਵਿਚ ਹੀ ਜੂਸ ਦੀਆਂ ਬੋਤਲਾਂ ਅਤੇ ਡਰਾਈ-ਫਰੂਟ ਵਾਲੀਆਂ ਪਲੇਟਾਂ ਮੇਜ਼ 'ਤੇ ਸਜਾ ਗਿਆ। ਅਮੀ ਚੰਦ ਇਥੇ ਵੀ ਨਾ ਬੈਠਾ। ਕਮਰੇ ਵਿਚ ਸਜਾਵਟੀ ਤਸਵੀਰਾਂ ਸਨ, ਬੁੱਤ ਸਨ, ਪੇਟਿੰਗਜ਼ ਸਨ ਅਤੇ ਹੋਰ ਸਜਾਵਟੀ ਸਮਾਨ। ਜੋ ਅਮੀ ਚੰਦ ਨੂੰ ਚਾਹੀਦਾ ਸੀ, ਉਹ ਇਥੇ ਨਹੀਂ ਸੀ।

ਕਿਸੇ ਪਾਸਿਉਂ ਰੌਲੇ-ਰੱਪੇ ਦੀ ਆਵਾਜ਼ ਆਈ ਤਾਂ ਅਮੀ ਚੰਦ ਦੇ ਕੰਨ ਖੜੇ ਹੋ ਗਏ। ਲੱਗਾ ਜਿਵੇਂ ਕੋਈ ਬੱਚਾ ਚਿੱਲਾ ਰਿਹਾ ਹੈ।

"ਇਹ ਕੀ ਹੋ ਰਿਹੈ ?" ਅਮੀ ਚੰਦ ਨੇ ਦਿਮਾਗ਼ ਦਾ ਤਵਾਜ਼ਨ ਤਾਂ ਨਹੀਂ ਸੀ ਗਵਾਇਆ ਪਰ ਹੱਥ ਰਿਵਾਲਵਰ 'ਤੇ ਜ਼ਰੂਰ ਪਹੁੰਚ ਗਿਆ ਸੀ। ਅੱਖ ਦੇ ਇਸ਼ਾਰੇ ਨਾਲ ਉਸ ਨੇ ਸਿਪਾਹੀਆਂ ਨੂੰ ਸਾਵਧਾਨ ਕੀਤਾ।

"ਇਹ ਕੁਝ ਨਹੀਂ। ਬੱਚੇ ਵੀ.ਸੀ.ਆਰ. ਲਾਈ ਬੈਠੇ ਹਨ। ਕਰਫ਼ਿਊ ਕਰਕੇ ਟਿਊਸ਼ਨ ਵਾਲੀ ਮੈਡਮ ਨਹੀਂ ਆ ਸਕੀ। ਬੱਚੇ ਸ਼ਰਾਰਤਾਂ ਕਰ ਰਹੇ ਸਨ। ਸੋਚਿਆ ਟਿਕ ਕੇ ਬੈਠੇ ਰਹਿਣਗੇ।

ਹਾਲ 'ਚ ਪ੍ਰਵੇਸ਼ ਕਰਦੀ ਮਿਸਜ਼ ਸ਼ੁਕਲਾ ਨੇ ਸਪਸ਼ਟੀਕਰਨ ਦਿੱਤਾ।

ਹਾਲ 'ਚ ਵਾਪਸ ਮੁੜਦੀ ਪੁਲਿਸ ਪਾਰਟੀ ਨੂੰ ਅੱਠਾਂ ਕੁ ਸਾਲਾਂ ਦੀ ਮਧੂ ਨੇ ਘੇਰ ਲਿਆ।

"ਅੰਕਲ ਕਰਫ਼ਿਊ ਕਈ ਦਿਨ ਲਗਾਈ ਰੱਖਣਾ। ਹਮ ਨੇ ਢੇਰ ਸਾਰੀ ਫ਼ਿਲਮੇਂ ਦੇਖਣੀ ਹੈਂ।" ਮਧੂ ਲਈ ਕਰਫ਼ਿਊ ਵਰਦਾਨ ਸੀ। ਇਸ ਨੂੰ ਲੰਬਾ ਕਰਨ ਲਈ ਉਹ ਅਮੀ ਚੰਦ ਕੋਲ ਸਿਫ਼ਾਰਸ਼ ਕਰ ਰਹੀ ਸੀ।

"ਤੁਮ ਬੰਟੀ ਕੋ ਜਾਨਤੇ ਹੋ ? ਉਸੇ ਕਹੀਂ ਦੇਖਾ ਹੈ ?" ਮਧੂ ਵਿਚੋਂ ਅਮੀ ਚੰਦ ਨੂੰ ਵਧੀਆ ਮੁਖ਼ਬਰ ਦਿਖਾਈ ਦਿੱਤਾ। ਗੋਦੀ ਚੁੱਕ ਕੇ ਉਸ ਨੇ ਪ੍ਰਸ਼ਨਾਂ ਦੀ ਬੁਛਾੜ ਕਰ ਦਿੱਤੀ।

"ਜਾਨਤੀ ਹੂੰ ਅੰਕਲ, ਪਰ ਕਹੀਂ ਦੇਖਾ ਨਹੀਂ। ਉਸ ਕੋ ਜਲਦੀ ਢੂੰਡੋ। ਉਸ ਦੀ ਮੰਮੀ ਰੋਤੀ ਹੋਗੀ। ਵੋਹ ਭੀ ਰੋਤਾ ਹੋਗਾ।" ਬੰਟੀ ਦੀ ਗੱਲ ਸੁਣ ਕੇ ਮਧੂ ਦੇ ਨਾਲ-ਨਾਲ ਉਸ ਤੋਂ ਵੱਡੀ ਅਨੂ ਨੇ ਵੀ ਅੱਖਾਂ ਭਰ ਲਈਆਂ।

ਬੱਚਿਆਂ ਦੀ ਪੁੱਛ-ਪੜਤਾਲ ਤੋਂ ਅਮੀ ਚੰਦ ਦਾ ਘਰ ਪੂਰਾ ਹੋ ਗਿਆ। ਹੋਰ ਕਿਸੇ ਕਮਰੇ ਦੀ ਛਾਣ-ਬੀਣ ਦੀ ਕੋਈ ਜ਼ਰੂਰਤ ਨਹੀਂ ਸੀ।

ਅਗਲੀ ਕੋਠੀ ਬੀ. ਐਂਡ ਆਰ. ਦੇ ਓਵਰਸੀਅਰ ਜੱਸਲ ਦੀ ਸੀ। ਉਸ ਨੇ ਵੀ ਲੋਹਾ ਅਤੇ ਸੀਮਿੰਟ ਥੋਕ ਦੇ ਭਾਅ ਹਜ਼ਮ ਕੀਤਾ ਸੀ। ਸਰਕਾਰੀ ਮਾਲ ਸਰਕਾਰੀ ਇਮਾਰਤਾਂ 'ਤੇ ਘੱਟ, ਉਸ ਦੀ ਕੋਠੀ ਵਿਚ ਸੰਗਮਰਮਰ ਅਤੇ ਪੱਥਰ ਇਉਂ ਲੱਗਿਆ ਸੀ ਜਿਵੇਂ ਠੂਲੀਵਾਲ ਵਾਲਾ ਸੇਠ ਹੋਵੇ। ਪੋਤੜੇ ਫਰੋਲੇ ਜਾਣ ਤਾਂ ਪਤਾ ਲੱਗੇਗਾ ਕਿ ਓਵਰਸੀਅਰ ਦਾ ਬਾਪ ਪੁਲਿਸ ਦੀ ਵਰਦੀ ਸਿਉਂ ਕੇ ਗੁਜ਼ਾਰਾ ਕਰਦਾ ਸੀ। ਰਾਮਗੜ੍ਹੀਆਂ ਦੀ ਦੁਕਾਨ ਅੱਗੇ ਅੱਡਾ ਲਾਉਂਦਾ ਸੀ। ਓਵਰਸੀਅਰ ਨੂੰ ਦਾਰੂ ਪੀਣ ਤੋਂ ਵਿਹਲ ਨਹੀਂ ਹੋਣੀ। ਸ਼ਰਾਬੀ ਨਾਲ ਮੱਥਾ ਲਾਉਣ ਦੀ ਅਮੀ ਚੰਦ ਕੋਲ ਵਿਹਲ ਨਹੀਂ।

ਅਮੀ ਚੰਦ ਦੀ ਲਾਲਾ ਛੱਜੂ ਰਾਮ ਦੇ ਮਹਿਲ ਵਿਚ ਝਾਤੀ ਮਾਰਨ ਦੀ ਤਮੰਨਾਂ ਸੀ। ਬੰਟੀ ਲਈ ਨਹੀਂ, ਸਗੋਂ ਉਸ ਮੈਖ਼ਾਨੇ ਨੂੰ ਦੇਖਣ ਲਈ ਜਿਸ ਲਈ ਇਹ ਕੋਠੀ ਮਸ਼ਹੂਰ ਸੀ। ਦੱਸਣ ਵਾਲੇ ਦੱਸਦੇ ਸਨ ਕਿ ਕੋਠੀ ਦੀ ਲਾਬੀ ਵਿਚ ਇਕ ਖੂੰਜੇ ਵਿਚ ਆਲੀਸ਼ਾਨ ਬਾਰ ਬਣੀ ਹੋਈ ਸੀ। ਦੇਸੀ ਵਿਦੇਸ਼ੀ ਹਰ ਤਰ੍ਹਾਂ ਦੀ ਵਿਸਕੀ ਸੱਜੀ ਰਹਿੰਦੀ ਸੀ। ਸ਼ਾਮ ਨੂੰ ਫ਼ਿਲਮੀ ਅੰਦਾਜ਼ ਵਿਚ ਇਕ ਰਿਸੈਪਸ਼ਨਿਸਟ ਗਲਾਸ ਸਰਵ ਕਰਦੀ ਸੀ। ਹਫ਼ਤੇ ਵਿਚ ਘੱਟੋ-ਘੱਟ ਦੋ ਵਾਰ ਕਿੱਟੀ ਪਾਰਟੀ ਜ਼ਰੂਰ ਹੁੰਦੀ ਹੈ। ਡਾਂਸ ਹੁੰਦਾ ਅਤੇ ਮੌਜ-ਮੇਲਾ ਵੀ। ਜਿੰਨੀ ਦੇਰ ਅਮੀ ਚੰਦ ਸ਼ਹਿਰ ਵਿਚ ਲੱਗਾ ਹੋਵੇ, ਉੱਨੀ ਦੇਰ ਇਹ ਬਾਰ ਬੰਦ ਰਹਿੰਦੀ ਹੈ। ਵਿਸਕੀ ਦੀ ਥਾਂ ਜੂਸ ਸਰਵ ਹੁੰਦਾ ਹੈ।

ਸਭ ਨੂੰ ਪਤਾ ਹੈ, ਅਮੀ ਚੰਦ ਸ਼ਰਾਬ ਨੂੰ ਸਖ਼ਤ ਨਫ਼ਰਤ ਕਰਦਾ ਹੈ। ਕਿਸੇ ਸ਼ਰਾਬੀ ਦੀ ਕੀ ਮਜਾਲ ਹੈ ਕਿ ਉਹ ਸ਼ਰਾਬ ਪੀ ਕੇ ਬਜ਼ਾਰ ਵਿਚ ਗੇੜਾ ਦੇ ਦੇਵੇ ਜਾਂ ਫੇਰ ਲਲਕਾਰਾ ਮਾਰ ਜਾਵੇ। ਠੇਕੇਦਾਰਾਂ ਦੀ ਹਿੰਮਤ ਨਹੀਂ ਪੈਂਦੀ ਕਿ ਪੀਣ ਵਾਲੇ ਨੂੰ ਗਲਾਸ ਜਾਂ ਪਾਣੀ ਦੇ ਦੇਣ। ਨਹੀਂ ਤਾਂ ਠੇਕੇਦਾਰ ਠੇਕੇ ਨੂੰ ਅਹਾਤਾ ਹੀ ਬਣਾ ਲੈਂਦੇ ਹਨ। ਇਕ ਨੁੱਕਰ ਵਿਚ ਪਾਣੀ ਵਾਲਾ ਘੜਾ ਅਤੇ ਗਲਾਸ ਰੱਖ ਦਿੰਦੇ ਹਨ। ਹੋਰ ਨਹੀਂ ਤਾਂ ਸੁਬ੍ਹਾ ਤਕ ਚਾਲੀ-ਪੰਜਾਹ ਖ਼ਾਲੀ ਬੋਤਲਾਂ ਹੀ ਇਕੱਠੀਆਂ

ਹੋ ਜਾਣਗੀਆਂ। ਵੀਹ-ਤੀਹ ਰੁਪਏ ਵੀ ਵੱਟੇ ਗਏ ਤਾਂ ਨੌਕਰ ਦਾ ਖ਼ਰਚ ਨਿਕਲ ਜਾਏਗਾ। ਅਮੀ ਚੰਦ ਦੇ ਸ਼ਹਿਰ ਵਿਚ ਤਾਇਨਾਤ ਹੋਣ ਦੀ ਖ਼ਬਰ ਦੇ ਨਾਲ ਹੀ ਉਹ ਘੜੇ ਤੋੜ ਦਿੰਦੇ ਹਨ। ਦਹੀਂ-ਭੱਲੇ, ਪਕੌੜੇ ਅਤੇ ਮੱਛੀ ਦੀ ਰੇਹੜੀ ਲਾਉਣ ਵਾਲੇ ਵੀ ਜੱਗ-ਗਲਾਸ ਨੂੰ ਮੱਥਾ ਟੇਕ ਦਿੰਦੇ ਹਨ। ਦਸ-ਪੰਜ ਰੁਪਏ ਦਾ ਨੁਕਸਾਨ ਹੁੰਦਾ ਹੈ ਤਾ ਬੇਸ਼ੱਕ ਹੋ ਜਾਵੇ ਪਰ ਕਿਸੇ ਸ਼ਰਾਬੀ ਨੂੰ ਰੇਹੜੀ 'ਤੇ ਨਹੀਂ ਖੜਨ ਦਿੰਦੇ। ਸ਼ਰਾਬੀਆਂ ਨੂੰ ਅਮੀ ਚੰਦ ਚੌਕ ਵਿਚ ਹੀ ਨੰਗੇ ਕਰ-ਕਰ ਕੁੱਟਦਾ ਸੀ। ਧੀਆਂ-ਭੈਣਾਂ ਬੁਲਾ ਕੇ ਉਹਨਾਂ ਸਾਹਮਣੇ ਬੇਇਜ਼ਤੀ ਕਰਦਾ ਸੀ। ਇਸੇ ਲਈ ਛੱਜੂ ਮੱਲ ਦੀ ਬਾਰ ਵੀ ਬੰਦ ਹੋ ਜਾਂਦੀ ਸੀ।

ਅਮੀ ਚੰਦ ਨੂੰ ਕੋਠੀ ਵੱਲ ਆਉਂਦਾ ਦੇਖ ਕੇ ਗੇਟ 'ਤੇ ਖੜਾ ਚੌਂਕੀਦਾਰ ਅੰਦਰ ਵੱਲ ਦੌੜ ਗਿਆ।

ਬੈੱਲ ਖੜਕਾਈ ਤਾਂ ਪਿੱਛੇ ਨੂੰ ਮੁੜ ਪਿਆ। ਉਹਦੇ ਚਿਹਰੇ 'ਤੇ ਫ਼ਿਕਰ ਦੇ ਨਿਸ਼ਾਨ ਸਨ। ਉਸ ਦਾ ਦਮ ਚੜ੍ਹ ਗਿਆ ਸੀ।

"ਆਈਏ ਸਾਹਿਬ.....ਆਈਏ ਸਾਹਿਬ....." ਆਖਦਾ ਚੌਕੀਦਾਰ ਉਸ ਨੂੰ ਡਰਾਇੰਗ ਰੂਮ ਵੱਲ ਆਉਣ ਦਾ ਇਸ਼ਾਰਾ ਕਰਨ ਲੱਗਾ।

"ਲਾਲਾ ਜੀ ਕਿਥੇ ਨੇ ? ਉਹਨਾਂ ਨੂੰ ਬੁਲਾ। ਮੈਂ ਕੋਠੀ ਦੀ ਤਲਾਸ਼ੀ ਲੈਣੀ ਹੈ।" ਅਮੀ ਚੰਦ ਗਰਜਿਆ ਤਾਂ ਚੌਕੀਦਾਰ ਦੀਆਂ ਲੱਤਾਂ ਕੰਬਣ ਲੱਗੀਆਂ। ਉਹ ਅੰਦਰ ਜਾਵੇ ਜਾਂ ਨਾ, ਚੌਕੀਦਾਰ ਦੁਚਿੱਤੀ ਵਿਚ ਸੀ।

ਸੇਠ ਨੂੰ ਉਡੀਕਦਾ ਅਮੀ ਚੰਦ ਉਹਨਾਂ ਦਿਨਾਂ ਨੂੰ ਯਾਦ ਕਰਨ ਲੱਗਾ ਜਦੋਂ ਸੇਠ ਦਾ ਦੀਵਾਲਾ ਨਿਕਲਣ ਵਾਲਾ ਹੋ ਗਿਆ ਸੀ। ਉਸ ਸਮੇਂ ਇਹ ਕਪਾਹ ਦਾ ਕਾਰਖ਼ਾਨਾ ਚਲਾਉਂਦਾ ਸੀ। ਕਪਾਹ ਦੇ ਵੱਡੇ-ਵੱਡੇ ਭੰਡਾਰ ਖ਼ਰੀਦ ਲਏ। ਆਸ ਹੋਏਗੀ ਕਿ ਪਿਛਲੇ ਸਾਲ ਵਾਂਗ ਕਪਾਹ ਦੇ ਭਾਅ ਵਧਣਗੇ। ਮਾੜੀ ਕਿਸਮਤ ਨੂੰ ਭਾਅ ਹੇਠਾਂ ਹੀ ਹੇਠਾਂ ਜਾਂਦੇ ਰਹੇ। ਛੱਜੂ ਮੱਲ ਕੋਈ ਹੀਲਾ ਨਾ ਕਰਦਾ ਤਾਂ ਧੀਆਂ ਪੁੱਤ ਵੇਚ ਕੇ ਵੀ ਕਰਜ਼ ਨਹੀਂ ਸੀ ਲਹਿਣਾ।

ਯਾਰਾਂ ਦੋਸਤਾਂ ਵਿਚ ਬੈਠ ਕੇ ਰਾਏ-ਮਸ਼ਵਰਾ ਕੀਤਾ। ਇਕ ਦਾ ਸੁਝਾਅ ਸੀ ਕਿ ਕਾਰਖ਼ਾਨੇ ਦਾ ਪੰਜਾਹ ਲੱਖ ਦਾ ਬੀਮਾ ਕਰਾਇਆ ਜਾਵੇ। ਫੇਰ ਅੱਗ ਲਾ ਕੇ ਬੀਮੇ ਵਾਲਿਆਂ ਤੋਂ ਕਲੇਮ ਲਿਆ ਜਾਵੇ। ਕਰਜ਼ਾ ਲਾਹੁਣ ਦਾ ਇਹੋ ਇਕੋ-ਇਕ ਰਾਹ ਸੀ।

ਅਮੀ ਚੰਦ ਉਸ ਸਮੇਂ ਇਥੇ ਸਿਟੀ ਇੰਚਾਰਜ ਸੀ। ਰਾਤ ਦੇ ਦੋ ਵਜੇ ਸਾਰਾ ਸ਼ਹਿਰ ਜਗਮਗਾ ਉੱਠਿਆ। ਸ਼ਹਿਰ ਵਿਚ ਚੜ੍ਹਦੇ ਪਾਸੇ ਅਗਨੀ ਆਪਣਾ ਭਿਆਨਕ ਰੂਪ ਧਾਰਦੀ ਜਾ ਰਹੀ ਸੀ। ਘਬਰਾਏ ਅਮੀ ਚੰਦ ਨੇ ਐਸ.ਡੀ.ਐਮ. ਅਤੇ ਫ਼ਾਇਰ ਬ੍ਰਿਗੇਡ ਨਾਲ ਸੰਪਰਕ ਕੀਤਾ ਤਾਂ ਸਭ ਦੇ ਫ਼ੋਨ ਡੈੱਡ ਸਨ। ਪੁਲਿਸ ਨੂੰ ਵੀ ਕਿਸੇ ਨੇ ਅੱਗ ਲੱਗਣ ਦੀ ਇਤਲਾਹ ਨਹੀਂ ਸੀ ਦਿੱਤੀ। ਅਮੀ ਚੰਦ ਮੌਕੇ 'ਤੇ ਪੁੱਜਾ ਤਾਂ ਪਤਾ ਲੱਗਾ, ਲਾਲੇ ਦਾ ਕਾਰਖ਼ਾਨਾ ਜਲ ਰਿਹਾ ਸੀ। ਦੋ-ਚਾਰ ਮਜ਼ਦੂਰ ਬਾਲਟੀਆਂ ਨਾਲ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਗੁਆਂਢੀ ਜ਼ਰੂਰ ਲਟੋ ਪੀਂਘ ਹੋ ਰਹੇ ਸਨ। ਅੱਗ ਉਹਨਾਂ ਦੇ ਘਰਾਂ ਤਕ ਪਹੁੰਚ ਸਕਦੀ ਸੀ।

ਅਮੀ ਚੰਦ ਫ਼ਾਇਰ ਬ੍ਰਿਗੇਡ ਵੱਲ ਭੱਜਾ। ਉਹ ਪਹਿਲਾਂ ਹੀ ਖ਼ਰਾਬ ਸੀ। ਜਦੋਂ ਤਕ ਅੱਗ 'ਤੇ ਕਾਬੂ ਪਾਇਆ ਗਿਆ, ਸਾਰਾ ਕੁਝ ਸੁਆਹ ਹੋ ਚੁੱਕਾ ਸੀ।

ਸੁਬ੍ਹਾ ਲਾਲਾ ਜੀ ਰਿਪੋਰਟ ਦਰਜ ਕਰਾਉਣ ਆਏ। ਚਾਲੀ ਲੱਖ ਦੇ ਨੁਕਸਾਨ ਵਾਲੀ ਗੱਲ ਅਮੀ ਚੰਦ ਨੂੰ ਜਚੀ ਨਹੀਂ। ਉਹ ਸਾਰੀ ਰਾਤ ਉਥੇ ਹੀ ਰਿਹਾ ਸੀ। ਕਪਾਹ ਤਾਂ ਚਾਲੀ ਹਜ਼ਾਰ

ਦੀ ਵੀ ਨਹੀਂ ਜਲੀ ਹੋਣੀ। ਅਮੀ ਚੰਦ ਨੇ ਰਿਪੋਰਟ ਦਰਜ ਕਰਨੋਂ ਨਾਂਹ ਕਰ ਦਿੱਤੀ।

ਅਮੀ ਚੰਦ ਨੇ ਨਾਂਹ ਕੀਤੀ ਤਾਂ ਲਾਲੇ ਨੂੰ ਕੰਬਣੀ ਛਿੜ ਗਈ। ਉਸ ਨੇ ਐਸ.ਡੀ.ਐਮ. ਤੋਂ ਫ਼ੋਨ ਕਰਾਇਆ। ਖ਼ਾਲੀ ਚੈੱਕ ਭੇਜਿਆ। ਜਿੰਨੇ ਮਰਜ਼ੀ ਪੈਸੇ ਭਰ ਲਏ।

ਅਮੀ ਚੰਦ ਨੇ ਲਾਲੇ ਦੇ ਖ਼ਿਲਾਫ਼ ਕੇਸ ਦਰਜ ਕਰਨ ਦੀ ਧਮਕੀ ਦਿੱਤੀ। ਅੱਗਜ਼ਨੀ ਅਤੇ ਝੂਠੇ ਕਲੇਮ ਦਾ ਕੇਸ ਲਾਲੇ ਖ਼ਿਲਾਫ਼ ਬਣਦਾ ਸੀ।

ਇਸ ਤੋਂ ਪਹਿਲਾਂ ਕਿ ਅਮੀ ਚੰਦ ਕੋਈ ਕਾਰਵਾਈ ਕਰਦਾ, ਉਸ ਦੀ ਬਦਲੀ ਦੇ ਆਰਡਰ ਟੀ.ਪੀ.ਐਮ. ਰਾਹੀਂ ਉਸ ਨੂੰ ਨੋਟ ਕਰਾਏ ਗਏ। ਨਾਲ ਹੀ ਘੰਟੇ ਦੇ ਅੰਦਰ-ਅੰਦਰ ਚਾਰਜ ਦੇ ਕੇ ਲਾਈਨ ਹਾਜ਼ਰ ਹੋਣ ਦਾ ਹੁਕਮ ਵੀ ਸੀ। ਅਮੀ ਚੰਦ ਦਾ ਕੀ ਸੀ ? ਬੋਰੀਆ ਬਿਸਤਰ ਗੋਲ ਰੱਖਦਾ ਸੀ। ਚੁੱਕਿਆ ਅਤੇ ਲਾਈਨ ਹਾਜ਼ਰ ਹੋ ਗਿਆ।

ਉਸ ਦੀ ਗ਼ੈਰ-ਹਾਜ਼ਰੀ ਵਿਚ ਛੱਜੂ ਮੱਲ ਨੇ ਪੂਰੇ ਤੀਹ ਲੱਖ ਦਾ ਕਲੇਮ ਲਿਆ। ਉਸ ਸਮੇਂ ਦੇ ਲੱਗੇ ਪੈਰ ਮਜ਼ਬੂਤ ਹੁੰਦੇ ਜਾ ਰਹੇ ਹਨ।

ਕਈ ਸਾਲਾਂ ਬਾਅਦ ਉਹ ਉਸੇ ਛੱਜੂ ਮੱਲ ਦੇ ਦਰਸ਼ਨ ਕਰਨਾ ਚਾਹੁੰਦਾ ਸੀ।

ਛੱਜੂ ਮੱਲ ਮੱਥੇ ਲੱਗਣੋਂ ਡਰ ਰਿਹਾ ਸੀ। ਇਕ ਤਾਂ ਉਸ ਨੇ ਪੀ ਰੱਖੀ ਸੀ, ਦੂਜੇ ਅਮੀ ਚੰਦ ਦੀ ਬਦਲੀ ਕਰਾਉਣ ਕਰਕੇ ਉਹ ਨਮੋਸ਼ੀ ਮੰਨ ਰਿਹਾ ਸੀ। ਉਸ ਨੇ ਇਕੱਲੇ ਨੇ ਹੀ ਨਹੀਂ ਸੀ ਪੀਤੀ, ਸਗੋਂ ਸਾਰੇ ਗੁਆਂਢੀ ਬੁਲਾ ਲਏ ਸਨ। ਕਰਫ਼ਿਊ ਕਰਕੇ ਸਭ ਵਿਹਲੇ ਹੋ ਗਏ ਸਨ। ਉਸ ਨੇ ਸੋਚਿਆ ਵਧੀਆ ਸਮਾਂ ਲੰਘ ਜਾਏਗਾ। ਨਾਲੇ ਗੱਪ-ਸ਼ੱਪ ਕਰਨਗੇ ਨਾਲੇ ਹਵਾ ਪਿਆਜ਼ੀ ਹੋਣਗੇ। ਵਿਉਪਾਰ ਵਿਚ ਅਜਿਹੇ ਵਿਹਲੇ ਦਿਨ ਕਦੇ-ਕਦੇ ਹੀ ਮਿਲਦੇ ਹਨ। ਨਹੀਂ ਤਾਂ ਸਾਰਾ ਦਿਨ ਵਹੀ-ਖਾਤਿਆਂ ਨਾਲ ਮੱਥਾ ਮਾਰਦੇ ਰਹੋ। ਕੀ ਪਤਾ ਸੀ ਪੁਰਾਣੇ ਦੁਸ਼ਮਣ ਨੇ ਇਸੇ ਵਕਤ ਡੰਗ ਮਾਰਨਾ ਸੀ।

ਛੱਜੂ ਮੱਲ ਨੇ ਦੋਸਤਾਂ ਦੇ ਪੈਰ ਫੜੇ। ਉਹੋ ਅਮੀ ਚੰਦ ਦੀ ਮਿੰਨਤ ਕਰਨ। ਦੋਸਤ ਪਹਿਲਾਂ ਹੀ ਡੌਰ-ਭੌਰ ਹੋਏ ਬੈਠੇ ਸਨ। ਸਭ ਨੂੰ ਇੱਜ਼ਤ ਪਿਆਰੀ ਸੀ। ਸਭ ਦੜ ਵੱਟ ਕੇ ਬੈਠ ਗਏ। ਜੋ ਹੋਏਗਾ ਦੇਖੀ ਜਾਏਗੀ।

ਚੌਕੀਦਾਰ ਰਾਹੀਂ ਉਸ ਨੇ ਔਰਤਾਂ ਨੂੰ ਸੁਨੇਹਾ ਭੇਜਿਆ। ਉਹੋ ਅੱਗੇ ਹੋ ਕੇ ਤਲਾਸ਼ੀ ਕਰਵਾ ਦੇਣ। ਛੱਜੂ ਮੱਲ ਨੂੰ ਅਮੀ ਚੰਦ ਦੇ ਸਾਹਮਣੇ ਜਾਣਾ ਪਿਆ ਤਾਂ ਮੁੜ ਉਹ ਧੀਆਂ-ਭੈਣਾਂ ਅੱਗੇ ਖੜੋਨ ਜੋਗਾ ਨਹੀਂ ਰਹਿਣਾ। ਉਹ ਕਿਸੇ ਭੜੂਏ ਦੀ ਪਰਵਾਹ ਨਹੀਂ ਸੀ ਕਰਦਾ। ਇਕ ਵਾਰ ਐਮ.ਐਲ.ਏ. ਨੇ ਕਿਸੇ ਚੋਰ ਦੀ ਸਿਫ਼ਾਰਸ਼ ਕੀਤੀ ਤਾਂ ਉਸ ਨੂੰ ਪੈ ਨਿਕਲਿਆ। ਐਮ.ਐਲ.ਏ. ਉਸ ਨੂੰ ਕੋਠੀ ਬੁਲਾਉਣ ਦੀ ਗ਼ਲਤੀ ਕਰ ਬੈਠਾ ਸੀ। ਅਮੀ ਚੰਦ ਆਖਣ ਲੱਗਾ।

"ਜੇ ਮੈਨੂੰ ਕੋਠੀ ਕੰਮ ਹੋਇਆ, ਮੈਂ ਆ ਜਾਵਾਂਗਾ। ਜੇ ਤੈਨੂੰ ਕੰਮ ਹੈ ਤੂੰ ਆ ਜਾ। ਐਮ.ਐਲ.ਏ. ਹੋ ਕੇ ਚੋਰਾਂ ਦੀ ਮਦਦ ਕਰਦੇ ਨੂੰ ਸ਼ਰਮ ਨਹੀਂ ਆਉਂਦੀ ?" ਉਸ ਨੇ ਰੋਜ਼ਨਾਮਚੇ ਵਿਚ ਰਿਪੋਰਟ ਵੀ ਦਰਜ ਕਰ ਦਿੱਤੀ। ਐਮ.ਐਲ.ਏ. ਨੇ ਮੁੜ ਕੇ ਥਾਣੇ ਵੱਲ ਮੂੰਹ ਨਾ ਕੀਤਾ। ਲਾਲਾ ਕਿਸ ਦਾ ਵਿਚਾਰਾ ਸੀ।

ਅਮੀ ਚੰਦ ਸ਼ਰਾਬੀਆਂ ਦੀ ਪੜਤਾਲ ਕਰਨ ਨਹੀਂ ਸੀ ਆਇਆ। ਉਸ ਦਾ ਇਕੋ-ਇਕ ਮਕਸਦ ਬੰਟੀ ਸੀ। ਉਹ ਨਹੀਂ ਸੀ ਤਾਂ ਅਮੀ ਚੰਦ ਦਾ ਕੋਠੀ 'ਚ ਰੁਕੇ ਰਹਿਣ ਦਾ ਵੀ ਮਤਲਬ ਨਹੀਂ ਸੀ।

ਕਬੂਤਰ ਆਖ਼ਰ ਕਿੰਨਾ ਕੁ ਚਿਰ ਅੱਖਾਂ ਮੀਚ ਕੇ ਬਿੱਲੀ ਤੋਂ ਬਚ ਸਕਦਾ ਹੈ। ਛੱਜੂ ਮੱਲ ਨੂੰ ਬਾਹਰ ਆਉਣਾ ਹੀ ਪਿਆ।

"ਬੰਟੀ ਦਾ ਕੋਈ ਥਹੁ ਪਤਾ ? ਕਿਤੇ ਉਸ ਦਾ ਵੀ ਬੀਮਾ ਤਾਂ ਨਹੀਂ ਕਰਾ ਦਿੱਤਾ ?" ਛੱਜੂ ਮੱਲ ਨੂੰ ਚਿੜਾਉਣ ਲਈ ਅਮੀ ਚੰਦ ਨੇ ਉਸ ਦੇ ਮੂੰਹ ਨੂੰ ਸੁੰਘਦਿਆਂ ਵਿਅੰਗ ਕੀਤਾ।

ਛੱਜੂ ਮੱਲ ਦੀਆਂ ਅੱਖਾਂ ਛਲਕ ਪਈਆਂ। ਉਸ ਦੀ ਗੋਗੜ ਇੰਨੀ ਵਧ ਗਈ ਸੀ ਕਿ ਯਤਨ ਕਰਨ 'ਤੇ ਵੀ ਉਹ ਅਮੀ ਚੰਦ ਦੇ ਗੋਡਿਆਂ ਵੱਲ ਨਾ ਝੁਕ ਸਕਿਆ।

ਅਮੀ ਚੰਦ ਨੇ ਗਹੁ ਨਾਲ ਤੱਕਿਆ। ਉਸ ਦੀ ਗੋਗੜ ਪਹਿਲਾਂ ਨਾਲੋਂ ਚਾਰ-ਪੰਜ ਇੰਚ ਹੋਰ ਬਾਹਰ ਨੂੰ ਆ ਗਈ ਸੀ। ਗਰਦਨ ਦੁਆਲੇ ਵੀ ਚਰਬੀ ਚੜ੍ਹ ਗਈ ਅਤੇ ਗੱਲ੍ਹਾਂ ਇੰਨੀਆਂ ਫੁੱਲ ਗਈਆਂ ਸਨ ਕਿ ਅੱਖਾਂ ਅੰਦਰ ਧਸ ਗਈਆਂ ਸਨ।

ਛੱਜੂ ਮੱਲ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਕਰਾ ਕੇ ਅਮੀ ਚੰਦ ਨੇ ਵਾਪਸੀ ਲਈ ਪਿੱਠ ਭੁਆਈ। ਖਾਣ-ਪੀਣ ਜਾਂ ਐਸ਼ ਲਈ ਅਮੀ ਚੰਦ ਕੋਲ ਵਕਤ ਨਹੀਂ ਸੀ। ਤੇਜ਼ ਕਦਮੀਂ ਉਹ ਕੋਠੀਉਂ ਬਾਹਰ ਹੋ ਗਿਆ।

ਹਵਾਲਦਾਰ ਦੀ ਕੋਠੀ ਓਵਰਸੀਅਰ ਦੀ ਕੋਠੀ ਨਾਲੋਂ ਘੱਟ ਨਹੀਂ ਸੀ। ਪਹਾੜ ਜਿੱਡੀ ਕੋਠੀ ਦੇਖ ਕੇ ਅਮੀ ਚੰਦ ਦੇ ਕਾਲਜੇ 'ਚ ਰੁੱਗ ਭਰਿਆ ਗਿਆ। ਜੇ ਕਿਧਰੇ ਆਦਰਸ਼ਵਾਦੀ ਬਣ ਕੇ ਉਸ ਨੇ ਸੰਤਾਂ ਅੱਗੇ ਪ੍ਰਣ ਨਾ ਲਿਆ ਹੁੰਦਾ ਕਿ ਉਹ ਉਮਰ ਭਰ ਰਿਸ਼ਵਤ ਨਹੀਂ ਲਏਗਾ ਤਾਂ ਅੱਜ ਅਮੀ ਚੰਦ ਵੀ ਲੱਖਾਂ ਦਾ ਮਾਲਕ ਹੁੰਦਾ। ਪੁਲਿਸ ਦਾ ਤਾਂ ਸਿਪਾਹੀ ਮਾਨ ਨਹੀਂ, ਉਹ ਤਾਂ ਇੰਸਪੈਕਟਰ ਹੈ। ਕਈ ਵਾਰ ਅਮੀ ਚੰਦ ਨੇ ਇਸ ਨੂੰ ਵਹਿਮ ਭਰਮ ਸਮਝ ਕੇ ਪੈਸੇ ਲੈਣ ਦੀ ਕੋਸ਼ਿਸ਼ ਵੀ ਕੀਤੀ। ਪਹਿਲੀ ਵਾਰ ਪੈਸੇ ਲੈ ਕੇ ਘਰ ਗਿਆ ਤਾਂ ਮੁੰਡਾ ਬੀਮਾਰੀ ਕਾਰਨ ਹੱਥਾਂ ਵਿਚ ਆਇਆ ਹੋਇਆ ਸੀ। ਕਿਸੇ ਦਵਾਈ ਦਾਰੂ ਨੇ ਅਸਰ ਨਾ ਕੀਤਾ। ਰਿਸ਼ਵਤ ਵਾਲੇ ਸਾਰੇ ਪੈਸੇ ਖ਼ਰਚ ਹੋਏ ਤਾਂ ਜਾ ਕੇ ਠੀਕ ਹੋਇਆ। ਅਮੀ ਚੰਦ ਨੇ ਫੇਰ ਕੰਨਾਂ ਨੂੰ ਹੱਥ ਲਾਏ। ਭੁੱਲ ਬਖ਼ਸ਼ਾਈ। ਦੁਬਾਰਾ ਹਿੰਮਤ ਕੀਤੀ ਤਾਂ ਉਹਦਾ ਆਪਣਾ ਐਕਸੀਡੈਂਟ ਹੋ ਗਿਆ। ਸਾਰਾ ਪੈਸਾ ਫੇਰ ਨਿਕਲ ਗਿਆ। ਹੱਡ-ਪੈਰ ਮੁਫ਼ਤ 'ਚ ਟੁੱਟੇ। ਮੁੜ ਪ੍ਰਣ ਤੋੜਨ ਦੀ ਹਿੰਮਤ ਨਹੀਂ ਪਈ। ਪਛਤਾਵਾ ਉਸ ਨੂੰ ਜ਼ਰੂਰ ਰਹਿੰਦਾ ਸੀ।

ਹਵਾਲਦਾਰ ਦੀ ਕੋਠੀ ਅੱਗੇ ਖੜੋਨ ਦੀ ਉਸ ਦੀ ਹਿੰਮਤ ਨਾ ਪਈ। ਭੁੱਜੇ ਕਾਲਜੇ ਨਾਲ ਉਹ ਅਗਾਂਹ ਵਧਿਆ।

ਅੱਗੇ ਸੁਖਦੇਵ ਸਿੰਘ ਡਾਕਟਰ ਦੀ ਨੇਮ ਪਲੇਟ ਚਮਕ ਰਹੀ ਸੀ। ਪਹਿਲਾਂ ਉਹ ਸਰਕਾਰੀ ਡਾਕਟਰ ਸੀ। ਦਵਾਈਆਂ ਵਿਚ ਤਾਂ ਹੇਰਾਫੇਰੀ ਕਰਦਾ ਹੀ ਸੀ, ਪੁਲਿਸ ਦੇ ਕੰਮਾਂ ਵਿਚ ਵੀ ਟੰਗ ਅੜਾ ਦਿੰਦਾ। ਜਦੋਂ ਮਰਜ਼ੀ ਚੌਵੀ ਦੀ ਛੱਬੀ ਅਤੇ ਛੱਬੀ ਦੀ ਤਿੰਨ ਸੌ ਸੱਤ ਬਣਵਾ ਲਓ। ਇਕ ਵਾਰ ਮਰਨ ਵਾਲੇ ਦਾ ਵਿਸਰਾ ਹੀ ਬਦਲ ਦਿੱਤਾ। ਬੁੱਢਾ ਲੜਾਈ ਵਿਚ ਲੱਗੇ ਜ਼ਖ਼ਮਾਂ ਦੀ ਤਾਬ ਨਾ ਝੱਲਦਾ ਚੱਲ ਵੱਸਿਆ ਸੀ। ਪੁਲਿਸ ਨੇ ਕੇਸ ਇਸੇ ਤਰ੍ਹਾਂ ਬਣਾਇਆ। ਪਰ ਇਸ ਮਾਂ ਦੇ ਸ਼ੇਰ ਨੇ ਵਿਸਰੇ ਨੂੰ ਟੈਸਟ ਲਈ ਭੇਜਣ ਤੋਂ ਪਹਿਲਾਂ ਉਸ ਵਿਚ ਜ਼ਹਿਰ ਮਿਲਾ ਦਿੱਤੀ। ਰਿਪੋਰਟ ਆਈ ਤਾਂ ਮੁਕੱਦਮੇ ਦੀ ਰੂਪ-ਰੇਖਾ ਹੀ ਬਦਲ ਗਈ। ਰਿਪੋਰਟ ਮੁਤਾਬਕ ਬੁੱਢਾ ਜ਼ਹਿਰ ਖਾਣ ਕਰਕੇ ਮਰਿਆ ਸੀ। ਅਮੀ ਚੰਦ ਨੂੰ ਭਾਜੜਾਂ ਪੈ ਗਈਆਂ। ਉਸ ਨੂੰ ਮਹਿਕਮੇ ਨੇ ਨਹੀਂ ਸੀ ਛੱਡਣਾ।

ਅਮੀ ਚੰਦ ਨੇ ਡਾਕਟਰ ਦੀ ਖਿਚਾਈ ਕੀਤੀ ਤਾਂ ਉਹ ਮੁਆਫ਼ੀਆਂ ਮੰਗਣ ਲੱਗਾ। ਮੁੜ ਕੇ ਨਵੀਂ ਰਿਪੋਰਟ ਬਣਾਈ। ਥੋੜ੍ਹੇ ਦਿਨਾਂ ਬਾਅਦ ਦਵਾਈਆਂ ਗ਼ਬਨ ਕਰਨ ਦੇ ਕੇਸ ਵਿਚ ਫਸ ਗਿਆ। ਮੁਅੱਤਲ ਹੋ ਕੇ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ ਲਈ। ਅਜਿਹਾ ਕੰਮ ਚੱਲਿਆ ਕਿ ਤਿੰਨ-ਮੰਜ਼ਲਾ ਹਸਪਤਾਲ ਬਣਾ ਗਿਆ। ਪੰਜ ਸੌ ਰੁਪਿਆ ਹਫ਼ਤਾ ਇਕ ਬੈੱਡ ਦਾ ਕਿਰਾਇਆ ਲੈਂਦਾ ਹੈ।

ਬੈੱਲ ਖੜਕਾਈ ਤਾਂ ਘਰ ਕੋਈ ਨਹੀਂ ਸੀ। ਸਾਰਾ ਟੱਬਰ ਮਨਾਲੀ ਸੈਰ ਲਈ ਗਿਆ ਹੋਇਆ ਸੀ।

ਅਗਲੀ ਕੋਠੀ ਸੱਤਪਾਲ ਦੀ ਸੀ। ਉਹੋ ਸੱਤਪਾਲ ਜਿਹੜਾ ਸ਼ੈਲਰਾਂ ਵਿਚ ਮੁਨੀਮੀ ਕਰਦਾ-ਕਰਦਾ ਸ਼ੈਲਰ ਮਾਲਕ ਬਣ ਗਿਆ। ਚੰਗੇ ਪੈਸੇ ਬਣੇ ਤਾਂ ਪੈਸੇ ਹਜ਼ਮ ਕਰਨੇ ਔਖੇ ਹੋ ਗਏ। ਫੂਡ ਸਪਲਾਈ ਅਤੇ ਐਫ਼.ਸੀ.ਆਈ. ਦੇ ਇੰਸਪੈਕਟਰਾਂ ਨਾਲ ਮਿਲ ਕੇ ਲੁਧਿਆਣੇ ਜਾਣ ਲੱਗਾ। ਹੋਟਲਾਂ ਵਿਚ ਕਾਲ-ਗਰਲਜ਼ ਨਾਲ ਰੰਗ-ਰਲੀਆਂ ਮਨਾਉਣ ਲੱਗਾ। ਨਖ਼ਰੇ ਵਾਲੀਆਂ ਔਰਤਾਂ ਸਾਹਮਣੇ ਉਸ ਨੂੰ ਆਪਣੀ ਪਤਨੀ ਮੋਟੀ, ਕਾਲੀ ਅਤੇ ਉਜੱਡ ਨਜ਼ਰ ਆਉਣ ਲੱਗੀ। ਆਏ ਦਿਨ ਉਸ ਤੋਂ ਛੁਟਕਾਰਾ ਪਾਉਣ ਦੀਆਂ ਤਰਕੀਬਾਂ ਸੋਚਦਾ ਰਹਿੰਦਾ। ਆਖ਼ਰ ਉਹੋ ਤਰਕੀਬ ਸੁੱਝੀ, ਜਿਹੜੀ ਇਹੋ ਜਿਹੇ ਬੰਦੇ ਨੂੰ ਸੁੱਝ ਸਕਦੀ ਹੈ। ਸਟੋਵ ਦੇਵਤੇ ਦੀ ਕਿਰਪਾ।

ਸਟੋਵ ਦੇਵਤੇ ਦੀ ਕਿਰਪਾ ਤਾਂ ਹੋਈ ਪਰ ਪੰਡਤ ਅਮੀ ਚੰਦ ਦੀ ਨਹੀਂ। ਸਟੋਵ ਨੇ ਤਾਂ ਸੱਤਪਾਲ ਦੀ ਪਤਨੀ ਸ਼ੀਲਾ ਨੂੰ ਜਲਾ ਕੇ ਮਾਰ ਦਿੱਤਾ, ਪਰ ਅਮੀ ਚੰਦ ਇਸ ਨੂੰ ਮਹਿਜ਼ ਇਕ ਹਾਦਸਾ ਮੰਨਣ ਲਈ ਤਿਆਰ ਨਹੀਂ ਸੀ। ਸੱਤਪਾਲ ਨੇ ਆਪਣੇ ਹੱਥ ਦਿਖਾਵੇ ਲਈ ਜਲਾਏ ਸਨ। ਰਸੋਈ ਜਿਥੇ ਉਸ ਦੀ ਪਤਨੀ ਸੜੀ ਸੀ, ਸਾਰੀ ਕਹਾਣੀ ਸੱਚ-ਸੱਚ ਆਖ ਰਹੀ ਸੀ। ਰਸੋਈ ਦੀਆਂ ਚਾਰ ਕੰਧਾਂ ਤਾਂ ਧੂਏ ਨਾਲ ਕਾਲੀਆਂ ਹੋ ਗਈਆਂ ਪਰ ਜਿਥੇ ਸ਼ੀਲਾ ਮਰੀ ਸੀ ਉਥੇ ਧੂੰਆਂ ਨਹੀਂ ਸੀ ਪਹੁੰਚ ਸਕਿਆ। ਸ਼ੀਲਾ ਨੂੰ ਅਚਾਨਕ ਅੱਗ ਲੱਗੀ ਹੁੰਦੀ ਤਾਂ ਉਹ ਤੜਫਦੀ, ਰੋਂਦੀ ਕੁਰਲਾਂਦੀ ਅਤੇ ਇਧਰ-ਉਧਰ ਦੌੜਨ ਦੀ ਕੋਸ਼ਿਸ਼ ਕਰਦੀ। ਉਹ ਮੱਚ ਜਾਣ ਲਈ ਚੁੱਪ ਕਰ ਕੇ ਕੰਧ ਨਾਲ ਨਾ ਬੈਠ ਜਾਂਦੀ। ਕੰਧ ’ਤੇ ਬੜੀ ਸ਼ੀਲਾ ਦੀ ਤਸਵੀਰ ਦੱਸਦੀ ਸੀ, ਅੱਗ ਲਾਉਣ ਤੋਂ ਪਹਿਲਾਂ ਹੀ ਉਸ ਨੂੰ ਮਾਰ ਦਿੱਤਾ ਗਿਆ ਸੀ। ਉਸ ਦੀ ਮ੍ਰਿਤਕ ਦੇਹ ਨੂੰ ਕੰਧ ਨਾਲ ਟਿਕਾ ਕੇ ਪਿੱਛੋਂ ਅੱਗ ਲਾਈ ਗਈ ਸੀ। ਸੱਤਪਾਲ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਲਈ ਇੰਨਾ ਸਬੂਤ ਹੀ ਕਾਫ਼ੀ ਸੀ। ਦੋ ਥੱਪੜ ਪਏ ਤਾਂ ਸੱਤਪਾਲ ਨੇ ਸਭ ਕੁਝ ਦੱਸ ਦਿੱਤਾ। ਨਵੀਂ ਬਹੂ ਦੇ ਚਾਅ ਵਿਚ ਉਹ ਪਹਿਲੀ ਨੂੰ ਅੱਗ ਲਾ ਬੈਠਾ ਸੀ।

ਅਮੀ ਚੰਦ ਨੇ ਪੂਰੀ ਮਿਹਨਤ ਨਾਲ ਸਬੂਤ ਇਕੱਠੇ ਕੀਤੇ ਸਨ। ਅਦਾਲਤ ਜੇ ਚਸ਼ਮਦੀਦ ਗਵਾਹਾਂ ਬਿਨਾਂ ਕਿਸੇ ਨੂੰ ਸਜ਼ਾ ਨਹੀਂ ਕਰ ਸਕਦੀ ਤਾਂ ਅਮੀ ਚੰਦ ਕੀ ਕਰੇ ? ਕੁੜੀ ਦੇ ਗ਼ਰੀਬ ਮਾਪਿਆਂ ਤੋਂ ਪੂਰੀ ਪੈਰਵਾਈ ਨਾ ਹੋ ਸਕੀ। ਉਹ ਬਾ-ਇੱਜ਼ਤ ਬਰੀ ਹੋ ਕੇ ਘਰ ਨੂੰ ਆ ਗਿਆ।

ਸੱਤਪਾਲ ਦੀ ਇੱਛਾ ਪੂਰੀ ਹੋ ਗਈ। ਉਸ ਨੇ ਸੱਚਮੁੱਚ ਹੀ ਪਰੀ ਵਰਗੀ ਕੁੜੀ ਵਿਆਹ ਕੇ ਲਿਆਂਦੀ।

ਅਮੀ ਚੰਦ ਦੀ ਤਮੰਨਾ ਸੀ ਕਿ ਉਸ ਪਰੀ ਵਰਗੀ ਕੁੜੀ ਦਾ ਦੀਦਾਰ ਕਰੇ। ਪਰ ਅਮੀ ਚੰਦ ਸੱਤਪਾਲ ਅੱਗੇ ਹਾਰਿਆ-ਹਾਰਿਆ ਮਹਿਸੂਸ ਕਰ ਰਿਹਾ ਸੀ। ਪੂਰੇ ਯਤਨਾਂ ਦੇ ਬਾਵਜੂਦ ਵੀ ਉਹ ਸੱਤਪਾਲ ਨੂੰ ਸਜ਼ਾ ਨਹੀਂ ਸੀ ਕਰਾ ਸਕਿਆ। ਸੱਤਪਾਲ ਦਾ ਦਰਵਾਜ਼ਾ ਖੜਕਾਉਣ ਨੂੰ ਉਸ ਦਾ ਦਿਲ ਨਾ ਹੀ ਮੰਨਿਆ।

ਸੂਰਜ ਦੇਵਤਾ ਆਪਣੇ ਆਖ਼ਰੀ ਬਾਣ ਵਰਸਾ ਰਿਹਾ ਸੀ।

ਅਮੀ ਚੰਦ ਕੋਠੀਆਂ ਦੇ ਗੇਟਾਂ ’ਤੇ ਲਟਕਦੀਆਂ ਨੇਮ ਪਲੇਟਾਂ ਘੋਖਦਾ ਰਿਹਾ ਅਤੇ ਕਿਸੇ-ਕਿਸੇ ਕੋਠੀ ਵਿਚੋਂ ਥੋੜ੍ਹੀ-ਬਹੁਤ ਪੁੱਛ-ਪੜਤਾਲ ਕਰ ਕੇ ਅੱਗੇ ਵਧਦਾ ਰਿਹਾ। ਮੌਜ-ਮਸਤੀ ਕਰ ਰਹੀ ਇਸ ਕਲੋਨੀ ਨੂੰ ਕੀ ਜ਼ਰੂਰਤ ਸੀ, ਉਹ ਬੰਟੀ ਵਰਗੇ ਝੰਜਟਾਂ ਵਿਚ ਪਏ।

ਆਖ਼ਰੀ ਕੋਠੀ ਬਾਬੂ ਕਾਂਸ਼ੀ ਰਾਮ ਦੀ ਸੀ। ਉਹ ਇਕ ਅਜਿਹਾ ਸਿਆਸਤਦਾਨ ਸੀ ਜਿਸ ਦੀ ਕਦੇ ਮੁੱਖ ਮੰਤਰੀ ਜਿੰਨੀ ਚੜ੍ਹਤ ਰਹੀ ਸੀ। ਸਮੇਂ ਨੇ ਉਸ ਦਾ ਸਾਥ ਨਾ ਦਿੱਤਾ। ਸਿਆਸੀ ਉਥਲ-ਪੁਥਲ ਵਿਚ ਉਹ ਘਬਰਾ ਗਿਆ। ਧੜਾਧੜ ਪਾਰਟੀਆਂ ਬਦਲਦਾ ਰਿਹਾ। ਨਤੀਜੇ ਵਜੋਂ ਨਾ ਘਰ ਦਾ ਰਿਹਾ, ਨਾ ਘਾਟ ਦਾ।

ਮਜਬੂਰ ਹੋਇਆ ਹੁਣ ਚੁੱਪ ਧਾਰੀ ਬੈਠਾ ਹੈ। ਕਦੇ-ਕਦੇ ਦੌਰਾ ਪੈਣ ਵਾਲਿਆਂ ਵਾਂਗ ਲੋਕਾਂ ਵਿਚ ਮੁੜ ਆਉਣ ਦੀ ਕੋਸ਼ਿਸ਼ ਕਰਦਾ ਹੈ। ਥੋੜ੍ਹੀ ਜਿਹੀ ਥਾਂ ਬਣਦੀ ਹੈ ਤਾਂ ਮੁੜ ਗ਼ਲਤੀ ਕਰ ਬੈਠਦਾ ਹੈ। ਮੁੜ ਰਾਜਕੁਮਾਰੀ ਤੋਂ ਚੂਹੀ ਬਣਨ ਵਾਲੀ ਕਹਾਣੀ ਸੱਚੀ ਹੋ ਜਾਂਦੀ ਹੈ।

ਈਰਖਾ 'ਚ ਜਲਦੇ ਕਾਂਸ਼ੀ ਰਾਮ ਨੇ ਬੰਟੀ ਵਾਲੀ ਗ਼ਲਤੀ ਕਰ ਲਈ ਹੋਵੇ ਤਾਂ ਇਹ ਵੱਡੀ ਗੱਲ ਨਹੀਂ ਸੀ। ਉਹ ਰਾਮ ਲੀਲ੍ਹਾ ਕਮੇਟੀ ਤੋਂ ਲੈ ਕੇ ਗੀਤਾ ਭਵਨ ਤਕ ਹਰ ਸੰਸਥਾ ਵਿਚ ਟੰਗ ਅੜਾਉਣ ਦੀ ਤਾਕ ਵਿਚ ਸੀ, ਕਿਧਰੇ ਨਮੋਸ਼ੀ ਦਾ ਮੂੰਹ ਦੇਖਣਾ ਪਿਆ ਹੋਵੇ ਅਤੇ ਉਸ ਨੇ ਆਪਣੀ ਮੋਟੀ ਬੁੱਧੀ ਨਾਲ ਕੋਈ ਗ਼ਲਤ ਫ਼ੈਸਲਾ ਲੈ ਲਿਆ ਹੋਵੇ।

ਚਾਰਾਂ ਸਿਪਾਹੀਆਂ ਨੂੰ ਕੋਠੀ ਦੇ ਚਾਰਾਂ ਖੂੰਜਿਆਂ ਵਿਚ ਪੋਜ਼ੀਸ਼ਨਾਂ ਲੈਣ ਦਾ ਹੁਕਮ ਹੋਇਆ। ਆਪਣੇ ਰਿਵਾਲਵਰ ਨੂੰ ਹੱਥ ਵਿਚ ਫੜ ਕੇ ਅਤੇ ਹੌਲਦਾਰ ਦੀ ਬੰਦੂਕ ਲੋਡ ਕਰਾ ਕੇ ਉਸ ਨੇ ਬੈੱਲ ਖੜਕਾਈ।

ਕਾਂਸ਼ੀ ਰਾਮ ਲਾਅਨ ਵਿਚ ਟਹਿਲ ਰਿਹਾ ਸੀ। ਮੇਜ਼ 'ਤੇ ਪਏ ਟੇਪ-ਰਿਕਾਰਡਰ 'ਤੇ ਵੱਜ ਰਹੀ ਕੋਈ ਵਿਦੇਸ਼ੀ ਧੁਨ ਮਾਹੌਲ ਨੂੰ ਸੁਖਾਵਾਂ ਬਣਾ ਰਹੀ ਸੀ।

ਕੋਈ ਗੰਦਾ ਗੀਤਾ ਹੁੰਦਾ ਤਾਂ ਅਮੀ ਚੰਦ ਨੇ ਟੇਪ-ਰਿਕਾਰਡਰ ਦੇ ਟੁਕੜੇ-ਟੁਕੜੇ ਕਰ ਦੇਣੇ ਸਨ। ਅਸ਼ਲੀਲ ਗੀਤਾਂ ਨਾਲ ਅਮੀ ਚੰਦ ਨੂੰ ਪਾਗ਼ਲਪਨ ਦੀ ਹੱਦ ਤਕ ਨਫ਼ਰਤ ਸੀ। ਜਿਥੇ ਵੀ ਜਾਂਦਾ, ਪਹਿਲਾਂ ਟੇਪਾਂ ਤੇ ਟਰੱਕਾਂ ਵਾਲਿਆਂ ਨੂੰ ਗੰਦੀਆਂ ਟੇਪਾਂ ਖੂਹ ਵਿਚ ਸੁੱਟਣ ਦਾ ਹੁਕਮ ਦਿੰਦਾ। ਹੁਕਮ ਅਦੂਲੀ ਅਕਸਰ ਟਰੱਕਾਂ ਵਾਲੇ ਕਰਦੇ। ਕੋਈ ਹੋਰ ਬਹਾਨਾ ਲੱਭ ਕੇ ਹੜਤਾਲਾਂ ਕਰਦੇ, ਟਰੈਫ਼ਿਕ ਜਾਮ ਕਰਦੇ ਪਰ ਅਮੀ ਚੰਦ ਨੂੰ ਡਰਾ ਨਾ ਸਕਦੇ।

ਇਸ ਸੰਗੀਤ ਨਾਲ ਨਾ ਅਮੀ ਚੰਦ ਨੂੰ ਪਿਆਰ ਸੀ ਅਤੇ ਨਾ ਹੀ ਨਫ਼ਰਤ।

ਪੁਲਿਸ ਨੂੰ ਕੋਠੀ ਵੱਲ ਵਧਦੀ ਦੇਖ ਕੇ ਕਾਂਸ਼ੀ ਰਾਮ ਖ਼ੁਦ ਗੇਟ ਖੋਲ੍ਹਣ ਆਇਆ।

ਇਕ ਉਹ ਵੀ ਜ਼ਮਾਨਾ ਸੀ, ਜਦੋਂ ਕਾਂਸ਼ੀ ਰਾਮ ਦੀ ਕੋਠੀ ਅੱਗੇ ਅਫ਼ਸਰਾਂ ਦੀ ਭੀੜ ਲੱਗੀ ਰਹਿੰਦੀ ਸੀ। ਆਈ.ਜੀ. ਤਕ ਨੂੰ ਘੰਟਾ-ਘੰਟਾ ਉਡੀਕਣਾ ਪੈਂਦਾ ਸੀ। ਉਸ ਸਮੇਂ ਗਿਆਨੀ ਜੀ ਮੁੱਖ ਮੰਤਰੀ ਸਨ। ਉਹ ਕਾਂਸ਼ੀ ਰਾਮ ਦੇ ਲੰਗੋਟੀਏ ਯਾਰ ਸਨ। ਗਿਆਨੀ ਜੀ ਵੀ ਆਸ਼ਕ ਮਿਜਾਜ਼ ਸਨ ਅਤੇ ਕਾਂਸ਼ੀ ਰਾਮ ਵੀ। ਮੁੱਖ ਮੰਤਰੀ ਬਣੇ ਤਾਂ ਗਿਆਨੀ ਜੀ ਨੇ ਕਾਂਸ਼ੀ ਰਾਮ ਦੇ ਰੱਜ ਕੇ ਕੰਮ ਕੀਤੇ। ਬਦਲੀਆਂ, ਭਰਤੀਆਂ, ਕੋਟੇ ਅਤੇ ਲਾਇਸੈਂਸ ਸਭ ਇਸ਼ਾਰੇ ਨਾਲ ਹੋ ਜਾਂਦੇ।

ਦਿਨਾਂ ਵਿਚ ਸ਼ਹਿਰ ਦੇ ਲਹਿੰਦੇ ਪਾਸੇ ਇਕ ਬਹੁਤ ਵੱਡਾ ਪੋਲਟਰੀ ਫ਼ਾਰਮ ਉਸਰ ਗਿਆ। ਐਗਰੋ ਇੰਡਸਟਰੀ ਲਈ ਉਹਨਾਂ ਨੂੰ ਜ਼ਮੀਨ ਸਰਕਾਰ ਨੇ ਖ਼ਰੀਦ ਕੇ ਦਿੱਤੀ। ਧਾਗਾ ਮਿੱਲ ਲੱਗ ਗਈ। ਕੀੜੇ ਮਾਰ ਦਵਾਈਆਂ ਦੇ ਕਾਰਖ਼ਾਨੇ ਦੇ ਲਾਇਸੈਂਸ ਮਿਲ ਗਏ। ਪਿੰਡ ਦੇ ਮੁੰਡੇ ਪੁਲਿਸ 'ਚ ਭਰਤੀ ਹੋਣ ਲੱਗੇ ਅਤੇ ਸ਼ਹਿਰਾਂ ਦੇ ਫੂਡ ਸਪਲਾਈ ਵਿਚ। ਕਿਸੇ ਨੂੰ ਸੋਹਣੇ ਘਿਓ ਦੀ ਏਜੰਸੀ ਲੈ ਦਿੱਤੀ, ਕਿਸੇ ਨੂੰ ਮਾਰਕਫੈੱਡ ਖਾਦ ਦੀ। ਸਭ ਵਿਚ ਕਾਂਸ਼ੀ ਰਾਮ ਦਾ ਲੁਕਵਾਂ ਹਿੱਸਾ ਹੁੰਦਾ ਸੀ।

ਕਾਂਸ਼ੀ ਰਾਮ ਨੇ ਕਈਆਂ ਨੂੰ ਸਿਆਸਤ ਵਿਚ ਲਿਆਂਦਾ। ਕਿਸੇ ਨੂੰ ਬਲਾਕ ਦਾ ਪ੍ਰਧਾਨ ਬਣਾਇਆ, ਕਿਸੇ ਨੂੰ ਜ਼ਿਲ੍ਹੇ ਦੇ ਯੂਥ ਵਿੰਗ ਦਾ। ਕੋਈ ਆਖਦਾ ਸ਼ਰਮੇ ਦੀ ਪਤਨੀ 'ਤੇ ਉਸ ਦੀ ਅੱਖ ਹੈ। ਕੋਈ ਆਖਦਾ ਵਕੀਲਨੀ ਉਹਦੇ ਨਾਲ ਰਹਿੰਦੀ ਹੈ। ਕੁਝ ਵੀ ਸੀ, ਉਸ ਨੇ ਕਈ ਔਰਤਾਂ ਨੂੰ ਵੀ ਸਿਆਸਤ ਵਿਚ ਲਿਆਂਦਾ ਸੀ। ਉਸ ਵਿਚ ਕੁਝ ਗਿਆਨੀ ਜੀ ਦੇ ਵੀ ਨੇੜੇ ਹੋ ਗਈਆਂ ਸਨ। ਉਹ ਸਿਧੀਆਂ ਕੰਮ ਕਰਾ ਲਿਆਉਂਦੀਆਂ ਸਨ।

ਭੈੜੇ ਦਿਨ ਕਿਹੜਾ ਪੁੱਛ ਕੇ ਆਉਂਦੇ ਹਨ। ਐਮਰਜੈਂਸੀ ਬਾਅਦ ਜਦੋਂ ਚੋਣਾਂ ਹੋਈਆਂ ਤਾਂ ਕਾਂਗਰਸ ਦਾ ਮਹਿਲ ਢੇਰੀ ਹੋ ਗਿਆ।

ਕਾਂਸ਼ੀ ਰਾਮ ਨੇ ਕਦੇ ਸੁਫ਼ਨੇ ਵਿਚ ਵੀ ਨਹੀਂ ਸੋਚਿਆ ਹੋਣਾ ਕਿ ਕਦੇ ਉਸ ਦਾ ਪੁਰਾਣਾ ਰਿਕਾਰਡ ਵੀ ਫਰੋਲਿਆ ਜਾਏਗਾ।

ਜਵਾਨੀ ਸਮੇਂ ਉਹ ਇਕ ਪੇਂਡੂ ਹਟਵਾਣੀਆ ਸੀ। ਪਹਿਲੀ ਪਤਨੀ ਬੀਮਾਰ ਰਹਿੰਦੀ ਸੀ। ਇਲਾਜ ਲਈ ਪੈਸਾ ਨਹੀਂ ਸੀ। ਕਾਂਸ਼ੀ ਰਾਮ ਨੇ ਸਰਕਾਰ ਪਾਸੋਂ ਸਹਾਇਤਾ ਲੈਣ ਲਈ ਕਦੇ ਅਰਜ਼ੀ ਦਿੱਤੀ ਸੀ। ਕਿਸੇ ਕਲਰਕ ਨੇ ਕਾਂਸ਼ੀ ਰਾਮ ਨਾਲ ਅਜਿਹੀ ਖੁੰਦਕ ਖਾਧੀ ਕਿ ਉਸ ਅਰਜ਼ੀ ਦੀਆਂ ਫ਼ੋਟੋਆਂ ਕਰਵਾ ਕੇ ਜਨਤਾ ਪਾਰਟੀ ਵਾਲਿਆਂ ਨੂੰ ਦੇ ਦਿੱਤੀਆਂ। ਜਨਤਾ ਪਾਰਟੀ ਨੇ ਰਾਈ ਦਾ ਪਹਾੜ ਬਣਾ ਦਿੱਤਾ।ਥਾਂ-ਥਾਂ ਪੋਸਟਰ ਲੱਗ ਪਏ। ਉਸ ਦੀ ਦੌਲਤ ਦੀ ਪੜਤਾਲ ਦੀ ਮੰਗ ਹੋਣ ਲੱਗੀ।

ਉਹ ਭੁੱਖਾ ਮਰਦਾ ਕਾਂਗਰਸ ਪਾਰਟੀ ਦੇ ਦਫ਼ਤਰ ਵਿਚ ਕਲਰਕੀ ਕਰਨ ਚੰਡੀਗੜ੍ਹ ਗਿਆ ਸੀ। ਕਦੇ ਕਿਸੇ ਵੱਡੇ ਅਹੁਦੇ ’ਤੇ ਨਹੀਂ ਰਿਹਾ। ਇਹ ਸਾਰੀ ਜਾਇਦਾਦ ਕਿਥੋਂ ਬਣੀ ?

ਪਰਚਾ ਦਰਜ ਹੋਇਆ। ਗ੍ਰਿਫ਼ਤਾਰ ਹੋਇਆ। ਧੂਹ-ਘੜੀਸ ਹੋਈ। ਡਰਦੇ ਨੇ ਸਾਰੇ ਪੈਸੇ ਦੇ ਦਿੱਤੇ। ਗਿਆਨੀ ਜੀ ਦੇ ਖ਼ਿਲਾਫ਼ ਹਲਫ਼ੀਆਂ ਬਿਆਨ ਵੀ ਦੇ ਬੈਠਾ ਅਤੇ ਕਮਿਸ਼ਨ ਅੱਗੇ ਗਵਾਹੀ ਵੀ। ਉਸ ਸਮੇਂ ਕਿਸ ਨੂੰ ਪਤਾ ਸੀ ਕਿ ਗਿਆਨੀ ਜੀ ਮੁੜ ਇਥੋਂ ਤਕ ਪਹੁੰਚ ਜਾਣਗੇ।

ਗਿਆਨੀ ਜੀ ਖਿਝ ਗਏ। ਕਈ ਵਾਰ ਕਾਂਸ਼ੀ ਰਾਮ ਨੇ ਮਿੰਨਤ-ਤਰਲਾ ਕੀਤਾ। ਉਹਨਾਂ ਕਾਂਸ਼ੀ ਰਾਮ ਨੂੰ ਮੁਆਫ਼ ਨਹੀਂ ਕੀਤਾ। ਜਿਹੜਾ ਭੀੜ ਪੈਣ ’ਤੇ ਸਾਥ ਨਹੀਂ ਦਿੰਦਾ, ਉਹ ਕਾਹਦਾ ਮਿੱਤਰ ਹੋਇਆ ? ਹੋਰ ਪਾਰਟੀਆਂ ਵਿਚ ਵੀ ਹੱਥ-ਪੈਰ ਮਾਰੇ। ਕਿਧਰੇ ਦਾਲ ਨਾ ਗਲੀ। ਹੰਭ ਕੇ ਬੈਠ ਗਿਆ। ਮੁੜ ਉਹ ਲੋਕਲ ਸਿਆਸਤ ਵਿਚ ਸਰਗਰਮ ਹੋਣ ਦੇ ਯਤਨਾਂ ਵਿਚ ਸੀ।

ਛੱਜੂ ਰਾਮ ਤੋਂ ਵੀਹ ਹਜ਼ਾਰ ਰੁਪਏ ਲੈ ਕੇ ਇਕ ਘੰਟੇ ਵਿਚ ਅਮੀ ਚੰਦ ਦੀ ਬਦਲੀ ਕਰਾਉਣ ਵਾਲੇ ਕਾਂਸ਼ੀ ਰਾਮ ਦੀ ਕੋਠੀ ਦਾ ਕੋਨਾ-ਕੋਨਾ ਉਸ ਨੇ ਛਾਣ ਸੁੱਟਿਆ। ਸਾਰੀ ਕੋਠੀ ਵਿਦੇਸ਼ੀ ਚੀਜ਼ਾਂ ਨਾਲ ਭਰੀ ਪਈ ਸੀ। ਅੰਡਰ-ਵੀਅਰ ਤੋਂ ਲੈ ਕੇ ਸਾੜ੍ਹੀਆਂ ਤਕ। ਲਾਈਟਰ ਤੋਂ ਲੈ ਕੇ ਗੀਜ਼ਰ ਤਕ, ਸਭ ਵਿਦੇਸ਼ੀ। ਪਤਾ ਨਹੀਂ ਉਸ ਨੇ ਕਿੰਨਾ ਕੁ ਪੈਸਾ ਕਮਾਇਆ ਸੀ ਕਿ ਇੰਨੇ ਸਾਲਾਂ ਬਾਅਦ ਵੀ ਖ਼ਤਮ ਹੋਣ ਵਿਚ ਨਹੀਂ ਸੀ ਆ ਰਿਹਾ। ਅਮੀ ਚੰਦ ਚਾਹੁੰਦਾ ਤਾਂ ਵਿਦੇਸ਼ੀ ਚੀਜ਼ਾਂ ਦੀਆਂ ਰਸੀਦਾਂ ਮੰਗ ਕੇ ਆਪਣੀ ਬਦਲੀ ਦਾ ਬਦਲਾ ਲੈ ਸਕਦਾ ਸੀ, ਪਰ ਉਸ ਨੇ ਇੰਝ ਨਾ ਕੀਤਾ। ਕਾਂਸ਼ੀ ਰਾਮ ਵਾਂਗ ਉਸ ਨੂੰ ਤਾਕਤ ਦਾ ਨਸ਼ਾ ਨਹੀਂ ਸੀ ਚੜ੍ਹਿਆ ਹੋਇਆ।

ਕਾਂਸ਼ੀ ਰਾਮ ਦੀ ਕੋਠੀ ’ਚ ਉਥਲ-ਪੁੱਥਲ ਕਰ ਕੇ ਬਾਹਰ ਨਿਕਲਦਾ ਅਮੀ ਚੰਦ ਪੂਰੀ ਤਰ੍ਹਾਂ ਖਿਝ ਚੁੱਕਾ ਸੀ। ਮਾਡਲ ਟਾਊਨ ਦੀਆਂ ਸਾਰੀਆਂ ਕੋਠੀਆਂ ਦੇ ਮਾਲਕ ਚੋਰ, ਠੱਗ ਅਤੇ ਲੁਟੇਰੇ ਸਨ। ਕੋਈ ਰਿਸ਼ਵਤਖ਼ੋਰ ਸੀ, ਕੋਈ ਟੈਕਸ ਚੋਰ ਅਤੇ ਕੋਈ ਬਲੈਕੀਆ। ਹੈਰਾਨੀ ਦੀ ਗੱਲ ਇਹ ਸੀ ਕਿ ਨਾ ਸਮਾਜ ਇਹਨਾਂ ਨੂੰ ਮੁਜਰਮ ਸਮਝਦਾ ਸੀ, ਨਾ ਕਾਨੂੰਨ। ਉਲਟਾ ਦੋਵੇਂ ਇਹਨਾਂ ਨੂੰ ਇੱਜ਼ਤ ਨਾਲ ਦੇਖਦੇ ਸਨ।

ਇਹਨਾਂ ਆਧੁਨਿਕ ਚੋਰਾਂ ਸਾਹਮਣੇ ਨਿਹੱਥਾ ਅਤੇ ਹਾਰਿਆ-ਹਾਰਿਆ ਮਹਿਸੂਸ ਕਰਦਾ ਅਮੀ ਚੰਦ ਅੱਗੇ ਤੁਰਨ ਵਿਚ ਔਖਿਆਈ ਮਹਿਸੂਸ ਕਰਨ ਲੱਗਾ।

ਉਦਾਸ-ਉਦਾਸ ਕਦਮ ਪੁੱਟਦਾ ਉਹ ਥਾਣੇ ਨੂੰ ਪਰਤ ਆਇਆ।

★

# 11

ਖ਼ਾਨ ਨੇ ਬੰਟੀ ਦੀ ਖੋਜ ਲਈ ਜਿਨ੍ਹਾਂ ਪੁਲਿਸ ਅਫ਼ਸਰਾਂ ਨੂੰ ਖ਼ਾਸ ਤੌਰ ’ਤੇ ਬਾਹਰੋਂ ਬੁਲਾਇਆ ਸੀ, ਉਹਨਾਂ ਵਿਚ ਅਮੀ ਚੰਦ ਤੋਂ ਇਲਾਵਾ ਗੱਜਣ ਸਿੰਘ ਵੀ ਸੀ।

ਏ.ਐਸ.ਆਈ. ਹੁੰਦਿਆਂ ਹੋਇਆਂ ਵੀ ਗੱਜਣ ਨੂੰ ਇਕ ਅਜਿਹੀ ਪੁਲਿਸ ਪਾਰਟੀ ਦਾ ਮੁਖੀ ਥਾਪਿਆ ਗਿਆ ਸੀ, ਜਿਸ ਵਿਚ ਛੇ ਹੌਲਦਾਰ, ਚੌਵੀ ਸਿਪਾਹੀ ਅਤੇ ਸੀ.ਆਰ.ਪੀ. ਦੇ ਚਾਲੀ ਜਵਾਨ ਤਾਂ ਸਨ ਹੀ, ਇਕ ਸਬ-ਇੰਸਪੈਕਟਰ ਵੀ ਸ਼ਾਮਲ ਸੀ। ਸਬ-ਇੰਸਪੈਕਟਰ ਦੇ ਹੁੰਦਿਆਂ ਪਾਰਟੀ ਦਾ ਮੁਖੀ ਬਣਨਾ ਗੱਜਣ ਸਿੰਘ ਲਈ ਫ਼ਖ਼ਰ ਵਾਲੀ ਗੱਲ ਸੀ। ਉਹ ਆਪਣੀ ਇਸ ਸ਼ਾਖ਼ ਨੂੰ ਬਣਾਈ ਰੱਖਣ ਲਈ ਉਤਾਵਲਾ ਸੀ।

ਇਸ ਪਾਰਟੀ ਨੂੰ ਕੰਮ ਵੀ ਬੜਾ ਅਹਿਮ ਸੌਂਪਿਆ ਗਿਆ ਸੀ। ਇਹਨਾਂ ਨੇ ਅਗਵਾੜ ਦੀ ਛਾਣ-ਬੀਣ ਕਰਨੀ ਸੀ। ਅਗਵਾੜੋਂ ਕਈ ਮੁੰਡੇ ਅੰਡਰ-ਗਰਾਊਂਡ ਹੋਏ ਹੋਏ ਸਨ। ਇਥੇ ਕਈ ਘਰ ਦੰਗਿਆਂ ਦੌਰਾਨ ਉੱਜੜ ਕੇ ਆਏ ਸਿੱਖ ਪਰਿਵਾਰਾਂ ਦੇ ਸਨ। ਦੋ ਗੁਰਦੁਆਰੇ ਸਨ ਅਤੇ ਇਕ ਡੇਰਾ। ਅਜਿਹੇ ਇਲਾਕੇ ਦੀ ਤਲਾਸ਼ੀ ਲਈ ਜਿਥੇ ਤਹੱਮਲ ਅਤੇ ਸੂਝ-ਬੂਝ ਦੀ ਜ਼ਰੂਰਤ ਸੀ, ਉਥੇ ਦਲੇਰੀ ਅਤੇ ਹੌਸਲਾ ਵੀ ਚਾਹੀਦਾ ਸੀ। ਗੱਜਣ ਵਿਚ ਇਹਨਾਂ ਵਿਚੋਂ ਕਿਸੇ ਦੀ ਵੀ ਘਾਟ ਨਹੀਂ ਸੀ। ਇਹਨਾਂ ਸਾਰੇ ਗੁਣਾਂ ਦਾ ਦਿਖਾਵਾ ਉਹ ਕਈ ਵਾਰ ਕਰ ਚੁੱਕਾ ਸੀ।

ਪਹਿਲੀ ਵਾਰ ਉਸ ਸਮੇਂ ਜਦੋਂ ਵਰਸਦੀਆਂ ਗੋਲੀਆਂ ਵਿਚ ਵੀ ਉਸ ਨੇ ਦੋ ਨੰਬਰ ਦੀ ਸ਼ਰਾਬ ਲਈ ਜਾਂਦੇ ਟਰੱਕ ਦਾ ਪਿੱਛਾ ਕਰਨਾ ਨਹੀਂ ਸੀ ਛੱਡਿਆ। ਟਰੱਕ ਬੜੀ ਵੱਡੀ ਪਾਰਟੀ ਦਾ ਸੀ। ਨਾ ਗੱਜਣ ਨੇ ਪੈਸਿਆਂ ’ਤੇ ਧਾਰ ਮਾਰੀ, ਨਾ ਵਜ਼ੀਰਾਂ ਦੀਆਂ ਧਮਕੀਆਂ ਤੋਂ ਡਰਿਆ। ਗੱਜਣ ਦੇ ਤਬਦਾਲੇ ਲਈ ਜ਼ੋਰ ਪੈਣ ਲੱਗਾ ਤਾਂ ਖ਼ਾਨ ਚੱਟਾਨ ਵਾਂਗ ਅੜ ਗਿਆ। ਖ਼ਾਨ ਡੀ.ਜੀ.ਪੀ. ਦੇ ਪੇਸ਼ ਹੋਇਆ। ਸਾਰੀ ਸਥਿਤੀ ਸਮਝਾ ਕੇ ਬਦਲੀ ਦੀ ਥਾਂ ਗੱਜਣ ਲਈ ਇਨਾਮ ਮਨਜ਼ੂਰ ਕਰਾਇਆ।

ਇਕ ਵਾਰ ਫੇਰ ਉਸ ਨੇ ਸ਼ੇਰ ਦੇ ਮੂੰਹ ਵਿਚ ਹੱਥ ਪਾ ਕੇ ਇਲਾਕੇ ਵਿਚ ਅਮਨ ਬਹਾਲ ਕੀਤਾ। ਨਿਹੰਗਾਂ ਦਾ ਇਕ ਹਥਿਆਰਬੰਦ ਟੋਲਾ ਲਾਲਿਆਂ ਦੀ ਜ਼ਮੀਨ ’ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਗ਼ਰੀਬ ਲਾਲੇ ਥਰ-ਥਰ ਕੰਬਣ ਤੋਂ ਬਿਨਾਂ ਕੁਝ ਨਹੀਂ ਸੀ ਕਰ ਸਕਦੇ। ਗੱਜਣ ਨੇ ਨਿਹੰਗਾਂ ਨੂੰ ਸਮਝਾਇਆ ਤਾਂ ਉਹ ਗੋਲੀਆਂ ਚਲਾਉਣ ਲੱਗੇ। ਗੱਜਣ ਨੇ ਲੈਂਦੇ ਹੱਥ ਦੋ ਨੂੰ ਥਾਏਂ ਚਿੱਤ ਕਰ ਦਿੱਤਾ। ਬਾਕੀਆਂ ਦੀਆਂ ਲੱਤਾਂ-ਬਾਹਾਂ ਭੰਨ ਕੇ ਥਾਣੇ ਲਿਆ ਸੁੱਟੇ। ਮੁੜ ਨਿਹੰਗਾਂ ਨੇ ਉਸ ਦੇ ਇਲਾਕੇ ਵੱਲ ਮੂੰਹ ਨਹੀਂ ਕੀਤਾ।

ਇਸ ਅਗਵਾੜ ਵਿਚ, ਅਜਿਹੇ ਭੈੜੇ ਹਾਲਤ ਵਿਚ ਜੇ ਕੋਈ ਥਾਣੇਦਾਰ ਹਿੱਕ ਤਾਣ ਕੇ ਖੜ ਸਕਦਾ ਸੀ ਤਾਂ ਉਹ ਗੱਜਣ ਸਿੰਘ ਹੀ ਸੀ। ਉਸ ਅਧੀਨ ਲਾਏ ਗਏ ਸਬ-ਇੰਸਪੈਕਟਰ ਗੁਰਦਾਸ ਰਾਮ ਦੀ ਲਿਆਕਤ ’ਤੇ ਤਾਂ ਕਿਸੇ ਨੂੰ ਸ਼ੱਕ ਨਹੀਂ ਸੀ ਪਰ ਬੁੱਢਾ ਹੋਣ ਕਰਕੇ ਉਸ ਵਿਚ ਪਹਿਲਾਂ

ਵਾਲਾ ਜੋਸ਼ੋ-ਖ਼ਰੋਸ਼ ਨਹੀਂ ਸੀ ਰਿਹਾ। ਗੱਜਣ ਨੌਜਵਾਨ ਸੀ। ਖ਼ਾਨ ਨੂੰ ਲੱਗਦਾ ਸੀ ਉਸ ਨੂੰ ਹਾਲੇ ਤਜਰਬੇ ਦੀ ਜ਼ਰੂਰਤ ਸੀ। ਗੱਜਣ ਕਾਹਲ ਨਾ ਕਰੇ, ਇਸ ਲਈ ਗੁਰਦਾਸ ਰਾਮ ਨੂੰ ਪਾਰਟੀ ਵਿਚ ਸ਼ਾਮਲ ਕੀਤਾ ਗਿਆ ਸੀ। ਖ਼ਾਨ ਨੇ ਸੋਚ-ਸਮਝ ਕੇ ਹੀ ਹੋਸ਼ ਅਤੇ ਜੋਸ਼ ਦਾ ਸੰਗਮ ਕੀਤਾ ਸੀ।

ਇਕ ਸਾਲ ਪਹਿਲਾਂ ਗੱਜਣ ਇਸੇ ਥਾਣੇ ਵਿਚ ਤਾਇਨਾਤ ਸੀ। ਅਗਵਾੜ ਵਾਲੀ ਜ਼ੈਲ ਉਸੇ ਅਧੀਨ ਸੀ। ਅਗਵਾੜ ਦੇ ਹਰ ਚੰਗੇ ਮਾੜੇ ਦਾ ਗੱਜਣ ਨੂੰ ਪਤਾ ਸੀ, ਫੇਰ ਵੀ ਸਾਲ ਵਿਚ ਹੋਈਆਂ ਤਬਦੀਲੀਆਂ ਦੀ ਜਾਣਕਾਰੀ ਲਈ ਖ਼ੁਫ਼ੀਆ ਵਿਭਾਗ ਦੀਆਂ ਰਿਪੋਰਟਾਂ ਤੋਂ ਇਲਾਵਾ ਸੀ.ਆਈ.ਡੀ. ਦਾ ਇਕ ਹੌਲਦਾਰ ਵੀ ਉਸ ਦੇ ਅੰਗ-ਸੰਗ ਸੀ।

ਸ਼ਹਿਰ ਦੀ ਘੇਰਾ-ਬੰਦੀ ਕਰਫ਼ਿਊ ਦੇ ਐਲਾਨ ਤੋਂ ਪਹਿਲਾਂ ਹੀ ਹੋ ਚੁੱਕੀ ਸੀ। ਸ਼ਹਿਰ ਵਿਚ ਪਹਿਲੀ ਵਾਰ ਕਰਫ਼ਿਊ ਲੱਗਾ ਸੀ। ਕਿਸੇ ਬੱਚੇ ਤਕ ਦੀ ਵੀ 'ਚੂੰ' ਕਰਨ ਦੀ ਹਿੰਮਤ ਨਹੀਂ ਸੀ ਪੈ ਰਹੀ।

ਅਗਵਾੜ ਦੀ ਛਾਣ-ਬੀਣ ਦੀ ਯੋਜਨਾ ਲਈ ਗੱਜਣ ਨੂੰ ਮਸਾਂ ਅੱਧਾ ਘੰਟਾ ਲੱਗਾ।

ਆਪਣਾ ਹੈੱਡਕੁਆਰਟਰ ਉਹਨਾਂ ਧਰਮਸ਼ਾਲਾ ਵਿਚ ਰੱਖਿਆ। ਇਹ ਅਗਵਾੜ ਦੇ ਵਿਚਕਾਰ ਵੀ ਸੀ ਅਤੇ ਬੈਠਣ-ਉੱਠਣ ਲਈ ਵੀ ਖੁੱਲ੍ਹੀ ਸੀ। ਰਾਤ ਨੂੰ ਠਹਿਰਣ ਲਈ ਮੰਜਾ ਬਿਸਤਰਾ ਵੀ ਮਿਲ ਸਕਦਾ ਸੀ। ਕਿਸੇ ਦੀ ਤਫ਼ਤੀਸ਼ ਕਰਨੀ ਹੋਵੇ ਤਾਂ ਚੀਕਾਂ ਧਰਮਸਾਲਾ ਤੋਂ ਬਾਹਰ ਨਹੀਂ ਨਿਕਲ ਸਕਦੀਆਂ।

ਦੋ ਹੌਲਦਾਰਾਂ ਅਤੇ ਦਸ ਜਵਾਨਾਂ ਦੀ ਇਕ ਰਾਖਵੀਂ ਟੁਕੜੀ ਤਿਆਰ ਕੀਤੀ ਗਈ। ਇਹ ਟੁਕੜੀ ਧਰਮਸ਼ਾਲਾ ਵਿਚ ਠਹਿਰੇਗੀ। ਕਿਸੇ ਪਾਸੇ ਵੀ ਜ਼ਰੂਰਤ ਪਏ, ਇਸ ਨੇ ਫ਼ੌਰਨ ਸਹਾਇਤਾ ਲਈ ਪੁੱਜਣਾ ਸੀ।

ਗੱਜਣ ਨੇ ਸਭ ਤੋਂ ਪਹਿਲਾਂ ਦੰਗਾ-ਪੀੜਤ ਪਰਿਵਾਰਾਂ ਦੀ ਪੁੱਛ-ਗਿੱਛ ਕਰਨੀ ਠੀਕ ਸਮਝੀ। ਗੱਜਣ ਦਾ ਤਜਰਬਾ ਅਤੇ ਖ਼ੁਫ਼ੀਆਂ ਰਿਪੋਰਟਾਂ ਦੱਸਦੀਆਂ ਸਨ ਕਿ ਦਹਿਸ਼ਤਗਰਦਾਂ 'ਚ ਮੁੱਖ ਅੱਡਾ ਇਹੋ ਪਰਿਵਾਰ ਬਣਦੇ ਹਨ। ਇਹਨਾਂ ਪਰਿਵਾਰਾਂ ਦੇ ਮਨਾਂ ਵਿਚ ਰੋਸ ਹੈ, ਸਥਾਨਕ ਲੋਕ ਉਹਨਾਂ ਦੇ ਰਿਸ਼ਤੇਦਾਰਾਂ ਨੂੰ ਜਾਣਦੇ-ਪਹਿਚਾਣਦੇ ਨਹੀਂ। ਓਪਰੇ ਬੰਦੇ ਰਿਸ਼ਤੇਦਾਰ ਬਣ ਕੇ ਜਿੰਨਾ ਚਿਰ ਮਰਜ਼ੀ ਇਥੇ ਰਹਿਣ, ਕਿਸੇ ਨੂੰ ਸ਼ੱਕ ਨਹੀਂ ਹੁੰਦਾ। ਇਹਨਾਂ ਨੂੰ ਪੈਸੇ-ਟਕੇ ਦੀ ਵੀ ਜ਼ਰੂਰਤ ਹੁੰਦੀ ਹੈ। ਥੋੜ੍ਹੇ ਜਿਹੇ ਪੈਸਿਆਂ ਦੇ ਲਾਲਚ ਵਿਚ ਵੀ ਕਿਸੇ ਨੂੰ ਪਨਾਹ ਦੇ ਸਕਦੇ ਹਨ।

ਪਹਿਲਾ ਛਾਪਾ ਉਹਨਾਂ ਭਾਪਿਆਂ ਦੇ ਮਾਰਿਆ। ਉਹ ਕਾਨਪੁਰੋਂ ਉੱਜੜ ਕੇ ਆਏ ਸਨ। ਉਥੇ ਉਹਨਾਂ ਦੀ ਬਹੁਤ ਵੱਡੀ ਟਰਾਂਸਪੋਰਟ ਸੀ। ਘਰ ਦੇ ਸਾਰੇ ਮੈਂਬਰ ਦੰਗਿਆਂ ਦਾ ਸ਼ਿਕਾਰ ਹੋ ਗਏ। ਗੱਡੀਆਂ ਅੱਗ ਦੀ ਭੇਟ ਚੜ੍ਹ ਗਈਆਂ। ਜੋ ਬਾਕੀ ਬਚਿਆ, ਉਨ੍ਹਾਂ ਵਿਚ ਦੋ ਬੁੱਢੀਆਂ, ਦੋ ਨੌਜਵਾਨ ਵਿਧਵਾਵਾਂ ਅਤੇ ਇਕ ਬਾਰਾਂ ਕੁ ਸਾਲ ਦਾ ਮੁੰਡਾ ਸੀ, ਜਿਸ ਨੂੰ ਉਹ ਕੁੜੀਆਂ ਵਾਲੇ ਕੱਪੜੇ ਪਵਾ ਕੇ ਬਚਾ ਲਿਆਈਆਂ ਸਨ।

ਇਥੇ ਆਉਣ ਸਮੇਂ ਤੇੜ ਦੇ ਕੱਪੜਿਆਂ ਤੋਂ ਸਿਵਾ ਉਹਨਾਂ ਕੋਲ ਕੁਝ ਨਹੀਂ ਸੀ। ਪਹਿਲਾਂ ਸਟੇਸ਼ਨ 'ਤੇ ਰਹੇ, ਫੇਰ ਸਿੰਘ ਸਭਾ ਗੁਰਦੁਆਰੇ। ਉਥੋਂ ਅਗਵਾੜ ਵਾਲੇ ਕੈਨੇਡਾ ਵਾਲਿਆਂ ਦੇ ਇਸ ਮਕਾਨ ਵਿਚ ਲੈ ਆਏ। ਇਹ ਮਕਾਨ ਖ਼ਰੀਦ ਲਿਆ ਅਤੇ ਬਹੁਤ ਸਾਰਾ ਸਮਾਨ ਵੀ ਘਰ ਆ ਗਿਆ।

ਖ਼ੁਫ਼ੀਆਂ ਰਿਪੋਰਟਾਂ ਤਾਂ ਆਖਦੀਆਂ ਸਨ ਕਿ ਇਹਨਾਂ ਨੂੰ ਸ਼ੱਕੀ ਬੰਦੇ ਪੈਸੇ ਦਿੰਦੇ ਹਨ। ਭਾਪਿਆਂ ਦਾ ਕਹਿਣਾ ਹੈ ਕਿ ਉਹਨਾਂ ਦੇ ਕਾਨ੍ਹਪੁਰ ਵਾਲੇ ਮਿੱਤਰਾਂ ਨੇ ਬਾਕੀ ਬਚਦੀ ਜ਼ਮੀਨ ਜਾਇਦਾਦ ਵੇਚ ਕੇ ਉਹਨਾਂ ਨੂੰ ਪੈਸੇ ਭੇਜੇ ਹਨ।

ਇਸ ਪਰਿਵਾਰ ਦੀ ਪਹਿਲਾਂ ਵੀ ਕਈ ਵਾਰ ਪੁੱਛ-ਪੜਤਾਲ ਹੋ ਚੁੱਕੀ ਸੀ। ਹੋ ਸਕਦੈ ਉਹ ਰਿਪੋਰਟਾਂ ਗ਼ਲਤ ਹੋਣ। ਕਈ ਵਾਰ ਥਾਣੇ ਬੈਠਿਆਂ ਹੀ ਪੁੱਛ-ਪੜਤਾਲ ਦੀ ਰਿਪੋਰਟ ਕਰ ਦਿੱਤੀ ਜਾਂਦੀ ਹੈ। ਜਿਨ੍ਹਾਂ ਦਾ ਵੱਸਦਾ-ਰੱਸਦਾ ਘਰ ਉੱਜੜ ਗਿਆ ਹੋਵੇ, ਰਾਜੇ ਤੋਂ ਰੰਕ ਬਣ ਗਏ ਹੋਣ, ਉਹ ਚੁੱਪ ਕਰ ਕੇ ਕਿਵੇਂ ਬੈਠ ਸਕਦੇ ਹਨ ? ਉਹਨਾਂ ਦੇ ਸੀਨਿਆਂ 'ਚ ਭਾਂਬੜ ਬਲਦੇ ਹੀ ਰਹਿੰਦੇ ਹਨ। ਉਹ ਬਦਲੇ ਦੀ ਤਾਕ ਵਿਚ ਰਹਿੰਦੇ ਹਨ।

ਦਰਵਾਜ਼ਾ ਖੁੱਲ੍ਹਦਿਆਂ ਹੀ ਗੱਜਣ ਨੇ ਦਰਵਾਜ਼ਾ ਖੋਲ੍ਹਣ ਆਈ ਮੁਟਿਆਰ ਦੀ ਧੌਣ ਵਿਚ ਪੰਜ-ਛੇ ਜੜ ਦਿੱਤੀਆਂ। ਉਹ ਵਿਹੜੇ ਵਿਚ ਜਾ ਡਿੱਗੀ। ਬਾਕੀ ਉਸ ਨੂੰ ਸੰਭਾਲਣ ਲੱਗੀਆਂ ਤਾਂ ਗੱਜਣ ਨੇ ਗਾਲ੍ਹਾਂ ਦਾ ਗੱਫਾ ਉਹਨਾਂ ਦੇ ਪੱਲੇ ਵੀ ਪਾ ਦਿੱਤਾ। ਪੰਜ-ਚਾਰ ਡੰਡੇ ਉਸ ਮਲੂਕੜੇ ਜਿਹੇ ਮੁੰਡੇ ਦੇ ਵੀ ਜੜੇ, ਜਿਸ ਨੂੰ ਸਮਝ ਨਹੀਂ ਸੀ ਆ ਰਿਹਾ ਇਹ ਕੀ ਹੋ ਰਿਹਾ ਸੀ ? ਬੱਸ ਰੋਈ ਹੀ ਜਾ ਰਿਹਾ ਸੀ। ਗੁਰਦਾਸ ਨੇ ਗੱਜਣ ਦਾ ਹੱਥ ਰੋਕਿਆਂ ਤਾਂ ਉਸ ਨੂੰ ਵੀ ਝਿੜਕਾਂ ਪੈ ਗਈਆਂ। ਗੱਜਣ ਦਾ ਮੱਤ ਸੀ ਕਿ ਇਹ ਤਰਸ ਦੇ ਪਾਤਰ ਨਹੀਂ। ਕਿਸੇ ਨੇ ਪੁਲਿਸ ਨੂੰ ਭਲਮਾਣਸੀ ਨਾਲ ਥੋੜ੍ਹਾ ਦੱਸਣਾ ਹੈ ? ਹੋਰ ਸਖ਼ਤੀ ਦਿਖਾਉਣ ਲਈ ਉਸ ਨੇ ਬੁੱਢੀ ਦੀ ਗੁੱਤ ਨੂੰ ਵੀ ਗੇੜਾ ਦੇ ਦਿੱਤਾ।

ਕਾਫ਼ੀ ਕੁੱਟ ਮਾਰ, ਝਾੜ-ਝੰਬ ਅਤੇ ਗਾਲ੍ਹਾਂ ਦੁੱਪੜਾਂ ਬਾਅਦ ਹੀ ਗੱਜਣ ਨੂੰ ਯਕੀਨ ਆਇਆ ਕਿ ਨਾ ਉਥੇ ਕੋਈ ਆਉਂਦਾ ਸੀ, ਨਾ ਪੈਸੇ ਦਿੰਦਾ ਸੀ।

ਔਰਤਾਂ ਹੋਣ ਕਰਕੇ ਗੱਜਣ ਨੇ ਕਾਨ੍ਹਪੁਰ ਵਾਲਿਆਂ ਨੂੰ ਤਾਂ ਬਖ਼ਸ਼ ਦਿੱਤਾ। ਦਿੱਲੀ ਅਤੇ ਕਲਕੱਤੇ ਵਾਲਿਆਂ ਦੇ ਚਾਲੇ ਠੀਕ ਨਹੀਂ ਸਨ। ਉਹ ਸਿੱਧੇ ਮੂੰਹ ਗੱਲ ਹੀ ਨਹੀਂ ਕਰਦੇ। ਸ਼ਰੇਆਮ ਆਖਦੇ ਸਨ ਕਿ ਉਹਨਾਂ ਦੀ ਮਦਦ ਸਿੰਘ ਸਭਾ ਵੀ ਕਰਦੀ ਹੈ ਅਤੇ ਨੌਜਵਾਨ ਜਥੇਬੰਦੀਆਂ ਵੀ। ਦਿੱਲੀ ਵਾਲੇ ਵੀ ਕੋਈ ਚੰਗਾ ਰਿਕਾਰਡ ਨਹੀਂ ਸੀ ਰੱਖਦੇ। ਉਹ ਉਥੇ ਵੀ ਸ਼ਰਾਰਤਾਂ ਕਰਦੇ ਰਹਿੰਦੇ ਸਨ। ਉਹਨਾਂ ਦੀ ਦਿੱਲੀ ਮੋਟਰਸਾਈਕਲ ਰਿਪੇਅਰ ਕਰਨ ਦੀ ਵਰਕਸ਼ਾਪ ਸੀ। ਉਹਨਾਂ ਦਾ ਬਾਪ ਮਰਿਆ ਸੀ ਅਤੇ ਵਰਕਸ਼ਾਪ ਜਲੀ ਸੀ। ਉਹਨਾਂ ਨੂੰ ਸਰਕਾਰ ਵੱਲੋਂ ਕਾਫ਼ੀ ਮੁਆਵਜ਼ਾ ਮਿਲਿਆ ਸੀ। ਇਹੋ ਹਾਲ ਕਲਕੱਤੇ ਵਾਲਿਆਂ ਦਾ ਸੀ।

ਦਰਵਾਜ਼ੇ ਖੜਕਾਏ ਤਾਂ ਸਾਰੇ ਮੁੰਡੇ-ਖੁੰਡੇ ਘਰ ਹੀ ਮਿਲ ਗਏ। ਕਿੱਲੀਆਂ 'ਤੇ ਕੇਸਰੀ ਪੱਗਾਂ ਲਟਕ ਰਹੀਆਂ ਸਨ ਜੋ ਗੱਜਣ ਨੂੰ ਉਹਨਾਂ ਦੇ ਸਰਕਾਰ ਤੋਂ ਬਾਗ਼ੀ ਹੋਣ ਦਾ ਸਬੂਤ ਲੱਗੀਆਂ, ਉਂਝ ਘਰਾਂ ਵਿਚ ਭੰਗ ਭੁੱਜਦੀ ਸੀ। ਇਕ-ਦੋ ਟਰੰਕਾਂ, ਮੰਜੇ ਬਿਸਤਰਿਆਂ ਅਤੇ ਰਸੋਈ ਦੇ ਭਾਂਡਿਆਂ ਤੋਂ ਬਿਨਾਂ ਘਰ ਵਿਚ ਕੁਝ ਨਹੀਂ ਸੀ। ਤਲਾਸ਼ੀ ਲੈਣ ਲਈ ਸਾਰੇ ਪੰਜ ਮਿੰਟ ਲੱਗੇ।

ਮਰਦਾਂ ਤੋਂ ਪੁੱਛ-ਗਿੱਛ ਕਰਨੀ ਸੀ ਤਾਂ ਖੁੱਲ੍ਹਾ ਵਕਤ ਚਾਹੀਦਾ ਸੀ। ਮੁਸ਼ਕਾਂ ਦੇ ਕੇ ਮਰਦਾਂ ਨੂੰ ਧਰਮਸ਼ਾਲਾ ਲਿਜਾਇਆ ਗਿਆ ਰਾਤ ਨੂੰ ਵਿਹਲਾ ਹੋ ਕੇ ਉਹਨਾਂ ਦੇ ਘੋਟੇ ਲਾਏਗਾ।

ਬੰਟੀ ਦੇ ਸੁਰਾਗ ਦਾ ਦੂਸਰਾ ਸੋਮਾ ਉਹ ਪਰਿਵਾਰ ਹੋ ਸਕਦੇ ਸਨ, ਜਿਨ੍ਹਾਂ ਦੇ ਮੁੰਡੇ ਘਰੋਂ ਫ਼ਰਾਰ ਸਨ।

ਸਭ ਤੋਂ ਪਹਿਲਾਂ ਲੱਛੂ ਮਿਸਤਰੀ ਦਾ ਮੁੰਡਾ ਘਰੋਂ ਦੌੜਿਆ ਸੀ। ਪਿਓ ਚੜ੍ਹਦੀ ਜਵਾਨੀ ਵਿਚ ਮਰ ਗਿਆ। ਮਾਂ ਨੇ ਹਿੰਮਤ ਕਰ ਕੇ ਬੀ.ਏ. ਕਰਾਈ। ਮੁੰਡਾ ਪੜ੍ਹਨ ਵਿਚ ਹੁਸ਼ਿਆਰ ਸੀ। ਚੰਗੇ ਨੰਬਰ ਲੈ ਕੇ ਪਾਸ ਹੁੰਦਾ ਰਿਹਾ। ਕਈ ਸਾਲ ਧੱਕੇ ਖਾ ਕੇ ਵੀ ਨੌਕਰੀ ਨਾ ਮਿਲੀ। ਚਾਚੇ ਤਾਇਆਂ ਨੇ ਪੈਸੇ ਇਕੱਠੇ ਕਰ ਕੇ ਉਸ ਨੂੰ ਵਰਕਸ਼ਾਪ ਖੁੱਲ੍ਹਵਾ ਦਿੱਤੀ। ਮੁੰਡੇ ਨੇ ਦੱਬ ਕੇ ਮਿਹਨਤ ਕੀਤੀ। ਸਾਲ 'ਚ ਰੋਟੀ ਖਾਣ ਜੋਗਾ ਹੋਇਆ ਤਾਂ ਚੱਲਦਾ ਕੰਮ ਦੇਖ ਕੇ ਠੁੱਲੀਵਾਲ ਵਾਲਿਆਂ ਨੇ ਉਸ ਤੋਂ ਚਾਰ ਗੁਣਾ ਵੱਡੀ ਵਰਕਸ਼ਾਪ ਗੁਆਂਢ 'ਚ ਲਿਆ ਖੋਲ੍ਹੀ। ਮਾਲ ਵੀ ਸਸਤਾ। ਮਿਹਨਤ

ਵੀ ਘੱਟ। ਦਿਨਾਂ 'ਚ ਮੁੰਡੇ ਦੀ ਵਰਕਸ਼ਾਪ 'ਚ ਕਾਂ ਪੈਣ ਲੱਗੇ। ਸਾਰਾ ਗਾਹਕ ਉਧਰ ਤੁਰ ਗਿਆ।

ਪਹਿਲਾਂ ਮੁੰਡਾ ਨਸ਼ੇ ਕਰਨ ਲੱਗਾ। ਫੇਰ ਸੰਭਲਿਆ। ਉਸ ਸਮੇਂ ਹੀ ਪਤਾ ਲੱਗਾ ਜਦੋਂ ਉਸ ਨੇ ਅੰਮ੍ਰਿਤ ਛਕ ਲਿਆ ਅਤੇ ਗਾਤਰਾ ਪਾ ਲਿਆ। ਕਦੇ ਉਹ ਘਰੋਂ ਗ਼ਾਇਬ ਰਹਿੰਦਾ, ਕਦੇ ਮੁੰਡੇ-ਖੁੰਡੇ ਸਾਰੀ-ਸਾਰੀ ਰਾਤ ਵਰਕਸ਼ਾਪ ਵਿਚ ਬੈਠੇ ਗੱਪਾਂ ਮਾਰਦੇ ਰਹਿੰਦੇ। ਭਾਂਡਾ ਉਸ ਸਮੇਂ ਫੁੱਟਿਆ, ਜਦੋਂ ਉਹਨਾਂ ਨੇ ਠੁਲੀਵਾਲ ਵਾਲਿਆਂ ਦਾ ਮੁੰਡਾ ਦਿਨ-ਦਿਹਾੜੇ ਹੀ ਵਰਕਸ਼ਾਪ ਵਿਚ ਗੋਲੀਆਂ ਨਾਲ ਭੁੰਨ ਦਿੱਤਾ। ਉਸੇ ਦਿਨ ਤੋਂ ਉਹ ਗ਼ਾਇਬ ਹੈ। ਪੁਲਿਸ ਦੀ ਕੁੱਟ ਨਾਲ ਮਾਂ ਪਾਗ਼ਲ ਹੋ ਗਈ। ਘਰੇ ਦੂਜਾ ਭਰਾ ਹੈ ਜਾਂ ਬੁੱਢੀ ਦਾਦੀ। ਜਦੋਂ ਵੀ ਇਲਾਕੇ ਵਿਚ ਕੋਈ ਵਾਰਦਾਤ ਹੋਵੇ ਤਾਂ ਪੁਲਿਸ ਪਹਿਲਾਂ ਉਹਨਾਂ ਨੂੰ ਹੀ ਚੁੱਕਦੀ ਹੈ। ਦੋਹਾਂ ਦੇ ਹੱਡਾਂ ਵਿਚ ਰਾਧ ਪੈ ਚੁੱਕੀ ਹੈ। ਕੰਮੋਂ-ਕਾਰੋਂ ਨਿਕਾਰੇ ਹੋਏ ਉਹ ਕਿਧਰੇ ਨਿਕਲ ਗਏ ਹਨ, ਘਰੇ ਜਿੰਦਾ ਲੱਗ ਗਿਆ ਹੈ।

ਦੂਜਾ ਉਸੇ ਦਾ ਸਾਥੀ ਸ਼ਿੰਦਾ ਹੈ। ਉਸ ਦੀ ਕਹਾਣੀ ਵੀ ਲੱਛੂ ਦੇ ਮੁੰਡੇ ਨਾਲ ਮਿਲਦੀ-ਜੁਲਦੀ ਹੈ। ਉਹਦੇ ਬਾਪ ਦੇ ਦੋ ਵਿਆਹ ਸਨ। ਪਹਿਲੀ ਦੇ ਚਾਰ ਮੁੰਡੇ ਸਨ ਅਤੇ ਦੂਜੀ ਦਾ ਇਹ ਇਕੱਲਾ। ਚਾਰ ਸਾਲ ਦਾ ਸੀ ਜਦੋਂ ਬਾਪ ਮਰ ਗਿਆ। ਭਰਾਵਾਂ ਨੇ ਜ਼ਮੀਨ ਦਾ ਇਕ ਸਿਆੜ ਵੀ ਨਾ ਦਿੱਤਾ। ਜਿੰਨਾ ਚਿਰ ਹੋ ਸਕਿਆ, ਮਾਮਿਆਂ ਨਾਲ ਮਿਲ ਕੇ ਕਚਹਿਰੀਆਂ ਦੀ ਖ਼ਾਕ ਛਾਣੀ। ਜਾਬਰ ਭਰਾਵਾਂ ਸਾਹਮਣੇ ਜਦੋਂ ਪੇਸ਼ ਨਾ ਗਈ ਤਾਂ ਉਸ ਨੇ ਹਥਿਆਰ ਚੁੱਕ ਲਏ।

ਉਹੋ ਭਰਾ ਜਿਹੜੇ ਮੁਕੱਦਮਾ ਹਾਰ ਕੇ ਵੀ ਕਬਜ਼ਾ ਦੇਣ ਵਿਚ ਨਹੀਂ ਸੀ ਆਉਂਦੇ, ਡਰਦੇ ਜ਼ਮੀਨ ਛੱਡ ਕੇ ਪਰ੍ਹਾਂ ਹੋ ਗਏ। ਹੁਣ ਸ਼ਿੰਦੇ ਦੇ ਜ਼ਮੀਨ ਕਿਸ ਕੰਮ ? ਦੋ-ਚਾਰ ਬੰਦੇ ਮਾਰ ਦੇਣੇ ਉਸ ਦੇ ਖੱਬੇ ਹੱਥ ਦੀ ਖੇਡ ਹੈ। ਦੋ ਵਾਰ ਭਰਾਵਾਂ 'ਤੇ ਫ਼ਾਇਰ ਕਰ ਚੁੱਕਾ ਹੈ। ਚੰਗੇ ਭਾਗਾਂ ਨੂੰ ਉਹ ਹਰ ਵਾਰ ਬਚ ਜਾਂਦੇ ਰਹੇ।

ਸ਼ਿੰਦੇ ਦਾ ਵੱਡਾ ਮਾਮਾ ਪਹਿਲਾਂ ਸ਼ਿੰਦੇ ਦੀ ਮਾਂ ਕੋਲ ਰਹਿੰਦਾ ਸੀ। ਜਦੋਂ ਦਾ ਸ਼ਿੰਦਾ ਘਰੋਂ ਨਿਕਲਿਆ ਹੈ, ਉਹ ਵੀ ਪੱਤਰਾ ਵਾਚ ਗਿਆ ਹੈ। ਮਾਮਿਆਂ ਦੀ ਕਈ ਵਾਰ ਕੁਟਾਈ ਹੋ ਚੁੱਕੀ ਹੈ। ਉਹਨਾਂ ਦੇ ਘਰ ਢਾਹੇ ਅਤੇ ਫ਼ਸਲਾਂ ਉਜਾੜੀਆਂ ਗਈਆਂ ਸਨ। ਕਿਸੇ ਨੂੰ ਕੁਝ ਪਤਾ ਹੋਵੇ ਤਾਂ ਦੱਸੇ। ਸ਼ਿੰਦੇ ਦੀ ਚੌਥੇ ਦਿਨ ਪੁਲਿਸ ਨੂੰ ਚਿੱਠੀ ਆਉਂਦੀ ਹੈ। ਬੇਕਸੂਰ ਮਾਮਿਆਂ ਨੂੰ ਕਿਉਂ ਕੁੱਟਦੇ ਹੋ ? ਮਿਲਣਾ ਹੈ ਤਾਂ ਜਵਾਈ ਨੂੰ ਫਲਾਣੀ ਥਾਂ ਮਿਲੋ। ਜਿਸ ਥਾਂ ਦਾ ਉਹ ਸੱਦਾ ਦਿੰਦਾ ਹੈ, ਉਥੇ ਪੁਲਿਸ ਜਾਂਦੀ ਨਹੀਂ।

ਉਸ ਦਾ ਘਰ ਵੀ ਉੱਜੜਿਆ ਹੋਇਆ ਹੈ।

ਤੀਜੇ ਨੂੰ ਇਕ ਵਾਰ ਮਾਂ-ਬਾਪ ਨੇ ਹੀ ਪੁਲਿਸ ਨੂੰ ਫੜਾ ਦਿੱਤਾ ਸੀ। ਉਹ ਜੇਲ੍ਹ ਵਿਚ ਹੈ। ਪੁਲਿਸ ਉਸ ਦੇ ਮਾਂ-ਬਾਪ ਨੂੰ ਕੁਝ ਨਹੀਂ ਆਖਦੀ। ਉਹਨਾਂ ਤਾਂ ਪੁਲਿਸ ਦੀ ਮਦਦ ਕੀਤੀ ਸੀ।

ਘਰਾਂ ਨੂੰ ਲੱਗੇ ਜਿੰਦੇ ਦੇਖ ਕੇ ਹੀ ਵਾਪਸ ਮੁੜਨਾ ਗੱਜਣ ਸਿਆਣਪ ਨਹੀਂ ਸੀ ਸਮਝਦਾ। ਕਈ ਵਾਰ ਅਜਿਹੀਆਂ ਉਜਾੜ ਥਾਵਾਂ ਹੀ ਦਹਿਸ਼ਤਗਰਦਾਂ ਦੀ ਪਨਾਹਗਾਹ ਬਣਦੀਆਂ ਹਨ। ਮੁੰਡੇ ਇਥੇ ਵੀ ਲੁਕ ਸਕਦੇ ਹਨ। ਦਹਿਸ਼ਤ ਦੇ ਦਿਨਾਂ ਵਿਚ ਲੋਕ ਅੱਖੀਂ ਦੇਖ ਕੇ ਵੀ ਕਿਸੇ ਅੱਗੇ ਮੂੰਹ ਨਹੀਂ ਖੋਲ੍ਹਦੇ।

ਇਕ-ਇਕ ਕਰ ਕੇ ਉਸ ਨੇ ਦੋਹਾਂ ਘਰਾਂ ਦੇ ਜਿੰਦੇ ਤੁੜਵਾਏ। ਮਿੱਟੀ-ਘੱਟੇ ਅਤੇ ਦਰੱਖ਼ਤਾਂ ਦੇ ਪੱਤਿਆਂ ਨਾਲ ਭਰੇ ਵਿਹੜੇ ਦੇਖ ਕੇ ਵੀ ਗੱਜਣ ਦਾ ਪਿਛਾਂਹ ਮੁੜਨ ਨੂੰ ਦਿਲ ਨਾ ਕੀਤਾ। ਦਹਿਸ਼ਤਗਰਦਾਂ ਦੇ ਦਿਮਾਗ਼ ਪੁਲਿਸ ਨਾਲੋਂ ਕਈ ਗੁਣਾ ਤੇਜ਼ ਹਨ। ਨਾਲੇ ਸਫ਼ਾਈਆਂ ਕਰਨ ਦਾ ਉਹਨਾਂ ਕੋਲ ਵਕਤ ਕਿਥੇ ? ਉਜਾੜਾਂ ਵਿਚ ਰਹਿਣਾ ਸੌਖਾ ਹੁੰਦਾ ਹੈ।

ਸਬਾਤਾਂ, ਡੰਗਰਾਂ ਵਾਲੇ ਕੋਠਿਆਂ ਅਤੇ ਦਰਵਾਜ਼ਿਆਂ ਦੀ ਘੋਖ-ਪੜਤਾਲ ਜ਼ਰੂਰੀ ਸੀ। ਅੰਦਰਲਾ ਦ੍ਰਿਸ਼ ਬਾਹਰ ਨਾਲੋਂ ਵੀ ਭਿਆਨਕ ਸੀ। ਖੁਰਲੀਆਂ 'ਚ ਪਏ ਪੱਠਿਆਂ ਨੂੰ ਉੱਲੀ ਲੱਗ ਗਈ ਸੀ। ਕੀੜਿਆਂ ਨੇ ਗੋਹੇ ਵਿਚ ਭੌਣ ਬਣਾ ਲਏ ਸਨ। ਕੋਣਿਆਂ 'ਚ ਪਈਆਂ ਪੇਟੀਆਂ, ਮੰਜੇ, ਪੀੜ੍ਹੇ ਅਤੇ ਚਰਖਿਆਂ 'ਤੇ ਗਿੱਠ-ਗਿੱਠ ਮਿੱਟੀ ਜੰਮ ਗਈ ਸੀ। ਲੱਗਦਾ ਸੀ, ਕੋਈ ਸਦੀਆਂ ਤੋਂ ਇਥੇ ਆ ਕੇ ਨਹੀਂ ਵੱਸਿਆ।

ਸਿਪਾਹੀ ਹੌਲਦਾਰਾਂ ਨੇ ਸਾਰੀਆਂ ਚੀਜ਼ਾਂ ਨੂੰ ਠੁੱਡੇ ਮਾਰ-ਮਾਰ ਘੋਖਿਆ। ਕੋਈ ਕੰਮ ਦੀ ਮਿਲੇ ਤਾਂ ਨਾਲ ਲੈ ਚੱਲਣ। ਉਹਨਾਂ ਕਿਹੜੇ ਮੁੜ ਜਿੰਦਰੇ ਮਾਰਨੇ ਸਨ। ਖੁੱਲ੍ਹੇ ਪਏ ਮਕਾਨਾਂ ਨੂੰ ਕੋਈ ਵੀ ਲੁੱਟ ਸਕਦਾ ਸੀ। ਚਾਰ ਚੀਜ਼ਾਂ ਪੁਲਿਸ ਲੈ ਜਾਏ ਤਾਂ ਕਿਹੜਾ ਕਿਸੇ ਨੂੰ ਪਤਾ ਲੱਗਣਾ ਹੈ।

ਦੋਵੇਂ ਥਾਵਾਂ ਤੋਂ ਜਦੋਂ ਕੁਝ ਪੱਲੇ ਨਾ ਪਿਆ ਤਾਂ ਗੱਜਣ ਸਿੰਘ ਉਦਾਸ ਹੋ ਗਿਆ। ਖ਼ਾਨ ਕੀ ਸੋਚੇਗਾ ? ਗੱਜਣ ਨੂੰ ਤਾਂ ਬੰਟੀ ਦਾ ਕੋਈ ਨਾ ਕੋਈ ਸੁਰਾਗ਼ ਮਿਲਣ ਦੀ ਪੂਰੀ ਆਸ ਸੀ। ਖ਼ਾਨ ਪਹਿਲਾਂ ਹੀ ਉਸ ਨੂੰ ਇਨਾਮ ਅਤੇ ਸਰਟੀਫ਼ਿਕੇਟ ਦੇ ਚੁੱਕਾ ਸੀ। ਇਹ ਮੱਲ ਵੀ ਮਾਰ ਲਈ ਤਾਂ ਖ਼ਾਨ ਨੇ ਉਸ ਨੂੰ ਐਸ.ਐਚ.ਓ. ਲਗਵਾ ਦੇਣਾ ਸੀ। ਪਹਿਲਾਂ ਵੀ ਉਸ ਨੇ ਮਦਨ ਲਾਲ ਅਤੇ ਸ਼ਾਮ ਸਿੰਘ ਨੂੰ ਏ.ਐਸ.ਆਈ. ਹੁੰਦਿਆਂ ਹੋਇਆਂ ਵੀ ਐਸ.ਐਚ.ਓ. ਲਗਵਾ ਦਿੱਤਾ। ਉਹ ਕੰਮ ਦੀ ਕਦਰ ਕਰਨ ਵਾਲਾ ਹੈ। ਗੱਜਣ ਨੂੰ ਆਪਣੀ ਐਸ.ਐਚ.ਓ. ਦੀ ਕੁਰਸੀ ਖੁੱਸਦੀ ਨਜ਼ਰ ਆ ਰਹੀ ਸੀ।

ਇੰਨੀ ਜਲਦੀ ਢੇਰੀ ਢਾਹੁਣ ਵਾਲਾ ਗੱਜਣ ਸਿੰਘ ਵੀ ਨਹੀਂ ਸੀ।

ਫ਼ੋਰਸ ਨੂੰ ਉਸ ਨੇ ਕਈ ਹਿੱਸਿਆਂ ਵਿਚ ਵੰਡਿਆ। ਸਾਰੀਆਂ ਪਾਰਟੀਆਂ ਵੱਖ-ਵੱਖ ਦਿਸ਼ਾਵਾਂ ਵੱਲ ਭੇਜ ਦਿੱਤੀਆਂ। ਆਪ ਇਕ ਹੌਲਦਾਰ ਅਤੇ ਚਾਰ ਸਿਪਾਹੀਆਂ ਨੂੰ ਲੈ ਕੇ ਭਾਨੀ ਦੇ ਘਰ ਵੱਲ ਤੁਰ ਪਿਆ। ਦੂਜੀਆਂ ਪਾਰਟੀਆਂ ਨੂੰ ਸਖ਼ਤ ਹਦਾਇਤ ਸੀ ਕਿ ਹਰ ਘਰ ਦੀ ਤਲਾਸ਼ੀ ਲੈਣੀ ਹੈ। ਕੋਈ ਅੜ-ਫੜ ਕਰੇ ਤਾਂ ਤੁਰੰਤ ਗੱਜਣ ਸਿੰਘ ਨਾਲ ਸੰਪਰਕ ਕਾਇਮ ਕੀਤਾ ਜਾਵੇ।

ਗੱਜਣ ਦੀ ਇਕੋ-ਇਕ ਆਸ ਭਾਨੀ 'ਤੇ ਸੀ। ਇਸ ਇਲਾਕੇ ਵਿਚ ਜਿੰਨੇ ਵੀ ਮੁਕੱਦਮੇ ਗੱਜਣ ਸਿੰਘ ਨੇ ਫੜੇ ਸਨ, ਅੱਧਿਆਂ ਨਾਲੋਂ ਬਹੁਤਿਆਂ ਵਿਚ ਭਾਨੀ ਦੀ ਕਿਰਪਾ ਰਹੀ ਸੀ। ਲੋਕ ਗੱਜਣ ਨੂੰ ਟਿਚਰਾਂ ਕਰਦੇ ਸਨ। ਕਈ ਦੂਸ਼ਣ ਵੀ ਲਾਉਂਦੇ। ਇਕ ਵਾਰ ਸਾਹਿਬ ਨੇ ਮੀਟਿੰਗ ਵਿਚ ਝਾੜ ਵੀ ਪਾਈ ਕਿ ਉਹ ਬਦਮਾਸ਼ ਔਰਤ ਕੋਲ ਸ਼ਰੇਆਮ ਜਾਂਦਾ ਹੈ। ਗੱਜਣ ਨੇ ਕੋਈ ਪਰਵਾਹ ਨਹੀਂ ਸੀ ਕੀਤੀ। ਪੁਲਿਸ ਨੇ ਆੜ੍ਹਤੀਆਂ ਜਾਂ ਕਾਰਖ਼ਾਨੇਦਾਰਾਂ ਦੀ ਯਾਰੀ ਤੋਂ ਕੀ ਲੈਣਾ ਹੈ। ਉਹਨਾਂ ਨੂੰ ਚੋਰਾਂ-ਠੱਗਾਂ ਨੇ ਹੀ ਚੋਰ-ਠੱਗ ਫੜਾਉਣੇ ਹੁੰਦੇ ਹਨ। ਕਿਸੇ ਨੂੰ ਕੀ ਪਤਾ ਸੀ ਕਿ ਭਾਨੀ ਇਸ ਇਲਾਕੇ ਦਾ ਰੋਜ਼ਨਾਮਚਾ ਸੀ। ਅਗਵਾੜ ਵਿਚ ਕੁਝ ਵੀ ਵਾਪਰਦਾ, ਉਹ ਭਾਨੀ ਦੇ ਪੋਟਿਆਂ 'ਤੇ ਹੁੰਦਾ।

ਜਦੋਂ ਨੰਬਰਦਾਰਾਂ ਦਾ ਔਤ ਬੁੱਢਾ ਤੁਰਦਾ-ਫਿਰਦਾ ਹੀ ਚੱਲ ਵੱਸਿਆ ਤਾਂ ਸਾਰੇ ਅਗਵਾੜ ਨੂੰ ਹੈਰਾਨੀ ਹੋਈ ਸੀ। ਬੁੱਢਾ ਸਾਰੀ ਉਮਰ ਛੜਾ ਰਿਹਾ ਸੀ। ਬਾਰਾਂ ਕਿੱਲੇ ਜ਼ਮੀਨ ਦੇ ਸਿਰ 'ਤੇ ਉਹ ਭਤੀਜਿਆਂ ਤੋਂ ਤੜ੍ਹੀ ਨਾਲ ਰੋਟੀ ਖਾਂਦਾ ਸੀ। ਚੀਹੜਾ ਇੰਨਾ ਸੀ ਕਿ ਹਜ਼ਾਰ ਯਤਨ ਕਰਨ 'ਤੇ ਵੀ ਉਸ ਨੇ ਕਿਸੇ ਦੇ ਨਾਂ ਵਸੀਅਤ ਨਹੀਂ ਸੀ ਕਰਾਈ। ਤੀਹ ਸਾਲਾਂ ਤੋਂ ਛੋਟੇ ਨਾਲ ਰਹਿੰਦਾ ਸੀ। ਕੁਝ ਦਿਨਾਂ ਤੋਂ ਵੱਡੇ ਨਾਲ ਤਿਓ ਰੱਖਣ ਲੱਗਾ ਸੀ। ਉਸ ਵੱਲ ਆਉਣ ਨੂੰ ਫਿਰਦਾ ਸੀ। ਛੋਟੇ ਨੂੰ ਭਿਣਕ ਪਈ ਤਾਂ ਉਸ ਨੇ ਬੁੱਢੇ ਨੂੰ ਪੁਚਕਾਰਿਆ ਵੀ ਅਤੇ ਝਿੜਕਿਆ ਵੀ। ਇਸ ਤੋਂ ਪਹਿਲਾਂ ਕਿ ਬੁੱਢਾ ਹੱਥੋਂ ਨਿਕਲਦਾ, ਉਸ ਨੇ ਬੁੱਢੇ ਦਾ ਫਾਹਾ ਵੱਢ ਦਿੱਤਾ।

ਪਹਿਲਾਂ-ਪਹਿਲਾਂ ਵੱਡੇ ਨੇ ਝੱਜੂ ਪਾਇਆ। ਉਹ ਬਾਰਾਂ ਕਿੱਲਿਆਂ ਵਿਚੋਂ ਅੱਧ ਦਾ ਮਾਲਕ ਸੀ। ਜਦੋਂ ਛੋਟੇ ਨੇ ਵਸੀਅਤਾਂ ਕੱਢ ਕੇ ਦਿਖਾਈਆਂ ਤਾਂ ਉਸ ਦੇ ਤੇਵਰ ਢਿੱਲੇ ਪੈ ਗਏ। ਵੱਡੇ ਨੇ ਬੁੱਢੇ ਦੇ ਪੋਸਟ-ਮਾਰਟਮ ਲਈ ਰੌਲਾ ਪਾਇਆਂ ਤਾਂ ਛੋਟੇ ਦੀ ਖਾਨਿਉਂ ਗਈ। ਘਰ ਉੱਜੜਦਾ ਦੇਖ ਕੇ ਦੋਹਾਂ ਨੇ ਰਾਜ਼ੀਨਾਮਾ ਕਰ ਲਿਆ। ਚਾਰ ਵੱਡੇ ਨੂੰ ਅਤੇ ਅੱਠ ਛੋਟੇ ਨੂੰ। ਕਿਸੇ ਨੂੰ ਕੰਨੋ-ਕੰਨ ਖ਼ਬਰ ਵੀ ਨਾ ਹੋਈ ਕਿ ਬੁੱਢੇ ਦਾ ਗਲ ਘੁੱਟਿਆ ਗਿਐ। ਜੇ ਭਾਨੀ ਗੱਜਣ ਦੇ ਕੰਨ ਵਿਚ ਫੂਕ ਨਾ ਮਾਰਦੀ ਤਾਂ ਗੱਜਣ ਨੂੰ ਪੰਜਾਹ ਹਜ਼ਾਰ ਧਰਿਆ ਨਹੀਂ ਸੀ ਪਿਆ। ਕਿਸੇ ਹੋਰ ਕੋਲ ਗੱਲ ਅੱਪੜਨ ਤੋਂ ਪਹਿਲਾਂ ਹੀ ਉਹ ਕਿੱਲੇ ਦਾ ਮੁੱਲ ਗੱਜਣ ਨੂੰ ਦੇ ਗਏ ਸਨ।

ਇਹ ਵੀ ਭਾਨੀ ਦੀ ਹੀ ਕਿਰਪਾ ਸੀ ਕਿ ਪਾਲੇ ਕੇ ਗਿੰਦਰ ਦਾ ਖ਼ੂਨ ਹੁੰਦਾ-ਹੁੰਦਾ ਟਲ ਗਿਆ। ਸ਼ਿੰਦਰ ਨੂੰ ਆਪਣੀ ਭੈਣ ’ਤੇ ਡਾਹਡਾ ਗੁੱਸਾ ਸੀ। ਉਸ ਦੇ ਘਰ ਸਭ ਕੁਝ ਸੀ। ਉਸ ਨੂੰ ਜ਼ਮੀਨ ’ਚੋਂ ਹਿੱਸਾ ਮੰਗਦੀ ਨੂੰ ਸ਼ਰਮ ਆਉਣੀ ਚਾਹੀਦੀ ਸੀ। ਸ਼ਿੰਦਰ ਨੇ ਤਾਂ ਪਹਿਲਾਂ ਹੀ ਆਪਣੀ ਜਿੰਦ ਵੇਚ ਕੇ ਭੈਣ ਦਾ ਵਿਆਹ ਕੀਤਾ ਸੀ। ਸਾਰੇ ਚਾਰ ਕਿੱਲੇ ਜ਼ਮੀਨ ਦੇ ਸੀ। ਕਚਹਿਰੀ ਚੜ੍ਹ ਕੇ ਭੈਣ ਨੇ ਦੋ ਕਿੱਲੇ ਲੈ ਕੇ ਛੱਡੇ। ਇਥੋਂ ਤਕ ਵੀ ਲਿਹਾਜ਼ ਨਾ ਕੀਤੀ ਕਿ ਸ਼ਿੰਦਰ ਨੂੰ ਹੀ ਵੇਚ ਦੇਵੇ। ਸ਼ਰੀਕਾਂ ਨੂੰ ਉਹਦੀ ਹਿੱਕ ’ਤੇ ਬਿਠਾ ਆਈ। ਸ਼ਿੰਦਰ ਜਿਊਂਦਾ ਹੀ ਮਰਿਆਂ ਵਰਗਾ ਹੋ ਗਿਆ। ਚਾਰ ਕੁੜੀਆਂ ਅਤੇ ਤਿੰਨ ਮੁੰਡਿਆਂ ਦਾ ਰੋਟੀ-ਟੁੱਕ ਦਾ ਖ਼ਰਚ ਹੀ ਮਾਣ ਨਹੀਂ। ਬੀਮਾਰੀ-ਠਿਮਾਰੀ ਆਉਂਦੀ ਤਾਂ ਸਿਰ ਚੜ੍ਹਿਆ ਕਰਜ਼ਾ ਦੁੱਗਣਾ-ਤਿੱਗਣਾ ਹੋ ਜਾਂਦਾ। ਆੜ੍ਹਤੀਆਂ, ਬੈਂਕਾਂ ਅਤੇ ਰਿਸ਼ਤੇਦਾਰਾਂ ਦਾ ਕਰਜ਼ਾਈ ਹੋਇਆ ਸ਼ਿੰਦਰ ਇਕ ਦਿਨ ਰਾਜਸਥਾਨੋਂ ਪਸਤੌਲ ਖ਼ਰੀਦ ਲਿਆਇਆ। ਸ਼ਿੰਦਰ ਨੂੰ ਕੀੜਿਆਂ ਵਾਲੇ ਜੰਡ ’ਤੇ ਚੜ੍ਹਾਉਣ ਵਾਲੀ ਆਪਣੀ ਭੈਣ ਦਾ ਘਰ ਉਹ ਤਬਾਹ ਕਰ ਸੁੱਟੇਗਾ।

ਭੈਣ ਤਾਂ ਮਾੜੀ ਨਹੀਂ ਸੀ, ਉਸ ਦਾ ਪਤੀ ਗਿੰਦਰ ਉਸ ਨੂੰ ਟਿਕਣ ਨਹੀਂ ਸੀ ਦਿੰਦਾ। “ਜੇ ਜ਼ਮੀਨ ਨਾ ਵੰਡਾਈ ਤਾਂ ਘਰੇ ਬਿਠਾ ਦਿਊਂ।” ਇਹੋ ਜਿਹੀਆਂ ਧਮਕੀਆਂ ਦਿੰਦਾ ਰਹਿੰਦਾ ਸੀ।

ਸ਼ਿੰਦਰ ਨਾਲ ਛੱਜੂ ਬਦਮਾਸ਼ ਨੂੰ ਲਿਆਇਆ ਸੀ। ਛੱਜੂ ਦੀ ਸ਼ਹਿਰ ਵਿਚ ਹੋਰ ਕੋਈ ਢੋਈ ਨਹੀਂ ਸੀ। ਰਾਤ ਉਹਨਾਂ ਭਾਨੀ ਕੋਲ ਕੱਟੀ। ਦੋ ਪੈੱਗ ਲਾ ਕੇ ਛੱਜੂ ਨੇ ਭਾਨੀ ਨੂੰ ਸਾਰੀ ਕਹਾਣੀ ਸੁਣਾ ਦਿੱਤੀ।

ਡਰਦੀ ਭਾਨੀ ਨੇ ਰਾਤੋ-ਰਾਤ ਥਾਣੇ ਖ਼ਬਰ ਕਰ ਦਿੱਤੀ। ਪਿੱਛੋਂ ਪੁਲਿਸ ਨੇ ਕਤਲ ਦੀ ਸਾਜ਼ਿਸ਼ ਵਿਚ ਭਾਨੀ ਨੂੰ ਵੀ ਵਿਚੇ ਘੜੀਸ ਲੈਣਾ ਸੀ।

ਸ਼ਿੰਦਰ ਤੋਂ ਪਸਤੌਲ ਬਰਾਮਦ ਕਰਾਉਣ ਨਾਲ ਗੱਜਣ ਦੀ ਵਾਹਵਾ-ਵਾਹਵਾ ਹੋ ਗਈ। ਪਾਲੇ ਕਿਆਂ ਨੇ ਉਸ ਦਾ ਪੂਰਾ ਅਹਿਸਾਨ ਮੰਨਿਆ। ਪਿੱਛੋਂ ਗੱਜਣ ਨੇ ਜਿਥੇ ਆਖਿਆ, ਪਾਲੇ ਨੇ ਉਥੇ ਹੀ ਠੋਕ ਕੇ ਗਵਾਹੀ ਦਿੱਤੀ। ਪਾਲੇ ਦੀ ਗਵਾਹੀ ਦੇ ਸਿਰ ’ਤੇ ਗੱਜਣ ਨੇ ਕਈ ਵੱਡੇ ਮੁਕੱਦਮੇ ਸਜ਼ਾ ਕਰਾਏ।

ਇਸ ਅਗਵਾੜ ਬਾਰੇ ਭਾਨੀ ਕੋਲੋਂ ਉਸ ਨੂੰ ਦੇਸ਼ ਭਰ ਦੀਆਂ ਖ਼ੁਫ਼ੀਆ ਏਜੰਸੀਆਂ ਨਾਲੋਂ ਵੱਧ ਸੂਹ ਮਿਲਣੀ ਸੀ। ਬਿਨਾਂ ਕਿਸੇ ਫੇਰ-ਬਦਲ ਤੋਂ।

ਪੁਲਿਸ ਨੂੰ ਦਰਵਾਜ਼ੇ ਅੱਗੇ ਖੜੀ ਦੇਖ ਕੇ ਭਾਨੀ ਦਾ ਸਤਿ ਨਿਕਲ ਗਿਆ। ਝੀਤਾਂ ਰਾਹੀਂ ਜਦੋਂ ਉਸ ਨੇ ਦਰਵਾਜ਼ੇ ਅੱਗੇ ਖੜੇ ਗੱਜਣ ਨੂੰ ਦੇਖਿਆ ਤਾਂ ਉਹਦੇ ਸਾਹ ਵਿਚ ਸਾਹ ਆਇਆ। ਗੱਜਣ ਉਸ ਦਾ ਪੁਰਾਣਾ ਯਾਰ ਸੀ। ਜਦੋਂ ਉਹ ਸ਼ਹਿਰ ਵਿਚ ਲੱਗਾ ਸੀ ਤਾਂ ਭਾਨੀ ਨੇ ਪੂਰੀਆਂ

ਮੌਜਾਂ ਕੀਤੀਆਂ ਸਨ। ਕਈ ਗੁਆਂਢਣਾਂ ਤਾਂ ਉਸ ਨੂੰ ਥਾਣੇਦਾਰਨੀ ਆਖ ਕੇ ਹੀ ਬੁਲਾਉਣ ਲੱਗ ਪਈਆਂ ਸਨ।

ਕਾਲੇ ਸਾਟਨ ਦੇ ਸੂਟ ਵਿਚ ਭਾਨੀ ਦਾ ਗੋਰਾ ਸਰੀਰ ਦਗ-ਦਗ ਕਰ ਰਿਹਾ ਸੀ। ਆਮ ਦਿਨਾਂ ਵਾਂਗ ਉਸ ਨੇ ਅੱਜ ਵੀ ਅੱਖਾਂ ਵਿਚ ਧਾਰੀਦਾਰ ਸੁਰਮਾ ਪਾਇਆ ਸੀ। ਚਿੱਟੇ ਦੰਦਾਂ 'ਤੇ ਮਲਿਆ ਦੰਦਾਸਾ ਅਤੇ ਉਸ ਦੇ ਅਗਲੇ ਦੋ ਦੰਦਾਂ ਵਿਚ ਜੜੀਆਂ ਸੋਨੇ ਦੀ ਮੇਖਾਂ ਉਸ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਰਹੀਆਂ ਸਨ। ਕਦੇ ਜਵਾਨੀ ਵੇਲੇ ਮੱਥੇ 'ਤੇ ਪਵਾਈ ਮੋਰਨੀ ਹਾਲੇ ਵੀ ਉਡੂੰ-ਉਡੂੰ ਕਰ ਰਹੀ ਸੀ।

ਉਹ ਕੋਠੜੀ ਦੀ ਥਾਂ ਜਦੋਂ ਗੱਜਣ ਨੂੰ ਬੈਠਕ ਵੱਲ ਲੈ ਤੁਰੀ ਤਾਂ ਗੱਜਣ ਹੱਕਾ-ਬੱਕਾ ਰਹਿ ਗਿਆ। ਅੱਗੇ ਤਾਂ ਉਹ ਹਮੇਸ਼ਾ ਹੀ ਗੱਜਣ ਨੂੰ ਕੋਠੜੀ ਵਿਚ ਲਿਜਾਂਦੀ ਸੀ, ਜਿਥੇ ਉਸ ਦਾ ਰੰਗਲਾ ਪਲੰਘ, ਸੇਜ ਬਣਿਆ ਉਸ ਨੂੰ ਉਡੀਕ ਰਿਹਾ ਹੁੰਦਾ ਹੈ।

"ਕੀ ਕਰਾਂ ? ਮੁੰਡਾ ਫ਼ੌਜ 'ਚੋਂ ਵਾਪਸ ਆ ਗਿਐ। ਆਂਡਲ ਜੀ ਬਹੂ ਕਾਂ ਵਾਂਗ ਮੇਰੇ 'ਤੇ ਅੱਖ ਰੱਖਦੀ ਹੈ। ਮੁੰਡਾ ਸਾਹ ਨਹੀਂ ਕੱਢਣ ਦਿੰਦਾ।"

ਗੱਜਣ ਦੇ ਕਾਰਨ ਪੁੱਛਣ 'ਤੇ ਉਹ ਆਪਣੇ ਦੁੱਖੜੇ ਰੋਣ ਲੱਗੀ।

ਸਾਲ ਪਹਿਲਾਂ ਉਹ ਪੂਰੀ ਆਜ਼ਾਦ ਸੀ। ਉਸ ਦਾ ਘਰ ਵਾਲਾ ਵਿਆਹ ਦੇ ਤੀਜੇ ਵਰ੍ਹੇ ਹੀ ਸੱਪ ਨੇ ਡੱਸ ਲਿਆ। ਫ਼ੌਜੀ ਉਹਨੀਂ ਦਿਨੀਂ ਇਕ ਸਾਲ ਦਾ ਸੀ। ਭਾਨੀ ਨੇ ਦਿਉਰ ਕਰ ਲਿਆ। ਛੇ ਸਾਲਾਂ ਬਾਅਦ ਉਹ ਕਿਸੇ ਹੋਰ ਨੂੰ ਲੈ ਕੇ ਨਿਕਲ ਗਿਆ। ਅਖੇ ਭਾਨੀ ਉਸ ਦੇ ਜਵਾਕ ਨਹੀਂ ਜੰਮਦੀ।

ਭਾਨੀ ਦਾ ਦਿਲ ਟੁੱਟ ਗਿਆ। ਸੱਸ-ਸਹੁਰੇ ਦੇ ਸਹਾਰੇ ਮੁੰਡਾ ਪਾਲਦੀ ਰਹੀ।

ਮੁੰਡਾ ਫ਼ੌਜ ਵਿਚ ਭਰਤੀ ਹੋਇਆ ਤਾਂ ਇਕੱਲੀ ਭਾਨੀ ਨੂੰ ਘਰ ਵੱਡੂੰ-ਖਾਊਂ, ਵੱਡੂੰ-ਖਾਊਂ ਕਰਨ ਲੱਗਾ। ਮੈਂਬਰਨੀ ਨਾਲ ਰਲ ਕੇ ਉਹ ਦਿਨ-ਕਟੀ ਕਰਨ ਲਈ ਲੋਕਾਂ ਦੇ ਕੰਮ ਕਰਾਉਣ ਲੱਗੀ।

ਥਾਣੇ ਕਚਹਿਰੀ ਵਿਚ ਮੈਂਬਰਨੀ ਨਾਲੋਂ ਉਹਦੀ ਵੱਧ ਚੱਲਣ ਲੱਗੀ। ਵੇਲੇ-ਕੁਵੇਲੇ ਉਹ ਕਿਸੇ ਥਾਣੇਦਾਰ ਕੋਲ ਠਹਿਰ ਵੀ ਜਾਂਦੀ।

ਗੱਜਣ ਆਇਆ ਤਾਂ ਉਸ ਨੇ ਭਾਨੀ ਨੂੰ ਅਸਮਾਨ 'ਤੇ ਹੀ ਚਾੜ੍ਹ ਦਿੱਤਾ। ਜਿਸ ਨੂੰ ਜੀਅ ਕਰੇ ਫੜਾ ਜਾਵੇ, ਜਿਸ ਨੂੰ ਜੀਅ ਕਰੇ ਛੁਡਾ ਲਵੇ। ਪੈਸੇ ਵੀ ਬਣਨ ਲੱਗੇ ਅਤੇ ਦਾਰੂ ਦਾ ਸਵਾਦ ਵੀ ਪੈ ਗਿਆ।

ਭਾਨੀ ਨੇ ਵੀ ਉਸ ਨੂੰ ਰੱਜ ਕੇ ਕੰਮ ਦਿੱਤਾ। ਸਾਰੇ ਅਗਵਾੜ ਦੀ ਸੂਹ ਘਰ ਬੈਠੇ ਨੂੰ ਹੀ ਮਿਲ ਜਾਂਦੀ।

ਇੱਲ ਦੇ ਆਂਡੇ ਵਰਗੀ ਅੱਖ, ਗੁੰਦਵਾਂ ਸਰੀਰ ਅਤੇ ਸਰੂ ਵਰਗਾ ਕੱਦ ਗੱਜਣ ਨੂੰ ਬੇਹੱਦ ਪਸੰਦ ਸੀ।

ਗੱਜਣ ਨੂੰ ਕੁਰਸੀ 'ਤੇ ਬਿਠਾ ਕੇ ਉਹ ਇਕ ਪਾਸੇ ਪਏ ਮੰਜੇ 'ਤੇ ਬੈਠ ਗਈ। ਕੋਠੜੀ 'ਚ ਬੈਠੀ ਬਹੂ ਨੂੰ ਸਭ ਦਿਖਦਾ ਰਹੇ, ਇਸ ਲਈ ਵਿਹੜੇ ਵਾਲੀ ਤਾਕੀ ਖੋਲ੍ਹ ਲਈ।

"ਇਹ ਨਖ਼ਰਾ ਕਦੋਂ ਤੋਂ ?" ਭਾਨੀ ਦੇ ਪੱਟ 'ਤੇ ਚੂੰਡੀ ਭਰਦਿਆਂ ਗੱਜਣ ਨੇ ਪੁੱਛਿਆ। ਉਹ ਉਸ ਨੂੰ ਛੇੜਨ ਦੇ ਮੂਡ ਵਿਚ ਸੀ।

"ਕਦੇ ਫੇਰ ਆ ਜੂੰ। ਫ਼ੌਜਣ ਨੇ ਜੀਣਾ ਹਰਾਮ ਕਰ 'ਤਾ। ਇਕ ਦਿਨ ਇਸ ਨੇ ਸੱਜਣ ਹੌਲਦਾਰ ਨਾਲ ਮੈਨੂੰ ਫੜ ਲਿਆ। ਬੜੀ ਕਪੱਤ ਕੀਤੀ ਮਰ ਜਾਣੀ ਨੇ। ਇਕ ਵਾਰ ਔਂਤਰੇ ਬੰਤ ਹੌਲਦਾਰ ਨੇ ਇਕ ਸੌ ਨੌਂ ਦਾ ਕੇਸ ਬਣਾ 'ਤਾ। ਛੇ ਮਹੀਨੇ ਕਚਹਿਰੀ ਧੱਕੇ ਖਾਂਦੀ ਰਹੀ। ਮੇਰੀ ਤਾਂ ਸਵਾਹ ਬਣੀ ਪਈ ਐ।" ਆਪਣੀ ਹੱਡ-ਬੀਤੀ ਸੁਣਾਉਂਦੀ ਉਹ ਅੱਖਾਂ ਭਰ ਆਈ।

"ਚੱਲ ਛੱਡ। ਇਉਂ ਦੱਸ ਬਈ ਆ ਜਿਹੜਾ ਬੰਟੀ ਗਵਾਚਾ ਹੋਇਆ, ਇਸ ਬਾਰੇ ਤੈਨੂੰ ਕੁਝ ਪਤੈ ?.....ਮੈਨੂੰ ਪਤਾ ਲੱਗੇ ਉਹ ਇਸ ਅਗਵਾੜ ਵਿਚ ਕਿਤੇ ਲੁਕੋਇਆ ਹੋਇਐ।" ਬਾਹਰੋਂ ਉਸ ਨੂੰ ਬੁਲਾਉਣ ਲਈ ਵੱਜਦੀਆਂ ਵਿਸਲਾਂ ਅਤੇ ਕੋਠੜੀ ਵਿਚੋਂ ਆਉਂਦੇ ਖੰਘੂਰਿਆਂ ਦੀ ਰਜ਼ਮ ਨੂੰ ਪਹਿਚਾਣ ਕੇ ਗੱਜਣ ਨੇ ਮਤਲਬ ਦੀ ਗੱਲ ਛੇੜੀ।

"ਰੱਬ-ਰੱਬ ਕਰ। ਅਗਵਾੜ 'ਚ ਕੋਈ ਨੀ ਅਜਿਹਾ ਨੀਚ ਕੰਮ ਕਰਨ ਵਾਲਾ।" ਬੰਟੀ ਦੀ ਗੱਲ ਸੁਣ ਕੇ ਭਾਨੀ ਦਾ ਚਿਹਰਾ ਪੀਲਾ ਭੂਕ ਹੋ ਗਿਆ। ਆਪਣੇ ਹੱਥ ਮਲਦੀ ਉਹ ਸਫ਼ਾਈ ਪੇਸ਼ ਕਰਨ ਲੱਗੀ।

"ਕਈ ਕਾਲਜੀਏਟ ਕੇਸਰੀ ਪੱਗਾਂ ਬੰਨ੍ਹੀਂ ਫਿਰਦੇ ਨੇ। ਇਹਨਾਂ ਦਾ ਕੋਈ ਪਤਾ ਨਹੀਂ ਕਦੋਂ ਅਜਿਹਾ ਕੰਮ ਕਰ ਬੈਠਣ।"

"ਕੇਸਰੀ ਪੱਗਾਂ ਤਾਂ ਜੀਅ-ਜੀਅ ਬੰਨ੍ਹੀਂ ਫਿਰਦੈ। ਸਾਡੇ ਫ਼ੌਜੀ ਨੇ ਵੀ ਲਿਆਂਦੀ ਹੈ। ਇਹੋ ਜਿਹੀ ਕੋਈ ਗੱਲ ਨਹੀਂ।"

"ਢੇਰੂ ਬਦਮਾਸ਼ ਬਾਰੇ ਕੀ ਖ਼ਿਆਲ ਐ ? ਪੈਸੇ ਪਿੱਛੇ ਕਤਲ ਕਰਨ ਵਾਲੇ ਦਾ ਕੋਈ ਵਸਾਹ ਨਹੀਂ ਹੁੰਦਾ, ਕਦੋਂ ਭੈੜੇ ਤੋਂ ਭੈੜਾ ਕੰਮ ਕਰ ਬਹੇ। ਬੰਦਾ ਮਾਰਨਾ ਉਹਨੂੰ ਕੀੜੀ ਮਾਰਨ ਵਾਂਗੂੰ ਲੱਗਦੈ।"

"ਉਸ ਨੇ ਹੋਰ ਚਾਹੇ ਜਿਹੜਾ ਮਰਜ਼ੀ ਜੁਰਮ ਕੀਤਾ ਹੋਵੇ, ਇਹ ਕੰਮ ਉਹ ਕਦੇ ਨਹੀਂ ਕਰ ਸਕਦਾ। ਉਹ ਤਾਂ ਮੇਰੇ ਕੋਲ ਕਈ ਵਾਰ ਕਲਪ ਕੇ ਗਿਐ, ਬਈ ਇਹ ਮਾਸੂਮਾਂ ਨੂੰ ਪਤਾ ਨਹੀਂ ਕਿਉਂ ਮਾਰਦੇ ਫਿਰਦੇ ਨੇ। ਮਾਰਨਾ ਹੈ ਤਾਂ ਦੁਸ਼ਮਣਾਂ ਨੂੰ ਮਾਰੋ। ਉਹ ਵੀ ਲਲਕਾਰ ਕੇ। ਨੰਨ੍ਹੇ ਫੁੱਲ ਜਿਹੇ ਬੱਚੇ ਨਾਲ ਉਹ ਧੱਕਾ ਨਹੀਂ ਕਰ ਸਕਦਾ।"

"ਉਹ ਨੱਥੂ ਨਾਈ ਵੀ ਪੋਚਵੀਂ ਪੱਗ ਬੰਨ੍ਹੀਂ ਫਿਰਦੈ.....ਉਸ ਨੂੰ ਕਿਹੜੀ ਨੋਟਾਂ ਦੀ ਨਵੀਂ ਖਾਨ ਲੱਭ ਪਈ, ਬਈ ਜਿਹੜਾ ਨਿੱਤ ਨਵੇਂ ਬਦਲਦੈ ? ਕਈ ਵਾਰ ਸ਼ਰਾਰਤ ਕਰਨ ਵਾਲੇ ਅਜਿਹੇ ਬੰਦੇ ਨੂੰ ਰੁਪਿਆਂ ਦਾ ਬੁੱਕ ਦੇ ਕੇ ਵਰਗਲਾ ਲੈਂਦੇ ਨੇ। ਨੀਅਤ ਫਿਰਦੀ ਨੂੰ ਟੈਮ ਨਹੀਂ ਲੱਗਦਾ।"

"ਨਹੀਂ ਵੇ ਨਹੀਂ.....ਇਹੋ ਜਿਹਾ ਉਹ ਵੀ ਨਹੀਂ.....ਉਹਨੂੰ ਤਾਂ ਮੁਫ਼ਤ ਦੀ ਜ਼ਮੀਨ ਟੱਕਰੀ ਹੈ। ਪਿੱਛੇ ਜੇ ਉਹਨੇ ਕਲਕੱਤੇ ਵਾਲਿਆਂ ਨਾਲ ਰਲ ਕੇ ਕਿਸੇ ਬੁੜ੍ਹੀ ਤੋਂ ਇਕਰਾਰਨਾਮੇ ਦੇ ਬਹਾਨੇ ਬੈਨਾਮੇ 'ਤੇ ਅੰਗੂਠਾ ਲਵਾ ਲਿਆ। ਉਸ ਦੀ ਕਮਾਈ ਰੜਕਦੀ ਹੈ। ਉਸ ਭੋਲੇ ਪੰਛੀ ਨੂੰ ਇਹਨਾਂ ਗੱਲਾਂ ਦਾ ਊਂ ਹੀ ਨੀ ਪਤਾ।"

"ਫੇਰ ਕੁਝ ਦੱਸ ਵੀ ? ਕਿਸੇ ਰਾਹ ਪਾ।" ਇਕ ਸੌ ਦਾ ਨੋਟ ਬਟੂਏ 'ਚੋਂ ਕੱਢਦਿਆਂ ਗੱਜਣ ਨੇ ਭਾਨੀ 'ਤੇ ਜ਼ੋਰ ਪਾਇਆ।

"ਏਸ ਨੋਟ ਨੂੰ ਜੇਬ 'ਚ ਰੱਖ। ਤੈਨੂੰ ਸੂਹ ਮੈਂ ਕੋਈ ਪੈਸਿਆਂ ਦੇ ਲਾਲਚ ਤਾਂ ਨਹੀਂ ਸੀ ਦਿੰਦੀ। ਊਂਈ ਤੇਰੇ ਨਾਲ ਮੋਹ ਹੋ ਗਿਆ ਸੀ। ਨਾਲੇ ਉਦੋਂ ਹੱਥ ਤੰਗ ਸੀ। ਹੁਣ ਮੁੰਡਾ ਆਪੇ ਖ਼ਰਚ ਚਲਾਉਂਦੈ। ਮੈਂ ਸਭ ਛੱਡਤਾ ਇਹੋ ਜਿਹਾ ਕੰਮ।"

ਨੋਟ ਗੱਜਣ ਵੱਲ ਮੋੜਦੀ ਭਾਨੀ ਨੇ ਮੁਖ਼ਬਰੀ ਦੇਣੀ ਸ਼ੁਰੂ ਕੀਤੀ।

"ਬਾਹੀਏ ਕੇ ਵਗ ਜਾ। ਪੂਰਾ ਟਰੱਕ ਅਫ਼ੀਮ ਦਾ ਆਇਐ। ਦਸ-ਵੀਹ ਸੇਰ ਹਾਲੇ ਵੀ ਪਈ ਹੋਊ।

"ਮੈਂ ਬੰਟੀ ਬਾਰੇ ਪੁੱਛਦਾਂ। ਉਸ ਨਾਲ ਕਿਹੜਾ ਪੰਗਾ ਲਏ ? ਉਹ ਵਜ਼ੀਰਾਂ ਨਾਲ ਗਲਾਸ ਖੜਕਾਉਂਦੈ ਅੱਜ-ਕੱਲ੍ਹ।"

ਭਾਨੀ ਸੋਚੀਂ ਪੈ ਗਈ। ਬੰਟੀ ਬਾਰੇ ਉਹ ਕੀ ਦੱਸੇ ? ਉਹ ਤਾਂ ਇਹੋ ਦੱਸ ਸਕਦੀ ਹੈ ਕਿ ਕਿਸ ਦੀ ਕੁੜੀ ਕਿਸ ਦੇ ਮੁੰਡੇ ਨਾਲ ਇਸ਼ਕ ਕਰਦੀ ਹੈ। ਕਿਸ ਕੁਆਰੀ ਕੁੜੀ ਨੇ ਕਿਸ ਦਾਈ ਤੋਂ ਬੱਚਾ ਕਢਾਇਐ। ਕਿਸ ਘਰ ਕਿਸ ਦਾ ਆਉਣ ਜਾਣ ਹੈ। ਕਿਹੜਾ ਨਾਮਰਦ ਹੈ। ਕਿਸ ਦੀ ਘਰ ਵਾਲੀ ਰਾਤ-ਬਰਾਤੇ ਇਧਰ-ਉਧਰ ਮੂੰਹ ਮਾਰਦੀ ਹੈ।

ਬੰਟੀ ਬਾਰੇ ਨਾਂਹ 'ਚ ਸਿਰ ਮਾਰਨ ਤੋਂ ਬਿਨਾਂ ਉਸ ਕੋਲ ਕੁਝ ਨਹੀਂ ਸੀ।

"ਚੰਗਾ ਕੋਈ ਅਸਾਮੀ ਹੀ ਟਕਰਾ ਦੇ। ਖ਼ਰਚਾ-ਵਰਚਾ ਨਿਕਲ ਜੂ।" ਸੌ ਦੇ ਨੋਟ ਨੂੰ ਦਰੀ ਹੇਠਾਂ ਰੱਖਦੇ ਗੱਜਣ ਨੇ ਗੱਲ ਦਾ ਰੁਖ਼ ਬਦਲਿਆ।

"ਦਾਰੂ ਦਾ ਘੁੱਟ ਪੀਣੈ ਤਾਂ ਮਹਿੰਗੇ ਤਖਾਣ ਕੇ ਚਲਾ ਜਾ। ਕੱਲ੍ਹ ਹੀ ਭੱਠੀ ਲਾਈ ਸੀ। ਬੜੀ ਵਧੀਆ ਸ਼ਰਾਬ ਕੱਢਦੈ।"

"ਕੋਈ ਕੰਮ ਦੀ ਗੱਲ ਕਰ।"

"ਨਵਾਂ ਪੁਰਜ਼ਾ ਦੇਖਣ ਦੀ ਝਾਕ ਹੈ ਤਾਂ ਸਾਧੂ ਦਾ ਕੁੰਡਾ ਖੜਕਾ ਦੇ। ਮੁੰਡਾ ਫ਼ੌਜ 'ਚ ਐ। ਫੌਜਣ ਨੂੰ ਲੋਕ ਸਾਂਭਦੇ ਨੇ। ਤੇਰੇ ਵਰਗੇ ਛੈਲ-ਛਬੀਲੇ ਨੂੰ ਤਾਂ ਉਹ ਭੱਜ ਕੇ ਜੱਫੀ ਪਾਊ।"

ਜਵਾਨਾਂ ਨੇ ਬਾਹਰੋਂ ਦਰਵਾਜ਼ਾ ਖੜਕਾਉਣਾ ਸ਼ੁਰੂ ਕਰ ਦਿੱਤਾ ਸੀ। ਉਸ ਦੀ ਨੂੰਹ ਵੀ ਦੁੱਧ ਦੇ ਭਰੇ ਦੋ ਕੰਗਣੀ ਵਾਲੇ ਗਲਾਸ ਬੈਠਕ ਵਿਚ ਰੱਖ ਗਈ ਸੀ। ਨਾਲੇ ਚੋਰ-ਅੱਖ ਨਾਲ ਗੱਜਣ ਦੀ ਪਛਾਣ ਵੀ ਕਰ ਗਈ।

"ਇਹ ਵਕਤ ਐਸ਼ ਕਰਨ ਦਾ ਨਹੀਂ। ਦੋ ਪੈਸੇ ਬਣਵਾ ਸਕਦੀ ਹੈਂ ਤਾਂ ਦੱਸ। ਤੇਰਾ ਕਮਿਸ਼ਨ ਪੱਕਾ।"

"ਜੇ ਪੈਸੇ ਦੀ ਤਲਬ ਹੈ ਤਾਂ ਮੰਗੂ ਬਾਣੀਏ ਦੇ ਜਾ ਵੜ। ਦੇਖਦਾ ਨੀ ਦਿਨਾਂ ਵਿਚ ਹੀ ਚੁਬਾਰੇ ਉਸਰ ਗਏ। ਜਦੋਂ ਦਾ ਕੋਈ ਸਖ਼ਤ ਕਾਨੂੰਨ ਬਣਿਐ, ਮਾੜੇ-ਮੋਟੇ ਸਭ ਭੱਜ ਗਏ। ਇਹੋ ਇਕੱਲਾ ਮੈਦਾਨ 'ਚ ਰਹਿ ਗਿਐ। ਰੇਟ ਦੂਣਾ ਕਰ 'ਤਾ। ਨੋਟਾਂ ਦੇ ਬੋਰੇ ਭਰ ਲਏ। ਉਹ ਕਾਲੀ ਜੀ ਬਨਿਆਣੀ ਜਿਹੜੀ ਸਾਰਾ ਦਿਨ ਕੱਪੜੇ ਸਿਊਣ ਵਾਲੀ ਮਸ਼ੀਨ ਨਾਲ ਚਿਪਕੀ ਰਹਿੰਦੀ ਸੀ, ਸੇਰ-ਸੇਰ ਸੋਨਾ ਪਾ ਕੇ ਰੱਖਦੀ ਹੈ। ਪਸੇਰੀ-ਪਸੇਰੀ ਦੇ ਡੌਲੇ ਹੋ ਗਏ ਤੇ ਮਣ-ਮਣ ਦੇ ਚਿੱਤੜ।"

"ਆ ਜਿਹੜੇ ਦੋ-ਤਿੰਨ ਨਕਸਲੀਏ ਸੀ, ਉਹ ਕਿਥੇ ਹੁੰਦੇ ਨੇ ਅੱਜ-ਕੱਲ੍ਹ ?" ਇਕੋ ਗੱਲ ਗੱਜਣ ਦੇ ਜ਼ਿਹਨ ਵਿਚ ਸੀ। ਘੁਮਾ-ਫਿਰਾ ਕੇ ਉਹ ਉਥੇ ਹੀ ਆ ਜਾਂਦਾ।

"ਉਹਨਾਂ ਨੇ ਉਹੋ ਰੂਪ ਧਾਰਿਆ ਹੋਇਐ। ਕੇਸ ਕਟਾਏ ਹੋਏ ਨੇ। ਦਾੜ੍ਹੀ ਕੁਤਰ ਕੇ ਰੱਖਦੇ ਨੇ। ਬਾਬੇ ਨਾਲ ਰਹਿੰਦੇ ਨੇ। ਕਦੇ ਡਰਾਮੇ ਕਰਨ ਤੁਰ ਗਏ, ਕਦੇ ਭੂਤ-ਪ੍ਰੇਤ ਕੱਢਣ ਵਾਲੇ ਸਾਧਾਂ-ਸੰਤਾਂ ਦੇ ਪਿੱਛੇ ਪੈ ਗਏ। ਘਰ ਤਾਂ ਟਿਕਦੇ ਨਹੀਂ।"

ਭਾਨੀ ਕੁਝ ਵੀ ਪੱਲੇ ਨਹੀਂ ਸੀ ਪਾ ਰਹੀ। ਜੇ ਭਾਨੀ ਦੇ ਪੱਲੇ ਕੁਝ ਨਹੀਂ ਸੀ ਤਾਂ ਅਗਵਾੜ ਵਿਚ ਵੀ ਕੁਝ ਨਹੀਂ ਸੀ। ਘਰ-ਘਰ ਦੀ ਤਲਾਸ਼ੀ ਕਰਨ ਅਤੇ ਬੰਟੀ ਦੀ ਆਸ ਰੱਖਣਾ ਫ਼ਜ਼ੂਲ ਸੀ।

ਗੱਜਣ ਚਾਹੁੰਦਾ ਤਾਂ ਭਾਨੀ ਦੀਆਂ ਦੱਸੀਆਂ ਥਾਵਾਂ 'ਤੇ ਛਾਪੇ ਮਾਰ ਕੇ ਪੈਸੇ ਕਮਾ ਸਕਦਾ ਸੀ। ਉਹਦੀ ਜ਼ਮੀਰ ਨਹੀਂ ਸੀ ਮੰਨ ਰਹੀ। ਮੁਰਦੇ ਉਖਾੜਨ ਦਾ ਮਤਲਬ ਲੋਕਲ ਪੁਲਿਸ ਦਾ ਜਲੂਸ

ਕੱਢਣਾ ਹੁੰਦਾ ਹੈ। ਪ੍ਰੀਤਮ ਸਿੰਘ ਉਸ ਦਾ ਲੰਗੋਟੀਆ ਯਾਰ ਹੈ। ਅੱਜ ਪ੍ਰੀਤਮ ਦੇ ਹਲਕੇ ਵਿਚ ਜਲੂਸ ਕੱਢੇਗਾ ਤਾਂ ਕੱਲ੍ਹ ਨੂੰ ਉਹ ਗੱਜਣ ਦੀਆਂ ਅਸਾਮੀਆਂ ਚੁੱਕ ਲੈਣਗੇ। ਇਸ ਤਰ੍ਹਾਂ ਪੁਲਿਸ ਦਾ ਵਕਾਰ ਘਟਦਾ ਹੈ। ਗੱਜਣ ਚੁੱਪ ਰਹਿਣ ਵਿਚ ਹੀ ਭਲਾ ਸਮਝਦਾ ਸੀ।

ਭਾਨੀ ਦੇ ਘਰੋਂ ਸਿੱਧੇ ਉਹ ਧਰਮਸ਼ਾਲਾ ਗਏ।

ਸਾਰੀ ਫ਼ੋਰਸ ਨੂੰ ਦੁਬਾਰਾ ਇਕੱਠਾ ਕੀਤਾ। ਹੁਣ ਤਕ ਕੀਤੀਆਂ ਤਲਾਸ਼ੀਆਂ ਦਾ ਜਾਇਜ਼ਾ ਲਿਆ। ਮੁੜ ਨਵੀਆਂ ਪਾਰਟੀਆਂ ਬਣਾ ਕੇ ਬਾਕੀ ਰਹਿੰਦੇ ਘਰਾਂ ਦੀ ਤਲਾਸ਼ੀ ਲਈ ਭੇਜ ਦਿੱਤੀਆਂ।

ਮੰਗੂ ਬਾਣੀਏ ਵੱਲ ਗੁਰਦਾਸ ਰਾਮ ਨੂੰ ਭੇਜਿਆ। ਚੁੱਪ ਕਰ ਕੇ ਫ਼ੀਸ ਫੜ ਲਿਆਉਣ ਵਿਚ ਕੋਈ ਹਰਜ ਨਹੀਂ। ਉਹ ਰੌਲਾ ਪਾਉਣ ਵਾਲਾ ਨਹੀਂ।

ਗੱਜਣ ਨੂੰ 'ਸਭ ਅੱਛਾ ਹੈ' ਦੀ ਰਿਪੋਰਟ ਭੇਜ ਕੇ ਬੋਤਲ ਖੋਲ੍ਹਣ ਤੋਂ ਸਿਵਾ ਕੋਈ ਕੰਮ ਨਹੀਂ ਸੀ।

✶

# 12

ਕੁਸ਼ਟ ਆਸ਼ਰਮ ਵੱਲ ਜਾਣ ਦੀ ਹੌਲਦਾਰ ਦੇਸ ਰਾਜ ਦੀ ਵੱਢੀ ਰੂਹ ਵੀ ਨਹੀਂ ਸੀ ਕਰਦੀ।

ਸ਼ਹਿਰ ਆਉਣ ਲੱਗਿਆਂ ਦੇਸ ਰਾਜ ਨੇ ਕਈ ਹਵਾਈ ਕਿਲ੍ਹੇ ਬਣਾਏ ਸਨ। ਉਸ ਨੇ ਸੋਚਿਆ ਸੀ, ਕਿਸੇ ਚੰਗੀ ਪੁਲਿਸ ਪਾਰਟੀ ਦਾ ਮੈਂਬਰ ਬਣ ਕੇ ਬਾਣੀਆਂ ਬ੍ਰਾਹਮਣਾਂ ਦੇ ਘਰਾਂ ਦੀ ਤਲਾਸ਼ੀ ਲਏਗਾ। ਚੰਗਾ ਖਾਏ ਪੀਏਗਾ ਅਤੇ ਡਰਾ-ਧਮਕਾ ਕੇ ਮਹੀਨੇ ਵੀਹ ਦਿਨਾਂ ਦਾ ਰਾਸ਼ਨ ਇਕੱਠਾ ਕਰੇਗਾ।

ਦੇਸ ਰਾਜ ਪਿਛਲੇ ਦੋ ਸਾਲਾਂ ਤੋਂ ਪੁਲਿਸ ਲਾਈਨ ਵਿਚ ਉਸਤਾਦ ਲੱਗਾ ਹੋਇਆ ਸੀ। ਸਾਰਾ ਦਿਨ ਪਸੀਨਾ ਬਹਾਉਣ ਅਤੇ ਮੈਦਾਨ ਵਿਚ ਇਧਰ-ਉਧਰ ਦੌੜਨ ਤੋਂ ਬਿਨਾਂ ਕੁਝ ਨਹੀਂ ਸੀ ਰੱਖਿਆ, ਡਰਿੱਲ ਮਾਸਟਰੀ ਵਿਚ। ਥੋੜ੍ਹਾ ਜਿਹਾ ਖਿੱਚ ਕੇ ਪਰੇਡ ਕਰਾ ਦਿਓ ਤਾਂ ਰੰਗਰੂਟ ਅਤੇ ਸਾਥੀ ਮੁਲਾਜ਼ਮ ਮੂੰਹ ਵਿੰਗਾ ਕਰ ਲੈਂਦੇ ਹਨ। ਖਾਣ ਨੂੰ ਮਿਲਣੀਆਂ ਹਨ, ਮੈਸ ਦੀਆਂ ਸੁੱਕੀਆਂ ਰੋਟੀਆਂ।

ਕੁਸ਼ਟ ਆਸ਼ਰਮ ਦੀ ਤਲਾਸ਼ੀ ਕਰਨ ਵਾਲੀ ਪਾਰਟੀ ਦਾ ਮੁਖੀ ਬਣਾ ਕੇ ਖ਼ਾਨ ਨੇ ਉਸ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਉਪਰੋਂ ਇਕ ਧੱਕਾ ਹੋਰ। ਪੁਲਿਸ ਪਾਰਟੀ ਨੂੰ ਉਥੇ ਪਹੁੰਚਾਣ ਲਈ ਕਿਸੇ ਸਵਾਰੀ ਦਾ ਪ੍ਰਬੰਧ ਵੀ ਨਹੀਂ ਸੀ ਕੀਤਾ ਗਿਆ। ਉਹਨਾਂ ਨੇ ਪੈਦਲ ਹੀ ਟੰਗਾਂ ਤੁੜਾਉਣੀਆਂ ਸਨ।

ਬੁਝੇ ਮਨ ਨਾਲ ਉਹ ਅਤੇ ਦੋ ਸਿਪਾਹੀ ਆਸ਼ਰਮ ਵੱਲ ਤੁਰ ਪਏ।

ਉਂਜ ਦੇਸ ਰਾਜ ਨੂੰ ਆਪਣੀ ਵਰਦੀ 'ਤੇ ਮਾਣ ਸੀ। ਇਸ ਵਰਦੀ ਵਿਚ ਕਰਾਮਾਤ ਸੀ। ਜਿਧਰ ਵੀ ਜਾਓ, ਡੰਡਾ ਖੜਕਾਉਂਦੇ ਰਹੋ। ਪੈਸੇ ਚੁੰਬਕ ਵਾਂਗ ਪਿੱਛੇ ਭੱਜੇ ਆਉਂਦੇ ਹਨ। ਮਦਾਰੀ ਵਾਂਗ ਪੁਲਸੀਏ ਨੂੰ ਥੋੜ੍ਹੀ ਜਿਹੀ ਕਲਾਕਾਰੀ ਕਰਨੀ ਪੈਂਦੀ ਹੈ।

ਜ਼ਰੂਰੀ ਤਾਂ ਨਹੀਂ ਬਈ ਸਾਰਾ ਸਮਾਂ ਆਸ਼ਰਮ ਵਿਚ ਹੀ ਗੁਜ਼ਾਰਿਆ ਜਾਵੇ। ਸਾਰੀਆਂ ਪੰਦਰਾਂ-ਵੀਹ ਕੁੱਲੀਆਂ ਹਨ। ਅੱਧੇ ਘੰਟੇ ਵਿਚ ਖ਼ਾਨਾਪੂਰੀ ਹੋ ਜਾਏਗੀ। ਪਿੱਛੋਂ ਉਹ ਕਿਸੇ ਹੋਰ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ। ਸਾਂਸੀਆਂ ਦੀਆਂ ਕੁੱਲੀਆਂ ਉਥੋਂ ਦੋ ਸੌ ਗਜ਼ ਦੇ ਫ਼ਾਸਲੇ 'ਤੇ ਸਨ। ਆਸ਼ਰਮ ਵਿਚੋਂ ਕੁਝ ਹੱਥ ਨਾ ਲੱਗਾ ਤਾਂ ਉਥੋਂ ਕੁਝ ਨਾ ਕੁਝ ਜ਼ਰੂਰ ਮਿਲ ਜਾਣਾ ਸੀ। ਸਾਂਸੀ ਸਾਰੇ ਜ਼ਿਲ੍ਹੇ ਵਿਚ ਮਾਰ ਕਰਦੇ ਹਨ। ਅੱਧੇ ਦੇਸ ਰਾਜ ਨੂੰ ਜਾਣਦੇ ਹਨ। ਉਹਨਾਂ ਦੀ ਪਾਰਟੀ ਨੇ ਰੱਬ ਦੇ ਮਾਂਹ ਤਾਂ ਨਹੀਂ ਮਾਰੇ ਬਈ ਉਹ ਭੁੱਖੇ ਮਰਨਗੇ ?

ਕਰਫ਼ਿਊ ਨਾ ਲੱਗਾ ਹੁੰਦਾ ਤਾਂ ਪੈਦਲ ਤੁਰਨ ਦੀ ਲੋੜ ਨਾ ਪੈਂਦੀ। ਕਿਸੇ ਟਰੱਕ, ਟੈਂਪੂ ਨੂੰ ਰੋਕ ਕੇ ਵਿਚ ਬੈਠ ਜਾਂਦੇ।

ਫੇਰ ਉਸ ਨੇ ਮਨ ਨੂੰ ਸਮਝਾਇਆ। ਪੈਦਲ ਤੁਰਨ ਵਿਚ ਵੀ ਭਲਾਈ ਹੀ ਹੈ। ਰਸਤੇ ਵਿਚ ਸੈਂਕੜੇ ਦੁਕਾਨਾਂ 'ਤੇ ਘਰ ਹਨ। ਕਿਸੇ ਦੁਕਾਨ ਦਾ ਵੀ ਛੋਟਾ ਦਰਵਾਜ਼ਾ ਖੁੱਲ੍ਹਾ ਹੋਇਆ ਜਾਂ ਸ਼ਟਰ ਥੋੜ੍ਹਾ ਜਿਹਾ ਉੱਚਾ ਚੁੱਕਿਆ ਹੋਇਆ ਤਾਂ ਉਹਨਾਂ ਦੀਆਂ ਮੌਜਾਂ ਬਣ ਜਾਣਗੀਆਂ। ਹੋਰ ਨਹੀਂ

ਤਾਂ ਹੋ ਸਕਦੈ ਕੋਈ ਰੋਂਦੇ ਬੱਚੇ ਨੂੰ ਚੁੱਪ ਕਰਾਉਣ ਜਾਂ ਟੱਟੀ-ਪਿਸ਼ਾਬ ਲਈ ਹੀ ਬਾਹਰ ਨਿਕਲ ਪਏ। ਕੋਈ ਵੀ ਬਾਹਰ ਮਿਲਿਆ, ਉਹਨਾਂ ਇੱਲਾਂ ਵਾਂਗ ਝਪਟ ਪੈਣਾ ਸੀ।

ਇਸੇ ਆਸ ਨਾਲ ਉਹਨਾਂ ਆਸ਼ਰਮ ਨੂੰ ਜਾਣ ਵਾਲਾ ਸਭ ਤੋਂ ਲੰਬਾ ਰਸਤਾ ਅਪਣਾਇਆ। ਥਾਣੇ ਦੇ ਪਿਛਾਂਹ ਦੀ, ਹਸਪਤਾਲ ਅਤੇ ਮਾਰਕੀਟ ਕਮੇਟੀ ਦੇ ਅੱਗੋਂ ਦੀ ਲੰਘਦਿਆਂ ਉਹਨਾਂ ਨੂੰ ਸਭ ਤੋਂ ਵੱਧ ਦੁਕਾਨਾਂ ਅਤੇ ਮਕਾਨਾਂ 'ਤੇ ਨਜ਼ਰ ਰੱਖਣ ਦਾ ਮੌਕਾ ਮਿਲਣਾ ਸੀ। ਇਹ ਉਮੀਦ ਨਾ ਹੁੰਦੀ ਤਾਂ ਉਹਨਾਂ ਨੂੰ ਦਸ ਕਦਮ ਤੁਰਨਾ ਵੀ ਮਾਊਂਟ ਐਵਰੈਸਟ 'ਤੇ ਚੜ੍ਹਨ ਵਾਂਗ ਲੱਗਦਾ।

ਪਰ ਲੋਕਾਂ ਨੂੰ ਪਤਾ ਨਹੀਂ ਕੀ ਸੱਪ ਸੁੰਘ ਗਿਆ ਸੀ। ਕਿਸੇ ਦੇ ਸਾਹ ਲੈਣ ਤਕ ਦੀ ਆਵਾਜ਼ ਸੁਣਾਈ ਨਹੀਂ ਸੀ ਦੇ ਰਹੀ। ਸਭ ਕੁੰਡੇ-ਜਿੰਦੇ ਲਾਈ ਘਰੋ-ਘਰੀ ਦੁਬਕੇ ਬੈਠੇ ਸਨ।

ਦੇਸ ਰਾਜ ਦੀ ਬਹੁਤੀ ਨੌਕਰੀ ਪੁਲਿਸ ਲਾਈਨ ਦੀ ਸੀ। ਥਾਣੇ ਵਿਚ ਤਾਂ ਕਦੇ-ਕਦੇ ਹੀ ਲੱਗਦਾ ਸੀ। ਉਦੋਂ ਜਦੋਂ ਕਿਸੇ ਨੂੰ ਸਜ਼ਾ ਦੇਣ ਲਈ ਉਸਤਾਦ ਬਣਾ ਕੇ ਪੁਲਿਸ ਲਾਈਨ ਭੇਜਿਆ ਜਾਂਦਾ। ਉਹ ਪੰਜ-ਚਾਰ ਮਹੀਨੇ ਥਾਣੇ ਕੱਟਦਾ, ਮੁੜ ਕੋਈ ਉਹਦੀ ਥਾਂ ਆ ਟਪਕਦਾ। ਬਿਨਾਂ ਜ਼ੋਰ ਵਾਲਿਆਂ ਨਾਲ ਇਉਂ ਹੀ ਹੁੰਦੀ ਹੈ।

ਇਹ ਸ਼ਹਿਰ ਉਸ ਲਈ ਨਵਾਂ ਹੀ ਸੀ। ਇਕ-ਦੋ ਵਾਰ ਪਹਿਲਾਂ ਆਇਆ ਤਾਂ ਸੀ ਪਰ ਥਾਣੇ ਵਿਚੋਂ ਹੀ ਮੁੜ ਜਾਂਦਾ ਰਿਹਾ ਸੀ।

ਦੇਸ ਰਾਜ ਨੇ ਆਸ਼ਰਮ ਦਾ ਬੜਾ ਸੋਹਣਾ ਚਿੱਤਰ ਕਲਪਿਆ ਹੋਇਆ ਸੀ। ਕੋਈ ਸਾਫ਼-ਸੁਥਰਾ, ਦਰੱਖ਼ਤਾਂ ਨਾਲ ਭਰਿਆ ਥਾਂ ਹੋਏਗਾ। ਚਾਰੇ ਪਾਸੇ ਚਾਰਦੀਵਾਰੀ ਹੋਏਗੀ। ਲੋਹੇ ਦੇ ਵੱਡੇ ਸਾਰੇ ਗੇਟ 'ਤੇ ਸੋਹਣਾ ਜਿਹਾ ਬੋਰਡ ਲਟਕ ਰਿਹਾ ਹੋਵੇਗਾ। ਅੰਦਰ ਹਵਾਦਾਰ ਕਮਰੇ ਬਣੇ ਹੋਣਗੇ। ਇਕ ਪਾਸੇ ਫਲੱਸ਼ ਟੱਟੀਆਂ ਹੋਣਗੀਆਂ। ਦੂਜੇ ਪਾਸੇ ਨਹਾਉਣ-ਧੋਣ ਲਈ ਗੁਸਲਖ਼ਾਨੇ ਹੋਣਗੇ। ਦਰੱਖ਼ਤਾਂ ਹੇਠ ਚਬੂਤਰੇ ਬਣੇ ਹੋਣਗੇ। ਬੈਠਣ-ਉੱਠਣ ਲਈ ਅਤੇ ਵਿਚਾਰ-ਵਿਟਾਂਦਰਾ ਕਰਨ ਲਈ ਤਖ਼ਤ-ਪੋਸ਼ ਹੋਣਗੇ। ਪੂਜਾ-ਪਾਠ ਲਈ ਅਤੇ ਪਿਛਲੇ ਮਾੜੇ ਕਰਮਾਂ ਦਾ ਪਛਤਾਵਾ ਕਰਨ ਲਈ ਮੰਦਰ ਹੋਏਗਾ। ਉਥੇ ਉਹ ਸਾਰਾ ਦਿਨ ਭਜਨ-ਕੀਰਤਨ ਵਿਚ ਲੱਗੇ ਆਪਣੇ ਅਗਲੇ ਜਨਮ ਨੂੰ ਸੁਧਾਰਨ ਲਈ ਯਤਨਸ਼ੀਲ ਹੋਣਗੇ।

ਮੰਗਤੇ ਤਾਂ ਹੁਣ ਪਛਾਣ ਵਿਚ ਹੀ ਨਹੀਂ ਆਉਂਦੇ ਹੋਣੇ। ਖੀਰ-ਪੂੜੇ ਖਾ-ਖਾ ਕੇ ਉਹ ਹੱਟੇ-ਕੱਟੇ ਹੋ ਗਏ ਹੋਣਗੇ। ਉਸ ਨੇ ਸੁਣ ਰੱਖਿਆ ਸੀ ਕਿ ਲਾਲਾ ਜੀ ਦੀ ਕਿਰਪਾ ਨਾਲ ਇਹਨਾਂ ਦੇ ਭਾਗ ਜਾਗ ਪਏ ਸਨ। ਸ਼ਹਿਰ ਦੇ ਕਿਸੇ ਆਦਮੀ ਨੇ ਪੁੰਨਦਾਨ ਕਰਨਾ ਹੋਵੇ ਤਾਂ ਉਹ ਇਸੇ ਆਸ਼ਰਮ ਵੱਲ ਦੌੜਦਾ ਹੈ।

ਦਾਨ ਕਰਨ ਵਾਲਿਆਂ ਦੀ ਗਿਣਤੀ ਏਨੀ ਜ਼ਿਆਦਾ ਹੁੰਦੀ ਹੈ ਕਿ ਉਹਨਾਂ ਨੂੰ ਪਹਿਲਾਂ ਆਸ਼ਰਮ ਦੇ ਚੌਧਰੀ ਨਾਲ ਸੰਪਰਕ ਬਣਾਉਣਾ ਪੈਂਦਾ ਹੈ। ਚੌਧਰੀ ਨੂੰ ਬੁੱਕ ਹੋਈਆਂ ਤਰੀਕਾਂ ਯਾਦ ਨਹੀਂ ਰਹਿੰਦੀਆਂ। ਉਸ ਨੇ ਡਾਇਰੀ ਲਾਈ ਹੋਈ ਹੈ। ਉਹ ਡਾਇਰੀ ਦੇਖ ਕੇ ਦੱਸਦਾ ਹੈ ਕਿ ਤੁਹਾਨੂੰ ਕਿਸ ਦਿਨ ਪੁੰਨ ਕਰਨ ਦਾ ਸੁਭਾਗ ਪ੍ਰਾਪਤ ਹੋ ਸਕਦਾ ਹੈ। ਉਹ ਕਿਹੜੀਆਂ ਚੀਜ਼ਾਂ ਖਾਣਗੇ, ਇਸ ਦੀ ਲਿਸਟ ਵੀ ਚੌਧਰੀ ਹੀ ਦਿੰਦਾ ਹੈ। ਖੀਰ-ਪੂੜਿਆਂ ਲਈ ਸੋਮਵਾਰ ਹੈ, ਛੋਲੇ-ਪੂਰੀਆਂ ਲਈ ਬੁੱਧਵਾਰ, ਮੰਗਲਵਾਰ ਨੂੰ ਹਨੂੰਮਾਨ ਦਾ ਵਰਤ ਰੱਖਦੇ ਹਨ। ਇਸ ਲਈ ਉਸ ਦਿਨ ਮਿੱਠੀ ਚੀਜ਼ ਹੀ ਮਿਲਦੀ ਹੈ। ਕੜਾਹ ਪੂਰੀ ਲਈ ਵੀਰਵਾਰ ਹੈ।

ਸ਼ਹਿਰ ਦੇ ਕਲੱਬਾਂ ਨੂੰ ਵੀ ਜਿਵੇਂ ਪੁੰਨਦਾਨ ਲਈ ਹੋਰ ਕਿਧਰੋਂ ਗ਼ਰੀਬ ਲੱਭਦੇ ਹੀ ਨਹੀਂ। ਕਿਸੇ ਨੇ ਜਰਸੀਆਂ ਵੰਡਣੀਆਂ ਹੋਣ ਤਾਂ ਇਥੇ। ਕਿਸੇ ਨੇ ਕੰਬਲ ਵੰਡਣੇ ਹੋਣ ਤਾਂ ਇਥੇ। ਬਾਹਰੋਂ ਕੋਈ ਸੰਸਥਾ ਸਹਾਇਤਾ ਦੇਣ ਆਵੇ, ਉਹ ਵੀ ਠਾਹ ਇਥੇ।

ਜਿਸ ਹਿਸਾਬ ਨਾਲ ਅਖ਼ਬਾਰਾਂ ਵਿਚ ਖ਼ਬਰਾਂ ਅਤੇ ਫ਼ੋਟੋਆਂ ਛਪਦੀਆਂ ਹਨ, ਉਸ ਹਿਸਾਬ ਨਾਲ ਤਾਂ ਇਹਨਾਂ ਕੋਲ ਵੀਹ-ਵੀਹ ਕੰਬਲ ਅਤੇ ਪੰਜਾਹ-ਪੰਜਾਹ ਸਵੈਟਰ, ਜਰਸੀਆਂ ਹੋਣੀਆਂ ਚਾਹੀਦੀਆਂ ਹਨ।

ਕੰਮ ਠੀਕ-ਠਾਕ ਰਿਹਾ ਤਾਂ ਉਹ ਚੌਧਰੀ ਤੋਂ ਦੋ-ਚਾਰ ਕੰਬਲ ਜ਼ਰੂਰ ਲੈ ਲੈਣਗੇ। ਉਸ ਕੋਲ ਬਥੇਰੇ ਨਵੇਂ ਹੀ ਪਏ ਹੋਣਗੇ। ਡਰਾਈਕਲੀਨ ਕਰਾ ਕੇ ਸਭ ਠੀਕ ਹੋ ਜਾਏਗਾ।

ਆਸ਼ਰਮ ਵੱਲ ਜਾਂਦਾ ਦੇਸ ਰਾਜ ਮਨ ਨਾਲ ਸਲਾਹਾਂ ਕਰ ਰਿਹਾ ਸੀ। ਪਰ ਜੋ ਦੇਸ ਰਾਜ ਨੇ ਉਥੇ ਜਾ ਕੇ ਦੇਖਿਆ, ਉਹ ਉਸ ਦੀ ਕਲਪਨਾ ਦੇ ਬਿਲਕੁਲ ਉਲਟ ਸੀ।

ਸ਼ਹਿਰ ਦੇ ਗੰਦੇ ਨਾਲੇ ਦਾ ਪਾਣੀ ਇਥੇ ਬਣੇ ਇਕ ਛੱਪੜ ਵਿਚ ਪੈਂਦਾ ਸੀ। ਅੱਧੇ ਛੱਪੜ ’ਚ ਭਰਤੀ ਪਾ ਕੇ ਆਸ਼ਰਮ ਲਈ ਜਗ੍ਹਾ ਬਣਾਈ ਗਈ ਸੀ। ਬਾਕੀ ਅੱਧੇ ਵਿਚ ਹਾਲੇ ਵੀ ਗੰਦਾ ਪਾਣੀ ਪੈਂਦਾ ਸੀ। ਆਸ਼ਰਮ ਦੇ ਨਾਂ ਦਾ ਬੋਰਡ ਸੜਕ ’ਤੇ ਹੀ ਗੱਡਿਆ ਹੋਇਆ ਸੀ। ਬੋਰਡ ਉਪਰ ਭਾਂਤ-ਭਾਂਤ ਦੇ ਪੋਸਟਰ ਚਿਪਕੇ ਹੋਏ ਸਨ ਅਤੇ ਬੋਰਡ ਦੀਆਂ ਟੰਗਾਂ ਵਿੰਗੀਆਂ-ਟੇਢੀਆਂ ਹੋਈਆਂ ਪਈਆਂ ਸਨ। ਪੋਸਟਰਾਂ ਨੇ ਆਸ਼ਰਮ ਦਾ ਨਾਂ ਪੂਰੀ ਤਰ੍ਹਾਂ ਢੱਕ ਰੱਖਿਆ ਸੀ।

ਤਿੰਨ ਕੁ ਸੌ ਗਜ਼ ਦੇ ਗੋਲਦਾਰੇ ਵਿਚ ਕੱਚੀਆਂ ਕੁੱਲੀਆਂ ਬਣੀਆਂ ਹੋਈਆਂ ਸਨ। ਕੁਝ ਕੁੱਲੀਆਂ ਦੀਆਂ ਛੱਤਾਂ ’ਤੇ ਸਿਰਕੀ ਪਾਈ ਹੋਈ ਸੀ, ਕੁਝ ’ਤੇ ਸਰਕੜਾ ਅਤੇ ਬਾਕੀ ’ਤੇ ਐਫ਼.ਸੀ.ਆਈ. ਦੇ ਗੋਦਾਮਾਂ ਵਿਚੋਂ ਲਿਆਂਦਾ ਵਾਧੂ-ਘਾਟੂ ਕਾਲਾ ਮੋਮਜਾਮਾ।

ਕੁੱਲੀਆਂ ਦੇ ਵਿਚਕਾਰ ਇਕ ਥੜ੍ਹਾ ਸੀ, ਜਿਸ ’ਤੇ ਪੰਦਰਾਂ-ਵੀਹ ਇੱਟਾਂ ਰੱਖ ਕੇ ਪੂਜਾ ਲਈ ਮਟੀ ਬਣਾਈ ਗਈ ਸੀ। ਮਟੀ ਨੂੰ ਆਸ਼ਰਮ ਦੀ ਉਮਰ ਜਿੰਨਾ ਇਕ ਛੋਟਾ ਜਿਹਾ ਪਿੱਪਲ ਛਾਂ ਕਰ ਰਿਹਾ ਸੀ। ਇੱਟਾਂ ਨੂੰ ਸਫ਼ੈਦੀ ਕੀਤੀ ਹੋਈ ਸੀ। ਕੋਲ ਦੀਵੇ ਅਤੇ ਸੰਧੂਰ ਪਿਆ ਸੀ। ਇਹੋ ਇਹਨਾਂ ਦਾ ਪੂਜਾ ਸਥਾਨ ਸੀ।

ਮਟੀ ਦੇ ਨਾਲ ਹੀ ਇਕ ਹੋਰ ਚਬੂਤਰਾ ਸੀ, ਜਿਸ ਦੀਆਂ ਇੱਟਾਂ ਕਈ ਥਾਵਾਂ ਤੋਂ ਉੱਖੜੀਆਂ ਹੋਈਆਂ ਸਨ। ਦਰੱਖ਼ਤ ਦੀ ਛਾਂ ਹੇਠ ਇਕ ਬੱਕਰੀ ਵੀ ਖੜੀ ਸੀ, ਜਿਹੜੀ ਸੁੱਕੀਆਂ ਰੋਟੀਆਂ ਅਤੇ ਹਰੇ ਘਾਹ ਨੂੰ ਮੂੰਹ ਮਾਰ ਰਹੀ ਸੀ।

ਪੁਲਿਸ ਨੂੰ ਆਸ਼ਰਮ ਵੱਲ ਆਉਂਦੀ ਦੇਖ ਕੇ ਚਾਰ-ਪੰਜ ਬੱਚੇ ‘ਅੰਕਲ-ਅੰਕਲ’ ਕਰਦੇ ਝੌਂਪੜੀਆਂ ਵਿਚੋਂ ਬਾਹਰ ਨਿਕਲ ਆਏ।

ਅੱਜ ਇਹਨਾਂ ਦਾ ਫਾਕਾ ਲੱਗਦਾ ਸੀ। ਕਰਫ਼ਿਊ ਦੀ ਅਫ਼ਵਾਹ ਕਾਰਨ ਸ਼ਾਇਦ ਕੋਈ ਧਰਮੀ ਬੰਦਾ ਆਪਣਾ ਕੌਲ ਨਿਭਾਉਣੋਂ ਖੁੰਝ ਗਿਆ ਸੀ। ਬੱਚਿਆਂ ਨੇ ਸੋਚਿਆ ਹੋਣਾ ਹੈ ਕਿ ਉਹਨਾਂ ਦੀ ਭੁੱਖ ਮਿਟਾਉਣ ਵਾਲੇ ਆਖ਼ਰ ਪਹੁੰਚ ਹੀ ਗਏ ਹੋਣਗੇ।

ਜਦੋਂ ਦਸਾਂ ਕੁ ਸਾਲਾਂ ਦੀ ਇਕ ਕੁੜੀ ਨੇ ਪੁਲਿਸ ਦੀ ਵਰਦੀ ਨੂੰ ਪਹਿਚਾਣਿਆ ਤਾਂ ਉਸ ਨੇ ਦੂਜੇ ਬੱਚਿਆਂ ਨੂੰ ਝਿੜਕਿਆ। ਇਹ ਅੰਕਲ ਨਹੀਂ ਪੁਲਿਸ ਹੈ। ਪੁਲਿਸ ਕਦੇ ਵੀ ਸੁਖ ਨੂੰ ਨਹੀਂ ਆਉਂਦੀ।

ਡਰੇ ਸਹਿਮੇ ਉਹ ਮੁੜ ਕੁੱਲੀਆਂ ਵਿਚ ਗੁਆਚ ਗਏ।

ਪੁਲਿਸ ਦਾ ਅਪਮਾਨ ਹੋ ਰਿਹਾ ਸੀ। ਹੁਣ ਤਕ ਚੌਧਰੀ ਨੂੰ ਪਤਾ ਲੱਗ ਚੁੱਕਾ ਹੋਣਾ ਹੈ ਕਿ ਪੁਲਿਸ ਉਹਨਾਂ ਦੇ ਆਸ਼ਰਮ ਵਿਚ ਆਈ ਹੈ। ਉਸ ਦਾ ਛੁਪੇ ਰਹਿਣਾ ਦੇਸ ਰਾਜ ਨੂੰ ਗੁੱਸਾ ਚੜ੍ਹਾ ਰਿਹਾ ਸੀ।

ਮਟੀ ਕੋਲ ਖੜੋ ਕੇ ਦੇਸ ਰਾਜ ਨੇ ਚੌਧਰੀ ਨੂੰ ਉੱਚੀ-ਉੱਚੀ ਹਾਕਾਂ ਮਾਰੀਆਂ।

ਚੌਧਰੀ ਹੁੰਦਾ ਤਾਂ ਹੀ ਬਾਹਰ ਆਉਂਦਾ। ਉਹ ਤਾਂ ਸਵੇਰ ਦਾ ਇਥੇ ਨਹੀਂ ਸੀ। ਸ਼ੇਰ ਦੀ ਦਹਾੜ ਵਰਗੀ ਹੌਲਦਾਰ ਦੀ ਆਵਾਜ਼ ਸੁਣ ਕੇ ਝੁੱਗੀਆਂ ਵਾਲੇ ਹੋਰ ਵੀ ਦਹਿਲ ਗਏ।

ਕੁਝ ਮਿੰਟ ਹੋਰ ਨਿਕਲ ਗਏ। ਜਦੋਂ ਫੇਰ ਵੀ ਕੋਈ ਬਾਹਰ ਨਾ ਆਇਆ ਤਾਂ ਦੇਸ ਰਾਜ ਦੇ ਪਿੱਛੇ ਖੜ੍ਹਾ ਨਿੱਕਾ ਸਿਪਾਹੀ ਚਿਲਾਇਆ :

"ਹਰਾਮਜ਼ਾਦਿਓ ਕੋਈ ਤਾਂ ਬਾਹਰ ਨਿਕਲੋ.....ਨਹੀਂ ਅਸੀਂ ਡੰਡਾ ਪਰੇਡ ਸ਼ੁਰੂ ਕਰਨ ਲੱਗੇ ਹਾਂ.....।"

ਬਹੁਤੀ ਦੇਰ ਖੜੋਣਾ ਉਹਨਾਂ ਨੂੰ ਦੁੱਭਰ ਹੋਇਆ ਪਿਆ ਸੀ। ਕੜਕਦੀ ਧੁੱਪ ਕਾਰਨ ਗੰਦੇ ਛੱਪੜ ਵਿਚੋਂ ਉੱਠ ਰਹੀ ਹਵਾੜ ਸਾਰੇ ਵਾਤਾਵਰਣ ਨੂੰ ਗੰਦਾ ਕਰ ਰਹੀ ਸੀ। ਹਵਾ ਦਾ ਰੁਖ਼ ਵੀ ਆਸ਼ਰਮ ਵੱਲ ਹੀ ਸੀ। ਨੱਕ 'ਤੇ ਰੁਮਾਲ ਰੱਖ ਕੇ ਵੀ ਕੰਮ ਨਹੀਂ ਸੀ ਚੱਲ ਰਿਹਾ।

ਨਿੱਕਾ ਸਿੰਘ ਦਾ ਦਬਕਾ ਰੰਗ ਲਿਆਇਆ। ਸਾਹਮਣੀ ਝੁੱਗੀ ਵਿਚੋਂ ਇਕ ਹੱਡੀਆਂ ਦਾ ਪਿੰਜਰ ਜਿਹਾ, ਜ਼ਮੀਨ 'ਤੇ ਘਿਸਰਦਾ ਉਹਨਾਂ ਵੱਲ ਆਉਣ ਲੱਗਾ।

ਆਉਣ ਵਾਲੇ ਦੀਆਂ ਲੱਤਾਂ ਕਿਸੇ ਬੀਮਾਰੀ ਨੇ ਸੁਕਾ ਦਿੱਤੀਆਂ ਸਨ। ਉਸ ਦਾ ਰੰਗ ਕਾਲਾ ਸ਼ਾਹ ਸੀ ਅਤੇ ਦੰਦ ਪੀਲੇ ਭੂਕ। ਲੱਕੜ ਦੀਆਂ ਪਟੜੀਆਂ 'ਤੇ ਰਬੜ ਫਿੱਟ ਕਰ ਕੇ, ਪਟੜੀਆਂ ਉਸ ਨੇ ਹੱਥਾਂ ਵਿਚ ਪਾ ਰੱਖੀਆਂ ਸਨ। ਇਸ ਤਰ੍ਹਾਂ ਉਸ ਦੇ ਹੱਥ ਰਗੜ ਤੋਂ ਬਚ ਰਹੇ ਸਨ। ਉਸ ਦੇ ਸਰੀਰ 'ਤੇ ਇਕੋ ਕੱਪੜਾ ਸੀ। ਉਹ ਸੀ ਲੰਗੋਟੀ। ਉਸ ਨੇ ਚਿੱਤੜਾਂ ਨੂੰ ਜ਼ਮੀਨ 'ਤੇ ਘਿਸੜਨ ਤੋਂ ਬਚਾਉਣ ਲਈ ਕਿਸੇ ਵੱਡੀ ਟਿਯੂਬ ਦਾ ਇਕ ਟੁਕੜਾ ਚਿੱਤੜਾਂ 'ਤੇ ਬੰਨ੍ਹ ਲਿਆ ਸੀ।

ਨਿੱਕੇ ਨੇ ਉਸ ਨੂੰ ਪਹਿਲੀ ਨਜ਼ਰ ਹੀ ਪਛਾਣ ਲਿਆ। ਇਥੇ ਆਉਣ ਤੋਂ ਪਹਿਲਾਂ ਉਹ ਸਟੇਸ਼ਨ 'ਤੇ ਭੀਖ ਮੰਗਦਾ ਸੀ। ਉਥੇ ਹੀ ਪਾਣੀ ਵਾਲੀ ਟੈਂਕੀ ਹੇਠਾਂ ਸੌਂ ਜਾਂਦਾ। ਇਕ ਗੱਠੜੀ ਅਤੇ ਇਕ ਟੀਨ ਦਾ ਡੱਬਾ ਹੀ ਉਸ ਦੀ ਜਾਇਦਾਦ ਸੀ। ਯੁਵਾ ਸੰਘ ਵਾਲੇ ਉਸ ਨੂੰ ਇਥੇ ਛੱਡ ਗਏ ਸਨ।

ਉਸ ਦੇ ਪਿੱਛੇ-ਪਿੱਛੇ ਉਸੇ ਦੀ ਸ਼ਕਲ ਸੂਰਤ ਵਰਗੀ ਇਕ ਮੁਟਿਆਰ ਨਿਕਲ ਆਈ। ਉਸ ਦੇ ਤੇੜ ਮੈਲ ਨਾਲ ਭਰਿਆ ਇਕ ਪੇਟੀਕੋਟ ਸੀ ਅਤੇ ਛਾਤੀਆਂ ਨੂੰ ਢੱਕਣ ਲਈ ਇਕ ਫਟਿਆ ਹੋਇਆ ਬਲਾਊਜ਼। ਸਿਰ ਦੇ ਵਾਲਾਂ ਦਾ ਇਉਂ ਝਥਰਾ ਬਣਿਆ ਹੋਇਆ ਸੀ, ਜਿਵੇਂ ਸਾਲਾਂ ਤੋਂ ਨਹਾਤੀ ਨਾ ਹੋਵੇ। ਉਸ ਦੀ ਗੋਦ 'ਚ ਇਕ ਮਾੜਚੂ ਜਿਹਾ ਬੱਚਾ ਸੀ ਜਿਹੜਾ ਉਸ ਦੀ ਖੱਬੀ ਛਾਤੀ ਨੂੰ ਚੁੰਘ ਰਿਹਾ ਸੀ। ਬੱਚਾ ਵੀ ਨੰਗ-ਧੜੰਗਾ ਸੀ ਅਤੇ ਛਾਤੀ ਵਿਚੋਂ ਦੁੱਧ ਨਾ ਆਉਣ ਕਰਕੇ ਰੀਂ-ਰੀਂ ਕਰ ਰਿਹਾ ਸੀ।

ਇਹ ਔਰਤ ਵੀ ਪਹਿਲਾਂ ਬੱਸ-ਸਟੈਂਡ 'ਤੇ ਪੈਸੇ ਮੰਗਿਆ ਕਰਦੀ ਸੀ। ਕਦੇ-ਕਦੇ ਸਟੇਸ਼ਨ 'ਤੇ ਵੀ ਦਿਖਾਈ ਦਿੰਦੀ। ਟਰੱਕ-ਡਰਾਈਵਰਾਂ, ਰੇਲਵੇ ਮੁਲਾਜ਼ਮਾਂ ਅਤੇ ਐਫ.ਸੀ.ਆਈ. ਦੀ ਲੇਬਰ ਨੇ ਕਈ ਵਾਰ ਉਸ ਨਾਲ ਜਬਰ-ਜਨਾਹ ਕੀਤਾ ਸੀ। ਇਕ ਵਾਰ ਉਹ ਗਰਭਵਤੀ ਵੀ ਹੋ ਗਈ ਸੀ।

ਇਸ ਉੱਤੇ ਵੀ ਲਾਲਾ ਜੀ ਦੀ ਕਿਰਪਾ ਹੋਈ ਸੀ। ਉਹਨਾਂ ਇਹਨਾਂ ਦੋਹਾਂ ਦਾ ਵਿਆਹ ਕਰ ਦਿੱਤਾ। ਇਹ ਬੱਚਾ ਪਹਿਲਾ ਹੈ ਜਾਂ ਹੁਣ ਹੋਇਆ, ਨਿੱਕਾ ਅੰਦਾਜ਼ਾ ਨਾ ਲਾ ਸਕਿਆ। ਪੁਲਿਸ ਦੇਖ ਕੇ ਉਹ ਵੀ ਸਹਿਮੀ ਹੋਈ ਸੀ। ਵਾਰ-ਵਾਰ ਆਪਣੇ ਅੱਧਨੰਗੇ ਜਿਸਮ ਨੂੰ ਢੱਕਣ ਦੇ ਯਤਨ ਕਰ ਰਹੀ ਸੀ। ਜਿਵੇਂ ਪੁਲਿਸ ਉਸੇ ਨੂੰ ਲੈਣ ਲਈ ਆਈ ਹੋਵੇ।

"ਚੌਧਰੀ ਕਹਾਂ ਹੈ ? ਹਮ ਨੇ ਤਲਾਸ਼ੀ ਲੈਣੀ ਹੈ।" ਉਹਨਾਂ ਦੀ ਹਾਲਤ ਦੇਖ ਕੇ ਦੇਸ ਰਾਜ ਢਿੱਲਾ ਪੈ ਚੁੱਕਾ ਸੀ। ਉਹ ਕਾਹਲੀ ਵਿਚ ਸੀ। ਇਸ ਨਰਕ ਵਿਚ ਉਸ ਦਾ ਦਮ ਘੁਟਣ ਲੱਗਾ ਸੀ।

"ਵੋਹ ਯਹਾਂ ਨਹੀਂ ਹੈ ਸਾਹਿਬ। ਤਲਾਸ਼ੀ ਜਬ ਮਰਜ਼ੀ ਲੋ.....ਹਮੇਂ ਕੋਈ ਇਤਰਾਜ਼ ਨਹੀਂ। ਜੋ ਕੁਝ ਹਮਾਰੇ ਪਾਸ ਹੈ ਆਪ ਕੇ ਸਾਮਹਣੇ ਖੜਾ ਹੈ।" ਟੁੱਟੀ-ਫੁੱਟੀ ਹਿੰਦੀ ਬੋਲਦਾ ਲੁੰਜਾ ਆਪਣੀ ਪਤਨੀ ਨੂੰ ਵੀ ਇਸ਼ਾਰੇ ਕਰਨ ਲੱਗਾ।

ਲੁੰਜੇ ਦੀ ਪਤਨੀ ਝੁੱਗੀਆਂ ਅੱਗੇ ਜਾ-ਜਾ ਅਜੀਬ-ਅਜੀਬ ਆਵਾਜ਼ੇ ਕੱਸਣ ਲੱਗੀ।

ਦੇਖਦੇ ਹੀ ਦੇਖਦੇ ਮਰਦ ਅਤੇ ਔਰਤਾਂ ਝੁੱਗੀਆਂ ਵਿਚੋਂ ਬਾਹਰ ਨਿਕਲਣ ਲੱਗੇ।

ਸਾਰਾ ਆਸ਼ਰਮ ਤਲਾਸ਼ੀ ਲਈ ਤਿਆਰ ਸੀ। ਪੁਲਿਸ ਜਿਵੇਂ ਮਰਜ਼ੀ ਤਲਾਸ਼ੀ ਕਰੇ।

ਪੁਲਿਸ ਦੁਆਲੇ ਜੁੜੀ ਭੀੜ ਵਿਚ ਅੱਠ-ਦਸ ਬੱਚੇ ਵੀ ਆ ਰਲੇ ਸਨ। ਉਨਾਂ ਦੇ ਨੱਕਾਂ ਵਿਚੋਂ ਵਗਦੀਆਂ ਨਲੀਆਂ ਅਤੇ ਮੂੰਹਾਂ ਵਿਚੋਂ ਵਗਦੀਆਂ ਲਾਲਾਂ 'ਤੇ ਮੱਖੀਆਂ ਭਿਣਕ ਰਹੀਆਂ ਸਨ। ਲਗਭਗ ਉਹ ਸਾਰੇ ਹੀ ਨੰਗੇ ਸਨ। ਕੁੜੀਆਂ ਮੁੰਡਿਆਂ ਵਿਚ ਕੋਈ ਬਹੁਤਾ ਫ਼ਰਕ ਨਹੀਂ ਸੀ। ਸਾਰੇ ਹੀ ਸਿਰੋਂ ਮੋਨੇ, ਰੰਗ ਦੇ ਕਾਲੇ ਅਤੇ ਸਿਹਤ ਦੇ ਕਮਜ਼ੋਰ। ਗੱਲ੍ਹਾਂ 'ਤੇ ਵਹੀਆਂ ਹੰਝੂਆਂ ਦੀਆਂ ਨਦੀਆਂ ਦੇ ਨਿਸ਼ਾਨ। ਅੱਖਾਂ ਵਿਚ ਸੋਜਸ਼। ਦਾਨੀਆਂ ਦੇ ਆਉਣ ਦਾ ਸਮਾਂ ਲੰਘ ਚੁੱਕਾ ਸੀ। ਕੁੱਲੀਆਂ ਵਿਚ ਖਾਣਾ ਪਕਾਉਣ ਲਈ ਰਾਸ਼ਨ ਨਹੀਂ ਸੀ। ਦੋਵੇਂ ਡੰਗ ਹੀ ਦਾਨੀਆਂ ਸਹਾਰੇ ਨਿਕਲਦੇ ਸਨ। ਕਈ ਕੁੱਲੀਆਂ ਵਿਚ ਚੁੱਲ੍ਹਾ ਚੌਂਕਾ ਵੀ ਨਹੀਂ ਸੀ। ਬੱਚਿਆਂ ਦੇ ਪੇਟਾਂ ਵਿਚ ਚੂਹੇ ਨੱਚ ਰਹੇ ਹੋਣਗੇ, ਇਕ-ਦੋ ਖ਼ੁਸ਼-ਕਿਸਮਤਾਂ ਦੇ ਹੱਥਾਂ ਵਿਚ ਹੀ ਸੁੱਕੀਆਂ ਰੋਟੀਆਂ ਅਤੇ ਸੁੱਕੀਆਂ ਪੂਰੀਆਂ ਦੇ ਟੁਕੜੇ ਸਨ। ਉਹ ਉਹਨਾਂ ਟੁਕੜਿਆਂ ਨੂੰ ਹੀ ਕੜਾਹ ਸਮਝ ਕੇ ਖਾ ਰਹੇ ਸਨ। ਬਾਕੀ ਤਰਸਦੀਆਂ ਅੱਖਾਂ ਨਾਲ ਉਹਨਾਂ ਖ਼ੁਸ਼-ਕਿਸਮਤਾਂ ਦੇ ਮੂੰਹਾਂ ਵੱਲ ਤੱਕ ਰਹੇ ਸਨ।

"ਇਹ ਕਤੀੜ ਤੁਹਾਡੀ ਹੀ ਹੈ ਜਾਂ ਕਿਤੋਂ ਚੁੱਕ ਕੇ ਲਿਆਂਦੀ ਹੈ ?" ਕੋਹੜੀਆਂ ਕਲੰਕੀਆਂ ਦੇ ਇੰਨੇ ਬੱਚੇ ਦੇਖ ਕੇ ਦੇਸ ਰਾਜ ਨੂੰ ਸ਼ੱਕ ਹੋਇਆ।

ਹੁਣ ਤਕ ਆਸ਼ਰਮ ਦੇ ਜਿੰਨੇ ਵੀ ਮਰਦ-ਔਰਤਾਂ ਉਸ ਸਾਹਮਣੇ ਆਏ ਸਨ, ਸਭ ਇਕ-ਦੂਜੇ ਤੋਂ ਵੱਧ ਕਮਜ਼ੋਰ ਸਨ। ਕਿਸੇ ਦੀ ਟੰਗ ਕੱਟੀ ਹੋਈ ਸੀ ਅਤੇ ਕਿਸੇ ਦੀ ਬਾਂਹ। ਕਿਸੇ ਦਾ ਇਕ ਪੈਰ ਸੁੱਜ ਕੇ ਵੀਹ ਕਿੱਲੋ ਦਾ ਹੋਇਆ ਹੋਇਆ ਸੀ ਤਾਂ ਦੂਜੇ ਦਾ ਪੱਟ। ਕਿਸੇ ਦੇ ਨੱਕ ਦੀ ਹੱਡੀ ਨਹੀਂ ਸੀ ਅਤੇ ਕਿਸੇ ਦੇ ਦੋਵੇਂ ਬੁੱਲ੍ਹ ਗ਼ਾਇਬ ਸਨ। ਕਈਆਂ ਦੀਆਂ ਸਾਰੀਆਂ ਦੀਆਂ ਸਾਰੀਆਂ ਉਂਗਲਾਂ ਗਲ ਕੇ ਝੜ ਗਈਆਂ ਸਨ। ਕਿਸੇ ਦੇ ਪੈਰ ਵਿਚੋਂ ਪੀਕ ਵਗ ਰਹੀ ਸੀ ਅਤੇ ਕਿਸੇ ਦਾ ਪੇਟ ਰਿਸ ਰਿਹਾ ਸੀ। ਕਿਸੇ ਔਰਤ ਦੇ ਪੇਟ ਵਿਚ ਰਸੌਲੀ ਸੀ ਅਤੇ ਕਿਸੇ ਦੀਆਂ ਦੋਵੇਂ ਅੱਖਾਂ ਗ਼ਾਇਬ ਸਨ। ਦੇਸ ਰਾਜ ਨੂੰ ਲੱਗਦਾ ਸੀ, ਇਹਨਾਂ ਵਿਚੋਂ ਕੋਈ ਔਰਤ ਜਾਂ ਮਰਦ ਬੱਚਾ ਜੰਮਣ ਦੇ ਯੋਗ ਨਹੀਂ। ਫੇਰ ਇਹ ਲਾਰ ਕਿਥੋਂ ਆਈ ਸੀ ? ਕਿਧਰੇ ਬੰਟੀ ਵਾਂਗ ਚੁੱਕੇ ਹੀ ਤਾਂ ਨਹੀਂ ਗਏ ?

"ਹਮਾਰੇ ਹੈਂ ਮਾਈ-ਬਾਪ.....।" ਇਕ ਭੂਤਾਂ ਵਰਗੀ ਸ਼ਕਲ ਵਾਲੀ ਔਰਤ ਨੇ ਜਦੋਂ ਅੱਗੇ ਵਧ ਕੇ ਆਖਿਆ ਤਾਂ ਦੇਸ ਰਾਜ ਨੇ ਉਸ ਦੇ ਪੇਟ 'ਤੇ ਨਿਗਾਹ ਮਾਰੀ। ਉਹ ਗਰਭਵਤੀ ਸੀ ਅਤੇ ਕਿਸੇ ਵੀ ਸਮੇਂ ਮਾਂ ਬਣ ਸਕਦੀ ਸੀ।

ਦੇਸ ਰਾਜ ਨੂੰ ਹੋਰ ਕੋਈ ਸਬੂਤ ਮੰਗਣ ਦੀ ਜੁਰਅਤ ਨਾ ਪਈ।

"ਠੀਕ ਹੈ.....ਠੀਕ ਹੈ.....ਤਲਾਸ਼ੀ ਦੋ.....।" ਜਲਦੀ ਖਹਿੜਾ ਛੁਡਾਉਣ ਦੇ ਮੂਡ ਵਿਚ ਡੰਡਾ ਖੜਕਾਉਂਦਾ ਦੇਸ ਰਾਜ ਝੁੱਗੀਆਂ ਵੱਲ ਵਧਿਆ।

ਪਹਿਲੀ ਝੁੱਗੀ ਵਿਚ ਘੁੱਪ ਹਨੇਰਾ ਸੀ। ਸੱਜੇ ਪਾਸਿਉਂ ਕਿਸੇ ਦੇ ਹੂੰਗਰਾਂ ਮਾਰਨ ਦੀ ਆਵਾਜ਼ ਆ ਰਹੀ ਸੀ। ਗੰਦੀ ਹਵਾੜ ਜਦੋਂ ਦੇਸ ਰਾਜ ਦੇ ਨੱਕ ਵਿਚ ਵੜੀ ਤਾਂ ਘਬਰਾਇਆ ਉਹ ਇਕ ਦਮ ਝੁੱਗੀ ਵਿਚੋਂ ਬਾਹਰ ਆ ਗਿਆ।

"ਕੌਣ ਹੈ ਇਸ ਵਿਚ ? ਦੀਵਾ ਜਲਾਓ।" ਧੁਰ ਅੰਦਰ ਤਕ ਦਹਿਲਿਆ ਦੇਸ ਰਾਜ ਕੜਕਿਆ।

"ਇਹ ਰਾਮੂ ਹੈ ਸਾਹਿਬ। ਕਈ ਦਿਨੋਂ ਸੇ ਤੇਜ਼ ਬੁਖ਼ਾਰ ਹੈ। ਦਵਾ-ਦਾਰੂ ਸੇ ਆਰਾਮ ਨਹੀਂ ਆਇਆ। ਬਾਵਾ ਨੇ ਟੂਣਾ ਕੀਤਾ ਹੈ।" ਮੋਮਬੱਤੀ ਬਾਲਦੀ ਰਾਮੂ ਦੀ ਪਤਨੀ ਦੇ ਹੱਥ ਕੰਬ ਰਹੇ ਸਨ।

ਮੋਮਬੱਤੀ ਬਲਦਿਆਂ ਹੀ ਇਕ ਕਾਲਾ-ਕਲੂਟਾ ਜਿਹਾ ਪਿੰਜਰ ਦੇਸ ਰਾਜ ਦੀ ਨਜ਼ਰ ਪਿਆ। ਪਿੰਜਰ ਨੇ ਗਲ ਵਿਚ ਰੰਗ-ਬਰੰਗੇ ਮਣਕਿਆਂ ਦੀ ਮਾਲਾ ਪਾ ਰੱਖੀ ਸੀ। ਉਸ ਦੇ ਸਿਰਹਾਣੇ ਵਾਲੇ ਪਾਸੇ ਪਏ ਇਕ ਚੱਪਣ ਵਿਚ ਧੂਣੀ ਮਘ ਰਹੀ ਸੀ। ਪਾਣੀ ਦੇ ਕੁੱਜੇ ਨਾਲ ਕੋਈ ਤਵੀਤ ਬੰਨ੍ਹਿਆ ਹੋਇਆ ਸੀ। ਉਹ ਮਿੱਟੀ ਦੇ ਚਬੂਤਰੇ 'ਤੇ ਪਿਆ ਸੀ। ਉਸ ਦੇ ਚਾਰੇ ਖੂੰਜਿਆਂ ਵਿਚ ਮੇਖਾਂ ਗੱਡ ਕੇ ਸੂਤ ਲਪੇਟਿਆ ਹੋਇਆ ਸੀ। ਨੀਮ ਬੇਹੋਸ਼ੀ ਵਿਚ ਉਹ ਬੁੜਬੁੜਾ ਰਿਹਾ ਸੀ।

ਦੇਸ ਰਾਜ ਨੇ ਸਾਰੀ ਕੁੱਲੀ ਦਾ ਜਾਇਜ਼ਾ ਲਿਆ। ਦੋ ਗੱਠੜੀਆਂ, ਇਕ ਪਾਣੀ ਵਾਲੇ ਤਪਲੇ ਅਤੇ ਇਕ ਟੁੱਟੇ ਪੀਪੇ ਤੋਂ ਬਿਨਾਂ ਇਥੇ ਕੁਝ ਨਹੀਂ ਸੀ। ਡੰਡੇ ਨਾਲ ਉਹਨੇ ਇਕ ਗੱਠੜੀ ਖੋਲ੍ਹੀ ਤਾਂ ਪਾਟੇ-ਪੁਰਾਣੇ ਕੱਪੜੇ ਅਤੇ ਸੁੱਕੀਆਂ ਰੋਟੀਆਂ ਜ਼ਮੀਨ 'ਤੇ ਬਿਖਰ ਗਈਆਂ। ਦੂਜੀ ਵਿਚ ਫਟੀਆਂ ਪੁਰਾਣੀਆਂ ਬੋਰੀਆਂ ਸੀ, ਜਿਨ੍ਹਾਂ ਨੂੰ ਸਿਊਂ ਕੇ ਉਹਨਾਂ ਨੇ ਸਿਆਲਾਂ ਵਿਚ ਰਜ਼ਾਈਆਂ ਦੀ ਥਾਂ ਵਰਤਣਾ ਸੀ।

ਦੂਜੀ ਝੁੱਗੀ ਦਾ ਵੀ ਇਹੋ ਹਾਲ ਸੀ। ਇਥੇ ਮੌਤ ਨਾਲ ਲੜਨ ਵਾਲੀ ਇਕ ਔਰਤ ਸੀ। ਝੁੱਗੀ ਵਿਚ ਪਈ ਹੱਥ-ਰੇਹੜੀ ਤੋਂ ਬਿਨਾਂ ਕੁਝ ਨਹੀਂ ਸੀ। ਜਦੋਂ ਉਸ ਦਾ ਘਰ ਵਾਲਾ ਜਿਊਂਦਾ ਸੀ, ਉਸ ਨੂੰ ਇਸੇ ਰੇਹੜੀ ਵਿਚ ਪਾ ਕੇ ਮੰਗਣ ਜਾਇਆ ਕਰਦਾ ਸੀ। ਜਦੋਂ ਦਾ ਉਹ ਮਰਿਆ ਹੈ, ਇਸ ਦਾ ਕੋਈ ਸਹਾਰਾ ਨਹੀਂ ਰਿਹਾ। ਬੁੱਢੀ ਹੈ, ਕਿਸੇ ਕੰਮ-ਕਾਰ ਜੋਗੀ ਵੀ ਨਹੀਂ। ਕੋਈ ਰਹਿਮ ਕਰ ਕੇ ਰੋਟੀ ਦੇ ਦੇਵੇ ਤਾਂ ਖਾ ਲੈਂਦੀ ਹੈ, ਨਹੀਂ ਤਾਂ ਭੁੱਖੀ ਪਈ ਰਹਿੰਦੀ ਹੈ। ਉਸ ਦੇ ਸਿਰਹਾਣੇ ਪਿਆ ਇਕ ਸਿਲਵਰ ਦਾ ਕੌਲਾ ਅਤੇ ਇਕ ਪਲੇਟ ਹੀ ਉਸ ਦੀ ਜਾਇਦਾਦ ਹੈ।

ਅੰਦਰ ਆਏ ਦੇਸ ਰਾਜ ਨੂੰ ਉਹ ਪਛਾਣ ਨਹੀਂ ਸੀ ਸਕੀ। ਉਸ ਨੂੰ ਕਿਸੇ ਦਾਨੀ ਦਾ ਭੁਲੇਖਾ ਪਿਆ ਸੀ। ਉੱਠ ਕੇ ਉਹ ਆਪਣੀ ਪਲੇਟ ਅਤੇ ਕੌਲੇ ਨੂੰ ਠੀਕ ਕਰਨ ਲੱਗੀ। ਸ਼ਾਇਦ ਭੁੱਖ ਸਤਾ ਰਹੀ ਸੀ।

"ਛੱਡ ਉਸਤਾਦ ! ਕੀ ਪਿਐ ਇਥੇ ? ਐਵੇਂ ਸਾਲੇ ਲੀਡਰ ਭੌਂਕਦੇ ਰਹਿੰਦੇ ਨੇ। ਕੋਈ ਆਖਦਾ ਹੈ ਇਹ ਜਰਾਇਮ-ਪੇਸ਼ਾ ਲੋਕ ਹਨ, ਇਹਨਾਂ 'ਤੇ ਸਖ਼ਤੀ ਹੋਣੀ ਚਾਹੀਦੀ ਹੈ। ਦੂਜਾ ਆਖਦਾ ਹੈ, ਸੰਘ ਨੇ ਇਹਨਾਂ ਦੀ ਕਾਇਆ ਪਲਟ ਦਿੱਤੀ। ਉਹਨਾਂ ਨੂੰ ਮੌਜਾਂ ਕਰਨ ਲਾ ਦਿੱਤੈ। ਇਥੇ ਸ਼ਾਇਦ ਕਦੇ ਵੀ ਕਿਸੇ ਨੇ ਚੱਕਰ ਨਾ ਮਾਰਿਆ ਹੋਵੇ।"

ਕੁਝ ਦੇਰ ਪਹਿਲਾਂ ਬੜ੍ਹਕਾਂ ਮਾਰਨ ਵਾਲੇ ਨਿੱਕੇ ਦਾ ਮਨ ਪਸੀਜ ਗਿਆ ਸੀ। ਉਸ ਦਾ ਗਲਾ ਭਰ ਆਇਆ ਸੀ ਅਤੇ ਅੱਖਾਂ ਛਲਕਣ ਹੀ ਵਾਲੀਆਂ ਸਨ।

ਤਲਾਸ਼ੀਆਂ ਦੇ ਝੰਜਟ ਨੂੰ ਵਿਚੇ ਛੱਡ ਕੇ ਉਹ ਸੜਕ ਦੇ ਉਸ ਕਿਨਾਰੇ 'ਤੇ ਜਾ ਖਲੋਤਾ, ਜਿਥੇ ਆਸ਼ਰਮ ਦੇ ਨਾਂ ਦਾ ਬੋਰਡ ਲੱਗਾ ਹੋਇਆ ਸੀ।

"ਉਸ ਦੀ ਗੱਲ ਠੀਕ ਹੈ। ਛੱਡੋ ਪਰ੍ਹੇ। ਇਹਨਾਂ ਤੋਂ ਤਾਂ ਆਪਣੇ ਜਵਾਕ ਨਹੀਂ ਸੰਭਲਦੇ। ਹੋਰ ਇਹਨਾਂ ਕੀ ਕਰਨੇ ਹਨ। ਆਖ ਦਿਆਂਗੇ ਸਭ ਦੀ ਤਲਾਸ਼ੀ ਕਰ ਲਈ। ਕਿਧਰੇ ਨਹੀਂ ਗੱਲ ਫਾਹਾ ਪੈਣ ਲੱਗਾ।"

ਨਿੱਕੂ ਦੇ ਪਿੱਛੇ ਹੀ ਭੂਸ਼ੀ ਵੀ ਬੋਰਡ ਵੱਲ ਤੁਰ ਗਿਆ।

ਦੇਸ ਰਾਜ ਕਿਹੜਾ ਉਹਨਾਂ ਤੋਂ ਕੋਈ ਵੱਖਰੀ ਰਾਏ ਰੱਖਦਾ ਸੀ। ਉਸ ਦਾ ਵੀ ਖਾਧਾ-ਪੀਤਾ ਬਾਹਰ ਆਉਣ ਲੱਗਾ ਸੀ।

ਵਾਪਸ ਮੁੜਦੇ ਦੇਸ ਰਾਜ ਨੂੰ ਇਕ ਗੱਲ ਸਮਝ ਨਹੀਂ ਸੀ ਆ ਰਹੀ। ਆਖ਼ਿਰ ਉਹ ਕੰਬਲ, ਰਜਾਈਆਂ ਅਤੇ ਸਵੈਟਰ ਕਿਥੇ ਗਏ, ਜਿਨ੍ਹਾਂ ਬਾਰੇ ਉਹ ਰੋਜ਼ ਅਖ਼ਬਾਰਾਂ ਵਿਚ ਪੜ੍ਹਦਾ ਸੀ ?

ਅਖ਼ਬਾਰਾਂ ਦੁਆਰਾ ਮਾਰਿਆ ਜਾ ਰਿਹਾ ਝੂਠ ਉਸ ਤੋਂ ਹਜ਼ਮ ਨਹੀਂ ਸੀ ਕੀਤਾ ਜਾ ਰਿਹਾ।

✶

# 1 3

ਭੱਠ 'ਚ ਪਏ ਬੰਟੀ। ਬੂਝਾ ਸਿੰਘ ਨੂੰ ਨਾ ਬੰਟੀ ਨਾਲ ਮਤਲਬ ਸੀ, ਨਾ ਉਸ ਦੇ ਅਗਵਾਕਾਰਾਂ ਨਾਲ। ਉਸ ਨੂੰ ਆਪਣੀ ਲੀਹ ਤੋਂ ਲੱਥੀ ਗੱਡੀ ਨੂੰ ਥਾਂ ਸਿਰ ਲਿਆਉਣ ਦਾ ਫ਼ਿਕਰ ਸੀ।

ਇਹੋ ਬੰਟੀ ਪੰਜ ਸਾਲ ਪਹਿਲਾਂ ਅਗਵਾ ਹੋਇਆ ਹੁੰਦਾ ਤਾਂ ਹਰ ਹਾਲਤ ਵਿਚ ਤਫ਼ਤੀਸ਼ ਬੂਝਾ ਸਿੰਘ ਨੂੰ ਮਿਲਣੀ ਸੀ। ਉਹ ਜ਼ਿਲ੍ਹੇ ਦਾ ਇਕੋ-ਇਕ ਥਾਣੇਦਾਰ ਸੀ, ਜਿਸ ਨੂੰ ਬਦਮਾਸ਼ਾਂ ਨਾਲ ਪੰਜਾ ਲੜਾਉਣ ਦਾ ਸਵਾਦ ਆਉਂਦਾ ਸੀ। ਉਸ ਦੀ ਚੜ੍ਹਤ ਦੇਖ ਕੇ ਥਾਣੇਦਾਰ ਆਖਿਆ ਕਰਦੇ ਸਨ :

"ਚੂਹੜੇ ਨੂੰ ਮਸਾਂ-ਮਸਾਂ ਥਾਣੇਦਾਰੀ ਮਿਲੀ ਹੈ। ਮਾਂ ਦੇ ਚਿੱਤੜ ਨੀ ਭੰਨੂੰ, ਹੋਰ ਕੀ ਕਰੂ ?"

ਬੂਝਾ ਸਿੰਘ ਦਾ ਇਹੋ ਹੌਸਲਾ ਉਸ ਨੂੰ ਇਕ ਵਾਰ ਮਹਿੰਗਾ ਪੈ ਗਿਆ ਸੀ। ਫੂਕ ਵਿਚ ਆ ਕੇ ਉਸ ਨੇ ਹਮੀਦੀ ਦੇ ਸਿਰਕੱਢ ਬਦਮਾਸ਼ ਜੀਤੇ ਨੂੰ ਚੁੱਕ ਲਿਆਂਦਾ। ਬੂਝੇ ਨੂੰ ਆਪਣੀ ਡਾਂਗ 'ਤੇ ਫ਼ਖ਼ਰ ਸੀ ਅਤੇ ਉਸ ਨੂੰ ਆਪਣੀ ਬਦਮਾਸ਼ੀ 'ਤੇ। ਜਵਾਨੀ ਵੇਲੇ ਤਾਂ ਲੋਕ ਜੀਤੇ ਦੇ ਨਾਂ ਤੋਂ ਵੀ ਡਰਦੇ ਸਨ। ਢਲਦੀ ਉਮਰੇ ਵੀ ਡਰਦਾ ਕੋਈ ਸਾਹ ਨਹੀਂ ਸੀ ਕੱਢਦਾ। ਜਿਸ ਮਰਜ਼ੀ ਦੁਕਾਨ 'ਤੇ ਜਾ ਬੈਠੇ, ਜੋ ਜੀਅ ਆਏ ਸੌਦਾ ਪਵਾ ਲਵੇ। ਕਿਸੇ ਦੀ ਮਜਾਲ ਨਹੀਂ, ਪੈਸੇ ਮੰਗ ਲਏ। ਜਦੋਂ ਮਰਜ਼ੀ ਮੋਢੇ 'ਤੇ ਬੰਦੂਕ ਪਾ ਕੇ ਖੇਤ ਆ ਵੜੇ ਅਤੇ ਚਾਰ ਮਣ ਦਾਣੇ ਘਰ ਭੇਜਣ ਦਾ ਹੁਕਮ ਸੁਣਾ ਦੇਵੇ।

ਬੂਝਾ ਵੀ ਬੜਾ ਖੁੰਦਕੀ ਸੀ। ਜਿਸ ਹਲਕੇ ਦਾ ਉਹ ਥਾਣੇਦਾਰ ਹੁੰਦਾ, ਉਥੇ ਇਕ ਹੀ ਬਦਮਾਸ਼ ਰਹਿ ਸਕਦਾ ਸੀ। ਉਹ ਬਦਮਾਸ਼ ਹੁੰਦਾ ਸੀ ਖ਼ੁਦ ਬੂਝਾ ਸਿੰਘ। ਜੀਤੇ ਦੀ ਤੜ੍ਹੀ ਬੂਝਾ ਸਿੰਘ ਤੋਂ ਜਰੀ ਨਹੀਂ ਸੀ ਜਾਂਦੀ।

ਬੂਝਾ ਸਿੰਘ ਨੇ ਉਸ ਨੂੰ ਬਦਮਾਸ਼ੀ ਤੋਂ ਰੋਕਿਆ ਤਾਂ ਉਸ ਨੇ ਵੀਹ ਸੁਣਾ ਦਿੱਤੀਆਂ। ਅਜਿਹਾ ਕਿਹੜਾ ਥਾਣੇਦਾਰ ਜੰਮ ਪਿਐ ਜਿਹੜਾ ਜੀਤ ਨੂੰ ਵੰਗਾਰ ਸਕੇ।

ਜੀਤ ਦੀ ਆਕੜ ਕੱਢਣ ਲਈ ਬੂਝੇ ਨੇ ਲਿਆ ਕੇ ਥਾਣੇ ਪੁੱਠਾ ਲਟਕਾ ਦਿੱਤਾ। ਬੂਝਾ ਡਾਂਗ ਵਾਹੁੰਦਾ ਰਿਹਾ ਅਤੇ ਉਹ ਹਰ ਵਾਰ ਡਾਂਗ ਨਾਲ ਮਾਂ-ਭੈਣ ਦੀ ਗਾਲ੍ਹ ਕੱਢਦਾ ਰਿਹਾ। ਬੂਝਾ ਸਿੰਘ ਦੀ ਡਾਂਗ ਉਸ ਸਮੇਂ ਤਕ ਚੱਲਦੀ ਰਹੀ, ਜਦੋਂ ਤਕ ਜੀਤੇ ਦੀ ਜ਼ੁਬਾਨ ਸਦਾ ਲਈ ਬੰਦ ਨਾ ਹੋ ਗਈ।

ਲੋਕਾਂ ਨੇ ਸ਼ੁਕਰ ਮਨਾਇਆ। ਉਹਨਾਂ ਗਲੋਂ ਕੋਹੜ ਲੱਥਾ। ਲੁਕੇ-ਛੁਪੇ ਬੂਝਾ ਸਿੰਘ ਨੂੰ ਵਧਾਈਆਂ ਭੇਜੀਆਂ।

ਪੰਜ-ਚਾਰ ਟਟਪੂੰਜੀਆਂ ਦੇ ਪਿੱਛੇ ਲੱਗ ਕੇ ਮਹਿਕਮਾ ਪਿੱਛੇ ਪੈ ਗਿਆ। ਲੁਕੇ-ਛੁਪੇ ਬੂਝਾ ਸਿੰਘ ਨੇ ਉਸ ਦੇ ਸੰਸਕਾਰ ਦਾ ਇੰਤਜ਼ਾਮ ਕੀਤਾ ਤਾਂ ਉਸ ਨੂੰ ਐਨ ਆਖ਼ਰੀ ਸਮੇਂ ਸੰਸਕਾਰ ਕਰਨੋਂ ਰੋਕ ਦਿੱਤਾ ਗਿਆ।

ਪੋਸਟਮਾਰਟਮ ਦਾ ਹੁਕਮ ਹੋਇਆ ਤਾਂ ਬੂਝਾ ਸਿੰਘ ਨੂੰ ਥਾਣਾ ਛੱਡ ਕੇ ਭੱਜਣਾ ਪਿਆ। ਅਗਾਊ ਜ਼ਮਾਨਤ ਹੋ ਗਈ।

ਤਿੰਨ ਸਾਲ ਮੁਕੱਦਮਾ ਚੱਲਿਆ। ਨਾਲੇ ਸਸਪੈਂਡ ਰਿਹਾ। ਜਿਹੜੇ ਚਾਰ ਪੈਸੇ ਕਮਾਏ ਸਨ, ਖਾਧੇ-ਪੀਤੇ ਗਏ।

ਬਰੀ ਹੋ ਕੇ ਬਹਾਲ ਹੋਇਆ ਤਾਂ ਮਹਿਕਮਾ ਬੂਝਾ ਸਿੰਘ ਨੂੰ ਭੁਲਾ ਚੁੱਕਾ ਸੀ। ਬਹੁਤ ਸਾਰੇ ਨਵੇਂ ਥਾਣੇਦਾਰਾਂ ਨੇ ਉਸ ਨਾਲੋਂ ਵੱਧ ਨਾਂ ਕਮਾ ਲਿਆ ਸੀ। ਪੁਲਿਸ ਕਪਤਾਨਾਂ ਨੂੰ ਹੁਣ ਦਲੇਰੀ ਨਾਲੋਂ ਵੱਧ ਨੋਟਾਂ ਦੇ ਥੈਲੇ ਚਾਹੀਦੇ ਸਨ। ਨੋਟ ਹਾਲੇ ਬੂਝਾ ਸਿੰਘ ਕੋਲ ਨਹੀਂ ਸਨ। ਇਕ ਵਾਰ ਮੌਕਾ ਮਿਲੇ ਤਾਂ ਕਮਾਏ। ਕਮਾਏ ਤਾਂ ਦੇਵੇ। ਪੈਸੇ ਕਮਾਉਣ ਦਾ ਮੌਕਾ ਮੁੜ ਉਹਦੇ ਹੱਥ ਨਹੀਂ ਸੀ ਲੱਗਾ।

ਸਾਂਸੀਆਂ ਦੇ ਵਿਹੜੇ ਡਿਊਟੀ ਲਗਵਾ ਕੇ ਉਸ ਨੂੰ ਲੱਗਾ, ਉਸ 'ਤੇ ਵਾਹਿਗੁਰੂ ਦੀ ਕਿਰਪਾ ਹੋਣ ਲੱਗੀ ਹੈ। ਇਹ ਵਿਹੜਾ ਮੁਜਰਮਾਂ ਦਾ ਗੜ੍ਹ ਹੈ, ਮੁਕੱਦਮਿਆਂ ਦੀ ਖਾਨ ਹੈ। ਜਿੰਨੇ ਮਰਜ਼ੀ ਕੇਸ ਫੜ ਲਓ। ਅਸਲੀ ਬੰਦੇ ਨਾ ਵੀ ਫੜੇ ਜਾਣ ਤਾਂ ਕੋਈ ਨਹੀਂ। ਜਿਸ 'ਤੇ ਮਰਜ਼ੀ ਫਿੱਟ ਕਰ ਦਿਓ। ਇਸ ਵਿਹੜੇ ਦੇ ਹਰ ਮੈਂਬਰ ਦੀ ਹਿਸਟਰੀ-ਸ਼ੀਟ ਖੁੱਲ੍ਹੀ ਹੋਈ ਹੈ। ਸਾਰੇ ਦਸ-ਨੰਬਰੀਏ ਹਨ। ਇਕ-ਦੋ ਹੀ ਖ਼ੁਸ਼ਨਸੀਬ ਹੋਣਗੇ, ਜਿਨ੍ਹਾਂ ਕਦੇ ਜੇਲ੍ਹ ਨਾ ਕੱਟੀ ਹੋਵੇ। ਜਿਸ 'ਤੇ ਜਿਹੜਾ ਮਰਜ਼ੀ ਮੁਕੱਦਮਾ ਪਾ ਦਿਓ। ਪੁਰਾਣਾ ਰਿਕਾਰਡ ਦੇਖ ਕੇ ਉਹਨਾਂ ਦੀਆਂ ਸਭ ਅਪੀਲਾਂ ਦਲੀਲਾਂ ਰੱਦ ਹੋ ਜਾਂਦੀਆਂ ਹਨ।

ਖ਼ਾਨ ਦੀ ਸਰਪਰਸਤੀ ਵਿਚ ਉਹ ਮਨਮਰਜ਼ੀ ਦੇ ਮੁਕੱਦਮੇ ਫੜ ਸਕਦਾ ਹੈ। ਉਸ 'ਤੇ ਉਂਗਲ ਕਰਨ ਵਾਲਾ ਕੋਈ ਨਹੀਂ। ਕੋਈ ਹੋਰ ਕਪਤਾਨ ਹੋਵੇ ਤਾਂ ਕਿਸੇ ਦੂਸਰੇ ਥਾਣੇਦਾਰ ਦੀ ਜ਼ੈਲ ਵਿਚ ਮੁਕੱਦਮੇ ਫੜਨ 'ਤੇ ਇਤਰਾਜ਼ ਕਰਦਾ ਹੈ। ਕੋਈ ਹੋਰ ਦਖ਼ਲ ਦੇਵੇ ਤਾਂ ਐਸ.ਐਚ.ਓ. ਦਾ ਹਿਸਾਬ-ਕਿਤਾਬ ਹਿੱਲ ਜਾਂਦਾ ਹੈ। ਹਿੱਲੇ ਹਿਸਾਬ-ਕਿਤਾਬ ਦਾ ਅਗਾਂਹ ਕਪਤਾਨ 'ਤੇ ਅਸਰ ਪੈਂਦਾ ਹੈ। ਖ਼ਾਨ ਨੂੰ ਹਾਲੇ ਇਸ ਮਰਜ਼ ਦੀ ਸਮਝ ਨਹੀਂ। ਜਿਹੜਾ ਉਸ ਦੀ ਨਜ਼ਰ ਪੈ ਜਾਏ, ਉਸ ਨੂੰ ਪੈਸੇ ਦੇਣ ਦੀ ਲੋੜ ਨਹੀਂ। ਥਾਣਿਆਂ ਵਿਚ ਨਿਯੁਕਤੀ ਕਰਨ ਸਮੇਂ ਉਹ ਫੜੇ ਕੇਸਾਂ ਦੀ ਸੂਚੀ ਹੀ ਦੇਖਦਾ ਹੈ। ਕਿਸੇ ਥਾਣੇਦਾਰ ਨੇ ਕਿੰਨੇ ਕਿੱਲੋ ਅਫ਼ੀਮ, ਕਿੰਨੇ ਪਸਤੌਲ ਅਤੇ ਕਿੰਨੀਆਂ ਭੱਠੀਆਂ ਫੜੀਆਂ ਹਨ, ਇਸੇ ਦੀ ਗਿਣਤੀ-ਮਿਣਤੀ ਹੁੰਦੀ ਹੈ। ਜਿਸ ਦੇ ਜਿੰਨੇ ਵੱਧ ਮੁਕੱਦਮੇ, ਉਸ ਨੂੰ ਓਨਾ ਵਧੀਆ ਥਾਣਾ।

ਬੂਝਾ ਸਿੰਘ ਨੂੰ ਲੱਗਦਾ ਸੀ ਉਸ ਦਾ ਸੀ.ਆਈ.ਡੀ. ਵਿਚੋਂ ਨਿਕਲਣ ਦਾ ਸਮਾਂ ਆ ਗਿਆ ਸੀ। ਇਹ ਕੋਈ ਮਹਿਕਮਾ ਹੈ ? ਦੋ ਸਾਲਾਂ ਤੋਂ ਇਥੇ ਧੱਕੇ ਖਾ ਰਿਹਾ ਹੈ। ਬੂਝਾ ਸਿੰਘ ਦੀਆਂ ਅਸਲੀ ਰਿਪੋਰਟਾਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਜਾਂਦਾ ਹੈ। ਫ਼ਰਜ਼ੀ ਰਿਪੋਰਟਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ। ਪਹਿਲੇ ਉਸ ਨੇ ਜੀਅ-ਜਾਨ ਨਾਲ ਸੂਹਾਂ ਕੱਢੀਆਂ। ਵਾਰ-ਵਾਰ ਲਿਖਿਆ। ਇਲਾਕੇ ਵਿਚ ਅਫ਼ੀਮ ਅਤੇ ਡੋਡੇ ਟਰੱਕਾਂ ਦੇ ਹਿਸਾਬ ਆਉਂਦੇ ਹਨ। ਥਾਂ-ਥਾਂ ਜੂਏ ਦੇ ਅੱਡੇ ਹਨ। ਜ਼ਨਾਨੀਬਾਜ਼ੀ ਹੁੰਦੀ ਹੈ।

ਉਲਟਾ ਰਿਪੋਰਟਾਂ ਦੀਆਂ ਨਕਲਾਂ ਮੁਜਰਮਾਂ ਕੋਲ ਪਹੁੰਚ ਜਾਂਦੀਆਂ ਰਹੀਆਂ। ਕਈਆਂ ਨੇ ਬੂਝਾ ਸਿੰਘ ਦੀਆਂ ਹੀ ਸ਼ਿਕਾਇਤਾਂ ਕਰ ਦਿੱਤੀਆਂ। ਹੰਭ ਕੇ ਉਸ ਨੇ ਘੇਸਲ ਵੱਟ ਲਈ। ਹੋਰ ਸੀ.ਆਈ.ਡੀ. ਵਾਲਿਆਂ ਵਾਂਗ ਪਿਛਲੀਆਂ ਰਿਪੋਰਟਾਂ ਦੀ ਨਕਲ ਮਾਰ ਛੱਡਦਾ।

ਆਪਣੀ ਇਸ ਅਣਗਹਿਲੀ 'ਤੇ ਹੁਣ ਉਸ ਨੂੰ ਪਛਤਾਵਾ ਸੀ। ਜੇ ਉਹ ਝੂਠੀਆਂ ਰਿਪੋਰਟਾਂ ਨਾ ਭੇਜਦਾ ਰਿਹਾ ਹੁੰਦਾ ਅਤੇ ਇਸ ਵਿਹੜੇ 'ਤੇ ਸਹੀ ਨਜ਼ਰ ਰੱਖ ਰਿਹਾ ਹੁੰਦਾ ਤਾਂ ਅੱਜ ਆਸਾਨੀ ਨਾਲ ਅਸਲੀ ਮੁਜਰਮਾਂ ਨੂੰ ਰੰਗੇ ਹੱਥੀਂ ਫੜਦਾ।

ਕੁਝ ਵੀ ਸੀ। ਸੱਚ-ਝੂਠ ਦੀ ਉਸ ਨੂੰ ਪਰਵਾਹ ਨਹੀਂ ਸੀ। ਉਸ ਨੇ ਪੰਜ-ਚਾਰ ਮੁਕੱਦਮੇ ਬਣਾਉਣੇ ਹੀ ਹਨ।

ਦੋ ਸਾਲਾਂ ਤੋਂ ਉਹ ਇਸ ਵਿਹੜੇ ਦੀਆਂ ਰਿਪੋਰਟਾਂ ਭੇਜਦਾ ਰਿਹਾ ਹੈ। ਕਈ ਪੇਸ਼ੇਵਰ ਮੁਜਰਮਾਂ ਦੇ ਨਾਂ ਉਸ ਨੂੰ ਜ਼ਬਾਨੀ ਯਾਦ ਹਨ। ਹੋਰ ਕੋਈ ਗੱਲ ਸਿਰੇ ਨਾ ਚੜ੍ਹੀ ਤਾਂ ਉਹ ਤਾਂ ਕਿਧਰੇ ਨਹੀਂ ਗਏ।

ਨੱਥੂ ਸਾਂਸੀ ਬਾਹੀਏ ਦਾ ਕੈਰੀਅਰ ਹੈ। ਭਦੋੜ ਵੱਲ ਜਿੰਨੀ ਵੀ ਅਫ਼ੀਮ ਜਾਂਦੀ ਹੈ, ਉਹ ਉਸੇ ਹੱਥ ਜਾਂਦੀ ਹੈ। ਉਸ ਕੋਲ ਦੋ-ਚਾਰ ਕਿੱਲੋ ਅਫ਼ੀਮ ਜ਼ਰੂਰ ਪਈ ਹੋਏਗੀ। ਜਿੰਨੀ ਮਿਲੀ, ਨਾਲ ਇਕ ਬਿੰਦੀ ਹੋਰ ਲਾ ਕੇ ਮੁਕੱਦਮਾ ਦਰਜ ਕਰ ਦੇਵੇਗਾ।

ਬੰਸੀ ਦਾ ਰਿਕਾਰਡ ਦੱਸਦਾ ਸੀ ਕਿ ਉਹ ਜੰਮਦੀ ਹੀ ਜੇਬਾਂ ਕੱਟਣ ਅਤੇ ਚੈਨੀਆਂ ਲਾਹੁਣ ਲੱਗ ਪਈ ਸੀ। ਇਹਨੀਂ ਦਿਨੀਂ ਉਹ ਭਰ ਜਵਾਨ ਸੀ ਅਤੇ ਸੁਲਫ਼ੇ ਦੀ ਲਾਟ ਵਰਗੀ ਨਿਕਲੀ ਸੀ। ਗੋਰੇ ਰੰਗ 'ਤੇ ਕੀਤਾ ਹਲਕਾ ਜਿਹਾ ਮੇਕ-ਅੱਪ ਉਸ ਨੂੰ ਅਪੱਸ਼ਰਾ ਬਣਾ ਦਿੰਦਾ ਹੈ। ਬਣ-ਠਣ ਕੇ ਜਦੋਂ ਉਹ ਕਿਸੇ ਮਨਚਲੇ ਦੇ ਬਰਾਬਰ ਵਾਲੀ ਸੀਟ 'ਤੇ ਬੈਠਦੀ ਹੈ ਤਾਂ ਅਗਲਾ ਸਭ ਕੁਝ ਭੁੱਲ ਕੇ ਉਸ 'ਤੇ ਲੱਟੂ ਹੋ ਜਾਂਦਾ ਹੈ। ਉਸ ਸਮੇਂ ਹੀ ਸੁਰਤ ਆਉਂਦੀ ਹੈ, ਜਦੋਂ ਜੇਬ ਵਿਚਲਾ ਬਟੂਆ ਜਾਂ ਗਲੇ ਵਾਲੀ ਚੈਨੀ ਗ਼ਾਇਬ ਹੁੰਦੀ ਹੈ। ਥੋੜ੍ਹੀ ਜਿਹੀ ਵੱਡੀ ਹੋਈ ਹੈ ਤਾਂ ਕੰਮ ਦਾ ਘੇਰਾ ਵਧਾ ਲਿਆ ਹੈ। ਬੱਸਾਂ, ਗੱਡੀਆਂ ਵਿਚ ਅੱਜ ਕੱਲ ਉਹ ਟਰੰਕ, ਸੂਟਕੇਸ ਲਾਹੁੰਦੀ ਹੈ। ਉਸ 'ਤੇ ਇਕ-ਦੋ ਕੇਸ ਫਿੱਟ ਕੀਤੇ ਜਾ ਸਕਦੇ ਹਨ।

ਖਰੈਤੀ ਦੇ ਵਾੜੇ ਵਿਚ ਜ਼ਰੂਰ ਕੋਈ ਪਸ਼ੂ ਖੜਾ ਹੋਣਾ ਹੈ। ਮੱਝਾਂ, ਢੱਗੇ ਚੋਰੀ ਕਰਨ ਵਿਚ ਉਸ ਨੂੰ ਕਮਾਲ ਦੀ ਮੁਹਾਰਤ ਹਾਸਲ ਹੈ। ਰਾਤੋ-ਰਾਤ ਅੰਬਾਲੇ, ਜੀਂਦ ਤਕ ਤੋਂ ਪਸ਼ੂ ਹੱਕ ਲਿਆਉਂਦਾ ਹੈ। ਇਹ ਕੰਮ ਪਸ਼ੂਆਂ ਦੀ ਮੰਡੀ ਤੋਂ ਦੋ-ਚਾਰ ਦਿਨ ਪਹਿਲਾਂ ਕਰਦਾ ਹੈ। ਪਸ਼ੂਆਂ ਨੂੰ ਮੰਡੀ ਵਿਚ ਵੇਚ ਕੇ ਸਾਰੇ ਸਬੂਤ ਗੁਆ ਦਿੰਦਾ ਹੈ। ਉਸ ਦੇ ਵਾੜੇ ਵਿਚ ਭਾਵੇਂ ਘਰ ਦੀ ਪਾਲੀ ਝੋਟੀ ਹੀ ਖੜੀ ਹੋਵੇ, ਉਸ ਨੇ ਜ਼ਰੂਰ ਇਕ ਸੌ ਦੋ ਦਫ਼ਾ ਵਿਚ ਕਬਜ਼ੇ ਵਿਚ ਲੈ ਲੈਣੀ ਹੈ।

ਮਨ 'ਚ ਯੋਜਨਾਵਾਂ ਉਸਾਰਦਾ ਬੂਝਾ ਸਿੰਘ ਕਈ ਸਾਲਾਂ ਬਾਅਦ ਪਹਿਲੀ ਵਾਰ ਖ਼ੁਸ਼ ਹੋ ਰਿਹਾ ਸੀ।

ਪੁਲਿਸ ਪਾਰਟੀ ਵਿਚ ਉਸ ਨੇ ਆਪਣੇ ਹੀ ਮਾਤਹਿਤ ਰੱਖੇ ਸਨ। ਹੌਲਦਾਰ ਸੇਵਾ ਸਿੰਘ ਅਤੇ ਦੋਨੋਂ ਸਿਪਾਹੀ। ਨਾਲ ਸੀ.ਆਰ.ਪੀ. ਦੇ ਅੱਠ ਜਵਾਨ ਅਤੇ ਉਹਨਾਂ ਦਾ ਇਕ ਹਵਾਲਦਾਰ। ਇਸ ਵਿਹੜੇ ਵਿਚ ਬੂਝਾ ਸਿੰਘ ਦਾ ਆਪਣਾ ਚੱਕਰ ਤਾਂ ਘੱਟ ਹੀ ਲੱਗਦਾ ਸੀ। ਸਿਪਾਹੀ ਇਥੇ ਅਕਸਰ ਆਉਂਦੇ-ਜਾਂਦੇ ਰਹੇ ਸਨ। ਵੇਲੇ-ਕੁਵੇਲੇ ਕਦੇ ਮੁਰਗੇ ਦੀ ਜ਼ਰੂਰਤ ਪੈਂਦੀ ਤਾਂ ਉਹ ਚੰਦੇ ਸਾਂਸੀ ਦੇ ਆ ਧਮਕਦੇ। ਉਸ ਦੇ ਮੁਰਗੇ ਮੋਟੇ-ਤਾਜ਼ੇ ਤਾਂ ਹੁੰਦੇ ਹੀ ਸਨ, ਸਵਾਦ ਵੀ ਬੜੇ ਬਣਦੇ ਸਨ। ਸਿਪਾਹੀ ਰਸਤੇ ਵਿਚ ਕਈ ਵਾਰ ਬੂਝਾ ਸਿੰਘ ਨੂੰ ਆਖ ਚੁੱਕੇ ਸਨ। ਅੱਜ ਉਹ ਚੰਦੇ ਦੇ ਘਰ ਮੁਰਗਾ ਬਣਵਾਉਣਗੇ। ਉਹਦੇ ਘਰਵਾਲੀ ਕਮਾਲ ਦਾ ਮੁਰਗਾ ਰਿੰਨ੍ਹਦੀ ਹੈ। ਬੂਝਾ ਸਿੰਘ ਨੂੰ ਨਾ ਮੁਰਗੇ 'ਚ ਦਿਲਚਸਪੀ ਸੀ ਨਾ ਲੌਂਗ ਲੈਚੀਆਂ ਵਾਲੀ ਸ਼ਰਾਬ ਵਿਚ। ਉਸ ਨੂੰ ਕੇਸ ਚਾਹੀਦੇ ਸੀ, ਕੇਵਲ ਕੇਸ।

ਢਾਬ ਦੀ ਨੁੱਕਰ 'ਤੇ ਵੱਸੀ ਸਾਂਸੀਆਂ ਦੀ ਇਸ ਬਸਤੀ ਵਿਚ ਕਰਫ਼ਿਊ ਦਾ ਕੋਈ ਬਹੁਤਾ ਅਸਰ ਨਜ਼ਰ ਨਹੀਂ ਸੀ ਆ ਰਿਹਾ। ਤੀਹ-ਪੈਂਤੀ ਝੁੱਗੀਆਂ ਅਤੇ ਇੰਨੇ ਹੀ ਕੱਚੇ-ਪਿੱਲੇ ਕੋਠਿਆਂ ਦੇ ਇਸ ਵਿਹੜੇ ਵਿਚ ਸਗੋਂ ਅੱਗੋਂ ਨਾਲੋਂ ਵੀ ਜ਼ਿਆਦਾ ਚਹਿਲ-ਪਹਿਲ ਸੀ। ਕੱਛੇ-ਬਨੈਣ ਅਟਕਾਈ ਬੁੱਢੇ ਜਵਾਨ ਸਾਰੇ ਹੀ ਕੰਮਾਂ ਵਿਚ ਜੁੱਟੇ ਹੋਏ ਸਨ।

ਕਿਹਰਾ ਆਪਣੇ ਰਿਹੜੇ ਨੂੰ ਝਾੜ-ਪੂੰਝ ਰਿਹਾ ਸੀ। ਕਰਫ਼ਿਊ ਕਾਰਨ ਉਹ ਵਿਹਲਾ ਸੀ। ਮਿੱਟੀ-ਘੱਟਾ ਝਾੜ ਕੇ ਉਹ ਚੱਕਿਆਂ ਨੂੰ ਤੇਲ ਦੇ ਰਿਹਾ ਸੀ। ਮਹੀਨਾ ਮੌਜ ਰਹੇਗੀ।

ਸ਼ਿੰਦਾ ਆਪਣੀ ਝੁੱਗੀ ਪਿਛਵਾੜੇ ਬਣਾਏ ਸੂਰਾਂ ਦੇ ਵਾੜੇ ਨੂੰ ਸੁੱਕ-ਪੁੱਕਾ ਕਰਨ ਦੇ ਆਹਰ ਲੱਗਾ ਹੋਇਆ ਸੀ। ਕਈ ਦਿਨ ਲਗਾਤਾਰ ਦਿਹਾੜੀ 'ਤੇ ਜਾਣ ਕਰਕੇ ਉਹ ਵਾੜੇ ਵੱਲ ਧਿਆਨ ਨਹੀਂ ਸੀ ਦੇ ਸਕਿਆ। ਥਾਂ-ਥਾਂ ਮੁਤਰਾਲ ਦੇ ਛੋਟੇ-ਛੋਟੇ ਛੱਪੜ ਬਣੇ ਪਏ ਸਨ। ਮਿੰਦੇ ਤੋਂ ਕਈ ਦਿਨਾਂ ਦੀ ਰੇਤੇ ਦੀ ਰੇਹੜੀ ਮੰਗਵਾ ਰੱਖੀ ਸੀ। ਅੱਧੇ ਨਾਲੋਂ ਵੱਧ ਰੇਤਾ ਤਾਂ ਜਵਾਕਾਂ ਨੇ ਖਿੰਡਾ ਦਿੱਤਾ। ਸਕੂਲੋਂ ਜਵਾਕਾਂ ਨੂੰ ਛੁੱਟੀ ਹੋ ਗਈ ਸੀ। ਤੇਜੋ ਅਤੇ ਦੋਵੇਂ ਧੀਆਂ ਉਸ ਦਾ ਹੱਥ ਵੰਡਾ ਰਹੀਆਂ ਸਨ। ਇਕ ਵਾਰ ਵਾੜਾ ਸੰਵਰ ਗਿਆ ਤਾਂ ਕਈ ਦਿਨ ਲੰਘ ਜਾਣਗੇ।

ਅਮਲੀ ਨੇ ਵੀ ਭੇਡਾਂ ਦਾ ਇੱਜੜ ਨਹੀਂ ਸੀ ਛੇੜਿਆ। ਕੀ ਪਤੈ ਕਦੋਂ ਭੇਡਾਂ ਸਣੇ ਕਿਸੇ ਦੀ ਦਾੜ੍ਹ ਹੇਠ ਆ ਜਾਏ। ਭੇਡਾਂ ਦੀਆਂ ਜੱਤਾਂ ਵਿਚ ਫਸੇ ਕੰਡੇ ਕੱਢ-ਕੱਢ ਉਸ ਨੂੰ ਸੁਆਦ ਆ ਰਿਹਾ ਸੀ।

ਬਚਨੀ ਨੂੰ ਆਪਣੀ ਦਿਨੋ-ਦਿਨ ਖੁਰਦੀ ਝੁੱਗੀ ਦਾ ਫ਼ਿਕਰ ਸੀ। ਲੋਕਾਂ ਦੇ ਘਰੀਂ ਸਫ਼ਾਈਆਂ ਕਰਨ, ਭਾਂਡੇ ਮਾਂਜਣ ਅਤੇ ਕੱਪੜੇ ਧੋਣ ਤੋਂ ਉਸ ਨੂੰ ਵਿਹਲ ਨਹੀਂ ਸੀ ਮਿਲਦਾ। ਲੋਕਾਂ ਦੇ ਘਰ ਸੰਵਾਰਦੀ ਬਚਨੀ ਨੂੰ ਆਪਣੀ ਝੁੱਗੀ ਦੇ ਗਿਰਨ ਦਾ ਖ਼ਤਰਾ ਖੜਾ ਹੋ ਗਿਆ ਸੀ। ਕਰਫ਼ਿਊ ਲੱਗਾ ਤਾਂ ਉਸ ਨੇ ਸ਼ੁਕਰ ਕੀਤਾ। ਸੇਠਾਨੀਆਂ ਉਂਝ ਤਾਂ ਉਸ ਨੂੰ ਇਕ ਦਿਨ ਦੀ ਛੁੱਟੀ ਨਹੀਂ ਸੀ ਕਰਨ ਦਿੰਦੀਆਂ। ਕਦੇ ਛੁੱਟੀ ਮਾਰਨੀ ਪੈਂਦੀ ਤਾਂ ਉਹ ਨਾਲੇ ਸੌ-ਸੌ ਉਲਾਂਭੇ ਦਿੰਦੀਆਂ ਨਾਲੇ ਦਿਹਾੜੀ ਕੱਟ ਲੈਂਦੀਆਂ। ਅਜਿਹੇ ਮੌਕੇ 'ਤੇ ਨਹੀਂ ਬੋਲ ਸਕਦੀਆਂ। ਜਲਦੀ-ਜਲਦੀ ਉਸ ਨੇ ਮਿੱਡੇ ਨੂੰ ਨਾਲ ਲਾ ਕੇ ਢਾਬ ਵਿਚੋਂ ਪੰਦਰਾਂ-ਵੀਹ ਬੱਠਲ ਕਾਲੀ ਮਿੱਟੀ ਦੇ ਕੱਢੇ। ਪਲੋਂ ਕਈ ਦਿਨਾਂ ਦੀ ਲਿਆਂਦੀ ਪਈ ਸੀ। ਉਹ ਘਾਣ ਵਿਚ ਵੜੀ ਹੋਈ ਸੀ। ਮਿੱਟੀ ਤਿਆਰ ਹੁੰਦਿਆਂ ਹੀ ਉਸ ਨੇ ਝੁੱਗੀ ਲਿੱਪਣ ਲੱਗ ਜਾਣਾ ਸੀ।

ਕਰਫ਼ਿਊ ਦਾ ਅਫ਼ਸੋਸ ਗਿੰਦੇ ਦੇ ਪਰਿਵਾਰ ਨੂੰ ਸੀ। ਗਿੰਦੇ ਦੀ ਦਿਹਾੜੀ ਮਾਰੀ ਗਈ। ਕੀ ਪਤੈ ਕਰਫ਼ਿਊ ਕਿੰਨੇ ਦਿਨ ਚੱਲੇ ? ਉਹਨਾਂ ਦੀਆਂ ਲਿਆਂਦੀਆਂ ਦਾਤਣਾਂ ਜੇ ਸ਼ਾਮ ਤਕ ਨਾ ਵਿਕਣ ਤਾਂ ਅਗਲੇ ਦਿਨ ਸੁੱਕ ਕੇ ਲੱਕੜੀ ਬਣ ਜਾਂਦੀਆਂ ਹਨ। ਗੇਲੋ ਦਾ ਚੋਰੀ ਤੋੜਿਆ ਸਾਗ ਮੁਰਝਾ ਰਿਹਾ ਸੀ, ਕੱਲ੍ਹ ਤਕ ਉਸ ਨੇ ਬੇਹਾ ਹੋ ਜਾਣਾ ਸੀ ਅਤੇ ਇਸ ਦਾ ਧੇਲਾ ਵੀ ਨਹੀਂ ਸੀ ਵੱਟਿਆ ਜਾਣਾ। ਸਾਗ ਤੋੜਨ ਲਈ ਉਸ ਨੂੰ ਪੰਦਰਾਂ ਮੀਲ ਤੁਰਨਾ ਪਿਆ ਸੀ। ਕੁੱਤਿਆਂ ਨੇ ਉਸ ਦੀ ਖੱਬੀ ਲੱਤ ਲੀਰੋ-ਲੀਰ ਕਰ ਦਿੱਤੀ ਸੀ। ਉਹਨਾਂ ਨੂੰ ਆਸ ਸੀ, ਇਹਨਾਂ ਪੈਸਿਆਂ ਦੀ ਉਹ ਬੀਮਾਰ ਸੀਤੋ ਲਈ ਦਵਾਈ ਲਿਆਉਣਗੇ। ਇਕ ਦਿਨ ਦਵਾਈ ਖੁੰਝ ਜਾਏ ਤਾਂ ਉਹ ਕਈ ਦਿਨ ਤਾਬ ਨਹੀਂ ਆਉਂਦੀ। ਸੀਤਾ ਪੰਜਾਂ ਦਿਨਾਂ ਬਾਅਦ ਮੰਜੇ ਵਿਚੋਂ ਮਸਾਂ ਉਠਿਆ ਸੀ। ਉਸ ਨੂੰ ਉਮੈਦ ਸੀ, ਉਹ ਰਿਕਸ਼ਾ ਚਲਾ ਸਕੇਗਾ। ਹੋਰ ਕੁਝ ਨਾ ਬਣਿਆ ਤਾਂ ਰਿਕਸ਼ੇ ਦਾ ਕਿਰਾਇਆ ਤਾਂ ਨਿਕਲ ਹੀ ਆਏਗਾ। ਪਹਿਲਾਂ ਹੀ ਕਈ ਦਿਨਾਂ ਦਾ ਕਿਰਾਇਆ ਸਿਰ ਪੈ ਗਿਆ ਹੈ। ਹਫ਼ਤਾ ਕਿਰਾਇਆ ਨਾ ਚੁਕਾਇਆ ਜਾ ਸਕੇ ਤਾਂ ਮਾਲਕ ਰਿਕਸ਼ਾ ਖੋਹ ਲੈਂਦਾ ਹੈ। ਇਹੋ ਜਿਹਾ ਨਵਾਂ

ਮੁੜ ਕੇ ਨਹੀਂ ਮਿਲਣਾ। ਪੁਰਾਣੇ ਰਿਕਸ਼ੇ ਦਾ ਕਿਰਾਇਆ ਤਾਂ ਨਵੇਂ ਜਿੰਨਾ ਹੀ ਹੁੰਦੈ, ਪਰ ਟੱਕਰਾਂ ਵੱਧ। ਕਦੇ ਚੈਨ ਟੁੱਟ ਗਈ, ਕਦੇ ਪੈਂਚਰ ਹੋ ਗਿਆ ਅਤੇ ਕਦੇ ਚਿਮਟਾ ਵਿੰਗਾ ਹੋ ਗਿਆ, ਜ਼ੋਰ ਤਾਂ ਵੱਧ ਲੱਗਦਾ ਹੀ ਹੈ, ਨਾੜਾਂ ਵੀ ਇਕੱਠੀਆਂ ਹੋ ਜਾਂਦੀਆਂ ਹਨ। ਕਰਫ਼ਿਊ ਨਾਲ ਉਸ ਦੇ ਹੱਥੋਂ ਰਿਕਸ਼ਾ ਵੀ ਜਾਏਗਾ ਅਤੇ ਰੋਜ਼ਗਾਰ ਵੀ। ਗਿੰਦੇ ਦਾ ਸਾਰਾ ਪਰਿਵਾਰ ਟਾਹਲੀ ਹੇਠ ਬੈਠਾ ਝੂਰ ਰਿਹਾ ਸੀ। ਉਹ ਕਰਫ਼ਿਊ ਦੇ ਜਲਦੀ ਖ਼ਤਮ ਹੋਣ ਦੀਆਂ ਸੁੱਖਾਂ ਸੁੱਖ ਰਹੇ ਸਨ।

ਚਾਰੇ ਪਾਸਿਆਂ ਤੋਂ ਘਿਰਦੇ ਆਪਣੇ ਵਿਹੜੇ ਨੂੰ ਦੇਖ ਕੇ ਸਭ ਦੇ ਚਿਹਰਿਆਂ ’ਤੇ ਪਲਿੱਤਣ ਛਾ ਗਈ। ਪੁਲਿਸ ਕਦੇ ਵੀ ਇਸ ਵਿਹੜੇ ਸੁੱਖ ਨੂੰ ਨਹੀਂ ਆਉਂਦੀ। ਆਉਂਦੇ ਹੀ ਉਹ ਮਾਰ-ਧਾੜ ਸ਼ੁਰੂ ਕਰਦੀ ਹੈ। ਹੱਥ ਆਏ ਹਰ ਬੰਦੇ ਨੂੰ ਬਿਨਾਂ ਸਫ਼ਾਈ ਪੇਸ਼ ਕਰੇ ਅਤੇ ਬਿਨਾਂ ਆਪਣਾ ਕਸੂਰ ਜਾਣੇ ਹੱਡ ਤੁੜਾਉਣੇ ਪੈਂਦੇ ਹਨ। ਔਰਤਾਂ ਨੂੰ ਗੁੱਤੋਂ ਫੜ ਕੇ ਧੂਹਿਆ ਘੜੀਸਿਆ ਜਾਦਾ ਹੈ। ਭਾਂਡੇ ਠੀਕਰ ਇਧਰ-ਉਧਰ ਸੁੱਟੇ ਜਾਂਦੇ ਹਨ। ਘਰਾਂ, ਝੁੱਗੀਆਂ ਦਾ ਕੋਨਾ-ਕੋਨਾ ਛਾਣਿਆ ਜਾਂਦਾ ਹੈ। ਚੰਗੀ-ਮਾੜੀ ਹਰ ਚੀਜ਼ ਪੁਲਿਸ ਚੋਰੀ ਦੇ ਸ਼ੱਕ ਵਿਚ ਨਾਲ ਲੈ ਤੁਰਦੀ ਹੈ।

ਪਿੱਛੇ ਰਹਿ ਗਏ ਭੁੱਖੇ-ਤਿਹਾਏ ਬੱਚੇ ਮਾਂ-ਬਾਪ ਦਾ ਰਾਹ ਤੱਕਦੇ ਵਿਲਕਦੇ ਰਹਿੰਦੇ ਹਨ। ਮਰਦ ਕਈ-ਕਈ ਦਿਨ ਪੁਲਿਸ ਦੀ ਮਾਰ ਹੰਢਾਉਂਦੇ ਹਨ। ਔਰਤਾਂ ਥਾਣੇ ਬਾਹਰ ਬੈਠੀਆਂ ਪੁਲਸੀਆਂ ਦੀਆਂ ਮਿੰਨਤਾਂ ਕਰਦੀਆਂ ਹਨ। ਉਹਨਾਂ ਦੀਆਂ ਟਿੱਚਰਾਂ ਅਤੇ ਗੰਦੇ ਮਖ਼ੌਲਾਂ ਨੂੰ ਖਿੜੇ-ਮੱਥੇ ਸਵੀਕਾਰ ਕਰਦੀਆਂ ਹਨ। ਜੋ ਨਿੱਕ-ਸੁਕ ਪੱਲੇ ਹੁੰਦਾ ਹੈ, ਪੁਲਿਸ ਦੇ ਹਵਾਲੇ ਕਰਦੀਆਂ ਹਨ। ਮਹੀਨੇ-ਮਹੀਨੇ ਦੀ ਖੱਜਲ-ਖੁਆਰੀ ਬਾਅਦ ਉਹਨਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਂਦਾ ਹੈ। ਮਸਾਂ-ਮਸਾਂ ਜ਼ਮਾਨਤਾਂ ਕਰਾ ਕੇ ਉਹ ਸੁਖ ਦਾ ਸਾਹ ਲੈਣ ਲੱਗਦੇ ਹਨ। ਇੰਨੇ ਵਿਚ ਕੋਈ ਹੋਰ ਮਾਮਲਾ ਹੋ ਜਾਂਦਾ ਹੈ।

ਪੁਲਿਸ ਦੀ ਪਹਿਲੀ ਝਲਕ ਪੈਂਦਿਆਂ ਹੀ ਕਿੱਕਰਾਂ ਹੇਠ ਲੱਗਾ ਮੇਲਾ ਖਿੰਡਣ ਲੱਗਾ। ਧੜਕਦੇ ਦਿਲਾਂ ਨਾਲ ਸਭ ਇਧਰ-ਉਧਰ ਛੁਪਣ ਲੱਗੇ। ਜਿਹੜੇ ਵੀ ਪਹਿਲਾਂ ਪੁਲਿਸ ਹੱਥ ਆਉਣੇ ਸਨ, ਉਹਨਾਂ ਦੇ ਸਭ ਤੋਂ ਵੱਧ ਮਾਰ ਪੈਣੀ ਸੀ। ਬੁੱਢੀਆਂ-ਠੇਰੀਆਂ, ਧੀਆਂ-ਭੈਣਾਂ, ਬੱਚਿਆਂ, ਨੌਜਵਾਨਾਂ ਕਿਸੇ ਨੂੰ ਮੁਆਫ਼ ਨਹੀਂ ਸੀ ਕੀਤਾ ਜਾਣਾ। ਜਿਹੜਾ ਹੱਥ ਨਾ ਲੱਗਾ, ਉਸ ਦੇ ਡੰਗਰ ਖੋਲ੍ਹ ਦਿੱਤੇ ਜਾਣੇ ਸਨ, ਝੁੱਗੀਆਂ ਢਾਹ ਦਿੱਤੀਆਂ ਜਾਣੀਆਂ ਸਨ ਅਤੇ ਸਮਾਨ ਨੂੰ ਤੋੜ-ਮੋੜ ਕੇ ਅੱਗ ਲਾ ਦਿੱਤੀ ਜਾਣੀ ਸੀ। ਪਿੱਛੋਂ ਕੁੱਲੀਆਂ ਵਿਚ ਕਈ ਮਹੀਨੇ ਮਾਤਮ ਛਾਇਆ ਰਹਿੰਦਾ ਹੈ। ਸੁੱਜੇ ਹੱਡਾਂ ਨੂੰ ਸੇਕਦੇ-ਸੇਕਦੇ ਕਈ-ਕਈ ਦਿਨ ਫਾਕੇ ਕੱਟਣੇ ਪੈਂਦੇ ਸਨ।

ਸਭ ਨੇ ਸ਼ਾਮੂ ਨੂੰ ਸਮਝਾਇਆ, ਬੱਚਿਆਂ ਵਾਲੀ ਜ਼ਿੱਦ ਛੱਡ ਕੇ ਝੁੱਗੀ ਵਿਚ ਚਲਾ ਜਾਵੇ। ਕਿਸੇ ਨੇ ਨਹੀਂ ਪੁੱਛਣਾ ਕਿ ਉਹ ਕਸੂਰਵਾਰ ਹੈ ਜਾਂ ਨਹੀਂ। ਕਿਸੇ ਨੇ ਨਹੀਂ ਮੰਨਣਾ ਕਿ ਉਹਨਾਂ ਦੇ ਵਿਹੜੇ ਨੇ ਚੋਰੀ ਛੱਡ ਕੇ ਮਿਹਨਤ ਮਜ਼ਦੂਰੀ ਕਰਨੀ ਸ਼ੁਰੂ ਕਰ ਦਿੱਤੀ ਹੈ।

ਉਹ ਆਕੜਿਆ ਰਿਹਾ। ਉਸੇ ਤਰ੍ਹਾਂ ਮੰਜੇ ’ਤੇ ਪਿਆ ਰਿਹਾ। ਆਪਣੀ ਕਿਤਾਬ ਉਸੇ ਤਰ੍ਹਾਂ ਪੜ੍ਹਦਾ ਰਿਹਾ। ਜਦੋਂ ਉਸ ਦਾ ਕੋਈ ਕਸੂਰ ਹੀ ਨਹੀਂ, ਪੁਲਿਸ ਉਸ ਨੂੰ ਕਿਉਂ ਫੜੇਗੀ ?

ਸ਼ਾਮੂ ਦੇ ਇਸ ਗੁਸਤਾਖ਼ ਸੁਭਾਅ ’ਤੇ ਬੂਝਾ ਸਿੰਘ ਨੂੰ ਗੁੱਸਾ ਚੜ੍ਹ ਗਿਆ। ਇਸ ਸਾਂਸੀ ਦੀ ਇਹ ਮਜਾਲ ਕਿ ਪੁਲਿਸ ਦੀ ਪਰਵਾਹ ਹੀ ਨਾ ਕਰੇ।

ਲੈਂਦਿਆਂ ਹੀ ਉਸ ਨੇ ਸ਼ਾਮੂ ਨੂੰ ਬੋਦਿਆਂ ਤੋਂ ਧੂਹ ਲਿਆ। ਉਹਦੇ ਹੱਥ ਵਿਚਲੀ ਕਿਤਾਬ ਵਰਕਾ-ਵਰਕਾ ਹੋ ਕੇ ਖਿੰਡ ਗਈ।

ਸ਼ਾਮੂ ਨੂੰ ਬੋਲਣ ਦਾ ਮੌਕਾ ਹੀ ਨਹੀਂ ਦਿੱਤਾ ਗਿਆ। ਕਿਸੇ ਨੇ ਨਹੀਂ ਸੁਣਿਆ ਕਿ ਉਹ ਕਾਲਜ ਵਿਚ ਪੜ੍ਹਦਾ ਹੈ ਅਤੇ ਬੀ.ਏ. ਦਾ ਵਿਦਿਆਰਥੀ ਹੈ। ਉਹ ਪੰਜਾਬ ਸਟੂਡੈਂਟਸ ਯੂਨੀਅਨ ਦਾ ਸਕੱਤਰ ਹੈ। ਉਹਨਾਂ ਦੀ ਜਥੇਬੰਦੀ ਦਹਿਸ਼ਤਗਰਦਾਂ ਦੇ ਖ਼ਿਲਾਫ਼ ਹੈ ਅਤੇ ਬੰਟੀ ਨੂੰ ਅਗਵਾ ਕਰਨ ਵਾਲਿਆਂ ਖ਼ਿਲਾਫ਼ ਮਤਾ ਪਾਸ ਕਰ ਚੁੱਕੀ ਹੈ। ਉਹ ਬਾਬਾ ਗੁਰਦਿੱਤ ਸਿੰਘ ਦਾ ਉਪਾਸ਼ਕ ਹੈ, ਜਿਸ ਦੀ ਵਿਚਾਰਧਾਰਾ ’ਤੇ ਕਿਸੇ ਨੂੰ ਸ਼ੱਕ ਨਹੀਂ ਹੋਣਾ ਚਾਹੀਦਾ।

ਸ਼ਾਮੂ ਦਾ ਸਫ਼ੈਦ ਕੁੜਤਾ ਪਜਾਮਾ ਲੀਰੋ-ਲੀਰ ਕਰ ਦਿੱਤਾ ਗਿਆ। ਉਹਦੀ ਕੱਟੀ ਦਾਹੜੀ ਦੇ ਵਾਲ ਬਿਖਰ ਗਏ। ਥੱਪੜ ਖਾ-ਖਾ ਉਹਦਾ ਚਿਹਰਾ ਸੂਹਾ ਹੋ ਗਿਆ।

“ਇਸ ਬਦਮਾਸ਼ ਦੇ ਕੋਠੜੇ ਦੀ ਤਲਾਸ਼ੀ ਲਓ। ਬੰਟੀ ਕਿਧਰੇ ਨਹੀਂ ਗਿਆ, ਇਹੋ ਜਿਹੇ ਕਿਸੇ ਦੀ ਸ਼ਰਾਰਤ ਹੈ।”

ਵਿਹੜੇ ਦੇ ਇਕੋ-ਇਕ ਹੋਣਹਾਰ ਮੁੰਡੇ ’ਤੇ ਵਰਸਦੀਆਂ ਡਾਂਗਾਂ ਦੇਖ ਕੇ ਸਭ ਦਾ ਖ਼ੂਨ ਖੌਲ ਤਾਂ ਰਿਹਾ ਸੀ, ਪਰ ਭੂਤਰੀ ਸੀ.ਆਰ.ਪੀ. ਨੂੰ ਦੇਖ ਕੇ ਕਿਸੇ ਦੀ ਕੁਝ ਕਰਨ ਦੀ ਹਿੰਮਤ ਨਹੀਂ ਸੀ ਪੈ ਰਹੀ। ਇਹਨਾਂ ਦਾ ਕੋਈ ਵਸਾਹ ਨਹੀਂ, ਗੋਲੀਆਂ ਮਾਰ-ਮਾਰ ਸਾਰਿਆਂ ਨੂੰ ਲੋਥਾਂ ਹੀ ਬਣਾ ਦੇਣ।

ਇਕੱਲੇ ਪੁਲਸੀਏ ਹੁੰਦੇ ਤਾਂ ਉਹ ਕਦੋਂ ਦੇ ਡਾਂਗਾਂ-ਸੋਟੇ ਲੈ ਕੇ ਉਹਨਾਂ ਪਿੱਛੇ ਪੈ ਗਏ ਹੁੰਦੇ। ਝੀਤਾਂ ਥਾਣੀਂ ਤੱਕਣ ਅਤੇ ਹਉਕੇ ਭਰਨ ਤੋਂ ਸਿਵਾ ਉਹ ਕੁਝ ਨਹੀਂ ਸੀ ਕਰ ਸਕਦੇ। ਦਿਲਾਂ ਨੂੰ ਫੜੀ ਉਹ ਸ਼ਾਮੇ ’ਤੇ ਪੈਂਦੀ ਕੁੱਟ ਨੂੰ ਬੰਦ ਹੋਣ ਦੀ ਉਡੀਕ ਕਰਦੇ ਰਹੇ।

ਬੂਝਾ ਸਿੰਘ ਦੇ ਹੁਕਮ ਦਿੰਦਿਆਂ ਹੀ ਵਫ਼ਾਦਾਰ ਸਿਪਾਹੀ ਉਸ ਨੂੰ ਉਸ ਦੇ ਕੋਠੇ ਵੱਲ ਲੈ ਤੁਰੇ।

ਸੱਜੇ-ਫੱਬੇ ਕਮਰੇ ਵਿਚ ਖੱਬੀ ਨੁੱਕਰ ਵਿਚ ਪਈ ਮੇਜ਼-ਕੁਰਸੀ ’ਤੇ ਕਿਤਾਬਾਂ ਦਾ ਢੇਰ ਪਿਆ ਸੀ। ਸਿਪਾਹੀਆਂ ਨੇ ਇਕ-ਇਕ ਕਰਕੇ ਸਭ ਫਰੋਲ ਸੁੱਟੀਆਂ। ਸੇਵਾ ਸਿੰਘ ਨੂੰ ਰੰਗੀਨ ਤਸਵੀਰਾਂ ਵਾਲੀ ਪੁਸਤਕ ਦੀ ਭਾਲ ਸੀ। ਇਕ ਵਾਰ ਉਹਨਾਂ ਕਿਸੇ ਕੋਠੀ ਦੀ ਤਲਾਸ਼ੀ ਲਈ ਸੀ। ਮੁੰਡਿਆਂ ਦੇ ਪੜ੍ਹਨ ਵਾਲੇ ਕਮਰੇ ਵਿਚੋਂ ਉਹਨਾਂ ਨੂੰ ਨੰਗੀਆਂ ਤਸਵੀਰਾਂ ਵਾਲੀਆਂ ਕਈ ਕਿਤਾਬਾਂ ਮਿਲੀਆਂ ਸਨ। ਕਈ ਮਹੀਨੇ ਉਹ ਤਸਵੀਰਾਂ ਦੇਖ-ਦੇਖ ਸਵਾਦ ਲੈਂਦੇ ਰਹੇ। ਇਹ ਮੁੰਡਾ ਵੀ ਉਸੇ ਉਮਰ ਦਾ ਸੀ। ਕਾਲਜ ’ਚ ਲਿਜਾਣ ਲਈ ਤਾਂ ਡੱਬ ’ਚ ਦਿੱਤੀ ਇਕ ਕਾਪੀ ਹੀ ਕਾਫ਼ੀ ਹੁੰਦੀ ਹੈ। ਢੇਰ ਕਿਤਾਬਾਂ ਦਾ ਹੈ ਤਾਂ ਮਜ਼ੇਦਾਰ ਕਿਤਾਬਾਂ ਵੀ ਹੋਣਗੀਆਂ।

ਇਥੇ ਕੁਝ ਹੋਰ ਹੀ ਸੀ। ‘ਦਵੰਦਾਤਮਕ ਪਦਾਰਥਵਾਦ’, ‘ਜੁੱਗਾਂ ਜਿੱਡੀ ਛਾਲ’, ‘ਸੂਹੀ ਸਵੇਰ’, ‘ਮੈਂ ਨਾਸਤਕ ਹਾਂ’, ‘ਮਾਂ’ ਅਤੇ ‘ਮਮਤਾ’ ਆਦਿ। ਜਾਂ ਸਾਹਮਣੀ ਕੰਧ ’ਤੇ ਭਗਤ ਸਿੰਘ ਦਾ ਕਲੈਂਡਰ ਲਟਕ ਰਿਹਾ ਸੀ। ਉਸ ਕਲੈਂਡਰ ਦੇ ਨਾਲ ਹੀ ਇਕ ਹੋਰ ਕਲੈਂਡਰ ਲਟਕ ਰਿਹਾ ਸੀ, ਜਿਸ ’ਤੇ ਛਪੀ ਤਸਵੀਰ ਸੇਵਾ ਸਿੰਘ ਨੂੰ ਕਿਸੇ ਜਾਣੇ-ਪਛਾਣੇ ਬੰਦੇ ਦੀ ਲੱਗੀ। ਨੇੜੇ ਹੋ ਕੇ ਹੇਠਾਂ ਛਪਿਆ ਨਾਂ ਪੜ੍ਹਿਆ ਤਾਂ ਉਸ ਨੂੰ ਯਾਦ ਆਇਆ, ਇਹ ਮੂਸਾਂ ਵਾਲਾ ਬੇਅੰਤ ਸਿੰਘ ਸੀ, ਜਿਸ ਨੂੰ ਪੰਦਰਾਂ ਵੀਹ ਸਾਲ ਪਹਿਲਾਂ ਉਹਨਾਂ ਦੀ ਹੀ ਪੁਲਿਸ ਪਾਰਟੀ ਨੇ ਗੱਡੀ ਚੜ੍ਹਾਇਆ ਸੀ। ਇਸ ਦਾ ਮਤਲਬ ਸੀ ਕਿ ਇਹ ਵੀ ਗਰਮ ਖ਼ਿਆਲੀਆ ਸੀ।

ਸੇਵਾ ਸਿੰਘ ਦਾ ਮਸ਼ਵਰਾ ਬੂਝਾ ਸਿੰਘ ਨੂੰ ਜਚ ਗਿਆ। ਕਿਤਾਬਾਂ ਦੇ ਆਧਾਰ ’ਤੇ ਉਸ ’ਤੇ ਇਕ ਪਸਤੌਲ ਆਸਾਨੀ ਨਾਲ ਫਿੱਟ ਕੀਤਾ ਜਾ ਸਕਦਾ ਸੀ। ਬੂਝਾ ਸਿੰਘ ਥਾਣੇ ਲੱਗਾ ਹੁੰਦਾ ਤਾਂ ਏ.ਕੇ. ਸੰਤਾਲੀ ਰਾਈਫ਼ਲ ਫਿੱਟ ਕਰਦਾ।ਸੀ.ਆਈ.ਡੀ. ਵਾਲਿਆਂ ਨੂੰ ਤਾਂ ਸੱਠਾਂ ਦਾ ਪਸਤੌਲ ਖ਼ਰੀਦਣਾ ਵੀ ਮੁਸ਼ਕਲ ਹੁੰਦਾ ਹੈ।

ਪਹਿਲਾ ਸ਼ਿਕਾਰ ਫਸਾ ਕੇ ਉਹ ਨੱਥੂ ਅਤੇ ਬੰਸੋ ਨੂੰ ਲੱਭਣ ਲੱਗੇ।

ਬੂਝਾ ਸਿੰਘ ਚੰਦੇ ਦੀਆਂ ਗੱਲਾਂ ਸੁਣ-ਸੁਣ ਸੁੰਨ ਹੁੰਦਾ ਜਾ ਰਿਹਾ ਸੀ। ਉਸ ਨੂੰ ਸਿਪਾਹੀਆਂ ਦੀ ਅਣਗਹਿਲੀ ’ਤੇ ਗੁੱਸਾ ਚੜ੍ਹ ਰਿਹਾ ਸੀ। ਨੱਥੂ ਨੂੰ ਮਰਿਆਂ ਛੇ ਮਹੀਨੇ ਹੋ ਗਏ। ਬੰਸੋ ਦੀ ਅੰਬਾਲੇ ਗੱਡੀ ਦਾ ਡੱਬਾ ਬਦਲਦੀ ਦੀ ਗੱਡੀ ਹੇਠ ਆ ਕੇ ਟੰਗ ਕੱਟੀ ਗਈ। ਤਿੰਨ ਮਹੀਨਿਆਂ ਤੋਂ ਹਸਪਤਾਲ ਵਿਚ ਪਈ ਉਹ ਜ਼ਿੰਦਗੀ ਅਤੇ ਮੌਤ ਵਿਚਕਾਰ ਲਟਕ ਰਹੀ ਹੈ। ਖ਼ੈਰੈਤੀ ਨੂੰ ਸਰਸਾ ਪੁਲਿਸ ਫੜ ਕੇ ਲੈ ਗਈ ਸੀ। ਜਦੋਂ ਦਾ ਆਇਆ ਹੈ, ਉਸ ਨੂੰ ਦਿਖਾਈ ਦੇਣੋਂ ਹਟ ਗਿਐ। ਟੱਟੀ-ਪੇਸ਼ਾਬ ਲਈ ਉਸ ਨੂੰ ਸਹਾਰੇ ਦੀ ਲੋੜ ਪੈਂਦੀ ਹੈ।

ਬੂਝਾ ਸਿੰਘ ਸ਼ੁਕਰ ਕਰ ਰਿਹਾ ਸੀ। ਉਸ ਦੇ ਅਫ਼ਸਰ ਵੀ ਉਸੇ ਵਰਗੇ ਬੂਝੜ ਸਨ। ਕਦੇ ਕਿਸੇ ਨੇ ਮੌਕੇ ਦੀ ਪੜਤਾਲ ਕੀਤੀ ਹੁੰਦੀ ਤਾਂ ਬੂਝਾ ਸਿੰਘ ਨੌਕਰੀਉਂ ਨਿਕਲਿਆ ਹੁੰਦਾ। ਰਿਪੋਰਟਾਂ ਵਿਚ ਉਹ ਨੱਥੂ ਨੂੰ ਸਹੀ ਸਲਾਮਤ ਦਿਖਾ ਰਹੇ ਹਨ। ਉਹਦਾ ਮਨ ਕਾਹਲਾ ਪੈਣ ਲੱਗਾ। ਕਦੋਂ ਉਹ ਦਫ਼ਤਰ ਜਾਏ ਅਤੇ ਕਦੋਂ ਰਿਪੋਰਟਾਂ ਦਰੁਸਤ ਕਰੇ।

ਇਕ-ਇਕ ਕਰਕੇ ਉਸ ਨੇ ਸਾਰੇ ਘਰ ਛਾਣ ਸੁੱਟੇ। ਕਿਸੇ ਪਾਸਿਉਂ ਵੀ ਚੋਰੀ ਦਾ ਕੀਮਤੀ ਮਾਲ ਤਾਂ ਕੀ, ਨਿੱਤ ਵਰਤੋਂ ਵਾਲਾ ਟੁੱਟਾ-ਫੁੱਟਾ ਸਮਾਨ ਵੀ ਨਾ ਲੱਭਾ। ਇਹ ਲਾਲਾ ਜੀ ਦੀ ਮਿਹਨਤ ਦਾ ਨਤੀਜਾ ਸੀ। ਉਸ ਨੇ ਕਈਆਂ ਨੂੰ ਮਾੜੇ ਕੰਮੋਂ ਹਟਾਇਆ ਸੀ। ਬੈਂਕਾਂ ’ਚੋਂ ਕਰਜ਼ੇ ਲੈ-ਲੈ ਰੇਹੜੇ, ਰਿਕਸ਼ੇ ਅਤੇ ਮੱਝਾਂ ਲੈ ਦਿੱਤੀਆਂ ਸਨ। ਸੂਰਾਂ ਦੀਆਂ ਨਵੀਆਂ ਨਸਲਾਂ ਨਾਭਿਉਂ ਮੰਗਵਾਈਆਂ। ਘਰ-ਘਰ ਖੜੀਆਂ ਮੱਝਾਂ, ਵਾੜਿਆਂ ਵਿਚ ਫਿਰਦੇ ਚਿੱਟੇ ਦੁੱਧ ਵਰਗੇ ਸੂਰ ਅਤੇ ਖੁਰਲੀਆਂ ’ਚ ਠੂੰਗਾ ਮਾਰਦੀਆਂ ਮੁਰਗੀਆਂ ਦੱਸਦੀਆਂ ਸਨ ਕਿ ਇਥੇ ਕੁਝ ਤਬਦੀਲੀ ਆਈ ਸੀ।

ਵਿਹੜਾ ਬਦਲ ਗਿਐ ਤਾਂ ਬਦਲਿਆ ਰਹੇ। ਬੂਝਾ ਸਿੰਘ ’ਤੇ ਸਾੜ-ਸਤੀ ਦਾ ਕਰੋਪ ਚੱਲਦਿਆਂ ਪੰਜ ਸਾਲ ਹੋ ਗਏ ਸਨ। ਉਸ ਨੇ ਵੀ ਆਪਣੀ ਕਿਸਮਤ ਬਦਲਣੀ ਸੀ। ਪੰਜ-ਚਾਰ ਮੁਕੱਦਮੇ ਉਸ ਨੇ ਹਰ ਹਾਲਤ ਵਿਚ ਬਣਾਉਣੇ ਸਨ।

ਉਹ ਬਦਲ ਗਏ ਤਾਂ ਬੂਝਾ ਸਿੰਘ ਉਹਨਾਂ ਦੀ ਮਦਦ ਕਰ ਦੇਵੇਗਾ। ਥਾਣੇਦਾਰ ਲੱਗਦਿਆਂ ਹੀ ਉਹਨਾਂ ਦੇ ਮੁਕੱਦਮਿਆਂ ਦਾ ਖ਼ਰਚਾ ਆਪਣੇ ਕੋਲੋਂ ਦੇ ਦੇਵੇਗਾ। ਜੁਰਮਾਨਾ ਹੋ ਗਿਆ ਤਾਂ ਆਪ ਭਰ ਦੇਵੇਗਾ। ਗਵਾਹੀ ਦੇਣੀ ਬੂਝਾ ਸਿੰਘ ਦੇ ਹੱਥ ਹੋਏਗੀ ਹੀ। ਅਜਿਹੀ ਗਵਾਹੀ ਦੇਵੇਗਾ ਕਿ ਜੱਜ ਉਹਨਾਂ ਨੂੰ ਪਹਿਲੀ ਪੇਸ਼ੀ ਬਰੀ ਕਰ ਦੇਣਗੇ।

ਮਨ ਨਾਲ ਪੱਕਾ ਫ਼ੈਸਲਾ ਕਰ ਕੇ ਬੂਝਾ ਸਿੰਘ ਨੇ ਬੰਦੇ ਛਾਂਟਣੇ ਸ਼ੁਰੂ ਕੀਤੇ। ਸ਼ਾਮੂ ’ਤੇ ਤਾਂ ਪਸਤੌਲ ਠੀਕ ਸੀ। ਗਿੰਦੇ ’ਤੇ ਦਸ ਕਿੱਲੋ ਅਫ਼ੀਮ ਦਾ ਮੁਕੱਦਮਾ ਬਣ ਸਕਦਾ ਸੀ। ਬਚਨੀ ’ਤੇ ਚੋਰੀ ਦਾ। ਸ਼ਿੰਦੇ ’ਤੇ ਭੱਠੀ ਮੜ੍ਹੀ ਜਾਏਗੀ। ਚਾਰ ਕੁ ਮੁਕੱਦਮਿਆਂ ਨਾਲ ਉਹਦੀ ਵਾਹਵਾ-ਵਾਹਵਾ ਹੋ ਜਾਣੀ ਸੀ।

ਮਾਰ-ਧਾੜ ਕਰ ਕੇ ਮੁਕੱਦਮਿਆਂ ਲਈ ਲੋੜੀਂਦਾ ਸਾਮਾਨ ਚੁੱਕ ਕੇ ਬੂਝਾ ਸਿੰਘ ਨੇ ਸ਼ਾਮੂ, ਸ਼ਿੰਦੇ, ਗਿੰਦੇ ਅਤੇ ਬਚਨੀ ਦੇ ਨਾਲ-ਨਾਲ ਪੰਜ-ਚਾਰ ਹੋਰਾਂ ਨੂੰ ਵੀ ਅੱਗੇ ਲਾ ਲਿਆ। ਲੋੜ ਪੈਣ ’ਤੇ ਬੰਦਿਆਂ ਦੀ ਅਦਲਾ-ਬਦਲੀ ਕੀਤੀ ਜਾ ਸਕਦੀ ਸੀ।

ਵਾਪਸ ਮੁੜਦਾ ਬੂਝਾ ਸਿੰਘ ਖ਼ੁਸ਼ ਸੀ। ਹੁਣ ਤਾਂ ਥਾਣੇਦਾਰੀ ਵੱਟ ’ਤੇ ਸੀ।

★

# 14

ਰਾਤ ਆਪਣੇ ਜੋਬਨ 'ਤੇ ਸੀ।

ਡਿਪਟੀ ਕਮਿਸ਼ਨਰ ਗੁਪਤੇ ਨੇ ਖਾਣਾ ਖਾਣ ਤੋਂ ਪਹਿਲਾਂ ਤਿੰਨ ਪੈੱਗ ਪੀਟਰਸਕਾਟ ਵਿਸਕੀ ਦੇ ਚਾੜ੍ਹੇ ਸਨ। ਉਹ ਦੋ ਗੋਲੀਆਂ ਕੰਪੋਜ਼ ਦੀਆਂ ਖਾ ਚੁੱਕਾ ਸੀ ਪਰ ਨੀਂਦ ਦਾ ਇਕ ਵੀ ਟੂੱਲਾ ਉਸ ਨੂੰ ਨਸੀਬ ਨਹੀਂ ਸੀ ਹੋਇਆ।

ਪਾਸੇ ਮਾਰ ਰਿਹਾ ਗੁਪਤਾ ਉਸ ਮਨਹੂਸ ਘੜੀ ਨੂੰ ਕੋਸ ਰਿਹਾ ਸੀ ਜਦੋਂ ਸ਼ੇਖ਼ੀ ਵਿਚ ਆ ਕੇ ਉਸ ਨੇ ਬਲਦੀ ਇਸ ਅੱਗ ਵਿਚ ਕੁੱਦਣ ਦਾ ਫ਼ੈਸਲਾ ਕੀਤਾ ਸੀ। ਜੇ ਉਹ ਚਾਹੁੰਦਾ ਤਾਂ ਪੁਲਿਸ ਕਪਤਾਨ ਵਾਂਗ ਹੀ ਆਪਣੇ ਮਾਤਹਿਤ ਏ.ਡੀ.ਸੀ. ਨੂੰ ਤਲਾਸ਼ੀਆਂ ਦੀ ਨਿਗਰਾਨੀ ਲਈ ਸ਼ਹਿਰ ਘੱਲ ਸਕਦਾ ਸੀ।

ਹੁਣ ਜਦੋਂ ਗੁਪਤਾ ਇਕ ਵਾਰ ਸ਼ਹਿਰ ਆ ਬੈਠਾ ਸੀ ਤਾਂ ਪਿੱਠ ਦਿਖਾ ਕੇ ਤਾਂ ਨਹੀਂ ਸੀ ਦੌੜ ਸਕਦਾ।

ਗੁਪਤੇ ਨੇ ਖ਼ਾਨ ਦੀਆਂ ਬਹੁਤ ਤਾਰੀਫ਼ਾਂ ਸੁਣ ਰੱਖੀਆਂ ਸਨ। ਗੁਪਤੇ ਦਾ ਖ਼ਿਆਲ ਸੀ ਖ਼ਾਨ ਨੇ ਕਿਵੇਂ ਨਾ ਕਿਵੇਂ ਇਹ ਮਸਲਾ ਹੱਲ ਕਰ ਲੈਣਾ ਹੈ। ਉਸ ਨੂੰ ਮੁਫ਼ਤ ਦੀ ਵਾਹਵਾ ਮਿਲ ਜਾਣੀ ਸੀ। ਕਿਸੇ ਵੀ ਡਿਪਟੀ ਕਮਿਸ਼ਨਰ ਲਈ ਮੁੱਖ ਮੰਤਰੀ ਦੀਆਂ ਨਿਗਾਹਾਂ ਵਿਚ ਆਉਣ ਦਾ ਇਹ ਵਧੀਆ ਮੌਕਾ ਸੀ।

ਵਾਪਰ ਇਸ ਤੋਂ ਉਲਟ ਰਿਹਾ ਸੀ। ਦੋ ਦਿਨਾਂ ਤੋਂ ਸਾਰੀ ਫ਼ੋਰਸ ਘਰ-ਘਰ ਦੀ ਤਲਾਸ਼ੀ 'ਤੇ ਲੱਗੀ ਹੋਈ ਸੀ। ਸਫਲਤਾ ਦੇ ਕੋਈ ਆਸਾਰ ਨਜ਼ਰ ਨਹੀਂ ਸੀ ਆ ਰਹੇ।

ਗੁਪਤਾ ਵਾਰ-ਵਾਰ ਮੀਟਿੰਗਾਂ ਕਰ ਰਿਹਾ ਸੀ। ਕਦੇ ਜਥੇਦਾਰਾਂ ਨਾਲ, ਕਦੇ ਸੰਘ ਨਾਲ ਅਤੇ ਕਦੇ ਪੁਲਿਸ ਅਧਿਕਾਰੀਆਂ ਨਾਲ। ਫੇਰ ਵੀ ਪਨਾਲਾ ਉਥੇ ਦਾ ਉਥੇ ਦਾ ਸੀ।

ਯੁਵਾ ਸੰਘ ਨੂੰ ਇਤਰਾਜ਼ ਸੀ ਕਿ ਪੁਲਿਸ ਨੇ ਵਾਣ-ਵੱਟਣਿਆਂ ਦੀ ਬਸਤੀ ਦੀ ਤਲਾਸ਼ੀ ਲਈ ਹੀ ਨਹੀਂ। ਦਰਵਾਜ਼ਾ ਖੜਕਾ ਕੇ, ਬਾਹਰ ਖੜ੍ਹੇ-ਖੜ੍ਹੇ ਹੀ ਘਰ ਦੇ ਮੈਂਬਰਾਂ ਦੀ ਹਾਜ਼ਰੀ ਲਾ ਲੈਣਾ ਕੋਈ ਤਲਾਸ਼ੀ ਹੁੰਦੀ ਹੈ ? ਇਸ ਤਰ੍ਹਾਂ ਬੰਟੀ ਲੱਭਿਆ ਜਾ ਸਕਦਾ ਹੈ ?

ਗੁਰਦੁਆਰੇ ਵੱਲ ਪੁਲਿਸ ਨੇ ਮੂੰਹ ਨਹੀਂ ਕੀਤਾ ਜਦੋਂ ਕਿ ਬੰਟੀ ਦੀ ਉਥੇ ਹੋਣ ਦੀ ਸਭ ਤੋਂ ਵੱਧ ਸੰਭਾਵਨਾ ਸੀ।

ਜਥੇਦਾਰ ਗੁਰਦੁਆਰੇ ਦੀ ਤਲਾਸ਼ੀ ਦਾ ਜ਼ਿਕਰ ਛਿੜਦੇ ਹੀ ਸੂਈ ਬਘਿਆੜੀ ਵਾਂਗ ਪੈਂਦੇ ਸਨ। ਉਹ ਸਿਰ-ਧੜ ਦੀ ਬਾਜ਼ੀ ਲਾ ਦੇਣਗੇ ਪਰ ਪੁਲਿਸ ਨੂੰ ਗੁਰਦੁਆਰੇ ਨਹੀਂ ਵੜਨ ਦੇਣਗੇ। ਇਕੋ ਹੱਲ ਉਹ ਸੁਝਾ ਰਹੇ ਸਨ। ਲਾਲਾ ਜੀ ਗੁਰਦੁਆਰੇ ਜਾ ਕੇ ਭਾਵੇਂ ਚੱਪਾ-ਚੱਪਾ ਫਰੋਲ ਲੈਣ। ਇਸ ਤਰ੍ਹਾਂ ਕਰਨ ਲਈ ਸੰਘ ਤਿਆਰ ਨਹੀਂ ਸੀ। ਅੰਦਰ ਗਏ ਲਾਲਾ ਜੀ ਨੂੰ ਕੁਝ ਹੋ ਗਿਆ ਤਾਂ ਕੌਣ ਜ਼ਿੰਮੇਵਾਰ ਹੈ ?

ਗੁਪਤੇ ਦੇ ਵਾਰ-ਵਾਰ ਜ਼ੋਰ ਦੇਣ ’ਤੇ ਦੋਵੇਂ ਧਿਰਾਂ ਇਸ ਗੱਲ ’ਤੇ ਸਹਿਮਤ ਹੋਈਆਂ ਸਨ ਕਿ ਬਸਤੀ ਦੀ ਤਲਾਸ਼ੀ ਦੁਬਾਰਾ ਕੀਤੀ ਜਾਵੇ, ਪਰ ਕੁਝ ਸ਼ਰਤਾਂ ਅਧੀਨ। ਇਹ ਕਿ ਪੁਲਿਸ ਪਾਰਟੀ ਦੀ ਅਗਵਾਈ ਖ਼ੁਦ ਖ਼ਾਨ ਕਰੇ। ਯੁਵਾ ਸੰਘ ਦੀ ਤਸੱਲੀ ਤਾਂ ਹੀ ਹੋ ਸਕਦੀ ਸੀ ਜੇ ਸੰਘ ਦੇ ਪੰਜ ਬੰਦੇ ਤਲਾਸ਼ੀ ਸਮੇਂ ਪਾਰਟੀ ਵਿਚ ਸ਼ਾਮਲ ਰਹਿਣ। ਗੁਪਤੇ ਨੇ ਜਥੇਦਾਰਾਂ ਨੂੰ ਪੁਲਿਸ ਨਾਲ ਰਹਿਣ ਦੀ ਇਜਾਜ਼ਤ ਦੇ ਦਿੱਤੀ। ਪਹਿਲੀ ਪਾਰਟੀ ਦੇ ਖ਼ਿਲਾਫ਼ ਸ਼ਿਕਾਇਤਾਂ ਕਰਦੇ ਉਹ ਨਹੀਂ ਥੱਕਦੇ। ਕੋਈ ਆਖਦਾ ਸੀ ਫਲਾਣੇ ਹੌਲਦਾਰ ਨੇ ਉਹਨਾਂ ਦੇ ਘਰਾਂ ਵਿਚੋਂ ਆਂਡੇ ਚੁੱਕ ਲਏ, ਕੋਈ ਆਖਦਾ ਸੀ ਫਲਾਣੇ ਸਿਪਾਹੀ ਨੇ ਰੇਹੜੀ ਵਾਲੇ ਦੀ ਭਾਨ ਦੀ ਥੈਲੀ ਚੁੱਕ ਲਈ ਅਤੇ ਕੋਈ ਆਖਦਾ ਫਲਾਣੇ ਥਾਣੇਦਾਰ ਨੇ ਫਲਾਣੇ ਦੀ ਨੂੰਹ ਨਾਲ ਛੇੜਖ਼ਾਨੀ ਕਰ ਦਿੱਤੀ।

ਡਿਪਟੀ ਕਮਿਸ਼ਨਰ ਜਲਦੀ ਤੋਂ ਜਲਦੀ ਕਿਸੇ ਸਿੱਟੇ ਤੇ ਪਹੁੰਚਣਾ ਚਾਹੁੰਦਾ ਸੀ, ਉਸ ਨੇ ਸਾਰੀ ਫ਼ੋਰਸ ਇਸ ਬਸਤੀ ਦੀ ਤਲਾਸ਼ੀ ’ਤੇ ਲਾ ਦਿੱਤੀ।

ਤਲਾਸ਼ੀ ਦੇ ਨਤੀਜਿਆਂ ’ਤੇ ਖ਼ਾਨ ਡਾਢਾ ਖ਼ੁਸ਼ ਸੀ। ਬੰਟੀ ਤਾਂ ਭਾਵੇਂ ਹੱਥ ਨਹੀਂ ਲੱਗਾ, ਪਰ ਖ਼ਾਨ ਨੂੰ ਹੋਰ ਕਾਫ਼ੀ ਕੁਝ ਮਿਲ ਗਿਆ ਸੀ। ਜਦੋਂ ਗੁਪਤਾ ਖ਼ਾਨ ਨਾਲ ਕੋਈ ਗੱਲ ਕਰਦਾ ਤਾਂ ਖ਼ਾਨ ਆਪਣੀਆਂ ਪ੍ਰਾਪਤੀਆਂ ਦਾ ਕਿੱਸਾ ਛੇੜ ਬੈਠਦਾ।

ਉਹਨਾਂ ਨੂੰ ਇਕ ਤਾਂ ਅਜਿਹਾ ਡਰਾਈਵਰ ਫੜਨ ਵਿਚ ਕਾਮਯਾਬੀ ਹਾਸਲ ਹੋਈ ਸੀ, ਜਿਹੜਾ ਅੱਠਾਂ ਸਾਲਾਂ ਤੋਂ ਇਸ਼ਤਿਹਾਰੀ ਮੁਜਰਮ ਚਲਿਆ ਆ ਰਿਹਾ ਸੀ। ਦਸ ਸਾਲ ਪਹਿਲਾਂ ਉਸ ਨੇ ਪਟਿਆਲੇ ਆਪਣੇ ਟਰੱਕ ਹੇਠ ਦੇ ਕੇ ਇਕ ਬੱਚਾ ਮਾਰ ਦਿੱਤਾ ਸੀ। ਦੋ-ਚਾਰ ਪੇਸ਼ੀਆਂ ਭੁਗਤ ਕੇ ਉਹ ਕਚਹਿਰੀ ਹਾਜ਼ਰ ਹੋਣੋਂ ਹਟ ਗਿਆ। ਡਰਾਈਵਰ ਨੂੰ ਲੱਭਣਾ ਕੋਈ ਆਸਾਨ ਕੰਮ ਨਹੀਂ ਹੁੰਦਾ। ਕਦੇ ਉਹ ਕਲਕੱਤੇ ਵੱਲ ਤੁਰੇ ਹੁੰਦੇ ਹਨ ਅਤੇ ਕਦੇ ਦਿੱਲੀ ਦੱਖਣ ਵੱਲ। ਪੁਲਿਸ ਇਕ-ਦੋ ਚੱਕਰ ਮਾਰ ਕੇ ਹੰਭ ਜਾਂਦੀ ਹੈ। ਜੱਜ ਵੀ ਬਹੁਤੀ ਦੇਰ ਨਹੀਂ ਉਡੀਕਦੇ। ਦੋ-ਚਾਰ ਵਾਰ ਵਰੰਟ ਜਾਰੀ ਕੀਤੇ ਫੇਰ ਇਸ਼ਤਿਹਾਰੀ ਮੁਜਰਮ ਕਰਾਰ ਦੇ ਕੇ ਮਿਸਲ ਠੱਪ ਦਿੰਦੇ ਹਨ। ਇਸੇ ਤਰ੍ਹਾਂ ਇਸ ਡਰਾਈਵਰ ਨਾਲ ਹੋਇਆ ਸੀ। ਕਿਸੇ ਇਸ਼ਤਿਹਾਰੀ ਮੁਜਰਮ ਨੂੰ ਫੜਨਾ ਪੁਲਿਸ ਲਈ ਅਹਿਮ ਪ੍ਰਾਪਤੀ ਹੁੰਦੀ ਹੈ। ਉਪਰੋਂ ਇਹ ਕਿ ਇਹ ਅੱਠਾਂ ਸਾਲਾਂ ਤੋਂ ਇਥੇ ਹੀ ਰਹਿ ਰਿਹਾ ਸੀ। ਕਿਸੇ ਨੂੰ ਕੰਨੋਂ ਕੰਨ ਖ਼ਬਰ ਨਹੀਂ ਸੀ।

ਦੂਜਾ ਕਿੱਸਾ ਖ਼ਾਨ ਬੰਤੂ ਤੋਂ ਫੜੀਆਂ ਦੋ ਬੰਦੂਕਾਂ ਦਾ ਸੁਣਾਉਂਦਾ। ਬੰਤੂ ਆਪਣੇ ਆਪ ਨੂੰ ਬਹੁਤ ਵੱਡਾ ਬਦਮਾਸ਼ ਅਖਵਾਉਂਦਾ ਸੀ। ਟਰੱਕ ਯੂਨੀਅਨ ਦੇ ਇਕ ਧੜੇ ਨਾਲ ਉਸ ਦੀ ਨੇੜਤਾ ਸੀ। ਕਈ ਵਾਰ ਯੂਨੀਅਨ ਦੇ ਲੜਾਈ ਝਗੜਿਆਂ ਵਿਚ ਜੇਲ੍ਹ ਜਾ ਚੁੱਕਾ ਸੀ। ਇਸ ਨਾਜਾਇਜ਼ ਅਸਲੇ ਨਾਲ ਉਹ ਕਿਸੇ ਵੀ ਸਮੇਂ ਕੋਈ ਵੱਡੀ ਵਾਰਦਾਤ ਕਰ ਸਕਦਾ ਸੀ। ਬੰਦੂਕਾਂ ਫੜ ਕੇ ਖ਼ਾਨ ਨੇ ਇਕ ਬਹੁਤ ਵੱਡਾ ਦੁਖਾਂਤ ਵਾਪਰਨੋਂ ਟਾਲ ਦਿੱਤਾ ਸੀ।

ਖ਼ਾਨ ਦੀ ਹਦਾਇਤ ’ਤੇ ਪੁਲਿਸ ਪਾਰਟੀ ਨੇ ਘਰ-ਘਰ ਦੀ ਅਤੇ ਅਗਾਂਹ ਹਰ ਘਰ ਦੇ ਹਰ ਮੈਂਬਰ ਦੇ ਨਾਂ ਦੀ ਸੂਚੀ ਬਣਾਉਣੀ ਸ਼ੁਰੂ ਕੀਤੀ। ਨਤੀਜਾ ਸਾਹਮਣੇ ਸੀ। ਕਾਟੋ ਰਾਣੀ ਦਾ ਕੋਠਾ ਉਹਨਾਂ ਦੇ ਹੱਥ ਲੱਗਾ ਸੀ। ਆਪਣੇ ਚੁਬਾਰੇ ਵਿਚ ਉਸ ਨੇ ਦੋ ਕੁੜੀਆਂ ਅਤੇ ਤਿੰਨ ਮੁੰਡੇ ਇਉਂ ਤਾੜੇ ਹੋਏ ਸਨ, ਜਿਵੇਂ ਖੁੱਡੇ ਵਿਚ ਮੁਰਗੀਆਂ ਤਾੜੀਆਂ ਹੋਣ। ਪੁੱਛ-ਗਿੱਛ ’ਤੇ ਪਤਾ ਲੱਗਾ, ਉਥੇ ਕਾਲਜ ਦੇ ਮੁੰਡੇ ਕੁੜੀਆਂ ਆਮ ਆਉਂਦੇ ਜਾਂਦੇ ਹਨ। ਕਾਟੋ ਦਲਾਲੀ ਲੈਂਦੀ ਸੀ। ਚੰਗੇ ਖਾਂਦੇ-ਪੀਂਦੇ ਘਰਾਂ ਦੇ ਮੁੰਡੇ ਕੁੜੀਆਂ ਸਨ। ਰੰਗ-ਰਲੀਆਂ ਮਨਾਉਣ ਆਏ ਅਚਾਨਕ ਲੱਗੇ ਕਰਫ਼ਿਊ ਕਾਰਨ ਇਥੇ ਫਸ ਗਏ। ਇਸ ਪ੍ਰਾਪਤੀ ’ਤੇ ਖ਼ਾਨ ਨੇ ਫਟਾਫਟ ਪ੍ਰੈਸ ਨੂੰ ਬਿਆਨ ਜਾਰੀ ਕੀਤਾ।

ਉਸ ਹੌਲਦਾਰ ਨੂੰ ਵੀ ਮੁਅੱਤਲ ਕੀਤਾ, ਜਿਸ ਦੀ ਦੇਖ ਰੇਖ ਹੇਠ ਇਸ ਘਰ ਦੀ ਤਲਾਸ਼ੀ ਹੋਈ ਸੀ। ਜਿਸ ਪੁਲਸੀਏ ਨੂੰ ਪੰਜ ਨਜਾਇਜ਼ ਬੰਦੇ ਨਜ਼ਰ ਨਹੀਂ ਆਏ, ਉਸ ਨੂੰ ਬੰਟੀ ਕੀ ਸਵਾਹ ਦਿਖਾਈ ਦੇਵੇਗਾ ?

ਭਾਗ ਅਤੇ ਉਸ ਦੀ ਬੰਗਾਲਣ ਪਤਨੀ ਨੂੰ ਪੁਲਿਸ ਫੜ ਤਾਂ ਲਿਆਈ ਸੀ ਪਰ ਮੁਕੱਦਮਾ ਬਣਾਉਣ ਬਾਰੇ ਦੋਚਿੱਤੀ ਵਿਚ ਸੀ। ਭਾਗ ਪੰਜਾਹ ਸਾਲਾਂ ਦਾ ਬੁੱਢਾ ਸੀ ਤੇ ਬੰਗਾਲਣ ਸਾਰੀ ਤੇਈ-ਚੌਵੀ ਸਾਲ ਦੀ। ਭਾਗ ਨੂੰ ਸਾਰੀ ਉਮਰ ਜ਼ਨਾਨੀ ਨਸੀਬ ਨਹੀਂ ਸੀ ਹੋਈ। ਢਲਦੀ ਉਮਰੇ ਉਸ ਨੂੰ ਇਹ ਬੰਗਾਲਣ ਮੁੱਲ ਮਿਲ ਗਈ। ਉਂਝ ਤਾਂ ਪਿਛਲੇ ਤਿੰਨ ਸਾਲ ਤੋਂ ਉਹ ਆਰਾਮ ਨਾਲ ਰਹਿ ਰਹੇ ਸਨ, ਫੇਰ ਵੀ ਹੈ ਤਾਂ ਇਹ ਜੁਰਮ ਹੀ ਸੀ। ਜਿੰਨਾ ਚਿਰ ਬੰਗਾਲਣ ਦਾ ਪਿਛਲਾ ਰਿਕਾਰਡ ਤਸਦੀਕ ਨਹੀਂ ਹੋ ਜਾਂਦਾ, ਉਨਾ ਚਿਰ ਉਹਨਾਂ ਨੂੰ ਛੱਡਿਆ ਨਹੀਂ ਸੀ ਜਾ ਸਕਦਾ।

ਖ਼ਾਨ ਦੀਆਂ ਗੱਲਾਂ ਸੁਣ-ਸੁਣ ਗੁਪਤੇ ਨੂੰ ਖਿਝ ਚੜ੍ਹਨ ਲੱਗਦੀ। ਪਿਛਲੀ ਮੀਟਿੰਗ ਵਿਚ ਉਸ ਨੇ ਸਾਫ਼ ਆਖ ਦਿੱਤਾ ਸੀ ਕਿ ਉਹ ਡਿਪਟੀ ਕਮਿਸ਼ਨਰ ਨਾਲ ਕੇਵਲ ਬੰਟੀ ਬਾਰੇ ਗੱਲ ਕਰੇ। ਬਾਕੀ ਦੀਆਂ ਪ੍ਰਾਪਤੀਆਂ ਬਾਰੇ ਆਪਣੇ ਅਫ਼ਸਰਾਂ 'ਤੇ ਰੋਹਬ ਜਮਾਏ।

ਵੱਡੀਆਂ-ਵੱਡੀਆਂ ਫੜ੍ਹਾਂ ਮਾਰਨ ਵਾਲਾ ਖ਼ਾਨ ਗੁਰਦੁਆਰੇ ਦੀ ਤਲਾਸ਼ੀ 'ਤੇ ਆ ਕੇ ਚੁੱਪ ਧਾਰ ਲੈਂਦਾ। ਜਿੰਨਾ ਚਿਰ ਗੁਰਦੁਆਰੇ ਦੀ ਤਲਾਸ਼ੀ ਨਹੀਂ ਹੁੰਦੀ, ਸੰਘ ਵਾਲੇ ਚੁੱਪ ਕਰ ਕੇ ਨਹੀਂ ਬੈਠਣ ਲੱਗੇ। ਪਿਛਲੀ ਮੀਟਿੰਗ ਵਿਚ ਉਹ ਸਾਫ਼ ਹੀ ਆਖ ਗਏ ਸਨ ਕਿ ਡਿਪਟੀ ਕਮਿਸ਼ਨਰ ਡਰਪੋਕ ਹੈ। ਬੰਟੀ ਨੂੰ ਮਰਵਾਉਣ 'ਤੇ ਤੁਲਿਆ ਹੋਇਆ ਹੈ।

ਗੁਰਦੁਆਰੇ ਬਾਰੇ ਖ਼ੁਫ਼ੀਆ ਵਿਭਾਗ ਦੀਆਂ ਰਿਪੋਰਟਾਂ ਚੁੱਪ ਸਨ। ਕਿਸੇ ਨੂੰ ਕੋਈ ਪਤਾ ਨਹੀਂ, ਗੁਰਦੁਆਰੇ ਦੇ ਅੰਦਰ ਕਿੰਨੇ ਬੰਦੇ ਹਨ ? ਗ੍ਰੰਥੀ ਕਿਥੋਂ ਦਾ ਹੈ ? ਉਸ ਦੇ ਜੱਦੀ ਪਿੰਡ ਦਾ ਤਾਂ ਕਿਸੇ ਜਥੇਦਾਰ ਨੂੰ ਵੀ ਨਹੀਂ ਪਤਾ। ਇਥੇ ਆਉਣ ਤੋਂ ਪਹਿਲਾਂ ਉਹ ਕਿਥੇ ਕੰਮ ਕਰਦਾ ਸੀ, ਇਸ ਦਾ ਵੀ ਕੋਈ ਰਿਕਾਰਡ ਨਹੀਂ। ਜੇ ਗ੍ਰੰਥੀ ਭਲਾਮਾਣਸ ਅਤੇ ਰੱਬ ਤੋਂ ਡਰਨ ਵਾਲਾ ਹੈ ਤਾਂ ਆਪਣੇ ਆਪ ਬਾਹਰ ਕਿਉਂ ਨਹੀਂ ਆ ਜਾਂਦਾ ? ਗ੍ਰੰਥੀ ਦਾ ਗੁਰਦੁਆਰੇ ਵਿਚ ਛੁਪੇ ਰਹਿਣਾ ਸੰਘ ਦੇ ਸ਼ੱਕ ਨੂੰ ਯਕੀਨ ਵਿਚ ਬਦਲ ਰਿਹਾ ਸੀ।

ਗ੍ਰੰਥੀ ਬਾਰੇ ਉਠਾਏ ਜਾ ਰਹੇ ਸਾਰੇ ਨੁਕਤੇ ਗੁਪਤੇ ਨੂੰ ਵੀ ਠੀਕ ਜਾਪਦੇ ਸਨ। ਗੁਰਦੁਆਰੇ ਦੀ ਤਲਾਸ਼ੀ ਹੋਣੀ ਹੀ ਚਾਹੀਦੀ ਹੈ।

ਖ਼ਾਨ ਗੁਰਦੁਆਰੇ ਦੀ ਤਲਾਸ਼ੀ ਲਈ ਤਿਆਰ ਸੀ, ਪਰ ਤਾਂ ਜੇ ਗੁਪਤਾ ਲਿਖਤੀ ਰੂਪ ਵਿਚ ਇਸ ਦਾ ਹੁਕਮ ਦੇਵੇ।

ਗੁਰਦੁਆਰੇ ਦੀ ਤਲਾਸ਼ੀ ਵਰਗੇ ਨਾਜ਼ੁਕ ਸੁਆਲ 'ਤੇ ਡਿਪਟੀ ਕਮਿਸ਼ਨਰ ਨਿੱਜੀ ਤੌਰ 'ਤੇ ਫ਼ੈਸਲਾ ਕਿਵੇਂ ਲੈ ਸਕਦਾ ਹੈ ? ਜਿੰਨਾ ਗੁਪਤੇ ਦਾ ਵੱਸ ਚੱਲਿਆ, ਉਸ ਨੇ ਕਰ ਦਿੱਤਾ। ਉਸ ਦੇ ਹੁਕਮਾਂ 'ਤੇ ਗੁਰਦੁਆਰੇ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ ਗਿਆ ਸੀ। ਆਲੇ-ਦੁਆਲੇ ਦੀਆਂ ਉੱਚੀਆਂ ਇਮਾਰਤਾਂ 'ਤੇ ਹਥਿਆਰਬੰਦ ਜਵਾਨ ਤਾਇਨਾਤ ਕਰ ਦਿੱਤੇ ਗਏ ਸਨ। ਲਾਊਡ-ਸਪੀਕਰ 'ਤੇ ਗ੍ਰੰਥੀ ਕੋਈ ਐਲਾਨ ਨਾ ਕਰ ਸਕੇ, ਇਸ ਲਈ ਬਿਜਲੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ ਸੀ।

ਡਿਪਟੀ ਕਮਿਸ਼ਨਰ ਸਾਰੀ ਰਾਤ ਮੁੱਖ ਮੰਤਰੀ ਨਾਲ ਸੰਪਰਕ ਕਾਇਮ ਕਰਨ ਦੇ ਯਤਨ ਕਰਦਾ ਰਿਹਾ। ਰਾਤ ਭਰ ਵਿਚ ਕੇਵਲ ਇਕ ਵਾਰ ਪੀ.ਏ. ਨਾਲ ਗੱਲ ਹੋ ਸਕੀ। ਗੁਪਤੇ ਨੇ ਵਿਸਥਾਰ

ਨਾਲ ਸਾਰੇ ਹਾਲਾਤ ਦੀ ਜਾਣਕਾਰੀ ਦੇ ਦਿੱਤੀ। ਜਦੋਂ ਵੀ ਮੁੱਖ ਮੰਤਰੀ ਵਿਹਲੇ ਹੋਣ, ਪੀ.ਏ. ਹੁਕਮ ਪ੍ਰਾਪਤ ਕਰ ਕੇ ਗੁਪਤੇ ਨੂੰ ਸੂਚਿਤ ਕਰੇ।

ਪੀ.ਏ. ਨੇ ਤਾਂ ਆਖਿਆ ਸੀ ਪੰਜਾਂ ਮਿੰਟਾਂ ਬਾਅਦ ਹੀ ਉਹ ਮੁੱਖ ਮੰਤਰੀ ਦੇ ਹੁਕਮ ਉਹਨਾਂ ਨੂੰ ਪਹੁੰਚਾਏਗਾ, ਪਰ ਉਹ ਕੁੰਭਕਰਨੀ ਨੀਂਦ ਹੀ ਸੌਂ ਗਿਆ ਲੱਗਦਾ ਸੀ।

ਅੱਕ ਕੇ ਗੁਪਤੇ ਨੇ ਮੁੱਖ ਸਕੱਤਰ ਨਾਲ ਸੰਪਰਕ ਕਾਇਮ ਕੀਤਾ। ਪਹਿਲਾਂ ਉਹ ਟਲਿਆ, ਆਖਣ ਲੱਗਾ :

"ਤੂੰ ਨੌਜਵਾਨ ਅਫ਼ਸਰ ਹੈਂ। ਸੂਝਵਾਨ ਹੈਂ। ਮੌਕੇ ਅਨੁਸਾਰ ਫ਼ੈਸਲਾ ਕਰ ਲੈ।"

ਗੁਪਤੇ ਨੇ ਜਦੋਂ ਸਪੱਸ਼ਟ ਸ਼ਬਦਾਂ ਵਿਚ ਮੁੱਖ ਸਕੱਤਰ ਤੋਂ ਹਾਂ ਕਰਾਉਣੀ ਚਾਹੀ ਤਾਂ ਉਹ ਪੋਲਾ ਜਿਹਾ ਮੂੰਹ ਬਣਾ ਕੇ ਆਖਣ ਲੱਗਾ :

"ਜਾਂ ਤਾਂ ਇਹ ਗੱਲ ਮੁੱਖ ਮੰਤਰੀ ਜੀ ਦੇ ਨੋਟਿਸ ਵਿਚ ਲਿਆਉਣੀ ਨਹੀਂ ਸੀ। ਜੇ ਹੁਣ ਲੈ ਹੀ ਆਂਦੀ ਹੈ ਤਾਂ ਬਿਨਾਂ ਪੁੱਛੇ ਕੋਈ ਕਾਰਵਾਈ ਨਹੀਂ ਕਰਨੀ ਚਾਹੀਦੀ। ਇਹ ਬੜਾ ਨਾਜ਼ੁਕ ਮਾਮਲਾ ਹੈ। ਮੁੱਖ ਮੰਤਰੀ ਦੀ ਬਦਨਾਮੀ ਹੋ ਸਕਦੀ ਹੈ।"

ਅਗਲੇ ਦਿਨ ਤਕ ਜਦੋਂ ਚੰਡੀਗੜ੍ਹੋਂ ਕੋਈ ਹੁਕਮ ਨਾ ਆਇਆ ਤਾਂ ਗੁਪਤੇ ਨੇ ਚੰਡੀਗੜ੍ਹ ਜਾਣ ਦਾ ਮਨ ਬਣਾ ਲਿਆ। ਆਹਮਣੇ-ਸਾਹਮਣੇ ਗੱਲ ਹੋ ਜਾਏਗੀ।

ਸਮਾਂ ਤਹਿ ਕਰਨ ਲਈ ਜਦੋਂ ਪੀ.ਏ. ਨਾਲ ਗੱਲ ਹੋਈ ਤਾਂ ਗੁਪਤੇ ਦੇ ਸਿਰ ਸੌ ਘੜਾ ਪਾਣੀ ਦਾ ਪੈ ਗਿਆ। ਉਹ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਦਿੱਲੀ ਜਾ ਚੁੱਕੇ ਹਨ। ਉਥੋਂ ਵਿਰੋਧੀ ਧਿਰ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਬੰਗਲੌਰ ਜਾਣਗੇ। ਤਿੰਨ ਦਿਨ ਤਕ ਸੰਪਰਕ ਹੋਣਾ ਅਸੰਭਵ ਸੀ।

ਮੁੱਖ ਸਕੱਤਰ ਵੀ ਦਿੱਲੀ ਜਾ ਚੁੱਕਾ ਹੈ।

ਇਕ ਪਾਸੇ ਇਹ ਹਾਲ ਸੀ ਤਾਂ ਦੂਜੇ ਪਾਸਿਉਂ ਮਾੜੀ ਤੋਂ ਮਾੜੀ ਖ਼ਬਰ ਆ ਰਹੀ ਸੀ। ਗੁਰਦੁਆਰੇ ਲਾਗਲੇ ਘਰਾਂ ਵਿਚ ਨੌਜਵਾਨ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਉਹਨਾਂ ਇੱਟਾਂ, ਰੋੜੇ ਅਤੇ ਕਿਰਪਾਨਾਂ, ਗੰਡਾਸੇ ਇਕੱਠੇ ਕਰ ਲਏ ਸਨ। ਕਿਸੇ ਵੀ ਸਮੇਂ ਪੁਲਿਸ ਨਾਲ ਟਕਰਾ ਹੋ ਸਕਦਾ ਸੀ।

ਅਖ਼ਬਾਰਾਂ ਨੇ ਗੁਰਦੁਆਰਰੇ ਦੇ ਘਿਰਾਓ ਦੀ ਖ਼ਬਰ ਸਾਰੀ ਦੁਨੀਆਂ ਵਿਚ ਪਹੁੰਚਾ ਦਿੱਤੀ ਸੀ। ਬੀ.ਬੀ.ਸੀ. ਤਕ ਤਬਸਰੇ ਨਸ਼ਰ ਕਰਨ ਲੱਗਾ ਸੀ। ਲੀਡਰਾਂ ਦੇ ਭਾਂਤ-ਭਾਂਤ ਦੇ ਬਿਆਨ ਛਪ ਰਹੇ ਸਨ। ਗੁਰਦੁਆਰੇ ਨੂੰ ਆਜ਼ਾਦ ਕਰਾਉਣ ਲਈ ਪਿੰਡਾਂ ਵਿਚ ਇਕੱਠ ਕੀਤੇ ਜਾ ਰਹੇ ਸਨ। ਕਿਸੇ ਵੀ ਸਮੇਂ ਲੋਕ ਵਹੀਰ ਘੱਤ ਕੇ ਸ਼ਹਿਰ ਵੱਲ ਕੂਚ ਕਰ ਸਕਦੇ ਸਨ।

ਤਿੰਨ ਦਿਨਾਂ ਦੇ ਕਰਫ਼ਿਊ ਕਾਰਨ ਸਾਰਾ ਸ਼ਹਿਰ ਦੁਖੀ ਸੀ। ਦਵਾਈ-ਬੂਟੀ ਦੀ ਘਾਟ ਕਰਕੇ ਕਈ ਮੌਤਾਂ ਹੋ ਗਈਆਂ ਸਨ। ਖਾਣ-ਪੀਣ ਦੀਆਂ ਚੀਜ਼ਾਂ ਦੀ ਘਾਟ ਹੁੰਦੀ ਜਾ ਰਹੀ ਸੀ। ਸਬਜ਼ੀਆਂ ਅਤੇ ਦੁੱਧ ਤਾਂ ਉੱਕਾ ਹੀ ਨਹੀਂ ਸੀ ਪੁੱਜ ਰਹੇ।

ਸੰਘ ਵਾਲੇ ਬਾਕੀ ਸ਼ਹਿਰ 'ਚੋਂ ਕਰਫ਼ਿਊ ਉਠਾਏ ਜਾਣ 'ਤੇ ਜ਼ੋਰ ਦੇ ਰਹੇ ਸਨ। ਭਾਵੇਂ ਉਹਨਾਂ ਦੀ ਮੰਗ ਜਾਇਜ਼ ਸੀ, ਪਰ ਇਸ ਤਰ੍ਹਾਂ ਕਰ ਕੇ ਗੁਪਤਾ ਆਪਣੇ ਸਿਰ ਪੱਖਪਾਤੀ ਹੋਣ ਦਾ ਇਲਜ਼ਾਮ ਨਹੀਂ ਸੀ ਲੈ ਸਕਦਾ। 'ਗੁਪਤਾ' ਹੋਣ ਕਰਕੇ ਉਹ ਪਹਿਲਾਂ ਹੀ ਫਸਿਆ-ਫਸਿਆ ਮਹਿਸੂਸ ਕਰ ਰਿਹਾ ਸੀ।

ਉਂਝ ਸੰਘ ਦੀ ਮੰਗ ਨੂੰ ਧਿਆਨ ਵਿਚ ਰੱਖਦਿਆਂ ਸ਼ਹਿਰ ਦੇ ਬਾਕੀ ਹਿੱਸਿਆਂ ਵਿਚ ਸਖ਼ਤੀ ਘਟਾ ਦਿੱਤੀ ਗਈ ਸੀ। ਫ਼ੋਰਸ ਲੋਕਾਂ ਦੇ ਤੁਰਨ-ਫਿਰਨ 'ਤੇ ਬਹੁਤਾ ਇਤਰਾਜ਼ ਨਹੀਂ ਸੀ ਕਰਦੀ।

ਘਿਰਾਓ ਦਾ ਦੂਸਰਾ ਦਿਨ ਵੀ ਗੁਪਤੇ ਨੇ ਟਾਲ-ਮਟੋਲ ਵਿਚ ਕੱਢ ਦਿੱਤਾ। ਕਿਸੇ ਨੂੰ ਵਾਧੂ ਫ਼ੋਰਸ ਮੰਗਵਾਉਣ ਦਾ ਬਹਾਨਾ ਲਾਇਆ, ਕਿਸੇ ਨੂੰ ਗ੍ਰੰਥੀ ਨੂੰ ਸਮਝਾਉਣ-ਬੁਝਾਉਣ ਦਾ। ਗ੍ਰੰਥੀ ਦੇ ਬਾਹਰ ਆਉਣ ਨਾਲ ਗੁੰਝਲ ਸੁਲਝ ਸਕਦੀ ਸੀ। ਇਸ ਉਪਰਾਲੇ ਲਈ ਗੁਪਤਾ ਜਥੇਦਾਰਾਂ 'ਤੇ ਜ਼ੋਰ ਪਾ ਰਿਹਾ ਸੀ। ਇਕ-ਦੋ ਜਥੇਦਾਰ ਅੰਦਰ ਜਾ ਵੀ ਆਏ ਸਨ ਪਰ ਗ੍ਰੰਥੀ ਮਾਂਹ ਦੇ ਆਟੇ ਵਾਂਗ ਆਕੜਿਆ ਹੋਇਆ ਸੀ।

ਉੱਚ ਅਧਿਕਾਰੀਆਂ ਦੇ ਰਵੱਈਏ ਨੂੰ ਦੇਖਦੇ ਹੋਏ ਗੁਪਤੇ ਨੇ ਫ਼ੈਸਲਾ ਕਰ ਲਿਆ ਸੀ ਕਿ ਭਾਵੇਂ ਸਾਰਾ ਸ਼ਹਿਰ ਉੱਜੜ ਜਾਏ, ਉਹ ਆਪਣੇ ਤੌਰ 'ਤੇ ਪੁਲਿਸ ਨੂੰ ਗੁਰਦੁਆਰੇ ਵਿਚ ਦਾਖ਼ਲ ਹੋਣ ਦਾ ਹੁਕਮ ਨਹੀਂ ਦੇਵੇਗਾ।

ਕੜਿੱਕੀ ਵਿਚ ਫਸਿਆ ਗੁਪਤਾ ਅਜੀਬ-ਅਜੀਬ ਗੱਲਾਂ ਸੋਚ ਰਿਹਾ ਸੀ। ਘਰੋਂ ਕਿਸੇ ਦੇ ਮਰਨ ਦੀ ਖ਼ਬਰ ਹੀ ਆ ਜਾਏ। ਪੰਜ-ਚਾਰ ਦਿਨਾਂ ਲਈ ਗੁਪਤੇ ਨੂੰ ਕੋਈ ਬੀਮਾਰੀ ਹੀ ਆ ਘੇਰੇ। ਉਸ ਨੂੰ ਇਕ ਵਾਰ ਛੁੱਟੀ ਜਾਣ ਦਾ ਮੌਕਾ ਮਿਲ ਜਾਏ, ਮੁੜ ਉਹ ਸ਼ਹਿਰ ਦੇ ਦਰਸ਼ਨ ਨਹੀਂ ਕਰੇਗਾ।

ਗੁਰਦੁਆਰੇ ਵਿਚ ਪੁਲਿਸ ਭੇਜਣ ਦੇ ਸੁਆਲ 'ਤੇ ਉਹ ਆਪਣੀ ਹਾਲਤ ਉਸ ਸੱਪ ਵਰਗੀ ਮਹਿਸੂਸ ਕਰ ਰਿਹਾ ਸੀ, ਜਿਸ ਦੇ ਮੂੰਹ ਵਿਚ ਕੋਹੜ ਕਿਰਲੀ ਆ ਗਈ ਸੀ, ਪੁਲਿਸ ਗੁਰਦੁਆਰੇ ਵਿਚ ਜਾਵੇ ਤਾਂ ਵੀ ਸਿਆਪਾ, ਨਾ ਜਾਵੇ ਤਾਂ ਵੀ ਸਿਆਪਾ। ਨਾ ਉਪਰਲਾ, ਨਾ ਹੇਠਲਾ, ਕੋਈ ਵੀ ਅਫ਼ਸਰ ਉਸ ਦਾ ਸਾਥ ਨਹੀਂ ਸੀ ਦੇ ਰਿਹਾ। ਸਾਰੇ ਬੰਦੂਕ ਉਸੇ ਦੇ ਮੋਢੇ 'ਤੇ ਰੱਖ ਕੇ ਚਲਾਉਣਾ ਚਾਹੁੰਦੇ ਸਨ।

ਰਾਤ ਦਾ ਇਕ ਵੱਜਾ ਸੀ, ਜਦੋਂ ਫ਼ੋਨ ਦੀ ਘੰਟੀ ਖੜਕੀ। ਫ਼ੋਨ ਸੁਣਨ ਦੀ ਗੁਪਤੇ ਦੀ ਕੋਈ ਇੱਛਾ ਨਹੀਂ ਸੀ। ਕਿਸੇ ਨਵੇਂ ਪੁਆੜੇ ਦੀ ਖ਼ਬਰ ਹੀ ਹੋਏਗੀ। ਸੋਚਦਾ ਉਹ ਘੇਸਲ ਵੱਟੀ ਪਿਆ ਰਿਹਾ।

ਘੰਟੀ ਇਕ-ਦੋ ਮਿੰਟ ਵੱਜ ਕੇ ਚੁੱਪ ਹੋ ਗਈ।

ਪਿੱਛੋਂ ਗੁਪਤਾ ਪਛਤਾਉਣ ਲੱਗਾ। ਫ਼ੋਨ ਚੰਡੀਗੜ੍ਹੋਂ ਵੀ ਹੋ ਸਕਦਾ ਸੀ। ਮੁੱਖ ਮੰਤਰੀ ਜਾਂ ਮੁੱਖ ਸਕੱਤਰ ਦਾ ਕੋਈ ਹੁਕਮ ਵੀ ਹੋ ਸਕਦਾ ਸੀ। ਗੁਪਤੇ ਵੱਲੋਂ ਦਿਖਾਈ ਗਈ ਅਣਗਹਿਲੀ ਉਸ ਨੂੰ ਹੋਰ ਪਰੇਸ਼ਾਨ ਕਰਨ ਲੱਗੀ।

ਉਹ ਕੰਪੋਜ਼ ਦੀ ਇਕ ਹੋਰ ਗੋਲੀ ਖਾਣ ਹੀ ਲੱਗਾ ਸੀ ਕਿ ਅਰਦਲੀ ਨੇ ਖ਼ਾਨ ਦੇ ਰੈਸਟ ਹਾਊਸ ਵਿਚ ਆਉਣ ਦੀ ਸੂਚਨਾ ਦਿੱਤੀ। ਫ਼ੋਨ 'ਤੇ ਗੱਲ ਨਾ ਹੋਣ ਕਰਕੇ ਖ਼ਾਨ ਖ਼ੁਦ ਹੀ ਗੁਪਤੇ ਨੂੰ ਮਿਲਣ ਆ ਗਿਆ ਸੀ।

ਗੁਪਤੇ ਦੇ ਮੂੰਹੋਂ ਕੁਝ ਸੁਣਨ ਤੋਂ ਪਹਿਲਾਂ ਗੁਪਤੇ ਦਾ ਦਿਲ ਧਕ-ਧਕ ਕਰਲ ਲੱਗਾ, ਖ਼ਾਨ ਇਸ ਵਕਤ ਆਇਆ ਹੈ ਤਾਂ ਖ਼ੈਰ ਨਹੀਂ।

ਇਹੋ ਜਿਹਾ ਹੀ ਕੁਝ ਖ਼ਾਨ ਦੱਸਣ ਲੱਗਾ।

ਕੁਝ ਦੇਰ ਪਹਿਲਾਂ ਉਸ ਨੂੰ ਇਤਲਾਹ ਮਿਲੀ ਸੀ ਕਿ ਇਕ ਬੱਚੇ ਦੀ ਲਾਸ਼ ਖੰਡ ਮਿੱਲ ਦੇ ਪਿਛਵਾੜੇ, ਜਿਹੜੇ ਵਿਰਾਨ ਭੱਠੇ ਦੇ ਖੰਡਰ ਹਨ, ਉਥੇ ਪਈ ਦੇਖੀ ਗਈ ਸੀ।

ਖ਼ਾਨ ਨੂੰ ਇਹ ਇਤਲਾਹ ਖੰਡ ਮਿਲ ਦੇ ਸੁਪਰਵਾਈਜ਼ਰ ਤੋਂ ਮਿਲੀ ਸੀ। ਉਹਨਾਂ ਦਾ ਇਕ ਵਰਕਰ ਆਪਣੀ ਮਾਸ਼ੂਕ ਨੂੰ ਲੈ ਕੇ ਖੰਡਰਾਂ ਵਿਚ ਰੰਗ-ਰਲੀਆਂ ਮਨਾਉਣ ਗਿਆ ਸੀ। ਦਰੀ ਵਿਚ

ਲਪੇਟੀ ਲਾਸ਼ ਦੇਖ ਦੇ ਉਹਨਾਂ ਨੂੰ ਕਾਂਬਾ ਛਿੜ ਗਿਆ। ਉਹਨਾਂ ਪਹਿਲਾਂ ਚੁੱਪ ਰਹਿਣ ਦਾ ਫ਼ੈਸਲਾ ਕੀਤਾ ਸੀ। ਫੇਰ ਇਸ ਗੱਲ ਤੋਂ ਡਰਦਿਆਂ ਕਿ ਕਿਧਰੇ ਕਤਲ ਉਹਨਾਂ ਸਿਰ ਹੀ ਨਾ ਪੈ ਜਾਏ, ਉਹਨਾਂ ਸਾਰੀ ਕਹਾਣੀ ਆਪਣੇ ਸੁਪਰਵਾਈਜ਼ਰ ਨੂੰ ਦੱਸ ਦਿੱਤੀ। ਸੁਪਰਵਾਈਜ਼ਰ ਨੇ ਖ਼ਾਨ ਤੋਂ ਇਹ ਬਚਨ ਲੈ ਕੇ ਕਿ ਵਰਕਰਾਂ ਦੇ ਨਾਂ ਗੁਪਤ ਰੱਖੇ ਜਾਣਗੇ, ਇਹ ਇਤਲਾਹ ਦਿੱਤੀ।

ਖ਼ਾਨ ਖ਼ੁਦ ਮੌਕਾ ਦੇਖ ਕੇ ਆਇਆ ਹੈ। ਲਾਸ਼ ਬੰਟੀ ਦੀ ਸੀ। ਉਸ ਨੂੰ ਗਲ ਘੁੱਟ ਕੇ ਮਾਰਿਆ ਗਿਆ ਸੀ। ਹਾਲੇ ਇਹ ਗੱਲ ਸੁਪਰਵਾਈਜ਼ਰ, ਦੋਹਾਂ ਚਸ਼ਮਦੀਦ ਗਵਾਹਾਂ ਅਤੇ ਦੋ ਹੌਲਦਾਰਾਂ ਤੋਂ ਸਿਵਾ ਕਿਸੇ ਨੂੰ ਨਹੀਂ ਸੀ ਪਤਾ। ਲਾਸ਼ ਨੂੰ ਮੌਕੇ ’ਤੇ ਹੀ ਛੱਡ ਕੇ ਖ਼ਾਨ ਗੁਪਤੇ ਨਾਲ ਸਲਾਹ ਕਰਨ ਆਇਆ ਸੀ।

ਖ਼ਾਨ ਵਰਕਰਾਂ ਦੀ ਚੰਗੀ ਤਰ੍ਹਾਂ ਤਫ਼ਤੀਸ਼ ਕਰ ਚੁੱਕਾ ਸੀ। ਉਹ ਕੱਲ੍ਹ ਵੀ ਉਥੇ ਗਏ ਸਨ। ਉਸ ਸਮੇਂ ਉਥੇ ਲਾਸ਼ ਨਹੀਂ ਸੀ। ਲਾਸ਼ ਅੱਜ ਹੀ ਕਿਸੇ ਸਮੇਂ ਉਥੇ ਸੁੱਟੀ ਗਈ ਸੀ। ਹਾਲ ਦੀ ਘੜੀ ਕਾਤਲਾਂ ਬਾਰੇ ਕੁਝ ਨਹੀਂ ਆਖਿਆ ਜਾ ਸਕਦਾ। ਉਹ ਕਿੰਨੇ ਸਨ, ਕਿਧਰੋਂ ਆਏ ਅਤੇ ਕਿਧਰ ਚਲੇ ਗਏ।

‘ਗੁਰਦੁਆਰੇ ਦੀ ਤਲਾਸ਼ੀ ਦੀ ਹੁਣ ਕੋਈ ਜ਼ਰੂਰਤ ਨਹੀਂ’ ਇਹ ਸੋਚ ਕੇ ਗੁਪਤੇ ਦੇ ਦਿਮਾਗ਼ ਤੋਂ ਸਾਰਾ ਬੋਝ ਲਹਿ ਗਿਆ।

ਹੁਣ ਉਹ ਬੜੇ ਆਰਾਮ ਨਾਲ ਆਪਣੇ ਡਿਪਟੀ ਕਮਿਸ਼ਨਰ ਦੇ ਫ਼ਰਜ਼ ਅਦਾ ਕਰ ਸਕਦਾ ਸੀ।

“ਕਾਤਲ ਇੰਨੇ ਦਿਨ ਸ਼ਹਿਰ ਵਿਚ ਬੈਠੇ ਰਹੇ। ਬੱਚੇ ਨੂੰ ਮਾਰ ਕੇ ਲਾਸ਼ ਵੀ ਸੁੱਟ ਗਏ। ਪੁਲਿਸ ਇੰਨੇ ਦਿਨ ਕਿਥੇ ਸੁੱਤੀ ਰਹੀ ?” ਗੁਪਤੇ ਨੇ ਖ਼ਾਨ ਨੂੰ ਦਬਕਾਉਣਾ ਸ਼ੁਰੂ ਕੀਤਾ।

“ਲੋਕ ਜਿਥੇ ਮਰਜ਼ੀ ਰੰਗ-ਰਲੀਆਂ ਮਨਾਉਂਦੇ ਰਹਿਣ। ਪੁਲਿਸ ਨੂੰ ਕੋਈ ਸੂਹ ਨਹੀਂ ਲੱਗਦੀ। ਇਹ ਟੱਟੂ ਦਾ ਕਰਫ਼ਿਊ ਹੈ ? ਪੈਸੇ ਦੀ ਬਰਬਾਦੀ। ਲੋਕਾਂ ਨੂੰ ਇੰਨੇ ਦਿਨ ਫਾਹੇ ਲਾਉਣ ਦਾ ਜ਼ਿੰਮੇਵਾਰ ਕੌਣ ?” ਗੁਪਤਾ ਖ਼ਾਨ ਦੀ ਖਿਚਾਈ ਕਰਨ ਲੱਗਾ। ਉਹ ਖ਼ਾਨ ’ਤੇ ਇਸ ਗੱਲੋਂ ਨਰਾਜ਼ ਸੀ ਕਿ ਖ਼ਾਨ ਨੇ ਪੁਲਿਸ ਨੂੰ ਗੁਰਦੁਆਰੇ ਦਾਖ਼ਲ ਕਰਨ ਲਈ ਉਸ ਤੋਂ ਲਿਖਤੀ ਹੁਕਮ ਕਿਉਂ ਮੰਗਿਆ ਸੀ ?

ਖ਼ਾਨ ਕੋਲ ਇਹਨਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ। ਉਹ ਸ਼ਰਮਿੰਦਗੀ ਮਹਿਸੂਸ ਕਰਨ ਅਤੇ ਮੁਆਫ਼ੀ ਮੰਗਣ ਤੋਂ ਸਿਵਾ ਕੁਝ ਨਹੀਂ ਸੀ ਕਰ ਸਕਦਾ।

ਇਕ ਵਾਰ ਭੱਠੇ ਦੀ ਤਲਾਸ਼ੀ ਲਈ ਗਈ ਸੀ। ਪਿਛਲੇ ਕੁਝ ਦਿਨਾਂ ਤੋਂ ਪੁਲਿਸ ਦਾ ਸਾਰਾ ਜ਼ੋਰ ਗੁਰਦੁਆਰੇ ’ਤੇ ਲੱਗਾ ਹੋਇਆ ਸੀ। ਗੁਪਤੇ ਦੇ ਹੁਕਮਾਂ ’ਤੇ ਹੀ ਬਾਹਰਲੇ ਇਲਾਕਿਆਂ ਵਿਚ ਸਖ਼ਤੀ ਘਟਾਈ ਗਈ ਸੀ। ਕੋਈ ਨਰਮੀ ਦਾ ਫ਼ਾਇਦਾ ਉਠਾ ਗਿਆ ਤਾਂ ਖ਼ਾਨ ਕੀ ਕਰੇ ?

ਜੋ ਹੋ ਗਿਆ ਸੋ ਹੋ ਗਿਆ। ਉਹਨਾਂ ਦੋਹਾਂ ਮੁਖੀਆਂ ਸਾਹਮਣੇ ਮਸਲਾ ਲੋਕਾਂ ਦੀਆਂ ਭਾਵਨਾਵਾਂ ਨੂੰ ਕਾਬੂ ਰੱਖਣ ਦਾ ਸੀ। ਜੇ ਇਸੇ ਤਰ੍ਹਾਂ ਲਾਸ਼ ਬਰਾਮਦ ਹੋਣ ਦੀ ਖ਼ਬਰ ਨਸ਼ਰ ਕੀਤੀ ਗਈ ਤਾਂ ਸ਼ਹਿਰ ਵਿਚ ਗੜਬੜ ਹੋ ਸਕਦੀ ਸੀ। ਸੰਘ ਵਾਲੇ ਕੁਝ ਵੀ ਕਰ ਸਕਦੇ ਸਨ। ਲੁੱਟ-ਖਸੁੱਟ, ਅੱਗਜ਼ਨੀ ਅਤੇ ਮਾਰ-ਧਾੜ। ਇਹ ਮਸਲਾ ਰਾਜ ਪੱਧਰ ਤੋਂ ਲੈ ਕੇ ਰਾਸ਼ਟਰੀ ਪੱਧਰ ਤਕ ਭਟਕ ਸਕਦਾ ਹੈ। ਇਸ ਤਰ੍ਹਾਂ ਦਾ ਕੁਝ ਹੋ ਗਿਆ ਤਾਂ ਪੁਲਿਸ ਦਾ ਵਕਾਰ ਤਾਂ ਘਟੇਗਾ ਹੀ, ਦੋਵੇਂ ਅਫ਼ਸਰਾਂ ਦੀ ਨਿੱਜੀ ਸ਼ਖ਼ਸੀਅਤ ਨੂੰ ਵੀ ਧੱਕਾ ਲੱਗੇਗਾ। ਉਹਨਾਂ ਨੂੰ ਆਪਣੀ ਇੱਜ਼ਤ ਬਚਾਉਣ ਲਈ ਕੁਝ ਸੋਚਣਾ ਚਾਹੀਦਾ ਸੀ।

ਖ਼ਾਨ ਇਸ ਦਾ ਇਕ ਰਾਹ ਸੋਚ ਕੇ ਵੀ ਆਇਆ ਸੀ।

ਸ਼ਹਿਰ ਵਿਚ ਪੁਲਿਸ ਦੀਆਂ ਜੀਪਾਂ ਅਤੇ ਮੈਟਾਡੋਰ ਭਜਾਏ ਜਾਣ। ਹਾਰਨ ਮਾਰ-ਮਾਰ ਸਾਰਾ ਸ਼ਹਿਰ ਜਗਾ ਲਿਆ ਜਾਵੇ। ਜਦੋਂ ਲੋਕ ਪੁੱਛਣ ਕਿ ਕੀ ਹੋ ਗਿਆ ਤਾਂ ਦੱਸਿਆ ਜਾਏ ਕਿ ਪੁਲਿਸ ਦਾ ਅਗਵਾਕਾਰਾਂ ਨਾਲ ਮੁਕਾਬਲਾ ਹੋ ਗਿਆ ਹੈ। ਉਹ ਖੰਡ ਮਿੱਲ ਵੱਲ ਦੌੜ ਗਏ ਹਨ। ਪੁਲਿਸ ਪਿੱਛਾ ਕਰ ਰਹੀ ਹੈ। ਖੰਡ ਮਿੱਲ ਕੋਲ ਪਹੁੰਚ ਕੇ ਅੱਧਾ ਘੰਟਾ ਧੂੰਆਂਧਾਰ ਫ਼ਾਇਰਿੰਗ ਕੀਤੀ ਜਾਵੇ। ਅਖ਼ੀਰ ਵਿਚ ਅਗਵਾਕਾਰਾਂ ਦੇ ਬਚ ਨਿਕਲਣ ਅਤੇ ਬੰਟੀ ਦੇ ਜ਼ਖ਼ਮੀ ਹਾਲਤ ਵਿਚ ਬਰਾਮਦ ਹੋਣ ਦਾ ਐਲਾਨ ਕੀਤਾ ਜਾਵੇ।

ਸਰਕਾਰੀ ਹਸਪਤਾਲ ਦੇ ਡਾਕਟਰ ਨੂੰ ਵੀ ਭਰੋਸੇ ਵਿਚ ਲਿਆ ਜਾਵੇ। ਬੰਟੀ ਨੂੰ ਸਾਰਾ ਦਿਨ ਆਕਸੀਜਨ ਦੇ ਸਹਾਰੇ ਐਮਰਜੈਂਸੀ ਵਾਰਡ ਵਿਚ ਰੱਖਿਆ ਜਾਵੇ। ਸ਼ਾਮ ਤਕ ਜਦੋਂ ਲੋਕਾਂ ਦਾ ਗੁੱਸਾ ਠੰਢਾ ਹੋ ਜਾਵੇ ਤਾਂ ਬੰਟੀ ਦੇ 'ਪੂਰਾ' ਹੋਣ ਦਾ ਐਲਾਨ ਕਰਵਾ ਦਿੱਤਾ ਜਾਵੇ।

ਖ਼ਾਨ ਦੀ ਤਜਵੀਜ਼ ਨਾਲ ਗੁਪਤਾ ਅੱਖਰ-ਅੱਖਰ ਸਹਿਮਤ ਸੀ। ਉਸ ਨੂੰ ਖ਼ਾਨ ਪ੍ਰਤੀ ਆਪਣੇ ਪਹਿਲੇ ਸਖ਼ਤ ਰਵੱਈਏ 'ਤੇ ਅਫ਼ਸੋਸ ਹੋਇਆ। ਗੁਪਤੇ ਨੇ ਇਹ ਗੱਲ ਸੋਚੀ ਹੀ ਨਹੀਂ ਸੀ। ਸੱਚਮੁੱਚ ਖ਼ਾਨ ਗੁਪਤੇ ਨਾਲੋਂ ਵੱਧ ਦੂਰ ਦੀ ਸੋਚਦਾ ਸੀ।

ਖ਼ਾਨ ਨੂੰ ਤੋਰ ਕੇ ਗੁਪਤੇ ਨੇ ਆਪਣੀ ਮੁੱਠੀ ਵਿਚ ਛੁਪਾਈ ਕੰਪੋਜ਼ ਦੀ ਗੋਲੀ ਪਰ੍ਹਾਂ ਵਗਾਹ ਮਾਰੀ। ਹੁਣ ਇਸ ਦੀ ਕੀ ਜ਼ਰੂਰਤ ? ਉਸ ਨੂੰ ਉਂਝ ਹੀ ਉਬਾਸੀਆਂ ਆਉਣ ਲੱਗੀਆਂ ਸਨ। ਇਸ ਦਾ ਮਤਲਬ ਸੀ, ਨੀਂਦ ਗੁਪਤੇ ਨੂੰ ਹਾਕਾਂ ਮਾਰ ਰਹੀ ਸੀ। ਹੋਰ ਜਾਗਦੇ ਰਹਿਣ ਦਾ ਹੁਣ ਕੋਈ ਕਾਰਨ ਨਹੀਂ ਸੀ।

ਦੋ ਕੁ ਘੰਟਿਆਂ ਬਾਅਦ ਖ਼ਾਨ ਨੇ ਉਸ ਨੂੰ ਫਿਰ ਆ ਜਗਾਇਆ।

ਪਹਿਲੀ ਯੋਜਨਾ ਅਸਫਲ ਹੋ ਚੁੱਕੀ ਸੀ। ਉਲਟਾ ਲੈਣੇ ਦੇ ਦੇਣੇ ਪੈ ਸਕਦੇ ਸਨ।

ਪੁਲਿਸ ਨੇ ਲਾਸ਼ ਥਾਣੇ ਲਿਆਂਦੀ ਹੀ ਸੀ ਕਿ ਲੋਕਾਂ ਦੇ ਫ਼ੋਨ ਆਉਣ ਲੱਗੇ।

ਪਹਿਲਾ ਫ਼ੋਨ ਪ੍ਰੈੱਸ ਰਿਪੋਰਟਰ ਦਰਵੇਸ਼ ਦਾ ਸੀ। ਉਹ ਬੰਟੀ ਦੀ ਬਰਾਮਦੀ ਬਾਰੇ ਲੋਕਾਂ ਵਿਚ ਹੋ ਰਹੀ ਘੁਸਰ-ਮੁਸਰ ਨੂੰ ਤਸਦੀਕ ਕਰਨਾ ਚਾਹੁੰਦਾ ਸੀ।

ਦੂਜਾ ਸੰਘ ਵਾਲਿਆਂ ਦਾ ਸੀ। ਜੇ ਸੱਚਮੁੱਚ ਬੰਟੀ ਦੀ ਲਾਸ਼ ਮਿਲ ਗਈ ਹੈ ਤਾਂ ਲਾਲਾ ਜੀ ਨੂੰ ਪਰੇਸ਼ਾਨ ਨਾ ਕੀਤਾ ਜਾਵੇ। ਚੁੱਪ ਕਰ ਕੇ ਲਾਸ਼ ਉਹਨਾਂ ਦੇ ਹਵਾਲੇ ਕੀਤੀ ਜਾਵੇ।

ਗੁਪਤਾ ਖ਼ਾਨ ਨਾਲ ਨਰਾਜ਼ ਸੀ। ਗੱਲ ਬਾਹਰ ਕਿਵੇਂ ਗਈ ?

ਖ਼ਾਨ ਦਾ ਸਿਰ ਇਕ ਵਾਰ ਫੇਰ ਸ਼ਰਮ ਨਾਲ ਝੁਕਿਆ। ਉਹ ਖ਼ੁਦ ਹੈਰਾਨ ਸੀ। ਦੋ ਹੀ ਧਿਰਾਂ 'ਤੇ ਸ਼ੱਕ ਕੀਤਾ ਜਾ ਸਕਦਾ ਸੀ। ਪੁਲਿਸ ਮੁਲਾਜ਼ਮਾਂ 'ਤੇ ਜਾਂ ਮਿੱਲ ਵਾਲਿਆਂ 'ਤੇ। ਮਿੱਲ ਵਾਲੇ ਤਾਂ ਖ਼ੁਦ ਡਰ ਰਹੇ ਸਨ। ਉਸ ਨੂੰ ਮੁਲਾਜ਼ਮਾਂ 'ਤੇ ਹੀ ਗੁੱਸਾ ਚੜ੍ਹ ਰਿਹਾ ਸੀ। ਬੇਵਕੂਫ਼ਾਂ ਨੇ ਥੋੜ੍ਹਾ ਚਿਰ ਵੀ ਹਾਜ਼ਮਾ ਨਾ ਰੱਖਿਆ।

ਖੰਡਰਾਂ 'ਚ ਤਾਇਨਾਤ ਟੁਕੜੀ ਵਾਰ-ਵਾਰ ਵਾਇਰਲੈੱਸਾਂ ਕਰ ਰਹੀ ਸੀ। ਕਰਫ਼ਿਊ ਦੀ ਪਰਵਾਹ ਨਾ ਕਰਦੇ ਹੋਏ ਕੁਝ ਲੋਕ ਖੰਡਰਾਂ ਵਿਚ ਤੁਰੇ ਫਿਰਦੇ ਹਨ। ਉਹਨਾਂ ਨੂੰ ਉਸ ਥਾਂ ਦੀ ਤਲਾਸ਼ ਸੀ, ਜਿਥੇ ਬੰਟੀ ਦੀ ਲਾਸ਼ ਸੁੱਟੀ ਗਈ ਸੀ। ਉਹ ਟੁਕੜੀ ਖ਼ਾਨ ਤੋਂ ਪੁੱਛ ਰਹੀ ਸੀ ਕਿ ਅਜਿਹੇ ਲੋਕਾਂ ਨਾਲ ਕਿਵੇਂ ਨਜਿੱਠਿਆ ਜਾਵੇ।

ਥਾਣੇ ਦੇ ਸੰਤਰੀ ਦੀ ਵੀ ਇਹੋ ਰਿਪੋਰਟ ਸੀ। ਥਾਣੇ ਅੱਗੇ ਗੇੜੇ ਦੇਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਸੀ।

ਬੰਟੀ ਦੀ ਲਾਸ਼ ਨੂੰ ਹੋਰ ਛੁਪਾਉਣਾ ਅਸੰਭਵ ਸੀ। ਲਾਸ਼ ਨੂੰ ਮੁੜ ਕੇ ਖੰਡਰਾਂ ਵਿਚ ਸੁੱਟਣਾ ਵੀ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਇਸ ਤਰ੍ਹਾਂ ਨਾਲ ਲੋਕਾਂ ਨੇ ਪੁਲਿਸ ਉਪਰ ਹੀ ਸ਼ੱਕ ਕਰਨਾ ਸੀ।

ਸਾਰੀ ਰਾਤ ਜਾਗਦਾ ਰਹਿਣ ਕਰਕੇ ਖ਼ਾਨ ਦਾ ਦਿਮਾਗ਼ ਕੰਮ ਨਹੀਂ ਸੀ ਕਰ ਰਿਹਾ ਕਿ ਹੁਣ ਕੀ ਕੀਤਾ ਜਾਏ ? ਉਹ ਗੁਪਤੇ ਦੀ ਫੇਰ ਸਲਾਹ ਲੈਣ ਆਇਆ ਸੀ।

ਕੁਝ ਘੰਟਿਆਂ ਦੀ ਬੇਫ਼ਿਕਰ ਨੀਂਦ ਕਾਰਨ ਗੁਪਤਾ ਤਾਜ਼ਾ-ਦਮ ਹੋ ਗਿਆ ਸੀ। ਇਸ ਸਮੇਂ ਉਸ ਦਾ ਦਿਮਾਗ਼ ਮੁੜ ਕੰਪਿਊਟਰ ਵਾਂਗ ਚੱਲ ਰਿਹਾ ਸੀ।

ਲਾਸ਼ ਨੂੰ ਨਾ ਲੁਕਾਉਣ ਦੀ ਜ਼ਰੂਰਤ ਸੀ ਅਤੇ ਨਾ ਹੀ ਖੰਡਰਾਂ ਵਿਚ ਲਿਜਾਣ ਦੀ। ਮਰਿਆ ਸੱਪ ਆਪਣੇ ਗੱਲ ਪਾਉਣ ਦੀ ਕੋਈ ਲੋੜ ਨਹੀਂ।

ਹੱਲ ਸਿੱਧਾ ਸੀ। ਖੰਡਰਾਂ ਵਰਗੀ ਹੀ ਕੋਈ ਹੋਰ ਵਿਰਾਨ ਜਗ੍ਹਾ ਲੱਭੀ ਜਾਵੇ। ਲਾਸ਼ ਨੂੰ ਨਵੀਂ ਥਾਂ ਰੱਖ ਕੇ ਲਾਸ਼ ਦੀ ਬਰਾਮਦਗੀ ਦੀ ਸੂਚਨਾ ਲੋਕਾਂ ਨੂੰ ਦਿੱਤੀ ਜਾਵੇ।

ਖ਼ਾਨ ਨੂੰ ਅਜਿਹੀ ਕੋਈ ਜਗ੍ਹਾ ਨਹੀਂ ਸੀ ਸੁੱਝ ਰਹੀ, ਜੋ ਖੰਡਰਾਂ ਨਾਲ ਮਿਲਦੀ-ਜੁਲਦੀ ਹੋਵੇ।

ਇਸ ਸਮੱਸਿਆ ਦਾ ਹੱਲ ਵੀ ਗੁਪਤੇ ਕੋਲ ਸੀ।

ਸ਼ਮਸ਼ਾਨ ਘਾਟ ਦੇ ਬਰਾਬਰ, ਨਵੇਂ ਬਣ ਰਹੇ ਡੰਗਰਾਂ ਦੇ ਹਸਪਤਾਲ ਦੇ ਕੁਆਟਰ ਵਿਰਾਨ ਪਏ ਸਨ। ਸਿਵਿਆਂ ਤੋਂ ਡਰਦੇ ਮੁਲਾਜ਼ਮ ਉਥੇ ਰਿਹਾਇਸ਼ ਨਹੀਂ ਸੀ ਕਰ ਰਹੇ। ਇਸ ਕਾਰਨ ਮਹਿਕਮੇ ਨੇ ਉਸਾਰੀ ਅਧੂਰੀ ਛੱਡ ਦਿੱਤੀ ਸੀ। ਹਸਪਤਾਲ ਦੇ ਚਾਰੇ ਪਾਸੇ ਆਬਾਦੀ ਵੀ ਚੂਹੜੇ-ਚਮਾਰਾਂ ਅਤੇ ਜਮਾਂਦਾਰਾਂ ਦੀ ਸੀ।

ਗੁਪਤੇ ਨਾਲ ਮਸ਼ਵਰੇ ਨਾਲ ਖ਼ਾਨ ਦੇ ਦਿਮਾਗ਼ ਤੋਂ ਵੀ ਸਾਰਾ ਬੋਝ ਲਹਿ ਗਿਆ। ਖ਼ਾਨ ਨੂੰ ਤੋਰ ਕੇ ਸਿਗਰਟਾਂ ਦੇ ਕਸ਼ ਲਾਉਂਦਾ ਗੁਪਤਾ ਕੋਈ ਫ਼ਿਲਮੀ ਧੁਨ ਗੁਣਗੁਣਾਉਣ ਲੱਗਾ।

ਇਸ ਭਿਆਨਕ ਰਾਤ ਦੀ ਡਰਾਉਣੀ ਚੁੱਪ ਉਸ ਨੂੰ ਹੁਣ ਡਰਾ ਨਹੀਂ ਸੀ ਰਹੀ।

ਕਾਤਲ ਲੱਭਣ ਜਾਂ ਨਾ ਲੱਭਣ, ਇਹ ਪੁਲਿਸ ਦੀ ਜ਼ਿੰਮੇਵਾਰੀ ਸੀ। ਡਿਪਟੀ ਕਮਿਸ਼ਨਰ ਦਾ ਕੰਮ ਤਾਂ ਵਾਰਿਸਾਂ ਦੇ ਘਰ ਜਾਣਾ, ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨਾ ਅਤੇ ਰੈੱਡ ਕਰਾਸ ਵਿਚੋਂ ਕੁਝ ਮਾਲੀ ਸਹਾਇਤਾ ਦੇਣਾ ਹੁੰਦਾ ਹੈ।

ਮਗਰਮੱਛ ਵਾਂਗ ਹੰਝੂ ਵਹਾਉਣ ਅਤੇ ਭਰੇ ਗਲੇ ਨਾਲ ਭਾਸ਼ਨ ਦੇਣ ਵਿਚ ਗੁਪਤਾ ਕਮਾਲ ਦੀ ਮੁਹਾਰਤ ਰੱਖਦਾ ਸੀ।

ਸ਼ਹਿਰੀਆਂ ਉਪਰ ਮੰਦੇ ਦਿਨਾਂ ਦਾ ਸਾਇਆ ਮੰਡਲਾ ਰਿਹਾ ਹੈ ਤਾਂ ਪਿਆ ਮੰਡਲਾਏ। ਗੁਪਤੇ ਦੇ ਉੱਜਲੇ ਭਵਿੱਖ 'ਤੇ ਚੜ੍ਹੀ ਸਾੜ੍ਹਸਤੀ ਤਾਂ ਬੰਟੀ ਦੀ ਬਲੀ ਨੇ ਟਾਲ ਦਿੱਤੀ ਸੀ।

ਨਿਸ਼ਚਿੰਤ ਹੋ ਕੇ ਘੁਰਾੜੇ ਮਾਰਨ ਵਿਚ ਉਸ ਨੂੰ ਹੁਣ ਕੋਈ ਦਿੱਕਤ ਨਹੀਂ ਸੀ।

✶

# ਭਾਗ ਦੂਜਾ

## 15

ਕਰਫ਼ਿਊ ਹਟਾਏ ਜਾਣ ਦੀ ਖ਼ਬਰ ਲਾਈਨੋਂ ਪਾਰ ਵੱਸਦੀ ਗਾਂਧੀ ਬਸਤੀ ਦੇ ਵਸਨੀਕਾਂ ਲਈ ਰੱਬੀ ਦਾਤ ਬਣ ਕੇ ਆਈ। ਸਾਰੀ ਬਸਤੀ ਵਿਚ ਇਕ ਅੱਧਾ ਘਰ ਹੀ ਖ਼ੁਸ਼ਨਸੀਬ ਹੋਏਗਾ ਜਿਸ ਨੂੰ ਇਹਨਾਂ ਕਾਲੇ ਦਿਨਾਂ ਵਿਚ ਫਾਕਾ ਨਾ ਕੱਟਣਾ ਪਿਆ ਹੋਵੇ।

ਕਦੇ ਚੂਹੜਿਆਂ ਦਾ ਵਿਹੜਾ ਅਖਵਾਉਣ ਵਾਲੀ ਇਸ ਬਸਤੀ ਲਈ ਕਰਫ਼ਿਊ ਇਕ ਵੱਖਰਾ ਹੀ ਮਤਲਬ ਰੱਖਦਾ ਸੀ। ਉਹ ਆਮ ਸ਼ਹਿਰੀਆਂ ਵਾਂਗ ਆਪਣੇ ਘਰਾਂ ਵਿਚ ਕੈਦ ਤਾਂ ਨਹੀਂ ਸਨ ਪਰ ਘੁੰਮਣ-ਫਿਰਨ ਦੀ ਇਸ ਅਜ਼ਾਦੀ ਦਾ ਵੀ ਕੋਈ ਲਾਭ ਨਹੀਂ ਸੀ।

ਕਾਂਗਰਸੀਆਂ ਦੀ ਕਿਰਪਾ ਨਾਲ ਇਸ ਬਸਤੀ ਨੂੰ ਗਾਂਧੀ ਬਸਤੀ ਦਾ ਨਾਂ ਮਿਲ ਗਿਆ ਸੀ। ਵਿਹੜੇ ਦੇ ਵਿਚਕਾਰ ਇਕ ਸਰਕਾਰੀ ਟੂਟੀ ਲੱਗ ਗਈ ਸੀ। ਕਿਸੇ-ਕਿਸੇ ਖੰਭੇ ’ਤੇ ਬਿਜਲੀ ਦਾ ਬਲਬ ਵੀ ਲਟਕ ਗਿਆ ਸੀ। ਪਰ ਪੇਟ ਭਰਨ ਲਈ ਨਾ ਗਾਂਧੀ ਦੇ ਨਾਂ ਨਾਲ ਸਰਦਾ ਸੀ, ਨਾ ਬਿਜਲੀ ਦੇ ਝਲਕਾਰਿਆਂ ਨਾਲ ਅਤੇ ਨਾ ਹੀ ਇਕੱਲੇ ਪਾਣੀ ਦੀਆਂ ਘੁੱਟਾਂ ਨਾਲ। ਢਿੱਡ ਭਰਨ ਲਈ ਰੋਟੀ ਦੀ ਜ਼ਰੂਰਤ ਸੀ ਜਿਹੜੀ ਕਰਫ਼ਿਊ ਨੇ ਉਹਨਾਂ ਤੋਂ ਖੋਹ ਲਈ ਸੀ।

ਭੈੜੇ ਦਿਨਾਂ ਵਿਚ ਕੰਮ ਆਉਣ ਲਈ ਉਹਨਾਂ ਦਾ ਇਕੋ-ਇਕ ਸਹਾਰਾ ਗਫ਼ੂਰ ਮੀਆਂ ਸੀ। ਕਦੇ ਕੋਈ ਬੀਮਾਰ ਹੋ ਜਾਂਦਾ ਜਾਂ ਦਿਹਾੜੀ ਟੁੱਟ ਜਾਂਦੀ ਤਾਂ ਉਹ ਉਧਾਰ ਦੇ ਕੇ ਚਾਰ ਦਿਨ ਕਟਾ ਦਿੰਦਾ।

ਇੰਨੇ ਦਿਨ ਸਾਰੀ ਬਸਤੀ ਨੂੰ ਹੀ ਉਧਾਰ ਚੁਕਾਈ ਜਾਣ ਲਈ ਗਫ਼ੂਰ ਕਿਹੜਾ ਹੇੜੀਕਿਆਂ ਵਾਲਾ ਸੇਠ ਸੀ ਬਈ ਉਸ ਦੇ ਸਟੋਰ ਖ਼ਤਮ ਨਾ ਹੁੰਦੇ। ਜਿਹੋ ਜਿਹੇ ਮਲੰਗ ਗਾਹਕ, ਉਹੋ ਜਿਹਾ ਗ਼ਰੀਬੜਾ ਉਹਨਾਂ ਦਾ ਸ਼ਾਹ। ਦਿਖਾਵਾ ਕਰਨ ਲਈ ਤਾਂ ਮੀਏਂ ਨੇ ਤੀਹ-ਚਾਲੀ ਡੱਬੇ ਚਿਣ ਕੇ ਰੱਖੇ ਸਨ ਪਰ ਵਰਤੋਂ ਵਿਚ ਅੱਠ-ਦਸ ਹੀ ਆਉਂਦੇ ਸਨ। ਗਿਣਵੇਂ ਤਾਂ ਸੌਦੇ ਵਿਕਦੇ ਸਨ। ਆਟਾ, ਲੂਣ, ਘਿਉ, ਚਾਹ ਅਤੇ ਗੁੜ। ਗੰਢੇ ਅਤੇ ਆਲੂ। ਇਹ ਚੀਜ਼ਾਂ ਮੀਆਂ ਸਵੇਰੇ ਬਜ਼ਾਰੋਂ ਖ਼ਰੀਦ ਲਿਆਉਂਦਾ, ਸ਼ਾਮ ਤਕ ਵੇਚ ਲੈਂਦਾ। ਵਿਚੋਂ ਆਪਣਾ ਤੋਰੀ ਫੁਲਕਾ ਕੱਢ ਲੈਂਦਾ।

ਕਰਫ਼ਿਊ ਦੇ ਦਿਨਾਂ ਵਿਚ ਉਸ ਦੇ ਮਨ ਵਿਚ ਰਹਿਮ ਆ ਗਿਆ ਸੀ। ਉਹ ਆਪਣੇ ਗਾਹਕਾਂ ਨੂੰ ਭੁੱਖੇ ਮਰਦੇ ਨਹੀਂ ਸੀ ਦੇਖ ਸਕਦਾ। ਜਿੰਨਾ ਚਿਰ ਸਾਰੇ ਡੱਬੇ ਖ਼ਾਲੀ ਨਹੀਂ ਹੋ ਗਏ, ਉਸ ਕਿਸੇ ਨੂੰ ਉਧਾਰ ਦੇਣੋਂ ਨਾਂਹ ਨਾ ਕੀਤੀ। ਉਸ ਦੀ ਘਰ ਵਾਲੀ ਨੇ ਤਾਂ ਆਪਣੀ ਰਸੋਈ ਵਿਚਲੇ ਪੀਪੇ ਵਿਚੋਂ ਵੀ ਆਟਾ ਕੱਢ ਕੇ ਦੇ ਦਿੱਤਾ ਸੀ।

ਕੱਲ੍ਹ ਦਾ ਉਹ ਖ਼ੁਦ ਹੀ ਭੁੱਖਾ ਬੈਠਾ ਸੀ।

ਕਰਫ਼ਿਊ ਹਟਿਆ ਤਾਂ ਸਭ ਦੇ ਚਿਹਰਿਆਂ ’ਤੇ ਰੌਣਕ ਆ ਗਈ। ਬਹੁਤਾ ਨਹੀਂ ਤਾਂ ਥੋੜ੍ਹਾ ਜਿਹਾ ਕੰਮ ਤਾਂ ਮਿਲੇਗਾ ਹੀ।

ਰਿਕਾਰਡ ਵਿਚ ਲੱਖ ਇਸ ਬਸਤੀ ਨੂੰ ਉੱਨਤ ਹੋਈ ਦਿਖਾਇਆ ਗਿਆ ਸੀ, ਪਰ ਅਸਲ ਵਿਚ ਇਹ ਬਸਤੀ ਪਹਿਲਾਂ ਨਾਲੋਂ ਵੀ ਨਿੱਘਰ ਗਈ ਸੀ। ਵਿਹੜੇ ਦੇ ਬਹੁਤੇ ਘਰਾਂ ਵਿਚ ਪਹਿਲਾਂ ਵਾਂਗ ਹੀ ਹਾਲੇ ਵੀ ਭੰਗ ਭੁੱਜਦੀ ਸੀ। ਸੂਰਜ ਦੀਆਂ ਪਹਿਲੀਆਂ ਕਿਰਨਾਂ ਦੇ ਨਾਲ ਹੀ ਸਾਰੇ ਘਰਾਂ ਨੂੰ ਜਿੰਦਰੇ ਵੱਜ ਜਾਂਦੇ ਸਨ। ਕਿਸੇ ਦੇ ਸਾਰੇ ਟੱਬਰ ਨੇ ਆੜ੍ਹਤੀਆਂ ਦੀਆਂ ਦੁਕਾਨਾਂ ਸੰਵਰਣ ਜਾਣਾ ਹੁੰਦੈ, ਕਿਸੇ ਨੇ ਘਰਾਂ ਦੀ ਸਫ਼ਾਈਆਂ ਲਈ। ਜੇ ਕਿਸੇ ਦਾ ਮਰਦ ਦਿਹਾੜੀ ਜਾਂਦਾ ਹੈ ਤਾਂ ਘਰ ਵਾਲੀ ਦਫ਼ਤਰ ਝਾੜੂ ਦੇਣ। ਕਿਸੇ ਨੇ ਰਿਕਸ਼ਾ ਲੈ ਕੇ ਡਾਕ ਗੱਡੀ ਤੋਂ ਉੱਤਰਨ ਵਾਲੀ ਸਵਾਰੀ ਕੋਲੋਂ ਬੋਹਣੀ ਕਰਨੀ ਹੁੰਦੀ ਹੈ ਅਤੇ ਕਿਸੇ ਨੇ ਲੇਬਰ ਚੌਂਕ ਵਿਚੋਂ। ਕਿਸੇ ਨੂੰ ਉਸ ਵਿਉਪਾਰੀ ਦੀ ਤਲਾਸ਼ ਹੁੰਦੀ ਹੈ ਜਿਸ ਨੂੰ ਬਜ਼ਾਰੋਂ ਖ਼ਰੀਦੇ ਸਮਾਨ ਨੂੰ ਪਿੰਡ ਪਹੁੰਚਾਣ ਲਈ ਰੇਹੜੇ ਦੀ ਜ਼ਰੂਰਤ ਹੁੰਦੀ ਹੈ।

ਕਈਆਂ ਦਿਨਾਂ ਤੋਂ ਕਰਫ਼ਿਊ ਕਾਰਨ ਇਹ ਤਾਣਾ-ਬਾਣਾ ਉਲਝਿਆ ਹੋਇਆ ਸੀ।

ਮੀਤੇ ਨੇ ਵੀ ਆਪਣਾ ਰੇਹੜਾ ਸ਼ਿੰਗਾਰ ਲਿਆ ਸੀ। ਉਹ ਸਬਜ਼ੀ ਮੰਡੀ ਅੱਗੇ ਜਾ ਕੇ ਆਪਣੀ ਕਿਸਮਤ ਅਜ਼ਮਾਉਣਾ ਚਾਹੁੰਦਾ ਸੀ। ਉਸ ਨੂੰ ਪਤਾ ਸੀ ਕਿ ਅਜਿਹੇ ਮੌਕਿਆਂ 'ਤੇ ਸਭ ਤੋਂ ਵੱਧ ਭੀੜ ਆਟੇ ਵਾਲੀਆਂ ਚੱਕੀਆਂ 'ਤੇ ਹੁੰਦੀ ਹੈ ਜਾਂ ਆਲੂ ਗੰਢਿਆਂ ਵਾਲੀਆਂ ਦੁਕਾਨਾਂ 'ਤੇ। ਕਰਫ਼ਿਊ ਦਾ ਕੀ ਪਤਾ ਹੈ ਕਦੋਂ ਫੇਰ ਲੱਗ ਜਾਏ ? ਢਿੱਡ ਧਾਫੜਨ ਲਈ ਘਰ ਵਿਚ ਘੱਟੋ-ਘੱਟ ਇਹਨਾਂ ਚੀਜ਼ਾਂ ਦਾ ਹੋਣਾ ਜ਼ਰੂਰੀ ਹੈ।

ਆਟੇ ਵਾਲੀਆਂ ਚੱਕੀਆਂ ਤਾਂ ਚਾਰ-ਪੰਜ ਸਨ। ਕੋਈ ਸ਼ਹਿਰ ਦੇ ਉੱਤਰ ਵਿਚ ਤੇ ਕੋਈ ਦੱਖਣ ਵਿਚ। ਮੀਤੇ ਦਾ ਨਿਸ਼ਾਨਾ ਸਬਜ਼ੀ ਮੰਡੀ ਸੀ। ਹਰ ਛੋਟਾ-ਵੱਡਾ ਦੁਕਾਨਦਾਰ ਆਪਣੇ ਵਿੱਤ ਅਨੁਸਾਰ ਆਲੂ ਗੰਢੇ ਜ਼ਰੂਰ ਖ਼ਰੀਦਣ ਪਹੁੰਚੇਗਾ।

ਬਸਤੀ ਤੋਂ ਫਾਟਕ, ਫਾਟਕ ਤੋਂ ਰੇਲਵੇ ਲਾਈਨ ਦੇ ਨਾਲ-ਨਾਲ ਉਹ ਸਟੇਸ਼ਨ ਤੇ ਪੁੱਜਾ। ਉਥੋਂ ਸਦਰ ਬਜ਼ਾਰ ਵਿਚ ਦੀ ਹੁੰਦਾ ਹੋਇਆ ਥਾਣੇ ਵੱਲ ਵਧਣ ਲੱਗਾ। ਖ਼ਿਆਲ ਸੀ ਥਾਣੇ ਪਿੱਛੋਂ ਹੋ ਕੇ ਕੱਚਾ ਕਾਲਜ ਰੋਡ ਪੈ ਕੇ ਸਬਜ਼ੀ ਮੰਡੀ ਪੁੱਜ ਜਾਏਗਾ।

ਬਜ਼ਾਰ ਲੋਕਾਂ ਨਾਲ ਖਚਾਖਚ ਭਰਿਆ ਹੋਇਆ ਸੀ। ਉਸ ਨੂੰ ਰਸਤੇ ਵਿਚੋਂ ਸਾਮਾਨ ਮਿਲਣ ਦੀ ਆਸ ਸੀ। ਇਹ ਜ਼ਰੂਰੀ ਤਾਂ ਨਹੀਂ ਸੀ ਕਿ ਸਬਜ਼ੀ ਮੰਡੀ ਵਿਚੋਂ ਹੀ ਸਾਮਾਨ ਮਿਲੇ। ਉਹ ਕਾਫ਼ੀ ਲੇਟ ਹੋ ਗਿਆ ਸੀ। ਬਸਤੀ ਵਿਚ ਖ਼ਬਰ ਹੀ ਦੇਰ ਨਾਲ ਪੁੱਜੀ ਸੀ। ਦੋ-ਚਾਰ ਰੁਪਏ ਰਾਹ ਵਿਚ ਬਣ ਜਾਣ ਤਾਂ ਚੰਗਾ ਸੀ।

ਉਹ ਤੇਜ਼-ਤੇਜ਼ ਤੁਰ ਰਿਹਾ ਸੀ। ਮੀਤੇ ਦੇ ਮੰਡੀ ਪਹੁੰਚਣ ਤਕ ਕਿਧਰੇ ਸਾਰਾ ਸਾਮਾਨ ਢੋਇਆ ਹੀ ਨਾ ਜਾ ਚੁੱਕਾ ਹੋਵੇ। ਕਰਫ਼ਿਊ ਕਾਰਨ ਮੰਡੀ ਵਿਚ ਵੀ ਤਾਂ ਮਾਲ ਥੋੜ੍ਹਾ ਹੀ ਪੁੱਜਾ ਹੋਣਾ ਹੈ।

ਬਜ਼ਾਰ ਕਈ ਦਿਨਾਂ ਬਾਅਦ ਖੁੱਲ੍ਹਾ ਸੀ। ਰੌਣਕ ਦੀ ਥਾਂ ਬਜ਼ਾਰ ਵਿਚ ਛਾਉਂਦੇ ਜਾ ਰਹੇ ਮਾਤਮ ਨੂੰ ਦੇਖ ਕੇ ਮੀਤਾ ਹੈਰਾਨ ਹੋ ਰਿਹਾ ਸੀ। ਦੁਕਾਨਦਾਰਾਂ ਨੂੰ ਖ਼ੁਸ਼ ਹੋਣਾ ਚਾਹੀਦਾ ਸੀ। ਇਹ ਕਿਹੜਾ ਮੀਤੇ ਦਾ ਰੇਹੜਾ ਹੈ ਬਈ ਜਿਹੜੀ ਦਿਹਾੜੀ ਮਰ ਗਈ ਸੋ ਮਰ ਗਈ। ਇਹਨਾਂ ਨੇ ਤਾਂ ਰੇਟ ਦੁਗਣੇ ਕਰ ਕੇ ਆਪਣਾ ਘਾਟਾ ਪੂਰਾ ਕਰ ਲੈਣਾ ਸੀ।

ਸੌਦਾ ਖ਼ਰੀਦਣ ਵਾਲੇ ਪਾਗ਼ਲਾਂ ਵਾਂਗ ਇਧਰ ਉਧਰ ਦੌੜ ਰਹੇ ਸਨ। ਔਰਤਾਂ ਅਤੇ ਬੱਚੇ ਟੋਕਰੀਆਂ ਝੋਲੇ ਚੁੱਕੀ ਫਿਰਦੇ ਸਨ। ਜਿਸ ਦੁਕਾਨ ਦਾ ਵੀ ਦਰਵਾਜ਼ਾ ਖੁੱਲ੍ਹਦਾ, ਲੋਕ ਗਿਰਝਾਂ ਵਾਂਗ ਉਸੇ ਦੁਕਾਨ 'ਤੇ ਝਪਟ ਪੈਂਦੇ।

ਦੁਕਾਨ ਪੰਜ-ਦਸ ਮਿੰਟ ਖੁੱਲ੍ਹ ਕੇ ਫਿਰ ਬੰਦ ਹੋਣੀ ਸ਼ੁਰੂ ਹੋ ਜਾਂਦੀ। ਦੁਬਾਰਾ ਬੰਦ ਹੋ ਰਹੀਆਂ ਦੁਕਾਨਾਂ ਕਾਰਨ ਹੀ ਗਾਹਕਾਂ ਵਿਚ ਹਫੜਾ-ਦਫੜੀ ਮੱਚੀ ਹੋਈ ਸੀ।

ਦੇਖਦਿਆਂ-ਦੇਖਦਿਆਂ ਮੁੜ ਸਾਰਾ ਬਜ਼ਾਰ ਬੰਦ ਹੋ ਗਿਆ। ਲੋਕ ਥਾਂ-ਥਾਂ ਇਕੱਠੇ ਹੋਣ ਲੱਗੇ। ਸਭਨਾਂ ਦੇ ਚਿਹਰਿਆਂ ’ਤੇ ਉਦਾਸੀ ਸੀ, ਮਾਤਮ ਸੀ ਅਤੇ ਗੁੱਸਾ ਵੀ। ਕਈਆਂ ਦੀਆਂ ਅੱਖਾਂ ਵਿਚ ਅੱਥਰੂ ਵੀ ਛਲਕ ਰਹੇ ਸਨ।

ਮੀਤੇ ਨੇ ਅੰਦਾਜ਼ਾ ਲਾ ਲਿਆ ਕਿ ਆਉਣ ਵਾਲਾ ਸਮਾਂ ਚੰਗਾ ਨਹੀਂ ਹੋਵੇਗਾ। ਉਹ ਫਟਾ-ਫਟ ਪੰਜ-ਚਾਰ ਰੁਪਏ ਕਮਾਉਣਾ ਚਾਹੁੰਦਾ ਸੀ। ਆਟਾ-ਕੋਟਾ ਖ਼ਰੀਦ ਕੇ ਘਰ ਸੁੱਟ ਲਏ ਤਾਂ ਚੰਗਾ ਹੈ। ਕੋਈ ਪਤਾ ਨਹੀਂ ਕਦੋਂ ਫੇਰ ਘਰੇ ਕੈਦ ਹੋਣਾ ਪਏ ਅਤੇ ਫਾਕੇ ਕੱਟਣੇ ਪੈਣ।

ਮੀਤੇ ਨੂੰ ਇੰਨਾ ਕੁ ਪਤਾ ਸੀ ਕਿ ਲਾਲਾ ਜੀ ਦਾ ਪੋਤਾ ਕਈ ਦਿਨਾਂ ਤੋਂ ਗੁੰਮ ਸੀ। ਉਸ ਨੂੰ ਦਹਿਸ਼ਤਗਰਦਾਂ ਨੇ ਕਿਤੇ ਛੁਪਾ ਰੱਖਿਆ ਸੀ। ਉਹ ਲਾਲਾ ਜੀ ਤੋਂ ਵਾਰ-ਵਾਰ ਪੰਜ ਹਜ਼ਾਰ ਰੁਪਿਆ ਮੰਗ ਰਹੇ ਸਨ। ਪੁਲਿਸ ਵਾਲਿਆਂ ਨੇ ਸਖ਼ਤੀ ਕੀਤੀ ਹੋਈ ਸੀ। ਕਈ ਦਿਨਾਂ ਤੋਂ ਘਰ-ਘਰ ਦੀ ਤਲਾਸ਼ੀ ਹੋ ਰਹੀ ਸੀ। ਇਸੇ ਲਈ ਕਰਫ਼ਿਊ ਲਾਇਆ ਗਿਆ ਸੀ।

ਇੰਨੀ ਸਖ਼ਤੀ ਬਾਅਦ ਤਾਂ ਬੰਟੀ ਲੱਭ ਜਾਣਾ ਚਾਹੀਦਾ ਸੀ। ਬੰਟੀ ਦੇ ਲੱਭ ਜਾਣ ’ਤੇ ਸ਼ਹਿਰੀਆਂ ਨੂੰ ਖ਼ੁਸ਼ ਹੋਣਾ ਚਾਹੀਦਾ ਸੀ। ਖ਼ੁਸ਼ ਹੋਣ ਦੀ ਥਾਂ ਉਹ ਨਿਰਾਸ਼ ਕਿਉਂ ਹਨ, ਮੀਤੇ ਦੀ ਸਮਝ ’ਚ ਨਹੀਂ ਸੀ ਆ ਰਿਹਾ।

ਮੀਤਾ ਮਨ ਹੀ ਮਨ ਉਸ ਸਰਕਾਰੀ ਵਕੀਲ ਦਾ ਧੰਨਵਾਦ ਕਰ ਰਿਹਾ ਸੀ ਜਿਸ ਨੇ ਉਸ ਦੀ ਹਿਸਟਰੀ-ਸ਼ੀਟ ਬੰਦ ਕਰਵਾ ਦਿੱਤੀ ਸੀ। ਅੱਜ-ਕੱਲ੍ਹ ਪੁਲਿਸ ਮੀਤੇ ਨੂੰ ਤੰਗ ਨਹੀਂ ਕਰਦੀ।

ਇਹੋ ਵਾਕਾ ਇਕ ਸਾਲ ਪਹਿਲਾਂ ਹੋਇਆ ਹੁੰਦਾ ਤਾਂ ਮੀਤੇ ਨੂੰ ਵੀ ਥਾਣੇ ਬਿਠਾਇਆ ਹੁੰਦਾ। ਕੁੱਟ-ਕੁੱਟ ਉਸ ਦੇ ਹੱਡੀਂ ਰਾਧ ਪਾਈ ਹੁੰਦੀ।

ਪਿਛਲੀਆਂ ਕੁੱਟਾਂ ਨੂੰ ਯਾਦ ਕਰ ਕੇ ਮੀਤੇ ਦੀ ਚਾਲ ਮੱਠੀ ਪੈ ਗਈ। ਉਸ ਦੇ ਮੌਰਾਂ ਵਿਚ ਦਰਦ ਦੀ ਤ੍ਰਾਟ ਉੱਠੀ। ਰੇਹੜਾ ਉਸ ਨੂੰ ਹਜ਼ਾਰਾਂ ਮਣ ਭਾਰਾ ਲੱਗਣ ਲੱਗਾ।

ਸਬਜ਼ੀ ਮੰਡੀ ਵੱਲ ਤੇਜ਼ੀ ਨਾਲ ਵਧ ਰਹੇ ਮੀਤੇ ਅੱਗੇ ਉਸ ਦਾ ਅਤੀਤ ਸੁਰਜੀਤ ਹੋਇਆ ਖੜਾ ਸੀ।

ਮੀਤੇ ਦਾ ਬਚਪਨ ਸਟੇਸ਼ਨ ਅਤੇ ਬੱਸ-ਅੱਡਿਆਂ ਦੀਆਂ ਭੀੜਾਂ ਵਿਚ ਬੀਤਿਆ ਸੀ। ਲੋਕਾਂ ਦੀਆਂ ਜੇਬਾਂ ਕੱਟਣ ਦਾ ਗੁਰ ਉਸ ਨੂੰ ਕਿਸੇ ਹੋਰ ਤੋਂ ਨਹੀਂ, ਸਗੋਂ ਆਪਣੇ ਬਾਪ ਤੋਂ ਮਿਲਿਆ ਸੀ। ਪਹਿਲਾਂ ਉਸ ਨੂੰ ਸਕੂਲ ਜਾਂਦੇ ਬੱਚਿਆਂ ਦੀਆਂ ਜੇਬਾਂ ਕੱਟਣੀਆਂ ਸਿਖਾਈਆਂ ਗਈਆਂ, ਫੇਰ ਤਮਾਸ਼ਾ ਦੇਖ ਰਹੇ ਨੌਜਵਾਨਾਂ ਦੀਆਂ ਅਤੇ ਅਖ਼ੀਰ ਵਿਚ ਬੱਸ ਚੜ੍ਹਦੀਆਂ ਸਵਾਰੀਆਂ ਦੀਆਂ। ਪਹਿਲਾਂ ਜੇਬ ਕੱਟਣ ਬਦਲੇ ਉਸ ਨੂੰ ਖਾਣ-ਪੀਣ ਦੀਆਂ ਰੱਜਵੀਆਂ ਚੀਜ਼ਾਂ ਮਿਲਦੀਆਂ ਸਨ, ਫੇਰ ਹਿੱਸਾ ਮਿਲਣ ਲੱਗਾ ਅਤੇ ਅਖ਼ੀਰ ਵਿਚ ਉਹ ਖ਼ੁਦ-ਮੁਖ਼ਤਿਆਰ ਹੋ ਗਿਆ।

ਬਾਪ ਨੇ ਧੰਦੇ ਦੇ ਲੋਕਾਂ ਨਾਲ ਉਸ ਦੀ ਜਾਣ-ਪਹਿਚਾਣ ਕਰਾਈ। ਅੱਡੇ ਵਿਚ ਦੇਸੂ ਦਾਦੇ ਨਾਲ, ਨਾਲ ਦੇ ਸਾਥੀਆਂ ਨਾਲ। ਕੁੱਲੀਆਂ ਨਾਲ ਅਤੇ ਟਰੈਫ਼ਿਕ ਦੇ ਸਿਪਾਹੀਆਂ ਨਾਲ। ਕਾਮਯਾਬੀ ਸਭ ਦੇ ਮਿਲ ਕੇ ਕੰਮ ਕਰਨ ਵਿਚ ਹੀ ਸੀ। ਕੱਟੀ ਗਈ ਜੇਬ ਵਿਚੋਂ ਕਿਸ ਨੂੰ ਕਿੰਨਾ ਹਿੱਸਾ ਦੇਣਾ ਹੈ, ਇਹ ਸਮਝਾਇਆ ਗਿਆ। ਕੌਣ ਕੀ ਮਦਦ ਕਰੇਗਾ ? ਇਸ ਦੀ ਜਾਣਕਾਰੀ ਦਿੱਤੀ। ਕੁੱਲੀਆਂ ਨੇ ਅਸਾਮੀਆਂ ਦੱਸਣੀਆਂ ਹਨ। ਸਾਮਾਨ ਢੋਂਦੇ-ਢੋਂਦੇ ਉਹ ਅੰਦਾਜ਼ਾ ਲਾਉਂਦੇ ਹਨ ਕਿ ਕਿਹੜੀ ਅਸਾਮੀ ਮਾਲਦਾਰ ਹੈ। ਫੜੇ ਜਾਣ ’ਤੇ ਤੁਹਾਨੂੰ ਦੇਸੂ ਦਾਦਾ ਨੇ ਲੋਕਾਂ ਤੋਂ ਛੁਡਾਉਣਾ ਹੈ। ਫੇਰ

ਵੀ ਦਾਲ ਨਾ ਗਲੇ ਤਾਂ ਬਾਕੀ ਦਾ ਕੰਮ ਬੱਸ-ਸਟੈਂਡ ’ਤੇ ਤਾਇਨਾਤ ਟਰੈਫ਼ਿਕ ਪੁਲਿਸ ਦਾ ਹੁੰਦਾ ਹੈ। ਉਹਨਾਂ ਦਾ ਡਿਪਟੀ ਤਕ ਹਿਸਾਬ-ਕਿਤਾਬ ਹੁੰਦਾ ਹੈ। ਆਪੇ ਨਿੱਬੜਦੇ ਰਹਿੰਦੇ ਹਨ। ਦੋ-ਚਾਰ ਥੱਪੜ ਜੜਨਗੇ। ਬੰਨ੍ਹ ਕੇ ਬਿਠਾ ਲੈਣਗੇ। ਜਦੋਂ ਲੋਕਾਂ ਦੀ ਭੀੜ ਖਿੰਡ ਜਾਏਗੀ ਤਾਂ ਇਧਰ-ਉਧਰ ਲਿਜਾ ਕੇ ਤੁਹਾਨੂੰ ਛੱਡ ਦੇਣਗੇ।

ਆਪਣੇ ਸਾਥੀਆਂ ਨਾਲ ਕੋਈ ਬੇਈਮਾਨੀ ਨਹੀਂ ਕਰਨੀ। ਕਿਸੇ ਨਾਲ ਵੀ ਠੱਗੀ ਮਾਰੀ ਤਾਂ ਧੰਦਾ ਚੌਪਟ ਹੋ ਜਾਂਦਾ ਹੈ। ਕੁੱਲੀ ਨੂੰ ਹਿੱਸਾ ਨਾ ਦਿੱਤਾ ਤਾਂ ਉਹ ਆਸਾਮੀ ਕੋਲ ਜਾਂ ਪੁਲਿਸ ਕੋਲ ਮੁਖ਼ਬਰੀ ਕਰ ਦਿੰਦੇ ਹਨ। ਪੁਲਿਸ ਨੂੰ ਪੈਸੇ ਨਾ ਪੁੱਜਣ ਤਾਂ ਮੁਕੱਦਮਾ ਬਣ ਜਾਂਦਾ ਹੈ। ਦਾਦਾ ਨਾਲ ਵਿਗੜ ਗਈ ਤਾਂ ਉਹ ਅੱਡੇ ਵਿਚ ਵੜਨੋਂ ਬੰਦ ਕਰ ਦਿੰਦੈ।

ਮੀਤੇ ਨੇ ਬੜੀ ਫ਼ੁਰਤੀ ਨਾਲ ਸਾਰੇ ਗੁਣ ਸਿੱਖੇ। ਦਿਨਾਂ ਵਿਚ ਹੀ ਅੰਬਾਲੇ ਅਤੇ ਰਾਜਪੁਰੇ ਤੱਕ ਦੇ ਅੱਡਿਆਂ ’ਤੇ ਉਹ ਕਾਬਜ਼ ਹੋ ਗਿਆ।

ਉਸ ਸਮੇਂ ਕਦੇ ਮੀਤੇ ਦੇ ਦਿਮਾਗ਼ ਵਿਚ ਵੀ ਨਹੀਂ ਸੀ ਆਇਆ ਕਿ ਦੋ ਵਕਤ ਦੀ ਰੋਟੀ ਕਮਾਉਣ ਲਈ ਉਸ ਨੂੰ ਮੰਡੀਆਂ ਸਾਹਮਣੇ ਖਲੋ ਕੇ ਘੰਟਿਆਂ ਬੱਧੀ ਇੰਤਜ਼ਾਰ ਕਰਨਾ ਪਏਗਾ ਅਤੇ ਮਣਾਂ-ਮੂੰਹੀਂ ਭਾਰ ਢੋਣਾ ਪਏਗਾ।

ਉਹ ਪਹਿਲਾਂ ਵਾਲਾ ਮੀਤਾ ਹੁੰਦਾ ਤਾਂ ਹੁਣ ਤਕ ਪੰਜ-ਚਾਰ ਸੌ ਰੁਪਿਆ ਕਮਾ ਕੇ ਕਿਸੇ ਹੋਟਲ ਵਿਚ ਬੈਠਾ ਪੈੱਗ ਲਾ ਰਿਹਾ ਹੁੰਦਾ। ਅਜਿਹਾ ਦਿਨ ਤਾਂ ਉਹਨਾਂ ਲਈ ‘ਸੀਜ਼ਨ’ ਵਾਲਾ ਦਿਨ ਹੁੰਦਾ ਹੈ। ਮਾਤਮ ਵਿਚ ਡੁੱਬੇ ਲੋਕਾਂ ਨੂੰ ਨਾ ਆਪਣੀ ਸੁਧ ਹੁੰਦੀ ਹੈ, ਨਾ ਆਲੇ-ਦੁਆਲੇ ਦੀ। ਚੁਪਕੇ ਜਿਹੇ ਜਿਸ ਮਰਜ਼ੀ ਟੋਲੀ ਵਿਚ ਜਾ ਖੜੋਵੋ। ਜਿਸ ਦੀ ਮਰਜ਼ੀ ਜੇਬ ਵਿਚੋਂ ਪਰਸ ਖਿਸਕਾ ਲਓ।

ਲੋਕਾਂ ਦੀਆਂ ਜੇਬਾਂ ਖ਼ਾਲੀ ਕਰਨ ਵਾਲੇ ਮੀਤੇ ਦੀ ਇਸ ਸਮੇਂ ਆਪਣੀ ਜੇਬ ਖ਼ਾਲੀ ਸੀ। ਉਹ ਵੀ ਸਮਾਂ ਸੀ ਜਦੋਂ ਉਸ ਦੇ ਕੰਮ ਤੋਂ ਖ਼ੁਸ਼ ਹੋ ਕੇ ਉਸ ਦੇ ਬਾਪ ਨੇ ਜੇਬ-ਤਰਾਸ਼ੀ ਦਾ ਸਾਰਾ ਕੰਮ ਉਸ ਦੇ ਹਵਾਲੇ ਕਰ ਕੇ ਆਪ ਹੋਰ ਧੰਦਾ ਅਪਣਾ ਲਿਆ ਸੀ।

ਉਸ ਦਾ ਬਾਪ ਤਰੱਕੀ ਕਰ ਕੇ ਰਾਜਸਥਾਨ ਚਲਾ ਗਿਆ ਸੀ। ਉਥੇ ਉਹ ਡਾਕੇ ਮਾਰਨ ਲੱਗਾ ਸੀ। ਇਥੋਂ ਦੇ ਕਿਸੇ ਥਾਣੇਦਾਰ ਨੇ ਉਸ ਦੀ ਜਾਣ-ਪਹਿਚਾਣ ਡਾਕੂਆਂ ਦੇ ਕਿਸੇ ਗਰੋਹ ਨਾਲ ਕਰਵਾ ਦਿੱਤੀ ਸੀ।

ਉਧਰ ਬਾਪ ਨੋਟਾਂ ਦੇ ਥੱਬੇ ਲੈ-ਲੈ ਆਉਂਦਾ, ਇਧਰ ਮੀਤਾ ਉਸਤਾਦ ਬਣ ਗਿਆ। ਮੀਤੇ ਨੇ ਪੰਜ-ਚਾਰ ਚੇਲੇ ਮੁੰਨ ਲਏ। ਜਿਹੜਾ ਵੀ ਜੇਬ ਕੱਟਦਾ, ਮੀਤੇ ਅੱਗੇ ਲਿਆ ਰੱਖਦਾ। ਉਹ ਕਈ-ਕਈ ਦਿਨ ਸ਼ਰਾਬ ਪੀਂਦੇ ਰਹਿੰਦੇ, ਮੁਰਗੇ ਖਾਂਦੇ ਅਤੇ ਚਰਸ ਪੀਂਦੇ। ਲੁਧਿਆਣੇ ਜਾ ਕੇ ਨਵੇ-ਨਵੇਂ ਕੱਪੜੇ ਖ਼ਰੀਦਦੇ, ਫ਼ਿਲਮਾਂ ਦੇਖਦੇ ਅਤੇ ਫੇਰ ਜ਼ਨਾਨੀਬਾਜ਼ੀ ਲਈ ਅੱਡਿਆਂ ’ਤੇ ਚਲੇ ਜਾਂਦੇ। ਜਿੰਨਾਂ ਚਿਰ ਸਾਰੇ ਪੈਸੇ ਮੁੱਕ ਨਾ ਜਾਂਦੇ, ਉਹ ਲੁਧਿਆਣੇ ਟਿਕੇ ਰਹਿੰਦੇ।

ਮਾੜੇ ਦਿਨ ਆਏ ਤਾਂ ਦਿਨਾਂ ਵਿਚ ਹੀ ਪਾਸਾ ਪੁੱਠਾ ਪੈ ਗਿਆ। ਰਾਜਸਥਾਨ ਪੁਲਿਸ ਨੇ ਉਸ ਦਾ ਬਾਪ ਫੜ ਲਿਆ। ਪੁਲਿਸ ਨੂੰ ਉਹ ਕਈਆਂ ਕਤਲਾਂ ਵਿਚ ਲੋੜੀਂਦਾ ਸੀ। ਸਰਕਾਰ ਨੇ ਉਸ ਦੇ ਸਿਰ ’ਤੇ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਸੀ। ਉਸ ਨੂੰ ਉਮਰ ਕੈਦ ਹੋ ਗਈ।

ਪਿੱਛੋਂ ਮੀਤੇ ਦੀ ਮਾਂ ਨੂੰ ਇਕ ਸਿਪਾਹੀ ਭਜਾ ਕੇ ਲੈ ਗਿਆ।

ਇਕੱਲੇ ਰਹਿ ਗਏ ਮੀਤੇ ਦਾ ਵੀ ਬੁਰਾ ਹਾਲ ਹੋ ਗਿਆ। ਉਹ ਕਈ ਵਾਰ ਫੜਿਆ ਜਾ ਚੁੱਕਾ ਸੀ। ਕਈ ਥਾਣਿਆਂ ਦੀ ਪੁਲਿਸ ਉਸ ਨੂੰ ਕੁਟਾਪਾ ਚਾੜ੍ਹ ਚੁੱਕੀ ਸੀ।

ਪੁਲਿਸ ਦਾ ਧੁਰਗ ਹਿੱਲ ਗਿਆ ਸੀ। ਹਰ ਕਿਸੇ ਨੇ ਆਪਣਾ ਰੇਟ ਦੁਗਣਾ ਕਰ ਦਿੱਤਾ ਸੀ। ਸਾਰੀ ਰਕਮ ਹੀ ਹੜੱਪ ਕਰਨ ਨੂੰ ਤੁਰੇ ਫਿਰਦੇ ਰਹਿੰਦੇ ਸਨ। ਜੇਬ ਪੰਜ ਸੌ ਦੀ ਕੱਟੋ, ਹਜ਼ਾਰ, ਉਹਨਾਂ ਨੂੰ ਚਾਹੀਦਾ ਸੀ। ਪੰਜਾਹ ਤਰ੍ਹਾਂ ਦੀ ਪੁਲਿਸ ਤੁਰੀ ਫਿਰਦੀ ਸੀ। ਕੋਈ ਗੁੰਡਾ ਸਟਾਫ਼ ਹੈ ਤਾਂ ਕੋਈ ਸੀ.ਆਈ.ਏ. ਇਹ ਸਿਟੀ ਦੀ ਪੁਲਿਸ ਹੈ ਅਤੇ ਇਹ ਥਾਣੇ ਦੀ। ਹਿਸਾਬ-ਕਿਤਾਬ ਕਰਦੇ-ਕਰਦੇ ਮੀਤਾ ਮਲੰਗ ਹੋ ਜਾਂਦਾ। ਜੇਬ ਚਾਹੇ ਪਟਿਆਲੇ ਕੱਟੀ ਗਈ ਹੋਵੇ ਚਾਹੇ ਅੰਮ੍ਰਿਤਸਰ, ਹਿੱਸਾ ਇਥੋਂ ਦੀ ਪੁਲਿਸ ਮੰਗ ਕੇ ਬੈਠ ਜਾਂਦੀ ਸੀ। ਭੁੱਲ-ਭੁਲੇਖੇ ਕਦੇ ਕਿਸੇ ਮੋਹਤਬਰ ਦੀ ਜਾਂ ਪੁਲਿਸ ਦੇ ਕਿਸੇ ਖ਼ਾਸ ਵਾਕਫ਼ ਦੀ ਜੇਬ ਕੱਟੀ ਜਾਂਦੀ ਤਾਂ ਉਸ ਦਾ ਸਾਰਾ ਹਰਜਾਨਾ ਮੀਤੇ ਨੂੰ ਦੇਣਾ ਪੈਂਦਾ। ਹਿੱਸੇ ਪੱਤੀਆਂ ਪੁਲਿਸ ਖਾ ਜਾਂਦੀ। ਪੈਸੇ ਜੇਬ-ਕਤਰੇ ਦੇਣ।

ਪੁਲਿਸ ਤੋਂ ਤੰਗ ਆਏ ਮੀਤੇ ਦੇ ਸਾਥੀ ਸ਼ਹਿਰ ਛੱਡ ਗਏ। ਕਈ ਕੈਦਾਂ ਕੱਟ ਰਹੇ ਸਨ। ਮੀਤਾ ਵੀ ਹੰਭ ਚੁੱਕਾ ਸੀ। ਉਸ ਨੂੰ ਕਈ ਵਾਰ ਕੈਦ ਕੱਟਣੀ ਪਈ ਸੀ। ਹਰ ਵਾਰ ਉਹ ਤੋਬਾ ਕਰ ਕੇ ਬਾਹਰ ਆਉਂਦਾ। ਆਉਂਦਿਆਂ ਹੀ ਕੋਈ ਨਾ ਕੋਈ ਪੁਲਸੀਆ ਉਸ ਦੀ ਪਿੱਠ ਥਾਪੜ ਦਿੰਦਾ।

'ਕੰਮ ਸ਼ੁਰੂ ਕਰ। ਮੈਂ ਆਪੇ ਸਾਂਭ ਲੂੰ।'

ਸਾਂਭਣਾ ਕਿਸ ਨੇ ਹੁੰਦਾ ? ਜਿੰਨਾ ਚਿਰ ਮਾਲ ਮਿਲਦਾ ਰਹਿੰਦਾ, ਮੀਤੇ ਨਾਲ ਘਿਓ ਖਿਚੜੀ ਬਣੇ ਰਹਿੰਦੇ। ਕੋਈ ਭੀੜ ਪੈ ਜਾਂਦੀ ਤਾਂ ਮੂੰਹ ਫੇਰ ਲੈਂਦੇ।

ਹਿਸਟਰੀ-ਸ਼ੀਟ ਦਾ ਕੋਹੜ ਉਸ ਨੂੰ ਚੰਬੜ ਚੁੱਕਾ ਸੀ। ਮਹੀਨੇ ਬਾਅਦ ਉਸ ਦੀ ਥਾਣੇ ਹਾਜ਼ਰੀ ਲੱਗਦੀ। ਹਾਜ਼ਰੀ ਕਾਹਦੀ ਲੱਗਦੀ ਸੀ, ਸਿਪਾਹੀ, ਮੁਨਸ਼ੀ ਤੋਂ ਲੈ ਕੇ ਥਾਣੇਦਾਰ ਤਕ ਸਭ ਦੀਆਂ ਜੇਬਾਂ ਭਰਨੀਆਂ ਪੈਂਦੀਆਂ।

ਹੱਥਾਂ ਪੈਰਾਂ ਦੇ ਨਿਸ਼ਾਨਾਂ ਤੋਂ ਲੈ ਕੇ ਫ਼ੋਟੋਆਂ ਤਕ ਥਾਣੇ ਦੀਆਂ ਮਿਸਲਾਂ ਨਾਲ ਚਿਪਕ ਗਈਆਂ। ਵਾਰਦਾਤ ਕਿਤੇ ਵੀ ਹੋਈ ਹੁੰਦੀ, ਮੀਤੇ ਦੇ ਘਰ ਦਸਤਕ ਜ਼ਰੂਰ ਹੁੰਦੀ। ਕਈ ਵਾਰ ਕਈ-ਕਈ ਥਾਣੇ ਦੇਖਣੇ ਪੈਂਦੇ। ਹਰ ਥਾਂ ਕੁੱਟ-ਮਾਰ, ਲੁੱਟ-ਖਸੁੱਟ।

ਲੁੱਟ-ਖਸੁੱਟ ਅਤੇ ਕੁੱਟ-ਮਾਰ ਯਾਦ ਕਰ ਕੇ ਮੀਤੇ ਦਾ ਭਟਕਿਆ ਮਨ ਫੇਰ ਥਾਂ ਸਿਰ ਆ ਗਿਆ। ਜੇਬਾਂ ਕੱਟਣੀਆਂ ਛੱਡ ਕੇ ਉਸ ਨੇ ਚੰਗਾ ਹੀ ਕੀਤਾ ਸੀ। ਨਹੀਂ ਤਾਂ ਬੰਟੀ ਦੇ ਗੁੰਮ ਹੁੰਦਿਆਂ ਹੀ ਉਸ ਦੀ ਹੱਡੀ-ਪਸਲੀ ਇਕ ਹੋ ਜਾਣੀ ਸੀ।

ਕਰਫ਼ਿਊ ਵਾਲੇ ਦਿਨਾਂ ਵਿਚ ਇਕ ਵਾਰ ਉਸ ਦੇ ਘਰ 'ਤੇ ਰੇਡ ਹੋ ਚੁੱਕਾ ਸੀ। ਸ਼ੁਕਰ ਸੀ ਕਿ ਉਹ ਉਸ ਸਮੇਂ ਆਪਣੇ ਘਰ ਹੀ ਸੀ। ਗਿੱਲੇ ਗੋਹੇ ਨਾਲ ਅੱਗ ਬਾਲਣ ਦੇ ਯਤਨ ਕਰਦਾ ਅੱਖਾਂ ਵਿਚੋਂ ਪਾਣੀ ਬਹਾ ਰਿਹਾ ਸੀ। ਉਸ ਨੂੰ ਹਾਜ਼ਰ ਬੈਠਾ ਦੇਖ ਕੇ ਪੁਲਿਸ ਦੀਆਂ ਅੱਖਾਂ ਠੰਢੀਆਂ ਹੋ ਗਈਆਂ ਸਨ। ਉਸ ਦੀ ਧੌਣ ਵਿਚ ਦੋ-ਚਾਰ ਜੜ ਕੇ ਹੀ ਉਹ ਖਹਿੜਾ ਛੱਡ ਗਏ ਸਨ। ਵੱਡੀਆਂ-ਵੱਡੀਆਂ ਮਾਰਾਂ ਸਹਿਣ ਵਾਲੇ ਮੀਤੇ ਲਈ ਇਹ ਤਾਂ ਝੂੰਗਾ ਹੀ ਸੀ। ਉਸ ਨੇ ਲੱਖ ਵਾਰ ਧਰਤੀ ਨਮਸਕਾਰੀ। ਉਸ ਨੂੰ ਥਾਣੇ ਨਹੀਂ ਸੀ ਲਿਜਾਇਆ ਗਿਆ।

ਮੀਤੇ ਦੇ ਥਾਣੇ ਨੇੜੇ ਪਹੁੰਚਦਿਆਂ-ਪਹੁੰਚਦਿਆਂ ਮੁੜ ਸਾਰਾ ਬਜ਼ਾਰ ਖ਼ਾਲੀ ਹੋ ਗਿਆ। ਲੋਕ ਸੌਦਾ-ਪੱਤਾ ਖ਼ਰੀਦਣਾ ਵਿਚੇ ਛੱਡ ਕੇ ਘਰਾਂ ਨੂੰ ਮੁੜ ਪਏ। ਲੋਕਾਂ ਵਿਚਲੀ ਫੁਰਤੀ ਖੰਭ ਬਣ ਗਈ ਸੀ। ਲੱਗਦਾ ਸੀ ਉਹਨਾਂ ਦੀ ਭੁੱਖ ਮਿਟ ਗਈ ਜਾਂ ਫੇਰ ਉਹਨਾਂ ਨੂੰ ਸੌਦੇ-ਪੱਤੇ ਦੀ ਜ਼ਰੂਰਤ ਹੀ ਨਹੀਂ ਰਹੀ।

"ਕੀ ਗੱਲ ਹੋ ਗਈ ਬਈ ?" ਆਖ਼ਰ ਮੀਤੇ ਨੇ ਕੋਲੋਂ ਲੰਘਦੇ ਇਕ ਰਿਕਸ਼ੇ ਵਾਲੇ ਤੋਂ ਪੁੱਛਿਆ।

"ਕੀ ਦੱਸਾਂ ਭਰਾਵਾ! ਕਹਿੰਦੇ ਕੋਈ ਬੰਟੀ ਦੀ ਲਾਸ਼ ਡੰਗਰਾਂ ਵਾਲੇ ਹਸਪਤਾਲ ਵਿਚ ਸੁੱਟ ਗਿਐ। ਪਤਾ ਨੀ ਕਿਹੋ ਜੇ ਦਿਨ ਆ ਗੇ। ਮਨਾਂ 'ਚ ਜਮਾਂ ਈ ਕਿਰਕ ਨੀ ਰਹੀ, ਭਾਣਾ ਵਰਤ ਗਿਐ।" ਸੰਖੇਪ 'ਚ ਸਾਰਾ ਕਿੱਸਾ ਸੁਣਾ ਕੇ ਰਿਕਸ਼ੇ ਵਾਲਾ ਤੇਜ਼-ਤੇਜ਼ ਪੈਡਲ ਮਾਰਨ ਲੱਗਾ। ਉਹ ਵੀ ਜਲਦੀ-ਜਲਦੀ ਚਾਰ ਰੁਪਏ ਕਮਾਉਣ ਦੀ ਤਮੰਨਾ ਰੱਖਦਾ ਸੀ।

ਮੀਤੇ ਨੂੰ ਸਾਰਾ ਮਾਜਰਾ ਸਮਝ ਆ ਗਿਆ। ਉਸ ਦਾ ਆਪਣਾ ਦਿਲ ਵੀ ਧੱਕ-ਧੱਕ ਕਰਨ ਲੱਗਾ। ਉਸ ਦੀਆਂ ਅੱਖਾਂ ਸਿੰਮ ਆਈਆਂ, ਇਹ ਸੱਚਮੁੱਚ ਅੱਤਿਆਚਾਰ ਸੀ।

ਮੀਤਾ ਵੀ ਜੇਬਾਂ ਕੱਟਦਾ ਰਿਹਾ ਸੀ, ਪਰ ਉਸ ਨੇ ਤਾਂ ਕਦੇ ਕਿਸੇ ਭਈਏ ਜਾਂ ਮਾੜੇ ਮੰਗਤੇ ਦੀ ਜੇਬ ਨਹੀਂ ਸੀ ਕੱਟੀ। ਹਮੇਸ਼ਾ ਮੋਟੀਆਂ ਅਸਾਮੀਆਂ ਨੂੰ ਹੀ ਹੱਥ ਪਾਇਆ ਸੀ। ਉਹਨਾਂ ਨੇ ਬਦਲਾ ਲੈਣਾ ਸੀ ਤਾਂ ਲਾਲੇ ਤੋਂ ਲੈਂਦੇ। ਬੰਟੀ ਨੇ ਕੀ ਵਿਗਾੜਿਆ ਸੀ ? ਉਂਝ ਤਾਂ ਲਾਲੇ ਦਾ ਵੀ ਕੀ ਕਸੂਰ ਸੀ ? ਪੈਸੇ ਚਾਹੀਦੇ ਹਨ ਤਾਂ ਬੈਂਕ ਲੁੱਟਣ। ਲਾਲੇ ਕੋਲ ਵੀ ਕੀ ਹੈ ? ਉਹ ਵੀ ਤਾਂ ਮਸਾਂ ਦਿਨ-ਕੱਟੀ ਕਰਦਾ ਹੈ।

ਅਜਿਹੇ ਜ਼ੁਲਮ ਖ਼ਿਲਾਫ਼ ਰੋਸ ਪ੍ਰਗਟ ਕਰਨ ਲਈ ਕਿਸੇ ਨੂੰ ਹੜਤਾਲ ਦਾ ਸੱਦਾ ਦੇਣ ਦੀ ਜ਼ਰੂਰਤ ਨਹੀਂ ਸੀ। ਜਿੰਨਾ ਚਿਰ ਮਾਸੂਮ ਦੀ ਲਾਸ਼ ਸ਼ਹਿਰੀਆਂ ਦੀਆਂ ਅੱਖਾਂ ਅੱਗੇ ਪਈ ਸੀ, ਉੱਨਾ ਚਿਰ ਕਿਸ ਪੱਥਰਦਿਲ ਇਨਸਾਨ ਦਾ ਮਨ ਕਰੇਗਾ ਕਿ ਉਹ ਗੱਦੀ 'ਤੇ ਬੈਠ ਕੇ ਆਰਾਮ ਨਾਲ ਸੌਦਾ ਵੇਚੇ ਜਾਂ ਕੋਈ ਠੰਢੇ ਦਿਮਾਗ਼ ਨਾਲ ਸੌਦਾ ਖ਼ਰੀਦੇ।

ਜੇ ਜ਼ਾਲਮਾਂ ਦੇ ਦਿਲ ਪਸੀਜ ਸਕਣ ਤਾਂ ਮੀਤਾ ਵੀ ਰੇੜ੍ਹਾ ਖੜਾ ਕਰ ਕੇ ਹੜਤਾਲ ਵਿਚ ਸ਼ਾਮਲ ਹੋਣ ਲਈ ਤਿਆਰ ਸੀ ਭਾਵੇਂ ਉਸ ਨੂੰ ਕਈ ਦਿਨ ਭੁੱਖਾ ਹੀ ਰਹਿਣਾ ਪਏ। ਉਸ ਨੂੰ ਪਤਾ ਸੀ ਮੁਜਰਮਾਂ 'ਤੇ ਇਹਨਾਂ ਜਲਸੇ-ਜਲੂਸਾਂ ਅਤੇ ਹੜਤਾਲਾਂ ਦਾ ਕੋਈ ਅਸਰ ਨਹੀਂ ਹੁੰਦਾ। ਉਹ ਖ਼ੁਦ ਵੀ ਤਾਂ ਉਹਨਾਂ ਵਿਚ ਰਹਿ ਚੁੱਕਾ ਸੀ। ਤੜਪਦੇ ਲੋਕਾਂ ਨੂੰ ਦੇਖ ਕੇ ਤਾਂ ਸਗੋਂ ਉਹਨਾਂ ਨੂੰ ਖ਼ੁਸ਼ੀ ਹੁੰਦੀ ਹੈ।

"ਜਾਣੀ ਕੇ ਬੰਟੀ ਦਾ ਕਤਲ ਹੋ ਗਿਆ।" ਇਹ ਖ਼ਿਆਲ ਆਉਂਦਿਆਂ ਹੀ ਮੀਤੇ ਨੂੰ ਚੱਕਰ ਆਉਣ ਲੱਗੇ।

"ਓ ਮੇਰਿਆ ਰੱਬਾ! ਇਕ ਕੰਮ ਹੋਰ ਕਰੀਂ। ਔਖਾ-ਸੌਖਾ ਕਾਤਲਾਂ ਨੂੰ ਵੀ ਫੜਾ ਹੀ ਦੇਈਂ, ਨਹੀਂ ਤਾਂ ਮੇਰੇ ਵਰਗੇ ਸੈਂਕੜੇ ਬੰਦਿਆਂ ਦਾ ਕੜ੍ਹੀਆ ਹੋ ਜੂ।" ਦੁਆ ਕਰਦੇ ਮੀਤੇ ਦਾ ਮਨ ਸਰਕਾਰੀ ਵਕੀਲ ਦੀ ਕੋਠੀ ਵੱਲ ਦੌੜਨ ਨੂੰ ਕਾਹਲਾ ਪੈ ਰਿਹਾ ਸੀ। ਉਸ ਦੇ ਆਖਣ 'ਤੇ ਹੀ ਪੁਲਿਸ ਨੇ ਉਸ ਦੀ ਹਿਸਟਰੀ-ਸ਼ੀਟ ਬੰਦ ਕਰ ਦਿੱਤੀ ਸੀ, ਪਰ ਇਹ ਕਤਲ ਦਾ ਮਾਮਲਾ ਸੀ। ਕੀ ਪਤੈ ਕਦੋਂ ਪੁਲਿਸ ਪੁਰਾਣਾ ਬਸਤਾ ਖੋਲ੍ਹ ਲਏ।

ਕਤਲਾਂ ਦੇ ਮਾਮਲਿਆਂ 'ਚ ਸਰਕਾਰੀ ਵਕੀਲਾਂ ਨੂੰ ਕੌਣ ਪੁੱਛਦੈ ? ਇਹ ਸੋਚਦਿਆਂ ਓਹ ਆਪਣਾ ਰੇੜ੍ਹਾ ਧੂੰਹਦਾ ਰਿਹਾ।

'ਜੇ ਫੜ ਵੀ ਲਿਆ ਤਾਂ ਗੁਰਮੀਤ ਆਪੇ ਛੁਡਾ ਲਏਗਾ।' ਗੁਰਮੀਤ ਦਾ ਯਾਦ ਆਉਂਦਿਆਂ ਹੀ ਉਸ ਦੇ ਮਨ ਨੂੰ ਕੁਝ ਧਰਵਾਸ ਮਿਲੀ।

ਇਹ ਇਹੋ ਸਰਕਾਰੀ ਵਕੀਲ ਸੀ ਜਿਸ ਨੇ ਮੀਤੇ ਨੂੰ ਸਿੱਧੇ ਰਾਹ ਪਾਇਆ ਸੀ।

ਸ਼ਰਾਬੀ ਹੋਏ ਮੀਤੇ ਨੂੰ ਬੱਸ ਸਟੈਂਡ ਵਿਚ ਹੁੱਲੜਬਾਜ਼ੀ ਕਰਦਿਆਂ ਪੁਲਿਸ ਨੇ ਫੜ ਲਿਆ ਸੀ। ਉਹ ਕਈ ਦਿਨਾਂ ਤੋਂ ਥਾਣੇ ਬੈਠਾ ਸੀ। ਗੁਰਮੀਤ ਸ਼ਹਿਰ 'ਚ ਨਵਾਂ ਬਦਲ ਕੇ ਆਇਆ ਸੀ।

ਪਟਿਆਲੇ ਤੋਂ ਉਸ ਦਾ ਸਾਮਾਨ ਚੁੱਕ ਕੇ ਲਿਆਉਣ ਲਈ ਕੁਝ ਮਜ਼ਦੂਰਾਂ ਦੀ ਜ਼ਰੂਰਤ ਸੀ। ਇਕ ਤਾਂ ਮੀਤਾ ਹਾਜ਼ਰ ਸੀ। ਸਵੇਰ ਦਾ ਵਕਤ ਹੁੰਦਾ ਤਾਂ ਮਜ਼ਦੂਰ ਲੇਬਰ ਚੌਂਕ ਵਿਚੋਂ ਲੈ ਆਉਂਦੇ। ਦਸ ਵਜੇ ਤਕ ਚੌਂਕ ਖ਼ਾਲੀ ਹੋ ਜਾਂਦਾ ਸੀ। ਹੋਰ ਕੋਈ ਰਾਹ ਨਾ ਲੱਭਾ ਤਾਂ ਉਹਨਾਂ ਬੱਸ-ਅੱਡੇ ਵਿਚੋਂ ਤਿੰਨ-ਚਾਰ ਰਿਕਸ਼ੇ ਵਾਲੇ ਫੜ ਲਿਆਂਦੇ। ਜੁਰਮ ਦਾ ਕੀ ਹੈ ? ਜਿਹੜਾ ਮਰਜ਼ੀ ਸਿਰ ਮੜ੍ਹ ਦਿਉ। ਉਹਨਾਂ ਰਿਕਸ਼ੇ ਗ਼ਲਤ ਥਾਂ ਖੜ੍ਹਾਏ ਸਨ। ਉਹਨਾਂ ਨੂੰ ਸਰਕਾਰੀ ਵਕੀਲ ਦਾ ਸਾਮਾਨ ਚੁੱਕ ਲਿਆਉਣ ਦੀ ਸਜ਼ਾ ਦਿੱਤੀ ਗਈ ਸੀ।

ਮੀਤਾ ਮਹੀਨਾ-ਮਹੀਨਾ ਥਾਣੇ ਬੈਠਾ ਰਹਿੰਦਾ ਸੀ। ਵਿਹਲੇ ਮੀਤੇ ਤੋਂ ਪੁਲਿਸ ਵਗਾਰ ਕਰਾਉਂਦੀ ਰਹਿੰਦੀ। ਕਦੇ ਡਿਪਟੀ ਥਾਣੇਦਾਰ ਵਾਢੀਆਂ ਗੋਡੀਆਂ ਲਈ ਆਪਣੇ ਫ਼ਾਰਮਾਂ 'ਤੇ ਲੈ ਜਾਂਦੇ। ਦਿਹਾੜੀ ਤਾਂ ਕੀ ਦੇਣੀ ਸੀ, ਕਦੇ ਕਿਸੇ ਨੇ ਰੱਜਵਾਂ ਖਾਣ-ਪੀਣ ਨੂੰ ਵੀ ਨਹੀਂ ਸੀ ਦਿੱਤਾ।

ਇਸ ਸਰਕਾਰੀ ਵਕੀਲ ਦੇ ਕੰਮ ਨਿਆਰੇ ਸਨ। ਵਾਪਸ ਆਉਂਦਿਆਂ ਹੀ ਉਸ ਨੇ ਰਿਕਸ਼ੇ ਵਾਲਿਆਂ ਤੋਂ ਪੁੱਛਿਆ ਕਿ ਉਹ ਕਿੰਨੇ ਰੁਪਏ ਦਿਹਾੜੀ ਕਮਾਉਂਦੇ ਹਨ। ਉਹਨਾਂ ਡਰਦਿਆਂ ਦਸ ਰੁਪਏ ਦਿਹਾੜੀ ਦਾ ਹਿਸਾਬ ਦੱਸਿਆ। ਉਸ ਨੇ ਝੱਟ ਪੰਦਰਾਂ-ਪੰਦਰਾਂ ਰੁਪਏ ਉਹਨਾਂ ਦੇ ਹੱਥ ਫੜਾ ਦਿੱਤੇ।

ਗੁਰਮੀਤ ਨੂੰ ਇਸ ਤਰ੍ਹਾਂ ਰੁਪਏ ਵੰਡਦੇ ਦੇਖ ਕੇ ਮੀਤੇ ਨੇ ਆਪਣੀ ਸਾਰੀ ਕਹਾਣੀ ਉਸ ਨੂੰ ਸੁਣਾ ਦਿੱਤੀ।

ਮੀਤੇ ਨੂੰ ਲੱਗਾ ਸੀ ਜਿਵੇਂ ਦੁਨੀਆਂ ਦੇ ਸਾਰੇ ਮੁਜਰਮਾਂ ਦਾ ਦਰਦ ਗੁਰਮੀਤ ਦੀ ਛਾਤੀ 'ਚ ਛੁਪਿਆ ਹੋਇਆ ਸੀ। ਉਸ ਨੇ ਮੀਤੇ 'ਤੇ ਸਵਾਲਾਂ ਦੀ ਝੜੀ ਲਾ ਦਿੱਤੀ।

ਉਸ ਵਰਗੇ ਛੋਟੇ ਮੁਜਰਮ ਤਾਂ ਪੁਲਿਸ ਦੇ ਘਰ ਭਰਨ ਲਈ ਹੀ ਜੁਰਮ ਕਰਦੇ ਹਨ। ਉਹਨਾਂ ਦੀ ਖੱਟੀ ਕਮਾਈ ਸਭ ਪੁਲਿਸ ਖਾ ਜਾਂਦੀ ਹੈ। ਮੁਜਰਮਾਂ ਪੱਲੇ ਰਹਿ ਜਾਂਦੀ ਹੈ ਕੁੱਟ, ਕੈਦ ਜਾਂ ਉਹਨਾਂ ਗ਼ਰੀਬਾਂ ਦੀਆਂ ਦੁਰਸੀਸਾਂ ਜਿਹੜੇ ਉਹਨਾਂ ਦੇ ਜੁਰਮਾਂ ਦੇ ਸ਼ਿਕਾਰ ਹੁੰਦੇ ਸਨ। ਮੀਤੇ ਪੱਲੇ ਕੀ ਸੀ ? ਕੁਝ ਵੀ ਨਹੀਂ। ਫਟੇ ਕੱਪੜੇ, ਭੁੱਖਾ ਢਿੱਡ।

ਗੁਰਮੀਤ ਦੀ ਪ੍ਰੇਰਨਾ 'ਤੇ ਉਸ ਨੇ ਜੇਬਾਂ ਕੱਟਣੀਆਂ ਛੱਡ ਦਿੱਤੀਆਂ।

ਪਹਿਲਾਂ ਉਸ ਨੇ ਰਿਕਸ਼ਾ ਚਲਾਇਆ। ਡਰਦੀਆਂ ਸਵਾਰੀਆਂ ਉਸ ਦੇ ਰਿਕਸ਼ੇ 'ਚ ਨਾ ਬੈਠਿਆ ਕਰਨ। ਕੀ ਪਤੈ ਕਿਥੇ ਖੜਾ ਕਰ ਕੇ ਲੁੱਟ ਲਏ।

ਰਿਕਸ਼ਾ ਛੱਡ ਕੇ ਦਿਹਾੜੀ ਲਈ ਚੌਂਕ 'ਚ ਖੜ੍ਹਨ ਲੱਗਾ। ਕੋਈ ਡਰਦਾ ਘਰ ਨਾ ਵਾੜੇ। ਮਿਸਤਰੀ ਸਿਰ ਹਿਲਾ ਦਿਆ ਕਰਨ। ਕਿਸੇ ਮਿਸਤਰੀ ਦਾ ਮੂੰਹ ਸਿਰ ਕਾਲਾ ਕਰਾਏਗਾ।

ਮੀਤਾ ਹਿੰਮਤ ਹਾਰਨ ਲੱਗਾ ਤਾਂ ਮੁੜ ਗੁਰਮੀਤ ਨੇ ਸੰਭਾਲਿਆ। ਕਿਸੇ ਆਪਣੇ ਵਾਕਫ਼ ਬੈਂਕ ਮੈਨੇਜਰ ਤੋਂ ਕਰਜ਼ਾ ਮਨਜ਼ੂਰ ਕਰਵਾ ਕੇ ਰੇੜ੍ਹਾ ਖ਼ਰੀਦ ਦਿੱਤਾ।

ਥੋੜ੍ਹਾ ਬਹੁਤ ਕੰਮ ਮਿਲਣ ਲੱਗਾ ਤਾਂ ਮੱਥੇ ਲੱਗਾ ਕਲੰਕ ਫੇਰ ਉਸ ਦਾ ਪਿੱਛਾ ਕਰਨ ਲੱਗਾ।

ਇਕ ਵਾਰ ਲੇਖਕਾਂ ਦਾ ਕਾਲਜ 'ਚ ਬਹੁਤ ਵੱਡਾ ਇਕੱਠ ਹੋਇਆ। ਦੋ ਦਿਨ ਲੰਗਰ ਚੱਲਿਆ। ਜਦੋਂ ਪ੍ਰੋਗਰਾਮ ਖ਼ਤਮ ਹੋਇਆ ਤਾਂ ਇਕ ਲੇਖਕ ਨੇ ਬਚੇ ਸਾਮਾਨ ਨੂੰ ਮੋੜਨ ਲਈ ਉਸ ਨੂੰ ਬੁਲਾ ਲਿਆ। ਮੀਤਾ ਉਸ ਲੇਖਕ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਬੜੇ ਵਧੀਆ ਭਾਸ਼ਣ ਦਿਆ ਕਰਦਾ ਸੀ। ਮੀਤੇ ਵਰਗਿਆਂ ਨੂੰ ਹਿੱਕ ਨਾਲ ਲਾਉਣ ਦੀਆਂ ਗੱਲਾਂ ਕਰਿਆ ਕਰਦਾ ਸੀ। ਉਸ ਦੀਆਂ ਕਈ ਕਿਤਾਬਾਂ ਛਪ ਚੁੱਕੀਆਂ ਸਨ ਅਤੇ ਲੋਕ ਉਸ ਨੂੰ ਗ਼ਰੀਬਾਂ ਦਾ ਹਾਮੀ ਆਖਦੇ

ਸਨ। ਮੀਤੇ ਨੂੰ ਵੀ ਉਹ ਉਹਨਾਂ ਦਾ ਹਮਦਰਦ ਲੱਗਾ। ਜਿੰਨੇ ਪੈਸੇ ਮੀਤੇ ਨੇ ਮੰਗੇ, ਉਸ ਨੇ ਉਨੇ ਹੀ ਦੇਣੇ ਮੰਨ ਲਏ।

ਮੀਤਾ ਸਾਮਾਨ ਲੱਦ ਦੇ ਬਜ਼ਾਰ ਨੂੰ ਤੁਰ ਪਿਆ। ਲੇਖਕ ਸਾਹਿਬ ਕਿਸੇ ਨਾਲ ਗੱਲੀਂ ਪੈ ਗਏ। ਸਾਮਾਨ ਕਿਸ ਦੁਕਾਨ 'ਤੇ ਲਿਜਾਣਾ ਹੈ, ਮੀਤੇ ਨੂੰ ਕੁਝ ਨਹੀਂ ਸੀ ਦੱਸਿਆ ਗਿਆ। ਉਹ ਲੇਖਕ ਨੂੰ ਗਲੀ-ਗਲੀ, ਦੁਕਾਨ-ਦੁਕਾਨ ਲੱਭਦਾ ਰਿਹਾ।

ਮੀਤੇ ਨੂੰ ਲੇਖਕ ਉਦੋਂ ਲੱਭਾ ਜਦੋਂ ਇਕ ਸਿਪਾਹੀ ਨੇ ਮੀਤੇ ਨੂੰ ਗਰਦਨੋਂ ਆ ਫੜਿਆ। ਲੇਖਕ ਨੇ ਮੀਤੇ ਖ਼ਿਲਾਫ਼ ਰਿਪੋਰਟ ਦਰਜ ਕਰਾਈ ਸੀ। ਲੇਖਕ ਆਪਣੀ ਗ਼ਲਤੀ 'ਤੇ ਪਛਤਾ ਰਿਹਾ ਸੀ। ਉਸ ਨੇ ਜੇਬ-ਕਤਰੇ ਇਨਸਾਨ 'ਤੇ ਇਤਬਾਰ ਕੀਤਾ ਸੀ। ਮੀਤਾ ਸਾਮਾਨ ਲੈ ਕੇ ਗ਼ਾਇਬ ਹੋ ਚੁੱਕਾ ਸੀ।

ਮੀਤੇ ਦੀ ਕਿਸੇ ਨਾ ਸੁਣੀ। ਮੁਕੱਦਮਾ ਦਰਜ ਅਤੇ ਰੇੜ੍ਹਾ ਜ਼ਬਤ।

ਗੁਰਮੀਤ ਨੇ ਲੇਖਕ ਦੇ ਹਾੜੇ ਕੱਢ ਕੇ ਮਸਾਂ ਰਾਜ਼ੀਨਾਮਾ ਕਰਾਇਆ।

ਬਾਕੀ ਤਾਂ ਸਭ ਠੀਕ ਹੋ ਗਿਆ ਪਰ ਮੀਤੇ ਦੀ ਬਦਨਾਮੀ ਕਾਰਨ ਕੰਮ ਮੱਠਾ ਪੈ ਗਿਆ। ਕਈ ਦੁਕਾਨਦਾਰ ਉਸ ਨੂੰ ਸਾਮਾਨ ਚੁਕਾਉਣੋਂ ਡਰਨ ਲੱਗੇ।

ਕੁਝ ਵੀ ਸੀ। ਮੀਤਾ ਆਪਣੇ ਇਰਾਦੇ 'ਤੇ ਡਟਿਆ ਹੋਇਆ ਸੀ। ਪੂਰਾ ਇਕ ਸਾਲ ਹੋ ਗਿਆ ਸੀ, ਉਸ ਨੇ ਕਿਸੇ ਦੀ ਜੇਬ ਵੱਲ ਤੱਕਿਆ ਵੀ ਨਹੀਂ ਸੀ।

"ਇਹ ਸਾਰੀ ਸ਼ਰਾਰਤ ਪੁਲਿਸ ਦੀ ਹੈ। ਲਾਸ਼ ਮਿਲੀ ਤਾਂ ਖੰਡ ਮਿੱਲ ਵਾਲੇ ਭੱਠੇ ਕੋਲੋਂ ਹੈ। ਇਹ ਆਖਦੇ ਨੇ ਡੰਗਰਾਂ ਵਾਲੇ ਹਸਪਤਾਲ ਵਿਚ ਪਈ ਸੀ.....ਨਿਰਾ ਝੂਠ।"

ਰੇੜ੍ਹੇ ਪਿੱਛੇ ਗੱਲਾਂ ਕਰਦੀ ਆਉਂਦੀ ਇਕ ਟੋਲੀ ਨੇ ਮੀਤੇ ਦਾ ਧਿਆਨ ਉਖੇੜਿਆ।

"ਰਾਮ ਬਾਗ ਦਾ ਮਾਲੀ ਦੱਸਦਾ ਸੀ ਕਿ ਅੱਜ ਸਵੇਰੇ ਜਦੋਂ ਉਹ ਗਊਆਂ ਨੂੰ ਪਾਣੀ ਪਿਆਉਣ ਲਈ ਗਊਸ਼ਾਲਾ ਵਿਚ ਗਿਆ ਤਾਂ ਪੁਲਿਸ ਦੀ ਇਕ ਜੀਪ ਗੇਟ ਕੋਲ ਆ ਕੇ ਰੁਕੀ। ਕੁਝ ਬੰਦੇ ਜੀਪ ਵਿਚੋਂ ਉਤਰ ਕੇ ਹਸਪਤਾਲ ਵੱਲ ਚਲੇ ਗਏ। ਉਹਨਾਂ ਦੇ ਹੱਥਾਂ ਵਿਚ ਕੁਝ ਫੜਿਆ ਹੋਇਆ ਸੀ। ਮਿੰਟ ਕੁ ਬਾਅਦ ਉਹ ਮੁੜ ਆਏ। ਉਹ ਜ਼ਰੂਰ ਲਾਸ਼ ਸੁੱਟ ਕੇ ਗਏ ਹੋਣਗੇ।

ਦੂਸਰਾ ਨੌਜਵਾਨ ਪਹਿਲੇ ਦੀ ਪੁਸ਼ਟੀ ਕਰ ਰਿਹਾ ਸੀ।

ਹਸਪਤਾਲ ਦੇ ਪਿੱਛੇ ਰਹਿੰਦੇ ਧੰਨੇ ਝਟਕਈ ਨੇ ਵੀ ਇਹੋ ਦੱਸਿਆ ਹੈ। ਉਸ ਨੇ ਰਾਤ ਪੁਲਿਸ ਨੂੰ ਟਾਰਚਾਂ ਮਾਰਦੇ ਅਤੇ ਇਸੇ ਕਮਰੇ ਵਿਚ ਘੁੰਮਦਿਆਂ ਦੇਖਿਆ।

ਤੇਜ਼-ਤੇਜ਼ ਤੁਰਦੀਆਂ ਕਈ ਟੋਲੀਆਂ ਮੀਤੇ ਦੇ ਕੋਲੋਂ ਦੀ ਲੰਘ ਗਈਆਂ।

ਮੀਤੇ ਨੇ ਅੰਦਾਜ਼ਾ ਲਾ ਲਿਆ ਸੀ ਕਿ ਇਹ ਸਾਰੇ ਲੋਕ ਡੰਗਰਾਂ ਦੇ ਹਸਪਤਾਲ ਵੱਲ ਹੀ ਵਹੀਰਾਂ ਘੱਤ ਰਹੇ ਸਨ।

"ਪੁਲਿਸ ਆਖਦੀ ਹੈ ਕਿ ਉਹਨਾਂ ਨੂੰ ਕਿਸੇ ਨੇ ਟੈਲੀਫ਼ੋਨ 'ਤੇ ਇਤਲਾਹ ਦਿੱਤੀ ਸੀ ਕਿ ਲਾਸ਼ ਹਸਪਤਾਲ ਵਿਚ ਪਈ ਹੈ। ਟੈਲੀਫ਼ੋਨ ਵਾਲੇ ਕਹਿੰਦੇ ਹਨ ਕਿ ਰਾਤ ਕਿਸੇ ਬਾਹਰਲੇ ਬੰਦੇ ਨੇ ਪੁਲਿਸ ਨਾਲ ਫ਼ੋਨ 'ਤੇ ਗੱਲ ਨਹੀਂ ਕੀਤੀ। ਜਿਹੜੇ ਲੋਕਾਂ ਨੇ ਥਾਣੇ ਫ਼ੋਨ ਕੀਤੇ ਉਹਨਾਂ ਦੀ ਪੂਰੀ ਲਿਸਟ ਮਹਿਕਮੇ ਵਾਲਿਆਂ ਕੋਲ ਹੈ। ਫ਼ੋਨ ਦਰਵੇਸ਼ ਨੇ ਕੀਤਾ ਸੀ ਜਾਂ ਸੰਘ ਵਾਲਿਆਂ ਨੇ.....ਹਨੇਰ ਮੱਚਿਆ ਪਿਐ।"

ਮੀਤੇ ਕੋਲੋਂ ਲੰਘਦਾ ਕੋਈ ਹੋਰ ਆਖ ਰਿਹਾ ਸੀ।

ਸਰਕਾਰੀ ਹਸਪਤਾਲ ਸਾਹਮਣੇ ਬਣੇ ਚੌਕ ਕੋਲ ਆ ਕੇ ਮੀਤਾ ਰੁਕ ਗਿਆ। ਇਥੋਂ ਦੋ ਰਾਹ ਫਟਦੇ ਸਨ। ਇਕ ਰਾਮ ਬਾਗ ਦੇ ਕੋਲ ਦੀ ਹੋ ਕੇ ਭਦੌੜ ਵਾਲੀ ਸੜਕ ਜਾ ਚੜ੍ਹਦਾ ਸੀ। ਰਸਤੇ ਵਿਚੋਂ ਇਕ ਸੜਕ ਡੰਗਰਾਂ ਵਾਲੇ ਹਸਪਤਾਲ ਨੂੰ ਫਟਦੀ ਸੀ। ਦੂਸਰਾ ਰਸਤਾ ਕੱਚਾ ਕਾਲਜ ਰੋਡ ਸੀ, ਜਿਸ 'ਤੇ ਸਬਜ਼ੀ ਮੰਡੀ ਪੈਂਦੀ ਸੀ।

ਬੰਟੀ ਦੇ ਕਤਲ ਦੀ ਖ਼ਬਰ ਸਾਰੇ ਸ਼ਹਿਰ ਵਿਚ ਫੈਲ ਚੁੱਕੀ ਸੀ। ਸਾਰਾ ਸ਼ਹਿਰ ਬੰਦ ਹੋ ਗਿਆ ਸੀ। ਸਬਜ਼ੀ ਮੰਡੀ ਦੇ ਖੁੱਲ੍ਹੇ ਰਹਿਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੀਤੇ ਨੂੰ ਕੋਈ ਕੰਮ ਮਿਲਣ ਦੀ ਸੰਭਾਵਨਾ ਨਜ਼ਰ ਨਹੀਂ ਸੀ ਆ ਰਹੀ।

ਉਹ ਰਾਮ ਬਾਗ ਵਾਲੇ ਰਾਹ ਪੈ ਗਿਆ। ਬਾਗ ਵਿਚ ਰੇੜ੍ਹਾ ਖੜਾ ਕਰ ਕੇ ਉਹ ਹਸਪਤਾਲ ਵੱਲ ਤੁਰ ਪਿਆ।

✶

# 16

ਹਸਪਤਾਲ ਦੇ ਛੋਟੇ ਜਿਹੇ ਅਹਾਤੇ ਵਿਚ ਲੱਗਦਾ ਸੀ ਜਿਵੇਂ ਸਾਰਾ ਸ਼ਹਿਰ ਹੀ ਉਮੜ ਆਇਆ ਹੋਵੇ।

ਟਾਹਲੀ ਦੇ ਦਰੱਖ਼ਤ ਹੇਠ ਡਾਕਟਰ ਨੇ ਮੇਜ਼ ਕੁਰਸੀਆਂ ਲਗਵਾ ਦਿੱਤੀਆਂ ਸਨ। ਦੋ ਮੰਜੇ ਵੀ ਡਾਹੇ ਗਏ ਸਨ। ਵਿਚਕਾਰਲੀ ਕੁਰਸੀ ਡਿਪਟੀ ਲਈ ਖ਼ਾਲੀ ਰੱਖੀ ਗਈ ਸੀ। ਬਾਕੀ ਥਾਣੇਦਾਰਾਂ ਅਤੇ ਹੌਲਦਾਰਾਂ ਨੇ ਮੱਲ ਰੱਖੀਆਂ ਸਨ। ਮੰਜੀਆਂ ਉਪਰ ਸਿਪਾਹੀਆਂ ਨੇ ਡੇਰਾ ਲਾਇਆ ਹੋਇਆ ਸੀ।

ਡਾਕਟਰ ਦੀ ਕੋਠੀਉਂ ਚਾਹ ਆ ਗਈ। ਟਰੇਅ ਵਿਚ ਸੱਜਿਆ ਇਕ ਟੀ-ਸੈੱਟ ਮੇਜ਼ 'ਤੇ ਰੱਖਿਆ ਗਿਆ। ਸਿਪਾਹੀਆਂ ਨੂੰ ਚਾਹ ਕੱਚ ਦੇ ਗਲਾਸਾਂ ਵਿਚ ਵਰਤਾਈ ਗਈ।

ਸਿਟੀ ਇੰਚਾਰਜ ਨਾਲੇ ਚਾਹ ਦੀਆਂ ਚੁਸਕੀਆਂ ਲੈ ਰਿਹਾ ਸੀ ਨਾਲੇ ਹੌਲਦਾਰ ਨੂੰ ਕੁਝ ਲਿਖਵਾ ਰਿਹਾ ਸੀ। ਥਾਣੇਦਾਰ ਵਾਰ-ਵਾਰ ਆਲੇ-ਦੁਆਲੇ ਦਾ ਜਾਇਜ਼ਾ ਲੈਂਦਾ ਅਤੇ ਫੇਰ ਲਿਖਾਉਣ ਲੱਗਦਾ।

ਹੌਲਦਾਰ ਨੇ ਵੀ ਸਨਮਾਇਕੇ ਦੀ ਫੱਟੀ 'ਤੇ ਸਫ਼ੈਦ ਕਾਗ਼ਜ਼ ਬੜੇ ਸਲੀਕੇ ਨਾਲ ਰੱਖੇ ਹੋਏ ਸਨ। ਉਹ ਚਿਣ-ਚਿਣ ਕੇ ਅੱਖਰ ਪਾ ਰਿਹਾ ਸੀ। ਉਸ ਦੀ ਸੁੰਦਰ ਲਿਖਾਈ ਸਾਰੇ ਜ਼ਿਲ੍ਹੇ ਵਿਚ ਮਸ਼ਹੂਰ ਸੀ।

ਜਿਥੇ ਪੁਲਿਸ ਪਾਰਟੀ ਬੈਠੀ ਸੀ, ਉਸ ਦੇ ਬਿਲਕੁਲ ਸਾਹਮਣੇ ਵਾਲੇ ਕਮਰੇ ਵਿਚ ਇਕ ਦਰੀ ਦਾ ਟੁਕੜਾ ਦਿਖਾਈ ਦੇ ਰਿਹਾ ਸੀ। ਦਰੀ ਦੇ ਸਿਰੇ 'ਤੇ ਇਕ ਕਾਲਾ ਧੱਬਾ ਜਿਹਾ ਨਜ਼ਰ ਆਉਂਦਾ ਸੀ, ਜਿਹੜੇ ਬੱਚੇ ਦੇ ਵਾਲਾਂ ਦੀ ਝਲਕ ਦਿਵਾਉਂਦਾ ਸੀ। ਉਥੇ ਕੁਝ ਹੋਰ ਨਜ਼ਰ ਨਹੀਂ ਸੀ ਆ ਰਿਹਾ।

ਸਾਰੀ ਭੀੜ ਦਾ ਇਕੋ ਨਿਸ਼ਾਨਾ ਸੀ। ਕਿਵੇਂ ਨਾ ਕਿਵੇਂ ਉਸ ਉਜਾੜ ਕਮਰੇ ਅੰਦਰ ਝਾਤ ਮਾਰੀ ਜਾਵੇ। ਬੰਟੀ ਦੇ ਚਿਹਰੇ ਨੂੰ ਨਿਹਾਰਿਆ ਜਾ ਸਕੇ। ਪੁਲਿਸ ਦਾ ਵੀ ਉਨਾ ਹੀ ਜ਼ੋਰ ਲੱਗਾ ਹੋਇਆ ਸੀ ਕਿ ਲੱਗਦੇ ਹੱਥ ਕੋਈ ਬੰਦਾ ਲਾਸ਼ ਦੇ ਸੌ ਗਜ਼ ਦੇ ਘੇਰੇ ਅੰਦਰ ਨਾ ਜਾ ਸਕੇ। ਇਸ ਕੰਮ ਲਈ ਪੁਲਿਸ ਨੂੰ ਪੂਰੀ ਸਖ਼ਤੀ ਵਰਤਣੀ ਪੈ ਰਹੀ ਸੀ। ਇਕ ਵਾਰ ਭੀੜ ਨੂੰ ਪਿਛਾਂਹ ਧੱਕਣ ਲਈ ਪੁਲਿਸ ਨੂੰ ਹਲਕਾ ਲਾਠੀਚਾਰਜ ਵੀ ਕਰਨਾ ਪਿਆ ਸੀ। ਲੋਕ ਸਨ ਕਿ ਟਲ ਹੀ ਨਹੀਂ ਸੀ ਰਹੇ। ਧੱਕੇ ਮਾਰ-ਮਾਰ ਫੇਰ ਅੱਗੇ ਆ ਜਾਂਦੇ।

ਭੀੜ ਵਿਚ ਸ਼ਾਮਲ ਹੋਇਆ ਹਰ ਨਵਾਂ ਆਦਮੀ ਪਹਿਲਾਂ ਲਾਸ਼ ਵੱਲ ਨੂੰ ਹੀ ਝੁਕਦਾ। ਡਿਪਟੀ ਭੀੜ ਵਿਚ ਘੁੰਮ ਰਿਹਾ ਸੀ। ਉਹ ਲੋਕਾਂ ਨੂੰ ਸਮਝਾ ਰਿਹਾ ਸੀ। ਲੋਕਾਂ ਦੇ ਲਾਸ਼ ਦੇ ਨੇੜੇ ਜਾਣ ਨਾਲ ਬਹੁਤ ਸਾਰੇ ਸਬੂਤਾਂ ਦੇ ਮਿਟ ਜਾਣ ਦਾ ਖ਼ਤਰਾ ਸੀ। ਉਹਨਾਂ ਕਾਤਲਾਂ ਦੀ ਸ਼ਨਾਖ਼ਤ

ਕਰਨ ਲਈ ਕੁੱਤੇ, ਖੋਜੀ ਅਤੇ ਉਂਗਲਾਂ ਦੇ ਨਿਸ਼ਾਨਾਂ ਦੇ ਮਾਹਿਰ ਬੁਲਾਏ ਹੋਏ ਸਨ। ਜੇ ਭੀੜ ਲਾਸ਼ ਤਕ ਪਹੁੰਚ ਗਈ ਤਾਂ ਸਭ ਗੁੜ ਗੋਬਰ ਹੋ ਜਾਣਾ ਸੀ।

ਕਈ ਸਿਆਣੇ ਬੰਦੇ ਤਾਂ ਟਲ ਕੇ ਇਕ ਪਾਸੇ ਜਾ ਬੈਠੇ, ਪਰ ਬਹੁਤਿਆਂ 'ਤੇ ਇਹਨਾਂ ਗੱਲਾਂ ਦਾ ਕੋਈ ਅਸਰ ਨਹੀਂ ਸੀ ਹੋ ਰਿਹਾ।

ਮੀਤਾ ਵੀ ਭੀੜ ਵਿਚ ਗੁਆਚ ਗਿਆ। ਉਸ ਦਾ ਮਨ ਵੀ ਬੰਟੀ ਦੀ ਝਲਕ ਲਈ ਕਾਹਲਾ ਪਿਆ ਹੋਇਆ ਸੀ। ਕਈ ਵਾਰ ਕੂਹਣੀਆਂ ਨਾਲ ਲੋਕਾਂ ਨੂੰ ਪਿੱਛੇ ਹਟਾ ਕੇ ਉਹ ਭੀੜ ਦੀ ਪਹਿਲੀ ਕਤਾਰ ਤਕ ਪਹੁੰਚਣ ਵਿਚ ਕਾਮਯਾਬ ਹੋ ਚੁੱਕਾ ਸੀ। ਭੀੜ ਨੂੰ ਕਾਬੂ ਕਰ ਰਹੇ ਸਾਰੇ ਹੀ ਪੁਲਸੀਏ ਉਸ ਨੂੰ ਜਾਣਦੇ ਸਨ। ਅੱਖਾਂ ਕੱਢ ਕੇ ਪਿਛਾਂਹ ਧੱਕ ਦਿੰਦੇ।

ਕੁਲਵੰਤ ਸਿਪਾਹੀ ਨੇ ਤਾਂ ਉਸ ਦਾ ਮੋਢਾ ਹੀ ਆ ਫੜਿਆ। ਇਸ਼ਾਰੇ ਨਾਲ ਸਮਝਾ ਦਿੱਤਾ ਕਿ ਉਸ ਨੇ ਮੀਤੇ ਨੂੰ ਇਥੇ ਘੁੰਮਦਿਆਂ ਦੇਖ ਲਿਆ ਹੈ। ਮੀਤਾ ਜਿਹੜੀ ਵੀ ਜੇਬ ਕੱਟੇ ਚੁੱਪ ਕਰ ਕੇ ਉਸ ਦਾ ਹਿੱਸਾ ਘਰ ਪਹੁੰਚਾ ਦੇਵੇ।

ਮੀਤੇ ਦੀਆਂ ਉਂਗਲਾਂ ਕਈ ਵਾਰ ਮੋਟੀਆਂ-ਮੋਟੀਆਂ ਜੇਬਾਂ ਨਾਲ ਘਿਸਰੀਆਂ ਵੀ। ਉਸ ਦਾ ਮਨ ਵੀ ਲਲਚਾਇਆ। ਕਦੇ-ਕਦੇ ਜੇਬ ਮਾਰਨ ਵਿਚ ਕੀ ਹਰਜ ਹੈ ? ਫਾਕੇ ਤਾਂ ਨਹੀਂ ਕੱਟਣੇ ਪੈਣੇ। ਪਰ ਉਹ ਮਨ 'ਤੇ ਕਾਬੂ ਪਾਉਂਦਾ ਰਿਹਾ। ਇਕ ਵਾਰ ਵੀ ਉਹ ਪਾਪ ਕਰ ਬੈਠਾ ਤਾਂ ਦੁਬਾਰਾ ਉਹੋ ਚੱਕਰ ਸ਼ੁਰੂ ਹੋ ਜਾਣਾ ਸੀ। ਕਈ ਪੁਲਸੀਏ ਉਸ ਨੂੰ ਇਥੇ ਫਿਰਦੇ ਨੂੰ ਦੇਖ ਚੁੱਕੇ ਹਨ। ਉਹ ਭਾਵੇਂ ਜੇਬ ਨਾ ਕੱਟੇ, ਕਿਸੇ ਦਾ ਬਟੂਆ ਗੁੰਮ ਹੋ ਜਾਣ 'ਤੇ ਵੀ ਉਸੇ ਨੂੰ ਫੜਿਆ ਜਾਣਾ ਸੀ। ਉਹ ਉਂਗਲਾਂ 'ਤੇ ਕਾਬੂ ਰੱਖਦਾ ਰਿਹਾ।

ਰਮੇਸ਼ ਹੌਲਦਾਰ ਨੇ ਮੀਤੇ ਨੂੰ ਭੀੜ ਵਿਚ ਖੜਾ ਦੇਖ ਕੇ ਦੋ ਮੌਰਾਂ ਵਿਚ ਜੜ੍ਹ ਦਿੱਤੀਆਂ। ਨਾਲੇ ਉੱਚੀ-ਉੱਚੀ ਚਿੱਲਾਇਆ :

"ਭੈਣ ਦਿਆ ਖਸਮਾ, ਇਥੇ ਤਾਂ ਰਹਿਣ ਦੇ। ਲੋਕਾਂ ਦੀਆਂ ਅੱਖਾਂ 'ਚੋਂ ਤਾਂ ਅੱਥਰੂ ਨਹੀਂ ਸੁੱਕਦੇ ਤੇ ਤੂੰ ਜੇਬਾਂ 'ਤੇ ਨਜ਼ਰ ਟਿਕਾਈ ਫਿਰਦੈਂ।"

ਰਮੇਸ਼ ਦੀ ਬੜ੍ਹਕ ਨਾਲ ਮੀਤੇ ਦਾ ਧੁਰ ਅੰਦਰ ਤਕ ਹਿੱਲ ਗਿਆ। ਭੀੜ ਵੀ ਸਹਿਮ ਗਈ। ਸਾਰੇ ਮੀਤੇ ਵੱਲ ਕੌੜ-ਕੌੜ ਅੱਖਾਂ ਨਾਲ ਦੇਖਣ ਲੱਗੇ। ਉਹਨਾਂ ਨੂੰ ਮੀਤਾ ਬੰਟੀ ਦੇ ਕਾਤਲਾਂ ਜਿੰਨਾ ਹੀ ਗੁਨਾਹਗਾਰ ਲੱਗਾ। ਸਾਰਿਆਂ ਨੇ ਆਪਣੀਆਂ-ਆਪਣੀਆਂ ਜੇਬਾਂ 'ਤੇ ਹੱਥ ਮਾਰੇ ਅਤੇ ਪੈਸਾ ਟਕਾ ਥਾਂ ਸਿਰ ਪਾ ਕੇ ਸੁੱਖ ਦਾ ਸਾਹ ਲਿਆ।

ਮੀਤੇ ਦਾ ਮਨ ਮਸੋਸਿਆ ਗਿਆ। ਉਹ ਉੱਚੀ-ਉੱਚੀ ਚਿੱਲਾ ਕੇ ਸਾਰੀ ਪੁਲਿਸ ਅਤੇ ਭੀੜ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਹੁਣ ਜੇਬ-ਕਤਰਾ ਨਹੀਂ ਰਿਹਾ। ਉਹ ਰੇੜ੍ਹਾ ਵਾਹੁਣ ਵਾਲਾ ਇਕ ਮਜ਼ਦੂਰ ਹੈ। ਇਕ ਸਾਲ ਤੋਂ ਹੱਕ ਹਲਾਲ ਦੀ ਰੋਟੀ ਖਾਂਦਾ ਹੈ, ਪਰ ਉਸ ਦੀ ਜੀਭ ਤਾਲੂਏ ਨਾਲ ਹੀ ਲੱਗੀ ਰਹੀ। ਇਕ ਮੁਜਰਮ ਦੇ ਸੱਚ ਨੂੰ ਕਿਸ ਨੇ ਮਾਨਤਾ ਦੇਣੀ ਸੀ ?

ਮੀਤੇ ਦਾ ਮਨ ਕੀਤਾ, ਉਹ ਇਥੋਂ ਕਿਧਰੇ ਹੋਰ ਚਲਾ ਜਾਵੇ, ਪਰ ਕਿੱਥੇ ? ਕੁਝ ਸਮਝ ਨਾ ਆਇਆ। ਸਾਰਾ ਸ਼ਹਿਰ ਤਾਂ ਇਥੇ ਪਹੁੰਚ ਹੀ ਗਿਆ ਸੀ। ਸਾਰੇ ਕੰਮ-ਕਾਰ ਠੱਪ ਹੋ ਗਏ ਸਨ। ਉਸ ਨੂੰ ਰੁਜ਼ਗਾਰ ਮਿਲਣੋਂ ਰਿਹਾ। ਘਰੇ ਵਿਹਲਾ ਪੈ-ਪੈ ਕੇ ਉਹ ਥੱਕ ਚੁੱਕਾ ਸੀ।

ਉਥੋਂ ਹਟ ਕੇ ਉਹ ਭੀੜ ਦੀ ਉਸ ਸਾਈਡ ਵੱਲ ਚਲਾ ਗਿਆ, ਜਿਥੇ ਉਸੇ ਵਰਗੇ ਚੂਹੜੇ, ਚਮਾਰ, ਮਜ਼ਦੂਰ ਅਤੇ ਜਮਾਂਦਾਰ ਖੜੇ ਸਨ। ਉਥੇ ਨਾ ਕਿਸੇ ਦੀ ਜੇਬ 'ਚ ਕੋਈ ਪੈਸਾ ਸੀ, ਨਾ

ਜੇਬ-ਕਤਰੇ ਤੋਂ ਕੋਈ ਖ਼ਤਰਾ। ਅੱਧੇ ਨਾਲੋਂ ਵੱਧ ਲੋਕ ਉਸ ਨੂੰ ਨਿੱਜੀ ਤੌਰ 'ਤੇ ਜਾਣਦੇ ਸਨ। ਲੋੜ ਪੈਣ 'ਤੇ ਉਸ ਦੀ ਈਮਾਨਦਾਰੀ ਦੀ ਜ਼ਮਾਨਤ ਦੇ ਸਕਦੇ ਸਨ।

ਇਥੇ ਸਿਪਾਹੀ ਵੀ ਘੱਟ-ਵੱਧ ਹੀ ਚੱਕਰ ਮਾਰਦੇ ਸਨ। ਮੀਤਾ ਕਿਸੇ ਦੀ ਨਜ਼ਰ ਵੀ ਨਹੀਂ ਪਏਗਾ।

ਬੇਫ਼ਿਕਰ ਹੋ ਕੇ ਉਥੇ ਖੜੋਤਾ ਮੀਤਾ ਆਰਾਮ ਨਾਲ ਪੁਲਿਸ ਦੀ ਕਾਰਵਾਈ ਵੇਖਦਾ ਰਿਹਾ।

ਸਭ ਤੋਂ ਪਹਿਲਾਂ ਕੁੱਤਿਆਂ ਵਾਲਾ ਸੁਕਾਇਡ ਆਇਆ। ਉਨ੍ਹਾਂ ਨੂੰ ਇਕ ਮਾਰੂਤੀ ਵੈਨ ਵਿਚ ਸੰਗਰੂਰੋਂ ਲਿਆਂਦਾ ਗਿਆ ਸੀ। ਤਿੰਨਾਂ ਕੁੱਤਿਆਂ ਨਾਲ ਇਕ-ਇਕ ਉਸਤਾਦ ਸੀ।

ਆਉਂਦੇ ਹੀ ਉਹ ਕੰਮ ਵਿਚ ਰੁੱਝ ਜਾਣਾ ਚਾਹੁੰਦੇ ਸਨ। ਪਰ ਡਿਪਟੀ ਨੇ ਉਹਨਾਂ ਨੂੰ ਰੋਕ ਲਿਆ। ਕੁੱਤੇ ਦੂਰੋਂ ਆਏ ਸਨ, ਥੱਕੇ ਹੋਣਗੇ। ਬਿੰਦ-ਝੱਟ ਆਰਾਮ ਕਰਨ।

ਇਕ ਸਿਪਾਹੀ ਚਾਹ ਵਾਲੀ ਟਰੇਅ ਚੁੱਕ ਲਿਆਇਆ ਅਤੇ ਦੂਜਾ ਬਿਸਕੁਟਾਂ ਵਾਲੀ। ਉਸਤਾਦਾਂ ਨੂੰ ਆਪਣੇ ਨਾਲੋਂ ਜ਼ਿਆਦਾ ਆਪਣੇ ਕੁੱਤਿਆਂ ਦਾ ਖ਼ਿਆਲ ਸੀ। ਆਪ ਉਹ ਇਕ ਬਿਸਕੁਟ ਖਾਂਦੇ ਸਨ ਪਰ ਕੁੱਤਿਆਂ ਨੂੰ ਚਾਰ ਦਿੰਦੇ ਸਨ।

ਕੁੱਤਿਆਂ ਨੂੰ ਭੀੜ ਵੱਲ ਤੱਕਦਿਆਂ ਦੇਖ ਕੇ ਮੀਤਾ ਭੀੜ ਦੀ ਆਖ਼ਰੀ ਕਤਾਰ ਵੱਲ ਖਿਸਕ ਗਿਆ। ਇਹਨਾਂ ਕੁੱਤਿਆਂ ਨਾਲ ਉਸ ਦਾ ਇਕ ਵਾਰ ਵਾਹ ਪੈ ਚੁੱਕਾ ਸੀ। ਇਹਨਾਂ ਕੰਬਖ਼ਤਾਂ ਨੇ ਜਿਸ ਨੂੰ ਵੀ ਮੂੰਹ ਲਾ ਦਿੱਤਾ, ਉਸੇ ਦੀ ਸ਼ਾਮਤ ਆ ਜਾਣੀ ਸੀ।

ਮੀਤਾ ਉਸ ਸਮੇਂ ਫਸ ਗਿਆ ਸੀ ਜਦੋਂ ਬੈਂਕ ਮੈਨੇਜਰ ਦੇ ਘਰ ਚੋਰੀ ਹੋਈ ਸੀ। ਗਹਿਣੇ, ਕੱਪੜੇ ਅਤੇ ਟੀ.ਵੀ. ਤਕ ਸਭ ਕੁਝ ਚੋਰੀ ਹੋ ਗਿਆ ਸੀ। ਥਾਵਾਂ ਸੁੰਘਦੇ ਕੁੱਤਿਆਂ ਨੂੰ ਦੇਖ ਕੇ ਮੀਤਾ ਵੀ ਉਥੇ ਖੜੋ ਗਿਆ।

ਇਕ ਕੁੱਤੇ ਨੇ ਉਸ ਦਾ ਅਜਿਹਾ ਝੱਗਾ ਫੜਿਆ ਕਿ ਛੱਡਣ ਦਾ ਨਾਂ ਹੀ ਨਾ ਲਏ। ਜੱਜ ਤਕ ਕਿਸੇ ਨੇ ਵੀ ਮੀਤੇ ਦੀ ਗੱਲ ਨਾ ਸੁਣੀ। ਮੀਤੇ ਦਾ ਪੁਰਾਣਾ ਰਿਕਾਰਡ ਹੀ ਉਸ ਨੂੰ ਦੋਸ਼ੀ ਠਹਿਰਾਉਣ ਲਈ ਕਾਫ਼ੀ ਸੀ। ਝੂਠੀਆਂ-ਸੱਚੀਆਂ ਚੀਜ਼ਾਂ ਦੀ ਬਰਾਮਦਗੀ ਮੀਤੇ ਸਿਰ ਮੜ੍ਹ ਕੇ ਉਸ ਨੂੰ ਪੁਲਿਸ ਨੇ ਛੇ ਮਹੀਨੇ ਦੀ ਸਜ਼ਾ ਕਰਾ ਦਿੱਤੀ ਸੀ।

ਇਥੇ ਕਤਲ ਦਾ ਮਸਲਾ ਸੀ। ਉਮਰ ਕੈਦ ਹੋਣੀ ਸੀ। ਡਰਦਾ ਮੀਤਾ ਬਹੁਤ ਪਿਛਾਂਹ ਹਟ ਕੇ ਖੜੋ ਗਿਆ।

"ਇਹ ਵੀ ਹੋ ਸਕਦਾ ਹੈ ਕਿ ਕੁੱਤੇ ਉਸਤਾਦਾਂ ਨੇ ਸਿਖਾ ਰੱਖੇ ਹੋਣ। ਉਸਤਾਦ ਦੇ ਇਸ਼ਾਰੇ 'ਤੇ ਉਹ ਮੀਤੇ ਵਰਗੇ ਦਾ ਝੱਗਾ ਫੜ ਲੈਂਦੇ ਹੋਣ। ਇਹਨਾਂ ਕੁੱਤਿਆਂ ਦੇ ਉਸਤਾਦ ਮੀਤੇ ਨੂੰ ਚੰਗੀ ਤਰ੍ਹਾਂ ਪਹਿਚਾਣਦੇ ਸਨ।" ਮੀਤਾ ਸੋਚ ਰਿਹਾ ਸੀ।

ਉਂਝ ਮੀਤੇ ਨੂੰ ਪਤਾ ਸੀ ਕਿ ਇਹ ਡਰਾਮਾ ਹੀ ਸੀ। ਕਿਸੇ ਕੁੱਤੇ ਨੇ ਬੱਸਾਂ ਦੇ ਅੱਡੇ 'ਚ ਜਾ ਕੇ ਰੁਕ ਜਾਣਾ ਸੀ ਅਤੇ ਕਿਸੇ ਨੇ ਚੌਰਸਤੇ ਵਿਚ। ਕਿਸੇ ਨੂੰ ਪੈਟਰੋਲ ਦੀ ਬੂ ਨੇ ਭੰਬਲਭੂਸਿਆਂ ਵਿਚ ਪਾ ਦੇਣਾ ਸੀ ਅਤੇ ਕਿਸੇ ਨੂੰ ਸੈਂਟਾਂ ਦੀ ਖ਼ੁਸ਼ਬੂ ਨੇ। ਪੁਰਾਣੇ ਜ਼ਮਾਨੇ ਤਾਂ ਰਹੇ ਨਹੀਂ ਕਿ ਮੁਜਰਮ ਨੂੰ ਕਈ-ਕਈ ਮੀਲ ਤੁਰ ਕੇ ਜਾਣਾ ਪਏ। ਮਿੰਟ-ਮਿੰਟ 'ਤੇ ਬੱਸਾਂ, ਰੇਲ-ਗੱਡੀਆਂ ਚੱਲਦੀਆਂ ਹਨ। ਦੋ ਘੰਟਿਆਂ 'ਚ ਚਾਹੇ ਤੁਸੀਂ ਚੰਡੀਗੜ੍ਹ ਪਹੁੰਚ ਜਾਓ। ਕੁੱਤੇ ਦਿੰਦੇ ਰਹਿਣ ਗੇੜੇ। ਅੱਜ-ਕੱਲ੍ਹ ਦੇ ਮੁਜਰਮ ਵੀ ਇੰਨੇ ਅਣਜਾਣ ਨਹੀਂ ਕਿ ਉਹਨਾਂ ਨੂੰ ਕੁੱਤਿਆਂ ਦੀਆਂ ਆਦਤਾਂ ਦਾ ਪਤਾ ਨਾ ਹੋਵੇ। ਉਹਨਾਂ ਨੂੰ ਕੁੱਤਿਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਵੀਹ ਤਰੀਕੇ ਆਉਂਦੇ ਹਨ। ਘੰਟਾ

ਅੱਧਾ ਘੰਟਾ ਟੱਕਰਾਂ ਮਾਰ ਕੇ ਇਹਨਾਂ ਕੁੱਤਿਆਂ ਨੇ ਬੂਥੀਆਂ ਚੁੱਕ ਕੇ ਖੜੋ ਜਾਣਾ ਸੀ। ਉਸਤਾਦਾਂ ਦਾ ਟੀ.ਏ. ਡੀ.ਏ. ਬਣ ਜਾਣਾ ਸੀ ਅਤੇ ਪੁਲਿਸ ਦੀ ਕਾਰਵਾਈ ਪੈ ਜਾਣੀ ਸੀ।

ਮਨ ਪਰਚਾਉਣ ਲਈ ਮੀਤਾ ਦੂਰ ਖੜ੍ਹਾ ਕੁੱਤਿਆਂ ਦਾ ਤਮਾਸ਼ਾ ਦੇਖਦਾ ਰਿਹਾ। ਪਹਿਲਾਂ ਕੁੱਤਿਆਂ ਨੂੰ ਬੰਟੀ ਦੀ ਲਾਸ਼ ਸੁੰਘਾਈ ਗਈ। ਫੇਰ ਦਰੀ ਅਤੇ ਆਖ਼ਿਰ ਵਿਚ ਕਮਰਾ।

ਕੁਝ ਮਿੰਟਾਂ ਬਾਅਦ ਕੁੱਤੇ ਉਸਤਾਦਾਂ ਨੂੰ ਧੂਹਣ ਲੱਗੇ।

ਇਕ ਕੁੱਤਾ ਉਸਤਾਦ ਨੂੰ ਰਾਮ ਬਾਗ ਵੱਲ ਲੈ ਤੁਰਿਆ। ਹੁੱਲੜਬਾਜ਼ੀ ਕਰਦੀ ਅੱਧੀ ਭੀੜ ਕੁੱਤੇ ਪਿੱਛੇ ਲੱਗ ਗਈ।

ਦੂਜੇ ਦੋਹਾਂ ਨੂੰ ਕੋਈ ਰਾਹ ਨਾ ਲੱਭਾ। ਮੁੜ-ਮੁੜ ਉਹ ਉਸਤਾਦਾਂ ਦੇ ਪੈਰਾਂ ਵਿਚ ਲਿਟਣ ਲੱਗੇ।

ਕੁੱਤਿਆਂ ਨੂੰ ਇਕ ਵਾਰ ਫੇਰ ਬੰਟੀ ਦੁਆਲੇ ਲਿਜਾਇਆ ਗਿਆ। ਇਕ ਵਾਰ ਦਰੀ ਨੂੰ ਪਾਸੇ ਕਰ ਕੇ ਬੰਟੀ ਨੂੰ ਸੁੰਘਾਇਆ ਗਿਆ।

ਕੁੱਤੇ ਵਧੇਰੇ ਚੁਸਤ ਹੋ ਗਏ। ਉਹ ਇੰਨਾ ਜ਼ੋਰ ਦਿਖਾ ਰਹੇ ਸਨ ਕਿ ਉਸਤਾਦਾਂ ਨੂੰ ਉਹਨਾਂ ਦੀਆਂ ਸੰਗਲੀਆਂ ਕਾਬੂ ਰੱਖਣੀਆਂ ਔਖੀਆਂ ਹੋ ਗਈਆਂ।

ਬੱਬਰ ਸ਼ੇਰ ਵਰਗਾ ਇਕ ਕੁੱਤਾ ਰਮੇਸ਼ ਹੌਲਦਾਰ ਨੂੰ ਚੰਬੜ ਗਿਆ। ਕੁੱਤੇ ਨੇ ਉਹਦੀ ਪੈਂਟ ਪਾੜ ਦਿੱਤੀ ਅਤੇ ਹੱਥਾਂ ਨੂੰ ਬੁਰਕ ਮਾਰਨ ਦੀ ਕੋਸ਼ਿਸ਼ ਕਰਨ ਲੱਗਾ। ਉਸਤਾਦ ਹੈਰਾਨ ਹੋਇਆ ਉਸ ਨੂੰ ਪੁਚਕਾਰਨ ਲੱਗਾ। ਕੁੱਤਾ ਇਹ ਕੀ ਕਰਨ ਲੱਗਾ ਸੀ ? ਰਮੇਸ਼ ਤਾਂ ਪੁਲਿਸ ਦਾ ਹੌਲਦਾਰ ਸੀ, ਕੋਈ ਮੁਜਰਮ ਨਹੀਂ।

"ਫੜੋ-ਫੜੋ ਇਸ ਹੌਲਦਾਰ ਨੂੰ। ਫੜਦੇ ਕਿਉਂ ਨਹੀਂ ?" ਭੀੜ ਵਿਚੋਂ ਕਿਸੇ ਨੇ ਆਵਾਜ਼ਾਂ ਕੱਸੀਆਂ।

ਰਮੇਸ਼ ਦਾ ਰੰਗ ਪੀਲਾ ਭੂਕ ਹੋ ਗਿਆ। ਉਸ ਦੀਆਂ ਲੱਤਾਂ ਕੰਬਣ ਲੱਗੀਆਂ। ਮੱਥੇ 'ਤੇ ਪਸੀਨੇ ਦੀਆਂ ਬੂੰਦਾਂ ਟਪਕ ਪਈਆਂ। ਕਦੇ ਉਹ ਡਿਪਟੀ ਵੱਲ ਤੱਕਦਾ ਅਤੇ ਕਦੇ ਭੌਂਕ ਰਹੇ ਕੁੱਤੇ ਵੱਲ।

ਚੁੱਪ ਖੜੇ ਡਿਪਟੀ ਨੂੰ ਦੇਖ ਕੇ ਬਾਂਸ ਬਾਹੀਆਂ ਵਾਲਾ ਪ੍ਰੇਮ ਤਿੜਕ ਉਠਿਆ। ਕੁੱਤਾ ਸਾਫ਼ ਇਸ਼ਾਰੇ ਕਰ ਰਿਹਾ ਹੈ, ਪੁਲਿਸ ਕੋਈ ਕਾਰਵਾਈ ਨਹੀਂ ਕਰਦੀ। ਕਿਸ ਨੂੰ ਨਹੀਂ ਪਤਾ ਪੁਲਿਸ ਆਪ ਦਹਿਸ਼ਤਗਰਦਾਂ ਨਾਲ ਮਿਲੀ ਹੋਈ ਹੈ। ਇਸ ਕਾਂਡ ਵਿਚ ਵੀ ਪੁਲਿਸ ਦੀ ਮਿਲੀ ਭੁਗਤ ਹੋ ਸਕਦੀ ਹੈ। ਇੰਨੀਆਂ ਤਲਾਸ਼ੀਆਂ ਦੇ ਬਾਵਜੂਦ ਵੀ ਕਾਤਲ ਇਸੇ ਸ਼ਹਿਰ ਵਿਚ ਲੁਕੇ ਰਹੇ, ਖਾਂਦੇ-ਪੀਂਦੇ ਰਹੇ ਅਤੇ ਚਿੱਠੀਆਂ ਵੀ ਲਿਖਦੇ ਰਹੇ। ਜਦੋਂ ਮਨ 'ਤੇ ਆਈ ਬੱਚੇ ਨੂੰ ਮਾਰ ਕੇ ਲਾਸ਼ ਇਥੇ ਸੁੱਟ ਗਏ। ਅੱਧੀ ਪੁਲਿਸ ਉਹਨਾਂ ਨਾਲ ਰਲੀ ਹੋਈ ਹੈ ਅਤੇ ਬਾਕੀ ਡਰੀ ਹੋਈ ਹੈ। ਕੁੱਤਾਂ ਤਾਂ ਕਿਸੇ ਦਾ ਸਿਖਾਇਆ ਹੋਇਆ ਨਹੀਂ।

"ਇਸ ਪੁਲਸੀਏ ਨੂੰ ਫੜਿਆ ਜਾਏ।" ਪ੍ਰੇਮ ਨੇ ਇਕ ਵਾਰ ਫੇਰ ਆਵਾਜ਼ਾ ਕੱਸਿਆ। ਉਸ ਨਾਲ ਬੰਦੂਕਾਂ ਵਾਲਾ ਸ਼ਿੰਦੀ ਵੀ ਸਹਿਮਤ ਸੀ। ਜਦੋਂ ਪੁਲਿਸ ਚੋਰੀਆਂ ਡਕੈਤੀਆਂ ਕਰ ਸਕਦੀ ਹੈ ਤਾਂ ਇਹ ਕੰਮ ਵੀ ਫੜ ਲਿਆ ਹੋਵੇਗਾ। ਇਥੋਂ ਪੈਸੇ ਚੰਗੇ ਮਿਲਦੇ ਹੋਣਗੇ।

ਉਹ ਉਸ ਬੁੱਢੀ ਦੀ ਕਹਾਣੀ ਸੁਣਾਉਣ ਲੱਗਾ, ਜਿਸ ਨੂੰ ਦੋ ਸਿਪਾਹੀ ਹੀ ਲੁੱਟਣ ਪੈ ਗਏ ਸਨ। ਬੁੱਢੀ 'ਚ ਪੁਰਾਣਾ ਖ਼ੂਨ ਸੀ। ਘਬਰਾਉਣ ਦੀ ਥਾਂ ਉਸ ਨੇ ਦੋਹਾਂ ਵਿਚੋਂ ਇਕ ਦੇ ਮੋਢੇ 'ਤੇ ਬੁਰਕੀ ਭਰ ਲਈ। ਸਵੇਰੇ ਜਦੋਂ ਤਫ਼ਤੀਸ਼ ਲਈ ਉਹੋ ਸਿਪਾਹੀ ਥਾਣੇਦਾਰ ਦੇ ਨਾਲ ਆਏ ਤਾਂ

ਬੁੱਢੀ ਨੇ ਉਹ ਪਛਾਣ ਲਏ। ਥਾਣੇਦਾਰ ਪੈਰਾਂ 'ਤੇ ਪਾਣੀ ਨਾ ਪੈਣ ਦੇਵੇ। ਉਲਟਾ ਬੁੱਢੀ ਨੂੰ ਹੀ ਧਮਕਾਉਣ ਲੱਗਾ। ਪੰਚਾਇਤ ਦੇ ਜ਼ੋਰ ਦੇਣ 'ਤੇ ਜਦੋਂ ਸਿਪਾਹੀ ਦਾ ਕੁੜਤਾ ਲੁਹਾਇਆ ਗਿਆ ਤਾਂ ਦੰਦੀ ਵਾਲੀ ਥਾਂ ਤੋਂ ਖ਼ੂਨ ਸਿੰਮ ਰਿਹਾ ਸੀ। ਜਦੋਂ ਪੁਲਿਸ ਵਾਲੀਆਂ ਲਾਹੁਣ ਤਕ ਅੱਪੜ ਗਈ ਹੈ ਤਾਂ ਕਾਤਲਾਂ ਨਾਲ ਹਿੱਸਾ-ਪੱਤੀ ਕਰਨਾ ਕਿਹੜੀ ਅਣਹੋਣੀ ਗੱਲ ਹੈ ? ਇਸ ਹੌਲਦਾਰ ਨੂੰ ਫੜਿਆ ਹੀ ਜਾਣਾ ਚਾਹੀਦਾ ਹੈ।

ਵਿਉਪਾਰ ਮੰਡਲ ਦੇ ਪ੍ਰਧਾਨ ਨੇ ਡਿਪਟੀ ਨਾਲ ਗੱਲ ਕੀਤੀ। ਡਿਪਟੀ ਨੇ ਰਮੇਸ਼ ਦੀ ਗਰੰਟੀ ਦੇ ਦਿੱਤੀ। ਉਹ ਤਾਂ ਕੱਲ੍ਹ ਦਾ ਡਿਪਟੀ ਦੇ ਨਾਲ ਫਿਰਦਾ ਹੈ। ਡਿਪਟੀ ਰਮੇਸ਼ ਨੂੰ ਨਾਲ ਲੈ ਕੇ ਕਈ ਵਾਰ ਮੌਕਾ ਦੇਖ ਚੁੱਕਾ ਹੈ, ਇਸ ਲਈ ਕੁੱਤੇ ਨੂੰ ਉਸ 'ਤੇ ਸ਼ੱਕ ਹੋ ਗਿਆ। ਉਹ ਜਾਨਵਰ ਹੈ। ਗ਼ਲਤੀ ਕਰ ਸਕਦਾ ਹੈ।

ਪ੍ਰਧਾਨ ਦੀ ਫੇਰ ਵੀ ਤਸੱਲੀ ਨਾ ਹੋਈ ਤਾਂ ਡਿਪਟੀ ਨੇ ਪੈਂਤੜਾ ਬਦਲਿਆ।

"ਉਹ ਤੁਹਾਡਾ ਹਿੰਦੂ ਭਰਾ ਹੈ, ਅਜਿਹੀ ਗ਼ਲਤੀ ਕਰ ਸਕਦੈ ?"

ਡਿਪਟੀ ਪ੍ਰਧਾਨ ਨੂੰ ਕਿਵੇਂ ਦੱਸਦਾ ਕਿ ਜਿਹੜੀ ਪੁਲਿਸ ਪਾਰਟੀ ਰਾਤ ਇਥੇ ਲਾਸ਼ ਸੁੱਟ ਕੇ ਗਈ ਸੀ, ਰਮੇਸ਼ ਉਸ ਦਾ ਮੁਖੀ ਸੀ। ਡਿਪਟੀ ਨੇ ਰਮੇਸ਼ ਨੂੰ ਬਥੇਰਾ ਸਮਝਾਇਆ ਸੀ, ਸੈਂਟ ਵਗੈਰਾ ਲਗਾ ਕੇ ਰੱਖੇ, ਮੁੜ ਕੇ ਮੌਕੇ 'ਤੇ ਨਾ ਆਵੇ। ਨਹਾ-ਧੋ ਕੇ ਕੱਪੜੇ ਬਦਲ ਲਏ। ਬੇਵਕੂਫ਼ ਨੇ ਇਕ ਨਾ ਮੰਨੀ। ਉਸੇ ਦੀ ਸਜ਼ਾ ਭੁਗਤ ਰਿਹਾ ਸੀ। ਨਾਲ ਡਿਪਟੀ ਦੀ ਬਦਨਾਮੀ ਹੋ ਰਹੀ ਸੀ।

ਡਿਪਟੀ ਸ਼ੁਕਰ ਮਨਾ ਰਿਹਾ ਸੀ ਕਿ ਰਮੇਸ਼ ਹਿੰਦੂ ਹੈ। ਸਿੱਖ ਹੁੰਦਾ ਤਾਂ ਭੜਕੀ ਭੀੜ ਨੇ ਉਸ ਨੂੰ ਹੱਥਕੜੀਆਂ ਲਗਵਾ ਕੇ ਛੱਡਣੀਆਂ ਸਨ।

ਡਿਪਟੀ ਦੇ ਸਮਝਾਉਣ ਨਾਲ ਗੱਲ ਆਈ ਗਈ ਹੋ ਗਈ। ਉਸਤਾਦ ਕੁੱਤੇ ਨੂੰ ਆਰਾਮ ਕਰਾਉਣ ਦੇ ਬਹਾਨੇ ਥਾਣੇ ਲੈ ਗਿਆ।

ਦੂਸਰਾ ਕੁੱਤਾ ਜੀਪ ਨੂੰ ਭੌਂਕ ਰਿਹਾ ਸੀ। ਵਾਰ-ਵਾਰ ਉਹ ਜੀਪ ਦੀਆਂ ਸੀਟਾਂ ਸੁੰਘਣ ਲੱਗਦਾ।

ਡਿਪਟੀ ਦਾ ਦਿਲ ਇਕ ਵਾਰ ਫੇਰ ਧੜਕਿਆ। ਕੁੱਤਾ ਇਥੇ ਵੀ ਗ਼ਲਤ ਨਹੀਂ ਸੀ। ਰਮੇਸ਼ ਨੇ ਇਕ ਹੋਰ ਗ਼ਲਤੀ ਕੀਤੀ ਲੱਗਦੀ ਸੀ। ਡਿਪਟੀ ਨੇ ਆਖਿਆ ਲਾਸ਼ ਸੁੱਟਣ ਲਈ ਪ੍ਰਾਈਵੇਟ ਗੱਡੀ ਵਰਤੀ ਜਾਵੇ। ਉਸ ਨੇ ਸਰਕਾਰੀ ਜੀਪ ਹੀ ਵਰਤੀ ਲੱਗਦੀ ਸੀ।

ਡਿਪਟੀ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਇਥੇ ਕੁੱਤੇ ਬੁਲਾਉਣ ਦੀ ਕੀ ਲੋੜ ਸੀ ? ਇਹ ਨਾਟਕ ਪੁਲਿਸ ਲਈ ਮਹਿੰਗਾ ਪੈ ਸਕਦਾ ਸੀ। ਕੁੱਤਿਆਂ ਨੂੰ ਇਥੋਂ ਕੀ ਲੱਭਣਾ ਸੀ ? ਉਹਨਾਂ ਦੀ ਜ਼ਰੂਰਤ ਖੰਡ ਮਿੱਲ ਲਾਗਲੇ ਖੰਡਰਾਂ ਵਿਚ ਸੀ। ਉਹ ਇਥੋਂ ਤਿੰਨ ਮੀਲ ਦੂਰ ਸਨ। ਉਥੇ ਕੁੱਤੇ ਲਿਜਾਏ ਨਹੀਂ ਜਾ ਸਕਦੇ। ਲੋਕਾਂ ਵਿਚ ਪਹਿਲਾਂ ਹੀ ਘੁਸਰ-ਮੁਸਰ ਹੋ ਰਹੀ ਸੀ। ਕੁੱਤੇ ਉਥੇ ਭੇਜ ਕੇ ਡਿਪਟੀ ਉਹਨਾਂ ਦੇ ਸ਼ੱਕ ਨੂੰ ਸੱਚ ਵਿਚ ਨਹੀਂ ਸੀ ਬਦਲ ਸਕਦਾ।

ਦਿਨ ਦੇ ਗਿਆਰਾਂ ਵੱਜ ਚੁੱਕੇ ਸਨ। ਹਾਲੇ ਉਂਗਲਾਂ ਦੇ ਨਿਸ਼ਾਨਾਂ ਦੇ ਮਾਹਿਰ ਅਤੇ ਖੋਜੀ ਨੇ ਆਪਣਾ ਕੰਮ ਕਰਨਾ ਸੀ। ਪੋਸਟ ਮਾਰਟਮ 'ਤੇ ਵੀ ਕਈ ਘੰਟੇ ਲੱਗਣੇ ਸਨ। ਸੂਰਜ ਛਿਪਣ ਤੋਂ ਪਹਿਲਾਂ-ਪਹਿਲਾਂ ਬੱਚੇ ਦੀ ਮਿੱਟੀ ਸਮੇਟਣੀ ਵੀ ਜ਼ਰੂਰੀ ਸੀ। ਜੇ ਪੁਲਿਸ ਇਸੇ ਤਰ੍ਹਾਂ ਕੁੱਤਿਆਂ ਪਿੱਛੇ ਫਿਰਦੀ ਰਹੀ ਤਾਂ ਸਮੇਂ ਸਿਰ ਸੰਸਕਾਰ ਹੋਣਾ ਅਸੰਭਵ ਸੀ।

ਇਹਨਾਂ ਗੱਲਾਂ ਦਾ ਬਹਾਨਾ ਬਣਾ ਕੇ ਡਿਪਟੀ ਨੇ ਕੁੱਤੇ ਥਾਣੇ ਭੇਜ ਦਿੱਤੇ।

ਰਮੇਸ਼ ਹੌਲਦਾਰ ਨੂੰ ਲਾਲਾ ਜੀ ਵੱਲ ਭੇਜਿਆ। ਉਹ ਆਉਣ ਅਤੇ ਲਾਸ਼ ਸੰਭਾਲਣ। ਭੀੜ ਕਾਬੂ ਤੋਂ ਬਾਹਰ ਹੁੰਦੀ ਜਾ ਰਹੀ ਸੀ।

ਜਿੰਨਾ ਚਿਰ ਲਾਲਾ ਜੀ ਨਹੀਂ ਆਉਂਦੇ, ਡਿਪਟੀ ਨੇ ਮੁਜਰਮਾਂ ਦੇ ਹੱਥਾਂ-ਪੈਰਾਂ ਦੇ ਨਿਸ਼ਾਨ ਇਕੱਠੇ ਕਰਨ ਲਈ ਮਾਹਿਰਾਂ ਨੂੰ ਕਮਰੇ ਵਿਚ ਬੁਲਾਇਆ। ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਡਿਪਟੀ ਨੇ ਉਹਨਾਂ ਨੂੰ ਸਾਰਾ ਕਿੱਸਾ ਸਮਝਾ ਦਿੱਤਾ। ਇਥੋਂ ਕਿਸੇ ਦੇ ਨਿਸ਼ਾਨ ਨਹੀਂ ਮਿਲਣੇ। ਉਹਨਾਂ ਮਹਿਜ਼ ਜਾਬਤਾ ਪੂਰਾ ਕਰਨਾ ਹੈ। ਮਾਹਿਰ ਨੂੰ ਇਥੇ ਬੁਲਾਉਣ ਦੇ ਦੋ ਹੀ ਕਾਰਨ ਸਨ। ਪਹਿਲਾ ਇਹ ਕਿ ਲੋਕਾਂ ਨੂੰ ਯਕੀਨ ਦਿਵਾਇਆ ਜਾਏ ਕਿ ਪੁਲਿਸ ਕਾਤਲਾਂ ਨੂੰ ਲੱਭਣ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਦੂਜਾ ਇਹ ਕਿ ਪਿੱਛੋਂ ਕਿਸੇ ਸਮੇਂ ਜੇ ਕਿਸੇ ’ਤੇ ਕੇਸ ਫਿੱਟ ਕਰਨਾ ਪਿਆ ਤਾਂ ਇਸ ਮੌਕੇ ਮੁਲਾਹਜ਼ੇ ਦਾ ਫ਼ਾਇਦਾ ਉਠਾਇਆ ਜਾ ਸਕੇ। ਹੁਣ ਇਕੱਠੇ ਕੀਤੇ ਗਏ ਨਿਸ਼ਾਨਾਂ ਨੂੰ ਅਸਲੀ ਮੁਜਰਮਾਂ ਦੇ ਨਿਸ਼ਾਨਾਂ ਨਾਲ ਕਿਸੇ ਸਮੇਂ ਵੀ ਬਦਲਿਆ ਜਾ ਸਕਦਾ ਹੈ। ਲੋੜ ਬੱਸ ਇਸ ਚੀਜ਼ ਦੀ ਸੀ ਕਿ ਮਾਹਿਰਾਂ ਦਾ ਮੌਕਾ-ਮੁਲਾਹਜ਼ਾ ਕਰਨ ਦੀਆਂ ਰਿਪੋਰਟਾਂ ਰੋਜ਼ਨਾਮਚਿਆਂ ਅਤੇ ਜ਼ਿਮਨੀਆਂ ਵਿਚ ਦਰਜ ਹੋ ਜਾਣ। ਇਸ ਲਈ ਮਾਹਿਰਾਂ ਨੂੰ ਬਹੁਤੀਆਂ ਟੱਕਰਾਂ ਮਾਰਨ ਦੀ ਲੋੜ ਨਹੀਂ ਸੀ।

ਦੋ ਤਿੰਨ ਮੋਹਤਬਰਾਂ ਨੂੰ ਗਵਾਹ ਬਣਾ ਕੇ ਮਾਹਿਰਾਂ ਨੇ ਕੰਮ ਆਰੰਭ ਕੀਤਾ। ਮੁਜਰਮ ਬੜੇ ਚੁਸਤ ਲੱਗਦੇ ਹਨ। ਕਿਧਰੇ ਵੀ ਕੋਈ ਨਿਸ਼ਾਨ ਨਹੀਂ ਸੀ ਛੱਡ ਕੇ ਗਏ। ਉਂਝ ਵੀ ਨਿਸ਼ਾਨ ਲੱਭਣੇ ਮੁਸ਼ਕਲ ਸਨ। ਕਮਰਾ ਹਾਲੇ ਉਸਾਰੀ ਅਧੀਨ ਸੀ। ਇਸ ਲਈ ਲੱਕੜ ਅਤੇ ਇੱਟਾਂ ਤੋਂ ਸਿਵਾ ਇਥੇ ਕੋਈ ਚੀਜ਼ ਨਹੀਂ ਸੀ। ਇਹਨਾਂ ’ਤੇ ਹੱਥਾਂ-ਪੈਰਾਂ ਦੇ ਨਿਸ਼ਾਨ ਨਹੀਂ ਆਉਂਦੇ। ਫੇਰ ਵੀ ਇਕ ਘੰਟੇ ਦੀ ਸਿਰ-ਖਪਾਈ ਤੋਂ ਬਾਅਦ ਉਹ ਕੁਝ ਨਿਸ਼ਾਨ ਲੱਭਣ ਵਿਚ ਕਾਮਯਾਬ ਹੋ ਗਏ ਸਨ।

ਤਫ਼ਤੀਸ਼ ਦੀ ਸੁਸਤ ਰਫ਼ਤਾਰ ਤੋਂ ਸੰਘ ਵਾਲੇ ਖਿਝੇ ਹੋਏ ਸਨ। ਉਹਨਾਂ ਨੂੰ ਇਹਨਾਂ ਦਿਖਾਵਿਆਂ ਵਿਚੋਂ ਕੁਝ ਨਿਕਲਦਾ ਨਜ਼ਰ ਨਹੀਂ ਸੀ ਆ ਰਿਹਾ। ਮਰਨ ਵਾਲਾ ਮਰ ਚੁੱਕਾ ਸੀ। ਕਾਤਲ ਫੜੇ ਵੀ ਜਾਣ ਤਾਂ ਕਿਹੜਾ ਉਸ ਨੇ ਮੁੜ ਆਉਣਾ ਸੀ। ਸੰਘ ਜਲਦੀ ਤੋਂ ਜਲਦੀ ਪੁਲਿਸ ਤੋਂ ਲਾਸ਼ ਹਾਸਲ ਕਰਨਾ ਚਾਹੁੰਦਾ ਸੀ ਤਾਂ ਜੋ ਸਮੇਂ ਸਿਰ ਅੰਤਮ ਰਸਮਾਂ ਪੂਰੀਆਂ ਕੀਤੀਆਂ ਜਾ ਸਕਣ।

ਡਿਪਟੀ ਵੱਲੋਂ ਕੋਈ ਦੇਰ ਨਹੀਂ ਸੀ। ਪੁਲਿਸ ਦੀ ਲਿਖਾ-ਪੜ੍ਹੀ ਮੁਕੰਮਲ ਸੀ। ਲਾਲਾ ਜੀ ਆਉਣ। ਲਾਸ਼ ਦੀ ਸ਼ਨਾਖ਼ਤ ਕਰਨ ਅਤੇ ਰਸੀਦ ਦੇ ਕੇ ਲਾਸ਼ ਸੰਭਾਲ ਲੈਣ।

ਰਮੇਸ਼ ਨੇ ਵਾਪਸ ਆ ਕੇ ਦੱਸਿਆ ਕਿ ਡਿਪਟੀ ਕਮਿਸ਼ਨਰ ਸਾਹਿਬ ਲਾਲਾ ਜੀ ਦੇ ਪਰਿਵਾਰ ਨਾਲ ਦੁੱਖ ਵੰਡਾਉਣ ਲਈ ਉਹਨਾਂ ਦੇ ਘਰ ਪਹੁੰਚੇ ਹੋਏ ਸਨ। ਇਸ ਲਈ ਦੇਰ ਹੋ ਰਹੀ ਸੀ। ਖ਼ਾਨ ਵੀ ਉਹਨਾਂ ਨਾਲ ਸੀ। ਗੁਪਤਾ ਜੀ ਨੂੰ ਕਿਸੇ ਜ਼ਰੂਰੀ ਮੀਟਿੰਗ ਦਾ ਸੁਨੇਹਾ ਆਇਆ ਸੀ। ਉਹ ਉਥੋਂ ਹੀ ਸੰਗਰੂਰ ਚਲੇ ਜਾਣਾ ਚਾਹੁੰਦੇ ਸਨ। ਉਸ ਦਾ ਕੋਈ ਕੰਮ ਬਾਕੀ ਨਹੀਂ ਸੀ ਰਹਿ ਗਿਆ। ਕਾਤਲ ਤਾਂ ਪੁਲਿਸ ਨੇ ਲੱਭ ਹੀ ਲੈਣੇ ਸਨ। ਲੋਕ ਸ਼ਾਂਤ ਸਨ ਹੀ।

ਗੁਪਤੇ ਨੇ ਸਰਕਾਰ ਵੱਲੋਂ ਮਿਲਣ ਵਾਲੀ ਵੀਹ ਹਜ਼ਾਰ ਦੀ ਮਦਦ ਦਾ ਐਲਾਨ ਕਰ ਦਿੱਤਾ ਸੀ। ਰੈੱਡ ਕਰਾਸ ਵੱਲੋਂ ਵੀ ਭਰੋਸਾ ਦਿਵਾਇਆ ਗਿਆ ਸੀ ਕਿ ਬੱਚੇ ਦੀ ਯਾਦ ਵਿਚ ਅਜਿਹੀ ਯਾਦਗਾਰ ਉਸਾਰੀ ਜਾਏਗੀ ਕਿ ਉਸ ਦਾ ਨਾਂ ਰਹਿੰਦੀ ਦੁਨੀਆਂ ਤਕ ਰਹੇਗਾ। ਉਹਨਾਂ ਨੇ ਮਾਹਿਰਾਂ ਨੂੰ ਅਪੀਲ ਵੀ ਕੀਤੀ ਕਿ ਕੋਈ ਅਜਿਹੀ ਯਾਦਗਾਰ ਦੀ ਯੋਜਨਾ ਉਸ ਨੂੰ ਜਲਦੀ ਤੋਂ ਜਲਦੀ ਭੇਜੀ ਜਾਵੇ।

'ਬੰਟੀ ਯਾਦਗਾਰੀ ਮੈਡਲ' ਹਰ ਸਾਲ ਦੇਣ ਦਾ ਐਲਾਨ ਤਾਂ ਉਹ ਖ਼ੁਦ ਹੀ ਕਰ ਗਏ ਸਨ। ਇਹ ਇਨਾਮ ਰੈੱਡ ਕਰਾਸ ਵੱਲੋਂ ਸ਼ਹਿਰ ਦੇ ਉਸ ਵਿਦਿਆਰਥੀ ਨੂੰ ਦਿੱਤਾ ਜਾਇਆ ਕਰੇਗਾ, ਜਿਹੜਾ ਮੈਟ੍ਰਿਕ ਦੀ ਪ੍ਰੀਖਿਆ ਵਿਚੋਂ ਪਹਿਲੇ ਨੰਬਰ 'ਤੇ ਆਏਗਾ।

ਖ਼ਾਨ ਨੂੰ ਉਹਨਾਂ ਹਦਾਇਤ ਕੀਤੀ ਕਿ ਬੰਟੀ ਦਾ ਅੰਤਮ ਸੰਸਕਾਰ ਪੂਰੇ ਸਰਕਾਰੀ ਸਨਮਾਨਾਂ ਨਾਲ ਕੀਤਾ ਜਾਵੇ। ਪੁਲਿਸ ਦੀ ਇਕ ਸੈਕਸ਼ਨ ਉਸ ਨੂੰ ਸਲਾਮੀ ਦੇਵੇ।

ਰਮੇਸ਼ ਹੱਥ ਸੁਨੇਹਾ ਆਇਆ ਸੀ ਕਿ ਡਿਪਟੀ ਕਮਿਸ਼ਨਰ ਦੇ ਵਿਦਾ ਹੁੰਦਿਆਂ ਹੀ ਖ਼ਾਨ ਖ਼ੁਦ ਲਾਲਾ ਜੀ ਨੂੰ ਲੈ ਕੇ ਇਥੇ ਪੁੱਜਣਗੇ।

ਡਿਪਟੀ ਨੇ ਵਾਧੂ ਸਮੇਂ ਦਾ ਪੂਰਾ ਲਾਭ ਉਠਾਇਆ। ਜਿੰਨਾ ਚਿਰ ਤਕ ਲਾਲਾ ਜੀ ਨਹੀਂ ਪਹੁੰਚਦੇ, ਉਨਾ ਚਿਰ ਤਕ ਖੋਜੀ ਆਪਣੇ ਜੌਹਰ ਦਿਖਾਉਣ। ਬੜੀ ਛਾਣ-ਬੀਣ ਤੋਂ ਬਾਅਦ ਪੁਲਿਸ ਦੋ ਪੈੜਾਂ ਖੋਜ ਕਰ ਸਕੀ। ਪੈੜਾਂ ਨੂੰ ਮਿੱਟੀ ਘੱਟੇ ਅਤੇ ਲੋਕਾਂ ਤੋਂ ਬਚਾਉਣ ਲਈ ਉਹਨਾਂ ਬੱਠਲਾਂ ਹੇਠ ਢੱਕ ਦਿੱਤਾ ਸੀ।

ਇਕ ਖੋਜੀ ਉਹਨਾਂ ਪੈੜਾਂ ਦੇ 'ਮੋਲਡ' (ਨਿਸ਼ਾਨ ਚੁੱਕਣ ਲਈ ਤਿਆਰ ਕੀਤੇ ਜਾਂਦੇ ਪਲਾਸਟਿਕ ਦੇ ਫੱਟੇ) ਤਿਆਰ ਕਰਨ ਲੱਗਾ। ਦੂਜਾ ਮੁਜਰਮਾਂ ਦਾ ਖੁਰਾ ਲੱਭਣ ਦੇ ਯਤਨ ਕਰਨ ਲੱਗਾ।

ਖੋਜੀਆਂ ਦੇ ਯਤਨ ਜਾਰੀ ਹੀ ਸਨ ਕਿ ਖ਼ਾਨ ਦੀ ਜੀਪ ਆ ਧਮਕੀ।

ਭੀੜ ਨੂੰ ਚੀਰਦੀ ਜੀਪ ਸਿੱਧੀ ਬੰਟੀ ਦੀ ਲਾਸ਼ ਵਾਲੇ ਕਮਰੇ ਸਾਹਮਣੇ ਜਾ ਰੁਕੀ। ਵਿਚੋਂ ਉਤਰਦੇ ਲਾਲਾ ਜੀ ਨੂੰ ਦੇਖ ਕੇ ਸਾਰੀ ਭੀੜ ਦੇ ਸਾਹ ਸੁੱਕ ਗਏ। ਚਾਰੇ ਪਾਸੇ ਸੰਨਾਟਾ ਛਾ ਗਿਆ।

ਖ਼ਾਨ ਖ਼ੁਦ ਲਾਲਾ ਜੀ ਨੂੰ ਲਾਸ਼ ਤਕ ਲੈ ਕੇ ਗਿਆ।

"ਹਰੇ ਰਾਮ.....ਹਰੇ ਰਾਮ.....।'

"ਵਾਹਿਗੁਰੂ.....ਵਾਹਿਗੁਰੂ.....।"

"ਯਾ ਅੱਲ੍ਹਾ.....ਰਹਿਮ.....।"

"ਭਰ ਲਏ ਜ਼ਾਲਮੋਂ ਖ਼ਜ਼ਾਨੇ ਇਸ ਦਰਵੇਸ਼ ਦੇ ਘਰ ਨੂੰ ਉਜਾੜ ਕੇ.....।"

ਤਰ੍ਹਾਂ ਤਰ੍ਹਾਂ ਦੇ ਹਉਕੇ ਫ਼ਿਜ਼ਾ ਨੂੰ ਗ਼ਮਗ਼ੀਨ ਕਰਨ ਲੱਗੇ

ਬੰਟੀ ਦਾ ਚਿਹਰਾ ਦੇਖਦਿਆਂ ਹੀ ਲਾਲਾ ਜੀ ਨੂੰ ਚੱਕਰ ਆ ਗਿਆ। ਖ਼ਾਨ ਨੇ ਮਸਾਂ ਉਸ ਨੂੰ ਡਿੱਗਦੇ ਨੂੰ ਸੰਭਾਲਿਆ।

ਲਾਲਾ ਜੀ ਨੇ ਬੰਟੀ ਨੂੰ ਹਿੱਕ ਨਾਲ ਲਾ ਲਿਆ। ਇਕ ਪਾਸੇ ਲੁੜਕ ਗਏ ਬੰਟੀ ਦੇ ਚਿਹਰੇ ਨੂੰ ਉਹ ਵਾਹੋਦਾਹੀ ਚੁੰਮਣ ਲੱਗੇ। ਬੰਟੀ ਦਾ ਨਿੱਕਾ ਜਿਹਾ ਸਰੀਰ ਉਹਨਾਂ ਤੋਂ ਸੰਭਲ ਨਹੀਂ ਸੀ ਰਿਹਾ। ਕਦੇ ਬਾਂਹ ਇਕ ਪਾਸੇ ਲੁੜਕ ਜਾਂਦੀ, ਕਦੇ ਟੰਗ ਅਤੇ ਕਦੇ ਗਰਦਨ।

ਲਾਲਾ ਜੀ ਦੀਆਂ ਅੱਖਾਂ ਵਿਚੋਂ ਹੰਝੂਆਂ ਦੀਆਂ ਨਦੀਆਂ ਵਹਿ ਤੁਰੀਆਂ।

ਲਾਲਾ ਜੀ ਦੀ ਇਹ ਹਾਲਤ ਦੇਖ ਕੇ ਰਾਮ ਸਰੂਪ ਅਤੇ ਦਰਸ਼ਨ ਪੁਲਿਸ ਦੇ ਡੰਡਿਆਂ ਦੀ ਬਿਨਾਂ ਪਰਵਾਹ ਕਰੇ ਲਾਲਾ ਜੀ ਵੱਲ ਦੌੜ ਪਏ।

ਬੰਟੀ ਦੇ ਕਰੂਪ ਚਿਹਰੇ ਅਤੇ ਪਿੰਜਰ ਬਣੇ ਸਰੀਰ ਨੂੰ ਦੇਖ ਕੇ ਉਹ ਵੀ ਧਾਹਾਂ ਮਾਰਨ ਲੱਗੇ।

"ਅਸੀਂ ਪੋਸਟ ਮਾਰਟਮ ਨਹੀਂ ਹੋਣ ਦੇਣਾ। ਇਸ ਮਾਸੂਮ ਵਿਚ ਬਾਕੀ ਰਹਿ ਹੀ ਕੀ ਗਿਆ ਹੈ, ਜਿਹੜਾ ਚੀਰਿਆ ਫਾੜਿਆ ਜਾਵੇ।" ਜਦੋਂ ਇਕ ਹੌਲਦਾਰ ਇਸ ਮਕਸਦ ਲਈ ਲਾਲਾ ਜੀ

ਤੋਂ ਕਾਗ਼ਜ਼ਾਂ 'ਤੇ ਦਸਖ਼ਤ ਕਰਾਉਣ ਆਇਆ ਤਾਂ ਕਾਗ਼ਜ਼ਾਂ ਨੂੰ ਪਿਛਾਂਹ ਧੱਕਦਾ ਹੋਇਆ ਦਰਸ਼ਨ ਚਿੱਲਾਇਆ।

ਦਰਸ਼ਨ ਦੀ ਹੁੱਲੜਬਾਜ਼ੀ ਕਾਰਨ ਜ਼ਮੀਨ 'ਤੇ ਗਿਰੇ ਕਾਗ਼ਜ਼ਾਂ ਨੇ ਖ਼ਾਨ ਨੂੰ ਨਾਰਾਜ਼ ਨਹੀਂ ਕੀਤਾ। ਉਹ ਹੋਰ ਵੀ ਨਰਮ ਹੋ ਕੇ ਦਰਸ਼ਨ ਨੂੰ ਸਮਝਾਉਣ ਲੱਗਾ।

"ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਪੋਸਟ ਮਾਰਟਮ ਬਹੁਤ ਜ਼ਰੂਰੀ ਹੈ।"

"ਜਿਹੋ ਜਿਹਾ ਜ਼ੋਰ ਤੁਸੀਂ ਪਹਿਲਾਂ ਲਾ ਲਿਆ, ਉਹੋ ਜਿਹਾ ਫੇਰ ਲਾ ਲਓਗੇ।" ਖ਼ਾਨ ਦਾ ਹੱਥ ਪਰ੍ਹਾਂ ਕਰਦੇ ਦਰਸ਼ਨ ਦਾ ਗਲਾ ਫੇਰ ਭਰ ਆਇਆ।

"ਤੁਸੀਂ ਹਾਲੇ ਬੱਚੇ ਹੋ.....ਕਾਨੂੰਨ ਦੀਆਂ ਪੇਚੀਦਗੀਆਂ ਨੂੰ ਨਹੀਂ ਸਮਝਦੇ.....। ਅਸੀਂ ਤੁਹਾਡੇ ਦੁੱਖ ਨੂੰ ਸਮਝਦੇ ਹਾਂ.....ਪਰ ਇਹ ਸਾਡੀ ਮਜਬੂਰੀ ਹੈ.....ਪੋਸਟ ਮਾਰਟਮ ਬਹੁਤ ਜ਼ਰੂਰੀ ਹੈ.....ਨਹੀਂ ਤਾਂ ਕਾਤਲ ਆਸਾਨੀ ਨਾਲ ਬਰੀ ਹੋ ਜਾਣਗੇ.....।" ਖ਼ਾਨ ਉਤੇਜਿਤ ਨਹੀਂ ਸੀ ਹੋ ਰਿਹਾ। ਉਹ ਬਰਾਬਰ ਸੰਘ ਦੇ ਨੌਜਵਾਨਾਂ ਦੇ ਜਜ਼ਬਾਤਾਂ 'ਤੇ ਕਾਬੂ ਪਾਉਣ ਦੇ ਯਤਨ ਕਰ ਰਿਹਾ ਸੀ।

"ਤੁਸੀਂ ਆਪਣਾ ਫ਼ਰਜ਼ ਨਿਭਾਓ.....ਇਸ ਮਿੱਟੀ ਨਾਲ ਹੁਣ ਕਾਹਦਾ ਮੋਹ ? ਪਲ ਦੋ ਪਲ ਨੂੰ ਮਿੱਟੀ ਦੇ ਹਵਾਲੇ ਤਾਂ ਕਰ ਦੇਣਾ ਹੈ.....ਜਿਵੇਂ ਮਰਜ਼ੀ ਕਰੋ ਖ਼ਾਨ ਸਾਹਿਬ।"

ਆਪਣੇ ਸਿਰ 'ਤੇ ਲਪੇਟੇ ਤੌਲੀਏ ਨੂੰ ਸਿਰ ਤੋਂ ਲਾਹੁੰਦਿਆਂ ਲਾਲਾ ਜੀ ਨੇ ਆਪਣੀ ਸਹਿਮਤੀ ਪ੍ਰਗਟਾਈ।

ਬੰਟੀ ਨੂੰ ਤੌਲੀਏ ਵਿਚ ਲਪੇਟ ਕੇ, ਲਾਸ਼ ਨੂੰ ਦੋਹਾਂ ਬਾਹਾਂ ਵਿਚ ਸੰਭਾਲ ਕੇ ਲਾਲਾ ਜੀ ਡੈੱਡ ਹਾਊਸ ਵੱਲ ਤੁਰ ਪਏ।

ਪਿੱਛੇ-ਪਿੱਛੇ ਹਉਕੇ ਭਰਦੀ ਭੀੜ ਤੁਰ ਪਈ

ਮੀਤਾ ਵੀ ਅੱਖਾਂ 'ਚ ਉਮੜ ਆਏ ਹੰਝੂਆਂ ਨੂੰ ਰੋਕ ਨਹੀਂ ਸੀ ਸਕਿਆ।

✶

# 17

ਲਾਸ਼ ਨੂੰ ਡੈੱਡ ਹਾਊਸ ਵਿਚ ਪਿਆਂ ਦੋ ਘੰਟੇ ਹੋ ਗਏ ਸਨ। ਪੋਸਟ ਮਾਰਟਮ ਦੀ ਕਾਰਵਾਈ ਸ਼ੁਰੂ ਹੋਣ 'ਚ ਨਹੀਂ ਸੀ ਆ ਰਹੀ।

ਲਾਸ਼ ਦੇ ਡੈੱਡ ਹਾਊਸ ਪਹੁੰਚਦਿਆਂ ਹੀ ਡਾਕਟਰ ਨੇ ਕੁਰਸੀ ਮੱਲ ਲਈ ਸੀ। ਉਹ ਜੋਗਿੰਦਰ ਨੂੰ ਕਈ ਸੁਨੇਹੇ ਭੇਜ ਚੁੱਕਾ ਸੀ।

ਜੋਗਿੰਦਰ ਸੀ ਕਿ ਸਾਨ੍ਹ ਵਾਂਗ ਆਕੜਿਆ ਆਪਣੇ ਝੋਟੇ ਦੀ ਪਿੱਠ ਥਾਪੜਨ ਵਿਚ ਮਸਰੂਫ਼ ਸੀ।

ਡਾਕਟਰ ਜੋਗਿੰਦਰ ਦੇ ਰੋਸੇ ਦਾ ਕਾਰਨ ਸਮਝ ਰਿਹਾ ਸੀ। ਉਸ ਨੂੰ ਫ਼ੀਸ ਨਹੀਂ ਸੀ ਮਿਲੀ ਨਾ ਮਿਲਣੀ ਹੀ ਸੀ। ਹਰ ਕੇਸ ਵਿਚੋਂ ਫ਼ੀਸ ਦੀ ਆਸ ਰੱਖਣਾ ਉਸ ਦੀ ਬੇਵਕੂਫ਼ੀ ਸੀ।

ਇਸ ਕੇਸ ਵਿਚ ਕਰਨਾ ਵੀ ਤਾਂ ਕੁਝ ਨਹੀਂ ਸੀ। ਜ਼ਾਬਤਾ ਹੀ ਪੂਰਾ ਕਰਨਾ ਸੀ। ਲਾਸ਼ ਦਾ ਮੁਆਇਨਾ ਤਾਂ ਡਾਕਟਰ ਖ਼ੁਦ ਕਰ ਚੁੱਕਾ ਸੀ। ਸਿਰ ਵਿਚ ਇਕ ਗਹਿਰਾ ਘਾਓ ਸੀ। ਲੋਹੇ ਦੀ ਰਾਡ ਨਾਲ ਸੱਟ ਮਾਰੀ ਗਈ ਸੀ। ਬੱਚਾ ਜਦੋਂ ਇਸ ਸੱਟ ਨਾਲ ਨਾ ਮਰਿਆ ਤਾਂ ਉਹੋ ਰਾਡ ਉਸ ਦੀ ਗਰਦਨ 'ਤੇ ਰੱਖ ਕੇ ਦਬਾਈ ਗਈ। ਬਾਹਰ ਨਿਕਲੀਆਂ ਅੱਖਾਂ ਅਤੇ ਲਟਕਦੀ ਜੀਭ ਇਸ ਦਾ ਸਬੂਤ ਦੇ ਰਹੀਆਂ ਸਨ। ਸਰੀਰ 'ਤੇ ਜੰਮੀ ਮੈਲ ਅਤੇ ਗੱਲ੍ਹਾਂ 'ਤੇ ਹੰਝੂਆਂ ਦੇ ਨਿਸ਼ਾਨ ਦੱਸਦੇ ਸਨ ਕਿ ਬੱਚਾ ਬਿਨਾਂ ਨਹਾਤੇ-ਧੋਤੇ ਲਗਾਤਾਰ ਰੋਂਦਾ ਰਿਹਾ ਸੀ।

ਮੌਤ ਇਹਨਾਂ ਸੱਟਾਂ ਕਾਰਨ ਹੋਈ। ਪੇਟ ਖੋਲ੍ਹਣ ਦੀ ਡਾਕਟਰ ਕੋਈ ਜ਼ਰੂਰੀ ਮਹਿਸੂਸ ਨਹੀਂ ਸੀ ਕਰਦਾ। ਫੇਰ ਵੀ ਪੋਸਟ ਮਾਰਟਮ ਦੀ ਰਿਪੋਰਟ ਦੇ ਖ਼ਾਨੇ ਭਰਨ ਲਈ ਡਾਕਟਰ ਨੂੰ ਉਸ ਦਾ ਪੇਟ ਖੋਲ੍ਹਣਾ ਹੀ ਪੈਣਾ ਸੀ। ਪੇਟ ਵਿਚੋਂ ਵਿਸਰਾ ਲੈਣਾ ਸੀ। ਖਾਧੇ ਖਾਣੇ ਦੇ ਆਧਾਰ 'ਤੇ ਮੌਤ ਦੇ ਕਾਰਨ ਅਤੇ ਸਮਾਂ ਮਿਥਣਾ ਸੀ।

ਪੇਟ ਦੀ ਚੀਰ-ਫਾੜ ਲਈ ਡਾਕਟਰ ਨੂੰ ਹਸਪਤਾਲ ਦੇ ਜਮਾਂਦਾਰ ਦੀ ਜ਼ਰੂਰਤ ਪੈਂਦੀ ਸੀ। ਗੰਦ 'ਚ ਹੱਥ ਮਾਰਨ ਦੀ ਜੋਗਿੰਦਰ ਦੀ ਘੱਟੋ-ਘੱਟ ਫ਼ੀਸ ਪੰਜਾਹ ਰੁਪਏ ਸੀ।

ਲਾਸ਼ ਨੂੰ ਡੈੱਡ ਹਾਊਸ ਵਿਚ ਪਿਆਂ ਦੋ ਘੰਟੇ ਹੋ ਗਏ ਸਨ ਤਾਂ ਪਏ ਹੋਣ। ਸੂਰਜ ਛੁਪਣ ਵਿਚ ਥੋੜ੍ਹਾ ਸਮਾਂ ਹੀ ਰਹਿੰਦਾ ਹੈ ਤਾਂ ਪਿਆ ਰਹੇ। ਡਾਕਟਰ ਸੁਨੇਹੇ ਭੇਜ ਰਿਹਾ ਹੈ ਤਾਂ ਪਿਆ ਭੇਜੇ। ਜੋਗਿੰਦਰ ਨੇ ਵੀ ਬੱਚੇ ਪਾਲਣੇ ਹਨ। ਜੋਗਿੰਦਰ ਹੁਰਾਂ ਨੂੰ ਕਿਸੇ ਨੇ ਵਿਆਹ 'ਤੇ ਤਾਂ ਬੁਲਾਉਣਾ ਨਹੀਂ। ਉਲਟਾ ਅਜਿਹੇ ਕਿਸੇ ਮੌਕੇ 'ਤੇ ਉਹ ਮੱਥੇ ਲੱਗ ਜਾਣ ਤਾਂ ਅਸ਼ੁੱਭ ਸਮਝਿਆ ਜਾਂਦਾ ਹੈ। ਵੀਹ-ਵੀਹ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਮਹੀਨੇ ਵਿਚ ਇਕ ਦੋ ਲਾਸ਼ਾਂ ਨੇ ਤਾਂ ਪੋਸਟ ਮਾਰਟਮ ਲਈ ਆਉਣਾ ਹੁੰਦਾ ਹੈ। ਘੋੜਾ ਘਾਹ ਨਾਲ ਹੀ ਦੋਸਤੀ ਕਰ ਲਏ ਤਾਂ ਖਾਏਗਾ ਕੀ ?

ਜੋਗਿੰਦਰ ਨੂੰ ਡਾਕਟਰ ਦਾ ਕੋਈ ਡਰ ਨਹੀਂ ਸੀ। ਗੰਦੀਆਂ ਲਾਸ਼ਾਂ ਦੀ ਚੀਰ-ਫਾੜ ਕਰਨਾ ਜੋਗਿੰਦਰ ਦੀ ਨੌਕਰੀ ਦਾ ਹਿੱਸਾ ਨਹੀਂ ਸੀ। ਕਾਗ਼ਜ਼ੀਂ-ਪੱਤਰੀਂ ਉਹ ਜਮਾਂਦਾਰ ਹੈ। ਉਸ ਦੀ ਡਿਊਟੀ

ਹਸਪਤਾਲ ਦੀ ਸਫ਼ਾਈ ਕਰਨੀ ਹੈ। ਇਹ ਦੂਸਰੀ ਗੱਲ ਹੈ ਕਿ ਉਸ ਦੀ ਇਸ ਡਿਊਟੀ ਨੂੰ ਸਾਰੇ ਭੁੱਲ-ਭੁਲਾ ਗਏ ਹਨ। ਉਸ ਦਾ ਇਕੋ-ਇਕ ਫ਼ਰਜ਼ ਡੈੱਡ ਹਾਊਸ ਨੂੰ ਸਾਫ਼ ਰੱਖਣਾ ਅਤੇ ਪੋਸਟ ਮਾਰਟਮ ਲਈ ਆਈ ਲਾਸ਼ ਦੀ ਚੀਰ-ਫਾੜ ਕਰਕੇ ਡਾਕਟਰ ਦੀ ਮਦਦ ਕਰਨਾ ਸਮਝਿਆ ਜਾਂਦਾ ਹੈ ਜਾਂ ਫਿਰ ਆਪਣੇ ਝੋਟੇ ਦੀ ਦੇਖ-ਭਾਲ ਕਰਨਾ ਅਤੇ ਕੋਠੀ ਨਾਲ ਲੱਗਦੀ ਵਾਧੂ ਜ਼ਮੀਨ ਵਿਚ ਡਾਕਟਰਾਂ ਲਈ ਸਬਜ਼ੀਆਂ ਉਗਾਉਣਾ।

ਪਹਿਲਾਂ ਝੋਟਾ ਸਰਕਾਰੀ ਹੁੰਦਾ ਸੀ। ਹਲਟੀ ’ਤੇ ਜੋੜ ਲੈਂਦਾ। ਵਿਹਲਾ ਹੁੰਦਾ ਤਾਂ ਲੋਕਾਂ ਦੀਆਂ ਮੱਝਾਂ ਨਵੇਂ ਦੁੱਧ ਕਰਦਾ ਰਹਿੰਦਾ। ਲੋਕ ਉਸ ਨੂੰ ਗੁੜ ਦੀ ਭੇਲੀ ਦੇ ਜਾਂਦੇ।

ਸਮਾਂ ਬਦਲਿਆ ਤਾਂ ਹਲਟੀ ’ਤੇ ਮੋਟਰ ਲੱਗ ਗਈ। ਝੋਟੇ ਦਾ ਖ਼ਰਚਾ ਮਿਲਣੋਂ ਬੰਦ ਹੋ ਗਿਆ। ਜੋਗਿੰਦਰ ਨੇ ਝੋਟਾ ਹਿੱਕ ਨਾਲ ਲਾਈ ਰੱਖਿਆ। ਪਹਿਲਾਂ ਵਾਲੀ ਗੁੜ ਦੀ ਭੇਲੀ ਬੰਦ ਕਰ ਕੇ ਜੋਗਿੰਦਰ ਨੇ ਝੋਟੇ ਦਾ ਰੇਟ ਵੀਹ ਰੁਪਏ ਫ਼ੀ ਮੱਝ ਕਰ ਦਿੱਤਾ। ਦਿਨ ਵਿਚ ਦੋ-ਚਾਰ ਮੱਝਾਂ ਨਵੇਂ ਦੁੱਧ ਲਈ ਆਈਆਂ ਹੀ ਰਹਿੰਦੀਆਂ। ਉਹਦੀ ਅਤੇ ਝੋਟੇ ਦੀ ਧੰਨ-ਧੰਨ ਹੋ ਜਾਂਦੀ। ਘਾਹ-ਪੱਠੇ ਦੀ ਕੋਈ ਕਮੀ ਨਹੀਂ ਸੀ। ਡੈੱਡ ਹਾਊਸ ਦੇ ਨਾਲ ਲੱਗਦੀ ਜ਼ਮੀਨ ਵਿਚ ਘਾਹ ਹੀ ਘਾਹ ਸੀ। ਭੂਤਾਂ-ਪ੍ਰੇਤਾਂ ਦੇ ਵਹਿਮ ਕਰਕੇ ਕਦੇ ਕਿਸੇ ਨੇ ਇਸ ਜ਼ਮੀਨ ਨੂੰ ਵਾਹੁਣ ਦੀ ਕੋਸ਼ਿਸ਼ ਨਹੀਂ ਸੀ ਕੀਤੀ। ਜੋਗਿੰਦਰ ਨੇ ਇਸ ਵਹਿਮ ਦਾ ਫ਼ਾਇਦਾ ਉਠਾਇਆ ਹੋਇਆ ਸੀ। ਹਰਾ-ਹਰਾ ਘਾਹ ਝੋਟਾ ਖ਼ੁਸ਼ ਹੋ ਕੇ ਖਾਂਦਾ ਸੀ।

ਸਮਾਂ ਹੋਰ ਬਦਲਿਆ ਤਾਂ ਝੋਟੇ ਵਾਲਾ ਕੰਮ ਵੀ ਮੱਠਾ ਪੈ ਗਿਆ। ਲੋਕ ਉਸ ਦੇ ਝੋਟੇ ਕੋਲ ਲਿਆਉਣ ਦੀ ਥਾਂ ਮੱਝਾਂ ਡੰਗਰਾਂ ਦੇ ਹਸਪਤਾਲ ਲਿਜਾਣ ਲੱਗੇ। ਇਹਨੀਂ ਦਿਨੀਂ ਤਾਂ ਝੋਟੇ ਦਾ ਖ਼ਰਚਾ ਵੀ ਇਸ ਕੰਮ ਵਿਚੋਂ ਨਹੀਂ ਨਿਕਲਦਾ। ਮੋਹ ਦਾ ਮਾਰਿਆ ਜੋਗਿੰਦਰ ਝੋਟੇ ਨੂੰ ਘਰੋਂ ਨਹੀਂ ਸੀ ਕੱਢ ਸਕਦਾ। ਉਂਝ ਤਾਂ ਇਹ ਸਗੋਂ ਜੋਗਿੰਦਰ ’ਤੇ ਬੋਝ ਬਣਿਆ ਹੋਇਆ ਸੀ।

ਅਜਿਹੇ ਹਾਲਾਤ ਵਿਚ ਜੇ ਮਸਾਂ-ਮਸਾਂ ਆਈ ਲਾਸ਼ ਨੂੰ ਜੋਗਿੰਦਰ ਬਿਨਾਂ ਫ਼ੀਸ ਲਏ ਚੀਰ ਦੇਵੇ ਤਾਂ ਭੁੱਖਾ ਨਹੀਂ ਮਰੇਗਾ ? ਦੁਖੀ ਹੋਇਆ ਜੋਗਿੰਦਰ ਦੁਖੀ ਝੋਟੇ ਨਾਲ ਦੁੱਖ ਸਾਂਝੇ ਕਰ ਰਿਹਾ ਸੀ। ਉਹ ਵਾਰ-ਵਾਰ ਝੋਟੇ ਦੀ ਪਿੱਠ ਖੁਰਕ ਰਿਹਾ ਸੀ।

ਮਰਨ ਵਾਲਾ ਲਾਲਾ ਜੀ ਦਾ ਪੋਤਾ ਹੈ ਤਾਂ ਪਿਆ ਹੋਵੇ। ਲਾਲਾ ਖ਼ੁਦ ਵੀ ਮਰਿਆ ਹੁੰਦਾ ਤਾਂ ਵੀ ਜੋਗਿੰਦਰ ਨੇ ਬਿਨਾਂ ਫ਼ੀਸ ਲਏ ਕੰਮ ਨਹੀਂ ਸੀ ਕਰਨਾ।

ਲਾਲਾ ਕਿੱਡਾ ਕੁ ਭਲਾਮਾਣਸ ਹੈ, ਇਹ ਜੋਗਿੰਦਰ ਚੰਗੀ ਤਰ੍ਹਾਂ ਜਾਣਦਾ ਸੀ। ਪਿਛਲੀ ਰਾਮ ਲੀਲ੍ਹਾ ਵੇਲੇ ਜੋਗਿੰਦਰ ਨੇ ਉਸ ਦੇ ਬਹੁਤ ਹਾੜ੍ਹੇ ਕੱਢੇ। ਰਾਮ ਲੀਲ੍ਹਾ ਵਾਲਿਆਂ ਨੇ ਸੀਤਾ-ਸਵੰਬਰ ਵਾਲੇ ਦਿਨ ਕਿਸੇ ਨਾ ਕਿਸੇ ਦੀ ਕੁੜੀ ਵਿਆਹੁਣੀ ਹੀ ਹੁੰਦੀ ਹੈ। ਕੁੜੀ ਦੀ ਚੋਣ ਲਾਲਾ ਜੀ ਨੇ ਕਰਨੀ ਹੁੰਦੀ ਹੈ। ਜਿਸ ਦੇ ਸਿਰ ’ਤੇ ਵੀ ਉਹਨਾਂ ਦਾ ਹੱਥ ਟਿਕ ਜਾਏ, ਉਸੇ ਦੇ ਭਾਗ ਖੁੱਲ੍ਹ ਜਾਂਦੇ ਹਨ। ਦਾਜ ਲਈ ਇੰਨੀਆਂ ਚੀਜ਼ਾਂ ਇਕੱਠੀਆਂ ਹੋ ਜਾਂਦੀਆਂ ਹਨ ਕਿ ਜੋਗਿੰਦਰ ਵਰਗਾ ਗ਼ਰੀਬੜਾ ਤਾਂ ਸਾਰੀ ਉਮਰ ਘੱਟਾ-ਢੋ ਕੇ ਵੀ ਇਕੱਠੀਆਂ ਨਾ ਕਰ ਸਕੇ।

ਜਦੋਂ ਵੀ ਲਾਲਾ ਜੀ ਕੋਈ ਕੈਂਪ ਹਸਪਤਾਲ ਵਿਚ ਲਾਉਂਦੇ, ਜੋਗਿੰਦਰ ਤਨ-ਮਨ ਨਾਲ ਮਰੀਜ਼ਾਂ ਦੀ ਸੇਵਾ ਕਰਦਾ। ਸਾਰਾ ਦਿਨ ਗੰਦ ਹੂੰਝਦਾ ਰਹਿੰਦਾ। ਮਜਾਲ ਹੈ ਇਕ ਮੱਖੀ ਵੀ ਕੈਂਪ ’ਚ ਆ ਸਕੇ। ਇਕੋ ਆਸ ਨਾਲ ਕਿ ਖ਼ੁਸ਼ ਹੋ ਕੇ ਲਾਲਾ ਜੀ ਉਸ ’ਤੇ ਮਿਹਰ ਕਰਨ। ਉਸ ਨੂੰ ਪੂਰੀ ਉਮੀਦ ਸੀ, ਲਾਲਾ ਜੀ ਉਸ ਨੂੰ ਸੇਵਾ ਦਾ ਫਲ ਜ਼ਰੂਰ ਦੇਣਗੇ। ਇਸ ਝਾਕ ਵਿਚ ਉਸ ਨੇ ਕੰਪਾਊਡਰ

ਮੁੰਡਾ ਵੀ ਦੇਖ ਲਿਆ। ਰਿਸ਼ਤੇਦਾਰਾਂ ਨੂੰ ਸਾਰੀ ਗੱਲ ਸਮਝਾਈ। ਇੰਨਾ ਦਾਜ ਦਿਆਂਗਾ ਕਿ ਅੱਖਾਂ ਅੱਡੀਆਂ ਰਹਿ ਜਾਣਗੀਆਂ।

ਜੋਗਿੰਦਰ ਸਾਰਾ ਦਿਨ ਡਾਕਟਰਾਂ, ਕੰਪਾਊਡਰਾਂ ਵਿਚ ਹੀ ਤਾਂ ਰਹਿੰਦਾ ਸੀ। ਪਤਾ ਸੀ ਸਾਰਾ ਦਿਨ ਨੋਟਾਂ ਦੀ ਝੜੀ ਲੱਗਦੀ ਹੈ। ਦਵਾਈਆਂ ਤਾਂ ਇਧਰ-ਉਧਰ ਕਰਦੇ ਹੀ ਹਨ, ਬਿਨਾਂ ਫ਼ੀਸ ਲਏ ਕਿਸੇ ਦੇ ਚੂੰਡੀ ਨਹੀਂ ਭਰਦੇ। ਦਵਾਈਆਂ ਦੀਆਂ ਦੁਕਾਨਾਂ ਵਾਲੇ ਅੱਡ ਪੁੱਚ-ਪੁੱਚ ਕਰਦੇ ਰਹਿੰਦੇ ਹਨ। ਪ੍ਰਾਈਵੇਟ ਪ੍ਰੈਕਟਿਸ ਅਲੱਗ। ਕੁੜੀ ਨੇ ਮੌਜਾਂ ਕਰਨੀਆਂ ਸਨ, ਡਾਕਟਰਨੀ ਅਖਵਾਉਣਾ ਸੀ।

ਇਸ ਲਾਲੇ ਦੇ ਬੱਚੇ ਨੇ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ। ਜੋਗਿੰਦਰ ਨੇ ਡਾਕਟਰ ਤੋਂ ਵੀ ਸਿਫ਼ਾਰਸ਼ ਕਰਵਾਈ। ਮੋਦੀ ਦਵਾਈਆਂ ਵਾਲੇ ਤੋਂ ਵੀ। ਸਭ ਨੂੰ ਟਾਲਮਟੋਲ ਕਰ ਗਿਆ। ਕਹਿੰਦਾ ਇਸ ਵਾਰ ਤਾਂ ਉਸ ਨੇ ਸ਼ਾਂਤੀ ਦੀ ਕੁੜੀ ਲਈ ਹਾਂ ਕਰ ਦਿੱਤੀ ਹੈ। ਕੋਈ ਲਾਲਾ ਜੀ ਨੂੰ ਪੁੱਛੇ ਬਈ ਸ਼ਾਂਤੀ ਹੁਣ ਕੋਈ ਗ਼ਰੀਬ ਹੈ। ਉਹ ਮੁੱਖ ਮੰਤਰੀ ਦੀ ਕੋਠੀ ਸੰਭਰਦੀ ਹੈ। ਉਸ ਦੀ ਬੀਬੀ ਨਾਲ ਸਿੱਧੀ ਜਾਣ-ਪਛਾਣ ਹੈ। ਚੌਥੇ ਦਿਨ ਕੋਈ ਨਾ ਕੋਈ ਕਾਰ 'ਚ ਬਿਠਾ ਕੇ ਉਸ ਨੂੰ ਚੰਡੀਗੜ੍ਹ ਲੈ ਤੁਰਦਾ ਹੈ। ਘਰ ਦੇ ਸਾਰੇ ਜੀਅ ਨੌਕਰ ਕਰਾ ਲਏ। ਕਿਸੇ ਨੂੰ ਮਾਰਕੀਟ ਕਮੇਟੀ 'ਚ ਚੌਕੀਦਾਰ ਲਗਵਾ ਦਿੱਤਾ, ਕਿਸੇ ਨੂੰ ਫੂਡ ਸਪਲਾਈ ਵਿਚ ਜਮਾਂਦਾਰ। ਇਕ ਨੂੰ ਐਫ਼.ਸੀ.ਆਈ. ਵਿਚ ਲਗਵਾ ਦਿੱਤਾ। ਉਹ ਆਥਣ ਨੂੰ ਬੋਰੀ ਕਣਕ ਦੀ ਲੈ ਕੇ ਆਉਂਦੈ। ਕੁੜੀਆਂ ਤਾਂ ਨਿੱਤ ਨਵਾਂ ਪਾ-ਪਾ ਨਿਕਲਦੀਆਂ ਨੇ। ਸ਼ਾਂਤੀ ਤਾਂ ਚਾਹੇ ਜਿੱਡਾ ਮਰਜ਼ੀ ਵਿਆਹ ਕਰ ਲਏ। ਜਿਸ ਨਾਲ ਮਰਜ਼ੀ ਨਾਤਾ ਜੋੜ ਲਏ। ਲਾਲਾ ਜੀ ਨੇ ਇਕ ਨਾ ਸੁਣੀ। ਸ਼ਾਂਤੀ ਦੀ ਕੁੜੀ ਦਾ ਵਿਆਹ ਕਰ ਕੇ ਛੱਡਿਆ ਲਾਲੇ ਨੇ। ਅੰਦਰਖਾਤੇ ਜ਼ਰੂਰ ਉਸ ਰਾਹੀਂ ਮੁੱਖ ਮੰਤਰੀ ਤੋਂ ਕੋਈ ਕੰਮ ਕਰਾਇਆ ਹੋਣੈ। ਉਂਝ ਤਾਂ ਉਸ ਦੀ ਮੁੱਖ ਮੰਤਰੀ ਨਾਲ ਬਣਦੀ ਨਹੀਂ।

ਅਗਲੇ ਸਾਲ ਲਈ ਵੀ ਲਾਲਾ ਹਾਂ ਕਰ ਦਿੰਦਾ ਤਾਂ ਵੀ ਜੋਗਿੰਦਰ ਰਿਸ਼ਤੇਦਾਰਾਂ ਦੀ ਮਿੰਨਤ ਕਰ ਲੈਂਦਾ। ਫੇਰ ਟਾਲ ਗਿਆ। ਅਗਲੇ ਸਾਲ ਦਾ ਫ਼ੈਸਲਾ ਅਗਲੇ ਕੀਤਾ ਜਾਏਗਾ। ਉਸ ਸਾਲ ਕਿਸੇ ਹੋਰ ਵਜ਼ੀਰ ਦੀ ਟੰਗ ਅੜ ਜਾਣੀ ਸੀ। ਗ਼ਰੀਬ ਜੋਗਿੰਦਰ ਦੀ ਕਿਸ ਨੇ ਸੁਣਨੀ ਸੀ।

ਜੋਗਿੰਦਰ ਨੂੰ ਵਿਚੋਲੇ ਨੂੰ ਸਾਫ਼ ਆਖਣਾ ਪਿਆ ਕਿ ਰਿਸ਼ਤੇਦਾਰਾਂ ਨੂੰ ਕੁੜੀ ਆਮ ਚੂਹੜਿਆਂ ਵਾਂਗ ਵਿਆਹ ਕੇ ਲਿਜਾਣੀ ਪਏਗੀ।

ਇਸ ਤਰ੍ਹਾਂ ਉਹ ਕਿਉਂ ਕਰਦੇ ? ਉਹਨਾਂ ਦੇ ਪੜ੍ਹੇ-ਲਿਖੇ ਮੁੰਡੇ ਨੂੰ ਸਾਕਾਂ ਦਾ ਘਾਟਾ ਸੀ ? ਉਹਨਾਂ ਅਗਲੇ ਦਿਨ ਹੀ ਮੁੰਡਾ ਮਾਸਟਰਨੀ ਨਾਲ ਮੰਗ ਲਿਆ।

ਜੋਗਿੰਦਰ ਦੇ ਸੁਫ਼ਨੇ ਖੇਰੂੰ-ਖੇਰੂੰ ਹੋ ਗਏ। ਉਸ ਦੀ ਕੁੜੀ ਨੂੰ ਗੋਹੇ ਕੂੜੇ ਨਾਲ ਹੀ ਟੱਕਰਾਂ ਮਾਰਨੀਆਂ ਪੈ ਰਹੀਆਂ ਹਨ। ਟੁੱਟੇ ਸਾਕ ਦੀ ਨਮੋਸ਼ੀ ਕਾਰਨ ਜੋਗਿੰਦਰ ਨੂੰ ਫਟਾ-ਫਟ ਵਿਆਹ ਕਰਨਾ ਪਿਆ। ਭੁੱਖੇ-ਨੰਗੇ ਰਿਸ਼ਤੇਦਾਰ ਟੱਕਰੇ। ਸੀਰੀ ਰਲਿਆ ਹੋਇਆ ਜਵਾਈ। ਲਾਲੇ ਦੀ ਮਿਹਰ ਹੋਈ ਹੁੰਦੀ ਤਾਂ ਧੀ ਮੌਜਾਂ ਕਰਦੀ।

ਜੋਗਿੰਦਰ ਦੱਸਣਾ ਚਾਹੁੰਦਾ ਸੀ ਕਿ ਉਸ ਦੀ ਵੀ ਕੋਈ ਹੈਸੀਅਤ ਹੈ। ਉਹ ਜੱਲਾਦ ਜ਼ਰੂਰ ਅਖਵਾਉਂਦੈ ਪਰ ਕਿਤੇ ਨਾ ਕਿਤੇ ਉਸ ਦੀ ਵੀ ਪੁੱਛ ਹੈ। ਭਾਵੇਂ ਲਾਸ਼ਾਂ ਚੀਰਨ ਵਿਚ ਹੀ ਸਹੀ। ਆਪਣੀ ਫ਼ੀਸ ਲਏ ਬਿਨਾਂ ਉਹ ਲਾਸ਼ ਨੂੰ ਹੱਥ ਨਹੀਂ ਲਾਏਗਾ। ਕਦੇ ਵੀ ਨਹੀਂ।

ਲਾਸ਼ ਦਾ ਪੋਸਟ ਮਾਰਟਮ ਕਰਾਉਣ ਆਏ ਸਿਪਾਹੀਆਂ ਦਾ ਕੋਈ ਕਸੂਰ ਨਹੀਂ ਸੀ। ਉਹਨਾਂ ਨੇ ਤਾਂ ਇਸ਼ਾਰੇ ਨਾਲ ਲਾਲਾ ਜੀ ਦੇ ਹਮਾਇਤੀਆਂ ਨੂੰ ਸਮਝਾ ਦਿੱਤਾ ਸੀ ਕਿ ਜੋਗਿੰਦਰ ਦਾ ਖ਼ਿਆਲ ਰੱਖੇ। ਪਰ ਅੱਖਾਂ 'ਚੋਂ ਮਗਰਮੱਛ ਵਾਲੇ ਹੰਝੂ ਵਹਾਉਂਦੇ ਮੋਟੇ ਢਿੱਡਾਂ ਵਾਲਿਆਂ ਨੂੰ ਲਾਲਾ ਜੀ ਨਾਲ

ਦਿਲੋਂ ਕੋਈ ਹਮਦਰਦੀ ਨਹੀਂ ਸੀ। ਨਹੀਂ ਤਾਂ ਕੀ ਹੁੰਦੇ ਨੇ ਪੰਜਾਹ ਰੁਪਏ। ਜਿਹੜਾ ਮਰਜ਼ੀ ਉਸ ਨੂੰ ਫੜਾ ਦਿੰਦਾ। ਅੱਗੇ ਕਿਹੜਾ ਹਰ ਵਾਰ ਫ਼ੀਸ ਵਾਰਿਸ ਹੀ ਦਿੰਦੇ ਹਨ। ਜਿਸ ਨੂੰ ਵੀ ਸਿਪਾਹੀ ਨੇ ਆਖ ਦਿੱਤਾ, ਉਸ ਨੇ ਫੜਾ ਦਿੱਤੇ। ਇਥੇ ਤਾਂ ਹਰ ਕੋਈ ਗੱਲ ਸੁਣੀ-ਅਣਸੁਣੀ ਕਰ ਕੇ ਬਾਹਰ ਵਿਛੇ ਸੱਥਰ 'ਤੇ ਜਾ ਬੈਠਦਾ ਹੈ।

ਜੋਗਿੰਦਰ ਨੂੰ ਬੁੱਧ ਸਿੰਘ ਹੌਲਦਾਰ ਦੀ ਯਾਦ ਸਤਾਉਣ ਲੱਗੀ। ਬੜਾ ਭਲਾ ਆਦਮੀ ਸੀ ਉਹ। ਖ਼ਾਸ ਕਰ ਜੋਗਿੰਦਰ ਲਈ। ਉਸ ਨੂੰ ਲਿਖਾ-ਪੜ੍ਹੀ ਦਾ ਕੰਮ ਘੱਟ ਆਉਂਦਾ ਸੀ। ਇਸ ਲਈ ਥਾਣੇ ਵਾਲੇ ਉਪਰਲੇ ਕੰਮਾਂ 'ਤੇ ਹੀ ਰੱਖਦੇ ਸਨ। ਜੋਗਿੰਦਰ ਵਾਂਗ ਉਹ ਗ਼ਰੀਬ ਘਰਾਣੇ ਦਾ ਸੀ। ਜੋਗਿੰਦਰ ਦੀ ਹਾਲਤ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਕਿਸੇ ਪੁਲਿਸ ਅਫ਼ਸਰ ਦੀ ਮਿਹਰਬਾਨੀ ਨਾਲ ਸਿਪਾਹੀ ਭਰਤੀ ਹੋ ਗਿਆ। ਅੱਗੋਂ ਆਪਣੀ ਤਾਬੇਦਾਰੀ ਦੇ ਸਿਰ 'ਤੇ ਹੌਲਦਾਰ ਬਣ ਗਿਆ। ਚੂਹੜਿਆਂ ਦਾ ਮੁੰਡਾ ਸੀ। ਕੋਰਸ ਕਰਦਿਆਂ ਹੀ ਫੀਤੀਆਂ ਲੱਗ ਗਈਆਂ। ਜੋਗਿੰਦਰ ਨਾਲ ਬਹੁਤ ਪਿਆਰ ਰੱਖਦਾ ਸੀ। ਜਦੋਂ ਵੀ ਕਿਸੇ ਲਾਸ਼ ਨਾਲ ਆਉਂਦਾ, ਘੱਟੋ-ਘੱਟ ਸੌ ਦਾ ਨੋਟ ਦਿਵਾਉਂਦਾ। ਇਕ ਵਾਰ ਤਾਂ ਤਿੰਨ ਸੌ ਵੀ ਦਿਵਾ ਗਿਆ। ਇਹਨਾਂ ਦਾ ਕਿਹੜਾ ਦਿਵਾਉਂਦਿਆਂ ਦਾ ਲੂਣ ਢਿਲਕਦੈ ਜਾਂ ਜੇਬੋਂ ਨਿਕਲਦੇ ਨੇ। ਥੋੜ੍ਹੀ ਜਿਹੀ ਜ਼ਬਾਨ ਹੀ ਹਿਲਾਉਣੀ ਹੁੰਦੀ ਹੈ।

ਇਕ-ਦੋ ਵਾਰ ਲਾਵਾਰਿਸ ਲਾਸ਼ਾਂ ਨਾਲ ਆਇਆ। ਫੇਰ ਵੀ ਪੰਜਾਹ ਦਾ ਨੋਟ ਆਪਣੇ ਕੋਲੋਂ ਦੇ ਗਿਆ। ਜੋਗਿੰਦਰ ਨੇ ਬਥੇਰਾ ਸਮਝਾਇਆ। ਲਾਵਾਰਿਸ ਲਾਸ਼ਾਂ ਵਿਚ ਉਹਨਾਂ ਨੇ ਕੁਝ ਨਹੀਂ ਕਰਨਾ ਹੁੰਦਾ। ਘੰਟਾ ਡੈੱਡ ਹਾਊਸ ਵਿਚ ਪਾਈ ਰੱਖਣ ਬਾਅਦ ਲਾਸ਼ ਵਾਪਸ ਕਰ ਦੇਣੀ ਹੁੰਦੀ ਹੈ।

ਪਹਿਲਾਂ ਵਾਲੇ ਡਾਕਟਰ ਤਾਂ ਰਹੇ ਨਹੀਂ, ਜਿਹੜੇ ਆਪ ਨਾੜ-ਨਾੜ ਟੋਂਹਦੇ ਸੀ। ਫੁੱਟੇ ਪੈਨਸਲਾਂ ਫੜੀ ਜ਼ਖ਼ਮਾਂ ਦੀ ਲੰਬਾਈ-ਚੌੜਾਈ ਮਿਣਦੇ ਰਹਿੰਦੇ ਸੀ। ਹੁਣ ਤਾਂ ਪਹਿਲਾਂ ਇਹ ਪੁੱਛਦੇ ਹਨ ਕਿ ਕਿਸ ਤਰ੍ਹਾਂ ਦੀ ਰਿਪੋਰਟ ਦੇਣੀ ਹੈ। ਜਿਹੋ ਜਿਹੀ ਫ਼ੀਸ, ਉਹੋ ਜਿਹਾ ਮੁਆਇਨਾ। ਕਤਲ ਨੂੰ ਖ਼ੁਦਕੁਸ਼ੀ ਬਣਾ ਦਿੰਦੇ ਹਨ ਅਤੇ ਖ਼ੁਦਕੁਸ਼ੀ ਨੂੰ ਕਤਲ। ਵਿਸਰੇ ਬਦਲ ਕੇ ਖਾਧੀ ਜ਼ਹਿਰ ਦਾ ਨਾਂ ਨਿਸ਼ਾਨ ਮਿਟਾ ਦਿੰਦੇ ਹਨ। ਲੋੜ ਪਏ ਤਾਂ ਜ਼ਹਿਰ ਕੋਲੋਂ ਮਿਲਾ ਦੇਂਦੇ ਹਨ। ਅਖ਼ੀਰ ਇਹ ਸਭ ਕੰਮ ਜੋਗਿੰਦਰ ਦੇ ਹੱਥੀਂ ਹੀ ਤਾਂ ਹੁੰਦੇ ਹਨ। ਲਾਵਾਰਿਸ ਲਾਸ਼ਾਂ ਤਾਂ ਜੋਗਿੰਦਰ ਵੀ ਨਹੀਂ ਛੇੜਦਾ।

ਉਸ ਨੂੰ ਯਾਦ ਸੀ, ਇਸੇ ਤਰ੍ਹਾਂ ਇਕ ਲਾਵਾਰਿਸ ਲਾਸ਼ ਵਿਚ ਡਾਕਟਰ ਸ਼ਰਮੇ ਨੂੰ ਸਿਆਪਾ ਪਿਆ ਸੀ। ਪੋਸਟ ਮਾਰਟਮ ਦੀ ਉਸ ਦੀ ਘੱਟੋ-ਘੱਟ ਫ਼ੀਸ ਇਕ ਹਜ਼ਾਰ ਰੁਪਏ ਸੀ। ਜਿਹੜਾ ਇੰਨੇ ਪੈਸੇ ਨਹੀਂ ਸੀ ਦਿੰਦਾ, ਉਹ ਉਸਦੇ ਉਲਟ ਰਿਪੋਰਟ ਕਰ ਦਿੰਦਾ। ਉਹ ਵੀ ਕੋਠੀ ਬੈਠ ਕੇ ਹੀ। ਡੈੱਡ ਹਾਊਸ ਵਿਚ ਪੈਰ ਨਹੀਂ ਸੀ ਧਰਦਾ। ਉਸ ਕੇਸ ਵਿਚ ਇਕ ਭਈਏ ਦਾ ਕਤਲ ਹੋਇਆ ਸੀ। ਅਸਲ ਗੱਲ ਦਾ ਕਿਸੇ ਨੂੰ ਵੀ ਨਹੀਂ ਸੀ ਪਤਾ। ਪੁਲਿਸ ਨੇ ਗੱਲ ਟਾਲਣ ਲਈ ਇਸ ਕਤਲ ਨੂੰ ਸ਼ਰਾਬੀਆਂ ਦੀ ਲੜਾਈ ਵਿਚ ਬਦਲ ਦਿੱਤਾ। ਉਹਨਾਂ ਪਰਚਾ ਦਰਜ ਕਰਦਿਆਂ ਲਿਖਿਆ ਸੀ ਕਿ ਭਈਆ ਸ਼ਰਾਬੀ ਸੀ। ਦੂਜੇ ਭਈਏ ਨੇ ਸਰਾਬ ਦੇ ਨਸ਼ੇ ਵਿਚ ਮਰਨ ਵਾਲੇ ਨੂੰ ਸੱਟ ਮਾਰ ਦਿੱਤੀ। ਡਰਦਾ ਭਈਆ ਆਪਣੇ ਦੇਸ ਦੌੜ ਗਿਆ।

ਮੁਜਰਮ ਵੀ ਭਈਆ ਅਤੇ ਮਰਨ ਵਾਲਾ ਵੀ ਭਈਆ। ਹਜ਼ਾਰ ਕੌਣ ਦੇਵੇ ? ਬਿਨਾਂ ਫ਼ੀਸ ਤੋਂ ਡਾਕਟਰ ਕੋਲ ਵਕਤ ਕਿਥੇ ਕਿ ਉਹ ਪੁਲਿਸ ਦੇ ਕਾਗ਼ਜ਼ ਪੱਤਰ ਪੜ੍ਹ ਸਕੇ। ਉਸ ਦੇ ਸਿੱਧੀ ਸਾਦੀ ਰਿਪੋਰਟ ਕਰ ਦਿੱਤੀ।

ਰਿਪੋਰਟ ਜਦੋਂ ਸਰਕਾਰੀ ਵਕੀਲ ਕੋਲ ਪੁੱਜੀ, ਉਹ ਅੱਗ-ਬਬੂਲਾ ਹੋ ਗਿਆ। ਪੁਲਿਸ ਮੁਤਾਬਕ ਮਰਨ ਵਾਲਾ ਮੌਤ ਹੋਣ ਸਮੇਂ ਸ਼ਰਾਬੀ ਸੀ। ਡਾਕਟਰ ਦੀ ਰਿਪੋਰਟ ਆਖਦੀ ਹੈ ਕਿ ਉਸ

ਦੇ ਪੇਟ ਵਿਚ ਸ਼ਰਾਬ ਨਹੀਂ ਸੀ। ਡਾਕਟਰ ਝੂਠਾ ਹੈ ਜਾਂ ਥਾਣੇਦਾਰ ? ਉਸ ਨੇ ਵੱਡੀ ਸਾਰੀ ਚਿੱਠੀ ਐਸ.ਐਸ.ਪੀ. ਨੂੰ ਲਿਖ ਦਿੱਤੀ। ਕਸੂਰਵਾਰ ਨੂੰ ਸਜ਼ਾ ਦਿੱਤੀ ਜਾਵੇ। ਮੁਕੱਦਮਾ ਖ਼ਾਰਜ ਕੀਤਾ ਜਾਵੇ। ਪੁਲਿਸ ਨੇ ਪੁਲਿਸ ਦਾ ਹੀ ਪੱਖ ਲੈਣਾ ਸੀ। ਕਪਤਾਨ ਨੇ ਡਾਕਰਟ ਖ਼ਿਲਾਫ਼ ਪਰਚਾ ਦਰਜ ਕਰਨ ਦਾ ਹੁਕਮ ਫ਼ਰਮਾ ਦਿੱਤਾ। ਡਾਕਟਰ ਦਾ ਸਿਫ਼ਾਰਸ਼ੀ ਕਪਤਾਨ ਨੂੰ ਦੱਸ ਬੈਠਾ ਸੀ ਕਿ ਉਸ ਨੇ ਮਰਨ ਵਾਲੇ ਦਾ ਪੇਟ ਖੋਲ੍ਹਿਆ ਹੀ ਨਹੀਂ ਸੀ। ਨੋਟਾਂ ਦੇ ਥੱਬੇ ਦੇ ਕੇ ਮਸਾਂ ਉਸ ਦਾ ਖਹਿੜਾ ਛੁੱਟਿਆ।

ਜੋਗਿੰਦਰ ਸਿੰਘ ਨੇ ਕੁਝ ਕਰਨਾ ਹੈ ਭਾਵੇਂ ਨਹੀਂ, ਬੁੱਧ ਸਿੰਘ ਨੇ ਫ਼ੀਸ ਦੇਣੀ ਹੀ ਦੇਣੀ ਹੈ। ਉਹ ਆਖਦਾ ਹੁੰਦਾ ਸੀ ਕਈਆਂ ਕੇਸਾਂ ਵਿਚ ਪੁਲਿਸ ਲੱਖ-ਲੱਖ ਰੁਪਿਆ ਖਾ ਜਾਂਦੀ ਹੈ। ਕਦੇ ਪੱਲੇ ਤੋਂ ਦੇ ਦੇਣਗੇ ਤਾਂ ਕਿਹੜਾ ਮਲੰਗ ਹੋ ਜਾਣਗੇ। ਉਹ ਆਪੇ ਮੁਨਸ਼ੀ ਤੋਂ ਲੈ ਲਏਗਾ।

ਬੁੱਧ ਸਿੰਘ ਨੂੰ ਯਾਦ ਕਰ ਕੇ ਜੋਗਿੰਦਰ ਰੋਣ-ਹਾਕਾ ਹੋ ਗਿਆ। ਕੀ ਪਤਾ ਸੀ ਜੋਗਿੰਦਰ ਦੇ ਮਨਹੂਸ ਹੱਥ ਕਦੇ ਉਸੇ ਦਾ ਪੇਟ ਚੀਰਨ ਲਈ ਚੱਲਣਗੇ।

ਉਹ ਪੀਂਦਾ ਬਹੁਤ ਸੀ। ਕਈ ਵਾਰ ਜੋਗਿੰਦਰ ਨੇ ਵੀ ਸਮਝਾਇਆ ਸੀ, ਬਹੁਤੀ ਨਾ ਪੀਆ ਕਰੇ, ਪਰ ਮਾਂ ਦਾ ਸ਼ੇਰ ਕਿਸੇ ਦੀ ਨਹੀਂ ਸੀ ਸੁਣਦਾ। ਪੀਣ ਲੱਗਦਾ ਤਾਂ ਹਫ਼ਤਾ-ਹਫ਼ਤਾ ਪੀਂਦਾ ਰਹਿੰਦਾ। ਸੜਕਾਂ 'ਤੇ ਲਿਟਦਾ ਰਹਿੰਦਾ।

ਮੋਟਰ ਸਾਈਕਲ ਲਿਆ ਤਾਂ ਸਭ ਨੇ ਵਰਜਿਆ। ਇਹ ਤਾਂ ਉਸ ਦੀ ਮੌਤ ਦਾ ਗਾਲਾ ਸੀ। ਇਨਫੀਲਡ ਤਾਂ ਸੋਫ਼ੀ ਬੰਦੇ ਤੋਂ ਨਹੀਂ ਸੰਭਲਦਾ, ਉਹ ਤਾਂ ਸਾਰਾ ਦਿਨ ਸ਼ਰਾਬੀ ਰਹਿਣ ਵਾਲਾ ਸੀ।

ਆਖ਼ਿਰ ਉਹੋ ਹੋਇਆ। ਮਹੀਨੇ ਕੁ ਬਾਅਦ ਹੀ ਉਹ ਚਿੱਤ ਹੋ ਗਿਆ। ਮਰਿਆ ਵੀ ਕੁੱਤਿਆਂ ਵਾਲੀ ਮੌਤ। ਸ਼ਰਾਬੀ ਹੋਏ ਨੂੰ ਪਤਾ ਨਾ ਲੱਗਾ ਕਿ ਅੱਗੇ ਕੱਸੀ ਦੀ ਪੁਲੀ ਹੈ। ਕੱਸੀ 'ਚ ਗਿਰਦਿਆਂ ਹੀ ਘੰਡੀ ਟੁੱਟ ਗਈ। ਮੋਟਰ-ਸਾਈਕਲ ਨੂੰ ਅੱਗ ਲੱਗ ਗਈ। ਕਿਸੇ ਤੋਂ ਲਾਸ਼ ਪਛਾਣੀ ਵੀ ਨਾ ਗਈ। ਡਰਦਿਆਂ ਕਿਸੇ ਨੇ ਥਾਣੇ ਵੀ ਇਤਲਾਹ ਨਾ ਦਿੱਤੀ। ਸਾਰੀ ਰਾਤ ਕੱਸੀ 'ਚ ਪਿਆ ਸੜਦਾ ਰਿਹਾ।

ਸਵੇਰੇ ਪਤਾ ਲੱਗਾ, ਉਹ ਸ਼ਰਾਬ ਦੀ ਕੇਨੀ ਲੈਣ ਪਿੰਡ ਚਾਉਕੇ ਗਿਆ ਸੀ। ਰੱਜ ਕੇ ਪੀਤੀ, ਬਾਕੀ ਡਿੱਘੀ ਵਿਚ ਰੱਖ ਲਈ।

ਅਫ਼ਸਰਾਂ ਨੇ ਰਹਿਮ ਕੀਤਾ। ਮਰਿਆ ਉਹ ਤਪੇ ਥਾਣੇ ਦੀ ਹਦੂਦ ਵਿਚ ਸੀ। ਇਸ ਤਰ੍ਹਾਂ ਕਾਗ਼ਜ਼ ਪੱਤਰ ਭਰੇ ਗਏ ਤਾਂ ਉਸ ਦੇ ਵਾਰਿਸਾਂ ਨੂੰ ਧੇਲਾ ਨਹੀਂ ਸੀ ਮਿਲਣਾ। ਉਸ ਨੂੰ ਕਿਸੇ ਢੰਗ ਨਾਲ ਡਿਊਟੀ 'ਤੇ ਦਿਖਾਉਣਾ ਜ਼ਰੂਰੀ ਸੀ।

ਸਰਕਾਰੀ ਵਕੀਲ ਦੀ ਰਾਏ ਨਾਲ ਉਸ ਦੀ ਜੇਬ ਵਿਚ ਬਠਿੰਡੇ ਜ਼ਿਲ੍ਹੇ ਦੇ ਸੰਮਨ ਪਾਏ ਗਏ। ਰੋਜ਼ਨਾਮਚਾ ਪਾੜ ਕੇ ਨਵੀਂ ਰਿਪੋਰਟ ਦਰਜ ਕੀਤੀ ਗਈ। ਉਸ ਨੂੰ ਬਠਿੰਡੇ ਵੱਲ ਗਿਆ ਦਿਖਾਇਆ ਗਿਆ।

ਬਾਕੀ ਕੰਮ ਜੋਗਿੰਦਰ ਦੇ ਰਹਿਮੋ-ਕਰਮ 'ਤੇ ਸੀ। ਜੇ ਪੋਸਟ ਮਾਰਟਮ ਵਿਚ ਸ਼ਰਾਬ ਆ ਗਈ ਤਾਂ ਅਫ਼ਸਰਾਂ ਦੀ ਕੀਤੀ-ਕਰਾਈ ਖੂਹ ਵਿਚ ਪੈ ਜਾਣੀ ਸੀ। ਸ਼ਰਾਬੀ ਬੰਦੇ ਨੂੰ ਮਹਿਕਮਾ ਕੀ ਲਈ ਬੈਠਾ ਸੀ ? ਡਾਕਟਰ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਸੀ, ਬੱਸ ਜੋਗਿੰਦਰ ਦੀ ਹਾਂ ਚਾਹੀਦੀ ਸੀ।

ਜੋਗਿੰਦਰ ਭੱਜਣ ਵਾਲਾ ਥੋੜ੍ਹਾ ਸੀ। ਇਸ ਹੌਲਦਾਰ ਲਈ ਤਾਂ ਉਹ ਕੁਝ ਵੀ ਕਰ ਸਕਦਾ ਸੀ। ਬੁੱਧ ਸਿੰਘ ਦੇ ਸਰੀਰ 'ਤੇ ਛੁਰੀ ਚਲਾਉਂਦੇ ਜੋਗਿੰਦਰ ਨੂੰ ਇਉਂ ਲੱਗਦਾ ਸੀ ਜਿਵੇਂ ਉਹ ਆਪਣੇ ਪੁੱਤ ਦਾ ਪੇਟ ਕੱਟ ਰਿਹਾ ਹੋਵੇ। ਕਈ ਵਾਰ ਇਉਂ ਝਉਲੇ ਪਏ, ਜਿਵੇਂ ਬੁੱਧ ਸਿੰਘ ਉੱਠੇਗਾ ਅਤੇ ਆਖੇਗਾ, 'ਬਾਈ ਹੌਲੀ !' ਪਰ ਮੁਰਦੇ ਕਦੇ ਉੱਠੇ ਨੇ ? ਜੋਗਿੰਦਰ ਦੇ ਜ਼ਾਲਮ ਹੱਥ ਬੁੱਧ ਸਿੰਘ ਦੇ ਟੁਕੜੇ-ਟੁਕੜੇ ਕਰਦੇ ਰਹੇ।

ਦੇਣ ਵਾਲੇ ਤਾਂ ਜੋਗਿੰਦਰ ਨੂੰ ਬੁੱਧ ਸਿੰਘ ਦੇ ਪੋਸਟ ਮਾਰਟਮ ਦੀ ਫ਼ੀਸ ਵੀ ਦੇ ਗਏ ਸਨ। ਉਸ ਨੇ ਬਥੇਰੇ ਤਰਲੇ ਲਏ। ਉਹ ਬੁੱਧ ਸਿੰਘ ਦੇ ਬੱਚਿਆਂ ਨੂੰ ਕੁਝ ਦੇ ਤਾਂ ਨਹੀਂ ਸਕਦਾ ਪਰ ਲਵੇ ਤਾਂ ਨਾ, ਪਰ ਪੁਲਿਸ ਵਾਲੇ ਨਾ ਮੰਨੇ। ਜੇ ਜੋਗਿੰਦਰ ਸਿੰਘ ਨੇ ਬੁੱਧ ਸਿੰਘ ਦੇ ਬੱਚਿਆਂ ਦੇ ਮੂੰਹ ਰੋਟੀ ਪਾਣੀ ਸੀ ਤਾਂ ਉਹਨਾਂ ਦੀ ਯੂਨੀਅਨ ਦੀ ਪੰਜਾਹ ਰੁਪਏ ਨਾਲ ਟੰਗ ਥੋੜ੍ਹਾ ਟੁੱਟ ਜਾਣੀ ਸੀ।

ਇਹ ਸਨ ਕਿ ਜੋਗਿੰਦਰ ਦੀ ਫ਼ੀਸ ਦੀ ਪਰਵਾਹ ਹੀ ਨਹੀਂ ਸਨ ਕਰ ਰਹੇ।

ਜੇ ਇਹਨਾਂ ਨੂੰ ਕੋਈ ਪਰਵਾਹ ਨਹੀਂ ਤਾਂ ਘੱਟ ਜੋਗਿੰਦਰ ਵੀ ਨਹੀਂ। ਉਹ ਵੀ ਚੂਹੜੇ ਦਾ ਪੁੱਤ ਹੈ। ਚੂਹੜੇ ਦੀ ਆਕੜ ਸਾਰੇ ਮਸ਼ਹੂਰ ਹੈ। ਇਕ ਵਾਰ ਉਹ ਆਕੜ ਗਿਆ ਤਾਂ ਪੰਜ ਸੌ ’ਤੇ ਵੀ ਨਹੀਂ ਮੰਨਣਾ। ਡਾਕਟਰ ਆਪ ਭਾਵੇਂ ਚੀਰ-ਫਾੜ ਕਰ ਲਏ। ਡਾਕਟਰ ਜੋਗਿੰਦਰ ਤੋਂ ਬਾਹਰ ਹੋ ਕੇ ਚੱਲਿਆ ਤਾਂ ਉਸ ਨੇ ਵੀ ਡਾਕਟਰ ਦਾ ਬਾਈਕਾਟ ਕਰ ਦੇਣਾ ਹੈ। ਅੱਗੇ ਤੋਂ ਉਹ ਪਾਣੀ ’ਚ ਸੜੀਆਂ ਅਤੇ ਅੱਗ ’ਚ ਝੁਲਸੀਆਂ ਲਾਸ਼ਾਂ ਦੀ ਚੀਰ-ਫਾੜ ਡਾਕਟਰ ਨੂੰ ਕੋਲ ਖੜ੍ਹਾ ਹੋ ਕੇ ਕਰਿਆ ਕਰੇਗਾ। ਅੱਧਾ ਮੀਲ ਦੂਰ ਬੈਠੇ ਕੋਲ ਵਿਸਰੇ ਲਿਜਾ-ਲਿਜਾ ਨਹੀਂ ਰੱਖੇਗਾ।

ਜੋਗਿੰਦਰ ਦਾ ਕੋਈ ਹੋਰ ਵੱਸ ਨਾ ਹੀ ਚੱਲਿਆ ਤਾਂ ਉਸ ਕਾਮਰੇਡ ਵਰਗੀ ਤਾਂ ਕਰੇਗਾ ਹੀ, ਜਿਹੜਾ ਐਕਸੀਡੈਂਟ ਵਿਚ ਮਰ ਗਿਆ ਸੀ। ਜਦੋਂ ਜੋਗਿੰਦਰ ਨੇ ਫ਼ੀਸ ਦਾ ਇਸ਼ਾਰਾ ਕੀਤਾ, ਉਸ ਦੇ ਸਾਥੀਆਂ ਨੇ ਚੁੱਪ ਕਰ ਕੇ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ। ਜਿਵੇਂ ਵਿਰੋਧ ਕਰਨ ਲਈ ਕੋਈ ਸਰਮਾਏਦਾਰ ਉਹਨਾਂ ਨੂੰ ਲੱਭਾ ਹੀ ਨਹੀਂ ਸੀ। ਗ਼ਰੀਬ ਜੋਗਿੰਦਰ ਹੀ ਲੱਭਾ ਸੀ, ਗੰਦਗੀ ’ਚੋਂ ਰੋਟੀ ਕਮਾ ਕੇ ਢਿੱਡ ਭਰਨ ਵਾਲਾ।

ਜੋਗਿੰਦਰ ਨੂੰ ਮਜਬੂਰੀ ਵਿਚ ਚੀਰ-ਫਾੜ ਤਾਂ ਕਰਨੀ ਪਈ ਸੀ ਪਰ ਉਸ ਨੇ ਕਾਮਰੇਡਾਂ ਨੂੰ ਨਾਨੀ ਯਾਦ ਕਰਾ ਦਿੱਤੀ ਸੀ।

ਜੋਗਿੰਦਰ ਨੇ ਕਾਮਰੇਡ ਦਾ ਪੇਟ ਤਾਂ ਚੀਰਨਾ ਹੀ ਸੀ, ਉਸ ਦੀਆਂ ਲੱਤਾਂ ਬਾਹਾਂ ਦੇ ਜੋੜ ਵੀ ਢਿੱਲੇ ਕਰ ਦਿੱਤੇ। ਆਂਤੜੀਆਂ ਦੀ ਥਾਂ ਤੂੜੀ ਭਰ ਕੇ ਪੇਟ ਨੂੰ ਚੰਗੀ ਤਰ੍ਹਾਂ ਸੀਊਣ ਦੀ ਥਾਂ ਕੱਚੇ ਸੜੋਪੇ ਹੀ ਮਾਰੇ।

ਟਰਾਲੀ ’ਚ ਰੱਖਦਿਆਂ ਹੀ ਲਾਸ਼ ਖੱਖੜੀ-ਖੱਖੜੀ ਹੋ ਗਈ। ਲੱਤ ਕਿਤੇ, ਬਾਂਹ ਕਿਤੇ ਅਤੇ ਧੜ ਕਿਤੇ। ਫੇਰ ਉਹਨਾਂ ਨੂੰ ਜੋਗਿੰਦਰ ਦੀ ਅਹਿਮੀਅਤ ਦਾ ਪਤਾ ਲੱਗਾ। ਸਾਰੇ ਰਸਮੋ-ਰਿਵਾਜ ਵਿਚੇ ਛੱਡ ਕੇ ਉਹਨਾਂ ਨੂੰ ਲਾਸ਼ ਸਮੇਟਣ ਦੀ ਪੈ ਗਈ। ਕਾਮਰੇਡ ਨੂੰ ਗੱਠੜੀ ਵਾਂਗ ਬੰਨ੍ਹ ਕੇ ਸ਼ਮਸ਼ਾਨ ਲਿਜਾਂਦੇ ਸਾਥੀਆਂ ਨੂੰ ਦੇਖ ਕੇ ਜੋਗਿੰਦਰ ਦੇ ਕਾਲਜੇ ਠੰਡ ਪਈ ਸੀ। ਦੇਖੇ ਜੋਗਿੰਦਰ ਦੇ ਹੱਥ।

ਲਾਲਾ ਜੀ ਨੂੰ ਵੀ ਇਹੋ ਕਰਾਮਾਤ ਦਿਖਾਣੀ ਪਏਗੀ।

ਇਕ ਸਿਪਾਹੀ ਨੇ ਜੋਗਿੰਦਰ ਨੂੰ ਦੱਸਿਆ ਕਿ ਡਾਕਟਰ ਨੇ ਮੁਰਾਰੀ ਨੂੰ ਬੁਲਾ ਕੇ ਜੋਗਿੰਦਰ ਨੂੰ ਮਨਾਉਣ ਦਾ ਇਸ਼ਾਰਾ ਕੀਤਾ ਸੀ।

ਮੁਰਾਰੀ ਡਾਕਟਰ ਦੇ ਨਜ਼ਦੀਕੀਆਂ ਵਿਚੋਂ ਇਕ ਸੀ। ਉਸ ਦਾ ਹਸਪਤਾਲ ਬਹੁਤ ਆਉਣ ਜਾਣ ਸੀ। ਹੋਰ ਕਾਹਦੀ ਲਿਹਾਜ਼ ਸੀ ? ਡਾਕਟਰ ਦਾ ਦਲਾਲ ਸੀ। ਉਸ ਨੂੰ ਕੇਸ ਲਿਆ-ਲਿਆ ਦਿੰਦਾ ਸੀ। ਕੋਈ ਚੰਗੀ ਮੁਰਗੀ ਫਸ ਜਾਂਦੀ ਤਾਂ ਹਿੱਸਾ ਲੈ ਜਾਂਦਾ ਸੀ। ਪੈੱਗ ਮੁਫ਼ਤ ’ਚ ਲਾ ਜਾਂਦਾ। ਨਰਸਾਂ ਨਾਲ ਹਾਸਾ-ਠੱਠਾ ਬੋਨਸ ਵਿਚ।

ਜੋਗਿੰਦਰ ਉਹਨਾਂ ਦੀ ਖ਼ੂਬ ਸੇਵਾ ਕਰਦਾ ਸੀ। ਜਦੋਂ ਉਹ ਅਤੇ ਡਾਕਟਰ ਵਿਸਕੀ ਪੀ ਰਹੇ ਹੁੰਦੇ, ਉਹ ਬਾਹਰ ਬੈਠਾ ਪਹਿਰਾ ਦਿੰਦਾ ਰਹਿੰਦਾ। ਕਦੇ ਭੱਜ ਕੇ ਮੁਰਗਾ ਫੜ ਲਿਆਇਆ ਕਦੇ

ਸਿਗਰਟਾਂ ਦੀ ਡੱਬੀ ਅਤੇ ਕਦੇ ਵਿਸਕੀ ਦੀ ਬੋਤਲ। ਜੋਗਿੰਦਰ ਨੂੰ ਪੂਰੀ ਆਸ ਸੀ। ਮੁਰਾਰੀ ਜੋਗਿੰਦਰ ਨੂੰ ਫ਼ੀਸ ਦਿਵਾ ਦੇਵੇਗਾ।

ਜੋਗਿੰਦਰ ਨੂੰ ਕੀ ਪਤਾ ਸੀ ਕਿ ਉਹ ਉੱਚੀ ਦੰਦਵੀੜ ਵਾਲਾ, ਪੀਲੇ ਦੰਦਾਂ ਨੂੰ ਕੱਢਣਾ ਜੋਗਿੰਦਰ ਨੂੰ ਰਿਸ਼ਵਤਖ਼ੋਰ ਆਖ ਕੇ ਭੰਡਣ ਲੱਗੇਗਾ।

"ਰਿਸ਼ਵਤ ਦੀ ਵੀ ਕੋਈ ਹੱਦ ਹੁੰਦੀ ਹੈ। ਇਹ ਤਾਂ ਮੁਰਦੇ ਤੋਂ ਖੱਫਣ ਲਾਹੁਣ ਵਾਲੀ ਗੱਲ ਹੈ।" ਉਹਦੀ ਚਿੜ-ਚਿੜ ਸੁਣ ਕੇ ਡਾਕਟਰ ਨੂੰ ਵੀ ਧਰਤੀ 'ਚ ਧਸਣ ਲਈ ਥਾਂ ਨਾ ਲੱਭੀ। ਡਾਕਟਰ ਰੋਣ-ਹਾਕਾ ਹੋ ਕੇ ਚੁੱਪ ਕਰ ਗਿਆ।

ਜੋਗਿੰਦਰ ਦਾ ਦਿਲ ਕਰ ਰਿਹਾ ਸੀ, ਉਹ ਮੁਰਾਰੀ ਦੇ ਬੱਚੇ ਨੂੰ ਗਿੱਚੀ ਤੋਂ ਫੜ ਕੇ ਪੁੱਛੇ ਕਿ ਉਹ ਕਿਧਰਲਾ ਭਲਾਮਾਣਸ ਹੈ ? ਜਦੋਂ ਦੀ ਮਾਲ-ਗੁਦਾਮ ਦੇ ਨਾਲ ਲੱਗਦੀ ਬਸਤੀ ਵਿਚ ਚੱਕੀ ਲਾਈ ਹੈ, ਉਹ ਮਾਲਾ-ਮਾਲ ਹੋ ਗਿਆ ਹੈ। ਵਿਚਾਰੇ ਸਾਂਸੀ ਬਿਹਾਰੀ ਅਤੇ ਤਾਮਿਲ, ਲੇਬਰ ਦੇ ਡੰਡੇ ਖਾ-ਖਾ ਮਸਾਂ ਚਾਰ ਸੇਰ ਦਾਣੇ ਇਕੱਠੇ ਕਰਦੇ ਹਨ। ਇਹ ਭੋਅ ਦੇ ਭਾਅ ਕਣਕ ਖ਼ਰੀਦ ਕੇ ਆਟਾ ਤਿੰਨ ਰੁਪਏ ਕਿੱਲੋ ਵੇਚਦਾ ਹੈ। ਐਫ਼.ਸੀ.ਆਈ. ਵਾਲਿਆਂ ਤੋਂ ਲੈ ਕੇ ਟਰੱਕਾਂ ਵਾਲਿਆਂ ਤਕ ਸਭ ਚੋਰੀ ਦੀ ਕਣਕ ਉਸੇ ਨੂੰ ਵੇਚਦੇ ਹਨ। ਇਕ-ਦੋ ਵਾਰ ਫੜਿਆ ਵੀ ਗਿਐ। ਡਾਕਟਰ ਨੂੰ ਵਿਚ ਪਾ ਕੇ ਪੁਲਿਸ ਤੋਂ ਕੇਸ ਰਫ਼ਾ-ਦਫ਼ਾ ਕਰਾ ਦਿੱਤੇ। ਉਹ ਹੇਰਾਫੇਰੀ ਨਹੀਂ ਹੁੰਦੀ ? ਰਿਸ਼ਵਤਖ਼ੋਰੀ ਨਹੀਂ ? ਮੱਕੀ ਦੇ ਆਟੇ ਵਿਚ ਕਣਕ ਦਾ, ਵੇਸਣ 'ਚ ਮੱਕੀ ਦਾ ਆਟਾ ਰਲਾਉਣਾ ਜੁਰਮ ਨਹੀਂ ? ਜਦੋਂ ਸੁੱਕੀਆਂ ਮਿਰਚਾਂ 'ਚ ਮਰੇ ਹੋਏ ਚੂਹਿਆਂ ਦੀਆਂ ਹੱਡੀਆਂ ਹੀ ਪੀਹ ਦਿੰਦੈ, ਉਦੋਂ ਉਸ ਨੂੰ ਖੱਫਣ ਯਾਦ ਨਹੀਂ ਆਉਂਦੈ ? ਕੋਈ ਨਹੀਂ। ਕਦੇ ਮੁਰਾਰੀ ਦੇ ਕਿਸੇ ਰਿਸ਼ਤੇਦਾਰ ਨੂੰ ਡੈੱਡ ਹਾਊਸ ਦੇਖਣਾ ਪਿਆ ਤਾਂ ਜੋਗਿੰਦਰ ਦੱਸੇਗਾ ਕਿ ਰਿਸ਼ਵਤਖ਼ੋਰੀ ਕੀ ਹੁੰਦੀ ਹੈ ?

ਬਿਨਾਂ ਕਿਸੇ ਕਾਰਨ ਤੋਂ ਪੋਸਟ ਮਾਰਟਮ ਲਈ ਹੁੰਦੀ ਦੇਰ ਤੋਂ ਸਾਰੇ ਘਬਰਾ ਗਏ ਸਨ। ਡੈੱਡ ਹਾਊਸ ਦੇ ਆਲੇ-ਦੁਆਲੇ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ ਸਨ। ਕਈ ਛੋਟੇ ਵੱਡੇ ਬਾਂਦਰਾਂ ਵਾਂਗ ਕੰਧਾਂ 'ਤੇ ਚੜ੍ਹ ਕੇ ਬੈਠ ਗਏ। ਇਕ ਚੱਕਰ ਡਿਪਟੀ ਵੀ ਮਾਰ ਗਿਆ ਸੀ।

ਭੀੜ ਬੇਚੈਨ ਹੁੰਦੀ ਜਾ ਰਹੀ ਸੀ। ਕਿਸੇ ਵੀ ਸਮੇਂ ਡਾਕਟਰ ਦੇ ਖ਼ਿਲਾਫ਼ ਨਾਹਰੇਬਾਜ਼ੀ ਹੋ ਸਕਦੀ ਸੀ।

ਢਲਦੀ ਸ਼ਾਮ ਨੂੰ ਦੇਖ ਕੇ ਲਾਲਾ ਜੀ ਨੇ ਪਹਿਲਾਂ ਪ੍ਰੋਗਰਾਮ ਬਦਲ ਦਿੱਤਾ ਸੀ। ਪਹਿਲਾਂ ਉਹਨਾਂ ਸੋਚਿਆ ਸੀ, ਕੁਝ ਦੇਰ ਲਈ ਲਾਸ਼ ਗੀਤਾ ਭਵਨ ਵਿਚ ਰੱਖ ਦਿੱਤੀ ਜਾਏਗੀ। ਲੋਕ ਸ਼ਰਧਾਂਜਲੀ ਭੇਟ ਕਰ ਸਕਣਗੇ। ਘਰ ਦੀਆ ਔਰਤਾਂ ਨੂੰ ਵੀ ਉਥੇ ਹੀ ਜਾਣ ਲਈ ਆਖਿਆ ਗਿਆ ਸੀ।

ਕੁਵੇਲਾ ਹੋਣ ਕਾਰਨ ਹੁਣ ਇਹ ਸੰਭਵ ਨਹੀਂ ਸੀ। ਇਕ ਘੰਟਾ ਬਾਕੀ ਸੀ ਸੂਰਜ ਅਸਤ ਹੋਣ ਵਿਚ। ਘੰਟੇ ਦੇ ਅੰਦਰ-ਅੰਦਰ ਸੰਸਕਾਰ ਨਾ ਕੀਤਾ ਗਿਆ ਤਾਂ ਸੰਸਕਾਰ ਅਗਲੇ ਦਿਨ 'ਤੇ ਪਾਉਣਾ ਪੈਣਾ ਸੀ। ਇਹ ਅਸੰਭਵ ਸੀ। ਬੱਚਾ ਪਤਾ ਨਹੀਂ ਕਦੋਂ ਦਾ ਮਰਿਆ ਹੋਇਆ ਸੀ। ਰਾਤ ਭਰ ਵਿਚ ਦੇਹ ਫਿੱਟ ਸਕਦੀ ਸੀ। ਬੰਟੀ ਦੀ ਮਾਂ ਕਾਂਤਾ ਦਾ ਵੀ ਬੁਰਾ ਹਾਲ ਸੀ। ਉਸ ਨੂੰ ਮਿੰਟ-ਮਿੰਟ ਬਾਅਦ ਦੰਦਲ ਪੈ ਰਹੀ ਸੀ। ਜਿੰਨੀ ਜਲਦੀ ਹੋ ਸਕੇ, ਬੰਟੀ ਦੀ ਮਿੱਟੀ ਸਮੇਟੀ ਜਾਣੀ ਚਾਹੀਦੀ ਸੀ।

ਇਹ ਤਾਂ ਹੀ ਸੰਭਵ ਸੀ ਜੇ ਪੋਸਟਮਾਰਟਮ ਕਰ ਕੇ ਲਾਸ਼ ਉਹਨਾਂ ਦੇ ਹਵਾਲੇ ਕੀਤੀ ਜਾਵੇ। ਡਾਕਟਰ ਮੂੰਹ-ਚੁੱਕੀ ਬੈਠਾ ਸੀ। ਜਮਾਂਦਾਰ ਝੋਟੇ ਨਾਲ ਚੰਬੜਿਆ ਖੜਾ ਸੀ। ਕਿਸੇ ਨੂੰ ਵੀ ਇਸ ਪਹੇਲੀ ਦੀ ਸਮਝ ਨਹੀਂ ਸੀ ਆ ਰਹੀ।

ਕਿਸੇ ਪਾਸਿਉਂ ਬਾਬੂ ਜੀ ਦੇ ਉਥੇ ਆ ਪੁੱਜਣ ਨਾਲ ਭੀੜ ਵਿਚ ਨਵੀਂ ਰੂਹ ਫੂਕੀ ਗਈ।

ਆਪਣੀ ਆਦਤ ਅਨੁਸਾਰ ਆਉਂਦੇ ਹੀ ਉਹ ਧਾਹਾਂ ਮਾਰ ਕੇ ਲਾਲਾ ਜੀ ਦੇ ਗਲ ਚਿੰਬੜ ਗਏ। ਹਾਲੇ ਤਕ ਲਾਲਾ ਜੀ ਸਬਰ ਦਾ ਘੁੱਟ ਭਰੀ ਬੈਠੇ ਸਨ। ਅਫ਼ਸੋਸ ਕਰਨ ਆਏ ਹਰ ਹਮਦਰਦ ਦੀ ਪਿੱਠ ਥਾਪੜ ਕੇ ਉਹ ਭਾਣਾ ਮੰਨਣ ਦਾ ਉਪਦੇਸ਼ ਦਿੰਦੇ ਸਨ। ਬਾਬੂ ਜੀ ਦੀਆਂ ਧਾਹਾਂ ਨੇ ਉਹਨਾਂ ਨੂੰ ਵੀ ਬੇਕਾਬੂ ਕਰ ਦਿੱਤਾ। ਲਾਲਾ ਜੀ ਦੀਆ ਅੱਖਾਂ ਵਿਚੋਂ ਵੀ ਗੰਗਾ ਜਮਨਾ ਵਹਿ ਤੁਰੀਆਂ।

ਪਹਿਲਾਂ ਲਾਲਾ ਜੀ ਬਾਬੂ ਜੀ ਨੂੰ ਦਿਲਾਸਾ ਦੇ ਰਹੇ ਸਨ। ਫੇਰ ਆਪੇ ਤੋਂ ਬਾਹਰ ਹੋਏ ਲਾਲਾ ਜੀ ਨੂੰ ਬਾਬੂ ਜੀ ਸਮਝਾਉਣ ਲੱਗੇ। ਸ਼ਹਿਰ ਦੇ ਦੋਹਾਂ ਪਤਵੰਤਿਆਂ ਦੇ ਰੁਦਨ ਨੂੰ ਦੇਖ ਕੇ ਸਾਰੀ ਭੀੜ ਦੀਆਂ ਅੱਖਾਂ ਸਿੰਮ ਆਈਆਂ। ਕੁਝ ਕੁ ਹਮਦਰਦ ਹਉਕੇ ਭਰਨ ਲੱਗੇ।

ਜਦੋਂ ਸਭ ਕੁਝ ਠੀਕ ਹੋ ਗਿਆ ਤਾਂ ਸੰਘ ਵਾਲਿਆਂ ਨੇ ਪੋਸਟ ਮਾਰਟਮ ਵਿਚ ਹੋ ਰਹੀ ਦੇਰੀ ਲਈ ਬਾਬੂ ਜੀ ਕੋਲ ਸ਼ਿਕਾਇਤ ਕੀਤੀ। ਬਾਬੂ ਜੀ ਸਿਰਕੱਢ ਕਾਂਗਰਸੀ ਤਾਂ ਸਨ ਹੀ, ਨਾਲ ਸਮਾਜ ਸੇਵਕ ਵੀ ਸਨ। ਛੋਟੇ ਮਜ਼ਦੂਰ ਤੋਂ ਲੈ ਕੇ ਵੱਡੇ-ਵੱਡੇ ਕਾਰਖ਼ਾਨੇਦਾਰ ਸਭ ਉਹਨਾਂ ਦੇ ਉਪਾਸ਼ਕ ਸਨ। ਉਹ ਸਭ ਦੇ ਦੁੱਖ-ਸੁਖ ਵਿਚ ਸ਼ਰੀਕ ਹੁੰਦੇ ਸਨ। ਵਿਆਹ-ਸ਼ਾਦੀ ਹੋਵੇ ਜਾਂ ਮਰਨ-ਜੰਮਣ, ਬਾਬੂ ਜੀ ਆਪੇ ਹਾਜ਼ਰ ਹੋ ਜਾਂਦੇ ਸਨ। ਲੋੜ ਪੈਣ 'ਤੇ ਵਿਤੋਂ ਵੱਧ ਮਦਦ ਕਰਦੇ ਸਨ। ਕਿਧਰੇ ਬਾਹਰ ਅੰਦਰ ਜਾਣਾ ਹੋਵੇ ਤਾਂ ਇਹ ਵੀ ਨਹੀਂ ਪੁੱਛਦੇ ਕਿ ਕਿਥੇ ਜਾਣਾ ਹੈ ? ਪੈਰ ਜੁੱਤੀ ਪਾ ਕੇ ਨਾਲ ਤੁਰ ਪੈਂਦੇ ਹਨ। ਭਾਵੇਂ ਤਿੰਨ ਦਿਨ ਲਈ ਨਾਲ ਲਈ ਫਿਰੇ। ਚੁੱਪ ਕਰ ਕੇ ਨਾਲ ਘੁੰਮਦੇ ਰਹਿੰਦੇ।

ਡਾਕਟਰ ਉਹਨਾਂ ਦੀ ਮੋੜ ਨਹੀਂ ਸਕਦਾ। ਡਾਕਟਰ ਵਿਰੁੱਧ ਕਾਰਵਾਈ ਤਾਂ ਸੰਘ ਆਪ ਵੀ ਕਰ ਸਕਦਾ ਸੀ, ਪਰ ਇਸ ਭੈੜੇ ਮੌਕੇ ਉਹ ਨਾਅਰੇਬਾਜ਼ੀ ਜਾਂ ਤਕਰਾਰ ਵਿਚ ਨਹੀਂ ਸੀ ਪੈਣਾ ਚਾਹੁੰਦੇ। ਉਹ ਡਾਕਟਰ ਨਾਲ ਕਿਸੇ ਹੋਰ ਸਮੇਂ ਨਿੱਬੜਨਗੇ। ਇਸ ਸਮੇਂ ਬਾਬੂ ਜੀ ਮਸਲਾ ਹੱਲ ਕਰਨ।

ਬਾਬੂ ਜੀ ਨੂੰ ਡਾਕਟਰ ਵੱਲ ਜਾਂਦਾ ਦੇਖ ਕੇ ਜੋਗਿੰਦਰ ਦਾ ਮੱਥਾ ਠਣਕਿਆ। ਜੇ ਬਾਬੂ ਨੇ ਜ਼ੋਰ ਪਾ ਦਿੱਤਾ ਤਾਂ ਜੋਗਿੰਦਰ ਨੂੰ ਹਥਿਆਰ ਸੁੱਟਣੇ ਹੀ ਪੈਣਗੇ। ਡਾਕਟਰ ਦੇ ਹੁਕਮਾਂ ਦੀ ਤਾਂ ਉਸ ਨੇ ਕੋਈ ਪਰਵਾਹ ਨਹੀਂ ਕੀਤੀ ਪਰ ਬਾਬੂ ਦਾ ਹੁਕਮ ਟਾਲਣਾ ਮੁਸ਼ਕਲ ਸੀ। ਬਾਬੂ ਦਾ ਉਹਨਾਂ ਦੇ ਪਰਿਵਾਰ 'ਤੇ ਬਹੁਤ ਵੱਡਾ ਅਹਿਸਾਨ ਸੀ।

ਜੋਗਿੰਦਰ ਦਾ ਭਣੋਈਆ ਉੱਨੀ ਸੌ ਇਕੱਤਰ ਦੀ ਜੰਗ ਵਿਚ ਸ਼ਹੀਦ ਹੋ ਗਿਆ ਸੀ। ਉਸ ਦੀ ਛੋਟੀ ਭੈਣ ਭਰ ਜਵਾਨੀ ਵਿਚ ਵਿਧਵਾ ਹੋ ਗਈ ਸੀ। ਜੋਗਿੰਦਰ ਹੋਰੀਂ ਪਾਗ਼ਲਾਂ ਵਰਗੇ ਹੋ ਗਏ ਸਨ। ਕੁਝ ਨਹੀਂ ਸੀ ਸੁੱਝ ਰਿਹਾ ਕਿ ਕੀ ਕੀਤਾ ਜਾਵੇ। ਜਵਾਨ ਭੈਣ ਨੂੰ, ਉਸ ਦੇ ਬੱਚੇ ਨੂੰ ਕਿਹੜੇ ਖੂਹ ਵਿਚ ਧੱਕਾ ਦੇਵੇ ? ਜੋਗਿੰਦਰ ਦਾ ਤਾਂ ਆਪਣਾ ਡੰਗ ਮਸਾਂ ਟੱਪਦਾ ਸੀ।

ਬਾਬੂ ਜੀ ਨੂੰ ਪਤਾ ਲੱਗਾ ਤਾਂ ਭੱਜੇ-ਭੱਜੇ ਆਏ।ਆਪ ਹੀ ਅੱਗੇ ਲੱਗ ਕੇ ਕੁੜੀ ਦਾ ਨਾਂ ਰੁਜ਼ਗਾਰ ਦਫ਼ਤਰ ਵਿਚ ਦਰਜ ਕਰਵਾਇਆ। ਆਪੇ ਕਾਰਡ ਕਢਵਾ ਕੇ ਤਹਿਸੀਲ ਵਿਚ ਜਮਾਂਦਾਰਨੀ ਲਗਾ ਦਿੱਤਾ। ਹੁਣ ਮੌਜਾਂ ਕਰਦੀ ਹੈ। ਨਾਂਹ-ਨਾਂਹ ਕਰਦੀ ਵੀ ਉਪਰਲੀ ਆਮਦਨ ਦੇ ਪੰਜਾਹ ਰੁਪਏ ਰੋਜ਼ ਲੈ ਕੇ ਘਰ ਵੜਦੀ ਹੈ। ਮੁੰਡਾ ਵੀ ਤਹਿਸੀਲ ਵਿਚ ਹੀ ਨੌਕਰ ਕਰਾ ਲਿਆ। ਉਹ ਉਸ ਤੋਂ ਵੀ ਵੱਧ ਕਮਾਉਂਦਾ ਹੈ। ਜੋਗਿੰਦਰ ਦਾ ਪਰਿਵਾਰ ਤਾਂ ਉੱਠਦੇ-ਬੈਠਦੇ ਸਾਰਾ ਦਿਨ ਬਾਬੂ ਜੀ ਨੂੰ ਅਸੀਸਾਂ ਦਿੰਦਾ ਹੈ। ਉਹ ਬਾਬੂ ਜੀ ਦੀ ਨਹੀਂ ਮੋੜ ਸਕੇਗਾ।

ਉਹੋ ਹੋਇਆ, ਜਿਸ ਦੀ ਜੋਗਿੰਦਰ ਨੂੰ ਤਵੱਕੋ ਸੀ। ਡਾਕਟਰ ਨੇ ਬਾਬੂ ਜੀ ਨੂੰ ਇਕ ਪਾਸੇ ਲਿਜਾ ਕੇ ਸਾਰਾ ਕਿੱਸਾ ਸਮਝਾਇਆ।

ਬਾਬੂ ਜੀ ਸੰਘ ਵਾਲਿਆਂ ਨੂੰ ਡਾਕਟਰ ਕੋਲ ਖੜਾ ਕੇ ਇਕੱਲੇ ਹੀ ਜੋਗਿੰਦਰ ਵੱਲ ਵਧੇ।

ਸ਼ਰਮਸਾਰ ਹੋਏ ਜੋਗਿੰਦਰ ਨੂੰ ਉਹਨਾਂ ਦੇ ਪੈਰੀਂ ਹੱਥ ਲਾਉਣਾ ਵੀ ਭੁੱਲ ਗਿਆ।

ਬਾਬੂ ਜੀ ਜੋਗਿੰਦਰ ਦਾ ਹੱਥ ਫੜ ਕੇ ਇਕ ਪਾਸੇ ਲੈ ਗਏ। ਆਪਣੀ ਜੇਬ ਵਿਚੋਂ ਨੋਟਾਂ ਦਾ ਥੱਬਾ ਕੱਢ ਕੇ ਕਿਸੇ ਖ਼ਾਸ ਨੋਟ ਦੀ ਤਲਾਸ਼ ਕਰਨ ਲੱਗੇ।

"ਤੁਸੀਂ ਇਹ ਕੀ ਕਰਦੇ ਹੋ ?" ਜੋਗਿੰਦਰ ਨੂੰ ਲੱਗਾ, ਬਾਬੂ ਜੀ ਉਸ ਨਾਲ ਡਾਹਡੇ ਨਾਰਾਜ਼ ਸਨ। ਉਸ 'ਤੇ ਲਾਹਨਤਾਂ ਪਾ ਰਹੇ ਸਨ।

ਜੋਗਿੰਦਰ ਨੂੰ ਲੱਗਾ, ਉਸ ਦੀਆਂ ਦੋਵੇਂ ਗੱਲ੍ਹਾਂ 'ਤੇ ਥੱਪੜਾਂ ਦਾ ਮੀਂਹ ਵਰਸ ਰਿਹਾ ਸੀ। ਉਸ ਨੂੰ ਨਮਕ-ਹਰਾਮ ਅਤੇ ਗ਼ਦਾਰ ਦੇ ਖ਼ਿਤਾਬ ਮਿਲ ਰਹੇ ਸਨ।

ਨੋਟ ਨੂੰ ਪਰ੍ਹਾਂ ਧੱਕਦਾ ਜੋਗਿੰਦਰ ਸੁਸਤ ਚਾਲ ਨਾਲ ਡੈੱਡ ਹਾਊਸ ਵੱਲ ਵਧਣ ਲੱਗਾ।

ਬੱਚੇ ਦੇ ਪੇਟ 'ਤੇ ਛੁਰੀ ਚਲਾਉਂਦੇ ਜੋਗਿੰਦਰ ਨੂੰ ਮਹਿਸੂਸ ਹੋ ਰਿਹਾ ਸੀ ਜਿਵੇਂ ਬਾਬੂ ਉਸ ਦੇ ਭੁੱਖੇ ਬੱਚਿਆਂ ਦੇ ਪੇਟ 'ਤੇ ਲੱਤ ਮਾਰ ਗਿਆ ਸੀ।

✶

# 18

ਡੀ.ਆਈ.ਜੀ. ਨਿਰਭੈ ਸਿੰਘ ਕਈ ਦਿਨਾਂ ਤੋਂ ਮਾਨਸਿਕ ਤਨਾਓ ਵਿਚ ਸੀ।

ਲੋਹੇ ਦਾ ਥਣ ਬਣੇ ਡਿਪਟੀ ਤੇ ਨਿਰਭੈ ਸਿੰਘ ਨੂੰ ਇਕ ਚੜ੍ਹਦੀ ਅਤੇ ਇਕ ਲਹਿੰਦੀ ਸੀ। ਬਹੁਤੇ ਦਿਨ ਤਾਂ ਨਹੀਂ ਬੀਤੇ ਜਦੋਂ ਇਹੋ ਡਿਪਟੀ ਦਿਨ 'ਚ ਵੀਹ-ਵੀਹ ਵਾਰ ਉਸ ਦੇ ਗੋਡੀਂ ਹੱਥ ਲਾਉਂਦਾ ਸੀ। ਕਈ ਸਾਲਾਂ ਤੋਂ ਪੁਲਿਸ ਲਾਈਨ ਵਿਚ ਖੁੱਡੇ ਲੱਗਾ ਹੋਇਆ ਸੀ। ਜੇ ਨਿਰਭੈ ਸਿੰਘ ਉਸ ਦੀ ਪੋਸਟਿੰਗ ਲਈ ਪੂਰਾ ਸਟੈਂਡ ਨਾ ਲੈਂਦਾ ਤਾਂ ਉਸ ਨੂੰ ਇਸ ਸਬ-ਡਵੀਜ਼ਨ 'ਤੇ ਤਾਂ ਕਿਸ ਨੇ ਲਾਉਣਾ ਸੀ, ਕਿਸੇ ਨੇ ਪੀ.ਏ.ਪੀ. ਦੇ ਵੀ ਦਰਸ਼ਨ ਨਹੀਂ ਸੀ ਕਰਾਉਣੇ। ਸ਼ਹਿਰ ਦੇ ਦੋ-ਚਾਰ ਜਥੇਦਾਰਾਂ ਨਾਲ ਯਾਰੀ ਪਾ ਕੇ ਉਹ ਡੀ.ਆਈ.ਜੀ. ਨੂੰ ਟਿੱਚ ਹੀ ਸਮਝਣ ਲੱਗਾ ਸੀ। ਨਾ ਸੁਨੇਹੇ 'ਤੇ ਆਇਆ, ਨਾ ਵਾਇਰਲੈੱਸ ਕਰਨ 'ਤੇ। ਡਿਪਟੀਆਂ ਦੀ ਮੀਟਿੰਗ ਰੱਖੀ ਤਾਂ ਬਹਾਨਾ ਲਾ ਕੇ ਟਾਲ ਗਿਆ। ਸ਼ਹਿਰ ਵਿਚ ਹਾਲਾਤ ਤਨਾਓ-ਪੂਰਨ ਹਨ। ਕਿਸੇ ਵੀ ਸਮੇਂ ਗੜਬੜ ਹੋ ਸਕਦੀ ਸੀ। ਡਿਪਟੀ ਦਾ ਸ਼ਹਿਰ ਵਿਚ ਹਾਜ਼ਰ ਹੋਣਾ ਬਹੁਤ ਜ਼ਰੂਰੀ ਸੀ।

ਉਲਟਾ ਡੀ.ਆਈ.ਜੀ. ਦੇ ਬੰਦੇ ਧਮਕਾ ਦਿੱਤੇ। 'ਦੋਬਾਰਾ ਸਾਹਿਬ ਕੋਲ ਗਏ ਤਾਂ ਸਾਰੇ ਟੱਬਰ ਨੂੰ ਅੰਦਰ ਤੁੰਨ ਦਿਊਂ।'

ਬੰਟੀ ਦੇ ਕਤਲ ਦੀ ਖ਼ਬਰ ਨਾਲ ਡੀ.ਆਈ.ਜੀ. ਨੂੰ ਕਾਫ਼ੀ ਰਾਹਤ ਮਿਲੀ। ਮੌਕਾ ਵੇਖਣ ਦੇ ਬਹਾਨੇ ਉਹ ਸ਼ਹਿਰ ਜਾ ਸਕੇਗਾ ਅਤੇ ਡਿਪਟੀ ਦੀ ਖੁੰਬ ਠੱਪ ਸਕੇਗਾ। ਜੇ ਫੇਰ ਵੀ ਕਾਬੂ ਨਾ ਆਇਆ ਤਾਂ ਉਸ ਦੀ ਬਦਲੀ ਦੀ ਸਿਫ਼ਾਰਸ਼ ਕਰ ਕੇ ਫਾਹਾ ਵਢਾ ਸੁੱਟੇਗਾ।

ਕਈ ਮਸਲੇ ਸੀ, ਜਿਹੜੇ ਉਸ ਨੇ ਡਿਪਟੀ ਨਾਲ ਨਜਿੱਠਣੇ ਸਨ।

ਪਹਿਲਾ ਰਾਏਸਰ ਵਾਲੀ ਪੰਜਾਹ ਕਿੱਲੇ ਜ਼ਮੀਨ ਦਾ ਸੀ। ਉਸ ਨੇ ਸਾਫ਼-ਸਾਫ਼ ਡਿਪਟੀ ਨੂੰ ਆਖਿਆ ਸੀ ਕਿ ਇਸ ਵਾਰ ਜ਼ਮੀਨ 'ਤੇ ਕਬਜ਼ਾ ਗਰੇਵਾਲਾਂ ਦਾ ਹੋਣਾ ਚਾਹੀਦਾ ਹੈ। ਉਹ ਇਕ ਕੇਂਦਰੀ ਮੰਤਰੀ ਦੀ ਚਿੱਠੀ ਲਿਆ ਕੇ ਉਸ ਨੂੰ ਮਿਲੇ ਸਨ। ਡਿਪਟੀ ਨੂੰ ਚੰਗਾ-ਭਲਾ ਪਤਾ ਸੀ ਕਿ ਉਸ ਨੂੰ ਸ਼ਹਿਰ ਦੀ ਇਸ ਸਬ-ਡਵੀਜ਼ਨ ਵਿਚ ਉਸੇ ਮੰਤਰੀ ਦੀ ਕਿਰਪਾ ਨਾਲ ਲਗਵਾਇਆ ਗਿਆ ਸੀ।

ਡੀ.ਆਈ.ਜੀ. ਨੇ ਗਰੇਵਾਲਾਂ ਨੂੰ ਮਸ਼ਵਰਾ ਦਿੱਤਾ ਕਿ ਜ਼ਮੀਨ 'ਤੇ ਜੇ ਕੋਈ ਕਬਜ਼ਾ ਕਰਵਾ ਸਕਦਾ ਹੈ ਤਾਂ ਉਹ ਨੌਨਿਹਾਲ ਸਿੰਘ ਜੀ ਹੈ। ਉਹਨਾਂ ਡੀ.ਆਈ.ਜੀ. ਦੇ ਕਹੇ ਅਨੁਸਾਰ ਕੇਂਦਰੀ ਮੰਤਰੀ ਨੂੰ ਜਾ ਆਖਿਆ। ਮੰਤਰੀ ਨੇ ਡੀ.ਆਈ.ਜੀ. ਨੂੰ ਸਿੱਧਾ ਫ਼ੋਨ ਖੜਕਾਇਆ। ਘੰਟੇ ਵਿਚ ਨੌਨਿਹਾਲ ਸਿੰਘ ਦੇ ਆਰਡਰ ਜਾਰੀ ਹੋ ਗਏ। ਆਪਣਾ ਕੰਮ ਕਢਾ ਕੇ ਗਰੇਵਾਲਾਂ ਤੋਂ ਮੂੰਹ ਲੁਕੋ ਰਿਹਾ ਹੈ।

ਇਸ ਵਾਰ ਤਾਂ ਗਰੇਵਾਲਾਂ ਨੇ ਵੈਸੇ ਹੀ ਲੜਾਈ ਦੀ ਜੜ੍ਹ ਵੱਢ ਦਿੱਤੀ ਸੀ। ਉਹਨਾਂ ਬੁੱਢੀ ਤੋਂ ਬੈਨਾਮਾ ਕਰਵਾ ਲਿਆ ਸੀ। ਪਹਿਲਾਂ ਬੁੱਢੀ ਨੂੰ ਕੋਈ ਪਾਰਟੀ ਚੁੱਕ ਕੇ ਲੈ ਜਾਂਦੀ ਸੀ ਅਤੇ

ਕਦੇ ਕੋਈ। ਗਰੇਵਾਲਾਂ ਨੂੰ ਕਬਜ਼ਾ ਦਿਵਾਉਣ ਵਿਚ ਕੋਈ ਕਾਨੂੰਨੀ ਅੜਚਨ ਨਹੀਂ ਸੀ ਰਹੀ।

ਗਰੇਵਾਲ ਕਈ ਵਾਰ ਉਲਾਂਭਾ ਦੇ ਕੇ ਗਏ ਸਨ। ਡਿਪਟੀ ਦੂਜੀ ਪਾਰਟੀ ਨਾਲ ਮਿਲਿਆ ਫਿਰਦਾ ਹੈ। ਸਿੱਧੇ ਮੂੰਹ ਉਹਨਾਂ ਨਾਲ ਗੱਲ ਨਹੀਂ ਕਰਦਾ। ਜੇ ਗਰੇਵਾਲ ਕਬਜ਼ਾ ਨਾ ਲੈ ਸਕੇ ਤਾਂ ਡੀ.ਆਈ.ਜੀ. ਦਾ ਕਈ ਲੱਖ ਦਾ ਨੁਕਸਾਨ ਹੋ ਜਾਣਾ ਸੀ। ਪੰਜਾਹਾਂ ਵਿਚੋਂ ਪੰਜ ਕਿੱਲੇ ਉਸ ਨੂੰ ਮਿਲਣੇ ਸਨ।

ਦੂਜਾ ਮਸਲਾ ਖੁੱਡੀ ਵਾਲੇ ਨੰਬਰਦਾਰ ਦਾ ਸੀ। ਉਹ ਕਈ ਦਿਨਾਂ ਤੋਂ ਨਿਰਭੈ ਸਿੰਘ ਦੀ ਕੋਠੀ ਡੇਰਾ ਲਾਈ ਬੈਠਾ ਸੀ। ਡਿਪਟੀ ਨੂੰ ਚੰਗਾ ਭਲਾ ਪਤਾ ਸੀ ਕਿ ਨੰਬਰਦਾਰ ਦੇ ਹੱਥ ਬਹੁਤ ਲੰਬੇ ਹਨ। ਫੇਰ ਵੀ ਉਸ ਨੂੰ ਵੰਝ ’ਤੇ ਟੰਗੀ ਬੈਠਾ ਸੀ।

ਬਹਾਨਾ ਵਧੀਆ ਹੈ।

“ਡੀ.ਆਈ.ਜੀ. ਦਾ ਹੁਕਮ ਹੈ। ਸਾਰੇ ਪੰਜਾਬ ਵਿਚ ਭੁੱਕੀ ਬੰਦ ਹੈ। ਇਸੇ ਸਬ-ਡਵੀਜ਼ਨ ਵਿਚ ਆਮ ਵਿਕਦੀ ਹੈ। ਨਾਲ ਲੱਗਦੇ ਜ਼ਿਲ੍ਹਿਆਂ ਦੇ ਕਪਤਾਨਾਂ ਨੇ ਡੀ.ਜੀ. ਕੋਲ ਸ਼ਿਕਾਇਤ ਕੀਤੀ ਹੈ। ਉਹਨਾਂ ਦੀ ਸਖ਼ਤੀ ਦਾ ਕੋਈ ਫ਼ਾਇਦਾ ਨਹੀਂ। ਅਮਲੀ ਸ਼ਹਿਰ ਦੇ ਇਲਾਕੇ ਵਿਚੋਂ ਭੁੱਕੀ ਲੈ ਆਉਂਦੇ ਹਨ। ਡੀ.ਜੀ. ਨੇ ਉਹਨਾਂ ਥਾਣੇਦਾਰਾਂ ਦੀ ਲਿਸਟ ਭੇਜੀ ਹੈ, ਜਿਨ੍ਹਾਂ ਨੂੰ ਨੰਬਰਦਾਰ ਦਸ ਹਜ਼ਾਰ ਤੋਂ ਲੈ ਕੇ ਪੰਜਾਹ ਹਜ਼ਾਰ ਰੁਪਏ ਤਕ ਮਹੀਨਾ ਦਿੰਦਾ ਹੈ। ਡੀ.ਜੀ. ਦਾ ਹੀ ਹੁਕਮ ਹੈ ਕਿ ਨੰਬਰਦਾਰ ਦੇ ਪਿੱਛੇ ਕਿਸੇ ਹੋਰ ਥਾਣੇ ਦਾ ਥਾਣੇਦਾਰ ਲਾਇਆ ਜਾਵੇ।

ਕਿਸੇ ਕਰਿੰਦੇ ’ਤੇ ਕੇਸ ਬਣਾ ਦਿੰਦਾ ਤਾਂ ਨੰਬਰਦਾਰ ਨੂੰ ਫ਼ਰਕ ਨਹੀਂ ਸੀ ਪੈਣਾ। ਨੰਬਰਦਾਰ ਦੇ ਖ਼ਿਲਾਫ਼ ਪਰਚਾ ਕੱਟ ਦੇਵੇ ਤਾਂ ਵੀ ਕੋਈ ਹਰਜ ਨਹੀਂ, ਪਰ ਉਸ ਨੂੰ ਗ੍ਰਿਫ਼ਤਾਰ ਤਾਂ ਨਾ ਕਰੇ। ਪੇਸ਼ਗੀ ਜ਼ਮਾਨਤ ਤਾਂ ਕਰਾ ਲੈਣ ਦੇਵੇ। ਉਲਟਾ ਉਹ ਸੈਸ਼ਨ ਜੱਜ ਦੇ ਕੰਨ ਵਿਚ ਵੀ ਫੂਕ ਮਾਰ ਆਇਆ ਹੈ। ਡਰਦੇ ਸੈਸ਼ਨ ਜੱਜ ਨੇ ਜ਼ਮਾਨਤ ਰੱਦ ਕਰ ਦਿੱਤੀ।

ਚਲੋ ਇਹ ਵੀ ਕੋਈ ਗੱਲ ਨਹੀਂ। ਡਿਪਟੀ ਨੰਬਰਦਾਰ ਦੀ ਪਤਨੀ ਅਤੇ ਧੀ ਨੂੰ ਤਾਂ ਜ਼ਲੀਲ ਨਾ ਕਰੇ। ਕਈ ਵਾਰ ਥਾਣੇ ਬੁਲਾ ਕੇ ਉਹਨਾਂ ਦੀ ਬੇਇੱਜ਼ਤੀ ਕਰ ਚੁੱਕਾ ਹੈ। ਕਾਰ ਬੇਸ਼ੱਕ ਥਾਣੇ ਖੜ੍ਹਾਈ ਰੱਖੇ, ਪੇਟੀਆਂ-ਟਰੰਕ, ਟੀ.ਵੀ. ਅਤੇ ਗੀਜ਼ਰ ਥਾਣੇ ਚੁੱਕ ਲਿਆਉਣ ਦਾ ਕੀ ਮਤਲਬ ?

ਡੀ.ਆਈ.ਜੀ. ਨੰਬਰਦਾਰ ਨੂੰ ਬਥੇਰਾ ਸਮਝਾਉਂਦਾ ਸੀ, ਹੁਣ ਉਹ ਇਹ ਕੰਮ ਛੱਡ ਦੇਵੇ। ਬਥੇਰਾ ਪੈਸਾ ਕਮਾ ਲਿਆ। ਉਸ ਕੋਲ ਘੱਟੋ-ਘੱਟ ਕਰੋੜ ਰੁਪਏ ਦੀ ਜਾਇਦਾਦ ਹੋਏਗੀ। ਸਾਲ ਵਿਚ ਪੰਜ-ਚਾਰ ਕਾਰਾਂ ਤਾਂ ਉਹ ਅਫ਼ਸਰਾਂ ਨੂੰ ਖ਼ਰੀਦ ਕੇ ਦਿੰਦਾ ਹੈ। ਕਈ ਲੱਖ ਰੁਪਏ ਛੋਟੇ ਮੁਲਾਜ਼ਮਾਂ ’ਚ ਵੰਡਦਾ ਹੈ। ਨਾਲੇ ਉਹ ਕਮਾ ਕਿਸ ਲਈ ਰਿਹਾ ਹੈ ? ਇਕ ਧੀ ਹੈ। ਉਹ ਵੀ ਪੇਟੋਂ ਨਹੀਂ ਫੁੱਟ ਸਕੀ, ਬਾਂਝ ਹੈ। ਸਹੁਰਿਆਂ ਨੇ ਸਾਰੇ ਇਲਾਜ ਕਰਾ ਕੇ ਦੇਖ ਲਏ। ਪੰਜਾਂ ਸਾਲਾਂ ਤੋਂ ਨੰਬਰਦਾਰ ਦੇ ਘਰ ਬੈਠੀ ਹੈ। ਉਹਦੇ ਘਰ ਵਾਲੇ ਨੇ ਹੋਰ ਵਿਆਹ ਕਰਾ ਲਿਆ ਹੈ।

ਨੰਬਰਦਾਰ ਦੇ ਅਜਿਹਾ ਲਹੂ ਮੂੰਹ ਲੱਗਾ ਹੈ ਕਿ ਹਰ ਵਾਰ ਉਸ ਕੋਲ ਤੋਬਾ ਕਰ ਕੇ ਜਾਂਦਾ ਹੈ। ਜਾਂਦਾ ਹੀ ਫੇਰ ਕੰਮ ਸ਼ੁਰੂ ਕਰ ਲੈਂਦਾ ਹੈ। ਇਸ ਵਾਰ ਵੀ ਇਹੋ ਆਖ ਰਿਹਾ ਹੈ। ਇਸ ਵਾਰ ਖਹਿੜਾ ਛੁੱਟ ਜਾਏ, ਮੁੜ ਕੰਮ ਤੋਂ ਤੋਬਾ।

ਡੀ.ਆਈ.ਜੀ. ਵੀ ਚਾਹੁੰਦਾ ਹੈ ਕਿ ਨੰਬਰਦਾਰ ਨੂੰ ਕਚਹਿਰੀ ਵਿਚ ਜ਼ਲੀਲ ਨਾ ਹੋਣਾ ਪਏ। ਉਸ ਦੀ ਨਜ਼ਰ ਨੰਬਰਦਾਰ ਦੀ ਘਰ ਬੈਠੀ ਕੁੜੀ ’ਤੇ ਸੀ। ਡੀ.ਆਈ.ਜੀ. ਦੇ ਨਾਲਾਇਕ ਪੁੱਤ ਦੀ ਵੀ ਆਪਣੀ ਪਾੜ੍ਹੀ ਪਤਨੀ ਨਾਲ ਨਹੀਂ ਸੀ ਬਣਦੀ। ਕਈ ਸਾਲਾਂ ਤੋਂ ਪੇਕੀਂ ਬੈਠੀ ਹੈ। ਉਸ ਦਾ ਤਲਾਕ ਕਰਾ ਕੇ ਉਹ ਨੰਬਰਦਾਰ ਨਾਲ ਰਿਸ਼ਤੇਦਾਰੀ ਪਾਉਣ ਦਾ ਇੱਛੁਕ ਸੀ। ਮੁੰਡੇ ਕੋਲ

ਦੋ ਮੁੰਡੇ ਸਨ। ਨੰਬਰਦਾਰ ਦੀ ਧੀ ਬੱਚੇ ਨਹੀਂ ਵੀ ਜੰਮੇਗੀ ਤਾਂ ਵੀ ਕੋਈ ਫ਼ਰਕ ਨਹੀਂ ਸੀ। ਉਸ ਦੇ ਨਾਲਾਇਕ ਪੁੱਤ ਨੂੰ ਏਨਾ ਪੈਸਾ ਮਿਲ ਜਾਏਗਾ ਕਿ ਭਾਵੇਂ ਸਾਰੀ ਉਮਰ ਵਿਹਲਾ ਬੈਠ ਕੇ ਖਾਂਦਾ ਰਹੇ।

ਡੀ.ਆਈ.ਜੀ. ਵੀ ਰਿਟਾਇਰਮੈਂਟ ਉਡੀਕਦਾ ਹੈ। ਸਾਰੇ ਦੇ ਸਾਲ ਰਹਿੰਦੇ ਹਨ। ਹੁਣੇ ਰਿਸ਼ਤੇਦਾਰੀ ਪਾ ਲਈ ਤਾਂ ਸਾਰੇ ਸੂਬੇ ਵਿਚ ਬਦਨਾਮੀ ਹੋ ਜਾਣੀ ਸੀ। ਨੰਬਰਦਾਰ ਨਾਮੀ ਸਮੱਗਲਰਾਂ ਵਿਚ ਆਉਂਦਾ ਸੀ। ਇਕ ਵਾਰ ਉਹ ਰਿਟਾਇਰ ਹੋ ਗਿਆ ਤਾਂ ਉਸ ਨੂੰ ਪੁੱਛਣ ਵਾਲਾ ਕੋਈ ਨਹੀਂ ਰਹਿਣਾ। ਗੱਲੀਂ-ਗੱਲੀਂ ਉਸ ਨੇ ਇਹ ਗੱਲ ਨੰਬਰਦਾਰ ਦੇ ਕੰਨਾਂ ਥਾਣੀ ਕੱਢ ਵੀ ਦਿੱਤੀ ਸੀ। ਉਹ ਵੀ ਰਾਜ਼ੀ ਸੀ।

ਨੰਬਰਦਾਰ ਇਕੱਲਾ ਅਮੀਰ ਹੀ ਨਹੀਂ, ਉਸ ਦੀਆਂ ਰਿਸ਼ਤੇਦਾਰੀਆਂ ਵੱਡੇ-ਵੱਡੇ ਥਾਂ ਹਨ। ਇਕ ਸਾਲੀ ਆਈ.ਏ.ਐੱਸ. ਹੈ। ਨੰਬਰਦਾਰ ਦੀ ਡਟ ਕੇ ਮਦਦ ਕਰਦੀ ਹੈ। ਅੱਧੀ ਰਾਤੀਂ ਜਾ ਕੇ ਭਾਵੇਂ ਖ਼ਾਲੀ ਕਾਗ਼ਜ਼ਾਂ ’ਤੇ ਦਸਤਖ਼ਤ ਕਰਾ ਲਿਆਏ। ਡਿਪਟੀ ਨੇ ਜਿਹੜਾ ਵੀ ਕਾਗ਼ਜ਼ ਟਾਈਪ ਕਰਾ ਕੇ ਉਸ ਵੱਲ ਭੇਜਿਆ, ਉਸੇ ’ਤੇ ਦਸਤਖ਼ਤ ਹੋ ਕੇ ਆ ਗਏ। ਬਦਲੀਆਂ-ਸ਼ਦਲੀਆਂ ਤਾਂ ਮਾਮੂਲੀ ਕੰਮ ਹੈ। ਉਹ ਤਾਂ ਖੜੀ-ਖੜੀ ਲੱਖਾਂ ਦੇ ਫ਼ਾਇਦੇ ਕਰ ਦਿੰਦੀ ਹੈ। ਜਦੋਂ ਉਹ ਟਰਾਂਸਪੋਰਟ ਸਕੱਤਰ ਸੀ ਤਾਂ ਨਿਰਭੈ ਸਿੰਘ ਨੇ ਤਿੰਨ ਲੰਬੇ ਰੂਟ ਪਰਮਿਟ ਲਏ ਸਨ। ਇਕ ਰੂਟ ਦੀ ਬਲੈਕ ਪੰਜਾਹ ਹਜ਼ਾਰ ਰੁਪਏ ਹੈ।

ਨੰਬਰਦਾਰ ਦਾ ਇਕ ਸਾਂਢੂ ਹਾਈਕੋਰਟ ਦਾ ਜੱਜ ਹੈ। ਉਹ ਵੀ ਨੰਬਰਦਾਰ ਦੀ ਬਾਪ ਵਾਂਗ ਇੱਜ਼ਤ ਕਰਦਾ ਹੈ। ਵਜ਼ੀਰਾਂ ਦਾ ਕੀ ਹੈ ? ਕਦੇ ਵਜ਼ਾਰਤ ਬਣ ਗਈ, ਕਦੇ ਟੁੱਟ ਗਈ। ਜੱਜ ਸਦਾ-ਬਹਾਰ ਵਜ਼ੀਰ ਹੁੰਦੇ ਹਨ। ਛੋਟੇ-ਮੋਟੇ ਮੈਜਿਸਟਰੇਟ ਜਾਂ ਸੈਸ਼ਨ ਜੱਜ ਦੀ ਕੀ ਮਜਾਲ ਹੈ ਕਿ ਅੱਖ ਚੁੱਕ ਦੇ ਵੀ ਦੇਖ ਜਾਣ। ਮਾੜੇ ਜਿਹੇ ਇਸ਼ਾਰੇ ’ਤੇ ਹੀ ਅਗਲੇ ਮਿਸਲਾਂ ਚੁੱਕ ਕੇ ਚੰਡੀਗੜ੍ਹ ਆ ਧਮਕਦੇ ਹਨ। ਜੁਡੀਸ਼ਰੀ ਨੇ ਤਾਂ ਜੱਜਾਂ ਤੋਂ ਡਰਨਾ ਹੀ ਸੀ, ਦੂਜੇ ਅਫ਼ਸਰ ਵੀ ਨਾਂਹ ਨਹੀਂ ਕਰਦੇ। ਕੀ ਪਤੈ ਕਦੋਂ ਕਿਸ ਦੀ ਹਾਈਕੋਰਟ ਵਿਚ ਜਾਨ ਫਸ ਜਾਏ ?

ਨਿਰਭੈ ਸਿੰਘ ਨੇ ਕਪਤਾਨਾਂ ਦੀ ਪਿਛਲੀ ਮੀਟਿੰਗ ਵਿਚ ਸੰਗਰੂਰ ਵਾਲੇ ਕਪਤਾਨ ਦੀ ਕਾਫ਼ੀ ਖਿਚਾਈ ਕੀਤੀ ਸੀ। ਕਾਫ਼ੀ ਅਸਰ ਵੀ ਹੋਇਆ। ਉਸ ਨੇ ਸਮਾਨ ਵੀ ਵਾਪਸ ਕਰਵਾ ਦਿੱਤਾ ਅਤੇ ਜ਼ਨਾਨੀਆਂ ਨੂੰ ਥਾਣੇ ਬੁਲਾਉਣ ਤੋਂ ਵੀ ਵਰਜ ਦਿੱਤਾ। ਇਕੱਲੀ ਕਾਰ ਹੀ ਰਹਿੰਦੀ ਸੀ। ਉਹ ਵੀ ਇਸ ਲਈ ਕਿ ਇਹ ਕੇਸ ਵਿਚ ਪਾ ਦਿੱਤੀ ਗਈ ਸੀ। ਹੋਰ ਮਦਦ ਕਰਨ ਤੋਂ ਉਹ ਅਸਮਰੱਥ ਸੀ। ਡਿਪਟੀ ਨਾਲ ਉਸ ਦੀ ਬਹੁਤੀ ਬਣਦੀ ਨਹੀਂ, ਸਗੋਂ ਡਿਪਟੀ ਤਾਂ ਆਪਣੇ ਆਪ ਨੂੰ ਨਿਰਭੈ ਸਿੰਘ ਦਾ ਬੰਦਾ ਹੀ ਆਖਦਾ ਸੀ। ਇਸੇ ਲਈ ਕਪਤਾਨ ਉਸ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਸੀ ਕਰਦਾ। ਹੁਣ ਉਹਨਾਂ ਇਸ਼ਾਰਾ ਕੀਤਾ ਹੈ ਤਾਂ ਉਹ ਡਿਪਟੀ ਨੂੰ ਮਾਂਜ ਦੇਵੇਗਾ।

ਕਾਂਗਰਸ ਦੀ ਵਜ਼ਾਰਤ ਹੁੰਦੀ ਤਾਂ ਨੰਬਰਦਾਰ ਨੇ ਕਦੋਂ ਦਾ ਡਿਪਟੀ ਦਾ ਪੱਤਾ ਕਟਾ ਦੇਣਾ ਸੀ। ਮੁੱਖ ਮੰਤਰੀ ਉਸ ਦਾ ਵਿਰੋਧੀ ਤਾਂ ਨਹੀਂ ਸੀ, ਪਰ ਕੋਈ ਕੰਮ ਵੀ ਨਹੀਂ ਸੀ ਕਰਦਾ। ਨੰਬਰਦਾਰ ਸ਼ੁਰੂ ਤੋਂ ਹੀ ਕਾਂਗਰਸ ਵਿਚ ਪੈਰ ਧਰਦਾ ਸੀ। ਕਾਂਗਰਸੀਆਂ ਨਾਲ ਹੀ ਉਸ ਦੀਆਂ ਰਿਸ਼ਤੇਦਾਰੀਆਂ ਸਨ।

ਜ਼ੋਰ ਇਸ ਵਜ਼ਾਰਤ ਵਿਚ ਵੀ ਬਥੇਰਾ ਸੀ, ਪਰ ਛੋਟੇ ਵਜ਼ੀਰਾਂ ਤਕ ਪਹੁੰਚ ਸੀ। ਅਜਿਹੇ ਮਸਲੇ ਵਿਚ ਵਜ਼ੀਰ ਡੀ.ਜੀ. ਨੂੰ ਫ਼ੋਨ ਕਰਨ ਤੋਂ ਝਿਜਕਦੇ ਸਨ। ਉਹ ਵਜ਼ੀਰਾਂ ਨੂੰ ਟਿੱਚ ਸਮਝਦਾ ਸੀ। ਉਸ ਦਾ ਕੇਂਦਰ ਨਾਲ ਸਿੱਧਾ ਸੰਪਰਕ ਸੀ। ਵਜ਼ੀਰ ਕਈ ਵਾਰ ਉਸ ਦੇ ਖ਼ਿਲਾਫ਼ ਬੋਲ ਚੁੱਕੇ ਸਨ

ਅਤੇ ਉਸ ਦੀ ਬਦਲੀ ਦੀ ਮੰਗ ਕਰ ਚੁੱਕੇ ਸਨ। ਕਿਸੇ ਦੇ ਕੰਨ 'ਤੇ ਜੂੰ ਨਹੀਂ ਸੀ ਸਰਕੀ। ਅਜਿਹੇ ਭੈੜੇ ਬੰਦੇ ਦਾ ਕੋਈ ਵਸਾਹ ਨਹੀਂ ਵਜ਼ੀਰਾਂ ਦੇ ਫ਼ੋਨ ਹੀ ਰਿਕਾਰਡ ਕਰ ਲਏ। ਸਿਫ਼ਾਰਸ਼ਾਂ ਦੇ ਹਵਾਲੇ ਦੇ-ਦੇ ਪ੍ਰੈਸ ਨੂੰ ਬਿਆਨ ਦਾਗ਼ ਦੇਵੇ। ਉਹ ਕਈ ਵਜ਼ੀਰਾਂ 'ਤੇ ਪਹਿਲਾਂ ਹੀ ਦਹਿਸ਼ਤਗਰਦਾਂ ਨਾਲ ਸੰਬੰਧ ਰੱਖਣ ਦੇ ਦੋਸ਼ ਲਾ ਚੁੱਕਾ ਸੀ। ਫੇਰ ਆਖੇਗਾ ਉਹ ਸਮੱਗਲਰਾਂ ਦੀ ਵੀ ਮਦਦ ਕਰਦੇ ਹਨ।

ਇਸੇ ਲਈ ਨੰਬਰਦਾਰ ਅਕਲ ਤੋਂ ਕੰਮ ਲੈ ਰਿਹਾ ਸੀ।

ਸੈਸ਼ਨ ਜੱਜ ਨੇ ਤਾਂ ਨਿਭਾ ਦਿੱਤੀ ਸੀ। ਪੰਦਰਾਂ ਦਿਨਾਂ ਲਈ ਨੰਬਰਦਾਰ ਦੀ ਗ੍ਰਿਫ਼ਤਾਰੀ 'ਤੇ ਪਾਬੰਦੀ ਲਾ ਦਿੱਤੀ ਸੀ। ਥੋੜ੍ਹੀ ਜਿਹੀ ਪੁਲਿਸ ਢਿੱਲੀ ਪਏ ਤਾਂ ਉਹ ਪੇਸ਼ਗੀ ਜ਼ਮਾਨਤ ਲੈਣ ਲਈ ਤਿਆਰ ਸੀ।

ਡਿਪਟੀ ਗ੍ਰਿਫ਼ਤਾਰੀ 'ਤੇ ਜ਼ੋਰ ਲਾ ਰਿਹਾ ਸੀ।

ਨੰਬਰਦਾਰ ਡਿਪਟੀ ਨੂੰ ਮੂੰਹ-ਮੰਗੇ ਪੈਸੇ ਦੇਣ ਨੂੰ ਤਿਆਰ ਸੀ। ਡਿਪਟੀ ਡਰ ਗਿਆ ਸੀ। ਪੈਸੇ ਲੈਣੋਂ ਟਲ ਰਿਹਾ ਸੀ। ਉਸ ਨੇ ਵਿਚੋਲਿਆਂ ਕੋਲ ਇਹੋ ਤੌਖ਼ਲਾ ਪ੍ਰਗਟਾਇਆ ਸੀ ਕਿ ਨੰਬਰਦਾਰ ਰੇਡ ਕਰਾਏਗਾ ਜਾਂ ਸ਼ਿਕਾਇਤ ਕਰਾਏਗਾ।

ਡਿਪਟੀ ਦੇ ਜ਼ੋਰ ਪਵਾਉਣ ਲਈ ਨੰਬਰਦਾਰ ਨੇ ਡੀ.ਆਈ.ਜੀ. ਦੀ ਕੋਠੀ ਡੇਰਾ ਲਾਇਆ ਹੋਇਆ ਸੀ।

ਨੰਬਰਦਾਰ ਇਕੋ ਗੱਲ ਚਾਹੁੰਦਾ ਸੀ। ਸਾਮਾਨ ਦੀ ਕੋਈ ਪਰਵਾਹ ਨਹੀਂ। ਮਹੀਨਾ ਦੋ ਮਹੀਨੇ ਕੰਮ ਵੀ ਬੰਦ ਰੱਖੇਗਾ। ਮੁਕੱਦਮਾ ਵੀ ਭੁਗਤ ਲਏਗਾ। ਥਾਣੇ ਹਾਜ਼ਰ ਹੋਣ ਨੂੰ ਵੀ ਤਿਆਰ ਹੈ। ਨਾ ਮਾਰ-ਕੁਟਾਈ ਹੋਵੇ, ਨਾ ਲੋਕਾਂ ਸਾਹਮਣੇ ਬੇਇੱਜ਼ਤੀ। ਰਾਤ-ਬਰਾਤੇ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਬਿਨਾਂ ਹੱਥਕੜੀ ਲਾਏ।

ਡਿਪਟੀ ਸਿੱਧੇ ਰਾਹ ਨਹੀਂ ਸੀ ਆ ਰਿਹਾ। ਡੀ.ਆਈ.ਜੀ. ਅਜਿਹੇ ਮੌਕੇ ਦੀ ਤਲਾਸ਼ ਵਿਚ ਸੀ ਜਿਸ ਨਾਲ ਉਹ ਡਿਪਟੀ ਨੂੰ ਸਬਕ ਸਿਖਾ ਸਕੇ ਕਿ ਅਫ਼ਸਰ ਤਾਂ ਮਿੱਟੀ ਦਾ ਮਾਣ ਨਹੀਂ ਹੁੰਦਾ, ਉਹ ਤਾਂ ਫਿਰ ਧੜੱਲੇਦਾਰ ਡੀ.ਆਈ.ਜੀ. ਸੀ।

ਆਖ਼ਰ ਡੀ.ਆਈ.ਜੀ. ਨੂੰ ਮੌਕਾ ਲੱਭ ਹੀ ਗਿਆ ਸੀ।

ਬੰਟੀ ਦੇ ਕਤਲ ਦੀ ਇਤਲਾਹ ਮਿਲਦਿਆਂ ਹੀ ਉਸ ਨੇ ਸ਼ਹਿਰ ਵਾਇਰਲੈੱਸ ਕਰਵਾ ਦਿੱਤੀ। ਸਵੇਰੇ ਉਹ ਮੌਕਾ ਦੇਖਣ ਆਏਗਾ। ਲੋਕ-ਕਚਹਿਰੀ ਵੀ ਲੱਗੇਗੀ। ਕਈ ਮੀਟਿੰਗਾਂ ਹੋਣਗੀਆਂ। ਪਬਲਿਕ ਦੀ ਅਲੱਗ, ਸਿਆਸੀ ਨੇਤਾਵਾਂ ਦੀ ਅਲੱਗ ਅਤੇ ਸ਼ਹਿਰੀ ਪਤਵੰਤਿਆਂ ਦੀ ਅਲੱਗ।

ਹੁਣ ਡਿਪਟੀ 'ਤੇ ਹਮਲਾ ਕਰਨ ਦੀ ਨੰਬਰਦਾਰ ਦੀ ਵਾਰੀ ਸੀ। ਉਸ ਨੇ ਲੋਕਾਂ ਨੂੰ ਬਥੇਰਾ ਰੁਪਿਆ ਖਵਾਇਆ ਸੀ। ਹਰ ਪਾਰਟੀ ਦੇ ਨੇਤਾ ਉਸ ਦੀ ਹਾਜ਼ਰੀ ਭਰਦੇ ਹਨ। ਉਹ ਹਰ ਤਬਕੇ ਵਿਚਲੇ ਆਪਣੇ ਬੰਦਿਆਂ ਨੂੰ ਹੁਸ਼ਿਆਰ ਕਰੇ। ਨਿਰਭੈ ਸਿੰਘ ਕੋਲ ਉਸ ਡਿਪਟੀ ਖ਼ਿਲਾਫ਼ ਝੂਠੀਆਂ ਸੱਚੀਆਂ ਸ਼ਿਕਾਇਤਾਂ ਕਰਨ।

ਡੀ.ਆਈ.ਜੀ. ਕੋਲ ਡਿਪਟੀ ਨੂੰ ਧਮਕਾਉਣ ਲਈ ਕੁਝ ਹੀ ਸ਼ਿਕਾਇਤਾਂ ਕਾਫ਼ੀ ਸਨ। ਬਾਕੀ ਉਹ ਆਪੇ ਦੇਖ ਲਏਗਾ।

ਨੰਬਰਦਾਰ ਨੂੰ ਸ਼ਹਿਰ ਭੇਜ ਕੇ ਡੀ.ਆਈ.ਜੀ. ਸ਼ਹਿਰ ਦੇ ਟੂਰ ਦੀਆਂ ਤਿਆਰੀਆਂ ਕਰਨ ਲੱਗਾ।

★

# 19

ਸਮਾਂ ਘੱਟ ਹੋਣ ਕਾਰਨ ਡੀ.ਆਈ.ਜੀ. ਦੇ ਦੌਰੇ ਦੀ ਖ਼ਬਰ ਪਿੰਡ-ਪਿੰਡ ਨਹੀਂ ਸੀ ਪਹੁੰਚਾਈ ਜਾ ਸਕੀ। ਕੇਵਲ ਸ਼ਹਿਰ ਵਿਚ ਹੀ ਢੰਡੋਰਾ ਪਿਟਾਇਆ ਗਿਆ ਸੀ। ਆਮ ਲੋਕਾਂ ਨੂੰ ਬੀ.ਡੀ.ਓ. ਦਫ਼ਤਰ ਅਤੇ ਪਤਵੰਤੇ ਸੱਜਣਾਂ ਨੂੰ ਰੈਸਟ ਹਾਊਸ ਵਿਖੇ ਇਕੱਠੇ ਹੋਣ ਲਈ ਆਖਿਆ ਗਿਆ ਸੀ।

ਥਾਣੇ ਵਾਲੇ ਚਾਹੁੰਦੇ ਸਨ ਕਿ ਡੀ.ਆਈ.ਜੀ. ਪਹਿਲਾਂ ਮੌਕਾ ਦੇਖ ਲਏ। ਉਥੇ ਬਹੁਤ ਸਾਰੇ ਤਮਾਸ਼ਬੀਨ ਇਕੱਠੇ ਹੋਏ-ਹੋਏ ਸਨ। ਅਮਨ ਬਹਾਲ ਰੱਖਣ ਲਈ ਅਤੇ ਅਫ਼ਸਰਾਂ ਨੂੰ ਕਿਸੇ ਖ਼ਤਰੇ ਤੋਂ ਬਚਾਈ ਰੱਖਣ ਲਈ ਉਥੇ ਬਹੁਤ ਸਾਰੀ ਫ਼ੋਰਸ ਲਾਈ ਗਈ ਸੀ। ਇਕ ਵਾਰ ਮੌਕਾ ਦੇਖਣ ਦਾ ਕੰਮ ਮੁੱਕ ਜਾਏ ਤਾਂ ਉਹ ਫ਼ੋਰਸ ਵਿਹਲੀ ਹੋ ਸਕਦੀ ਸੀ। ਉਸੇ ਫ਼ੋਰਸ ਨੂੰ ਪਿੱਛੋਂ ਡੀ.ਆਈ.ਜੀ. ਦੀ ਸਕਿਉਰਿਟੀ ਲਈ ਵਰਤਿਆ ਜਾ ਸਕਦਾ ਸੀ।

ਡੀ.ਆਈ.ਜੀ. ਮੌਕੇ ’ਤੇ ਜਾਣ ਤੋਂ ਪਹਿਲਾਂ ਕੁਝ ਮੀਟਿੰਗਾਂ ਕਰ ਲੈਣਾ ਚਾਹੁੰਦਾ ਸੀ। ਉਸ ਨੇ ਆਪਣੇ ਜ਼ਿਹਨ ਵਿਚ ਇਕ ਯੋਜਨਾ ਬਣਾਈ ਹੋਈ ਸੀ। ਉਸੇ ਮੁਤਾਬਕ ਚੱਲ ਕੇ ਉਸ ਦਾ ਇਥੇ ਆਉਣ ਦਾ ਮਕਸਦ ਹੱਲ ਹੋਣਾ ਸੀ।

ਬੀ.ਡੀ.ਓ. ਦਫ਼ਤਰ ਵਿਚ ਲੋਕ ਤਾਂ ਬਥੇਰੇ ਸਨ। ਸ਼ਿਕਾਇਤਾਂ ਵੀ ਧੜਾ-ਧੜ ਕਰ ਰਹੇ ਸਨ, ਪਰ ਜਿਹੜੀ ਸ਼ਿਕਾਇਤ ਨਿਰਭੈ ਸਿੰਘ ਸੁਣਨਾ ਚਾਹੁੰਦਾ ਸੀ, ਉਹ ਕਿਸੇ ਦੇ ਮੂੰਹੋਂ ਵੀ ਨਹੀਂ ਸੀ ਨਿਕਲ ਰਹੀ। ਕੋਈ ਆਪਣੇ ਖੁੱਸੇ ਕਬਜ਼ੇ ਦੇ ਰੋਣੇ ਰੋ ਰਿਹਾ ਸੀ, ਕੋਈ ਕਿਸੇ ਵੱਲੋਂ ਦੱਬੇ ਪੈਸਿਆਂ ਦੇ ਅਤੇ ਕੋਈ ਢਾਹੇ ਗਏ ਖਾਲ ਦੇ। ਕੋਈ ਟਾਵਾਂ-ਟੱਲਾ ਪੁਲਿਸ ਖ਼ਿਲਾਫ਼ ਵੀ ਬੋਲਦਾ ਸੀ। ਫਲਾਣੇ ਹੌਲਦਾਰ ਨੇ ਨਾਲੇ ਉਸ ਨੂੰ ਕੁੱਟਿਆ, ਨਾਲੇ ਉਸ ਦੀ ਘੜੀ ਲਾਹ ਲਈ। ਫਲਾਣੇ ਸਿਪਾਹੀ ਨੇ ਉਸ ਨੂੰ ਤਾਂ ਦੋ ਦਿਨ ਥਾਣੇ ਬਿਠਾਈ ਰੱਖਿਆ, ਪਿੱਛੋਂ ਦੂਜੀ ਪਾਰਟੀ ਨੇ ਉਸ ਦੀ ਜਗ੍ਹਾ ’ਚ ਕੰਧ ਕੱਢ ਲਈ। ਨਿਰਾਸ਼ ਹੋਇਆ ਡੀ.ਆਈ.ਜੀ. ਸ਼ਿਕਾਇਤਾਂ ਨੋਟ ਕਰਦਾ ਰਿਹਾ।

ਲੋਕ ਪੁਲਿਸ ਦੇ ਖ਼ਿਲਾਫ਼ ਖੁੱਲ੍ਹ ਕੇ ਕਿਉਂ ਨਹੀਂ ਬੋਲਦੇ ? ਇਸ ਦਾ ਕਾਰਨ ਉਸ ਨੂੰ ਸਿਰਾਂ ’ਤੇ ਖੜ੍ਹੀ ਪੁਲਸੀਆਂ ਦੀ ਡਾਰ ਨਜ਼ਰ ਆਈ। ਕਿਸ ਦਾ ਸਿਰ ਭਵਿਆਂ ਹੈ ਕਿ ਕੋਲ ਖੜ੍ਹੇ ਪੁਲਸੀਏ ਦੇ ਖ਼ਿਲਾਫ਼ ਹੀ ਸ਼ਿਕਾਇਤ ਕਰ ਦੇਵੇ। ਡੀ.ਆਈ.ਜੀ. ਨੇ ਤਾਂ ਤੁਰ ਜਾਣਾ ਹੈ। ਪਿੱਛੋਂ ਅਗਲੇ ਨੇ ਸ਼ਿਕਾਇਤੀ ਦੇ ਹੱਡਾਂ ਵਿਚ ਰਾਧ ਪਾ ਦੇਣੀ ਹੈ। ਆਪ ਕੁਝ ਨਾ ਕੀਤਾ ਤਾਂ ਆਪਣੇ ਕਿਸੇ ਚਮਚੇ ਤੋਂ ਛਿੱਤਰ ਲਗਵਾ ਦੇਣੇ ਨੇ। ਸ਼ਿਕਾਇਤ ਕਰਕੇ ਸਗੋਂ ਲੈਣੇ ਦੇ ਦੇਣੇ ਪੈ ਸਕਦੇ ਸਨ।

ਜਦੋਂ ਨਿਰਭੈ ਸਿੰਘ ਐਸ.ਐਚ.ਓ. ਸੀ ਤਾਂ ਉਹ ਵੀ ਇਸ ਹੀ ਤਰ੍ਹਾਂ ਕਰਿਆ ਕਰਦਾ ਸੀ। ਅਜਿਹੇ ਮੌਕਿਆਂ ’ਤੇ ਆਪਣੇ ਵਿਰੋਧੀਆਂ ਨੂੰ ਪਹਿਲਾਂ ਹੀ ਬੈਰਕਾਂ ਵਿਚ ਤਾੜ ਦਿਆ ਕਰਦਾ ਸੀ। ਇਥੇ ਵੀ ਇੰਝ ਹੀ ਹੋਇਆ ਹੋਣਾ ਹੈ।

ਉਸ ਨੇ ਹਾਜ਼ਰ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਮੀਟਿੰਗ ਵਿਚੋਂ ਬਾਹਰ ਭੇਜ ਦਿੱਤਾ। ਪੱਲੇ ਫੇਰ ਵੀ ਕੁਝ ਨਾ ਪਿਆ। ਇਹ ਤਾਂ ਹੋ ਨਹੀਂ ਸਕਦਾ ਕਿ ਨੰਬਰਦਾਰ ਆਪਣੇ ਹੱਕ ਦਾ ਇਕ ਵੀ ਬੰਦਾ ਇਥੇ ਨਾ ਭੇਜ ਸਕਿਆ ਹੋਵੇ। ਡਿਪਟੀ ਨੂੰ ਸੂਹ ਲੱਗ ਗਈ ਹੋਣੀ ਹੈ। ਨੰਬਰਦਾਰ ਦੇ ਬੰਦੇ ਜਾਂ ਫੜ ਲਏ ਗਏ ਹੋਣੇ ਹਨ ਜਾਂ ਡੰਡੇ ਮਾਰ-ਮਾਰ ਇਥੋਂ ਭਜਾ ਦਿੱਤੇ ਹੋਣਗੇ।

ਨਿਰਭੈ ਸਿੰਘ ਹਿੰਮਤ ਹਾਰਨ ਵਾਲਾ ਨਹੀਂ ਸੀ। ਇਸ ਮੀਟਿੰਗ ਵਿਚੋਂ ਕੁਝ ਨਾ ਮਿਲਿਆ ਤਾਂ ਪਤਵੰਤੇ ਸੱਜਣਾਂ ਵਿਚੋਂ ਕੁਝ ਜ਼ਰੂਰ ਮਿਲ ਜਾਏਗਾ। ਪਤਵੰਤੇ ਤਾਂ ਡਿਪਟੀ ਤੋਂ ਡਰਨ ਨਹੀਂ ਲੱਗੇ। ਡਿਪਟੀ ਦਾ ਕੀ ਹੈ ? ਅੱਜ ਇਥੇ ਤਾਂ ਕੱਲ੍ਹ ਉਥੇ। ਨੰਬਰਦਾਰ ਨੇ ਤਾਂ ਹਮੇਸ਼ਾ ਇਥੇ ਹੀ ਰਹਿਣਾ ਹੈ। ਕਿਸੇ ਨੇ ਗਊਸ਼ਾਲਾ ਲਈ ਚੰਦਾ ਲੈਣਾ ਹੁੰਦਾ ਹੈ, ਕਿਸੇ ਨੇ ਡਰਾਮਾ ਕਲੱਬ ਲਈ ਅਤੇ ਕਿਸੇ ਨੇ ਇਲੈਕਸ਼ਨ ਲਈ। ਉਹ ਨੰਬਰਦਾਰ ਨੂੰ ਨਾਰਾਜ਼ ਨਹੀਂ ਕਰਨਗੇ।

ਇਕੱਠ ਵਿਚੋਂ ਕੁਝ ਬੰਦੇ ਡੀ.ਆਈ.ਜੀ. ਨਾਲ ਅਲੱਗ-ਅਲੱਗ ਗੱਲ ਕਰਨਾ ਚਾਹੁੰਦੇ ਸਨ।

ਡੀ.ਆਈ.ਜੀ. ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਸ ਨੂੰ ਤਾਂ ਆਉਂਦੇ ਹੀ ਇਹ ਐਲਾਨ ਕਰ ਦੇਣਾ ਚਾਹੀਦਾ ਸੀ ਕਿ ਜੇ ਕਿਸੇ ਨੇ ਗੁਪਤ ਮੁਖ਼ਬਰੀ ਦੇਣੀ ਹੈ ਜਾਂ ਕਿਸੇ ਪੁਲਿਸ ਮੁਲਾਜ਼ਮ ਦੀ ਸ਼ਿਕਾਇਤ ਕਰਨੀ ਹੈ ਤਾਂ ਉਸ ਨੂੰ ਇਕੱਲਿਆਂ ਮਿਲ ਸਕਦਾ ਹੈ।

ਇਕੱਲੇ ਮਿਲਣ ਤੋਂ ਡਿਪਟੀ ਨੂੰ ਕਦੋਂ ਇਨਕਾਰ ਸੀ ? ਉਹ ਡੈਪੂਟੇਸ਼ਨ ਨੂੰ ਦੂਜੇ ਕਮਰੇ ਵਿਚ ਲੈ ਗਿਆ। ਨਿਰਭੈ ਸਿੰਘ ਨੂੰ ਆਸ ਸੀ ਜ਼ਰੂਰ ਇਹ ਨੰਬਰਦਾਰ ਦੇ ਬੰਦੇ ਹੋਣਗੇ। ਇਸ ਵਾਰ ਉਸ ਨੇ ਰੀਡਰ ਨੂੰ ਵੀ ਬਾਹਰ ਭੇਜ ਦਿੱਤਾ। ਸ਼ਿਕਾਇਤਾਂ ਦੇ ਨੋਟਿਸ ਲੈਣ ਲਈ ਉਸ ਨੇ ਕਾਪੀ ਪੈਨਸਲ ਆਪ ਸੰਭਾਲ ਲਈ।

ਇਹ ਤਾਂ ਕਾਮਰੇਡਾਂ ਦਾ ਟੋਲਾ ਸੀ। ਇਹ ਨੰਬਰਦਾਾਰ ਦੀ ਬੋਲੀ ਨਹੀਂ ਸੀ ਬੋਲ ਰਹੇ। ਉਸ ਦੇ ਉਲਟ ਬੋਲ ਰਹੇ ਸਨ। ਹੌਲਦਾਰਾਂ, ਸਿਪਾਹੀਆਂ ਤੋਂ ਲੈ ਕੇ ਇੰਸਪੈਕਟਰ ਤਕ ਸਭ ’ਤੇ ਦੋਸ਼ ਲਾ ਰਹੇ ਸਨ। ਸ਼ਹਿਰ ਵਿਚ ਸੱਟੇਬਾਜ਼ ਹਨ, ਰੰਡੀਆਂ ਹਨ ਅਤੇ ਜੂਆ ਘਰ ਹਨ। ਨਾਜਾਇਜ਼ ਸ਼ਰਾਬ ਵਿਕਦੀ ਹੈ। ਅਫ਼ੀਮ ਅਤੇ ਡੋਡਿਆਂ ਦੇ ਟਰੱਕ ਆਮ ਆਉਂਦੇ ਹਨ। ਸ਼ਾਮ ਨੂੰ ਅੱਧੀ ਪੁਲਿਸ ਸੱਟੇਬਾਜ਼ਾਂ ਦੇ ਘਰ ਹੁੰਦੀ ਹੈ ਤੇ ਬਾਕੀ ਜੂਏਬਾਜ਼ਾਂ ਦੇ। ਰੰਡੀਆਂ ਥਾਣੇ ਬੈਠੀਆਂ ਰਹਿੰਦੀਆਂ ਹਨ। ਥਾਣੇਦਾਰ ਬਰਾਬਰ ਕੁਰਸੀ ਦਿੰਦੇ ਹਨ। ਉਹਨਾਂ ਦੀ ਲੋਕਾਂ ਦੇ ਨੁਮਾਇੰਦਿਆਂ ਨਾਲੋਂ ਵੱਧ ਚੱਲਦੀ ਹੈ। ਸਭ ਤਰ੍ਹਾਂ ਦੇ ਨਾਜਾਇਜ਼ ਧੰਦਿਆਂ ਵਿਚ ਪੁਲਿਸ ਦਾ ਹਿੱਸਾ ਹੈ। ਅਫ਼ੀਮ, ਡੋਡੇ ਥਾਣਿਉਂ ਮੁੱਲ ਮਿਲਦੇ ਹਨ। ਵੀਹ ਬੰਦੇ ਇਹਨਾਂ ਨੇ ਵਗਾਰੀ ਬਣਾ ਕੇ ਥਾਣੇ ਰੱਖੇ ਹੋਏ ਹਨ। ਆਥਣ ਨੂੰ ਉਹਨਾਂ ਨੂੰ ਝੋਲਾ ਡੋਡਿਆਂ ਦਾ ਦੇ ਦਿੰਦੇ ਹਨ। ਸਾਰਾ ਦਿਨ ਉਹਨਾਂ ਤੋਂ ਇਸੇ ਬਦਲੇ ਕੰਮ ਕਰਾਉਂਦੇ ਹਨ। ਪੁਲਿਸ ਖ਼ੁਦ ਲੋਕਾਂ ਨੂੰ ਨਸ਼ਿਆਂ ’ਤੇ ਲਾਉਣ ਲੱਗੇ ਤਾਂ ਜੁਰਮ ਕੌਣ ਰੋਕੇਗਾ ?

ਪੁਲਿਸ ਹੜਤਾਲਾਂ ਵਿਚ ਦਖ਼ਲ ਦਿੰਦੀ ਹੈ। ਧਰਨਾ ਲਾ ਰਹੇ ਮਜ਼ਦੂਰਾਂ ਨੂੰ ਚੁੱਕ ਲਿਜਾਂਦੀ ਹੈ। ਵੱਡੇ-ਵੱਡੇ ਜੁਰਮ ਲਾ ਕੇ ਮਹੀਨਾ-ਮਹੀਨਾ ਉਹਨਾਂ ਦੀ ਜ਼ਮਾਨਤ ਨਹੀਂ ਹੋਣ ਦਿੰਦੀ। ਇਹਨਾਂ ਕੰਮਾਂ ਵਿਚ ਸਰਮਾਏਦਾਰਾਂ ਤੋਂ ਨੋਟ ਵਸੂਲ ਕਰਦੀ ਹੈ।

ਇਕ ਵੱਡੀ ਸਾਰੀ ਲਿਸਟ ਉਹਨਾਂ ਪੜ੍ਹ ਕੇ ਸੁਣਾਈ, ਜਿਸ ਵਿਚ ਦਰਜ ਸੀ ਕਿ ਕਿਸ ਪੁਲਸੀਏ ਨੇ ਕਿਸ ਤੋਂ ਕਿੰਨੇ ਪੈਸੇ ਲਏ।

ਉਸ ਵਿਚ ਸਭ ਦੇ ਨਾਂ ਸੀ। ਇਕੋ ਨਾਂ ਨਹੀਂ ਸੀ ਜਿਸ ਦੀ ਡੀ.ਆਈ.ਜੀ. ਨੂੰ ਜ਼ਰੂਰਤ ਸੀ। ਉਸ ਨੂੰ ਮਹਿਸੂਸ ਹੋਇਆ, ਇਹ ਟੋਲਾ ਡਿਪਟੀ ਦਾ ਭੇਜਿਆ ਹੋਇਆ ਹੈ।

"ਤੁਸੀਂ ਇਹ ਲਿਸਟ ਡਿਪਟੀ ਨੂੰ ਦੇਣੀ ਸੀ"

"ਉਹ ਕਿਹੜਾ ਭਲਾਮਾਣਸ ਹੈ.....ਉਹਨਾਂ ਦਾ ਵੀ ਗੁਰੂ ਹੈ.....ਉਸ ਕੋਲ ਵੀ ਸ਼ਿਕਾਇਤਾਂ ਕੀਤੀਆਂ ਸਨ। ਕਦੇ ਕੋਈ ਕਾਰਵਾਈ ਨਹੀਂ ਹੋਈ....ਮੁਲਾਜ਼ਮਾਂ ਤੋਂ ਆਪਣਾ ਹਿੱਸਾ ਲੈ ਕੇ ਚੁੱਪ ਕਰ ਜਾਂਦੇ।"

"ਉਸ ਦੇ ਖ਼ਿਲਾਫ਼ ਤੁਹਾਡੇ ਕੋਲ ਕੋਈ ਸਬੂਤ ਹਨ ?"

"ਸਬੂਤ ਉਹ ਬਾਕੀ ਛੱਡਦਾ ਹੀ ਨਹੀਂ। ਉਸ ਦੇ ਦਲਾਲ ਵੱਡੇ-ਵੱਡੇ ਸੇਠ ਜਾਂ ਜਗੀਰਦਾਰ ਹਨ। ਉਹਨਾਂ ਤਕ ਸਾਡੇ ਕਾਮਰੇਡਾਂ ਦੀ ਪਹੁੰਚ ਨਹੀਂ.....। ਅਜਿਹੇ ਦੱਲੇ ਕਿਸੇ ਖ਼ਿਲਾਫ਼ ਮੂੰਹ ਵੀ ਨਹੀਂ ਖੋਲ੍ਹਦੇ।.....ਸਬੂਤ ਕਿਥੋਂ ਇਕੱਠੇ ਕਰੀਏ ?"

ਨਿਰਭੈ ਸਿੰਘ ਨੇ ਕਾਮਰੇਡਾਂ ਨੂੰ ਪੂਰੀ ਤਸੱਲੀ ਦਿਵਾਈ। ਉਹ ਉਹਨਾਂ ਦੀਆਂ ਸ਼ਿਕਾਇਤਾਂ 'ਤੇ ਪੂਰਾ ਗ਼ੌਰ ਕਰੇਗਾ। ਮੁਲਾਜ਼ਮਾਂ ਦੀਆਂ ਫੀਤੀਆਂ ਲਾਹੇਗਾ, ਡਿਸਮਿਸ ਕਰੇਗਾ। ਉਹ ਡੀ.ਆਈ.ਜੀ. ਨੂੰ ਸਹਿਯੋਗ ਦੇਣ। ਜੇ ਇਹਨਾਂ ਦੇ ਗੁਰੂ ਡਿਪਟੀ ਖ਼ਿਲਾਫ਼ ਠੋਸ ਸਬੂਤ ਮਿਲ ਜਾਣ ਤਾਂ ਛੋਟੇ ਮੁਲਾਜ਼ਮਾਂ ਦਾ ਆਪੇ ਹੌਸਲਾ ਢਹਿ ਜਾਏ। ਉਹ ਰਿਸ਼ਵਤਖ਼ੋਰੀ ਨੂੰ ਉਪਰੋਂ ਖ਼ਤਮ ਕਰਨ ਦੇ ਹੱਕ ਵਿਚ ਸੀ।

ਇਕ ਸੰਖੇਪ ਜਿਹਾ ਭਾਸ਼ਣ ਝਾੜ ਕੇ ਕਾਮਰੇਡਾਂ ਨੂੰ ਡਿਪਟੀ ਖ਼ਿਲਾਫ਼ ਸਬੂਤ ਇਕੱਠੇ ਕਰਨ ਦੇ ਆਹਰ ਲਾ ਕੇ ਡੀ.ਆਈ.ਜੀ. ਪਤਵੰਤੇ ਸੱਜਣਾਂ ਦੀ ਮੀਟਿੰਗ ਲੈਣ ਲਈ ਜੀਪ ਵਿਚ ਜਾ ਬੈਠਾ।

ਰੈਸਟ ਹਾਊਸ ਵੱਲ ਜਾਂਦਾ ਡੀ.ਆਈ.ਜੀ. ਸੋਚ ਰਿਹਾ ਸੀ ਕਿ ਨੰਬਰਦਾਰ ਡਿਪਟੀ ਖ਼ਿਲਾਫ਼ ਬੰਦੇ ਖੜੇ ਕਰਨ ਵਿਚ ਕਾਮਯਾਬ ਨਹੀਂ ਹੋ ਸਕਿਆ ਹੋਣਾ। ਡਿਪਟੀ ਆਖ਼ਿਰ ਤੇ ਥਾਣਿਆਂ ਦਾ ਮਾਲਕ ਹੈ। ਅੱਜ-ਕੱਲ੍ਹ ਪੁਲਿਸ ਨੂੰ ਪੂਰੇ ਅਖ਼ਤਿਆਰ ਹਨ, ਜਿਸ ਨੂੰ ਮਰਜ਼ੀ ਦਹਿਸ਼ਤਗਰਦ ਆਖ ਕੇ ਗੋਲੀ ਮਾਰ ਦਿਓ। ਕੋਈ ਬਹੁਤ ਵੱਡੇ ਗੁਰਦੇ ਵਾਲਾ ਹੀ ਡਿਪਟੀ ਦੇ ਖ਼ਿਲਾਫ਼ ਬੋਲ ਸਕਦਾ ਹੈ, ਉਹ ਜਿਸ ਨੇ ਆਪਣੀ ਜਾਨ ਤਲੀ 'ਤੇ ਧਰ ਲਈ ਹੋਵੇ।

ਜਿਵੇਂ ਕਿਸੇ ਜ਼ਮਾਨੇ 'ਚ ਕਾਮਰੇਡ ਬਸੰਤ ਨੇ ਧਰੀ ਸੀ। ਉਸ ਨੇ ਭਰੀ ਮਹਿਫ਼ਲ ਵਿਚ ਨਿਰਭੈ ਸਿੰਘ 'ਤੇ ਦੋਸ਼ ਲਾਏ ਸਨ ਅਤੇ ਉਸ ਦੀ ਬੇਇੱਜ਼ਤੀ ਕੀਤੀ ਸੀ।

ਉਹਨੀਂ ਦਿਨੀਂ ਨਿਰਭੈ ਸਿੰਘ ਡਿਪਟੀ ਸੀ ਅਤੇ ਨਕਸਲਬਾੜੀ ਲਹਿਰ ਜ਼ੋਰਾਂ 'ਤੇ ਸੀ। ਬਸੰਤ ਥੋੜ੍ਹਾ-ਥੋੜ੍ਹਾ ਉਹਨਾਂ 'ਚ ਪੈਰ ਧਰਨ ਲੱਗਾ ਸੀ। ਪੁਲਿਸ ਨੇ ਮੂਮਾਂ ਪਿੰਡ ਦੇ ਇਕ ਖ਼ਤਰਨਾਕ ਨਕਸਲੀਏ ਬੇਅੰਤ ਨੂੰ ਮਾਰਿਆ ਸੀ। ਆਈ.ਜੀ. ਮੌਕਾ ਦੇਖਣ ਆਇਆ ਸੀ। ਸਾਰਿਆਂ ਸਾਹਮਣੇ ਬਸੰਤ ਡਿਪਟੀ ਖ਼ਿਲਾਫ਼ ਬਕਣ ਲੱਗਾ।

"ਥੋਡਾ ਇਹ ਡਿਪਟੀ ਸਾਰਾ ਦਿਨ ਸ਼ਰਾਬੀ ਰਹਿੰਦਾ ਹੈ। ਭਾਵੇਂ ਇਸ ਵਕਤ ਮੁਆਇਨਾ ਕਰਾ ਕੇ ਦੇਖ ਲਓ, ਉਹ ਸ਼ਰਾਬੀ ਨਿਕਲੇਗਾ। ਨਸ਼ੇ 'ਚ ਧੁੱਤ ਇਸ ਡਿਪਟੀ ਨੂੰ ਚੰਗੇ-ਮਾੜੇ ਦੀ ਪਛਾਣ ਨਹੀਂ ਰਹਿੰਦੀ। ਨੌਜਵਾਨ ਮੁੰਡਿਆਂ ਨੂੰ ਪੁਲਿਸ ਮੁਕਾਬਲੇ ਬਣਾ-ਬਣਾ ਖ਼ਤਮ ਕਰਨ ਦੇ ਹੁਕਮ ਦਿੰਦਾ ਰਹਿੰਦਾ ਹੈ। ਬੇਅੰਤ ਪੁਲਿਸ ਮੁਕਾਬਲੇ ਵਿਚ ਨਹੀਂ ਮਰਿਆ, ਉਸ ਨੂੰ ਪਹਿਲਾਂ ਫੜਿਆ ਗਿਆ, ਤਸੀਹੇ ਦਿੱਤੇ ਗਏ ਅਤੇ ਫੇਰ ਮਾਰਿਆ ਗਿਆ।"

ਉਸ ਵਕਤ ਤਾਂ ਨਿਰਭੈ ਸਿੰਘ ਨੇ ਚੁੱਪ ਕਰ ਕੇ ਆਈ.ਜੀ. ਦੀਆਂ ਝਿੜਕਾਂ ਖਾ ਲਈਆਂ, ਪਰ ਉਸ ਦੇ ਅੰਦਰ ਓਨਾ ਚਿਰ ਵਿਸ਼ ਘੁਲਦਾ ਰਿਹਾ, ਜਿੰਨਾ ਚਿਰ ਬਸੰਤ ਨੂੰ ਉਸ ਨੇ ਟਿਕਾਣੇ ਨਾ ਲਾ ਦਿੱਤਾ।

ਨਿਰਭੈ ਸਿੰਘ ਨੇ ਇਲਾਕੇ ਦੇ ਸਾਰੇ ਬਦਮਾਸ਼ਾਂ, ਸਮਗੱਲਰਾਂ ਅਤੇ ਥਾਣੇਦਾਰਾਂ ਨੂੰ ਹਦਾਇਤ ਜਾਰੀ ਕੀਤੀ ਕਿ ਜਿਥੇ ਮਿਲੇ ਗੋਲੀ ਮਾਰ ਦਿਓ। ਕੋਈ ਉਨ੍ਹਾਂ ਦੀ 'ਵਾ ਵੱਲ ਵੀ ਨਹੀਂ ਝਾਕ ਸਕਦਾ।

ਡਰਦਾ ਜਦੋਂ ਕੋਈ ਵੀ ਉਸ ਨੂੰ ਹੱਥ ਨਾ ਪਾ ਸਕਿਆ ਤਾਂ ਨਿਰਭੈ ਨੂੰ ਖ਼ੁਦ ਹੀ ਹੂਲਾ ਫੱਕਣਾ ਪਿਆ।

ਪੰਜ-ਚਾਰ ਪੁਰਾਣੀਆਂ ਮਿਸਲਾਂ ਵਿਚ ਉਸ ਨੂੰ ਮੁਜਰਮ ਨਾਮਜ਼ਦ ਕੀਤਾ। ਨਵੇਂ ਦਰਜ ਹੁੰਦੇ ਮੁਕੱਦਮਿਆਂ ਵਿਚ ਉਸ ਨੂੰ ਮੌਕੇ 'ਤੇ ਹਾਜ਼ਰ ਦਿਖਾਇਆ। ਭਗੌੜਾ ਕਰਾਰ ਦੇ ਕੇ ਸਰਕਾਰ ਤੋਂ ਉਸ ਦੇ ਸਿਰ 'ਤੇ ਇਨਾਮ ਰਖਵਾ ਦਿੱਤਾ।

ਖ਼ੂੰਖ਼ਾਰ ਨਕਸਲੀਏ ਦਾ ਬਿੰਬ ਬਣਾ ਕੇ ਬਸੰਤ ਨੂੰ ਫੜਿਆ ਅਤੇ ਪੁਲਿਸ ਮੁਕਾਬਲਾ ਬਣਾ ਕੇ ਫੁੰਡ ਦਿੱਤਾ।

ਨਿਰਭੈ ਦੀ ਇਸ ਬਹਾਦਰੀ ਦੇ ਕਿੱਸੇ ਅਖ਼ਬਾਰਾਂ ਵਿਚ ਛਪੇ। ਮਾਣ-ਸਨਮਾਨ ਮਿਲੇ। ਭਾਵੇਂ ਉਹ ਦਰਜਨ ਡਿਪਟੀਆਂ ਤੋਂ ਜੂਨੀਅਰ ਸੀ ਫੇਰ ਵੀ ਉਸੇ ਬਹਾਦਰੀ ਦੀ ਬਦੌਲਤ ਉਸ ਨੂੰ ਡਿਪਟੀ ਕਨਫ਼ਰਮ ਕਰ ਦਿੱਤਾ ਗਿਆ। ਉਸੇ ਬਹਾਦਰੀ ਦੀ ਬਦੌਲਤ ਉਹ ਅੱਜ ਡੀ.ਆਈ.ਜੀ. ਹੈ। ਉਸ ਨਾਮ ਦੇ ਮਸਾਂ ਐਸ.ਪੀ. ਬਣ ਸਕੇ ਹਨ।

ਬਸੰਤ ਦੇ ਮਰਨ ਨਾਲ ਲੋਕਾਂ ਵਿਚ ਪੁਲਿਸ ਦੀ ਅਜਿਹੀ ਦਹਿਸ਼ਤ ਪਈ ਕਿ ਡਿਪਟੀ ਦੇ ਖ਼ਿਲਾਫ਼ ਤਾਂ ਕਿਸੇ ਨੇ ਕੀ ਬੋਲਣਾ ਸੀ, ਕੋਈ ਸਿਪਾਹੀ ਦੇ ਖ਼ਿਲਾਫ਼ ਵੀ ਸਾਹ ਨਹੀਂ ਸੀ ਕੱਢਦਾ।

ਨੌਨਿਹਾਲ ਕਿਹੜਾ ਕਿਸੇ ਤੋਂ ਘੱਟ ਸੀ ? ਉਹ ਵੀ ਕਿਸੇ ਨੂੰ ਕੁਸਕਣ ਨਹੀਂ ਦੇਵੇਗਾ। ਇਸ ਲਈ ਨਿਰਭੈ ਸਿੰਘ ਨੂੰ ਲੱਗਦਾ ਸੀ ਡਿਪਟੀ ਨੂੰ ਝਾੜਾਂ ਪਾਉਣ ਲਈ ਉਸ ਨੂੰ ਖ਼ੁਦ ਹੀ ਕੋਈ ਬਹਾਨਾ ਘੜਨਾ ਪਏਗਾ।

ਪਤਵੰਤੇ ਸੱਜਣਾਂ ਤੋਂ ਨਿਰਭੈ ਨੂੰ ਕੋਈ ਬਹੁਤੀ ਆਸ ਨਹੀਂ ਸੀ। ਉਹ ਤਾਂ ਕਿਸੇ ਚਪੜਾਸੀ ਤਕ ਦੀ ਸ਼ਿਕਾਇਤ ਨਹੀਂ ਕਰਦੇ। ਡਿਪਟੀ ਤਾਂ ਬਹੁਤ ਵੱਡੀ ਪੋਸਟ ਹੈ। ਮੀਟਿੰਗ ਵਿਚ ਆਉਣ ਦਾ ਉਹਨਾਂ ਦਾ ਮਕਸਦ ਤਾਂ ਅਫ਼ਸਰਾਂ ਨਾਲ ਹੱਥ ਮਿਲਾਉਣਾ, ਜਾਣ-ਪਹਿਚਾਣ ਕਾਇਮ ਕਰਨਾ ਅਤੇ ਆਪਣੇ ਰੁਤਬੇ ਦਾ ਦਿਖਾਵਾ ਕਰਨਾ ਹੁੰਦਾ ਹੈ। ਨਾ ਪੁਲਿਸ ਉਹਨਾਂ ਨੂੰ ਨਰਾਜ਼ ਕਰ ਸਕਦੀ ਹੈ, ਨਾ ਹੀ ਉਹ ਪੁਲਿਸ ਨੂੰ। ਪੁਲਿਸ ਨੇ ਅਚਾਨਕ ਪਈਆਂ ਵਗਾਰਾਂ ਇਹਨਾਂ ਸਿਰੋਂ ਹੀ ਪੂਰੀਆਂ ਕਰਨੀਆਂ ਹੁੰਦੀਆਂ ਹਨ। ਕਦੇ ਅਫ਼ਸਰਾਂ ਨੂੰ ਕਣਕ ਭੇਜਣੀ ਹੁੰਦੀ ਹੈ, ਕਦੇ ਕਾਰ ਅਤੇ ਕਦੇ ਵਿਆਹ-ਸ਼ਾਦੀ ਲਈ ਮੁਰਗ ਮੁਸੱਲਮ। ਪਤਵੰਤੇ ਸੱਜਣ ਇਹੋ ਜਿਹੇ ਕੰਮ ਖਿੜੇ-ਮੱਥੇ ਕਰਦੇ ਹਨ। ਕਾਰ ਵੀ ਦਿੰਦੇ ਹਨ, ਡਰਾਈਵਰ ਵੀ ਅਤੇ ਤੇਲ ਵੀ। ਲੋੜ ਪਏ ਤਾਂ ਰਸਤੇ ਦਾ ਰਾਸ਼ਨ-ਪਾਣੀ ਵੀ। ਕੋਈ ਵੱਡੀ ਵਗਾਰ ਪੈ ਜਾਏ ਤਾਂ ਕਿਹੜਾ ਪਿੱਠ ਦਿਖਾਉਂਦੇ ਹਨ। ਕਈ ਐਸੋਸੀਏਸ਼ਨਾਂ ਬਣਾ ਰੱਖੀਆਂ ਹਨ। ਸ਼ੈਲਰਾਂ ਵਾਲਿਆਂ ਦੀ ਐਸੋਸੀਏਸ਼ਨ, ਕਪਾਹ ਦੇ ਕਾਰਖ਼ਾਨੇਦਾਰਾਂ ਦੀ ਐਸੋਸੀਏਸ਼ਨ ਅਤੇ ਲੋਹੇ ਵਾਲਿਆਂ ਦੀ ਐਸੋਸੀਏਸ਼ਨ। ਹਰ ਸੰਸਥਾ ਕੋਲ ਲੱਖਾਂ 'ਚ ਫੰਡ ਪਏ ਹਨ। ਉਥੋਂ ਪੈਸੇ ਭੇਜ ਦਿੰਦੇ ਹਨ।

ਪੁਲਿਸ ਵੀ ਉਹਨਾਂ ਦੇ ਬਥੇਰੇ ਬੁੱਤੇ ਸਾਰਦੀ ਹੈ। ਮਹੀਨੇ 'ਚ ਇਕ ਗੇੜਾ ਕਾਰਖ਼ਾਨੇ ਮਾਰਨ ਨਾਲ ਹੀ ਲੇਬਰ 'ਤੇ ਰੋਹਬ ਪਿਆ ਰਹਿੰਦਾ ਹੈ। ਪੁਲਿਸ ਅਫ਼ਸਰ ਨੂੰ ਵੀ ਗੇੜਾ ਮਾੜਾ ਨਹੀਂ ਰਹਿੰਦਾ। ਨਾਲੇ ਬੈਠ ਕੇ ਖਾਓ-ਪੀਓ, ਨਾਲੇ ਆਉਂਦੇ ਹੋਏ ਕੋਈ ਨਾ ਕੋਈ ਗਿਫ਼ਟ ਲੈ ਆਓ। ਲੇਬਰ 'ਤੇ

ਡੰਡਾ ਪਰੇਡ ਕਰਨ ਦੀ ਜ਼ਰੂਰਤ ਤਾਂ ਕਦੇ-ਕਦੇ ਹੀ ਪੈਂਦੀ ਹੈ। ਲੇਬਰ ਡਰੀ ਰਹੇ, ਕਾਰਖ਼ਾਨੇਦਾਰ ਇਸ ਨਾਲ ਹੀ ਖ਼ੁਸ਼ ਰਹਿੰਦੇ ਹਨ।

ਪਤਵੰਤੇ ਤਾਂ ਅਫ਼ਸਰਾਂ ਦੀ ਵਧ ਚੜ੍ਹ ਕੇ ਤਾਰੀਫ਼ ਹੀ ਕਰਨਗੇ। ਨਿਰਭੈ ਸਿੰਘ ਅੱਜ ਤਾਰੀਫ਼ ਸੁਣਨ ਦੇ ਮੂਡ ਵਿਚ ਨਹੀਂ ਸੀ।

ਨਿਰਭੈ ਸਿੰਘ ਨੇ ਆਪਣਾ ਸਾਰਾ ਧਿਆਨ ਕਾਜੂ ਬਦਾਮਾਂ ਵੱਲ ਹੀ ਲਾਈ ਰੱਖਿਆ। ਉਹਨਾਂ ਦੇ ਮਸ਼ਵਰੇ ਤਾਂ ਉਹੋ ਘਸੇ-ਪਿਟੇ ਸਨ।

ਉਸ ਦੀ ਆਖ਼ਰੀ ਉਮੀਦ ਯੁਵਾ ਸੰਘ ਸੀ।

ਸੰਘ ਦਾ ਸਾਰਾ ਨਜ਼ਲਾ ਪ੍ਰੀਤਮ ਸਿੰਘ ’ਤੇ ਝੜ ਰਿਹਾ ਸੀ। ਉਹ ਆਖ ਰਹੇ ਸਨ ਕਿ ਪ੍ਰੀਤਮ ਕੱਟੜ ਸਿੱਖ ਹੈ। ਉਹ ਸਿੱਖਾਂ ਦੀ ਡਟ ਕੇ ਹਮਾਇਤ ਕਰਦਾ ਹੈ। ਹਿੰਦੂਆਂ ਦੀ ਗੱਲ ਹੀ ਨਹੀਂ ਸੁਣਦਾ। ਜੇ ਗੁਰਦੁਆਰੇ ਦੀ ਤਲਾਸ਼ੀ ਪਹਿਲੇ ਹੀ ਦਿਨ ਕਰ ਲਈ ਜਾਂਦੀ ਤਾਂ ਇਹ ਨੌਬਤ ਨਹੀਂ ਸੀ ਆਉਣੀ। ਨਾਲੇ ਕਾਤਲ ਫੜੇ ਜਾਣੇ ਸਨ, ਨਾਲੇ ਬੰਟੀ ਦੀ ਜਾਨ ਬਚ ਜਾਣੀ ਸੀ। ਪ੍ਰੀਤਮ ਖ਼ਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਸੀ।

“ਪ੍ਰੀਤਮ ਤਾਂ ਬੜਾ ਹੋਣਹਾਰ ਪੁਲਿਸ ਅਫ਼ਸਰ ਹੈ। ਉਹ ਤਾਂ ਦਹਿਸ਼ਤਗਰਦਾਂ ਦੀ ਹਿੱਟ ਲਿਸਟ ’ਤੇ ਹੈ। ਜਿਹੜਾ ਇਸ ਸਾਰੇ ਪੁਆੜੇ ਦੀ ਜੜ੍ਹ ਹੈ, ਉਸ ਦੀ ਤੁਸੀਂ ਸ਼ਨਾਖ਼ਤ ਹੀ ਨਹੀਂ ਕਰ ਸਕੇ। ਕਰੋ ਵੀ ਕਿਸ ਤਰ੍ਹਾਂ ? ਉਹ ਹੈ ਹੀ ਚਲਾਕ ਲੂੰਬੜੀ ਦੀ ਜਾਤ ’ਚੋਂ।” ਕਾਗ਼ਜ਼ ਪੱਤਰ ਫਰੋਲਦੇ ਡੀ.ਆਈ.ਜੀ. ਨੇ ਆਪਣੀ ਕੂਟਨੀਤੀ ਦਾ ਪਹਿਲਾ ਬਾਣ ਛੱਡਿਆ।

“ਇਹ ਜਿਹੜਾ ਤੁਹਾਡਾ ਡਿਪਟੀ ਹੈ, ਇਹੋ ਹੈ ਜ਼ਹਿਰ ਦੀ ਗੰਦਲ। ਇਸ ਦੀਆਂ ਸਾਰੀਆਂ ਰਿਸ਼ਤੇਦਾਰੀਆਂ ਅੰਮ੍ਰਿਤਸਰ ਅਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਹਨ। ਇਸ ਦਾ ਇਕ ਭਤੀਜਾ ‘ਬੀ’ ਸ਼੍ਰੇਣੀ ਦਾ ਦਹਿਸ਼ਤਗਰਦ ਹੈ। ਇਸੇ ਨੇ ਉਸ ਨੂੰ ਬਚਾ ਰੱਖਿਆ ਹੈ। ਸਰਕਾਰ ਕੋਲ ਖ਼ੁਫ਼ੀਆ ਰਿਪੋਰਟ ਪੁੱਜੀ ਸੀ ਕਿ ਉਹ ਕਈ-ਕਈ ਦਿਨ ਇਸ ਕੋਲ ਰਹਿ ਕੇ ਜਾਂਦਾ ਹੈ। ਇਹ ਡਿਪਟੀ ਉਸ ਨੂੰ ਸ਼ਰਨ ਦਿੰਦਾ ਹੈ।”

ਨਿਰਭੈ ਸਿੰਘ ਕੋਈ ਵੀ ਕਸਰ ਬਾਕੀ ਨਹੀਂ ਸੀ ਰਹਿਣ ਦੇਣਾ ਚਾਹੁੰਦਾ।

ਯੁਵਾ ਸੰਘ ਵਾਲਿਆਂ ਦੀਆਂ ਅੱਖਾਂ ਅੱਗੋਂ ਜਿਵੇਂ ਹਨੇਰਾ ਹਟ ਗਿਆ। ਉਹਨਾਂ ਦਾ ਗੁੱਸਾ ਇਕਦਮ ਅਸਮਾਨ ਛੂਹਣ ਲੱਗਾ।

“ਬਿਲਕੁਲ ਠੀਕ ਹੈ, ਜਦੋਂ ਦਾ ਇਹ ਆਇਆ ਹੈ, ਨਿੱਤ ਨਵੀਂ ਵਾਰਦਾਤ ਹੋ ਜਾਂਦੀ ਹੈ। ਪਹਿਲਾਂ ਧਨੌਲੇ ਵਾਲੀ ਸੜਕ ’ਤੇ ਉਹਨਾਂ ਦੀਸ਼ਾ ਮਾਰਿਆ, ਫੇਰ ਨਿਰੰਕਾਰੀ। ਪਿਛਲੇ ਬੰਦ ਸਮੇਂ ਸੀ.ਆਰ.ਪੀ. ਤੋਂ ਗੋਲੀ ਚਲਵਾ ਕੇ ਦੋ ਹਿੰਦੂ ਮਰਵਾ ਦਿੱਤੇ। ਜ਼ਰੂਰ ਉਸ ਅਤਿਵਾਦੀ ਨੇ, ਇਸ ਦੀ ਸ਼ਹਿ ਨਾਲ ਇਥੇ ਅੱਡੇ ਬਣਾ ਲਏ ਹੋਣਗੇ।” ਰਾਮ ਸਰੂਪ ਪ੍ਰਧਾਨ ਪਿਛਲੀਆਂ ਘਟਨਾਵਾਂ ਨੂੰ ਡਿਪਟੀ ਨਾਲ ਜੋੜਨ ਲੱਗਾ।

“ਜਦੋਂ ਕਾਤਲਾਂ ਨੂੰ ਡਿਪਟੀ ਦੀ ਸ਼ਹਿ ਸੀ ਤਾਂ ਉਹ ਫੜੇ ਕਿਥੋਂ ਜਾਂਦੇ। ਅਸੀਂ ਅੱਜ ਹੀ ਸਰਦਾਰ ਜੀ (ਮੁੱਖ ਮੰਤਰੀ) ਨਾਲ ਗੱਲ ਕਰਦੇ ਹਾਂ। ਉਸ ਦਾ ਇਥੋਂ ਫਾਹਾ ਵਢਾਉਂਦੇ ਹਾਂ।” ਦਰਸ਼ਨ ਮੇਜ ’ਤੇ ਮੁੱਕੀਆਂ ਮਾਰ-ਮਾਰ ਡੀ.ਆਈ.ਜੀ. ਨਾਲ ਸਹਿਮਤੀ ਪ੍ਰਗਟਾਉਣ ਲੱਗਾ।

“ਸਿਆਣੇ ਬੰਦੇ ਨੂੰ ਤਾਂ ਇਸ਼ਾਰਾ ਹੀ ਕਾਫ਼ੀ ਹੁੰਦਾ ਹੈ। ਤੁਸੀਂ ਮੇਰੀ ਮਦਦ ਕਰੋ। ਮੈਂ ਇਕੱਲਾ ਹੀ ਇਸ ਨੂੰ ਨੌਕਰੀਉਂ ਕਢਾ ਦਿਆਂਗਾ। ਮੁੱਖ ਮੰਤਰੀ ਜੀ ਤਕ ਜਾਣ ਦੀ ਲੋੜ ਨਹੀਂ ਪੈਣੀ।”

"ਸਾਨੂੰ ਹੁਕਮ ਕਰੋ, ਅਸੀਂ ਹਰ ਤਰ੍ਹਾਂ ਤੁਹਾਡੇ ਨਾਲ ਹਾਂ।" ਜੋਸ਼ 'ਚ ਆਏ ਸੰਘ ਵਾਲੇ ਡੀ.ਆਈ.ਜੀ. ਦੇ ਇਸ਼ਾਰੇ 'ਤੇ ਕੁਝ ਵੀ ਕਰਨ ਲਈ ਤਿਆਰ ਸਨ।

"ਹਾਲ ਦੀ ਘੜੀ ਤੁਸੀਂ ਛੋਟਾ ਜਿਹਾ ਕੰਮ ਕਰਨਾ ਹੈ, ਮੌਕੇ 'ਤੇ ਪੁੱਜੋ। ਜਦੋਂ ਮੈਂ ਉਥੇ ਪੁੱਜਾਂ ਤੁਸੀਂ ਡਿਪਟੀ ਖ਼ਿਲਾਫ਼ ਨਾਅਰੇ ਮਾਰਨੇ ਸ਼ੁਰੂ ਕਰ ਦਿਓ। ਬਾਕੀ ਮੈਂ ਆਪੇ ਸੰਭਾਲ ਲਵਾਂਗਾ।"

'ਠੀਕ ਹੈ, ਨਾਅਰੇ ਤਾਂ ਜੇ ਤੁਸੀਂ ਆਖੋ ਤਾਂ ਹੁਣੇ ਮਾਰ ਦਿੰਦੇ ਹਾਂ।"

"ਨਹੀਂ, ਫੇਰ ਤਾਂ ਉਹ ਸਮਝੇਗਾ ਡੀ.ਆਈ.ਜੀ. ਨੇ ਤੁਹਾਨੂੰ ਚੁੱਕ 'ਤਾ। ਮੈਂ ਸਟਾਫ਼ ਨਾਲ ਮੀਟਿੰਗ ਕਰ ਲਵਾਂ। ਪੰਜਾਂ ਮਿੰਟਾਂ ਵਿਚ ਉਥੇ ਪੁੱਜ ਜਾਵਾਂਗਾ। ਬੱਸ ਤੁਸੀਂ ਤਿਆਰ ਰਹੋ। ਆਪਣੀ ਸਾਰੀ ਤਾਕਤ ਲਾ ਦਿਓ। ਸਾਰੇ ਵਰਕਰਾਂ ਨੂੰ ਉਥੇ ਇਕੱਠੇ ਕਰੋ।" ਨਿਰਭੈ ਸਿੰਘ ਨੇ ਖ਼ੁਸ਼ੀ-ਖ਼ੁਸ਼ੀ ਸੰਘ ਨੂੰ ਵਿਦਾ ਕੀਤਾ।

ਡਿਪਟੀ ਦੀ ਲਾਹ-ਪਾਹ ਕਰਨ ਲਈ ਹੁਣ ਨਿਰਭੈ ਸਿੰਘ ਕੋਲ ਕਾਫ਼ੀ ਮਸਾਲਾ ਸੀ।

ਮੀਟਿੰਗ ਤਨਾਅ-ਪੂਰਨ ਮਾਹੌਲ ਵਿਚ ਸ਼ੁਰੂ ਹੋਈ। ਹਰ ਅਫ਼ਸਰ ਡਰਿਆ ਹੋਇਆ ਸੀ। ਡੀ.ਆਈ.ਜੀ. ਨੇ ਇਕੱਲੇ ਬਹਿ ਕੇ ਲੋਕਾਂ ਤੋਂ ਸ਼ਿਕਾਇਤਾਂ ਸੁਣੀਆਂ ਸਨ। ਲੋਕਾਂ ਨੇ ਪਤਾ ਨਹੀਂ ਥਾਣੇਦਾਰਾਂ ਵਿਰੁੱਧ ਕੀ ਕੁਝ ਆਖਿਆ ਹੋਣੈ ? ਸਭ ਨੂੰ ਆਪਣਾ-ਆਪਣਾ ਪਾਲਾ ਮਾਰ ਰਿਹਾ ਸੀ।

ਆਮ ਹੋਣ ਵਾਲੀਆਂ ਮੀਟਿੰਗਾਂ ਵਾਂਗ ਡੀ.ਆਈ.ਜੀ. ਨੇ ਪਹਿਲਾਂ ਥਾਣਿਆਂ ਦੇ ਅੰਕੜਿਆਂ 'ਤੇ ਝਾਤ ਮਾਰੀ। ਬੁਲਾਇਆ ਤਾਂ ਛੇ ਐਸ.ਐਚ.ਓਜ਼ ਨੂੰ ਗਿਆ ਸੀ। ਪੁੱਛ-ਪੜਤਾਲ ਕੇਵਲ ਸ਼ਹਿਰ ਦੇ ਥਾਣੇ ਦੀ ਹੋਈ।

ਭੱਠੀਆਂ ਦੀ ਗਿਣਤੀ ਪਿਛਲੇ ਸਾਲ ਨਾਲੋਂ ਕਈ ਗੁਣਾ ਘੱਟ ਸੀ। ਪਸਤੌਲ ਜ਼ਿਆਦਾ ਫੜੇ ਗਏ ਸਨ। ਕਤਲ ਵੀ ਕੁਝ ਜ਼ਿਆਦਾ ਹੀ ਹੋਏ ਸਨ। ਚੋਰੀਆਂ ਤਾਂ ਘੱਟ ਸਨ, ਪਰ ਖੋਹਾਂ ਵੱਧ ਗਈਆਂ ਸਨ। ਅਫ਼ੀਮ, ਡੋਡੇ ਕਿਧਰੇ ਨਜ਼ਰ ਨਹੀਂ ਸੀ ਆ ਰਹੇ। ਸੱਟਾ ਜੂਟਾ ਪਹਿਲਾਂ ਨਾਲੋਂ ਤੇਜ਼ ਸੀ। ਆਵਾਰਾਗਰਦੀ ਵੀ ਪਹਿਲਾਂ ਨਾਲੋਂ ਵੱਧ ਸੀ।

"ਲੋਕ ਤਾਂ ਸ਼ਿਕਾਇਤਾਂ ਕਰਦੇ ਹਨ ਕਿ ਇਥੇ ਟਰੱਕਾਂ ਦੇ ਟਰੱਕ ਡੋਡਿਆਂ ਦੇ ਆਉਂਦੇ ਹਨ। ਅੰਕੜੇ ਦੱਸਦੇ ਹਨ ਕਿ ਇਥੇ ਅਮਲੀਆਂ ਦਾ ਨਾਂ-ਨਿਸ਼ਾਨ ਵੀ ਨਹੀਂ। ਇਹ ਕੀ ਮਾਜਰਾ ਹੈ ?" ਡੀ.ਆਈ.ਜੀ. ਦਾ ਪਹਿਲਾ ਸਵਾਲ ਸੀ।

"ਲੋਕਾਂ ਨੂੰ ਐਵੇਂ ਸ਼ਿਕਾਇਤਾਂ ਕਰਨ ਦੀ ਆਦਤ ਹੈ ਜਨਾਬ। ਡਿਪਟੀ ਸਾਹਿਬ ਨੇ ਸਮੱਗਲਰਾਂ ਨੂੰ ਅਜਿਹਾ ਫੈਂਟਾ ਚਾੜ੍ਹਿਐ, ਬਈ ਉਹਨਾਂ ਦੀਆਂ ਕਈ ਪੁਸ਼ਤਾਂ ਇਸ ਇਲਾਕੇ ਵਿਚ ਨਹੀਂ ਵੜਨ ਲੱਗੀਆਂ। ਜਦੋਂ ਦਾ ਨਵਾਂ ਕਾਨੂੰਨ ਬਣਿਐ ਅਮਲੀਆਂ ਅਤੇ ਛੋਟੇ ਸਮੱਗਲਰਾਂ ਨੂੰ ਤਾਂ ਉਂਝ ਹੀ ਨਾਨੀ ਯਾਦ ਆ ਗਈ ਹੈ।" ਇਹ ਐਸ.ਐਚ.ਓ. ਪ੍ਰੀਤਮ ਸਿੰਘ ਦਾ ਉੱਤਰ ਸੀ।

"ਸਮੱਗਲਰ ਤਾਂ ਭਜਾ ਦਿੱਤੇ, ਪਰ ਆਹ ਜੂਏ-ਸੱਟੇ ਵਾਲੇ ਨਹੀਂ ਸੰਭਲਦੇ ਸੋਥੋਂ ? ਜਿਵੇਂ ਕਿਤੇ ਇਹ ਵੱਡੇ ਪਹਿਲਵਾਨ ਹੋਣ ? ਜੇ ਤੁਸੀਂ ਇਹਨਾਂ ਦਾ ਕੁਝ ਨਹੀਂ ਵਿਗਾੜ ਸਕਦੇ ਤਾਂ ਦਹਿਸ਼ਤਗਰਦਾਂ ਦਾ ਕੀ ਕਰੋਗੇ ?"

"ਜੂਆ ਖੇਡਦਾ ਕੋਈ ਨੀ ਜੀ ਇਥੇ। ਉਹ ਤਾਂ ਜੱਜ ਸਾਹਿਬ ਨੇ ਆਖਿਆ ਸੀ ਕਿ ਜੇ ਇਸ ਮਹੀਨੇ ਪਿਛਲੇ ਸਾਲ ਜਿੰਨੇ ਮੁਕੱਦਮੇ ਪੇਸ਼ ਨਾ ਕੀਤੇ ਤਾਂ ਇਕ ਅਦਾਲਤ ਟੁੱਟ ਜਾਏਗੀ। ਅਦਾਲਤ ਬਚਾਉਣ ਲਈ ਕੇਸ ਬਣਾਏ ਗਏ ਸੀ ਸਰ। ਸਾਰੇ ਮੁਜਰਮ ਇਕਬਾਲ ਕਰ ਗਏ।" ਨਵੇਂ ਆਏ ਸਿਟੀ ਇੰਚਾਰਜ ਨੇ ਸਪੱਸ਼ਟੀਕਰਨ ਦਿੱਤਾ।

"ਬੈਠ ਜਾ, ਬੈਠ ਜਾ। ਮੈਨੂੰ ਸਭ ਪਤਾ ਜਿਹੜਾ ਤੁਸੀਂ ਗੰਦ ਪਾਇਆ ਹੋਇਐ। ਚਲੋ ਇਹ ਪਿੱਛੋਂ ਦੇਖਦੇ ਹਾਂ। ਪਹਿਲਾਂ ਬੰਟੀ ਦੀ ਗੱਲ ਕਰੋ। ਇਸ ਕੇਸ ਬਾਰੇ ਡਿਪਟੀ ਸਾਹਿਬ ਜ਼ਰਾ ਤੁਸੀਂ ਚਾਨਣਾ ਪਾਓ।" ਡਿਪਟੀ ਨੂੰ ਬੋਲਣ ਲਈ ਆਖਦਾ ਡੀ.ਆਈ.ਜੀ. ਕੁਝ ਸਖ਼ਤ ਹੋ ਗਿਆ ਸੀ।

ਡੀ.ਆਈ.ਜੀ. ਵੱਲੋਂ ਅਚਾਨਕ ਹੋਏ ਹਮਲੇ ਨਾਲ ਡਿਪਟੀ ਘਬਰਾ ਗਿਆ। ਉਸ ਨੂੰ ਉਮੀਦ ਨਹੀਂ ਸੀ ਕਿ ਡਿਪਟੀ ਤੋਂ ਵੀ ਪ੍ਰਸ਼ਨ ਪੁੱਛੇ ਜਾਣਗੇ। ਭਵੰਤਰਿਆ ਡਿਪਟੀ ਡਾਇਰੀ ਦੇ ਵਰਕੇ ਫੋਲਣ ਲੱਗਾ।

"ਜ਼ਰਾ ਜਲਦੀ ਕਰ.....ਮੈਂ ਮੌਕਾ ਦੇਖਣ ਵੀ ਜਾਣੈ। ਸਿਆਣਾ ਅਫ਼ਸਰ ਸਾਰੀਆਂ ਗੱਲਾਂ ਟਿਪਸ 'ਤੇ ਰੱਖਦੈ।" ਡਿਪਟੀ ਨੂੰ ਘਬਰਾਇਆ ਦੇਖ ਕੇ, ਉਸ ਦਾ ਚੰਗੀ ਤਰ੍ਹਾਂ ਜਲੂਸ ਕੱਢਣ ਲਈ ਨਿਰਭੈ ਸਿੰਘ ਨੇ ਪੈਰਾਂ ਹੇਠ ਅੱਗ ਮਚਾ ਦਿੱਤੀ।

"ਹਾਲ ਤਕ ਤਾਂ ਕੋਈ ਸੁਰਾਗ ਨਹੀਂ ਮਿਲਿਆ ਸਰ ? ਇਕ ਰਿਕਸ਼ੇ ਵਾਲਾ ਅਤੇ ਇਕ ਚਪੜਾਸੀ ਫ਼ਰਾਰ ਹਨ। ਉਹਨਾਂ ਦੀ ਗ੍ਰਿਫ਼ਤਾਰੀ ਤੋਂ ਸ਼ਾਇਦ ਕੋਈ ਸੁਰਾਗ ਮਿਲ ਸਕੇ।" ਬੱਚਿਆਂ ਵਾਂਗ ਬਹਾਨੇ ਘੜਦਾ ਡਿਪਟੀ ਖਹਿੜਾ ਛੁਡਾਉਣ ਲੱਗਾ।

"ਉਹਨਾਂ ਦੋਹਾਂ ਨੂੰ ਫੜਨ ਲਈ ਕੀ ਯਤਨ ਕੀਤੇ ਨੇ ਤੂੰ ?"

ਡਿਪਟੀ ਚੁੱਪ ਸੀ। ਕੁਝ ਕੀਤਾ ਹੋਵੇ ਤਾਂ ਦੱਸੇ।

"ਜੇ ਸੁਰਾਗ ਕੱਢਣ ਦੀ ਕੋਸ਼ਿਸ਼ ਕੀਤੀ ਹੋਵੇ ਤਾਂ ਹੀ ਸੁਰਾਗ ਮਿਲੇ। ਜਨਾਬ ਦਾ ਜ਼ੋਰ ਤਾਂ ਇਸ ਬਹਾਨੇ ਮਨਥਲੀਆਂ ਇਕੱਠੀਆਂ ਕਰਨ 'ਤੇ ਲੱਗਾ ਹੋਇਐ। ਸਾਰਾ ਸ਼ਹਿਰ ਤੇਰੇ 'ਤੇ ਸ਼ੱਕ ਕਰ ਰਿਹੈ, ਕਹਿੰਦੇ ਨੇ ਤੇਰੀ ਨਾਲਾਇਕੀ ਕਰਕੇ ਬੱਚੇ ਦੀ ਮੌਤ ਹੋਈ। ਉਹਨਾਂ ਨੂੰ ਸਭ ਪਤੈ, ਤੇਰਾ ਕੋਈ ਰਿਸ਼ਤੇਦਾਰ 'ਬੀ' ਸ਼੍ਰੇਣੀ ਦਾ ਦਹਿਸ਼ਤਗਰਦ ਹੈ। ਉਹ ਤੇਰੇ ਖ਼ਿਲਾਫ਼ ਮੁੱਖ ਮੰਤਰੀ ਨੂੰ ਮਿਲਣ ਵਾਲੇ ਹਨ।"

ਇਹੋ ਜਿਹੀ ਤਾਂ ਕੋਈ ਗੱਲ ਨਹੀਂ ਸਰ! ਮੈਂ ਤਾਂ ਪੂਰੀ ਵਾਹ ਲਾ ਦਿੱਤੀ।" ਡਿਪਟੀ ਡੀ.ਆਈ.ਜੀ. ਦੇ ਸਿੱਧੇ ਇਲਜ਼ਾਮ 'ਤੇ ਬੌਖਲਾ ਉਠਿਆ।

ਡਿਪਟੀ ਸਮਝ ਗਿਆ ਸੀ ਕਿ ਡੀ.ਆਈ.ਜੀ. ਕਿਥੋਂ ਬੋਲ ਰਿਹਾ ਹੈ। ਉਹ ਚੁੱਪ ਵਿਚ ਹੀ ਭਲੀ ਸਮਝਦਾ ਸੀ। ਨੇੜੇ ਭਵਿੱਖ ਵਿਚ ਕਾਤਲਾਂ ਦੇ ਫੜੇ ਜਾਣਾ ਸੰਭਵ ਨਹੀਂ ਸੀ। ਇਸ ਕਤਲ ਦਾ ਨਜ਼ਲਾ ਕਿਸੇ ਨਾ ਕਿਸੇ 'ਤੇ ਝੜਨਾ ਹੀ ਸੀ। ਕੋਈ ਵੀ ਬਲੀ ਦਾ ਬੱਕਰਾ ਬਣ ਸਕਦਾ ਸੀ। ਉਸ ਨੂੰ ਮਸਾਂ-ਮਸਾਂ ਇਹ ਇਲਾਕਾ ਮਿਲਿਆ ਸੀ। ਸੱਚ-ਮੁੱਚ ਸ਼ਹਿਰ ਵਾਲਿਆਂ ਨੇ ਮੁੱਖ ਮੰਤਰੀ ਕੋਲ ਉਸ ਦੀ ਸ਼ਿਕਾਇਤ ਕਰ ਦਿੱਤੀ ਤਾਂ ਡਿਪਟੀ ਨੇ ਖੂੰਜੇ ਲੱਗ ਜਾਣਾ ਸੀ। ਉਹ ਪਹਿਲਾਂ ਹੀ ਮਸਾਂ-ਮਸਾਂ ਬਚਿਆ ਸੀ। ਦੁਬਾਰਾ ਮੁੱਖ ਮੰਤਰੀ ਨਹੀਂ ਬਖ਼ਸ਼ਣ ਲੱਗਾ।

ਡਿਪਟੀ ਡੀ.ਆਈ.ਜੀ. ਨਾਲ ਵਿਗਾੜ ਲੈਣ 'ਤੇ ਪਛਤਾ ਰਿਹਾ ਸੀ। ਡੀ.ਆਈ.ਜੀ. ਆਪਣੀ ਰਿਪੋਰਟ ਵਿਚ ਜੇ ਅਜਿਹਾ ਇਲਜ਼ਾਮ ਲਾ ਦੇਵੇ ਤਾਂ ਡਿਸਮਿਸਲ ਦੇ ਆਰਡਰ ਮਿਲਣ ਲੱਗਿਆਂ ਮਿੰਟ ਨਹੀਂ ਲੱਗਣਾ। ਪਿੱਛੋਂ ਨਾ ਕੋਈ ਅਪੀਲ, ਨਾ ਦਲੀਲ। ਉਹ ਨਿਰਭੈ ਸਿੰਘ ਤੋਂ ਆਪਣੀ ਗ਼ਲਤੀ ਦੀ ਮੁਆਫ਼ੀ ਮੰਗਣ ਲਈ ਤਿਲਮਿਲਾਉਣ ਲੱਗਾ।

"ਇਕ ਅਫ਼ਸਰ ਹੋਣ ਦੇ ਨਾਤੇ ਮੈਂ ਆਪਣਾ ਫ਼ਰਜ਼ ਨਿਭਾ ਦਿੱਤਾ ਹੈ। ਅੱਗੇ ਤੂੰ ਜਾਣ ਅਤੇ ਤੇਰਾ ਕੰਮ। ਸੀ.ਐਮ. ਦਾ ਇਲਾਕਾ ਹੈ। ਮੈਂ ਕੋਈ ਜ਼ੋਖ਼ਮ ਨਹੀਂ ਉਠਾ ਸਕਦਾ। ਕਿਸੇ ਨੇ ਲਿਖਤੀ ਸ਼ਿਕਾਇਤ ਕੀਤੀ ਤਾਂ ਮੈਨੂੰ ਕਾਰਵਾਈ ਕਰਨੀ ਹੀ ਪਏਗੀ।" ਆਖਦਾ ਨਿਰਭੈ ਸਿੰਘ ਮੌਕੇ 'ਤੇ ਜਾਣ ਲਈ ਉੱਠ ਖਲੋਤਾ।

ਡੀ.ਆਈ.ਜੀ. ਦੇ ਮੌਕੇ 'ਤੇ ਪਹੁੰਚਦਿਆਂ ਹੀ ਚਾਰੇ ਦਿਸ਼ਾਵਾਂ ਹਰਕਤ ਵਿਚ ਆ ਗਈਆਂ।

ਸੁਸਤ ਪੈ ਚੁੱਕੇ ਸਿਪਾਹੀਆਂ ਨੇ ਮੁੜ ਡਿਊਟੀਆਂ ਸੰਭਾਲ ਲਈਆਂ। ਕੋਈ ਸੱਠ-ਸੱਤਰ ਸਿਪਾਹੀ ਅਤੇ ਸੀ.ਆਰ.ਪੀ. ਦੇ ਜਵਾਨ ਲੋਕਾਂ ਦੀ ਭੀੜ ਨੂੰ ਕਾਬੂ ਕਰਨ ਲਈ ਜੂਝ ਰਹੇ ਸਨ। ਕੁਝ ਨੇ ਪੋਜ਼ੀਸ਼ਨਾਂ ਲੈ ਕੇ ਬੰਦੂਕਾਂ ਤਾਣ ਰੱਖੀਆਂ ਸਨ।

ਮਨਹੂਸ ਕਮਰੇ ਤੋਂ ਭੀੜ ਨੂੰ ਅੱਧਾ ਕਿੱਲੋਮੀਟਰ ਦੂਰ ਰੱਖਿਆ ਜਾ ਰਿਹਾ ਸੀ।

ਉਹੋ ਸਿਪਾਹੀ ਜਿਹੜੇ ਕੁਝ ਦੇਰ ਪਹਿਲਾਂ ਘਿਓ-ਖਿਚੜੀ ਹੋਏ ਭੀੜ ਨਾਲ ਗੱਪਾਂ ਮਾਰ ਰਹੇ ਸਨ, ਡੀ.ਆਈ.ਜੀ. ਦੇ ਆਉਂਦਿਆਂ ਹੀ ਲੋਹੇ ਦੇ ਬਣ ਗਏ। ਉਹ ਲੋਕਾਂ ਨੂੰ ਹੁੱਝਾਂ ਮਾਰ-ਮਾਰ ਇਉਂ ਪਿੱਛੇ ਧੱਕਣ ਲੱਗੇ ਜਿਵੇਂ ਇਹਨਾਂ ਵਿਚੋਂ ਕਿਸੇ ਨੇ ਡੀ.ਆਈ.ਜੀ. ਨੂੰ ਗੋਲੀ ਮਾਰ ਦੇਣੀ ਹੋਵੇ।

ਗੱਡੀਓਂ ਉਤਰਦਿਆਂ ਹੀ ਤਿੰਨ-ਚਾਰ ਫ਼ੋਟੋਗ੍ਰਾਫ਼ਰ ਅਤੇ ਦਸ-ਬਾਰਾਂ ਪੱਤਰਕਾਰ ਡੀ.ਆਈ.ਜੀ. ਨਾਲ ਜਾ ਰਲੇ। ਡੀ.ਆਈ.ਜੀ. ਨੇ ਉਹਨਾਂ ਵੱਲ ਕੋਈ ਧਿਆਨ ਨਾ ਦਿੱਤਾ। ਉਹ ਪਹਿਲਾਂ ਮੌਕਾ ਦੇਖੇਗਾ ਅਤੇ ਫੇਰ ਕੋਈ ਬਿਆਨ ਦੇ ਸਕੇਗਾ।

ਇੰਸਪੈਕਟਰ ਡੀ.ਆਈ.ਜੀ. ਦੀ ਅਗਵਾਈ ਕਰ ਰਿਹਾ ਸੀ। ਡਿਪਟੀ ਉਸ ਦੇ ਬਰਾਬਰ ਸੀ। ਦੋਹਾਂ ਨੂੰ ਸਟੇਨਗੰਨਾਂ ਨਾਲ ਲੈਸ ਸਿਪਾਹੀਆਂ ਨੇ ਘੇਰਿਆ ਹੋਇਆ ਸੀ। ਉਹਨਾਂ ਦੇ ਪਿੱਛੇ ਸ਼ਹਿਰੀਆਂ ਅਤੇ ਪ੍ਰੈਸ ਵਾਲਿਆਂ ਦਾ ਕਾਫ਼ਲਾ ਚੱਲ ਰਿਹਾ ਸੀ।

ਘਟਨਾ ਦੀ ਜਾਣਕਾਰੀ ਇੰਸਪੈਕਟਰ ਦੇ ਰਿਹਾ ਸੀ। ਡੀ.ਆਈ.ਜੀ. ਸਾਰੀ ਗੱਲ ਬੜੇ ਗਹੁ ਨਾਲ ਸੁਣ ਰਿਹਾ ਸੀ।

ਲਾਸ਼ ਉਸ ਜਗ੍ਹਾ ਰੱਖੀ ਮਿਲੀ ਸੀ। ਮੁਜਰਮਾਂ ਦੇ ਦਾਖ਼ਲ ਹੋਣ ਦਾ ਇਕੋ ਰਸਤਾ ਸੀ। ਉਹਨਾਂ ਦੇ ਕਿਧਰੋਂ ਆਉਣ ਅਤੇ ਕਿਧਰ ਜਾਣ ਦੀ ਸੰਭਾਵਨਾ ਹੋ ਸਕਦੀ ਹੈ। ਕਿਥੋਂ-ਕਿਥੋਂ ਹੱਥਾਂ-ਪੈਰਾਂ ਦੇ ਨਿਸ਼ਾਨ ਲਏ ਗਏ। ਦੋਸ਼ੀਆਂ ਦੀਆਂ ਪੈੜਾਂ ਕਿਸ-ਕਿਸ ਦਿਸ਼ਾ ਵੱਲ ਗਈਆਂ। ਕੁੱਤੇ ਕਿਥੋਂ ਤਕ ਦੋਸ਼ੀਆਂ ਦਾ ਪਿੱਛਾ ਕਰ ਸਕੇ।

ਡੀ.ਆਈ.ਜੀ. ਹਰ ਗੱਲ ਵੱਲ ਧਿਆਨ ਦੇ ਰਿਹਾ ਸੀ। ਕਈ ਵਾਰ ਛੋਟੇ-ਛੋਟੇ ਸਵਾਲ ਵੀ ਪੁੱਛ ਰਿਹਾ ਸੀ। ਮੁਜਰਮ ਕਿੰਨੇ ਹੋ ਸਕਦੇ ਹਨ ? ਲਾਸ਼ ਕਿਸ ਵਹੀਕਲ ਵਿਚ ਲਿਆਂਦੀ ਗਈ ਹੋਊ ? ਲਾਸ਼ ਬਾਹਰ ਖੇਤਾਂ ਵਿਚ ਕਿਉਂ ਨਾ ਸੁੱਟੀ ਗਈ ? ਨੇੜੇ ਲੁੱਕਣ ਦੇ ਕਿਹੜੇ-ਕਿਹੜੇ ਟਿਕਾਣੇ ਹੋ ਸਕਦੇ ਸਨ ? ਹਸਪਤਾਲ ਦੇ ਆਲੇ-ਦੁਆਲੇ ਕਿਸ ਤਰ੍ਹਾਂ ਦੇ ਲੋਕ ਰਹਿੰਦੇ ਹਨ ਆਦਿ।

ਡੀ.ਆਈ.ਜੀ. ਨੇ ਹਸਪਤਾਲ ਵੱਲੋਂ ਆਉਂਦੇ ਅਤੇ ਬਾਹਰ ਜਾਂਦੇ ਹਰ ਰਸਤੇ ਦਾ ਬੜੀ ਬਰੀਕੀ ਨਾਲ ਮੁਆਇਨਾ ਕੀਤਾ। ਆਲੇ-ਦੁਆਲੇ ਵੱਸਦੇ ਘਰਾਂ ਦੀਆਂ ਛੱਤਾਂ ਦੀ ਪਰਖ ਕੀਤੀ।

ਉਹ ਮੌਕੇ ਦੀ ਜਾਂਚ ਕਰ ਹੀ ਰਹੇ ਸਨ ਕਿ ਦੂਰ ਖੜੇ ਇਕ ਬੱਚੇ ਅਤੇ ਉਸ ਦੇ ਦਾਦੇ ਵਿਚਲੇ ਸਵਾਲ-ਜਵਾਬ ਨੇ ਨਿਰਭੈ ਸਿੰਘ ਦੀ ਇਕਾਗਰਤਾ ਭੰਗ ਕਰ ਦਿੱਤੀ।

ਬੱਚਾ ਪੁੱਛ ਰਿਹਾ ਸੀ, "ਬਾਬਾ, ਉਹ ਕੌਣ ਹੈ, ਜਿਸ ਨੇ ਆਪਣੀ ਪੱਗ ਦੁਆਲੇ ਕਾਲਾ ਰਿਬਨ ਬੰਨ੍ਹਿਆ ਹੋਇਆ ਹੈ ?"

"ਇਹੋ ਪੁਲਿਸ ਦਾ ਉਹ ਵੱਡਾ ਅਫ਼ਸਰ ਹੈ, ਜਿਹੜਾ ਮੌਕਾ ਦੇਖਣ ਆਇਆ ਹੈ।"

"ਉਹ ਵਾਰ-ਵਾਰ ਕਮਰੇ ਦੇ ਅੰਦਰ-ਬਾਹਰ ਕਿਉਂ ਜਾਂਦਾ ਹੈ ? ਕਦੇ ਉੱਪਰ ਹੇਠਾਂ ਤੱਕਦਾ ਹੈ। ਉਹ ਕੀ ਕਰ ਰਿਹਾ ਹੈ ?"

"ਡਰਾਮਾ, ਲੋਕ ਦਿਖਾਵਾ। ਜਿੱਡਾ ਵੱਡਾ ਅਫ਼ਸਰ ਹੈ, ਓਨਾ ਹੀ ਵਧੀਆ ਐਕਟਰ। ਮੌਕਾ ਦੇਖਣ ਦਾ ਨਾਟਕ ਕਰ ਰਿਹਾ ਹੈ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਰਿਹੈ।"

ਬੁੱਢੇ ਦੀ ਗੱਲ ਸੁਣ ਕੇ ਨਿਰਭੈ ਸਿੰਘ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਉਸ ਦੇ ਮੋਢਿਆਂ 'ਤੇ ਵੱਡੇ ਅਫ਼ਸਰ ਦੇ ਬਿੱਲੇ ਨਾ ਲੱਗੇ ਹੁੰਦੇ ਤਾਂ ਉਸ ਨੇ ਕੁੱਟ-ਕੁੱਟ ਕੇ ਬੁੱਢੇ ਦੀ ਜਾਨ ਕੱਢ ਦੇਣੀ ਸੀ।

ਨਿਰਭੈ ਨੇ ਕੌੜੀਆਂ ਅੱਖਾਂ ਨਾਲ ਬੁੱਢੇ ਵੱਲ ਤੱਕਿਆ। ਉਹ ਬੱਚੇ ਨੂੰ ਲੈ ਕੇ ਖਿਸਕ ਗਿਆ।

ਪੁਲਿਸ 'ਚ ਜਿਵੇਂ ਅਣਖ ਹੀ ਨਹੀਂ ਰਹੀ। ਇਕ ਬੁੱਢਾ ਪੁਲਿਸ 'ਤੇ ਵਿਅੰਗ ਕੱਸ ਰਿਹਾ ਸੀ ਅਤੇ ਕੋਲ ਖੜਾ ਸਿਪਾਹੀ ਹਿੜ-ਹਿੜ ਕਰ ਰਿਹਾ ਸੀ। ਉਸ ਦੀ ਥਾਂ ਨਿਰਭੈ ਸਿੰਘ ਹੁੰਦਾ ਤਾਂ ਪਤਾ ਨਹੀਂ ਕੀ ਕੁਝ ਕਰ ਬੈਠਦਾ।

ਬੁੱਢੇ ਦੇ ਕਟਾਖ਼ਸ਼ ਨੇ ਡੀ.ਆਈ.ਜੀ. ਦਾ ਮਨੋਬਲ ਗੇਰ ਦਿੱਤਾ। ਉਹ ਇਸ ਨਾਟਕ ਨੂੰ ਬਹੁਤੀ ਦੇਰ ਚਾਲੂ ਨਾ ਰੱਖ ਸਕਿਆ। ਉਸ ਦੀ ਅੰਤਰ-ਆਤਮਾ ਜਾਗ ਪਈ ਸੀ। ਉਸ ਨੂੰ ਅਹਿਸਾਸ ਹੋਇਆ ਕਿ ਜਨਤਾ ਉਸ ਦੇ ਦਿਖਾਵੇ ਨੂੰ ਸਮਝ ਰਹੀ ਸੀ।

ਉਹ ਬੇਸਬਰੀ ਨਾਲ ਸੰਘ ਦੇ ਨਾਹਰੇ ਉਡੀਕਣ ਲੱਗਾ। ਇਕ-ਦੋ ਨਾਹਰੇ ਵੀ ਵੱਜ ਜਾਣ, ਉਹ ਮੌਕਾ ਵਿਚੇ ਛੱਡ ਕੇ ਸੰਘ ਵਾਲਿਆਂ ਨਾਲ ਮੀਟਿੰਗ ਲਈ ਰੈਸਟ ਹਾਊਸ ਚਲਾ ਜਾਵੇ।

ਇਕ ਨੁੱਕਰ ਦਾ ਮੁਆਇਨਾ ਕਰਾਉਣ ਦੇ ਬਹਾਨੇ ਡਿਪਟੀ ਉਸ ਨੂੰ ਇਕ ਪਾਸੇ ਲੈ ਤੁਰਿਆ।

"ਮੈਥੋਂ ਕੋਈ ਗੁਸਤਾਖ਼ੀ ਹੋ ਗਈ ਜਨਾਬ! ਮੈਂ ਤਾਂ ਤਾਬੇਦਾਰ ਹਾਂ।" ਡਿਪਟੀ ਨਿਰਭੈ ਸਿੰਘ ਦੇ ਗੋਡਿਆਂ ਵੱਲ ਝੁਕਣਾ ਚਾਹੁੰਦਾ ਸੀ। ਦੂਰ ਖੜੀ ਭੀੜ ਤੋਂ ਝਿਜਕਦਿਆਂ ਉਸ ਨੇ ਕੇਵਲ ਇਸ ਤਰ੍ਹਾਂ ਕਰਨ ਦਾ ਇਸ਼ਾਰਾ ਹੀ ਕੀਤਾ।

"ਨਹੀਂ, ਗੁਸਤਾਖ਼ੀ ਤਾਂ ਮੈਥੋਂ ਹੋ ਗਈ, ਜਿਹੜਾ ਤੇਰੇ ਵਰਗੇ ਨਮਕ-ਹਰਾਮ ਨੂੰ ਇਥੇ ਲਗਵਾ ਦਿੱਤਾ।"

"ਕਿਸੇ ਨੇ ਜਨਾਬ ਤੇ ਮਨ 'ਚ ਗ਼ਲਤਫ਼ਹਿਮੀ ਪਾ ਦਿੱਤੀ। ਮੈਨੂੰ ਦੱਸੋ ਮੈਂ ਕੀ ਖ਼ਿਦਮਤ ਕਰਾਂ?" ਡਿਪਟੀ ਪਿਘਲ ਕੇ ਮੋਮ ਹੋ ਚੁੱਕਾ ਸੀ।

"ਮੈਂ ਕਿਸੇ ਦੀਆਂ ਗੱਲਾਂ ਵਿਚ ਆਉਣ ਵਾਲਾ ਦੁੱਧ ਚੁੰਘਦਾ ਬੱਚਾ ਹਾਂ?"

"ਫੇਰ ਦੱਸੋ ਵੀ?" ਦੋ-ਤਿੰਨ ਸੰਘ ਦੇ ਵਰਕਰ ਉਹਨਾਂ ਵੱਲ ਵਧ ਰਹੇ ਸਨ। ਉਹਨਾਂ ਨੂੰ ਪਿੱਛੇ ਹੀ ਰੁਕਣ ਦਾ ਇਸ਼ਾਰਾ ਕਰ ਕੇ ਡਿਪਟੀ ਨੇ ਫੇਰ ਤਰਲਾ ਲਿਆ।

"ਲੁੱਟਣ ਨੂੰ ਤੈਨੂੰ ਨੰਬਰਦਾਰ ਹੀ ਲੱਭਾ ਸੀ? ਗਰੇਵਾਲਾਂ ਦਾ ਕਬਜ਼ਾ ਕਿਉਂ ਨਹੀਂ ਹੋ ਰਿਹਾ? ਢਾਈ ਘਰ ਤਾਂ ਡੈਣ ਵੀ ਛੱਡ ਦਿੰਦੀ ਐ।"

"ਉਹ ਤਾਂ.....ਜੀ....."

"ਆਖ ਦੇ ਡੀ.ਜੀ. ਦਾ ਹੁਕਮ ਹੈ। ਬੜਾ ਵਧੀਆ ਬਹਾਨੈ, ਪਰ ਪੁਰਾਣਾ ਹੋ ਚੁੱਕੈ। ਇਹ ਅਸੀਂ ਵੀਹ ਸਾਲ ਪਹਿਲਾਂ ਵਰਤਦੇ ਹੁੰਦੇ ਸੀ।"

"ਛੱਡੋ ਸਰ! ਜਿਵੇਂ ਆਖੋਗੇ, ਉਂਝ ਹੀ ਕਰਾਂਗਾ।"

"ਨੰਬਰਦਾਰ ਜਿਵੇਂ ਆਖਦੈ, ਉਸੇ ਤਰ੍ਹਾਂ ਕਰ। ਉਹ ਤੇਰਾ ਹੱਕ ਵੀ ਨਹੀਂ ਰੱਖਦਾ। ਗਰੇਵਾਲਾਂ ਦਾ ਕਬਜ਼ਾ ਕਰ ਕੇ ਕੱਲ੍ਹ ਹੀ ਰਿਪੋਰਟ ਭੇਜ।"

ਡਿਪਟੀ ਤੋਂ ਮਨ-ਮਰਜ਼ੀ ਦੀਆਂ ਸ਼ਰਤਾਂ ਮੰਨਵਾ ਕੇ ਡੀ.ਆਈ.ਜੀ. ਨੇ ਸੰਘ ਅਤੇ ਪ੍ਰੈਸ ਵਾਲਿਆਂ ਨੂੰ ਕੋਲ ਬੁਲਾਇਆ। ਤਫ਼ਤੀਸ਼ ਸੰਬੰਧੀ ਜਾਣਕਾਰੀ ਦਿੰਦਿਆ ਉਸ ਨੇ ਬਿਆਨ ਦਿੱਤਾ।

"ਮੈਨੂੰ ਚੱਲ ਰਹੀ ਤਫ਼ਤੀਸ਼ 'ਤੇ ਪੂਰੀ ਤਸੱਲੀ ਹੈ। ਮੁਲਜ਼ਮਾਂ ਦੀ ਸ਼ਨਾਖ਼ਤ ਹੋ ਚੁੱਕੀ ਹੈ। ਪੁਲਿਸ ਪਾਰਟੀਆਂ ਉਹਨਾਂ ਦੀ ਗ੍ਰਿਫ਼ਤਾਰੀ ਲਈ ਜਾ ਚੁੱਕੀਆਂ ਹਨ। ਕਿਸੇ ਵੀ ਸਮੇਂ ਉਹ ਤੁਹਾਡੇ ਸਾਹਮਣੇ ਖੜੇ ਕੀਤੇ ਜਾ ਸਕਦੇ ਹਨ। ਮੇਰਾ ਵੱਸ ਚਲਦਾ ਤਾਂ ਮੈਂ ਕਾਤਲਾਂ ਦੇ ਨਾਂ ਵੀ ਦੱਸ ਦਿੰਦਾ, ਪਰ ਇਸ ਤਰ੍ਹਾਂ ਤਫ਼ਤੀਸ਼ ਨੂੰ ਧੱਕਾ ਲੱਗੇਗਾ।"

ਡਿਪਟੀ ਦੇ ਭਾਸ਼ਨ ਨੇ ਸਭ ਦੇ ਮਨ ਮੋਹ ਲਏ। ਸਭ ਦੇ ਚਿਹਰਿਆਂ 'ਤੇ ਖ਼ੁਸ਼ੀ ਟਪਕ ਪਈ। ਇਸੇ ਖ਼ੁਸ਼ੀ ਵਿਚ ਸੰਘ ਵਾਲੇ ਡਿਪਟੀ ਖ਼ਿਲਾਫ਼ ਨਾਹਰੇ ਮਾਰਨੇ ਹੀ ਭੁੱਲ ਗਏ। ਡੀ.ਆਈ.ਜੀ. ਵੀ ਇਹੋ ਚਾਹੁੰਦਾ ਸੀ। ਉਸ ਦਾ ਡਿਪਟੀ ਨਾਲ ਰਾਜ਼ੀਨਾਮਾ ਹੋ ਚੁੱਕਾ ਸੀ। ਨਾਹਰੇ ਮਾਹੌਲ ਵਿਗਾੜ ਸਕਦੇ ਸਨ।

ਡਿਪਟੀ ਤੋਂ ਗੁੱਸਾ ਲਹਿ ਜਾਣ ਕਰਕੇ ਡੀ.ਆਈ.ਜੀ. ਦੀ ਇਕਦਮ ਭੁੱਖ ਚਮਕ ਪਈ। ਉਸ ਦਾ ਵਫ਼ਾਦਾਰ ਇੰਸਪੈਕਟਰ ਕਾਫ਼ੀ ਦੇਰ ਤੋਂ ਗ਼ਾਇਬ ਸੀ। ਉਸ ਨੂੰ ਨਿਰਭੈ ਸਿੰਘ ਦੀ ਪਸੰਦ ਦਾ ਇਲਮ ਸੀ। ਜ਼ਰੂਰ ਚਿੱਲੀ ਚਿਕਨ ਦਾ ਪ੍ਰਬੰਧ ਕਰਨ ਗਿਆ ਹੋਏਗਾ।

ਲੋਕਾਂ ਨੂੰ ਖ਼ੁਸ਼ ਕਰ ਕੇ ਨਿਰਭੈ ਸਿੰਘ ਨੇ ਖਾਣੇ ਲਈ ਰੈਸਟ ਹਾਊਸ ਦਾ ਰੁਖ਼ ਕੀਤਾ। ਡਿਪਟੀ ਨੂੰ ਉਸ ਨੇ ਆਪਣੀ ਗੱਡੀ ਵਿਚ ਹੀ ਬਿਠਾ ਲਿਆ। ਖੁੱਲ੍ਹ ਕੇ ਗੱਲਾਂ ਕਰਨ ਦਾ ਇਹ ਵਧੀਆ ਮੌਕਾ ਸੀ। ਕਿਸੇ ਚੰਗੇ ਮੌਕੇ ਨੂੰ ਹੱਥੋਂ ਗਵਾਉਣਾ ਨਿਰਭੈ ਸਿੰਘ ਦੀ ਆਦਤ ਨਹੀਂ ਸੀ।

✶

# 20

ਡੀ.ਆਈ.ਜੀ. ਦੇ ਲਾਰੇ ਲੋਕਾਂ ਨੂੰ ਬਹੁਤੇ ਦਿਨ ਖ਼ੁਸ਼ ਨਾ ਰੱਖ ਸਕੇ।

ਬੂਝਾ ਸਿੰਘ ਸੀ.ਆਈ.ਡੀ. ਵਾਲੇ ਨੇ ਸਾਰੇ ਪਾਜ ਖੋਲ੍ਹ ਦਿੱਤੇ।

"ਉਹ ਮੌਕਾ ਦੇਖਣ ਨਹੀਂ ਸੀ ਆਇਆ ਡਿਪਟੀ ਨੂੰ ਸਿੱਧਾ ਕਰਨ ਆਇਆ ਸੀ। ਆਪਣਾ ਉੱਲੂ ਸਿੱਧਾ ਕਰ ਕੇ ਤੁਰ ਗਿਆ। ਦੇਖ ਲਓ, ਉਸੇ ਦਿਨ ਦਾ ਨੰਬਰਦਾਰ ਪਿੰਡ ਬੜ੍ਹਕਾਂ ਮਾਰਦਾ ਫਿਰਦੈ। ਗਰੇਵਾਲਾਂ ਨੇ ਜ਼ਮੀਨ 'ਤੇ ਕਬਜ਼ਾ ਕਰ ਲਿਐ। ਬੰਟੀ ਦੇ ਕਾਤਲਾਂ ਦਾ ਪਤਾ ਟਿਕਾਣਾ ਨਾ ਉਸ ਦਿਨ ਸੀ, ਨਾ ਹਾਲੇ ਤਕ ਲੱਗੈ। ਉਹ ਕੋਰਾ ਝੂਠ ਮਾਰ ਗਿਐ।"

ਬੂਝਾ ਸਿੰਘ ਦਾ ਪਰਚਾਰ ਰੰਗ ਲਿਆਇਆ ਸੀ।

ਬੰਟੀ ਦੀ ਮੌਤ ਵਾਲੇ ਦਿਨ ਤੋਂ ਹੜਤਾਲ ਜਾਰੀ ਸੀ। ਹੜਤਾਲ ਵੀ ਬੇਮਿਸਾਲ ਸੀ। ਜਦੋਂ ਦੀ ਪੰਜਾਬ ਵਿਚ ਗੜਬੜ ਹੋਈ ਹੈ, ਹਰ ਤੀਸਰੇ ਦਿਨ ਹੜਤਾਲ ਹੁੰਦੀ ਹੈ। ਕਦੇ ਸਿੱਖਾਂ ਵੱਲੋਂ, ਕਦੇ ਹਿੰਦੂਆਂ ਵੱਲੋਂ। ਸਿੱਖਾਂ ਵੱਲੋਂ ਹੜਤਾਲ ਹੋਵੇ ਤਾਂ ਹਿੰਦੂ ਡਰਦੇ ਦੁਪਹਿਰ ਤਕ ਤਾਂ ਦੁਕਾਨਾਂ ਬਿਲਕੁਲ ਨਹੀਂ ਖੋਲ੍ਹਦੇ। ਦੁਪਹਿਰ ਤੋਂ ਬਾਅਦ ਪਹਿਲਾਂ ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹਦੇ ਹਨ ਤੇ ਫੇਰ ਹੌਲੀ-ਹੌਲੀ ਸਾਰਾ। ਸ਼ਾਮ ਤਕ ਬਜ਼ਾਰ ਵਿਚ ਗਹਿਮਾ-ਗਹਿਮੀ ਹੋਣ ਲੱਗਦੀ ਹੈ।

ਹੜਤਾਲ ਹਿੰਦੂਆਂ ਵੱਲੋਂ ਹੋਵੇ ਤਾਂ ਮਾਹੌਲ ਤਨਾਅ-ਪੂਰਨ ਬਣਿਆ ਰਹਿੰਦਾ ਹੈ। ਅੱਧੇ ਸਿੱਖ ਤਾਂ ਦੁਕਾਨਾਂ ਬੰਦ ਕਰਦੇ ਹੀ ਨਹੀਂ। ਉਹਨਾਂ ਦੇ ਬਹਾਨੇ ਕੁਝ ਹਿੰਦੂ ਵੀ ਦੁਕਾਨਾਂ ਖੋਲ੍ਹ ਲੈਂਦੇ ਹਨ। ਕੁਝ ਕਾਂਗਰਸੀ ਹੋਣ ਦਾ ਪੱਜ ਲਾਉਂਦੇ ਹਨ ਤੇ ਕੁਝ ਕਾਮਰੇਡ ਹੋਣ ਦਾ। ਉਹ ਆਖਦੇ ਹਨ, ਉਹਨਾਂ ਦਾ ਫ਼ਿਰਕੂ ਪਾਰਟੀਆਂ ਜਾਂ ਉਹਨਾਂ ਦੇ ਪ੍ਰੋਗਰਾਮਾਂ ਨਾਲ ਕੋਈ ਸੰਬੰਧ ਨਹੀਂ। ਭਾਰਤੀ ਜਨਤਾ ਪਾਰਟੀ ਵਾਲੇ ਜਾਂ ਫੇਰ ਵਿਉਪਾਰ ਮੰਡਲ ਵਾਲੇ ਲੋਕਾਂ ਤੋਂ ਦੁਕਾਨਾਂ ਬੰਦ ਕਰਾਉਣ ਲਈ ਇਕ ਗੇੜਾ ਮਾਰਦੇ ਹਨ, ਫੇਰ ਘਰੋ-ਘਰੀ ਜਾ ਵੜਦੇ ਹਨ।

ਇਸ ਵਾਰ ਹਾਲਾਤ ਉਲਟ ਸਨ। ਬੰਟੀ ਦੇ ਕਤਲ ਦੇ ਸਵਾਲ ਨੂੰ ਲੈ ਕੇ ਹੋਈ ਹੜਤਾਲ ਕਾਰਨ ਢਾਬਿਆਂ ਤੋਂ ਲੈ ਕੇ ਸ਼ਰਾਬ ਦੇ ਠੇਕਿਆਂ ਤਕ ਸਭ ਦੁਕਾਨਾਂ ਨੂੰ ਜਿੰਦੇ ਵੱਜੇ ਹੋਏ ਸਨ। ਕਿਸੇ ਰਾਹ ਜਾਂਦੇ ਨੂੰ ਚਾਹ ਦਾ ਕੱਪ ਤਕ ਨਸੀਬ ਨਹੀਂ ਸੀ ਹੁੰਦਾ। ਕਿਸੇ ਬੀਮਾਰ ਨੂੰ ਹਸਪਤਾਲ ਲਿਜਾਣ ਲਈ ਰਿਕਸ਼ਾ ਤਕ ਨਹੀਂ ਸੀ ਲੱਭਦਾ। ਆਖ਼ਿਰ ਵਿਉਪਾਰ ਲਈ ਵੀ ਤਾਂ ਸੁਖ-ਸ਼ਾਂਤੀ ਚਾਹੀਦੀ ਹੈ। ਅਜਿਹੇ ਰੁੱਖੇ ਦਿਨਾਂ ਵਿਚ ਕੰਮ ਕਰਨ ਨੂੰ ਕਿਸ ਦਾ ਦਿਲ ਕਰਦਾ ਹੈ ? ਹਨੇਰ-ਗਰਦੀ ਮੱਚੀ ਪਈ ਸੀ। ਦਿਨ-ਦਿਹਾੜੇ ਬੱਚੇ ਨੂੰ ਅਗਵਾ ਕੀਤਾ ਗਿਆ, ਪੁਲਿਸ ਨੇ ਪੂਰਾ ਜ਼ੋਰ ਲਾ ਲਿਆ, ਉਹ ਸ਼ਹਿਰ ਵਿਚ ਬੈਠੇ ਹੋਏ ਵੀ ਉਸ ਦੇ ਹੱਥ ਨਾ ਆਏ। ਧਮਕੀਆਂ ਦਿੰਦੇ ਰਹੇ, ਬੱਚੇ ਨੂੰ ਮਾਰ ਕੇ ਭੱਜਣ ਵਿਚ ਕਾਮਯਾਬ ਹੋ ਗਏ।

ਅਜਿਹੇ ਮਾਹੌਲ ਵਿਚ ਆਮ ਬੰਦੇ ਦਾ ਕੀ ਵੱਟੀਦਾ ਹੈ ? ਕਿੰਨੇ ਹੀ ਵਾਰ ਲੋਕਾਂ ਤੋਂ ਸਕੂਟਰ ਖੋਹੇ ਗਏ, ਕਈ ਵਾਰ ਬਜ਼ਾਰਾਂ ਵਿਚਲੀਆਂ ਬੈਂਕਾਂ ਲੁੱਟੀਆਂ ਗਈਆਂ। ਮੌਕੇ 'ਤੇ ਕਦੇ ਕੋਈ ਨਹੀਂ

ਫੜਿਆ ਗਿਆ। ਲੋਕਾਂ ਦੇ ਦਿਲ ਟੁੱਟ ਚੁੱਕੇ ਸਨ। ਕੰਮ 'ਤੇ ਆਉਣ ਦੀ ਕਿਸੇ ਦੀ ਰੂਹ ਨਹੀਂ ਸੀ ਕਰਦੀ।

ਇਸ ਮੁਕੰਮਲ ਹੜਤਾਲ ਲਈ ਬੂਝਾ ਸਿੰਘ ਆਪਣੇ ਆਪ ਨੂੰ ਸ਼ਾਬਾਸ਼ ਦੇ ਰਿਹਾ ਸੀ। ਇਸ ਦਾ ਮੁੱਢ ਉਸੇ ਦੇ ਪੈਰੋਂ ਬੱਝਾ ਸੀ।

ਬੂਝਾ ਸਿੰਘ ਦੀ ਸੀ.ਆਈ.ਡੀ. ਵਿਚੋਂ ਨਿਕਲਣ ਦੀ ਪਹਿਲੀ ਚਾਲ ਅਸਫ਼ਲ ਹੋ ਗਈ ਸੀ। ਤਲਾਸ਼ੀਆਂ ਦੌਰਾਨ ਉਸ ਨੇ ਪੰਜ ਕੇਸ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਪੰਜਾਬ ਸਟੂਡੈਂਟਸ ਯੂਨੀਅਨ ਨੇ ਅਜਿਹਾ ਸਿਆਪਾ ਪਾਇਆ ਕਿ ਸ਼ਾਮੂ ਦੇ ਨਾਲ-ਨਾਲ ਬੂਝਾ ਸਿੰਘ ਨੂੰ ਬਾਕੀ ਸਾਂਸੀ ਵੀ ਛੱਡਣੇ ਪਏ। ਕਰਫ਼ਿਊ ਹੁੰਦਿਆਂ ਹੋਇਆਂ ਵੀ ਯੂਨੀਅਨ ਨੇ ਪਤਾ ਨਹੀਂ ਕਿਥੋਂ ਸੂਹ ਕੱਢੀ। ਖ਼ਾਨ ਨੂੰ ਝੱਟ ਫ਼ੋਨ ਖੜਕਾ ਦਿੱਤੇ। ਤਰੱਕੀ ਦੀ ਥਾਂ ਬੂਝਾ ਸਿੰਘ ਨੂੰ ਮਿਲੀਆਂ ਖ਼ਾਨ ਦੀਆਂ ਝਿੜਕਾਂ।

ਹੜਤਾਲ ਉਸ ਦੀ ਦੂਸਰੀ ਚਾਲ ਸੀ। ਉਹ ਵਿਸਥਾਰ ਨਾਲ ਰਿਪੋਰਟਾਂ ਭੇਜ ਰਿਹਾ ਸੀ। ਘੁੰਮ-ਫਿਰ ਕੇ ਸਾਰੀ ਗੱਲ ਪ੍ਰੀਤਮ ਸਿੰਘ ਸਿਰ ਆ ਜਾਂਦੀ। ਬੂਝਾ ਸਿੰਘ ਆਪਣੀਆਂ ਰਿਪੋਰਟਾਂ ਨਾਲ ਅਫ਼ਸਰਾਂ ਨੂੰ ਇਹ ਗੱਲ ਜਚਾਉਣ 'ਤੇ ਤੁਲਿਆ ਹੋਇਆ ਸੀ ਕਿ ਇਸ ਸਾਰੀ ਬਦਅਮਨੀ ਦਾ ਇਕੋ ਕਾਰਨ ਪ੍ਰੀਤਮ ਸਿੰਘ ਐਸ.ਐਚ.ਓ ਸੀ।

ਜਿੰਨੀਆਂ ਵੀ ਖ਼ਬਰਾਂ ਛਪਦੀਆਂ, ਜਿੰਨੀਆਂ ਰੈਲੀਆਂ ਹੁੰਦੀਆਂ, ਸਭ ਵਿਚ ਪ੍ਰੀਤਮ 'ਤੇ ਸਿੱਧੇ ਹਮਲੇ ਹੁੰਦੇ। ਉਸ ਵੱਲੋਂ ਕੀਤੀ ਜਾ ਰਹੀ ਕੁਰੱਪਸ਼ਨ ਦੇ ਕੱਚੇ ਚਿੱਠੇ ਖੋਲ੍ਹੇ ਜਾਂਦੇ। ਬੂਝਾ ਸਿੰਘ ਦੀ ਕਿਰਪਾ ਨਾਲ ਉਸ ਦੇ ਪੁਲਿਸ 'ਚ ਭਰਤੀ ਹੋਣ ਤੋਂ ਲੈ ਕੇ ਅੱਜ ਤਕ ਬਣੀ ਲੱਖਾਂ ਰੁਪਏ ਦੀ ਜਾਇਦਾਦ ਦੇ ਅੰਕੜੇ ਕਈ ਪੋਸਟਰਾਂ ਵਿਚ ਛਪ ਚੁੱਕੇ ਸਨ।

ਕਿਸੇ ਜਥੇਦਾਰ ਰਾਹੀਂ ਮੁੱਖ ਮੰਤਰੀ ਨੂੰ ਭੇਜੀ ਆਪਣੀ ਖ਼ੁਫ਼ੀਆ ਰਿਪੋਰਟ ਚਿ ਬੂਝਾ ਸਿੰਘ ਨੇ ਸਾਫ਼ ਲਿਖਿਆ ਸੀ ਕਿ ਲੋਕ ਅਸਲ ਵਿਚ ਪ੍ਰੀਤਮ ਸਿੰਘ ਦੇ ਖ਼ਿਲਾਫ਼ ਹਨ, ਕਿਉਂਕਿ ਉਹਨਾਂ ਦੀ ਪ੍ਰੀਤਮ ਨੂੰ ਤਬਦੀਲ ਕਰਨ ਦੀ ਮੰਗ ਨਹੀਂ ਮੰਨੀ ਜਾ ਰਹੀ, ਇਸ ਲਈ ਹੁਣ ਲੋਕ ਮੁੱਖ ਮੰਤਰੀ ਦੇ ਖ਼ਿਲਾਫ਼ ਹੁੰਦੇ ਜਾ ਰਹੇ ਹਨ। ਲੋਕਾਂ ਦਾ ਮਤ ਬਣਦਾ ਜਾ ਰਿਹਾ ਹੈ ਕਿ ਇਸ ਗੜਬੜ ਵਿਚ ਮੁੱਖ ਮੰਤਰੀ ਵੀ ਹਿੱਸੇਦਾਰ ਹੈ। ਕੀ ਹੋ ਗਿਆ ਜੋ ਅੱਜ ਉਨਾਂ ਦੀ ਪਾਰਟੀ ਚੋਣਾਂ ਜਿੱਤ ਗਈ ਹੈ। ਕੱਲ੍ਹ ਉਹ ਵੀ ਵੱਖਵਾਦੀ ਨਾਅਰੇ ਹੀ ਤਾਂ ਮਾਰ ਰਹੇ ਸਨ। ਜੇ ਮੁੱਖ ਮੰਤਰੀ ਨੂੰ ਆਪਣੇ ਇਲਾਕੇ ਦੇ ਲੋਕਾਂ ਦਾ ਹੀ ਖ਼ਿਆਲ ਨਹੀਂ, ਉਹ ਸੂਬੇ ਦਾ ਕੀ ਸੰਵਾਰੇਗਾ ? ਉਸ ਨੂੰ ਇਕ ਬੇਈਮਾਨ ਥਾਣੇਦਾਰ ਨਾਲ ਇੰਨਾ ਮੋਹ ਕਿਉਂ ਹੈ ? ਮੰਤਰੀ ਦੀ ਚੁੱਪ ਸਗੋਂ ਪੁਲਿਸ ਨੂੰ ਲੁੱਟ-ਖਸੁੱਟ ਦੀ ਖੁੱਲ੍ਹੀ ਛੁਟੀ ਦੇ ਰਹੀ ਸੀ।

ਲੋਕਾਂ ਦੀਆਂ ਮੰਗਾਂ ਜਾਇਜ਼ ਸਨ। ਉਹ ਕਿਸੇ ਪੁਲਿਸ ਵਾਲੇ ਨੂੰ ਫਾਹੇ ਲਾਉਣ ਦੀ ਮੰਗ ਤਾਂ ਨਹੀਂ ਕਰ ਰਹੇ। ਇਮਾਨਦਾਰ ਅਫ਼ਸਰਾਂ ਦੀ ਮੰਗ ਹੀ ਕਰ ਰਹੇ ਹਨ। ਮੁੱਖ ਮੰਤਰੀ ਨੂੰ ਚਾਹੀਦਾ ਹੈ, ਲੋਕਾਂ ਦਾ ਗੁੱਸਾ ਸ਼ਾਂਤ ਕਰੇ।

ਇਹ ਸ਼ਹਿਰ ਹੀ ਹੈ, ਜਿਹੜਾ ਵੋਟਾਂ ਵੇਲੇ ਮੁੱਖ ਮੰਤਰੀ ਦੇ ਹੱਕ ਵਿਚ ਭੁਗਤਦਾ ਹੈ। ਚੋਣਾਂ ਤੋਂ ਪਹਿਲਾਂ ਲੋਕ ਲੱਖ ਸਰਦਾਰ ਜੀ ਨਾਲ ਰੁੱਸੇ ਹੋਣ, ਵੋਟ ਪਾਉਣ ਵੇਲੇ ਉਹ ਸਰਦਾਰ ਦੇ ਨਰਮ ਸੁਭਾਅ 'ਤੇ ਹੀ ਧਿਜਦੇ ਹਨ। ਵਿਰੋਧੀ ਚਾਹੇ ਜਿੰਨੇ ਮਰਜ਼ੀ ਬ੍ਰਾਹਮਣਵਾਦ ਦੇ ਨਾਹਰੇ ਲਾਉਂਦੇ ਰਹਿਣ, ਲੋਕ ਸਰਦਾਰ ਜੀ ਨਾਲੋਂ ਨਹੀਂ ਟੁੱਟਦੇ। ਇਸ ਵਾਰ ਮਾਮਲਾ ਨਾਜ਼ੁਕ ਹੈ। ਜੇ ਫ਼ੌਰੀ ਉਹਨਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾ ਲੋਕਾਂ ਨੇ ਸਰਦਾਰ ਜੀ ਤੋਂ ਅਜਿਹਾ ਮੁੱਖ ਮੋੜਨਾ ਹੈ ਕਿ ਉਹਨਾਂ ਨੂੰ ਹੋਰ ਹਲਕਾ ਲੱਭਣਾ ਪੈਣਾ ਹੈ। ਇਸ ਵਾਰ ਪਾਰਲੀਮੈਂਟ ਦੀਆਂ ਚੋਣਾਂ ਸਮੇਂ ਉਹ ਲੋਕਾਂ ਦੇ ਗੁੱਸੇ ਦਾ ਸੁਆਦ ਚੱਕ ਚੁੱਕੇ ਹਨ।

ਮੁੱਖ ਮੰਤਰੀ ਪਤਾ ਨਹੀਂ ਕਿਹੜੀ ਕੁੰਭਕਰਨੀ ਨੀਂਦ ਸੁੱਤਾ ਹੋਇਆ ਹੈ ਜਾਂ ਫੇਰ ਉਸ ਨੂੰ ਲੋਕਾਂ ਦੇ ਗ਼ੁੱਸੇ ਦੀ ਕੋਈ ਪਰਵਾਹ ਨਹੀਂ ਸੀ ਜਾਂ ਫੇਰ ਇਸ ਚੁੱਪ ਵਿਚ ਵੀ ਕੋਈ ਸਿਆਸੀ ਚਾਲ ਸੀ।

ਬੂਝਾ ਸਿੰਘ ਨੂੰ ਆਪਣੀ ਕਾਹਲ ਸੀ। ਉਸ ਨੇ ਮੁੱਖ ਮੰਤਰੀ ਦੇ ਸਭ ਤੋਂ ਨਜ਼ਦੀਕੀ ਜਥੇਦਾਰ ਨੂੰ ਸ਼ਿੰਗਾਰ ਰੱਖਿਆ ਸੀ। ਜਿਸ ਦਿਨ ਵੀ ਬਦਲੀਆਂ ਹੋਈਆਂ, ਮੁੱਖ ਮੰਤਰੀ ਤੋਂ ਫ਼ੋਨ ਕਰਾ ਕੇ ਐਸ.ਐਚ.ਓ. ਲਗਵਾ ਦੇਵੇਗਾ।

ਜਥੇਦਾਰ ਤਾਂ ਆਈ.ਜੀ. ਕੋਲ ਵੀ ਜਾ ਵੱਜਾ ਸੀ। ਆਈ.ਜੀ. ਨੇ ਇਕੋ ਸ਼ਰਤ ਰੱਖੀ ਸੀ।

"ਪਹਿਲਾਂ ਪੰਜ-ਚਾਰ ਦਹਿਸ਼ਤਗਰਦ ਫੜ ਕੇ ਮਾਰ। ਆਉਂਦੇ ਦੇ ਹੀ ਆਰਡਰ ਕਰ ਦਿਆਂਗਾ।"

ਬੂਝਾ ਸਿੰਘ ਇਹ ਕਰਨ ਲਈ ਤਿਆਰ ਨਹੀਂ ਸੀ। ਪਹਿਲਾਂ ਇਕ ਮਾਰਿਆ ਸੀ ਤਾਂ ਅੱਜ ਤਕ ਤਾਬ ਨਹੀਂ ਸੀ ਆਇਆ। ਅਜਿਹੀ ਨੌਕਰੀ ਨਾਲੋਂ ਤਾਂ ਇਥੇ ਹੀ ਭਲਾ ਸੀ।

ਉਂਝ ਬੂਝਾ ਸਿੰਘ ਸੀ.ਆਈ.ਡੀ. ਵਿਚ ਪਹਿਲਾਂ ਜਿੰਨਾ ਔਖਾ ਨਹੀਂ ਸੀ। ਇਸ ਕੰਮ ਦਾ ਹੁਣ ਉਸ ਨੂੰ ਭੁੱਸ ਪੈ ਗਿਆ ਸੀ।

ਜਦੋਂ ਦੀ ਗੜਬੜ ਸ਼ੁਰੂ ਹੋਈ ਹੈ, ਸੀ.ਆਈ.ਡੀ. ਵਾਲਿਆਂ ਦੀਆਂ ਵੀ ਮੌਜਾਂ ਹੋ ਗਈਆਂ ਹਨ। ਪਹਿਲਾਂ ਤਾਂ ਸਾਰਾ ਦਿਨ ਚੋਰਾਂ ਵਾਂਗ ਸ਼ੈਲਰਾਂ, ਫੂਡ ਸਪਲਾਈ ਜਾਂ ਮਾਰਕਫੈੱਡ ਵਾਲਿਆਂ ਪਿੱਛੇ ਫਿਰਨਾ ਪੈਂਦਾ ਸੀ, ਕਦੋਂ ਦੋ ਨੰਬਰ ਦੇ ਚੌਲਾਂ ਨਾਲ ਭਰਿਆ ਟਰੱਕ ਗੁਦਾਮੋਂ ਬਾਹਰ ਨਿਕਲਦਾ ਹੈ ? ਕਦੇ ਪੀ.ਡਬਲਿਯੂ.ਡੀ. ਵਾਲਿਆਂ ਪਿੱਛੇ ਬੰਦੇ ਲਾਉਣੇ ਪੈਂਦੇ, ਕਦੇ ਜੰਗਲਾਤ ਵਾਲਿਆਂ ਪਿੱਛੇ। 'ਮੁਲਾਜ਼ਮ ਭਾਈ, ਮੁਲਾਜ਼ਮ ਭਾਈ' ਦਾ ਵਾਸਤਾ ਪਾ ਕੇ ਉਹ ਮਸਾਂ ਹੀ ਦਸੌਂਧ ਦਿੰਦੇ ਸਨ।

ਇਹਨਾਂ ਦਿਨਾਂ ਵਿਚ ਉਹਨਾਂ ਪਿੱਛੇ ਫਿਰਨ ਦੀ ਕਿਸ ਨੂੰ ਵਿਹਲ ਹੈ ? ਉਸ ਦਾ ਹੌਲਦਾਰ ਬੜਾ ਸਿਆਣਾ ਹੈ। ਉਸ ਦੀ ਸਾਰੀ ਨੌਕਰੀ ਸੀ.ਆਈ.ਡੀ. ਦੀ ਹੈ ਅਤੇ ਉਹ ਵੀ ਇਸ ਇਲਾਕੇ ਦੀ। ਇਥੋਂ ਦੇ ਬੱਚੇ-ਬੱਚੇ ਨੂੰ ਜਾਣਦਾ ਹੈ। ਸਿਪਾਹੀ ਵੀ ਪੁਰਾਣੇ ਹਨ। ਉੱਪਰ ਭੇਜਣ ਲਈ ਆਪੇ ਇਤਲਾਹ ਇਕੱਠੀ ਕਰ ਲੈਂਦੇ ਹਨ। ਕੁਝ ਪ੍ਰੈਸ-ਰਿਪੋਰਟਰਾਂ ਕੋਲੋਂ, ਕੁਝ ਨੇਤਾਵਾਂ ਕੋਲੋਂ ਅਤੇ ਕੁਝ ਇਧਰੋਂ-ਉਧਰੋਂ। ਬਾਕੀ ਘੜੀਆਂ-ਘੜਾਈਆਂ ਹੁੰਦੀਆਂ ਹਨ। ਜਿਵੇਂ ਅੱਤਵਾਦ ਬਾਰੇ ਹਰ ਪੰਦਰਾਂ ਦਿਨਾਂ ਬਾਅਦ ਇਹੋ ਰਿਪੋਰਟ ਭੇਜਣੀ ਹੁੰਦੀ ਹੈ ਕਿ ਇਲਾਕੇ ਵਿਚ ਕੁਝ ਨਵੇਂ ਅਤਿਵਾਦੀ ਪ੍ਰਵੇਸ਼ ਕਰ ਗਏ ਹਨ। ਕਿਸੇ ਵੀ ਸਮੇਂ ਮਾੜੀ ਘਟਨਾ ਵਾਪਰ ਸਕਦੀ ਹੈ ਜਾਂ ਅਤਿਵਾਦੀ ਇਲਾਕੇ ਵਿਚ ਆਪਣਾ ਵਿਸਥਾਰ ਕਰ ਰਹੇ ਹਨ, ਨਵੇਂ ਮੁੰਡੇ ਭਰਤੀ ਕਰ ਰਹੇ ਹਨ। ਇਲਾਕੇ ਵਿਚ ਮਾਰੂ ਹਥਿਆਰ ਜਮ੍ਹਾਂ ਕੀਤੇ ਜਾ ਰਹੇ ਹਨ।

ਇਹ ਖ਼ਬਰ ਉਹਨਾਂ ਆਪਣੇ ਅਫ਼ਸਰਾਂ ਤੋਂ ਸਿੱਖੀ ਹੈ। ਹਰ ਪੰਦਰਾਂ ਅਗਸਤ ਅਤੇ ਛੱਬੀ ਜਨਵਰੀ ਨੂੰ ਦਿੱਲੀ ਪੁਲਿਸ ਅਜਿਹੀ ਹੀ ਖ਼ਬਰ ਨਸ਼ਰ ਕਰਦੀ ਹੈ ਤੇ ਪੰਜ-ਚਾਰ ਮੁੰਡਿਆਂ ਦੀਆਂ ਫ਼ੋਟੋਆਂ ਛਾਪ ਦਿੰਦੀ ਹੈ ਕਿ ਇਹ ਖ਼ਤਰਨਾਕ ਅਤਿਵਾਦੀ ਦਿੱਲੀ ਵਿਚ ਪ੍ਰਵੇਸ਼ ਕਰ ਗਏ ਹਨ। ਕੋਈ ਵੀ ਵਾਰਦਾਤ ਕਰ ਸਕਦੇ ਹਨ। ਉਹਨਾਂ ਦੀ ਸਰਕਾਰੀ ਸਮਾਗਮਾਂ ਵਿਚ ਗੜਬੜ ਕਰਨ ਦਾ ਯੋਜਨਾ ਹੈ ਆਦਿ। ਜੇ ਦਿੱਲੀ ਵਾਲੇ ਇੰਝ ਕਰ ਸਕਦੇ ਹਨ ਤਾਂ ਉਹ ਕਿਉਂ ਨਹੀਂ ਕਰ ਸਕਦੇ ? ਲੋਕਲ ਪੁਲਿਸ ਆਪੇ ਟੱਕਰਾਂ ਮਾਰਦੀ ਰਹਿੰਦੀ ਹੈ।

ਸ਼ਹਿਰ ਵਿਚ ਹੜਤਾਲ ਹੋਣੀ ਹੋਵੇ ਤਾਂ ਵੀ ਰਿਪੋਰਟ ਤਿਆਰ ਹੈ। ਉਹੋ ਪਹਿਲਾਂ ਵਾਲੇ ਅੱਖਰ, ਸੰਘ ਵੱਲੋਂ ਖ਼ੂਨ-ਖ਼ਰਾਬੇ ਲਈ ਜ਼ੋਰਾਂ-ਸ਼ੋਰਾਂ ਨਾਲ ਤਿਆਰੀ ਹੋ ਰਹੀ ਹੈ। ਮੰਦਰ ਵਿਚ ਮੀਟਿੰਗਾਂ ਹੋ ਰਹੀਆਂ ਹਨ। ਕੁਝ ਹਥਿਆਰ ਅਤੇ ਬਹੁਤ ਸਾਰੀਆਂ ਡਾਂਗਾਂ ਇਕੱਠੀਆਂ ਕੀਤੀਆਂ ਜਾ ਚੁੱਕੀਆਂ

ਹਨ। ਦੁਕਾਨਾਂ ਲੁੱਟਣ, ਅੱਗਜ਼ਨੀ ਤੋਂ ਲੈ ਕੇ ਕਤਲਾਂ ਤਕ ਕੁਝ ਵੀ ਹੋ ਸਕਦਾ ਹੈ। ਬੱਸਾਂ ਦਾ ਘਿਰਾਓ ਕੀਤਾ ਜਾਏਗਾ, ਸਰਕਾਰੀ ਮੁਲਾਜ਼ਮਾਂ ਨੂੰ ਦਫ਼ਤਰ ਜਾਣੋਂ ਰੋਕਿਆ ਜਾਏਗਾ ਆਦਿ। ਇਹ ਰਿਪੋਰਟ ਵੀ ਉਹਨਾਂ ਉੱਚ ਅਧਿਕਾਰੀਆਂ ਵੱਲੋਂ ਹਰ ਤਿਉਹਾਰ 'ਤੇ ਜਾਰੀ ਕੀਤੀ ਜਾਂਦੀ ਰਿਪੋਰਟ ਦੇ ਆਧਾਰ ਉੱਪਰ ਹੀ ਤਿਆਰ ਕੀਤੀ ਹੈ।

ਹੜਤਾਲ ਅਕਾਲੀਆਂ ਵੱਲੋਂ ਹੋਵੇ ਤਾਂ ਕੁਝ ਸ਼ਬਦ ਬਦਲਣੇ ਪੈਂਦੇ ਹਨ। ਮੰਦਰ ਦੀ ਥਾਂ ਗੁਰਦੁਆਰਾ, ਡਾਂਗਾਂ ਦੀ ਥਾਂ ਕਿਰਪਾਨਾਂ, ਬਾਕੀ ਉਹੋ ਕੁਝ।

ਕੋਈ ਸਰਕਾਰੀ ਜਲਸਾ ਹੋਵੇ ਤਾਂ ਲੋਕਾਂ ਵਿਚ ਭਾਰੀ ਉਤਸ਼ਾਹ ਦੀ ਰਿਪੋਰਟ। ਕੋਈ ਵਿਰੋਧੀ ਪਾਰਟੀ ਦਾ ਜਲਸਾ ਹੋਵੇ ਤਾਂ ਲੋਕਾਂ ਵਿਚ ਉਦਾਸੀਨਤਾ ਦੀ ਰਿਪੋਰਟ। ਹੁਕਮਰਾਨ ਪਾਰਟੀ ਦੇ ਜਲਸੇ ਵਿਚ ਇਕੱਠੇ ਹੋਏ ਲੋਕਾਂ ਦੀ ਗਿਣਤੀ ਦਿੰਦਿਆਂ ਇਕ ਜਾਂ ਦੋ ਬਿੰਦੀਆਂ ਹੋਰ ਲਾ ਦਿਓ। ਵਿਰੋਧੀ ਪਾਰਟੀ ਦੇ ਇਕੱਠ ਨਾਲੋਂ ਇਕ ਬਿੰਦੀ ਖਿਸਕਾ ਦਿਓ। ਬੱਸ ! ਤੁਸੀਂ ਇਕ ਕਾਮਯਾਬ ਸੂਹੀਏ ਬਣ ਗਏ।

ਅਜਿਹੀਆਂ ਰਿਪੋਰਟਾਂ ਤਾਂ ਹੁਣ ਉਸ ਦੇ ਖੱਬੇ ਹੱਥ ਦੀ ਖੇਡ ਸੀ।

ਉਹਨਾਂ ਦਾ ਜ਼ਿਆਦਾ ਧਿਆਨ ਨਵੇਂ ਪੁੰਗਰਦੇ ਅਤਿਵਾਦੀਆਂ ਵੱਲ ਰਹਿੰਦਾ ਸੀ। ਕਿਸੇ ਮੁੰਡੇ ਨੇ ਕੇਸਰੀ ਪੱਗ ਬੰਨ੍ਹੀ ਨਹੀਂ ਕਿ ਉਹਨਾਂ ਆਪਣਾ ਜਾਲ ਵਿਛਾਇਆ ਨਹੀਂ। ਇਸ ਕੰਮ ਲਈ ਬੂਝਾ ਸਿੰਘ ਦਾ ਤਾਂ ਬਹੁਤਾ ਦਿਮਾਗ਼ ਕੰਮ ਨਹੀਂ ਕਰਦਾ, ਪਰ ਉਸ ਦਾ ਸਟਾਫ਼ ਬਹੁਤ ਮਾਹਿਰ ਹੈ।

ਉਹ ਦੂਜੇ-ਤੀਜੇ ਦਿਨ ਕੋਈ ਨਾ ਕੋਈ ਸ਼ਿਕਾਰ ਢੂੰਡ ਲੈਂਦੇ ਹਨ।

ਪਹਿਲੇ ਦਿਨ ਸਿਪਾਹੀ ਮੁੰਡੇ ਦੇ ਮਾਪਿਆਂ ਨੂੰ ਮਿਲਦਾ ਹੈ। ਮੁੰਡੇ ਦੇ ਬੁਰੀ ਸੰਗਤ ਵਿਚ ਪੈ ਜਾਣ ਦੀ ਸੂਚਨਾ ਦਿੰਦਾ ਹੈ। ਉਸ ਮੀਟਿੰਗ ਦੀ ਕਾਰਵਾਈ ਪੜ੍ਹ ਕੇ ਸੁਣਾਉਂਦਾ ਹੈ, ਜਿਹੜੀ ਵਿਚੋਂ ਮੁੰਡਾ ਉੱਠ ਕੇ ਆਇਆ ਹੁੰਦਾ ਹੈ। ਬੜੇ ਸਲੀਕੇ ਨਾਲ ਉਹ ਮਾਪਿਆਂ ਨੂੰ ਸਮਝਾਉਂਦਾ ਹੈ ਕਿ ਉਹ ਉਹਨਾਂ ਨੂੰ ਆਪਣਾ ਸਮਝ ਕੇ ਸੂਚਿਤ ਕਰਨ ਆਇਆ ਹੈ। ਹਾਲੇ ਮੌਕਾ ਸੰਭਾਲਿਆ ਜਾ ਸਕਦਾ ਹੈ। ਉਪਰੋਂ ਚਿੱਠੀ ਆਈ ਹੈ ਕਿ ਮੁੰਡੇ ਦੀਆਂ ਗਤੀਵਿਧੀਆਂ 'ਤੇ ਨਿਗਾਹ ਰੱਖੀ ਜਾਵੇ। ਨਾਲੇ ਉਸ ਦੇ ਚਾਲ-ਚਲਨ ਦੀ ਰਿਪੋਰਟ ਭੇਜੀ ਜਾਵੇ। ਇਕ ਵਾਰ ਸੀ.ਆਈ.ਡੀ. ਵਾਲਿਆਂ ਨੇ ਲਿਖ ਦਿੱਤਾ ਕਿ ਮੁੰਡਾ ਅਤਿਵਾਦੀਆਂ ਨਾਲ ਮਿਲਦਾ-ਜੁਲਦਾ ਹੈ ਤਾਂ ਸਿਆਪਾ ਖੜਾ ਹੋ ਜਾਣਾ ਹੈ। ਸਿਪਾਹੀ ਕਈ-ਕਈ ਉਦਾਹਰਣਾਂ ਦਿੰਦਾ। ਕਿਸੇ ਦੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਦੀ, ਕਿਸੇ ਦੇ ਬਿਨਾਂ ਮੁਕੱਦਮਾ ਜੇਲ੍ਹ 'ਚ ਸੜਦੇ ਰਹਿਣ ਦੀ। ਇਕ ਵਾਰ ਹਿਸਟਰੀ-ਸ਼ੀਟ ਖੁੱਲ੍ਹ ਜਾਣ 'ਤੇ ਲੱਗ ਜਾਣ ਵਾਲੀ ਕੋੜ੍ਹ ਦੀ ਬੀਮਾਰੀ ਦੀ। ਫੇਰ ਕਤਲ ਚਾਹੇ ਦਿੱਲੀ ਹੋਇਆ ਹੋਵੇ ਜਾਂ ਬੰਬਈ, ਅਗਲਿਆਂ ਝੱਟ ਥਾਣੇ ਬੁਲਾ ਲਿਆ ਕਰਨੈ। ਕਈ-ਕਈ ਦਿਨ ਥਾਣੇ ਬਿਠਾਈ ਰੱਖਿਆ ਕਰਨੈ। ਹਰ ਵਾਰ ਪੈਸੇ ਦੇ ਕੇ ਖਹਿੜਾ ਛੁੱਟਿਆ ਕਰਨੈ।

ਉਹ ਸਮਝਾ-ਬੁਝਾ ਕੇ ਮਾਪਿਆਂ ਦਾ ਦਿਲ ਹਿਲਾ ਕੇ ਆਇਆ ਹੀ ਹੁੰਦਾ ਹੈ ਕਿ ਬੂਝਾ ਸਿੰਘ ਅੱਧੀ ਰਾਤ ਨੂੰ ਉਹਨਾਂ ਦੇ ਘਰ ਰੇਡ ਕਰ ਦਿੰਦਾ ਹੈ। ਮੁੰਡੇ ਤੋਂ ਸਭ ਕੁਝ ਮਨਵਾ ਕੇ, ਮਾਪਿਆਂ ਦੀਆਂ ਮਿੰਨਤਾਂ ਨੂੰ ਮੁੱਖ ਰੱਖਦਿਆਂ ਉਸ ਨੂੰ ਅਗਲੇ ਦਿਨ ਤਕ ਲਈ ਛੱਡ ਆਉਂਦਾ।

ਬਾਕੀ ਕੰਮ ਸੇਵਾ ਸਿੰਘ ਹੌਲਦਾਰ ਕਰਦਾ। ਉਸ ਨੂੰ ਪਤਾ ਹੁੰਦਾ ਸੀ, ਕਿਸੇ ਦੇ ਕਿੱਡੀ ਕੁ ਸਿੰਗੀ ਲਾਉਣੀ ਹੈ।

ਅਤਿਵਾਦੀਆਂ ਵਿਚ ਨਾਂ ਆਉਣ ਅਤੇ ਫੇਰ ਕੱਟ ਦੇਣ ਦਾ ਉਹਨਾਂ ਦਾ ਪੂਰਾ ਸੀਜ਼ਨ ਲੱਗਾ ਹੋਇਆ ਸੀ। ਫੇਰ ਵੀ ਉਹ ਵੱਜਦੇ ਤਾਂ ਸੀ.ਆਈ.ਡੀ. ਵਾਲੇ ਹੀ ਸਨ। ਉਹ ਸਹੂਲਤਾਂ

ਤਾਂ ਨਹੀਂ ਸਨ, ਜਿਹੜੀਆਂ ਥਾਣੇ ਵਾਲਿਆਂ ਨੂੰ ਹੁੰਦੀਆਂ ਹਨ। ਇਥੇ ਤਾਂ ਸਿਨੇਮਾ ਦੇਖਣ ਵੀ ਜਾਣਾ ਹੋਵੇ ਤਾਂ ਪਹਿਲਾਂ ਮੈਨੇਜਰ ਨੂੰ ਦੱਸਣਾ ਪੈਂਦਾ ਹੈ ਕਿ ਉਹ ਕੌਣ ਹੈ ? ਬੱਸ 'ਚ ਸਫ਼ਰ ਕਰਨਾ ਹੋਵੇ ਤਾਂ ਅਡੈਂਟੀ ਕਾਰਡ ਦਿਖਾਉਣਾ ਪੈਂਦਾ ਹੈ। ਥਾਣੇ ਲੱਗਾ ਹੋਵੇ ਤਾਂ ਅਗਲੇ ਵਰਦੀ ਦੇਖ ਕੇ ਹੀ ਡਰ ਜਾਂਦੇ ਹਨ।

ਥਾਣੇਦਾਰ ਨੂੰ ਕੋਈ ਵੱਡਾ ਅਫ਼ਸਰ ਵੀ ਨਹੀਂ ਪੁੱਛਦਾ। ਕੋਈ ਜ਼ਮਾਨਾ ਸੀ ਜੇ ਥਾਣੇਦਾਰ ਦੇ ਹਲਕੇ ਵਿਚ ਇਕ ਕਤਲ ਵੀ ਹੋ ਜਾਂਦਾ ਤਾਂ ਅਗਲੇ ਦੀ ਬਦਲੀ ਹੋ ਜਾਂਦੀ। ਹੁਣ ਤਾਂ ਭਾਵੇਂ ਥਾਣੇ ਅੱਗੇ ਫ਼ਾਇਰਿੰਗ ਕਰ ਜਾਏ, ਕੋਈ ਪੁੱਛ-ਪੜਤਾਲ ਨਹੀਂ ਹੁੰਦੀ। ਸੀ.ਆਈ.ਡੀ. ਨੂੰ ਵਖਤ ਜ਼ਰੂਰ ਪੈ ਜਾਂਦਾ ਹੈ। ਉਹਨਾਂ ਪਹਿਲਾਂ ਸੂਹ ਕਿਉਂ ਨਾ ਲਾਈ ? ਸੀ.ਆਈ.ਡੀ. ਸੂਹ ਕਿਥੋਂ ਲਾਵੇ ? ਇਸ ਮਹਿਕਮੇ ਬਾਰੇ ਕੋਈ ਨਹੀਂ ਸੋਚਦਾ। ਦਹਿਸ਼ਤਗਰਦਾਂ ਕੋਲ ਇਨਫੀਲਡ ਮੋਟਰ-ਸਾਈਕਲ ਹਨ। ਪੁਲਿਸ ਕੋਲ ਸਾਈਕਲ ਵੀ ਨਹੀਂ। ਮੀਟਿੰਗ ਲਈ ਉਹਨਾਂ ਨੂੰ ਪੰਜ ਸਟਾਰ ਹੋਟਲ ਮਿਲ ਸਕਦੇ ਹਨ। ਸੀ.ਆਈ.ਡੀ. ਵਾਲੇ ਢਾਬੇ 'ਤੇ ਚਾਹ ਦਾ ਕੱਪ ਨਹੀਂ ਪੀ ਸਕਦੇ। ਸੀ.ਆਈ.ਡੀ. ਵਾਲੇ ਪਿੱਛਾ ਕਿਵੇਂ ਕਰਨ ? ਕਦੇ ਪੈਰ ਹੇਠ ਬਟੇਰਾ ਆ ਵੀ ਜਾਵੇ ਤਾਂ ਪੈਸੇ ਪੁਲਿਸ ਬਣਾ ਲੈਂਦੀ ਹੈ। ਧਮਕੀਆਂ ਸੀ.ਆਈ.ਡੀ. ਵਾਲਿਆਂ ਨੂੰ।

ਇਸੇ ਲਈ ਬੂਝਾ ਸਿੰਘ ਨੇ ਅਸਲ ਕੰਮ ਛੱਡ ਕੇ ਚਾਰ ਪੈਸੇ ਕਮਾਉਣ ਵੱਲ ਧਿਆਨ ਲਾਇਆ ਹੋਇਆ ਹੈ। ਚਾਰ ਪੈਸੇ ਕਮਾਏ ਹਨ ਤਾਂ ਹੀ ਜਥੇਦਾਰਾਂ ਨੂੰ ਕਾਰਾਂ ਵਿਚ ਢੋਣ ਦੇ ਕਾਬਲ ਹੋਇਆ ਹੈ। ਅੱਜ ਕੱਲ੍ਹ ਜਥੇਦਾਰਾਂ ਨੂੰ ਵੀ ਖੰਭ ਲੱਗ ਗਏ ਹਨ। ਬਿਨਾਂ ਕਾਰ ਤੋਂ ਪੁਲਾਂਘ ਨਹੀਂ ਪੁੱਟਦੇ।

ਉਸ ਲਈ ਕਈ ਜਥੇਦਾਰ ਮੁੱਖ ਮੰਤਰੀ ਨੂੰ ਆਖ ਚੁੱਕੇ ਸਨ, ਪਰ ਉਸ ਦੇ ਕੰਨ 'ਤੇ ਜੂੰ ਨਹੀਂ ਸੀ ਸਰਕੀ। ਉਹ ਹਰ ਵਾਰ ਆਮ ਤਬਾਦਲਿਆਂ ਵਿਚ ਤਬਾਦਲਾ ਕਰਨ ਦਾ ਵਾਅਦਾ ਕਰ ਕੇ ਟਾਲ ਦਿੰਦਾ। ਇਹ ਗੱਲ ਜਥੇਦਾਰ ਉਸ ਨੂੰ ਨਹੀਂ ਸੀ ਸਮਝਾ ਸਕੇ ਕਿ ਪੁਲਿਸ ਦੇ ਤਬਾਦਲੇ ਬਾਰਾਂ ਮਹੀਨੇ ਤੀਹ ਦਿਨ ਹੁੰਦੇ ਰਹਿੰਦੇ ਹਨ। ਜਨਰਲ ਤਬਾਦਲੇ ਨਹੀਂ ਹੁੰਦੇ।

ਮੁੱਖ ਮੰਤਰੀ ਦਾ ਖਹਿੜਾ ਛੱਡ ਕੇ ਬੂਝਾ ਸਿੰਘ ਹੜਤਾਲਾਂ ਪਿੱਛੇ ਪਿਆ ਹੋਇਆ ਸੀ। ਇਹ ਬੇਅਰਥ ਨਹੀਂ ਸਨ ਜਾਣੀਆਂ। ਬਾਹਰਲੇ ਸ਼ਹਿਰਾਂ ਵਿਚ ਇਹਨਾਂ ਦਾ ਅਸਰ ਦਿਖਾਈ ਦੇਣ ਲੱਗਾ ਸੀ। ਕਈ ਸ਼ਹਿਰਾਂ ਵਿਚ ਇਥੋਂ ਦੇ ਲੋਕਾਂ ਦੀਆਂ ਮੰਗਾਂ ਦੀ ਹਮਾਇਤ ਵਿਚ ਹੜਤਾਲ ਹੋ ਚੁੱਕੀ ਸੀ।

ਕੱਲ੍ਹ ਕਿਸੇ ਅਖ਼ਬਾਰ ਵਿਚ ਪੰਜਾਬ ਬੰਦ ਹੋਣ ਦਾ ਇਸ਼ਾਰਾ ਵੀ ਸੀ।

ਮਸਲਾ ਜੇ ਪੰਜਾਬ ਪੱਧਰ 'ਤੇ ਪਹੁੰਚੇ ਤਾਂ ਮੁੱਖ ਮੰਤਰੀ ਦੀਆਂ ਅੱਖਾਂ ਖੁੱਲ੍ਹਣ। ਉਸ ਦੀਆਂ ਅੱਖਾਂ ਖੁੱਲ੍ਹਣ ਤਾਂ ਪੁਲਿਸ ਦੇ ਤਬਾਦਲੇ ਹੋਣ। ਪੁਲਿਸ ਦੇ ਤਬਾਦਲੇ ਹੋਣ ਤਾਂ ਬੂਝਾ ਸਿੰਘ ਦਾ ਦਾਅ ਲੱਗੇ।

ਹਾਲ ਦੀ ਘੜੀ ਇਹ ਹਵਾਈ ਕਿਲ੍ਹੇ ਹੀ ਸਨ। ਨਿਰਾਸ਼ ਬੂਝਾ ਸਿੰਘ ਨੂੰ ਕੁਝ ਵੀ ਵਾਪਰਦਾ ਨਜ਼ਰ ਨਹੀਂ ਸੀ ਆ ਰਿਹਾ।

★

# 21

ਆਪਣੇ ਹਲਕੇ ਵਿਚ ਵਾਪਰ ਰਹੀਆਂ ਘਟਨਾਵਾਂ 'ਤੇ ਮੁੱਖ ਮੰਤਰੀ ਬਰਾਬਰ ਨਜ਼ਰ ਰੱਖ ਰਿਹਾ ਸੀ।

ਹਰ ਸ਼ਾਮ ਉਹ ਸੀ.ਆਈ.ਡੀ. ਦੀਆਂ ਰਿਪੋਰਟਾਂ ਅਤੇ ਅਖ਼ਬਾਰਾਂ ਵਿਚ ਛਪਦੀਆਂ ਖ਼ਬਰਾਂ ਨੂੰ ਘੋਖਦੈ।

ਅਖ਼ਬਾਰਾਂ ਵਿਚ ਬੰਟੀ ਕਾਂਡ ਬਾਰੇ ਲਿਖਿਆ ਤਾਂ ਬਹੁਤ ਕੁਝ ਗਿਆ ਸੀ, ਪਰ ਉਹ ਸੀ ਖੇਤਰੀ ਭਾਸ਼ਾਵਾਂ ਦੇ ਅਖ਼ਬਾਰਾਂ ਵਿਚ। ਇਹਨਾਂ ਅਖ਼ਬਾਰਾਂ ਨੂੰ ਮੁੱਖ ਮੰਤਰੀ ਜੀ ਬਹੁਤੀ ਅਹਿਮੀਅਤ ਨਹੀਂ ਸਨ ਦਿੰਦੇ। ਪਹਿਲਾ ਕਾਰਨ ਤਾਂ ਇਹ ਸੀ ਕਿ ਇਹਨਾਂ ਦੇ ਹਿੱਤ ਕਿਸੇ ਨਾ ਕਿਸੇ ਤਬਕੇ ਨਾਲ ਜੁੜੇ ਹੋਏ ਸਨ। ਇਹ ਹਰ ਘਟਨਾ ਨੂੰ ਉਸੇ ਨਜ਼ਰੀਏ ਨਾਲ ਦੇਖਦੇ ਸਨ। ਦੂਜਾ ਇਹ ਕਿ ਪਾਠਕਾਂ ਦਾ ਘੇਰਾ ਸੀਮਤ ਹੋਣ ਕਰਕੇ ਹਰ ਖ਼ਬਰ ਨੂੰ ਲੂਣ ਮਿਰਚ ਲਾਉਣਾ ਇਹਨਾਂ ਦੀ ਮਜਬੂਰੀ ਹੈ। ਇਹ ਅਖ਼ਬਾਰ ਤਾਂ ਬਾਤ ਦਾ ਅਜਿਹਾ ਬਤੰਗੜ ਬਣਾਉਂਦੇ ਹਨ ਕਿ ਪੜ੍ਹਨ ਵਾਲੇ ਦਾ ਸਿਰ ਚਕਰਾ ਜਾਂਦਾ ਹੈ। ਸੁਰਖ਼ੀਆਂ ਪੜ੍ਹ ਕੇ ਲੱਗੇਗਾ, ਸਾਰਾ ਪੰਜਾਬ ਜਲ ਰਿਹਾ ਹੈ। ਹਰ ਹਿੰਦੂ ਹਰ ਸਿੱਖ ਦਾ ਵੈਰੀ ਹੈ। ਘਰੋਂ ਬਾਹਰ ਨਿਕਲਣ ਨੂੰ ਦਿਲ ਨਹੀਂ ਕਰਦਾ। ਲੱਗੇਗਾ ਜੇ ਬਾਹਰ ਨਿਕਲ ਗਏ ਤਾਂ ਗਲੀਆਂ ਬਜ਼ਾਰਾਂ ਵਿਚ ਘੇਰ ਲਏ ਜਾਓਗੇ ਅਤੇ ਗੋਲੀਆਂ ਨਾਲ ਭੁੰਨ ਦਿੱਤੇ ਜਾਓਗੇ। ਡਰਦੇ ਸਫ਼ਰ ਨਹੀਂ ਕਰੀਦਾ। ਕੀ ਪਤੈ ਕਦੋਂ ਕੋਈ ਬੱਸ ਰੋਕ ਲਏ। ਇਕ ਤਬਕੇ ਦੀਆਂ ਸਵਾਰੀਆਂ ਨੂੰ ਹੇਠਾਂ ਉਤਾਰ ਕੇ ਗੋਲੀ ਮਾਰ ਦਿੱਤੀ ਜਾਵੇ।

ਘਰੋਂ ਬਾਹਰ ਨਿਕਲੋ ਤਾਂ ਸਥਿਤੀ ਉਲਟ ਨਜ਼ਰ ਆਏਗੀ। ਨਾ ਹਿੰਦੂ ਦਾ ਸਿੱਖ ਵੈਰੀ ਹੈ, ਨਾ ਸਿੱਖ ਦਾ ਹਿੰਦੂ। ਉਹੋ ਸਾਂਝ ਹੈ, ਉਹੋ ਇਕੱਠਾ ਖਾਣ-ਪੀਣ ਅਤੇ ਉਹੋ ਸਾਂਝਾ ਸਭਿਆਚਾਰ।

ਇਸੇ ਲਈ ਮੁੱਖ ਮੰਤਰੀ ਨੇ ਇਹਨਾਂ ਅਖ਼ਬਾਰਾਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਦਖ਼ਲ ਦੇਣਾ ਠੀਕ ਨਹੀਂ ਸੀ ਸਮਝਿਆ। ਕਿਸੇ ਇੰਗਲਿਸ਼ ਦੇ ਅਖ਼ਬਾਰ ਨੇ ਨੋਟਿਸ ਲਿਆ ਹੁੰਦਾ ਤਾਂ ਉਹ ਵੀ ਸਮਝਦੇ ਕਿ ਮਾਮਲਾ ਗੰਭੀਰ ਹੈ।

ਸੀ.ਆਈ.ਡੀ. ਦੀਆਂ ਰਿਪੋਰਟਾਂ ਦੀ ਵੀ ਇਹੋ ਹਾਲਤ ਸੀ। ਇਹ ਤਾਂ ਹੁਣ ਨਾਂ ਦਾ ਹੀ ਮਹਿਕਮਾ ਰਹਿ ਗਿਐ। ਹਰ ਮੁਲਾਜ਼ਮ ਨੂੰ ਮਹਿਸੂਸ ਹੁੰਦਾ ਰਹਿੰਦਾ ਹੈ ਜਿਵੇਂ ਉਸ ਨੂੰ ਖੂੰਜੇ ਲਾਉਣ ਲਈ ਹੀ ਸੀ.ਆਈ.ਡੀ. ਵਿਚ ਲਾਇਆ ਗਿਆ ਹੈ। ਸਾਰਾ ਦਿਨ ਇਕੋ ਤਲਬ ਰਹਿੰਦੀ ਹੈ। ਕਿਵੇਂ ਇਸ ਮਹਿਕਮੇ ਤੋਂ ਜਾਨ ਛੁਡਾਈ ਜਾਵੇ ? ਕੰਮ ਇਹਨਾਂ ਕੀ ਸਵਾਹ ਕਰਨਾ ਹੈ ? ਸੀ.ਆਈ.ਡੀ. ਵਾਲਿਆਂ ਵਿਚ ਮੁੱਖ ਮੰਤਰੀ ਨੂੰ ਨਾ ਅਸਲੀਅਤ ਖੋਜ ਲੈਣ ਦੀ ਕਾਬਲੀਅਤ ਨਜ਼ਰ ਆਉਂਦੀ ਹੈ ਅਤੇ ਨਾ ਹੀ ਸੱਚੀ ਰਿਪੋਰਟ ਦੇਣ ਦੀ ਹਿੰਮਤ। ਬਿਨਾਂ ਮਤਲਬ ਝੂਠੀਆਂ ਰਿਪੋਰਟਾਂ ਦੇਈ ਜਾਣਗੇ।

"ਬਹੁਤ ਮਾੜੀ ਘਟਨਾ ਵਾਪਰਨ ਦੀ ਸੰਭਾਵਨਾ ਹੈ। ਰਾਤ ਨੂੰ ਚੱਲਦੀਆਂ ਬੱਸਾਂ ਬੰਦ ਕਰਾ ਦਿਓ। ਹਥਿਆਰਾਂ 'ਤੇ ਪਾਬੰਦੀ ਲਾ ਦਿਓ। ਦੁਕਾਨਾਂ ਛੇ ਵਜੇ ਬੰਦ ਕਰਾ ਦਿਓ।"

ਜੇ ਮੁੱਖ ਮੰਤਰੀ ਇਹਨਾਂ ਰਿਪੋਰਟਾਂ ਨੂੰ ਗੰਭੀਰਤਾ ਨਾਲ ਲੈਣ ਲੱਗੇ ਤਾਂ ਸ਼ਾਮ ਤਕ ਪਾਗ਼ਲ ਹੋ ਜਾਵੇ। ਬਹੁਤੀਆਂ ਰਿਪੋਰਟਾਂ ਨੂੰ ਤਾਂ ਮੁੱਖ ਮੰਤਰੀ ਪਾੜ ਕੇ ਰੱਦੀ ਦੀ ਟੋਕਰੀ ਵਿਚ ਸੁੱਟ ਦਿਆ ਕਰਦਾ ਸੀ।

ਪਰ ਜਦੋਂ ਇਲਾਕੇ ਦੇ ਵਰਕਰ ਮਾੜੀਆਂ ਖ਼ਬਰਾਂ ਸੁਣਾਉਣ ਲੱਗੇ ਤਾਂ ਮੁੱਖ ਮੰਤਰੀ ਨੂੰ ਕੁਝ ਸੋਚਣ ਲਈ ਮਜਬੂਰ ਹੋਣਾ ਪਿਆ।

ਸਰਕਲ ਜਥੇਦਾਰ ਅਜੀਬ ਗੱਲ ਦੱਸ ਰਿਹਾ ਸੀ। ਬਾਬੂ ਹੱਥ ਧੋ ਕੇ ਹੀ ਸਰਦਾਰ ਦੇ ਪਿੱਛੇ ਪੈ ਗਿਆ ਲੱਗਦਾ ਸੀ। ਉਹ ਆਖਦਾ ਫਿਰਦਾ ਸੀ ਕਿ ਇਸ ਕਤਲ ਪਿੱਛੇ ਸਰਦਾਰ ਦਾ ਸਿੱਧਾ ਹੱਥ ਹੈ। ਕਾਰਨ ਕਿਸੇ ਤੋਂ ਲੁਕਿਆ ਨਹੀਂ। ਇਸ ਵਾਰ ਚੋਣਾਂ ਵਿਚ ਲਾਲਾ ਜੀ ਨੇ ਸਰਦਾਰ ਦਾ ਡਟ ਕੇ ਵਿਰੋਧ ਕੀਤਾ ਸੀ। ਸਰਕਾਰ ਦੇ ਹਾਮੀ ਉਸੇ ਦਿਨ ਤੋਂ ਲਾਲਾ ਜੀ ਨੂੰ ਧਮਕੀਆਂ ਦਿੰਦੇ ਆ ਰਹੇ ਸਨ। ਸਰਦਾਰ ਨੇ ਇਸ ਵਿਰੋਧ ਦਾ ਬਦਲਾ ਲੈਣਾ ਸੀ, ਸੋ ਲੈ ਲਿਆ। ਆਪਣੇ ਦੋਸ਼ ਦੇ ਹੱਕ ਵਿਚ ਉਹ ਦਲੀਲ ਦਿੰਦਾ ਹੈ ਕਿ ਇਸੇ ਲਈ ਮੁੱਖ ਮੰਤਰੀ ਚੁੱਪ ਧਾਰੀ ਬੈਠਾ ਹੈ। ਨਹੀਂ ਤਾਂ ਮੁੱਖ ਮੰਤਰੀ ਦੇ ਹਲਕੇ ਵਿਚ ਹਾਹਾਕਾਰ ਮੱਚੀ ਹੋਵੇ ਤੇ ਉਹ ਇਲਾਕੇ ਦਾ ਦੌਰਾ ਤਾਂ ਕੀ ਕਰਨਾ ਸੀ, ਇਕ ਬਿਆਨ ਵੀ ਨਾ ਦਾਗੇ ? ਜ਼ਰੂਰ ਸਰਦਾਰ ਨੇ ਪੁਲਿਸ ਨੂੰ ਅੱਖਾਂ ਮੀਚੀ ਰੱਖਣ ਦਾ ਇਸ਼ਾਰਾ ਕੀਤਾ ਹੋਣਾ ਹੈ। ਇਸੇ ਲਈ ਪੁਲਿਸ ਲੋਕਾਂ ਨੂੰ ਦਿਲ ਖੋਲ੍ਹ ਕੇ ਲੁੱਟ ਰਹੀ ਹੈ। ਸ਼ਹਿਰ ਵਿਚ ਛਾਏ ਮਾਤਮ ਦਾ ਸਰਦਾਰ ਨੂੰ ਕੋਈ ਅਫ਼ਸੋਸ ਨਹੀਂ। ਉਹ ਤਾਂ ਸਗੋਂ ਖ਼ੁਸ਼ ਹੋ ਰਿਹਾ ਹੋਏਗਾ।

ਬਾਬੂ ਤਾਂ ਬਾਬੂ, ਇਸ ਮਸਲੇ ਨੂੰ ਭਾਰਤੀ ਜਨਤਾ ਪਾਰਟੀ ਵੀ ਉਛਾਲਣਾ ਚਾਹੁੰਦੀ ਸੀ। ਅੰਦਰੇ-ਅੰਦਰੀ ਉਹ 'ਪੰਜਾਬ ਬੰਦ' ਲਈ ਯਤਨ ਕਰ ਰਹੀ ਸੀ। ਅੱਜ 'ਪੰਜਾਬ ਬੰਦ' ਤਾਂ ਕੱਲ੍ਹ ਨੂੰ 'ਭਾਰਤ ਬੰਦ'। ਮਸਲਾ ਰਾਸ਼ਟਰੀ ਪੱਧਰ ਤਕ ਜਾ ਸਕਦਾ ਸੀ। ਵਿਰੋਧੀ ਪਾਰਟੀਆਂ ਹਮੇਸ਼ਾ ਅਜਿਹੇ ਨੁਕਤੇ ਦੀ ਤਲਾਸ਼ ਵਿਚ ਰਹਿੰਦੀਆਂ ਹਨ, ਜਿਸ 'ਤੇ ਐਜੀਟੇਸ਼ਨ ਕੀਤੀ ਜਾ ਸਕੇ। ਹਿੰਦੂਆਂ ਦੀ ਹਮਦਰਦ ਅਖਵਾਉਂਦੀ ਭਾਰਤੀ ਜਨਤਾ ਪਾਰਟੀ ਨੂੰ ਇਸ ਤੋਂ ਵਧੀਆ ਹੋਰ ਕਿਹੜਾ ਮੌਕਾ ਮਿਲੇਗਾ ?

ਕਤਲ ਨੂੰ ਆਪਣੇ ਨਾਂ ਨਾਲ ਜੁੜਦਾ ਦੇਖ ਕੇ ਮੁੱਖ ਮੰਤਰੀ ਨੂੰ ਘਬਰਾਹਟ ਹੋਣ ਲੱਗੀ। ਉਹਨਾਂ ਨੂੰ ਇਲਮ ਸੀ ਕਿ ਉਹ ਪੰਜਾਬ ਦੀ ਵਿਗੜੀ ਸਥਿਤੀ ਨੂੰ ਕੇਂਦਰ ਸਰਕਾਰ ਦੀ ਇੱਛਾ ਅਨਸਾਰ ਨਹੀਂ ਸੀ ਸੰਭਾਲ ਸਕੇ। ਉਹਨਾਂ ਦੇ ਰਾਜ ਕਾਲ ਵਿਚ ਹਾਲਾਤ ਹੋਰ ਖ਼ਰਾਬ ਹੋਏ ਹਨ। ਇਸੇ ਲਈ ਉਹਨਾਂ 'ਤੇ ਕੇਂਦਰ ਪਹਿਲਾਂ ਜਿੰਨਾ ਮਿਹਰਬਾਨ ਨਹੀਂ ਸੀ। ਜਦੋਂ ਕੇਂਦਰ ਨੇ ਕਿਸੇ ਮੁੱਖ ਮੰਤਰੀ ਤੋਂ ਖਹਿੜਾ ਛੁਡਾਉਣਾ ਹੋਵੇ ਤਾਂ ਉਸ ਨੂੰ ਕਿਸੇ ਨਾ ਕਿਸੇ ਸਕੈਂਡਲ ਵਿਚ ਫਸਾ ਕੇ ਪਹਿਲਾਂ ਬਦਨਾਮ ਕੀਤਾ ਜਾਂਦਾ ਹੈ ਅਤੇ ਫੇਰ ਉਸ ਦਾ ਪੱਤਾ ਕੱਟ ਦਿੱਤਾ ਜਾਂਦਾ ਹੈ। ਹੋ ਸਕਦੈ ਬਾਬੂ ਇਹ ਪ੍ਰਚਾਰ ਕੇਂਦਰ ਦੇ ਇਸ਼ਾਰੇ 'ਤੇ ਕਰ ਰਿਹਾ ਹੋਵੇ ? ਪਾਇਲ ਕਤਲ ਕਾਂਡ ਮੁੱਖ ਮੰਤਰੀ ਦੇ ਸਾਹਮਣੇ ਸੀ। ਸਿਆਸੀ ਕਤਲਾਂ ਵਿਚ ਕਈ ਵਾਰ ਵੱਡੇ-ਵੱਡੇ ਬੰਦਿਆਂ ਨੂੰ ਵੀ ਹਵਾਲਾਤ ਦੇਖਣੀ ਪੈ ਜਾਂਦੀ ਹੈ। ਉਹ ਪੇਸ਼ੇ ਤੋਂ ਵਕੀਲ ਸੀ। ਵਕੀਲ ਦਾ ਮਨ ਕਮਜ਼ੋਰ ਹੁੰਦਾ ਹੈ। ਮੁੱਖ ਮੰਤਰੀ ਨੂੰ ਲੱਗਣ ਲੱਗਾ, ਜਿਵੇਂ ਕੋਈ ਗੁਪਤ ਸੰਸਥਾ ਜਾਣ ਬੁਝ ਕੇ ਉਹਨਾਂ ਖ਼ਿਲਾਫ਼ ਤਾਣਾ-ਬਾਣਾ ਬੁਣ ਰਹੀ ਸੀ। ਉਹ ਚੁੱਪ ਰਹਿ ਕੇ ਖ਼ੁਦ ਵੀ ਬੇਵਕੂਫ਼ੀ ਕਰ ਰਹੇ ਸਨ। ਉਸ ਨੂੰ ਤਾਂ ਚਾਹੀਦਾ ਸੀ, ਪਹਿਲੇ ਦਿਨੋਂ ਹੀ ਇਸ ਕਾਂਡ ਵਿਰੁੱਧ ਆਵਾਜ਼ ਬੁਲੰਦ ਕਰੇ।

ਡੁੱਲ੍ਹੇ ਬੇਰਾਂ ਦਾ ਹਾਲੇ ਵੀ ਕੁਝ ਨਹੀਂ ਸੀ ਵਿਗੜਿਆ।

ਮੁੱਖ ਮੰਤਰੀ ਨੇ ਸਾਰੇ ਮਸਲੇ ਨੂੰ ਗੰਭੀਰਤਾ ਨਾਲ ਸੋਚਿਆ। ਉਸ ਦੀ ਚੁੱਪ ਦਾ ਅਸਲ ਕਾਰਨ

ਇਹ ਸੀ ਕਿ ਲਾਲਾ ਜੀ ਦੇ ਘਰ ਜਾਣ ਦੀ ਗੱਲ ਤਾਂ ਦੂਰ ਰਹੀ, ਉਸ ਦਾ ਤਾਂ ਸ਼ਹਿਰ ਵੱਲ ਵੀ ਮੂੰਹ ਕਰਨ ਨੂੰ ਦਿਲ ਨਹੀਂ ਸੀ ਕਰਦਾ। ਚੋਣ ਜਿੱਤ ਕੇ ਮੁੱਖ ਮੰਤਰੀ ਨੇ ਇਹ ਜ਼ਰੂਰ ਆਖਿਆ ਸੀ ਕਿ ਹੁਣ ਉਸ ਦੇ ਵਿਰੋਧੀ ਵੀ ਉਸ ਦੇ ਮਿੱਤਰ ਹੀ ਹਨ, ਪਰ ਇਹ ਮਹਿਜ਼ ਇਕ ਸਿਆਸੀ ਗੱਲ ਸੀ। ਅਸਲੀਅਤ ਇਹ ਸੀ ਕਿ ਉਸ ਦੇ ਦਿਲ ਦੇ ਕਿਸੇ ਕੋਨੇ ਵਿਚ ਸ਼ਹਿਰੀਆਂ ਪ੍ਰਤੀ ਨਫ਼ਰਤ ਭਰੀ ਹੋਈ ਸੀ। ਲੱਖ ਯਤਨ ਕਰਨ ’ਤੇ ਵੀ ਉਹ ਲੋੜੋਂ ਵੱਧ ਹੀ ਮਿੰਨਤਾਂ ਕਰਾਉਂਦੇ ਸਨ। ਉਸ ਦਾ ਸ਼ਹਿਰੀਆਂ ਦਾ ਮੇਂਗਣਾਂ ਘੋਲ ਕੇ ਦੁੱਧ ਦੇਣਾ ਪਸੰਦ ਨਹੀਂ ਸੀ।

ਹਰ ਇਕ ਇਕੋ ਮੁੱਦਾ ਲੈ ਕੇ ਉਹ ਸਰਦਾਰ ਦਾ ਵਿਰੋਧ ਕਰਨ ਲੱਗਦੇ। ਸਰਦਾਰ ਫ਼ਸਲੀ ਬਟੇਰਾ ਹੈ। ਚੋਣ ਜਿੱਤ ਕੇ ਚੰਡੀਗੜ੍ਹ ਜਾ ਬੈਠਦਾ ਹੈ। ਵੋਟਾਂ ਵੇਲੇ ਹੀ ਨਜ਼ਰ ਆਉਂਦਾ ਹੈ।

ਜਿੱਤ ਕੇ ਗਿਆ ਸਰਦਾਰ ਲੋਕਾਂ ਨੂੰ ਭੁੱਲ ਜਾਂਦਾ ਹੈ। ਕੋਠੀ ’ਤੇ ਪਹਿਰਾ ਲਾ ਦਿੰਦਾ ਹੈ। ਸਿਰਕੱਢ ਵਰਕਰ ਨੂੰ ਵੀ ਮੁਲਾਕਾਤ ਕਰਨ ਤੋਂ ਪਹਿਲਾਂ ਪੁਲਿਸ ਹੱਥੋਂ ਜ਼ਲੀਲ ਹੋਣਾ ਪੈਂਦਾ ਹੈ। ਤਲਾਸ਼ੀ ਹੀ ਨਹੀਂ ਦੇਣੀ ਪੈਂਦੀ, ਚੋਰਾਂ ਵਾਂਗ ਵੀਹ ਸਵਾਲਾਂ ਦੇ ਉੱਤਰ ਵੀ ਦੇਣੇ ਹੁੰਦੇ ਹਨ। ਕੋਠੀ ਵਿਚ ਪ੍ਰਵੇਸ਼ ਕਰਨ ਦੀ ਇਜਾਜ਼ਤ ਮਿਲ ਜਾਵੇ ਤਾਂ ਕਿਹੜਾ ਸਰਦਾਰ ਮਿਲਦਾ ਹੈ। ਖੜ੍ਹੇ ਰਹੋ ਧੁੱਪੇ। ਇਹ ਵੀ ਪਤਾ ਨਹੀਂ ਹੁੰਦਾ, ਜਦੋਂ ਤੁਹਾਡੀ ਵਾਰੀ ਆਵੇ ਤਾਂ ਸਰਦਾਰ ਖਾਣੇ ਲਈ ਉੱਠ ਜਾਵੇ। ਫੇਰ ਆਰਾਮ ਕਰਨ ਲੱਗ ਪਏ। ਪਿੱਛੋਂ ਕਿਸੇ ਜ਼ਰੂਰੀ ਮੀਟਿੰਗ ’ਤੇ ਤੁਰ ਜਾਏ। ਤੁਹਾਨੂੰ ਤਿੰਨ ਦਿਨ ਉਡੀਕਣਾ ਪਏਗਾ ਜਾਂ ਪੰਜ ਦਿਨ, ਕੋਈ ਪਤਾ ਨਹੀਂ ਹੁੰਦਾ।

ਕਦੇ ਸਬੱਬ ਨਾਲ ਮਿਲ ਵੀ ਜਾਵੇ ਤਾਂ ਵੀ ਕੰਮ ਨਹੀਂ ਕਰਾਉਂਦਾ। ਕਲਰਕਾਂ ਵਾਂਗ ਟਾਲੇ ਲਾਉਂਦਾ ਰਹਿੰਦਾ ਹੈ।

“ਮੈਂ ਡਾਇਰੈਕਟਰ ਨਾਲ ਗੱਲ ਕਰੂੰ। ਮੈਂ ਸਕੱਤਰ ਨੂੰ ਪੁੱਛੂੰ। ਜੇ ਕੰਮ ਹੋਣ ਵਾਲਾ ਹੋਇਆ ਤਾਂ ਜ਼ਰੂਰ ਹੋਊ।”

ਦਸ ਚੱਕਰ ਲਗਵਾ ਕੇ ਜੇ ਕਿਸੇ ਅਫ਼ਸਰ ਨੂੰ ਫ਼ੋਨ ਕਰ ਦੇਵੇ ਤਾਂ ਜ਼ੋਰ ਲਾ ਕੇ ਨਹੀਂ ਆਖਦਾ। ਮਲਵੀਂ ਜਿਹੀ ਜੀਭ ਨਾਲ ਆਖੇਗਾ :

“ਦੇਖ ਲੈਣਾ, ਹੋ ਸਕੇ ਤਾਂ ਅਡਜਸਟ ਕਰ ਲੈਣਾ।”

ਇਸ ਤਰ੍ਹਾਂ ਕਿਤੇ ਕੰਮ ਹੁੰਦੇ ਹਨ ? ਉਸ ਦਾ ਇਕ ਉਦੇਸ਼ ਹੁੰਦਾ ਹੈ। ਅਗਲਾ ਚੰਡੀਗੜ੍ਹ ਦੇ ਗੇੜੇ ਮਾਰ-ਮਾਰ ਕੇ ਆਪੇ ਹੰਭ ਜਾਏਗਾ ਅਤੇ ਸਰਦਾਰ ਦਾ ਖਹਿੜਾ ਛੱਡ ਜਾਏਗਾ।

ਸਰਦਾਰ ਨੇ ਸ਼ਹਿਰੀਆਂ ਨੂੰ ਬਥੇਰਾ ਸਮਝਾਇਆ। ਅੱਗੇ ਉਹ ਇਕੱਲਾ ਵਜ਼ੀਰ ਹੁੰਦਾ ਸੀ। ਬਹੁਤੇ ਕੰਮਾਂ ਲਈ ਮੁੱਖ ਮੰਤਰੀ ਦੇ ਹੱਥਾਂ ਵੱਲ ਝਾਕਣਾ ਪੈਂਦਾ ਸੀ। ਕਸਰ ਤਾਂ ਉਸ ਨੇ ਫੇਰ ਵੀ ਕੋਈ ਨਹੀਂ ਸੀ ਛੱਡੀ। ਜਦੋਂ ਸਿੱਖਿਆ ਮੰਤਰੀ ਸੀ ਤਾਂ ਸੈਂਕੜੇ ਸਕੂਲ ਅੱਪ-ਗਰੇਡ ਕਰਾਏ, ਵੀਸੀਆਂ ਨਵੇਂ ਖੋਲ੍ਹੇ। ਉਹ ਕੰਮ ਲੋਕ ਭੁੱਲ ਗਏ। ਯਾਦ ਕਰਾ ਰਹੇ ਹਨ ਉਹ ਬਦਲੀਆਂ, ਜਿਹੜੀਆਂ ਉਹ ਮਜਬੂਰੀ-ਵੱਸ ਨਹੀਂ ਸੀ ਕਰਾ ਸਕਿਆ।

ਇਸ ਵਾਰ ਉਸ ਨੇ ਮੁੱਖ ਮੰਤਰੀ ਬਣਨਾ ਸੀ। ਕੇਂਦਰ ਦਾ ਹੱਥ ਉਸ ਦੇ ਸਿਰ ’ਤੇ ਸੀ। ਸ਼ਹਿਰ ਨੂੰ ਸਵਰਗ ਬਣਾ ਦੇਵੇਗਾ। ਲੋਕਾਂ ਦੀ ਇਕੋ ਵੱਡੀ ਮੰਗ ਹੈ ਕਿ ਸ਼ਹਿਰ ਨੂੰ ਜ਼ਿਲ੍ਹਾ ਬਣਾਇਆ ਜਾਏ। ਜ਼ਿਲ੍ਹਾ ਤਾਂ ਕੀ, ਸ਼ਹਿਰ ਨੂੰ ਰਾਜਧਾਨੀ ਵਾਲੀਆਂ ਸਹੂਲਤਾਂ ਦੇਵੇਗਾ। ਲੋਕਾਂ ਨੂੰ ਪਰਮਿਟ, ਕੋਟੇ, ਨਵੀਆਂ ਫ਼ੈਕਟਰੀਆਂ ਲਈ ਲਾਇਸੈਂਸ ਅਤੇ ਨੌਜਵਾਨਾਂ ਨੂੰ ਨੌਕਰੀਆਂ ਦੇਵੇਗਾ। ਇਲਾਕੇ ਨੂੰ ਪੱਛੜਿਆ ਕਰਾਰ ਦੇ ਕੇ ਸਬਸਿਡੀ ਨਾਲ ਨਿਹਾਲ ਕਰ ਦੇਵੇਗਾ। ਬਿਨਾਂ ਵਿਆਜ ਵਾਲੇ ਕਰਜ਼ਿਆਂ ਦੇ ਗੱਫੇ ਮਿਲਣਗੇ। ਪਹਿਲੇ ਕਰਜ਼ੇ ਮੁਆਫ਼ ਹੋਣਗੇ।

ਪਰ ਕਿਸੇ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ।

ਬਾਬੂ ਅਤੇ ਲਾਲਾ ਮਿਲ ਕੇ ਸਥਿਤੀ ਨੂੰ ਵਿਗਾੜ ਰਹੇ ਸਨ। ਚੋਣਾਂ ਲੜਨ ਦਾ ਹੋਰ ਤਾਂ ਉਹਨਾਂ ਕੋਲ ਕੋਈ ਮੁੱਦਾ ਨਹੀਂ ਸੀ। ਮਾਹੌਲ ਨੂੰ ਫ਼ਿਰਕੂ ਰੰਗ ਦੇਣ 'ਤੇ ਤੁਲੇ ਹੋਏ ਸਨ। ਸਥਿਤੀ ਇੰਨੀ ਮਾੜੀ ਹੋ ਗਈ ਸੀ ਕਿ ਸਰਦਾਰ ਨੂੰ ਕਿਸੇ ਹੋਰ ਹਲਕੇ ਵਿਚ ਜਾਣ ਦਾ ਮੌਕਾ ਨਹੀਂ ਸੀ ਮਿਲ ਰਿਹਾ। ਉਹਨਾਂ ਨੂੰ ਮਹਿਸੂਸ ਹੋਣ ਲੱਗਾ ਸੀ, ਜਿਵੇਂ ਉਹਨਾਂ ਦੀ ਹਾਰ ਯਕੀਨੀ ਸੀ। ਜੇ ਖ਼ੁਦ ਹੀ ਹਾਰ ਗਏ ਤਾਂ ਕੇਂਦਰ ਨੂੰ ਕੀ ਮੂੰਹ ਦਿਖਾਉਣਗੇ ? ਆਪਣੀ ਪਾਰਟੀ ਦੇ ਵਿਰੋਧੀ ਧੜੇ ਨੂੰ ਮੁੱਖ ਮੰਤਰੀ ਬਣਾਉਣੋਂ ਕੌਣ ਰੋਕ ਸਕੇਗਾ ?

ਕੇਂਦਰ ਨੇ ਤਾਂ ਸਰਦਾਰ 'ਤੇ ਏਨੀ ਮਿਹਰ ਕੀਤੀ ਸੀ ਕਿ ਕਾਂਗਰਸੀਆਂ ਨੂੰ ਵੀ ਟਿਕਟ ਸਰਦਾਰ ਦੀ ਮਰਜ਼ੀ ਨਾਲ ਦਿੱਤੇ ਸਨ। ਬਾਬੂ ਨੂੰ ਟਿਕਟ ਸਰਦਾਰ ਦੇ ਆਖਣ 'ਤੇ ਦਿੱਤਾ ਸੀ। ਸਰਦਾਰ ਦਾ ਖ਼ਿਆਲ ਸੀ ਕਿ ਹਿੰਦੂ ਹੋਣ ਕਰਕੇ ਉਸ ਨੂੰ ਪਿੰਡਾਂ ਵਿਚੋਂ ਤਾਂ ਵੋਟ ਮਿਲਣੀ ਨਹੀਂ। ਸ਼ਹਿਰ ਨੂੰ ਸਰਦਾਰ ਆਪੇ ਕਾਬੂ ਕਰ ਲਏਗਾ। ਸ਼ਹਿਰੀ ਸਿਆਣੇ ਹੁੰਦੇ ਹਨ। ਸਭ ਨੂੰ ਪਤਾ ਹੈ, ਇਸ ਵਾਰ ਉਸ ਨੇ ਮੁੱਖ ਮੰਤਰੀ ਬਣਨਾ ਹੈ। ਆਪੇ ਸਰਦਾਰ ਨਾਲ ਆ ਰਲਣਗੇ।

ਇਸ ਇਲਾਕੇ ਦੇ ਵੋਟਰਾਂ ਦਾ ਸੁਭਾਅ ਅਜੀਬ ਜਿਹਾ ਸੀ। ਅੱਧੀ ਵੋਟ ਪੇਂਡੂ ਸੀ ਅਤੇ ਅੱਧੀ ਸ਼ਹਿਰੀ। ਕਿਸੇ ਹਿੰਦੂ ਦੇ ਜਿੱਤਣ ਦੀ ਸੰਭਾਵਨਾ ਇਸ ਲਈ ਘੱਟ ਸੀ ਕਿ ਉਸ ਨੂੰ ਪਿੰਡਾਂ ਵਿਚੋਂ ਵੋਟ ਨਹੀਂ ਸੀ ਮਿਲਦੇ। ਕਾਂਗਰਸ ਕਿਸੇ ਸਿੱਖ ਨੂੰ ਟਿਕਟ ਦਿੰਦੀ ਤਾਂ ਉਸ ਨੂੰ ਸ਼ਹਿਰ 'ਚੋਂ ਵੋਟਾਂ ਨਾ ਮਿਲਦੀਆਂ। ਸਰਦਾਰ ਨੇ ਆਪਣੇ ਹੀ ਢੰਗ ਨਾਲ ਸੰਤੁਲਨ ਬਣਾਇਆ ਹੋਇਆ ਸੀ। ਪਿੰਡਾਂ ਵਿਚੋਂ ਵੋਟ ਇਸ ਲਈ ਮਿਲਦੇ ਸਨ ਕਿ ਉਹ ਅਕਾਲੀ ਉਮੀਦਵਾਰ ਹੁੰਦਾ ਸੀ। ਸ਼ਹਿਰ 'ਚੋਂ ਉਹ ਇਸ ਬਹਾਨੇ ਵੋਟਾਂ ਬਟੋਰ ਲੈਂਦਾ ਕਿ ਉਹ ਸ਼ਹਿਰ ਦਾ ਜੰਮਪਲ ਸੀ। ਜਦੋਂ ਦਾ ਸਿਆਸਤ ਵਿਚ ਪੈਰ ਰੱਖਿਆ ਸੀ, ਉਸ ਨੇ ਪਿਛਾਂਹ ਮੁੜ ਕੇ ਨਹੀਂ ਸੀ ਤੱਕਿਆ। ਹਰ ਵਾਰ ਚੋਣ ਜਿੱਤੀ ਸੀ। ਕਿਸੇ ਵਿਰੋਧੀ ਪਾਰਟੀ ਦੇ ਨੇਤਾ ਦੇ ਇਥੇ ਪੈਰ ਜੰਮ ਹੀ ਨਹੀਂ ਸਕੇ। ਨਿਰਾਸ਼ ਹੋਇਆ ਨੇਤਾ ਹਲਕਾ ਬਦਲ ਲੈਂਦਾ। ਸਰਦਾਰ ਨੂੰ ਹੋਰ ਸੌਖਾ ਹੋ ਜਾਂਦਾ।

ਇਸ ਨੀਤੀ ਨੂੰ ਮੁੱਖ ਰੱਖ ਕੇ ਸਰਦਾਰ ਨੇ ਬਾਬੂ ਨੂੰ ਟਿਕਟ ਦਿਵਾਇਆ ਸੀ।

ਸ਼ਹਿਰ ਦੀ ਕਾਂਗਰਸ ਪਹਿਲਾਂ ਹੀ ਦੋ ਧੜਿਆਂ ਵਿਚ ਵੰਡੀ ਹੋਈ ਸੀ। ਕਾਂਗਰਸ 'ਚ ਬਾਬੂ ਦੇ ਵਿਰੋਧੀਆਂ ਦੀ ਗਿਣਤੀ ਉਸ ਦੇ ਸਮਰਥਕਾਂ ਨਾਲੋਂ ਜ਼ਿਆਦਾ ਸੀ। ਅੱਧੇ ਤਾਂ ਬਾਹਰਲੇ ਹਲਕਿਆਂ ਨੂੰ ਤੁਰ ਜਾਣਗੇ। ਇਥੇ ਰਹਿਣਗੇ ਤਾਂ ਸ਼ਰਮੋ-ਸ਼ਰਮੀ ਬਾਬੂ ਨਾਲ ਤੁਰਨਾ ਪਏਗਾ। ਬਾਬੂ ਨਾਲ ਤੁਰਨਗੇ ਤਾਂ ਕੁਝ ਵੋਟਾਂ ਉਹਨਾਂ ਨੂੰ ਪੈ ਹੀ ਜਾਣੀਆਂ ਸਨ। ਬਾਹਰ ਜਾ ਕੇ ਆਪਣੇ ਕਿਸੇ ਮੂੰਹ-ਮੁਲਾਹਜ਼ੇ ਵਾਲੇ ਦਾ ਹੱਥ ਵਟਾਉਣਗੇ। ਬਾਬੂ ਨੂੰ ਹਰਾਉਣ 'ਚ ਸਹਾਈ ਹੋਣਗੇ।

ਕਈ ਪੁਰਾਣੇ ਨੇਤਾਵਾਂ ਨੇ ਬਾਬੂ ਦਾ ਖੁੱਲ੍ਹ ਕੇ ਵਿਰੋਧ ਕਰਨਾ ਸੀ, ਜਦੋਂ ਉਹਨਾਂ ਨੂੰ ਟਿਕਟ ਮਿਲਿਆ ਸੀ ਤਾਂ ਬਾਬੂ ਨੇ ਇਹ ਆਖ ਕੇ ਉਹਨਾਂ ਦਾ ਵਿਰੋਧ ਕੀਤਾ ਸੀ ਕਿ ਹਾਈ ਕਮਾਂਡ ਨੇ ਬਾਬੂ ਦਾ ਹੱਕ ਮਾਰ ਕੇ ਉਹਨਾਂ ਨੂੰ ਟਿਕਟ ਦੇ ਦਿੱਤੀ। ਜਦੋਂ ਬਾਬੂ ਉਹਨਾਂ ਨੂੰ ਹਰਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਾਉਂਦਾ ਰਿਹਾ ਸੀ ਤਾਂ ਉਹਨਾਂ ਕਿਹੜੀ ਭਲੀ ਗੁਜ਼ਾਰਨੀ ਸੀ।

ਚੁਸਤ ਬਾਣੀਏ ਨੇ ਬੋਤਲ 'ਚੋਂ ਨਵਾਂ ਹੀ ਜਿੰਨ ਕੱਢ ਮਾਰਿਆ। ਲਾਲੇ ਨੇ ਉਸ ਦਾ ਸਾਥ ਦਿੱਤਾ। ਉਹ ਮਦਾਰੀਆਂ ਵਾਲਾ ਖੇਡ ਖੇਡਣ ਲੱਗੇ।

ਉਹ ਇਸ ਗੱਲ ਦਾ ਤਾਂ ਪ੍ਰਚਾਰ ਕਰਦੇ ਹੀ ਸਨ ਕਿ ਬਾਬੂ ਸਾਰਾ ਦਿਨ ਲੋਕਾਂ ਦੇ ਅੰਗ-ਸੰਗ ਰਹਿੰਦਾ ਹੈ, ਅਫ਼ਸਰਾਂ ਨਾਲ ਲੜ-ਲੜ ਲੋਕਾਂ ਦੇ ਕੰਮ ਕਰਾਉਂਦਾ ਹੈ ਅਤੇ ਅਮੀਰ-ਗ਼ਰੀਬ ਦਾ

ਵਿਤਕਰਾ ਕੀਤੇ ਬਿਨਾਂ ਹਰ ਇਕ ਨਾਲ ਉੱਠ ਤੁਰਦਾ ਹੈ। ਪੰਜਾਹ ਰੁਪਏ ਦੇ ਕੰਮ ਲਈ ਪੰਜ ਸੌ ਖ਼ਰਚ ਕੇ ਚੰਡੀਗੜ੍ਹ ਜਾਣ ਦੀ ਜ਼ਰੂਰਤ ਨਹੀਂ ਪੈਂਦੀ। ਉਹ ਇਸ ਗੱਲ 'ਤੇ ਜ਼ਿਆਦਾ ਜ਼ੋਰ ਦੇ ਰਹੇ ਸਨ ਕਿ ਬਾਬੂ ਉਹਨਾਂ ਦੇ ਧਰਮ ਅਤੇ ਜਾਤ ਬਰਾਦਰੀ ਨਾਲ ਸੰਬੰਧ ਰੱਖਦਾ ਹੈ।

ਜਾਤ ਬਰਾਦਰੀ ਦੇ ਨਾਂ 'ਤੇ ਵੋਟਾਂ ਲੈਣ ਦਾ ਠੇਕਾ ਲਾਲੇ ਜ਼ਿੰਮੇ ਸੀ। ਉਸ ਨੇ ਮੁਹੱਲੇ-ਮੁਹੱਲੇ ਕਮੇਟੀ ਬਣਾ ਦਿੱਤੀ। ਕਿਤੇ ਅਗਰਵਾਲ ਸਭਾ, ਕਿਤੇ ਬ੍ਰਾਹਮਣ ਸਭਾ। ਅਗਰਵਾਲ ਸਭਾ ਦਾ ਪ੍ਰਧਾਨ ਆਪ ਬਣ ਗਿਆ। ਬ੍ਰਾਹਮਣ ਸਭਾ ਦੀ ਵਾਗਡੋਰ ਯੁਵਾ ਸੰਘ ਨੂੰ ਫੜਾ ਦਿੱਤੀ। ਮਹਾਂਬੀਰ ਦਲ, ਗੀਤਾ ਭਵਨ ਸੰਮਤੀ ਸਭ ਬਾਬੂ ਦੇ ਹੱਕ ਵਿਚ ਰਾਗ ਅਲਾਪਣ ਲੱਗੇ। ਮੁੱਖ ਮੰਤਰੀ ਨੂੰ ਕਿਸੇ ਮੁਹੱਲੇ ਵਿਚੋਂ ਵੀ ਸਾਥ ਨਹੀਂ ਸੀ ਮਿਲ ਰਿਹਾ। ਉਹ ਇਕੱਲਾ ਪੈ ਗਿਆ।

ਸਰਦਾਰ ਲਾਲੇ ਨੂੰ ਆਖ਼ਰੀ ਦਿਨ ਤਕ ਚੋਗਾ ਪਾਉਂਦਾ ਰਿਹਾ। ਇੰਪਰੂਵਮੈਂਟ ਟਰੱਸਟ ਦੀ ਚੇਅਰਮੈਨਸ਼ਿਪ ਤੋਂ ਲੈ ਕੇ ਪਬਲਿਕ ਸਰਵਿਸ ਕਮਿਸ਼ਨ ਦੀ ਮੈਂਬਰੀ ਤਕ ਕੁਝ ਵੀ ਉਸ ਨੂੰ ਭਰਮਾ ਨਾ ਸਕਿਆ। ਇਕੋ ਜਵਾਬ ਸੀ, ਇਸ ਵਾਰ ਉਹ ਮਜਬੂਰ ਹੈ। ਬਾਬੂ ਨਾਲ ਉਸ ਦਾ ਬਚਪਨ ਤੋਂ ਯਰਾਨਾ ਹੈ। ਰਾਮ ਲੀਲ੍ਹਾ ਵਿਚ ਜੇ ਲਾਲਾ ਦਸਰਥ ਬਣਦਾ ਤਾਂ ਬਾਬੂ ਰਾਵਣ। ਲਾਲਾ ਅੱਖਾਂ ਦਾ ਕੈਂਪ ਲਾਉਂਦਾ ਤਾਂ ਬਾਬੂ ਕਿਸੇ ਮੰਤਰੀ ਨੂੰ ਉਦਘਾਟਨ 'ਤੇ ਬੁਲਾ ਕੇ ਪੈਸੇ ਬਟੋਰ ਕੇ ਦਿੰਦਾ। ਮਹਾਂਬੀਰ ਦਲ ਲਈ ਰਾਸ਼ਨ ਬਾਬੂ ਇਕੱਠਾ ਕਰਦਾ, ਲੰਗਰ ਲਾਲਾ ਚਲਾਉਂਦਾ। ਬਾਬੂ ਨੂੰ ਤਾਂ ਲਾਲੇ ਦੀ ਅਤੇ ਉਸ ਦੀਆਂ ਜਥੇਬੰਦੀਆਂ ਦੀ ਪਹਿਲੀ ਵਾਰ ਜ਼ਰੂਰਤ ਪਈ ਸੀ। ਲਾਲਾ ਪਿੱਠ ਨਹੀਂ ਸੀ ਦਿਖਾ ਸਕਦਾ। ਨਾਲੇ ਜੇ ਬਾਬੂ ਜਿੱਤੇਗਾ ਤਾਂ ਉਹਨਾਂ ਦੀਆਂ ਸੰਸਥਾਵਾਂ ਨੂੰ ਫ਼ਾਇਦਾ ਹੀ ਹੋਏਗਾ। ਬਾਬੂ ਦੀ ਸਹਾਇਤਾ ਨਾਲ ਹੋਰ ਤਰੱਕੀ ਕਰਨਗੀਆਂ। ਸਰਦਾਰ ਤੋਂ ਤਾਂ ਕਿਸੇ ਨੂੰ ਕੋਈ ਆਸ ਨਹੀਂ ਸੀ।

ਬੱਸ, ਇਹੋ ਗੱਲ ਸਰਦਾਰ ਦੇ ਦਿਲ ਵਿਚ ਕੰਡੇ ਵਾਂਗ ਚੁਭੀ ਹੋਈ ਸੀ। ਲਾਲੇ ਦੀ ਅੜੀ ਨੂੰ ਸਰਦਾਰ ਭੁਲਾ ਨਹੀਂ ਸੀ ਸਕਿਆ। ਬੰਟੀ ਕਾਂਡ ਬਾਰੇ ਕੋਈ ਕਾਰਵਾਈ ਕਰਨ ਲੱਗਿਆਂ ਉਸ ਦਾ ਮਨ ਬਾਗ਼ੀ ਹੋ ਜਾਂਦਾ ਸੀ।

ਠੰਢੇ ਦਿਮਾਗ਼ ਨਾਲ ਸੋਚਿਆ ਤਾਂ ਮਹਿਸੂਸ ਹੋਇਆ ਕਿ ਆਖ਼ਰ ਉਹ ਮੁੱਖ ਮੰਤਰੀ ਹੈ। ਵੱਡੇ ਬੰਦੇ ਦਾ ਹਿਰਦਾ ਵਿਸ਼ਾਲ ਹੋਣਾ ਚਾਹੀਦਾ ਹੈ। ਛੋਟੀਆਂ-ਛੋਟੀਆਂ ਗੱਲਾਂ ਨੂੰ ਮਨ 'ਚ ਨਹੀਂ ਲਿਆਉਣਾ ਚਾਹੀਦਾ। ਨਾਲੇ ਉਹ ਸਭ ਸਿਆਸੀ ਲੋਕ ਹਨ। ਕਦੇ ਇਕ ਕੈਂਪ ਵਿਚ, ਕਦੇ ਦੂਸਰੇ ਕੈਂਪ ਵਿਚ। ਫੇਰ ਲਾਲਾ ਹਮੇਸ਼ਾ ਤਾਂ ਸਰਦਾਰ ਦਾ ਵਿਰੋਧੀ ਨਹੀਂ ਰਿਹਾ। ਪਹਿਲਾਂ ਹਰ ਇਲਕੈਸ਼ਨ ਵਿਚ ਮੋਢੇ ਨਾਲ ਮੋਢਾ ਜੋੜ ਕੇ ਉਹ ਸਰਦਾਰ ਦਾ ਸਾਥ ਦਿਆ ਕਰਦਾ ਸੀ। ਇਸ ਵਾਰ ਬਾਬੂ ਦਾ ਸਾਥ ਦੇ ਦਿੱਤਾ ਤਾਂ ਕੀ ਹੋ ਗਿਆ ? ਨਾਲੇ ਬਾਬੂ ਤਾਂ ਫੇਰ ਵੀ ਹਾਰ ਗਿਆ ਸੀ।

ਸਗੋਂ ਉਹਨਾਂ ਦਾ ਬ੍ਰਾਹਮਣਵਾਦ ਸਰਦਾਰ ਦੇ ਕੰਮ ਹੀ ਆਇਆ ਸੀ।

ਬਾਬੂ ਕਿਸੇ ਜ਼ਮਾਨੇ 'ਚ ਲੁਕੇ-ਛੁਪੇ ਤੌਰ 'ਤੇ ਗਰਮ ਖ਼ਿਆਲਾਂ ਵਾਲੇ ਮੁੰਡਿਆਂ ਦੀ ਮਦਦ ਕਰਿਆ ਕਰਦਾ ਸੀ। ਜਦੋਂ ਉਹ ਅੰਡਰ-ਗਰਾਊਂਡ ਸਨ ਤਾਂ ਬਾਬੂ ਉਹਨਾਂ ਨੂੰ ਪੁਲਿਸ ਤੋਂ ਬਚਾਉਂਦਾ ਰਿਹਾ ਸੀ। ਇਸੇ ਅਹਿਸਾਨ ਬਦਲੇ ਉਹ ਬਾਬੂ ਦੀ ਅੰਦਰਖ਼ਾਤੇ ਮਦਦ ਕਰ ਰਹੇ ਸਨ। ਉਹ ਬਹੁਤ ਸਾਰੀਆਂ ਪੰਚਾਇਤਾਂ 'ਤੇ ਕਾਬਜ਼ ਸਨ। ਬਹੁਤੇ ਲੋਕ ਉਨ੍ਹਾਂ ਪਿੱਛੇ ਲੱਗਦੇ ਸਨ। ਜੇ ਲਾਲਾ ਜੀ ਜਾਤੀਵਾਦ ਦਾ ਪ੍ਰਚਾਰ ਨਾ ਕਰਦੇ ਤਾਂ ਉਹਨਾਂ ਮੁੰਡਿਆਂ ਨੇ ਪਿੰਡਾਂ ਵਿਚੋਂ ਬਹੁਤ ਸਾਰੀਆਂ ਵੋਟਾਂ ਬਾਬੂ ਨੂੰ ਪਵਾ ਕੇ ਸਰਦਾਰ ਦਾ ਨੁਕਸਾਨ ਕਰਨਾ ਸੀ।

ਸਰਦਾਰ ਨੇ ਆਪਣੇ ਸਮਰਥਕਾਂ ਰਾਹੀਂ ਮੁੰਡਿਆਂ ਦੇ ਪ੍ਰਗਤੀਵਾਦ 'ਤੇ ਕਟਾਖ਼ਸ਼ ਕਰਾਏ, ਪੋਸਟਰ ਲਗਵਾਏ। ਪੁੱਛਿਆ, ਕੀ ਧਰਮ ਦੇ ਨਾਂ 'ਤੇ ਵੋਟਾਂ ਮੰਗਣਾ ਹੀ ਪ੍ਰਗਤੀਵਾਦ ਹੈ ? ਮੁੰਡਿਆਂ

ਨੂੰ ਬੈਠ ਕੇ ਸੋਚਣਾ ਪਿਆ। ਬਾਬੂ ਦੀ ਹਮਾਇਤ ਕਰ ਕੇ ਉਹਨਾਂ ਦੀਆਂ ਨੀਤੀਆਂ ਨੂੰ ਤਾਂ ਗ੍ਰਹਿਣ ਲੱਗਣਾ ਹੀ ਸੀ, ਉਹਨਾਂ ਦੀ ਨਿੱਜੀ ਸਾਖ਼ ਵੀ ਵਿਗੜਨੀ ਸੀ। ਉਹ ਪਿਛਾਂਹ ਹਟੇ ਤਾਂ ਸਰਦਾਰ ਨੂੰ ਪਿੰਡਾਂ ਵਿਚੋਂ ਘੱਟ ਰਹੀਆਂ ਵੋਟਾਂ ਦਾ ਖ਼ਤਰਾ ਟਲਿਆ। ਪ੍ਰਗੀਤਵਾਦੀਆਂ ਦੇ ਚੁੱਪ ਕਰਨ ਨਾਲ ਉਹ ਵੋਟਾਂ ਪੰਥ ਤੋਂ ਸਿਵਾ ਕਿਧਰੇ ਨਹੀਂ ਸੀ ਜਾ ਸਕਦੀਆਂ।

ਕੁਝ ਬਦਮਾਸ਼ ਪਾਰਟੀਆਂ ਵੀ ਬਾਬੂ ਨੇ ਆਪਣੇ ਹੱਕ ਵਿਚ ਕਰ ਰੱਖੀਆਂ ਸਨ। ਬਾਬੂ ਸ਼ਹਿਰ ਵਿਚ ਰਹਿੰਦਾ ਸੀ ਅਤੇ ਅਫ਼ਸਰਾਂ ਨਾਲ ਲੈ-ਦੇ ਕਰ ਲੈਂਦਾ ਸੀ। ਥਾਣੇ ਕਚਹਿਰੀਆਂ ਵਿਚ ਵੀ ਉਸ ਦੀ ਚੜ੍ਹਤ ਸੀ। ਵੇਲੇ-ਕੁਵੇਲੇ ਉਹ ਉਹਨਾਂ ਪਾਰਟੀਆਂ ਦੀ ਮਦਦ ਕਰਦਾ ਸੀ। ਹੇਠ ਉਤਾਂਹ ਕਰ ਕੇ ਕੇਸ ਰਫ਼ਾ-ਦਫ਼ਾ ਕਰਾ ਦਿੰਦਾ।

ਉਹ ਵੀ ਬਾਬੂ ਦੀ ਮਦਦ ਕਰ ਰਹੇ ਸਨ। ਉਹਨਾਂ ਨੂੰ ਬਾਬੂ ਨਾਲੋਂ ਤੋੜਨ ਲਈ ਸਰਦਾਰ ਨੂੰ ਵੀ ਜਾਤੀਵਾਦ ਦਾ ਸਹਾਰਾ ਲੈਣਾ ਪਿਆ। ਬਦਮਾਸ਼ਾਂ 'ਤੇ ਸਰਦਾਰ ਨੇ ਪੁਲਿਸ ਦਾ ਪ੍ਰਭਾਵ ਤਾਂ ਪਾਇਆ ਹੀ, ਪੰਥ ਦਾ ਵਾਸਤਾ ਵੀ ਪਾਇਆ। ਜੇ ਸ਼ਹਿਰ ਵਾਲੇ ਬ੍ਰਾਹਮਣ ਸਭਾ ਅਤੇ ਅਗਰਵਾਲ ਸਭਾ ਬਣਾ ਸਕਦੇ ਹਨ ਤਾਂ ਉਹਨਾਂ ਨੂੰ ਉਸ ਦਾ ਮੂੰਹ-ਤੋੜਵਾਂ ਜਵਾਬ ਦੇਣਾ ਚਾਹੀਦਾ ਹੈ। ਇਹ ਜਵਾਬ ਪੰਥ ਦੇ ਹੱਥ ਮਜ਼ਬੂਤ ਕਰ ਕੇ ਹੀ ਦਿੱਤਾ ਜਾ ਸਕਦਾ ਹੈ।

ਇਸ ਲਈ ਸਰਦਾਰ ਨੂੰ ਲਾਲਾ ਜੀ ਨਾਲ ਨਾਰਾਜ਼ ਹੋਣ ਦੀ ਥਾਂ ਸਗੋਂ ਖ਼ੁਸ਼ ਹੋਣਾ ਚਾਹੀਦਾ ਸੀ। ਉਹਨਾਂ ਦੀ ਕੱਚੀ ਸਿਆਸੀ ਚਾਲ ਨਾਲ ਹੀ ਸਰਦਾਰ ਨੂੰ ਜਿੱਤ ਹਾਸਲ ਹੋਈ ਸੀ।

ਸਰਦਾਰ ਦੇ ਸ਼ਹਿਰ ਜਾਣ ਤੋਂ ਟਾਲ-ਮਟੋਲ ਕਰਨ ਦਾ ਇਕ ਹੋਰ ਵੀ ਕਾਰਨ ਸੀ। ਇਕ ਬੱਚੇ ਦਾ ਅਪਹਰਣ ਜਾਂ ਕਤਲ ਅੱਜ ਦੇ ਹਾਲਤਾਂ ਵਿਚ ਇਕ ਮਾਮੂਲੀ ਘਟਨਾ ਸੀ। ਅੱਜ-ਕੱਲ੍ਹ ਤਾਂ ਭਰੀ ਬੱਸ ਦੀ ਹਰ ਇਕ ਸਵਾਰੀ ਨੂੰ ਹੇਠਾਂ ਉਤਾਰ ਲਿਆ ਜਾਂਦਾ ਹੈ ਅਤੇ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਸਾਰੇ ਦਾ ਸਾਰਾ ਟੱਬਰ ਭੁੰਨ ਦਿੱਤਾ ਜਾਂਦਾ ਹੈ। ਟੱਬਰ ਵਿਚ ਔਰਤਾਂ ਵੀ ਹੁੰਦੀਆਂ ਹਨ ਅਤੇ ਬੱਚੇ ਵੀ। ਇਹ ਅਜਿਹਾ ਮਸਲਾ ਨਹੀਂ ਸੀ, ਜਿਸ 'ਚ ਮੁੱਖ ਮੰਤਰੀ ਨਿੱਜੀ ਦਿਲਚਸਪੀ ਲੈਂਦਾ। ਸੂਬੇ 'ਚ ਵਾ-ਵਰੋਲਾ ਉੱਠ ਖੜ੍ਹਨਾ ਸੀ। ਮੁੱਖ ਮੰਤਰੀ ਨੂੰ ਇਕ ਖ਼ਾਸ ਬੱਚੇ ਨਾਲ ਇੰਨਾ ਮੋਹ ਕਿਉਂ ਹੈ ? ਸਾਰੇ ਸੂਬੇ ਦਾ ਫ਼ਿਕਰ ਕਿਉਂ ਨਹੀਂ ? ਉਸ ਕੋਲ ਕੀ ਜਵਾਬ ਸੀ ?

ਹੁਣ ਜਥੇਦਾਰਾਂ ਦੀਆਂ ਗੱਲਾਂ ਤੋਂ ਸਰਦਾਰ ਨੂੰ ਲੱਗਣ ਲੱਗਾ ਸੀ ਜਿਵੇਂ ਸਾਰਾ ਸ਼ਹਿਰ ਹੀ ਨਹੀਂ, ਸਗੋਂ ਜਥੇਦਾਰ ਵੀ ਉਸ ਤੋਂ ਪੁੱਛ ਰਹੇ ਸਨ ਕਿ ਆਖ਼ਿਰ ਉਹ ਆਪਣੇ ਸ਼ਹਿਰ ਦੀ ਭਲਾਈ ਲਈ ਕੀ ਕਰ ਰਿਹਾ ਹੈ ?

ਸਰਦਾਰ ਕੋਲ ਸਫ਼ਾਈ 'ਚ ਆਖਣ ਲਈ ਕੁਝ ਵੀ ਨਹੀਂ ਸੀ।

ਮੁੱਖ ਮੰਤਰੀ ਨੂੰ ਮਹਿਸੂਸ ਹੋਇਆ ਕਿ ਮੌਕਾ ਸੰਭਾਲਿਆ ਜਾਣਾ ਬਹੁਤ ਜ਼ਰੂਰੀ ਸੀ, ਨਹੀਂ ਤਾਂ ਉਸ ਦਾ ਸਿੰਘਾਸਣ ਡੋਲ ਜਾਣਾ ਸੀ।

ਉਹ ਮੁੱਖ ਮੰਤਰੀ ਹੈ। ਲੋਕਾਂ ਨੂੰ ਭਰਮਾਉਣ ਲਈ ਕੁਝ ਵੀ ਕਰ ਸਕਦਾ ਹੈ। ਕੁਝ ਬਿਆਨ ਦਾਗ਼ ਕੇ, ਕੁਝ ਵੱਡੇ-ਵੱਡੇ ਵਾਅਦੇ ਕਰ ਕੇ ਅਤੇ ਕੁਝ ਕੰਮ ਨੇਪਰੇ ਚਾੜ੍ਹ ਕੇ ਭੋਲੇ-ਭਾਲੇ ਲੋਕਾਂ ਦੇ ਰੋਹ ਨੂੰ ਠੱਲ੍ਹਿਆ ਜਾ ਸਕਦਾ ਹੈ।

ਹੋਰ ਸਮਾਂ ਗਵਾਉਣਾ ਹੁਣ ਸਿਆਣਪ ਨਹੀਂ ਸੀ।

ਉਸ ਨੇ ਸਭ ਤੋਂ ਪਹਿਲਾਂ ਪ੍ਰੈਸ ਸਕੱਤਰ ਨੂੰ ਬੁਲਾਇਆ। ਉਸ ਨੂੰ ਅਜਿਹੇ ਨਰਮ-ਨਰਮ ਭਾਸ਼ਣ ਅਤੇ ਬਿਆਨ ਤਿਆਰ ਕਰਨ ਦਾ ਹੁਕਮ ਹੋਇਆ, ਜਿਹੜੇ ਪੱਥਰ-ਦਿਲ ਲੋਕਾਂ ਨੂੰ ਵੀ ਹੰਝੂ ਵਹਾ ਦੇਣ ਲਈ ਮਜਬੂਰ ਕਰ ਦੇਣ।

ਕੱਲ੍ਹ ਉਹ ਸ਼ਹਿਰ ਦਾ ਦੌਰਾ ਵੀ ਕਰਨਗੇ। ਇਸ ਦੌਰੇ ਦੀ ਖ਼ਬਰ ਤੁਰੰਤ ਪ੍ਰੈਸ ਨੂੰ ਜਾਰੀ ਕੀਤੀ ਜਾਵੇ। ਰੇਡੀਓ ਅਤੇ ਟੀ.ਵੀ. ਦੇ ਹਰ ਬੁਲਿਟਿਨ ਵਿਚ ਇਸ ਦੌਰੇ ਦੀ ਸੂਚਨਾ ਦਿੱਤੀ ਜਾਵੇ। ਉਹਨਾਂ ਦੀਆਂ ਟੀਮਾਂ ਵੀ ਸਾਰੀ ਕਾਰਵਾਈ ਦੀ ਕਵਰਿੰਗ ਲਈ ਮੌਕੇ 'ਤੇ ਹਾਜ਼ਰ ਰਹਿਣ

ਮੁੱਖ ਸਕੱਤਰ ਨੂੰ ਪਿਛਲੀਆਂ ਸਾਰੀਆਂ ਖ਼ਬਰਾਂ ਦਾ ਨਚੋੜ ਅਤੇ ਲੋਕਾਂ ਦੀਆਂ ਮੰਗਾਂ ਦੀ ਸੂਚੀ ਤਿਆਰ ਕਰਨ ਦਾ ਹੁਕਮ ਹੋਇਆ। ਉਹ ਮੰਗਾਂ ਵੱਖ ਕਰ ਲਈਆਂ ਜਾਣ, ਜਿਨ੍ਹਾਂ ਨੂੰ ਫੌਰੀ ਤੌਰ 'ਤੇ ਕਬੂਲ ਕੀਤਾ ਜਾ ਸਕਦਾ ਹੋਵੇ।

ਉਹ ਆਪ ਸਿਆਸੀ ਸਲਾਹਕਾਰਾਂ ਅਤੇ ਜਥੇਦਾਰਾਂ ਦੀ ਸਹਾਇਤਾ ਨਾਲ ਦੌਰੇ ਦੀ ਰੂਪ-ਰੇਖਾ ਉਲੀਕਣ ਲੱਗੇ।

ਸਰਕਲ ਜਥੇਦਾਰ ਦਾ ਮੱਤ ਸੀ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਹਿਰ ਵਿਚ ਅਕਾਲੀ ਪਾਰਟੀ ਦਾ ਵਜੂਦ ਨਾ ਬਰਾਬਰ ਹੈ। ਪਾਰਟੀ ਨੂੰ ਜੋ ਵੋਟਾਂ ਮਿਲਦੀਆਂ ਹਨ, ਉਹ ਸਰਦਾਰ ਦੇ ਨਿੱਜੀ ਰਸੂਖ਼ ਕਾਰਨ ਮਿਲਦੀਆਂ ਹਨ। ਸਰਦਾਰ ਦੀ ਚੁੱਪ ਅਤੇ ਪੁਲਿਸ ਦੀ ਵਧੀਕੀ ਕਾਰਨ ਸਰਦਾਰ ਦੇ ਪੱਕੇ ਸਮਰਥਕ ਵੀ ਨਾਰਾਜ਼ ਸਨ। ਉਹਨਾਂ ਨੂੰ ਬਿਨਾਂ ਮਤਲਬ ਲੋਕਾਂ ਦੇ ਮਿਹਣੇ-ਤਾਅਨੇ ਸੁਣਨੇ ਪੈ ਰਹੇ ਸਨ। ਸਾਰੇ ਸ਼ਹਿਰ ਵਿਚ ਸੋਗ ਸੀ, ਸਹਿਮ ਸੀ ਅਤੇ ਨਿਰਾਸ਼ਾ ਵੀ। ਬੰਟੀ ਦੇ ਕਤਲ ਨਾਲੋਂ ਵੀ ਲੋਕ ਸਰਦਾਰ ਦੀ ਚੁੱਪ 'ਤੇ ਦੁਖੀ ਸਨ। ਇਸ ਦਾ ਇਕੋ ਇਕ ਹੱਲ ਪੁਲਿਸ ਦਾ ਵੱਡੇ ਪੱਧਰ 'ਤੇ ਤਬਾਦਲਾ ਸੀ। ਪੁਲਿਸ ਨੇ ਲੋਕਾਂ ਨਾਲ ਬਹੁਤ ਜ਼ਿਆਦਤੀ ਕੀਤੀ ਸੀ।

ਸ਼ਹਿਰ ਦੀ ਸਾਰੀ ਪੁਲਿਸ ਦੇ ਤਬਾਦਲੇ 'ਤੇ ਸਰਦਾਰ ਨੂੰ ਤਾਂ ਕੋਈ ਗਿਲਾ ਨਹੀਂ ਸੀ, ਪਰ ਡੀ.ਜੀ.ਪੀ. ਬੜਾ ਅੜੀਅਲ ਸੀ। ਉਹ ਸਾਰਾ ਦਿਨ ਅਜਿਹੇ ਢੰਗ ਤਰੀਕੇ ਸੋਚਦਾ ਰਹਿੰਦਾ ਹੈ, ਜਿਸ ਨਾਲ ਪੁਲਿਸ ਦੇ ਗਿਰੇ ਮਨੋਬਲ ਨੂੰ ਫਿਰ ਤੋਂ ਉੱਚਾ ਚੁੱਕਿਆ ਜਾ ਸਕੇ। ਵੱਡੇ ਪੱਧਰ 'ਤੇ ਕੀਤੇ ਜਾਣ ਵਾਲੇ ਤਬਾਦਲਿਆਂ ਦਾ ਉਸ ਨੇ ਵਿਰੋਧ ਕਰਨਾ ਸੀ। ਉਸ ਨੇ ਆਖਣਾ ਸੀ, ਇਸ ਨਾਲ ਪੁਲਿਸ 'ਚ ਫੈਲੀ ਬੇਚੈਨੀ ਹੋਰ ਵਧਣੀ ਸੀ। ਲੋਕ ਤਾਂ ਪਹਿਲਾਂ ਹੀ ਦੋਸ਼ ਲਾ ਰਹੇ ਹਨ ਕਿ ਡਰਦੀ ਪੁਲਿਸ ਦਿਨ ਛਿਪਦੇ ਹੀ ਥਾਣਿਆਂ ਨੂੰ ਜਿੰਦੇ ਮਾਰ ਲੈਂਦੀ ਹੈ। ਬਾਹਰ ਕੁਝ ਵੀ ਹੁੰਦਾ ਰਹੇ, ਕੋਈ ਦਰਵਾਜ਼ਾ ਨਹੀਂ ਖੋਲ੍ਹਦਾ। ਸਰਹੱਦੀ ਜ਼ਿਲ੍ਹਿਆਂ ਵਿਚ ਰਾਤ ਨੂੰ ਰਾਜ ਹੀ ਦਹਿਸ਼ਤਗਰਦਾਂ ਦਾ ਹੁੰਦਾ ਹੈ। ਇਸ ਗੱਲ 'ਤੇ ਕੇਂਦਰ ਡੀ.ਜੀ.ਪੀ. ਦੀ ਹਮਾਇਤ ਕਰਦਾ ਹੈ, ਪਰ ਜੇ ਮੁੱਖ ਮੰਤਰੀ ਨੂੰ ਆਪਣੀ ਹੀ ਕੁਰਸੀ ਦਾ ਖ਼ਤਰਾ ਹੋਵੇ ਤਾਂ ਉਸ ਨੇ ਪੁਲਿਸ ਦੇ ਮਨੋਬਲ ਤੋਂ ਕੀ ਲੈਣਾ ਹੈ ? ਨਾਲੇ ਅੱਗੇ ਕਿਹੜਾ ਪੁਲਿਸ ਮੱਲ ਢਾਹੁੰਦੀ ਸੀ ਬਈ ਫੇਰ ਢਾਉਣੋਂ ਹਟ ਜੂ। ਉਹ ਤਬਾਦਲੇ ਕਰੇਗਾ।

ਉਹ ਜਥੇਦਾਰਾਂ ਨੂੰ ਵੀ ਖ਼ੁਸ਼ ਰੱਖਣਾ ਚਾਹੁੰਦੇ ਸਨ। ਜੇ ਉਹ ਆਪਣੇ ਕਿਸੇ ਰਿਸ਼ਤੇਦਾਰ ਨੂੰ ਸ਼ਹਿਰ ਵਿਚ ਲਗਵਾਉਣਾ ਚਾਹੁੰਦਾ ਹੈ ਤਾਂ ਉਸ ਦਾ ਨਾਂ ਨੋਟ ਕਰਾ ਦੇਵੇ। ਮੁੱਖ ਮੰਤਰੀ ਉਸ ਨੂੰ ਮਨ-ਮਰਜ਼ੀ ਦੀ ਥਾਂ 'ਤੇ ਲਗਵਾ ਦੇਵੇਗਾ।

ਜਥੇਦਾਰ ਨੇ ਜ਼ਿਹਨ 'ਤੇ ਪੂਰਾ ਜ਼ੋਰ ਦੇ ਕੇ ਸੋਚਿਆ। ਉਸ ਦਾ ਇਕ ਵੀ ਰਿਸ਼ਤੇਦਾਰ ਡਿਪਟੀ ਜਾਂ ਥਾਣੇਦਾਰ ਨਹੀਂ ਸੀ। ਕੁਝ ਕੁ ਵਾਕਫ਼ ਜ਼ਰੂਰ ਸਨ। ਚੰਗੇ ਥਾਣੇ ਦੇ ਤਬਾਦਲੇ ਲਈ ਕਈ ਜਣੇ ਕਈ-ਕਈ ਵਾਰ ਗੋਡੇ ਹੱਥ ਲਾ ਕੇ ਗਏ ਸਨ। ਉਹਨਾਂ ਦੇ ਨਾਂ ਨੋਟ ਕਰਾਉਣ ਨੂੰ ਜਥੇਦਾਰ ਦਾ ਦਿਲ ਨਾ ਕੀਤਾ। ਉਸ ਦਾ ਤਜਰਬਾ ਦੱਸਦਾ ਸੀ ਕਿ ਸਾਰੇ ਪੁਲਸੀਏ ਇਕੋ ਥੈਲੀ ਦੇ ਚੱਟੇ-ਵੱਟੇ ਹੁੰਦੇ ਹਨ। ਪਹਿਲਾਂ ਹੋਰ ਹੁੰਦੇ ਹਨ, ਕੁਰਸੀ ਮਿਲਦਿਆਂ ਹੀ ਪਹਿਲਾਂ ਆਪਣਿਆਂ ਦੇ ਚਿੱਤੜ ਕੁੱਟਦੇ ਹਨ। ਜਿਹੜਾ ਮਰਜ਼ੀ ਆ ਜਾਵੇ, ਸਭ ਠੀਕ ਹੈ। ਡਰਦੇ ਆਪੇ ਸਲੂਟ ਮਾਰਨਗੇ। ਕਿਸੇ ਨੂੰ ਸਿਫ਼ਾਰਸ਼ ਕਰ ਕੇ ਲਗਵਾ ਲਿਆ ਤਾਂ ਉਸ ਨੇ ਸਿਰ ਚੜ੍ਹੇ ਰਹਿਣਾ ਹੈ। ਚੰਗੇ-ਮੰਦੇ ਕੰਮ ਵਿਚ ਉਸ ਦੀ ਹਮਾਇਤ

ਕਰਨੀ ਪਿਆ ਕਰੇਗੀ।

ਜਥੇਦਾਰ ਨੇ ਇਕੱਲੇ ਬੂਝਾ ਸਿੰਘ ਦਾ ਨਾਂ ਨੋਟ ਕਰਾਇਆ। ਉਸ ਨੂੰ ਜ਼ਰੂਰ ਥਾਣੇ ਵਿਚ ਲਾ ਦਿੱਤਾ ਜਾਵੇ। ਜਥੇਦਾਰ ਉਸ ਨਾਲ ਵਾਅਦਾ ਕਰ ਚੁੱਕਾ ਸੀ।

ਮੁੱਖ ਮੰਤਰੀ ਬੂਝਾ ਸਿੰਘ 'ਤੇ ਖ਼ੁਸ਼ ਨਹੀਂ ਸੀ। ਉਹ ਜਿਹੜਾ ਗੰਦ ਪਾ ਰਿਹਾ ਸੀ, ਉਸ ਦੀ ਸਾਰੀ ਰਿਪੋਰਟ ਮੁੱਖ ਮੰਤਰੀ ਨੂੰ ਪੁੱਜ ਰਹੀ ਸੀ, ਪਰ ਉਹਨਾਂ ਮਨ ਦੀ ਗੱਲ ਮਨ ਵਿਚ ਹੀ ਰੱਖੀ। ਸੋਚਿਆ ਰੋਪੜ ਵੱਲ ਧੱਕ ਦਿਆਂਗੇ। ਨਾਲੇ ਜਥੇਦਾਰ ਖ਼ੁਸ਼, ਨਾਲੇ ਹੋਏ ਤਬਾਦਲੇ 'ਤੇ ਲੋਕ ਖ਼ੁਸ਼, ਨਾਲੇ ਬੂਝੇ ਨੂੰ ਮੁੱਖ ਮੰਤਰੀ ਵਿਰੁੱਧ ਪ੍ਰਚਾਰ ਕਰਨ ਅਤੇ ਰਿਪੋਰਟਾਂ ਭੇਜਣ ਦਾ ਸੁਆਦ ਪਤਾ ਲੱਗ ਜਾਏਗਾ।

ਸਿਆਸੀ ਸਲਾਹਕਾਰ ਸਮੱਸਿਆ ਨੂੰ ਗੰਭੀਰਤਾ ਨਾਲ ਲੈਣਾ ਚਾਹੁੰਦੇ ਹਨ। ਉਹਨਾਂ ਨੂੰ ਰਿਪੋਰਟਾਂ ਮਿਲ ਰਹੀਆਂ ਸਨ ਕਿ ਦੂਜਾ ਧੜਾ ਪ੍ਰਧਾਨ ਮੰਤਰੀ ਦੇ ਨੇੜੇ ਹੁੰਦਾ ਜਾ ਰਿਹਾ ਸੀ। ਕੇਂਦਰ ਦਾ ਕੋਈ ਵਸਾਹ ਨਹੀਂ, ਉਸ ਨੂੰ ਹਿੱਕ ਨਾਲ ਲਾ ਲਏ।

ਸ਼ਹਿਰ ਵਿਚ ਬਹੁਤ ਵੱਡੀ ਕਾਨਫ਼ਰੰਸ ਹੋਣੀ ਚਾਹੀਦੀ ਹੈ। ਕਿਸੇ ਕੇਂਦਰੀ ਮੰਤਰੀ ਨੂੰ ਵੀ ਬੁਲਾਇਆ ਜਾਵੇ। ਨਾਲੇ ਤਾਕਤ ਦਾ ਦਿਖਾਵਾ ਕੀਤਾ ਜਾਵੇ, ਨਾਲੇ ਮਿੱਠੇ-ਮਿੱਠੇ ਭਾਸ਼ਣਾਂ ਨਾਲ ਸਰਦਾਰ ਦੇ ਖ਼ਿਲਾਫ਼ ਹੁੰਦੇ ਪ੍ਰਚਾਰ ਨੂੰ ਨਕਾਰਿਆ ਜਾਵੇ। ਬੰਟੀ ਦੀ ਯਾਦ ਵਿਚ ਬਣਾਈ ਜਾਣ ਵਾਲੀ ਕਿਸੇ ਵੱਡੀ ਯਾਦਗਾਰ ਦਾ ਐਲਾਨ ਕਰ ਕੇ ਲੋਕਾਂ ਦੇ ਬਦਲੇ ਮਜ਼ਾਜ਼ ਨੂੰ ਆਪਣੇ ਹੱਕ ਵਿਚ ਕੀਤਾ ਜਾਵੇ।

ਮੁੱਖ ਮੰਤਰੀ ਕਾਨਫ਼ਰੰਸ ਦੇ ਹੱਕ ਵਿਚ ਨਹੀਂ ਸੀ। ਇਸ ਘਟਨਾ ਨੂੰ ਸਿਆਸੀ ਰੰਗ ਦੇ ਕੇ ਆਪਣੇ ਪੈਰ 'ਤੇ ਆਪੇ ਕੁਹਾੜਾ ਮਾਰਨ ਵਾਲੀ ਗੱਲ ਹੋਏਗੀ। ਇਸ ਕਤਲ ਨੂੰ ਨਿੱਜੀ ਮਸਲੇ ਤਕ ਹੀ ਸੀਮਤ ਰੱਖਿਆ ਜਾਣਾ ਚਾਹੀਦਾ ਸੀ। ਉਹ ਲਾਲਾ ਜੀ ਦੇ ਘਰ ਜਾਣਗੇ। ਦੋ ਘੜੀ ਉਹਨਾਂ ਵਿਚ ਬੈਠਣਗੇ। ਲੋਕਾਂ ਦੀਆਂ ਮੰਗਾਂ ਮੰਨਣਗੇ।

ਲੋਕਾਂ ਦਾ ਗ਼ੁੱਸਾ ਠੰਢਾ ਕਰਨ ਲਈ ਜ਼ਰੂਰੀ ਹੈ, ਲੋਕਾਂ ਵਿਚ ਬੈਠਿਆ ਜਾਵੇ। ਉੱਚੀਆਂ-ਉੱਚੀਆਂ ਸਟੇਜਾਂ ਤੋਂ ਭਾਸ਼ਣ ਦੇਣ ਨਾਲ ਕੁਝ ਨਹੀਂ ਸੀ ਸੰਵਰਨਾ।

ਮੁੱਖ ਸਕੱਤਰ ਦੀ ਰਿਪੋਰਟ ਤਿਆਰ ਸੀ। ਦੋ ਕੁ ਮੰਗਾਂ ਛੱਡ ਕੇ ਬਾਕੀ ਮੌਕੇ 'ਤੇ ਪੂਰੀਆਂ ਕੀਤੀਆਂ ਜਾ ਸਕਦੀਆਂ ਸਨ

ਇਸ ਵਾਰ ਮੁੱਖ ਮੰਤਰੀ ਇਕੱਲੇ ਐਲਾਨ ਕਰਨ ਦੇ ਮੂਡ ਵਿਚ ਨਹੀਂ ਸੀ। ਉਹ ਜਿਹੜਾ ਵੀ ਐਲਾਨ ਕਰਨਗੇ, ਉਸ 'ਤੇ ਤੁਰੰਤ ਹੀ ਅਮਲ ਹੋਏਗਾ। ਇਸ ਲਈ ਮੁੱਖ ਸਕੱਤਰ ਨੂੰ ਹਦਾਇਤ ਹੋਈ ਕਿ ਉਹ ਡਿਪਟੀ ਕਮਿਸ਼ਨਰ ਅਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਨੂੰ ਮੌਕੇ 'ਤੇ ਹਾਜ਼ਰ ਰਹਿਣ ਦਾ ਹੁਕਮ ਜਾਰੀ ਕਰੇ।

ਸ਼ਹਿਰ ਜਾਣ ਦਾ ਪ੍ਰੋਗਰਾਮ ਬਣਾ ਕੇ ਮੁੱਖ ਮੰਤਰੀ ਦੇ ਮਨ ਤੋਂ ਬੋਝ ਲਹਿ ਗਿਆ ਸੀ। ਬੇਫ਼ਿਕਰ ਹੋਏ ਉਹ ਸੂਬੇ ਦੇ ਹੋਰ ਕੰਮਾਂ ਵੱਲ ਧਿਆਨ ਦੇਣ ਲੱਗੇ।

✶

# 22

ਮੁੱਖ ਮੰਤਰੀ ਦੇ ਸ਼ਹਿਰ ਆਉਣ ਦੀ ਖ਼ਬਰ ਨਾਲ ਚਾਰੇ ਪਾਸੇ ਖ਼ੁਸ਼ੀ ਦੀ ਲਹਿਰ ਦੌੜ ਗਈ।

ਸਰਕਾਰੀ ਮਹਿਕਮਿਆਂ ਨੂੰ ਸਭ ਤੋਂ ਵੱਧ ਭਾਜੜਾਂ ਪਈਆਂ। ਤਿਆਰੀ ਲਈ ਉਹਨਾਂ ਨੂੰ ਬਹੁਤ ਥੋੜ੍ਹਾ ਸਮਾਂ ਮਿਲਿਆ ਸੀ।

ਸਭ ਤੋਂ ਜ਼ਿਆਦਾ ਵਖਤ ਮਿਊਂਸਪੈਲਟੀ ਵਾਲਿਆਂ ਨੂੰ ਪਿਆ ਸੀ। ਕਾਰਜ ਸਾਧਕ ਅਫ਼ਸਰ ਨੂੰ ਜਮਾਂਦਾਰਾਂ ਦੀਆਂ ਛੁੱਟੀਆਂ ਕੈਂਸਲ ਕਰ ਕੇ ਉਹਨਾਂ ਨੂੰ ਤੁਰੰਤ ਡਿਊਟੀ ’ਤੇ ਹਾਜ਼ਰ ਹੋਣ ਦਾ ਹੁਕਮ ਜਾਰੀ ਕਰਨਾ ਪਿਆ। ਬਾਕੀ ਕੰਮਾਂ ਦੀ ਜ਼ਿੰਮੇਵਾਰੀ ਤਾਂ ਦੂਜੇ ਮੁਲਾਜ਼ਮਾਂ ਦੇ ਮੋਢਿਆਂ ’ਤੇ ਵੀ ਪਾਈ ਜਾ ਸਕਦੀ ਸੀ, ਪਰ ਸੜਕਾਂ, ਨਾਲੀਆਂ ਅਤੇ ਗਲੀਆਂ ਦੀ ਸਫ਼ਾਈ ਤਾਂ ਉਹਨਾਂ ਬਿਨਾਂ ਕੋਈ ਨਹੀਂ ਸੀ ਕਰ ਸਕਦਾ।

ਟੁੱਟੀਆਂ ਸੜਕਾਂ ਦੀ ਮੁਰੰਮਤ ਹੋਣ ਲੱਗੀ। ਗਲੀਆਂ, ਮੁਹੱਲਿਆਂ ਦੇ ਟੋਏ ਭਰੇ ਗਏ। ਭਾਵੇਂ ਮੁੱਖ ਮੰਤਰੀ ਨੇ ਰਾਤ ਨੂੰ ਸ਼ਹਿਰ ਵਿਚ ਨਹੀਂ ਸੀ ਠਹਿਰਨਾ, ਫੇਰ ਵੀ ਸਟਰੀਟ ਲਾਈਟਾਂ ਦੇ ਫਿਊਜ਼ ਬੱਲਬ ਅਤੇ ਟਿਊਬਾਂ ਬਦਲ ਦਿੱਤੀਆਂ ਗਈਆਂ।

ਖ਼ੁਫ਼ੀਆ ਵਿਭਾਗ ਨੇ ਘਰ-ਘਰ ਦਾ ਜਾਇਜ਼ਾ ਲਿਆ। ਕਿਥੇ ਮੋਰਚਾਬੰਦੀ ਕਰਨੀ ਹੈ, ਕਿਥੇ ਘੱਟ ਅਤੇ ਕਿਥੇ ਵੱਧ ਸੂਹੀਏ ਤਾਇਨਾਤ ਕਰਨੇ ਹਨ, ਇਸ ਦਾ ਫ਼ੈਸਲਾ ਲਿਆ ਗਿਆ। ਗਸ਼ਤੀ ਪਾਰਟੀਆਂ ਦੀ ਗਿਣਤੀ ਤਾਂ ਤੁਰੰਤ ਹੀ ਵਧਾ ਦਿੱਤੀ ਗਈ।

ਬਾਹਰੋਂ ਆਏ ਬੰਦੇ ਨੂੰ ਇਉਂ ਭੁਲੇਖਾ ਪੈਂਦਾ ਸੀ ਜਿਵੇਂ ਕਿਸੇ ਧਨਾਢ ਦੀ ਕੁੜੀ ਦੀ ਬਰਾਤ ਆਉਣੀ ਹੋਵੇ। ਵਿਆਹ ਵਰਗਾ ਮਾਹੌਲ ਬਣਿਆ ਹੋਇਆ ਸੀ। ਸਾਰੇ ਸ਼ਹਿਰ ਵਿਚ ਪਾਣੀ ਛਿੜਕਿਆ ਗਿਆ। ਉਹਨਾਂ ਸਾਰੀਆਂ ਸੜਕਾਂ ’ਤੇ ਕਲੀ ਵਿਛਾ ਦਿੱਤੀ ਗਈ, ਜਿਥੋਂ ਲੰਘ ਕੇ ਸਰਦਾਰ ਨੇ ਲਾਲਾ ਜੀ ਦੇ ਘਰ ਜਾਣਾ ਸੀ।

ਸਾਰੇ ਅਫ਼ਸਰਾਂ ਦਾ ਧਿਆਨ ਲਾਲਾ ਜੀ ਦੇ ਮੁਹੱਲੇ ਵੱਲ ਸੀ। ਉਥੇ ਕੋਈ ਕਸਰ ਬਾਕੀ ਨਹੀਂ ਸੀ ਰਹਿਣੀ ਚਾਹੀਦੀ। ਨਾਲੀਆਂ ’ਤੇ ਡੀ.ਡੀ.ਟੀ. ਛਿੜਕੀ ਗਈ। ਕੁਝ ਕੁ ਥਾਵਾਂ ’ਤੇ ਅਗਰਬੱਤੀਆਂ ਲਾਈਆਂ ਗਈਆਂ। ਸੋਗ ਦਾ ਸਮਾਂ ਨਾ ਹੁੰਦਾ ਤਾਂ ਸਵਾਗਤੀ ਗੇਟ ਵੀ ਲਾਏ ਜਾਂਦੇ।

ਜਿਉਂ-ਜਿਉਂ ਸੂਰਜ ਉੱਚਾ ਹੁੰਦਾ ਗਿਆ, ਤਿਉਂ-ਤਿਉਂ ਲਾਲਾ ਜੀ ਦੇ ਘਰ ਚਹਿਲ-ਪਹਿਲ ਵਧਦੀ ਗਈ। ਅੱਜ ਉਹਨਾਂ ਦੇ ਦੁੱਖ ਵੰਡਾਉਣ ਵਾਲਿਆਂ ਵਿਚ ਅਫ਼ਸਰਾਂ ਅਤੇ ਸਿਆਸੀ ਨੇਤਾਵਾਂ ਦੀ ਗਿਣਤੀ ਜ਼ਿਆਦਾ ਸੀ। ਕਦੇ ਐਸ.ਡੀ.ਐਮ. ਚੱਕਰ ਕੱਟਦਾ-ਕੱਟਦਾ ਇਧਰ ਆ ਜਾਂਦਾ, ਕਦੇ ਡੀ.ਐਸ.ਪੀ.। ਹਰ ਕੋਈ ਬੈਠਕ ਵਿਚ ਬੈਠੇ ਲਾਲਾ ਜੀ ਦੇ ਗੋਡੀਂ ਹੱਥ ਲਾਉਂਦਾ ਅਤੇ ਬੜੀ ਨਿਮਰਤਾ ਨਾਲ ਸੇਵਾ ਪੁੱਛਦਾ। ਅਸਲ ਇਸ਼ਾਰਾ ਇਸ ਗੱਲ ਵੱਲ ਹੁੰਦਾ ਸੀ ਕਿ ਲਾਲਾ ਜੀ ਮੇਹਰ ਰੱਖਣ। ਉਹਨਾਂ ਦੀਆਂ ਭੁੱਲਾਂ ਬਖ਼ਸ਼ਣ। ਅਫ਼ਸਰਾਂ ਦੀ ਨਾਲਾਇਕੀ ਦੇ ਚਿੱਠੇ ਮੁੱਖ ਮੰਤਰੀ ਅੱਗੇ ਨਾ ਖੋਲ੍ਹਣ। ਹੋਰ ਤਾਂ ਸਭ ਠੀਕ ਸੀ, ਪਰ ਕਾਂਤਾ ਮੁੱਖ ਮੰਤਰੀ ਦੇ ਸਵਾਗਤ ਲਈ ਤਿਆਰ ਨਹੀਂ ਸੀ ਹੋ ਰਹੀ।

ਉਹ ਮੰਜੇ ਨਾਲ ਚਿਪਕੀ ਪਈ ਸੀ। ਸੁਬ੍ਹਾ ਚਾਰ-ਚਾਰ ਵਜੇ ਉੱਠ ਕੇ ਸਾਰੇ ਕੰਮਾਂ ਨੂੰ ਮਿੰਟਾਂ-ਸਕਿੰਟਾਂ ਵਿਚ ਸਮੇਟਣ ਵਾਲੀ ਕਾਂਤਾ ਦੀ ਸਾਰੀ ਚੁਸਤੀ-ਫੁਰਤੀ ਜਿਵੇਂ ਬੰਟੀ ਆਪਣੇ ਨਾਲ ਹੀ ਲੈ ਗਿਆ ਸੀ।

ਕਮਰੇ 'ਚ ਪਈ ਕਾਂਤਾ ਬਹੁਤ ਉਦਾਸ ਸੀ। ਸੰਘ ਦਾ ਮੁੱਖ ਮੰਤਰੀ ਦੇ ਸਵਾਗਤ ਲਈ ਲਟਾ-ਪੀਂਘ ਹੋਣਾ ਉਸ ਨੂੰ ਬੰਟੀ ਦੇ ਕਤਲ ਨਾਲੋਂ ਵੀ ਭੈੜਾ ਲੱਗ ਰਿਹਾ ਸੀ।

ਸੰਘ ਵਾਲੇ ਮੁੱਖ ਮੰਤਰੀ ਲਈ ਚਾਹ ਦਾ ਇੰਤਜ਼ਾਮ ਕਰ ਰਹੇ ਸਨ। ਇਸ ਮਕਸਦ ਲਈ ਟੈਂਟ ਕੋਠੇ 'ਤੇ ਲਾਇਆ ਗਿਆ ਸੀ। ਕਰਾਕਰੀ ਮੰਗਵਾਈ ਗਈ ਸੀ। ਜਦੋਂ ਸਵਾਗਤ ਦੀਆਂ ਤਿਆਰੀਆਂ ਦਾ ਪ੍ਰੋਗਰਾਮ ਉਲੀਕਿਆ ਜਾ ਰਿਹਾ ਸੀ ਤਾਂ ਕਾਂਤਾ ਨੇ ਉਸ ਸਮੇਂ ਹੀ ਮੁੱਖ ਮੰਤਰੀ ਨੂੰ ਚਾਹ ਪਿਆਉਣ ਦੀ ਤਜਵੀਜ਼ ਦਾ ਵਿਰੋਧ ਕੀਤਾ ਸੀ। ਉਹ ਮੁੰਡੇ ਦੀ ਛਟੀ 'ਤੇ ਨਹੀਂ ਸੀ ਆ ਰਿਹਾ ਬਈ ਉਸ ਨੂੰ ਬਰਫ਼ੀ ਅਤੇ ਪੇੜਿਆਂ ਨਾਲ ਚਾਹ ਪਿਲਾਈ ਜਾਏ। ਅਜਿਹੇ ਸਮੇਂ ਚਾਹ ਪੀਣਾ ਬੰਟੀ ਦੀ ਰੱਤ ਪੀਣ ਬਰਾਬਰ ਹੋਏਗਾ।

ਕਾਂਤਾ ਤਾਂ ਇਹ ਵੀ ਚਾਹੁੰਦੀ ਸੀ ਕਿ ਮੁੱਖ ਮੰਤਰੀ ਦੇ ਮਨਹੂਸ ਪੈਰ ਇਸ ਘਰ ਵਿਚ ਪੈਣ ਹੀ ਨਾ। ਬੰਟੀ ਸੂਬੇ ਵਿਚ ਫੈਲੀ ਹਫੜਾ-ਦਫੜੀ ਅਤੇ ਅਰਾਜਕਤਾ ਦਾ ਸ਼ਿਕਾਰ ਹੋਇਆ ਸੀ। ਇਸ ਸਾਰੀ ਬਦਅਮਨੀ ਲਈ ਉਹ ਮੁੱਖ ਮੰਤਰੀ ਨੂੰ ਜ਼ਿੰਮੇਵਾਰ ਸਮਝਦੀ ਸੀ। ਜਦੋਂ ਦਾ ਉਹ ਮੁੱਖ ਮੰਤਰੀ ਬਣਿਆ ਸੀ ਅਤੇ ਅਕਾਲੀਆਂ ਵਿਚ ਕੁਰਸੀ-ਯੁੱਧ ਛਿੜਿਆ ਸੀ, ਉਦੋਂ ਦੇ ਲੋਕਾਂ ਦੇ ਘਰੀਂ ਮੁੜ ਸੱਥਰ ਵਿਛਣ ਲੱਗੇ ਸਨ। ਕਾਂਤਾ ਨੂੰ ਤਾਂ ਮੁੱਖ ਮੰਤਰੀ ਹੀ ਬੰਟੀ ਦਾ ਕਾਤਲ ਲੱਗਦਾ ਸੀ। ਉਸ ਦੀਆਂ ਕਮਜ਼ੋਰ ਨੀਤੀਆਂ ਕਾਰਨ ਪੁਲਿਸ ਪੁਲਿਸ ਨਹੀਂ ਸੀ ਰਹੀ। ਪੁਲਿਸ ਦਾ ਮਨੋਬਲ ਇੰਨਾ ਗਿਰ ਗਿਆ ਸੀ ਕਿ ਉਹ ਕੋਲ ਖੜੇ ਮੁਜਰਮ ਨੂੰ ਵੀ ਹੱਥ ਪਾਉਣ ਤੋਂ ਡਰਦੀ ਸੀ।

ਜੋ ਹੋਣਾ ਸੀ ਸੋ ਹੋ ਗਿਆ। ਹੁਣ ਮਗਰਮੱਛ ਵਾਲੇ ਹੰਝੂ ਵਹਾਉਣ ਦਾ ਕੀ ਫ਼ਾਇਦਾ ? ਘਰ ਤਾਂ ਕਾਂਤਾ ਦਾ ਉਜੜਿਆ ਹੈ। ਮੁੱਖ ਮੰਤਰੀ ਆਪਣਾ ਰਾਜਪਾਟ ਮਾਣਦਾ ਰਹੇ।

ਰਾਤ ਕਾਂਤਾ ਨੇ ਆਪਣੇ ਮਨ ਦੀ ਇਹ ਸਾਰੀ ਭੜਾਸ ਲਾਲਾ ਜੀ ਅੱਗੇ ਕੱਢ ਲਈ ਸੀ।

ਲਾਲਾ ਜੀ ਉਸ ਨਾਲ ਸਹਿਮਤ ਤਾਂ ਸਨ, ਪਰ ਸਨ ਮਜਬੂਰ। ਉਸ ਦਾ ਮਨ ਉਹਨਾਂ ਕਲਮੂੰਹੇਂ ਕਾਤਲਾਂ ਨੂੰ ਦੇਖਣ ਲਈ ਕਾਹਲਾ ਪੈ ਰਿਹਾ ਸੀ, ਜਿਨ੍ਹਾਂ ਅੰਦਰਲੀ ਸਾਰੀ ਮਾਨਵਤਾ ਮਰ ਚੁੱਕੀ ਸੀ, ਜਿਹੜੇ ਬੰਟੀ ਵਰਗੇ ਮਾਸੂਮਾਂ ਦਾ ਗਲਾ ਘੁੱਟਣ ਲੱਗੇ ਵੀ 'ਸੀ' ਨਹੀਂ ਕਰਦੇ। ਉਹ ਤਾਂ ਹੀ ਬੇਨਕਾਬ ਹੋ ਸਕਦੇ ਸਨ ਜੇ ਮੁੱਖ ਮੰਤਰੀ ਪੁਲਿਸ ਨੂੰ ਸਿਰ-ਧੜ ਦੀ ਬਾਜ਼ੀ ਲਾ ਕੇ ਕਾਤਲਾਂ ਨੂੰ ਫੜਨ ਦਾ ਹੁਕਮ ਦੇਵੇ।

ਲਾਲਾ ਜੀ ਅਤੇ ਉਸ ਦੇ ਚੇਲਿਆਂ ਦੀ ਅਕਲ 'ਤੇ ਕਾਂਤਾ ਨੂੰ ਰੋਣਾ ਆਇਆ ਸੀ। ਬੰਟੀ ਦੇ ਕਾਤਲਾਂ ਦੀ ਝਲਕ ਦੇਖਣੀ ਹੈ ਤਾਂ ਕਿਸੇ ਵੀ ਸਿਆਸੀ ਨੇਤਾ ਦੇ ਚਿਹਰੇ 'ਚੋਂ ਦੇਖ ਲੈਣ। ਪ੍ਰਧਾਨ ਮੰਤਰੀ, ਮੰਤਰੀ ਸਭ ਕਾਤਲ ਹਨ। ਕੋਈ ਬੰਟੀ ਦਾ ਕਾਤਲ ਹੈ, ਕੋਈ ਉਸ ਵਰਗੇ ਲੱਖਾਂ ਹੋਰਾਂ ਦਾ। ਮੁੱਖ ਮੰਤਰੀ ਤੋਂ ਕਾਤਲਾਂ ਦੀ ਸ਼ਨਾਖ਼ਤ ਦੀ ਆਸ ਰੱਖਣਾ ਸੰਘ ਦੀ ਅਕਲ ਦੇ ਨਿਕਲੇ ਜਨਾਜ਼ੇ ਦਾ ਸਬੂਤ ਸੀ। ਕੋਈ ਆਪਣੇ ਪੈਰੋਕਾਰਾਂ ਨੂੰ ਵੀ ਕਟਹਿਰੇ ਵਿਚ ਖੜਾ ਕਰ ਸਕਦੈ ਭਲਾ ?

ਕਾਂਤਾ ਦੀਆਂ ਦਲੀਲਾਂ ਦਾ ਲਾਲਾ ਜੀ ਕੋਲ ਕੋਈ ਜਵਾਬ ਨਹੀਂ ਸੀ। ਉਸ ਨੇ ਔਰਤਾਂ ਵਾਂਗ ਅੱਖਾਂ ਭਰ ਲਈਆਂ। ਮੁੱਖ ਮੰਤਰੀ ਨੂੰ ਘਰੇ ਆਉਣ ਤੋਂ ਰੋਕਣ ਦੀ ਲਾਲਾ ਜੀ ਵਿਚ ਹਿੰਮਤ ਨਹੀਂ ਸੀ। ਆਪਣੀ ਇੱਜ਼ਤ ਦਾ ਵਾਸਤਾ ਪਾ ਕੇ ਉਹ ਕਾਂਤਾ ਨੂੰ ਮਨਾਉਣ ਲੱਗੇ।

ਸਹੁਰੇ ਅੱਗੇ ਹਥਿਆਰ ਸੁੱਟਣ ਤੋਂ ਸਿਵਾ ਕਾਂਤਾ ਕਰ ਵੀ ਕੀ ਸਕਦੀ ਸੀ ? ਹੁਣ ਕਿਹੜੇ ਮੂੰਹ ਕਾਂਤਾ ਮੁੱਖ ਮੰਤਰੀ ਦੇ ਸਵਾਗਤ ਲਈ ਹਾਰ-ਸ਼ਿੰਗਾਰ ਕਰੇ ?

ਕਾਂਤਾ ਦੀ ਮਰਜ਼ੀ ਨੂੰ ਕੋਈ ਪਹਿਲੀ ਵਾਰ ਤਾਂ ਅਣਡਿੱਠਾ ਨਹੀਂ ਸੀ ਕੀਤਾ ਗਿਆ। ਇਸ ਘਰ ਵਿਚ ਉਸ ਨੂੰ ਪੁੱਛਦਾ ਹੀ ਕੌਣ ਸੀ ? ਕਈ ਵਾਰ ਕਾਂਤਾ ਨੂੰ ਲੱਗਦਾ ਸੀ, ਉਹ ਪੈਦਾ ਹੀ ਲਤਾੜੇ ਜਾਣ ਲਈ ਹੋਈ ਸੀ।

ਬੰਦੇ ਤਾਂ ਬੰਦੇ, ਉਸ ਦੇ ਤਾਂ ਕੁਦਰਤ ਵੀ ਹੱਥ ਧੋ ਕੇ ਪਿੱਛੇ ਪੈ ਗਈ ਲੱਗਦੀ ਸੀ।

ਹਾਲੇ ਦੋ ਸਾਲ ਪਹਿਲਾਂ ਹੀ ਉਸ ਦੇ ਮੱਥੇ ਤੋਂ ਸੁਹਾਗ ਦੀ ਬਿੰਦੀ ਪੂੰਝੀ ਗਈ ਸੀ। ਹੱਸਦੀ-ਖੇਡਦੀ ਕਾਂਤਾ ਅਚਾਨਕ ਹੀ ਵਿਧਵਾ ਹੋ ਗਈ ਸੀ। ਉਸ ਦਾ ਬਲਦੇਵ ਟਰੱਕ ਹੇਠ ਕੁਚਲਿਆ ਗਿਆ ਸੀ।

ਕਾਂਤਾ ਨੂੰ ਅੱਜ ਤਕ ਯਕੀਨ ਨਹੀਂ ਆਇਆ ਕਿ ਉਸ ਦਾ ਬਲਦੇਵ ਕਦੇ ਵੀ ਮੁੜ ਕੇ ਘਰ ਨਹੀਂ ਆਏਗਾ। ਯਕੀਨ ਆਵੇ ਵੀ ਕਿਵੇਂ ? ਉਸ ਨੂੰ ਕਿਹੜਾ ਬਲਦੇਵ ਦੇ ਆਖ਼ਰੀ ਦਰਸ਼ਨ ਕਰਾਏ ਗਏ ਸਨ। ਦਰਸ਼ਨ ਕਿਥੋਂ ਕਰਾਉਂਦੇ ? ਟਰੱਕ ਨੇ ਦੇਖਣ ਵਾਲਾ ਛੱਡਿਆ ਹੀ ਕੀ ਸੀ ? ਸਾਰਾ ਸਰੀਰ ਹੀ ਫੀਤਾ-ਫੀਤਾ ਕਰ ਦਿੱਤਾ ਸੀ।

ਕਾਂਤਾ ਨੂੰ ਬੰਟੀ ਦੇ ਮਰਨ 'ਤੇ ਵੀ ਯਕੀਨ ਨਹੀਂ। ਕਾਂਤਾ ਨੂੰ ਪਹਿਲਾਂ ਆਖਿਆ ਗਿਆ ਸੀ ਕਿ ਬੰਟੀ ਨੂੰ ਘਰ ਲਿਆਂਦਾ ਜਾਏਗਾ। ਉਸ ਦੀ ਗੋਦ ਵਿਚ ਪਾਇਆ ਜਾਏਗਾ। ਫੇਰ ਉਸ ਨੂੰ ਦੱਸਿਆ ਗਿਆ, ਪੋਸਟਮਾਰਟਮ ਨੂੰ ਦੇਰ ਹੋ ਗਈ ਸੀ। ਲਾਸ਼ ਦਾ ਘਰ ਲਿਆਉਣਾ ਮੁਸ਼ਕਲ ਸੀ। ਸੂਰਜ ਛੁਪਣ ਵਾਲਾ ਸੀ। ਕਾਂਤਾ ਨੂੰ ਡੈੱਡ ਹਾਊਸ ਵੱਲ ਧੂਹਿਆ ਗਿਆ। ਕਾਂਤਾ ਨਾਲ ਧੋਖਾ ਹੋਇਆ ਸੀ, ਸਾਰਾ ਧੋਖਾ।

ਜਿਹੜੇ ਗਿਣਵੇਂ ਪਲ ਬੰਟੀ ਦੇ ਦਰਸ਼ਨਾਂ ਲਈ ਮਿਲੇ, ਉਹਨਾਂ ਵਿਚ ਉਹ ਬੰਟੀ ਨੂੰ ਚੱਜ ਨਾਲ ਦੇਖ ਵੀ ਨਾ ਸਕੀ। ਜਿਹੜੀ ਲਾਸ਼ ਉਸ ਨੂੰ ਦਿਖਾਈ ਗਈ ਸੀ, ਉਹ ਬੰਟੀ ਦੀ ਨਹੀਂ ਸੀ ਲੱਗਦੀ। ਉਹ ਬੱਚਾ ਤਾਂ ਮਾੜਚੂ ਜਿਹਾ ਸੀ, ਹੱਡੀਆਂ ਦਾ ਢਾਂਚਾ। ਉਸ ਦਾ ਬੰਟੀ ਤਾਂ ਲੁਗ-ਲੁਗ ਕਰਦਾ ਸੀ। ਉਸ ਬੱਚੇ ਦਾ ਚਿਹਰਾ ਕਾਲਾ ਸ਼ਾਹ ਸੀ, ਬੰਟੀ ਗੋਰਾ ਨਿਛੋਹ ਸੀ। ਲਾਸ਼ ਦਾ ਤਾਂ ਕੁਝ ਵੀ ਬੰਟੀ ਨਾਲ ਨਹੀਂ ਸੀ ਮਿਲਦਾ।

ਹਿੰਮਤ ਕਰ ਕੇ ਕਾਂਤਾ ਨੇ ਪੇਟ ਨੰਗਾ ਕੀਤਾ। ਬੰਟੀ ਹੋਇਆ ਤਾਂ ਪੇਟ 'ਤੇ ਲਸਣ ਦਾ ਨਿਸ਼ਾਨ ਜ਼ਰੂਰ ਹੋਏਗਾ। ਪੇਟ ਸਿਊਣ ਨਾਲ ਭਰੇ ਵੱਡੇ-ਵੱਡੇ ਸੜੋਪੇ ਦੇਖ ਕੇ ਕਾਂਤਾ ਦੀਆਂ ਅੱਖਾਂ ਅੱਗੇ ਭੰਬੂ-ਤਾਰੇ ਨੱਚਣ ਲੱਗੇ। ਉਹ ਧੜੱਮ ਦੇਣੇ ਪਿਛਾਂਹ ਗਿਰ ਗਈ। ਲਸਣ ਦੇਖਣ ਦਾ ਸਮਾਂ ਹੀ ਨਾ ਮਿਲਿਆ।

ਜਦੋਂ ਹੋਸ਼ ਆਈ, ਬੰਟੀ ਮਿੱਟੀ ਨਾਲ ਮਿੱਟੀ ਹੋ ਚੁੱਕਾ ਸੀ।

ਲਾਲਾ ਜੀ ਦੇ ਮਨ ਵਿਚ ਵੀ ਇਹੋ ਸ਼ੱਕ ਸੀ। ਉਹ ਸਾਫ਼-ਸਾਫ਼ ਤਾਂ ਨਹੀਂ ਸੀ ਆਖਦੇ, ਪਰ ਸ਼ੰਕਾ ਅਕਸਰ ਪ੍ਰਗਟ ਕਰਦੇ ਸਨ। ਉਹਨਾਂ ਦੇ ਮੂੰਹੋਂ ਕਈ ਵਾਰ ਨਿਕਲਿਆ ਸੀ ਕਿ ਮਰਨ ਵਾਲਾ ਉਹਨਾਂ ਦਾ ਪੋਤਾ ਨਹੀਂ ਸੀ।

ਕਾਂਤਾ ਨੂੰ ਲੱਗਦਾ ਸੀ, ਗੁਰਦੁਆਰੇ ਦੀ ਤਲਾਸ਼ੀ ਤੋਂ ਡਰਦੀ ਪੁਲਿਸ ਨੇ ਕਿਸੇ ਹੋਰ ਮਾਂ ਦੇ ਢਿੱਡ ਦੇ ਆਂਡੇ ਨੂੰ ਕਾਂਤਾ ਦੀ ਝੋਲੀ ਪਾ ਦਿੱਤਾ ਸੀ।

ਕਾਂਤਾ ਨੂੰ ਸੌ ਫ਼ੀਸਦੀ ਯਕੀਨ ਸੀ ਕਿ ਬੰਟੀ ਜ਼ਿੰਦਾ ਸੀ। ਉਹ ਕਾਂਤਾ ਨੂੰ ਛੱਡ ਕੇ ਕਿਧਰੇ ਜਾ ਨਹੀਂ ਸਕਦਾ।

ਫੇਰ ਵੀ ਸਾਰਾ ਟੱਬਰ ਉਸ ਦਾ ਵੈਰੀ ਬਣ ਗਿਆ ਲੱਗਦਾ ਸੀ। ਉਸ ਦੇ ਅੱਧੋ-ਰਾਣੇ ਕੱਪੜੇ ਗ਼ਰੀਬ ਬੱਚਿਆਂ ਵਿਚ ਵੰਡ ਦਿੱਤੇ ਗਏ ਸਨ। ਉਸ ਦੇ ਸਾਰੇ ਖਿਡੌਣੇ, ਨਵੇਂ ਕੱਪੜੇ, ਕਿਤਾਬਾਂ

ਅਤੇ ਫ਼ੋਟੋਆਂ ਅਲਮਾਰੀ ਵਿਚ ਸਾਂਭ ਦਿੱਤੀਆਂ ਗਈਆਂ ਸਨ। ਬਹਾਨਾ ਵਧੀਆ ਸੀ, ਕਾਂਤਾ ਸਾਰਾ ਦਿਨ ਪਾਗ਼ਲਾਂ ਵਾਂਗ ਖਿਡੌਣਿਆਂ ਨਾਲ ਗੱਲਾਂ ਕਰਦੀ ਰਹਿੰਦੀ ਹੈ। ਉਹਨਾਂ ਨੂੰ ਸਾਹਮਣੇ ਰੱਖ ਕੇ ਬੰਟੀ ਨੂੰ ਆਵਾਜ਼ਾਂ ਮਾਰਦੀ ਹੈ।

ਘਰ ਵਿਚੋਂ ਬੰਟੀ ਦਾ ਨਾਮੋ-ਨਿਸ਼ਾਨ ਹੀ ਮਿਟਾ ਦਿੱਤਾ ਗਿਆ ਸੀ। ਇਸ ਕਾਰਨ ਕਾਂਤਾ ਦਾ ਮਨ ਹੋਰ ਵੀ ਮਸੋਸਿਆ ਗਿਆ ਸੀ। ਉਹ ਸੱਚਮੁੱਚ ਹੀ ਪਾਗ਼ਲ ਹੋ ਕੇ ਘਰੋਂ ਨਿਕਲ ਗਈ ਹੁੰਦੀ, ਜੇ ਉਸ ਦੀਆਂ ਦੋਵੇਂ ਧੀਆਂ ਉਸ ਦਾ ਰਸਤਾ ਰੋਕੀ ਨਾ ਖੜੀਆਂ ਹੁੰਦੀਆਂ।

ਧੀਆਂ ਕਦੇ ਕਾਂਤਾ ਨੂੰ ਦੁੱਧ ਦੀਆਂ ਨਾਲਾਂ ਲੱਗਦੀਆਂ, ਕਦੇ ਵਿਹੁ ਦੀਆਂ ਗੰਦਲਾਂ।

ਵਿਹੁ ਦੀਆਂ ਗੰਦਲਾਂ ਇਸ ਲਈ ਕਿ ਉਹ ਸਾਰਾ ਦਿਨ ਬੰਟੀ ਨਾਲ ਖਹਿਬੜਦੀਆਂ ਰਹਿੰਦੀਆਂ ਸਨ। ਕਦੇ ਉਸ ਦੇ ਖਿਡੌਣੇ ਖੋਹ ਲਏ, ਕਦੇ ਬਿਸਕੁਟ ਅਤੇ ਕਦੇ ਕਾਪੀ ਪੈਂਸਲ। ਜ਼ਿੱਦੀ ਸੁਭਾਅ ਕਾਰਨ ਉਹ ਕਾਂਤਾ ਤੋਂ ਵੀ ਦੋ-ਚਾਰ ਖਾ ਲੈਂਦਾ। ਬੰਟੀ ਦਾ ਹੋਰ ਤਾਂ ਕੋਈ ਜ਼ੋਰ ਨਾ ਚੱਲਦਾ, ਉਹ ਕੰਧਾਂ ਨਾਲ ਟੱਕਰਾਂ ਮਾਰਨ ਲੱਗਦਾ। ਇਕ ਵਾਰ ਰੋਣ ਲੱਗਦਾ ਤਾਂ ਘੰਟਾ-ਘੰਟਾ ਰੋਂਦਾ ਰਹਿੰਦਾ। ਕਾਂਤਾ ਦੇ ਹਾੜ੍ਹੇ ਕੱਢਣ 'ਤੇ ਵੀ ਚੁੱਪ ਨਾ ਕਰਦਾ। ਬੰਟੀ ਨੂੰ ਦੁਖੀ ਕਰਨ ਵਾਲੀਆਂ ਇਹ ਭੈਣਾਂ ਕਾਂਤਾ ਨੂੰ ਕਿਵੇਂ ਚੰਗੀਆਂ ਲੱਗਣ।

ਜਿਸ ਦਿਨ ਦਾ ਬੰਟੀ ਗੁੰਮ ਹੋਇਆ ਸੀ, ਇਹ ਵੀ ਬਲੂੰਗੜਿਆਂ ਵਾਂਗ ਸਹਿਮ ਗਈਆਂ ਸਨ। ਉਹਨਾਂ ਦੇ ਇਸ ਸਾਊਪੁਣੇ ਤੋਂ ਕਾਂਤਾ ਚਿੜਨ ਲੱਗਦੀ।

"ਹੁਣ ਨਸਾਲ ਲਓ ਟੰਗਾਂ ਭੂਤਨੀਓਂ.....ਫਿਰਦੀਆਂ ਰਹੋ ਕੱਲ-ਮੁਕੱਲੀਆਂ.....ਸਾਂਭ ਲਓ ਸਾਰੇ ਖਿਡੌਣੇ.....ਕਾਪੀਆਂ ਪੈਂਸਲਾਂ.....ਉਹ ਤਾਂ ਗਿਆ ਵਿਚਾਰਾ....."

ਉਹ ਧਾਹਾਂ ਮਾਰ-ਮਾਰ ਕਾਂਤਾ ਨੂੰ ਚਿੰਬੜ ਜਾਂਦੀਆਂ। ਕੰਨਾਂ ਨੂੰ ਫੜ ਕੇ ਆਖਦੀਆਂ :

"ਮੰਮੀ ਇਕ ਵਾਰ ਬੰਟੀ ਨੂੰ ਘਰ ਲੈ ਆਉ.....ਮੁੜ ਕੇ ਕਦੇ ਨਹੀਂ ਲੜਦੇ, ਅਸੀਂ ਉਸ ਤੋਂ ਕੋਈ ਚੀਜ਼ ਨਹੀਂ ਮੰਗਦੀਆਂ.....ਮੋੜ ਲਿਆ ਸਾਡੇ ਵੀਰ ਨੂੰ.....।"

ਛੋਟੀ ਨੇ ਤਾਂ ਆਪਣੀਆਂ ਸਾਰੀਆਂ ਖੇਡਾਂ ਕਾਂਤਾ ਦੇ ਮੰਜੇ ਹੇਠ ਲਿਆ ਰੱਖੀਆਂ। ਜਦੋਂ ਬੰਟੀ ਆਵੇ, ਉਸ ਨੂੰ ਦੇ ਦੇਵੋ।

ਬੱਚੀਆਂ ਦੀਆਂ ਗੱਲਾਂ ਸੁਣ-ਸੁਣ ਕਾਂਤਾ ਵੀ ਪਰਲ-ਪਰਲ ਹੰਝੂ ਵਹਾਉਣ ਲੱਗਦੀ। ਕਿਥੋਂ ਮੋੜ ਲਿਆਵੇ ਉਹ ਬੰਟੀ ਨੂੰ ?

ਲਾਡਲੀਆਂ ਬੱਚੀਆਂ ਕਦੇ ਕਾਂਤਾ ਨੂੰ ਡੈਣਾਂ ਲੱਗਣ ਲੱਗਣਗੀਆਂ, ਇਹ ਤਾਂ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ। ਕਾਂਤਾ ਤਾਂ ਬੜੇ ਫ਼ਖ਼ਰ ਨਾਲ ਆਖਿਆ ਕਰਦੀ ਸੀ ਕਿ ਧੀਆਂ ਅਤੇ ਪੁੱਤਾਂ ਵਿਚ ਕੋਈ ਫ਼ਰਕ ਨਹੀਂ ਹੁੰਦਾ।

ਜਦੋਂ ਸ਼ੀਲੂ ਪੈਦਾ ਹੋਈ ਸੀ ਤਾਂ ਸਾਰੇ ਟੱਬਰ ਦੇ ਚਿਹਰੇ ਮੁਰਝਾ ਗਏ ਸਨ। ਇਕ ਕਾਂਤਾ ਹੀ ਸੀ, ਜਿਸ ਤੋਂ ਚਾਅ ਸਾਂਭਿਆ ਨਹੀਂ ਸੀ ਜਾਂਦਾ। ਉਹ ਕੁੜੀ ਨੂੰ ਮੁੰਡਿਆਂ ਨਾਲੋਂ ਵੱਧ ਲਾਇਕ ਬਣਾਉਣ ਦੇ ਸੁਪਨੇ ਦੇਖਦੀ ਸੀ।

"ਕੁੜੀ ਲੱਛਮੀ ਦਾ ਰੂਪ ਹੁੰਦੀ ਹੈ।" ਹਾਰ ਕੇ ਘਰ ਦੇ ਕਾਂਤਾ ਦੀ ਹਾਂ ਵਿਚ ਹਾਂ ਮਿਲਾਉਣ ਲਈ ਮਜਬੂਰ ਹੋਏ ਸਨ।

ਨੀਰੂ ਪੇਟ ਵਿਚ ਆਈ ਤਾਂ ਬਲਦੇਵ ਜ਼ਿੱਦ ਫੜ ਕੇ ਬੈਠ ਗਿਆ। ਉਹਨਾਂ ਨੂੰ ਕੇਵਲ ਦੋ ਬੱਚੇ ਚਾਹੀਦੇ ਸਨ। ਇਕ ਲੜਕਾ ਅਤੇ ਇਕ ਲੜਕੀ। ਉਹ ਪੇਟ ਵਿਚਲੇ ਬੱਚੇ ਦਾ ਸੈਕਸ ਟੈਸਟ ਕਰਵਾਉਣਾ ਚਾਹੁੰਦਾ ਸੀ। ਕਾਂਤਾ ਨੇ ਸਾਫ਼ ਨਾਂਹ ਕਰ ਦਿੱਤੀ। ਜੋ ਵੀ ਹੋਇਆ, ਉਸ ਨੂੰ ਮਨਜ਼ੂਰ

ਹੋਏਗਾ। ਘਰ ਵਿਚ ਲੜਕੇ ਦਾ ਹੋਣਾ ਕੋਈ ਜ਼ਰੂਰੀ ਨਹੀਂ। ਜੇ ਜ਼ਰੂਰੀ ਹੈ ਵੀ ਤਾਂ ਕਿਸੇ ਨੂੰ ਗੋਦ ਲਿਆ ਜਾ ਸਕਦਾ ਹੈ। ਵਿਆਹ ਪਿੱਛੋਂ ਕਿਸੇ ਜਵਾਈ ਨੂੰ ਵੀ ਘਰ ਰੱਖਿਆ ਜਾ ਸਕਦਾ ਹੈ।

ਨੀਰੂ ਹੋਈ ਤਾਂ ਘਰ ਵਿਚ ਮਾਤਮ ਛਾ ਗਿਆ। ਆਂਢ-ਗੁਆਂਢ ਇਉਂ ਸੋਗ ਕਰਨ ਆਇਆ, ਜਿਵੇਂ ਘਰ ਵਿਚ ਕੋਈ ਜੰਮਿਆ ਨਹੀਂ, ਮਰਿਆ ਹੋਵੇ। ਕਾਂਤਾ ਨੇ ਕਿਸੇ ਨੂੰ ਮੂੰਹ ਨਹੀਂ ਸੀ ਲਾਇਆ, ਸਭ ਨੂੰ ਫਿਟਕਾਰਿਆ ਸੀ। ਉਸ ਨੂੰ ਧੀਆਂ ਜੰਮਣ 'ਤੇ ਅਫ਼ਸੋਸ ਨਹੀਂ ਸੀ।

ਬਲਦੇਵ ਕਈ ਮਹੀਨੇ ਕਾਂਤਾ ਨਾਲ ਰੁੱਸਿਆ ਰਿਹਾ। ਉਸ ਦਾ ਕਹਿਣਾ ਸੀ ਕਿ ਕਾਂਤਾ ਦੀ ਅੜੀ ਕਰਕੇ ਉਸ ਦੇ ਮੋਢਿਆਂ 'ਤੇ ਬੋਝ ਆ ਪਿਆ ਹੈ। ਲਾਲਾ ਜੀ ਵੀ ਕਦੇ ਪੋਤੀਆਂ ਨੂੰ ਹਿੱਕ ਨਾਲ ਨਹੀਂ ਸੀ ਲਾਉਂਦੇ।

ਬੰਟੀ ਪੇਟ ਵਿਚ ਆਇਆ ਤਾਂ ਕਾਂਤਾ ਇਸ ਅਣਚਾਹੇ ਗਰਭ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਸੀ। ਤੀਜੇ ਬੱਚੇ ਦੀ ਕੋਈ ਜ਼ਰੂਰਤ ਨਹੀਂ ਸੀ। ਬਲਦੇਵ ਨੇ ਸੈਕਸ ਟੈਸਟ ਕਰਾਉਣ ਦੀ ਜ਼ਿੱਦ ਕੀਤੀ ਅਤੇ ਧਮਕੀ ਵੀ ਦਿੱਤੀ। ਹਾਰ ਕੇ ਕਾਂਤਾ ਨੂੰ ਹਥਿਆਰ ਸੁੱਟਣੇ ਪਏ। ਸ਼ੁਕਰ ਸੀ ਉਹ ਬੰਟੀ ਸੀ।

ਬੰਟੀ ਦੇ ਪੈਦਾ ਹੁੰਦਿਆਂ ਹੀ ਬਲਦੇਵ ਛੋਟੇ ਪਰਿਵਾਰ ਦੀਆਂ ਗੱਲਾਂ ਭੁੱਲ ਗਿਆ। ਮੁੰਡਿਆਂ ਦੀ ਜੋੜੀ ਦੀ ਇੱਛਾ ਰੱਖਣ ਲੱਗਾ। ਕੁੜੀਆਂ ਨੇ ਤਾਂ ਆਪਣੇ ਘਰ ਤੁਰ ਜਾਣਾ ਹੈ। ਇਕਲੌਤੇ ਪੁੱਤਰ ਦਾ ਕੀ ਪਤੈ, ਕੀ ਬਣੇ ? ਦੋ ਹੋਣਗੇ ਤਾਂ ਉਹਨਾਂ ਦਾ ਭਵਿੱਖ ਸੁਰੱਖਿਅਤ ਰਹੇਗਾ।

ਬਲਦੇਵ ਕੋਲ ਆਪਣੀ ਦਲੀਲ ਦੇ ਹੱਕ ਵਿਚ ਕਈ ਉਦਾਹਰਣਾਂ ਸਨ।

ਸਭ ਤੋਂ ਪਹਿਲਾਂ ਉਹ ਕਾਂਤਾ ਦੇ ਮਾਮੇ ਦੀ ਗੱਲ ਛੇੜਦਾ। ਉਹਨਾਂ ਇਕੋ ਪੁੱਤਰ ਜੰਮ ਕੇ ਬੱਸ ਕਰ ਦਿੱਤੀ ਸੀ। ਮੁੰਡਾ ਬੇਹੱਦ ਲਾਇਕ ਨਿਕਲਿਆ। ਅੱਠਵੀਂ ਤਕ ਵਜ਼ੀਫ਼ੇ ਲੈਂਦਾ ਰਿਹਾ, ਨੌਂਵੀਂ 'ਚ ਜਾ ਕੇ ਦਿਮਾਗ਼ ਦਾ ਕੈਂਸਰ ਹੋ ਗਿਆ। ਤਿੰਨ ਸਾਲ ਇਲਾਜ ਚੱਲਦਾ ਰਿਹਾ, ਘਰ-ਬਾਰ ਸਾਰਾ ਉਸ ਦੀ ਬੀਮਾਰੀ 'ਤੇ ਲੱਗ ਗਿਆ। ਪੱਲੇ ਪਿਆ ਤਾਂ ਰੋਣ-ਧੋਣ। ਸਾਹਮਣੇ ਖੜੀ ਮੌਤ ਨੂੰ ਦੇਖ ਮਾਮੀ ਨੇ ਰੋ-ਰੋ ਆਪਣੀਆਂ ਅੱਖਾਂ ਗਾਲ੍ਹ ਲਈਆਂ। ਦੁੱਖ 'ਚ ਬੱਚੇਦਾਨੀ 'ਚ ਨੁਕਸ ਪੈ ਗਿਆ। ਮੁੜ ਬੱਚਾ ਪੈਦਾ ਨਹੀਂ ਹੋਇਆ। ਉਹਨਾਂ ਦੀ ਤਰਸਯੋਗ ਹਾਲਤ ਦੇਖੀ ਨਹੀਂ ਜਾਂਦੀ। ਦੋ ਬੱਚੇ ਹੁੰਦੇ ਤਾਂ ਇਹ ਦਿਨ ਤਾਂ ਨਾ ਦੇਖਣੇ ਪੈਂਦੇ।

ਬਲਦੇਵ ਦੇ ਬੈਂਕ ਮੈਨੇਜਰ ਦਾ ਵੀ ਕੁਝ ਅਜਿਹਾ ਹੀ ਹਾਲ ਸੀ। ਵਿਆਹ ਉਸ ਨੇ ਲੇਟ ਕਰਾਇਆ। ਫਿਰ ਬੱਚਾ ਦੇਰ ਨਾਲ ਜੰਮਿਆ। ਲਾਡ ਲਡਾ-ਲਡਾ ਮਾਂ ਨੇ ਵਿਗਾੜ ਦਿੱਤਾ। ਕਾਲਜ ਅੱਪੜਦਾ-ਅੱਪੜਦਾ ਅਸੱਭਿਅਤਾ ਦੀਆਂ ਸਾਰੀਆਂ ਹੱਦਾਂ ਟੱਪ ਗਿਆ। ਨਸ਼ੇ, ਚੋਰੀਆਂ, ਸਾਰੇ ਵੈਲ-ਐਬ ਸਹੇੜ ਲਏ। ਕਈ ਵਾਰ ਪੁਲਿਸ ਨੇ ਫੜਿਆ। ਨਮੋਸ਼ੀ ਤੋਂ ਡਰਦੇ ਮੈਨੇਜਰ ਨੇ ਘਰੋਂ ਕੱਢ ਦਿੱਤਾ। ਨਸ਼ੇ 'ਚ ਧੁੱਤ ਕਦੇ ਸਟੇਸ਼ਨ 'ਤੇ ਪਿਆ ਹੁੰਦੈ, ਕਦੇ ਬੱਸ ਸਟੈਂਡ 'ਤੇ। ਇਸ ਉਮਰ ਵਿਚ ਹੋਰ ਬੱਚਾ ਵੀ ਪੈਦਾ ਨਹੀਂ ਹੋ ਸਕਦਾ। ਦਰ-ਦਰ ਦੀਆਂ ਠੋਕਰਾਂ ਖਾਂਦੇ ਫਿਰਦੇ ਹਨ।

ਕਾਂਤਾ ਦਾ ਆਪਣਾ ਤਰਕ ਸੀ। ਦੋ ਕਿਹੜਾ ਮਰ ਨਹੀਂ ਸਕਦੇ। ਪੰਜ-ਪੰਜ ਕਿਹੜਾ ਬਦਮਾਸ਼ ਨਹੀਂ ਨਿਕਲ ਸਕਦੇ। ਕਾਂਤਾ ਉਹਨਾਂ ਦੀਆਂ ਉਦਾਹਰਣਾਂ ਦਿੰਦੀ, ਜਿਹੜੇ ਪੰਜ-ਪੰਜ, ਸੱਤ-ਸੱਤ ਪੁੱਤਾਂ ਦੇ ਮਾਪੇ ਹੁੰਦਿਆਂ ਵੀ ਰੋਟੀ ਨੂੰ ਤਰਸਦੇ ਫਿਰਦੇ ਸਨ। ਕਈ ਵਾਰ ਸਾਰੇ ਹੀ ਪੁੱਤਰ ਧੱਕੇ ਮਾਰ ਕੇ ਘਰੋਂ ਕੱਢ ਦਿੰਦੇ ਹਨ। ਉਹਨਾਂ ਦੇ ਤਾਂ ਫਿਰ ਵੀ ਦੋ ਧੀਆਂ ਹਨ। ਧੀਆਂ ਨੂੰ ਮਾਪੇ ਜ਼ਿਆਦਾ ਪਿਆਰੇ ਹੁੰਦੇ ਹਨ। ਉਹਨਾਂ ਦੇ ਭਵਿੱਖ ਨੂੰ ਕੋਈ ਖ਼ਤਰਾ ਨਹੀਂ ਸੀ।

ਕਾਂਤਾ ਹੋਰ ਗਰਭ ਧਾਰਨ ਤੋਂ ਟਲਦੀ ਸੀ।

ਉਸ ਨੂੰ ਕੀ ਪਤਾ ਸੀ ਕਿ ਇਕ ਦਿਨ ਬਲਦੇਵ ਦੀ ਭਵਿੱਖਬਾਣੀ ਸੱਚ ਹੋ ਜਾਣੀ ਸੀ।

ਬਲਦੇਵ ਅਤੇ ਬੰਟੀ ਬਿਨਾਂ ਕਾਂਤਾ ਦੀ ਜ਼ਿੰਦਗੀ ਅਰਥਹੀਣ ਹੋ ਗਈ ਸੀ।

ਹਾਲੇ ਪਹਾੜ ਜਿੱਡੀ ਉਮਰ ਅੱਗੇ ਖੜੀ ਸੀ। ਮੱਥੇ 'ਤੇ ਦੋ ਕਲੰਕ ਆ ਲੱਗੇ ਸਨ। ਨਿਪੁੱਤੀ ਅਤੇ ਵਿਧਵਾ। ਉਸ ਦੀ ਹਾਲੇ ਉਮਰ ਹੀ ਕੀ ਸੀ ? ਸਾਰੀ ਬੱਤੀ ਸਾਲ। ਉਸ ਦੀਆਂ ਕਈ ਸਹੇਲੀਆਂ ਦੇ ਤਾਂ ਹਾਲੇ ਵਿਆਹ ਵੀ ਨਹੀਂ ਸੀ ਹੋਏ।

ਲਾਲਾ ਜੀ ਪਿੱਛੇ ਲੱਗ ਕੇ ਕਾਂਤਾ ਨੌਕਰੀ ਦਾ ਇਕ ਮੌਕਾ ਗਵਾ ਚੁੱਕੀ ਸੀ। ਬਲਦੇਵ ਦੀ ਥਾਂ ਉਸ ਨੂੰ ਬੈਂਕ ਵਿਚ ਨੌਕਰੀ ਮਿਲ ਸਕਦੀ ਸੀ, ਪਰ ਲਾਲਾ ਜੀ ਨੂੰ ਇਹ ਪਸੰਦ ਨਹੀਂ ਸੀ ਕਿ ਉਹਨਾਂ ਦੀ ਨੂੰਹ ਮਰਦਾਂ 'ਚ ਬੈਠ ਕੇ ਹੀਂ-ਹੀਂ ਕਰੇ। ਵਿਧਵਾ ਔਰਤ ਦਾ ਆਂਚਲ ਤਾਂ ਪਵਿੱਤਰਤਾ ਦੀ ਹੋਰ ਵੀ ਮੰਗ ਕਰਦਾ ਹੈ। ਮਰਦਾਂ ਵਿਚ ਬੈਠੇਗੀ ਤਾਂ ਮਨ 'ਚ ਮੈਲ ਆਏਗੀ ਹੀ। ਉਸ ਸਮੇਂ ਕਾਂਤਾ ਇਸ ਤਰਕ ਨਾਲ ਸਹਿਮਤ ਸੀ। ਜਦੋਂ ਸੁਹਾਗ ਹੀ ਉੱਜੜ ਗਿਆ ਤਾਂ ਕਾਹਦੀ ਜ਼ਿੰਦਗੀ। ਕਾਂਤਾ ਦਾ ਮਨ ਭਟਕਿਆ ਹੋਇਆ ਸੀ। ਬੱਚੇ ਨਾ ਹੁੰਦੇ ਤਾਂ ਉਹ ਸੰਨਿਆਸ ਲੈ ਲੈਂਦੀ।

ਲੱਗੀਆਂ ਠੋਕਰਾਂ ਨੇ ਉਸ ਦੀ ਸੋਚ ਬਦਲ ਦਿੱਤੀ ਸੀ। ਬਲਦੇਵ ਦੀ ਗਰੈਜੁਇਟੀ ਦੇ ਸਹਾਰੇ ਉਹ ਕਿੰਨੇ ਕੁ ਦਿਨ ਕੱਟ ਸਕੇਗੀ ? ਬੰਟੀ ਦੇ ਮਰਨ ਨਾਲ ਲਾਲਾ ਜੀ ਤਾਂ ਕੁਝ ਦਿਨਾਂ ਵਿਚ ਹੀ ਅੱਧੇ ਰਹਿ ਗਏ। ਉਹ ਸਾਰੀ ਉਮਰ ਤਾਂ ਸਾਥ ਨਹੀਂ ਦੇ ਸਕਦੇ। ਕਾਂਤਾ ਨਹੀਂ ਸੀ ਚਾਹੁੰਦੀ, ਉਸ ਦੀਆਂ ਧੀਆਂ ਨੂੰ ਲੋਕਾਂ ਦੇ ਹੱਥਾਂ ਵੱਲ ਝਾਕਣਾ ਪਏ। ਧੀਆਂ ਨੂੰ ਪੈਰਾਂ ਸਿਰ ਕਰਨ ਲਈ ਪਹਿਲਾਂ ਕਾਂਤਾ ਨੂੰ ਪੈਰਾਂ ਸਿਰ ਖੜ੍ਹਨਾ ਪਏਗਾ।

ਕਾਂਤਾ ਨੌਕਰੀ ਕਰਨ ਦਾ ਮਨ ਕਾਫ਼ੀ ਚਿਰ ਤੋਂ ਬਣਾ ਚੁੱਕੀ ਸੀ। ਲਾਲਾ ਜੀ ਤੋਂ ਚੋਰੀ ਰੋਜ਼ਗਾਰ ਦਫ਼ਤਰ ਵਿਚ ਨਾਂ ਦਰਜ ਵੀ ਕਰਾ ਆਈ ਸੀ। ਉਹ ਦਸਵੀਂ ਪਾਸ ਸੀ। ਸ਼ਾਇਦ ਕਦੇ ਨੌਕਰੀ ਮਿਲ ਜਾਵੇ।

ਦੋ ਧੀਆਂ ਅਤੇ ਬੰਟੀ ਨਾ ਹੁੰਦੇ ਤਾਂ ਉਸ ਨੇ ਕਦੋਂ ਦਾ ਵਿਆਹ ਕਰਾ ਲੈਣਾ ਸੀ। ਆਖ਼ਰ ਮਰਿਆਂ ਨਾਲ ਕਾਹਦਾ ਮੋਹ ? ਨਾ ਮਰਿਆਂ ਨੇ ਵਾਪਸ ਆਉਣਾ ਸੀ, ਨਾ ਕੁਰਬਾਨੀ ਦੀ ਸ਼ਾਬਾਸ਼ ਦੇਣੀ ਸੀ, ਪਰ ਆਪਣੇ ਆਰਾਮ ਬਦਲੇ ਉਹ ਤਿੰਨ ਬੱਚਿਆਂ ਦਾ ਭਵਿੱਖ ਖ਼ਰਾਬ ਨਹੀਂ ਸੀ ਕਰ ਸਕਦੀ।

ਆਪਣੇ ਆਪ ਨਾਲ ਜੂਝਦੀ ਕਾਂਤਾ ਜ਼ਿੰਦਗੀ ਨੂੰ ਧੂੰਹਦੀ ਆ ਰਹੀ ਸੀ।

ਬੰਟੀ ਦੀ ਮੌਤ ਨੇ ਉਸ ਨੂੰ ਝੰਜੋੜ ਸੁੱਟਿਆ ਸੀ। ਉਸ ਦੀਆਂ ਸਾਰੀਆਂ ਯੋਜਨਾਂਵਾਂ ਧਰੀਆਂ-ਧਰਾਈਆਂ ਰਹਿ ਗਈਆਂ।

ਜਦੋਂ ਤੋਂ ਬੰਟੀ ਦੇ ਸਹੀ-ਸਲਾਮਤ ਘਰ ਮੁੜਨ ਦੀ ਆਸ ਮੁੱਕੀ ਸੀ ਤਾਂ ਕਾਂਤਾ ਪੱਥਰ ਬਣ ਕੇ ਰਹਿ ਗਈ ਸੀ। ਉਸ ਨੂੰ ਖਾਣਾ-ਪੀਣਾ ਭੁੱਲ ਗਿਆ। ਬੰਟੀ ਦੇ ਸੰਸਕਾਰ ਤੋਂ ਬਾਅਦ ਉਹ ਕੇਵਲ ਇਕ ਵਾਰ ਨਹਾਤੀ ਸੀ। ਉਸ ਦੇ ਵਾਲਾਂ ਦਾ ਝਥਰਾ ਬਣ ਗਿਆ ਸੀ। ਕੱਪੜੇ ਮੈਲੇ ਹੋ ਗਏ ਸਨ। ਘੜੀ-ਘੜੀ ਵਹਿੰਦੇ ਹੰਝੂਆਂ ਕਾਰਨ ਚਿਹਰੇ 'ਤੇ ਸੈਂਕੜੇ ਨਿਸ਼ਾਨ ਪੈ ਗਏ ਸਨ।

ਦਰਸ਼ਨ ਨੂੰ ਕਾਂਤਾ ਦਾ ਇਹ ਭੂਤਨੀਆਂ ਵਾਲਾ ਹੁਲੀਆ ਪਸੰਦ ਨਹੀਂ ਸੀ। ਮੁੱਖ ਮੰਤਰੀ ਕਿਸੇ ਵੀ ਸਮੇਂ ਘਰ ਆ ਸਕਦਾ ਸੀ। ਕਾਂਤਾ ਦਾ ਇਸ ਤਰ੍ਹਾਂ ਮੁੱਖ ਮੰਤਰੀ ਅੱਗੇ ਪੇਸ਼ ਹੋਣਾ ਅਜੀਬ-ਅਜੀਬ ਜਿਹਾ ਲੱਗੇਗਾ।

ਇਸ ਸਮੇਂ ਦਰਸ਼ਨ ਬਿਸਕੁਟਾਂ ਵਾਲੀਆਂ ਪਲੇਟਾਂ ਕੋਠੇ 'ਤੇ ਪਹੁੰਚਾ ਰਿਹਾ ਸੀ। ਹਰ ਵਾਰ ਉਹ ਕਾਂਤਾ ਦੇ ਕਮਰੇ 'ਚ ਝਾਤ ਮਾਰ ਜਾਂਦਾ। ਉਮੀਦ ਸੀ, ਸ਼ਾਇਦ ਅਗਲੇ ਚੱਕਰ 'ਚ ਸੰਭਲ

ਜਾਏ। ਜਦੋਂ ਕਾਂਤਾ ਉਸੇ ਤਰ੍ਹਾਂ ਪਈ ਰਹੀ ਤਾਂ ਦਰਸ਼ਨ ਤੋਂ ਰਿਹਾ ਨਾ ਗਿਆ। ਕੁਝ ਸਮਝਾਉਣ ਦੀ ਨੀਯਤ ਨਾਲ ਉਹ ਕਾਂਤਾ ਦੇ ਕਮਰੇ ਵਿਚ ਦਾਖ਼ਲ ਹੋਇਆ।

"ਭੈਣ ਜੀ, ਜ਼ਰਾ ਹੌਂਸਲਾ ਕਰੋ.....ਹੋਰ ਨਹੀਂ ਤਾਂ ਮੂੰਹ-ਹੱਥ ਹੀ ਧੋ ਲਓ.....ਮੁੱਖ ਮੰਤਰੀ ਜੀ ਕਿਸੇ ਵੀ ਸਮੇਂ ਆ ਸਕਦੇ ਹਨ।"

"ਤਿਆਰ ਹੋਣ ਨੂੰ ਮੈਂ ਮੁਕਲਾਵੇ ਜਾਣੈਂ ? ਭੱਠ 'ਚ ਪਏ ਤੇਰਾ ਮੁੱਖ ਮੰਤਰੀ ਨਾਲੇ ਤੇਰਾ ਸੰਘ.....ਮੈਂ ਕਿਸੇ ਦੇ ਮੱਥੇ ਨਹੀਂ ਲੱਗਣਾ।" ਦਰਸ਼ਨ ਦੇ ਚਿਹਰੇ 'ਤੇ ਟਪਕਦੀ ਖ਼ੁਸ਼ੀ ਕਾਂਤਾ ਦੇ ਸੀਨੇ 'ਚ ਬਲਦੀ ਅੱਗ ਲਈ ਬਾਲਣ ਬਣ ਗਈ। ਉਸ ਨੂੰ ਦਰਸ਼ਨ ਅਤੇ ਸਰਦਾਰ ਇਕੋ ਸਿੱਕੇ ਦੇ ਦੋ ਪਾਸੇ ਲੱਗੇ। ਦੋਵੇਂ ਬੰਟੀ ਦੀ ਮੌਤ ਤੋਂ ਸਿਆਸੀ ਲਾਭ ਲੈਣ 'ਤੇ ਤੁਲੇ ਹੋਏ ਸਨ। ਗ਼ੁੱਸੇ ਕਾਰਨ ਭਰ ਆਈਆਂ ਅੱਖਾਂ ਨੂੰ ਲੁਕਾਉਣ ਲਈ ਕਾਂਤਾ ਨੇ ਆਪਣਾ ਮੂੰਹ ਕੰਧ ਵੱਲ ਕਰ ਲਿਆ। ਉਹ ਦਰਸ਼ਨ ਤੋਂ ਪੁੱਛਣਾ ਚਾਹੁੰਦੀ ਸੀ ਕਿ ਜੇ ਮੁੱਖ ਮੰਤਰੀ ਆ ਰਿਹਾ ਹੈ ਤਾਂ ਇਸ ਵਿਚ ਖ਼ੁਸ਼ ਹੋਣ ਵਾਲੀ ਕਿਹੜੀ ਗੱਲ ਹੈ ? ਉਸ ਨੇ ਕੋਈ ਬੰਟੀ ਨੂੰ ਮੋੜ ਲਿਆਉਣਾ ਹੈ ?

ਖਰੀਆਂ-ਖਰੀਆਂ ਸੁਣ ਕੇ ਦਰਸ਼ਨ ਦਾ ਸੀਤ ਨਿਕਲ ਗਿਆ। ਢਿੱਲਾ ਜਿਹਾ ਮੂੰਹ ਬਣਾ ਕੇ ਕਮਰੇ 'ਚੋਂ ਬਾਹਰ ਜਾਣ ਤੋਂ ਸਿਵਾ ਉਸ ਕੋਲ ਕੋਈ ਚਾਰਾ ਨਹੀਂ ਸੀ। ਜਾਂਦਾ-ਜਾਂਦਾ ਉਹ ਦੋ-ਦੋ ਬਿਸਕੁਟ ਕੁੜੀਆਂ ਨੂੰ ਫੜਾ ਗਿਆ।

ਬਿਸਕੁਟ ਕਾਂਤਾ ਨੇ ਗਿਰਝ ਵਾਂਗ ਝਪਟ ਲਏ। ਇਸ ਦਾ ਇਹ ਵੀ ਮਤਲਬ ਸੀ, ਮਨ੍ਹਾਂ ਕਰਨ ਦੇ ਬਾਵਜੂਦ ਵੀ ਘਰ ਵਿਚ ਬਿਸਕੁਟ ਲਿਆਂਦੇ ਗਏ ਹਨ। ਇਸ ਦਾ ਇਹ ਵੀ ਮਤਲਬ ਸੀ ਕਿ ਕਾਂਤਾ ਦੀ ਹੁਣ ਇਸ ਘਰ ਵਿਚ ਕੋਈ ਗੱਲ ਮੰਨੀ ਹੀ ਨਹੀਂ ਜਾਇਆ ਕਰੇਗੀ।

ਬਿਸਕੁਟਾਂ ਨੂੰ ਤਰਸਦਾ ਬੰਟੀ ਉਸ ਦੀਆਂ ਅੱਖਾਂ ਅੱਗੇ ਆ ਖੜੋਤਾ।

ਬੰਟੀ ਬਿਸਕੁਟਾਂ ਨੂੰ ਬਹੁਤ ਪਿਆਰ ਕਰਦਾ ਸੀ। ਕਾਂਤਾ ਹਰ ਵਕਤ ਡੱਬਾ ਬਿਸਕੁਟਾਂ ਨਾਲ ਭਰੀ ਰੱਖਦੀ। ਉਸੇ ਦਿਨ ਉਸ ਦੀ ਯਾਦਦਾਸ਼ਤ ਨੂੰ ਪਤਾ ਨਹੀਂ ਕੀ ਹੋ ਗਿਆ ? ਬਿਸਕੁਟ ਰਾਤ ਦੇ ਮੁੱਕੇ ਹੋਏ ਸਨ। ਉਹ ਮੰਗਵਾਉਣਾ ਭੁੱਲ ਗਈ। ਸਕੂਲ ਜਾਣ ਲੱਗੇ ਬੰਟੀ ਨੂੰ ਜਦੋਂ ਬਿਸਕੁਟ ਨਾ ਮਿਲੇ, ਉਹ ਧੂੰਆਂ ਸੱਥਰ ਪਾ ਕੇ ਬੈਠ ਗਿਆ। ਆਖੇ ਬਿਸਕੁਟਾਂ ਬਿਨਾਂ ਸਕੂਲ ਨਹੀਂ ਜਾਣਾ। ਫ਼ਰਸ਼ 'ਤੇ ਲਿਟ-ਲਿਟ ਵਰਦੀ ਖ਼ਰਾਬ ਕਰ ਲਈ। ਵਾਲ ਪੁੱਟ ਸੁੱਟੇ। ਕਾਂਤਾ ਨੂੰ ਵੀ ਜਿਵੇਂ ਕੋਈ ਮਾੜਾ ਦਿਖਾਈ ਦੇ ਗਿਆ ਸੀ। ਉਸ ਨੇ ਵੀ ਬੰਟੀ ਨੂੰ ਚੁੱਪ ਨਾ ਕਰਾਇਆ। ਉਹ ਬੰਟੀ ਦੀਆਂ ਜ਼ਿਦਾਂ ਤੋਂ ਤੰਗ ਆ ਗਈ ਸੀ। ਸੋਚਿਆ ਰੋ-ਰੋ ਆਪੇ ਹੰਭ ਜਾਏਗਾ। ਕੁਦਰਤੀ ਲਾਲਾ ਜੀ ਵੀ ਘਰ ਨਹੀਂ ਸਨ। ਘਰ ਹੁੰਦੇ ਤਾਂ ਉਹੋ ਬੰਟੀ ਨੂੰ ਹਿੱਕ ਨਾਲ ਲਾ ਲੈਂਦੇ। ਮੋਮ ਵਾਂਗ ਪਿਘਲੀ ਕਾਂਤਾ ਬੰਟੀ ਦੇ ਚੁੱਪ ਹੋਣ ਨੂੰ ਉਡੀਕਦੀ ਰਹੀ। ਆਖ਼ਰ ਬੰਟੀ ਨੂੰ ਹੀ ਹਥਿਆਰ ਸੁੱਟਣੇ ਪਏ। ਕੁਝ ਕੁ ਮਿੰਟ ਹਉਕੇ ਭਰ ਕੇ ਉਹ ਚੁੱਪ ਕਰ ਗਿਆ।

ਬੱਘੀ ਵਾਲਾ ਆਇਆ ਤਾਂ ਬਸਤਾ ਚੁੱਕ ਕੇ ਸਕੂਲ ਤੁਰ ਗਿਆ। ਖ਼ਰਚਣ ਲਈ ਨਾ ਪੈਸੇ ਲਏ ਨਾ ਲੰਚ-ਬੌਕਸ। ਕਾਂਤਾ ਦੀਆਂ ਤਾਂ ਉਸੇ ਵਕਤ ਭੁੱਬਾਂ ਨਿਕਲ ਗਈਆਂ ਸਨ। ਕੀ ਪਤਾ ਸੀ ਉਹ ਸਾਰੀ ਉਮਰ ਲਈ ਰੁੱਸ ਕੇ ਜਾ ਰਿਹੈ ? ਬੰਟੀ ਨੇ ਜਾਣਾ ਸੀ ਤਾਂ ਮਾਂ ਤੋਂ ਖ਼ੁਸ਼ੀ-ਖ਼ੁਸ਼ੀ ਤਾਂ ਵਿਦਾ ਹੁੰਦਾ। ਰੱਜ-ਪੁੱਜ ਕੇ ਘਰੋਂ ਜਾਂਦਾ। ਮਾਂ ਦੇ ਮਨ 'ਚ ਇਹ ਤਾਂ ਨਾ ਰਹਿ ਜਾਂਦਾ ਕਿ ਬੰਟੀ ਭੁੱਖਣ-ਭਾਣਾ ਹੀ ਤੁਰ ਗਿਆ। ਉਹ ਵੀ ਚੰਦਰੇ ਬਿਸਕੁਟਾਂ ਨੂੰ।

ਜਦੋਂ ਕਾਂਤਾ ਨੇ ਸਹੁੰ ਖਾਧੀ ਸੀ ਕਿ ਜਿਊਂਦੇ-ਜੀ ਉਹ ਬਿਸਕੁਟਾਂ ਨੂੰ ਘਰ ਨਹੀਂ ਵੜਨ ਦੇਵੇਗੀ ਤਾਂ ਘਰ ਵਿਚ ਬਿਸਕੁਟ ਕਿਉਂ ਲਿਆਂਦੇ ਗਏ ? ਬਿਸਕੁਟਾਂ ਨੇ ਕਾਂਤਾ ਅੰਦਰ ਮੱਚਦੀ

ਵਿਦਰੋਹ ਦੀ ਲਾਟ ਨੂੰ ਹੋਰ ਉੱਚਾ ਕਰ ਦਿੱਤਾ। ਉਸ ਦਾ ਮਨ ਕਰਨ ਲੱਗਾ ਕਿ ਭੂਤਰੀ ਗਾਂ ਵਾਂਗ ਉਹ ਸਾਰੇ ਭੜਥੂ ਪਾ ਦੇਵੇ। ਟੈਂਟ ਪੁੱਟ ਸੁੱਟੇ, ਕਰਾਕਰੀ ਤੋੜ ਦੇਵੇ। ਬਿਸਕੁਟਾਂ ਅਤੇ ਬਰਫ਼ੀ ਨੂੰ ਪੈਰਾਂ ਹੇਠ ਮਸਲ ਦੇਵੇ। ਸਹੁਰੇ ਦੀ ਇੱਜ਼ਤ ਨੂੰ ਧਿਆਨ 'ਚ ਰੱਖਦਿਆਂ ਉਹ ਇੰਝ ਤਾਂ ਨਾ ਕਰ ਸਕੀ, ਪਰ ਆਪਣੀਆਂ ਧੀਆਂ 'ਤੇ ਜ਼ੋਰ ਜ਼ਰੂਰ ਚਲਾ ਲਿਆ। ਉਹਨਾਂ ਤੋਂ ਖੋਹ ਕੇ ਬਿਸਕੁਟ ਗਲੀ 'ਚ ਵਗਾਹ ਮਾਰੇ।

ਮੁੱਖ ਮੰਤਰੀ ਸ਼ਹਿਰ 'ਚ ਪਹੁੰਚ ਚੁੱਕਾ ਸੀ। ਸੰਘ ਦੇ ਕਿਸੇ ਵਰਕਰ ਨੇ ਲਾਲਾ ਜੀ ਨੂੰ ਦੱਸਿਆ ਸੀ। ਰੈਸਟ ਹਾਊਸ ਵਿਚ ਕੁਝ ਮਿੰਟ ਰੁਕਣ ਤੋਂ ਪਿੱਛੋਂ ਉਹ ਇਧਰ ਆਉਣ ਵਾਲੇ ਹਨ।

ਮਿੰਟਾਂ ਵਿਚ ਸਾਰਾ ਮੁਹੱਲਾ ਪੁਲਿਸ ਨਾਲ ਭਰ ਗਿਆ। ਇਕ-ਇਕ ਬੰਦੇ ਪਿੱਛੇ ਦੋ-ਦੋ ਪੁਲਸੀਏ ਲੱਗ ਗਏ। ਸੀ.ਆਰ.ਪੀ. ਨੇ ਕੋਠਿਆਂ 'ਤੇ ਪੋਜ਼ੀਸ਼ਨਾਂ ਲੈ ਲਈਆਂ। ਖ਼ੁਫ਼ੀਆ ਵਿਭਾਗ ਦੀਆਂ ਔਰਤਾਂ ਵੀ ਲਾਲਾ ਜੀ ਦੇ ਘਰ ਇਕੱਠੀਆਂ ਹੋਈਆਂ ਔਰਤਾਂ ਵਿਚ ਜਾ ਬੈਠੀਆਂ।

ਬਾਹਰੋਂ ਆਏ ਪ੍ਰੈੱਸ ਰਿਪੋਰਟਰ ਕਾਂਤਾ ਨਾਲ ਮੁਲਾਕਾਤ ਕਰਨਾ ਚਾਹੁੰਦੇ ਸਨ। ਉਹਨਾਂ ਕੋਲ ਵੱਡੇ-ਵੱਡੇ ਕੈਮਰੇ ਵੀ ਸਨ। ਉਹ ਫ਼ੋਟੋ ਵੀ ਲੈਣਾ ਚਾਹੁੰਦੇ ਸਨ। ਅਖ਼ਬਾਰ ਕਾਂਤਾ ਦੇ ਦੁੱਖ ਲੋਕਾਂ ਨਾਲ ਸਾਂਝੇ ਕਰਨੇ ਚਾਹੁੰਦੇ ਸਨ। ਕਾਂਤਾ ਸਭ ਨੂੰ ਨਾਂਹ ਕਰ ਰਹੀ ਸੀ। ਕਰਨ ਨੂੰ ਨਵੀਆਂ ਗੱਲਾਂ ਸਨ ਹੀ ਕਿਹੜੀਆਂ ? ਜੋ ਵਾਪਰਿਆ ਸੀ ਸਭ ਨੂੰ ਪਤਾ ਸੀ।

ਇਕ ਬਹੁਤ ਹੀ ਚੁਸਤ ਫ਼ੋਟੋਗ੍ਰਾਫ਼ਰ ਨੇ ਕਾਂਤਾ ਦੀ ਮੰਜੇ 'ਚ ਪਈ ਦੀ ਹੀ ਫ਼ੋਟੋ ਖਿੱਚ ਲਈ। ਬਿਟਰ-ਬਿਟਰ ਤੱਕਦੀਆਂ ਦੋਹਾਂ ਬੱਚੀਆਂ ਦੀ ਵੀ। ਇਕ ਦੁਖੀ ਪਰਿਵਾਰ ਦਾ ਇਸ ਤੋਂ ਵੱਧ ਯਥਾਰਥਕ ਚਿਤ੍ਰਣ ਕੀ ਹੋਏਗਾ ?

ਕਾਂਤਾ ਦੇ ਰੋਸ ਪ੍ਰਗਟ ਕਰਨ 'ਤੇ ਪੱਤਰਕਾਰ ਬਾਹਰ ਚਲੇ ਗਏ।

ਕਾਂਤਾ ਨੂੰ ਇਕੱਲੀ ਪਈ ਦੇਖ ਕੇ ਦੂਰੋਂ ਲੱਗਦੀ ਉਸ ਦੀ ਫੂਫਸ ਉਸ ਕੋਲ ਆ ਬੈਠੀ।

ਉਹ ਕਾਂਤਾ ਨੂੰ ਹੌਸਲਾ ਰੱਖਣ ਅਤੇ ਭੈੜੇ ਦਿਨਾਂ ਨੂੰ ਦਲੇਰੀ ਨਾਲ ਲੰਘਾਉਣ ਦੀ ਸਿੱਖਿਆ ਦੇਣ ਲੱਗੀ। ਉਹ ਕਿਸੇ ਹੋਰ ਦੀ ਨਹੀਂ, ਆਪਣੀ ਉਦਾਹਰਣ ਦੇ ਰਹੀ ਸੀ। ਕਾਂਤਾ ਵਾਂਗ ਉਹ ਵੀ ਭਰ ਜਵਾਨੀ ਵਿਚ ਰੰਡੀ ਹੋਈ ਸੀ। ਦੋ ਜਵਾਨ ਪੁੱਤਰਾਂ ਦਾ ਹੱਥੀਂ ਸੰਸਕਾਰ ਕੀਤਾ। ਧੀਆਂ ਸਹੁਰੇ ਤੋਰੀਆਂ। ਕਦੇ ਬਾਲ-ਬੱਚਿਆਂ ਨਾਲ ਚਹਿਕਦੇ ਘਰ ਵਿਚ ਹੁਣ ਉਹ ਇਕੱਲੀ ਹੀ ਰੁਲਦੀ ਹੈ, ਪਰ ਉਸ ਨੇ ਦੁੱਖਾਂ ਤੋਂ ਹਾਰ ਨਹੀਂ ਮੰਨੀ। ਕਾਂਤਾ ਨੂੰ ਵੀ ਹਿੰਮਤ ਬਟੋਰਨੀ ਚਾਹੀਦੀ ਹੈ। ਜਾਣ ਵਾਲੇ ਚਲੇ ਗਏ। ਗਏ ਤਾਂ ਜਾਣ। ਕਾਂਤਾ ਨੂੰ ਉਹਨਾਂ ਲਈ ਜਿਊਣਾ ਚਾਹੀਦਾ ਹੈ, ਜੋ ਜਿਊਂਦੇ ਹਨ। ਖਾਣਾ-ਪੀਣਾ ਛੱਡ ਕੇ ਕਿਸੇ ਵਾਪਸ ਥੋੜ੍ਹਾ ਮੁੜ ਆਉਣਾ ਸੀ ? ਉਸ ਨੂੰ ਕੁਝ ਹੋ ਗਿਆ ਤਾਂ ਇਹਨਾਂ ਅਨਾਥ ਕੁੜੀਆਂ ਦਾ ਕੀ ਬਣੇਗਾ ?

ਕਾਂਤਾ ਲਈ ਉਹ ਪਹਿਲਾਂ ਵੀ ਚਾਹ ਦਾ ਗਲਾਸ ਰੱਖ ਗਈ ਸੀ, ਜੋ ਪਈ-ਪਈ ਠੰਢੀ ਹੋ ਗਈ ਸੀ। ਫੂਫਸ ਦੂਸਰਾ ਗਲਾਸ ਲੈ ਆਈ, ਨਾਲ ਬਰੈਡ ਪੀਸ ਵੀ। ਨਾਲੇ ਭੋਰਾ ਆਪਣੇ ਅੰਦਰ ਪਾਏ ਨਾਲੇ ਇਹਨਾਂ ਮਾਸੂਮਾਂ ਦਾ ਪੇਟ ਭਰੇ। ਉਹ ਸਵੇਰ ਤੋਂ ਕਾਂਤਾ ਦੇ ਮੂੰਹ ਵੱਲ ਤੱਕ ਰਹੀਆਂ ਸਨ। ਮੁੱਖ ਮੰਤਰੀ ਦੇ ਸ਼ੋਰ-ਸ਼ਰਾਬੇ ਕਾਰਨ ਕਿਸੇ ਨੇ ਉਹਨਾਂ ਦੀ ਜਾਤ ਨਹੀਂ ਸੀ ਪੁੱਛੀ। ਮਾਂ ਨੇ ਵੀ ਉਹਨਾਂ ਦੇ ਹੱਥੋਂ ਬਿਸਕੁਟ ਖੋਹ ਲਏ। ਜੇ ਮਾਂ ਹੀ ਵੈਰਨ ਬਣ ਗਈ ਤਾਂ ਬਿਗਾਨਿਆਂ ਨੂੰ ਕੀ ਚੱਟੀ ਪਈ ਹੈ, ਇਹਨਾਂ ਦਾ ਖ਼ਿਆਲ ਰੱਖਣ ਦੀ ?

ਫੂਫਸ ਦੇ ਬੋਲ ਕਾਂਤਾ ਨੂੰ ਸ਼ਹਿਦ ਵਰਗੇ ਲੱਗੇ। ਉਸ ਨੇ ਕੁੜੀਆਂ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ। ਹੰਝੂ ਕਾਂਤਾ ਦੀਆਂ ਅੱਖਾਂ ਵਿਚੋਂ ਵਹਿ ਤੁਰੇ। ਕੁੜੀਆਂ ਦੇ ਹੰਝੂਆਂ ਦੇ ਵੀ ਜਿਵੇਂ

ਕੜ ਪਾਟ ਗਏ। ਉਹ ਹੁਬਕੀਂ-ਹੁਬਕੀਂ ਰੋਣ ਲੱਗੀਆਂ। ਕਈ ਦਿਨਾਂ ਬਾਅਦ ਕਾਂਤਾ ਵਿਚੋਂ ਉਹਨਾਂ ਨੂੰ ਆਪਣੀ ਗੁਆਚੀ ਮਾਂ ਲੱਭੀ ਸੀ।

ਕਾਂਤਾ ਨੇ ਦੋਹਾਂ ਨੂੰ ਗੋਦ ਵਿਚ ਬਿਠਾ ਲਿਆ। ਹੌਲੀ-ਹੌਲੀ ਉਹਨਾਂ ਨੂੰ ਬਰੈੱਡ ਖਵਾਉਣ ਲੱਗੀ।

"ਮੈਂ ਤੁਹਾਨੂੰ ਰੁਲਣ ਨਹੀਂ ਦਿਆਂਗੀ, ਮੇਰੀਓ ਬੱਚੀਓ.....ਮੈਂ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਹਾਂ.....ਮੈਂ ਜ਼ਰੂਰ ਕੋਈ ਅਜਿਹਾ ਸਾਥੀ ਲੱਭਾਂਗੀ ਜਿਹੜਾ ਤੁਹਾਨੂੰ ਪਿਓ ਦਾ ਪਿਆਰ ਦੇਣ ਲਈ ਤਿਆਰ ਹੋਵੇ.....ਆਪਾਂ ਇਹ ਘਰ ਛੱਡ ਜਾਵਾਂਗੀਆਂ....." ਆਪਣੇ ਮਨ ਦਾ ਫ਼ੈਸਲਾ ਉਹ ਬੱਚੀਆਂ ਨਾਲ ਸਾਂਝਾ ਕਰਨਾ ਚਾਹੁੰਦੀ ਸੀ, ਪਰ ਹਾਲੇ ਉਹਨਾਂ ਨੂੰ ਇਸ ਫ਼ੈਸਲੇ ਦੀ ਸਮਝ ਕਿਥੇ ਸੀ ?

ਬੱਚੀਆਂ ਨੂੰ ਖੁਆ-ਪਿਆ ਕੇ ਬਾਹਰ ਭੇਜ ਦਿੱਤਾ। ਬਾਹਰ ਕਾਫ਼ੀ ਇਕੱਠ ਹੋ ਗਿਆ ਸੀ। ਉਹਨਾਂ ਦਾ ਮਨ ਪਰਚ ਜਾਏਗਾ।

ਕੋਈ ਹੋਰ ਫ਼ੋਟੋ ਨਾ ਖਿੱਚੀ ਜਾਵੇ, ਇਸ ਲਈ ਖੇਸ ਤਾਣ ਕੇ ਉਹ ਲੰਮੀ ਪੈ ਗਈ।

ਕੁਝ ਹੀ ਦੇਰ ਬਾਅਦ 'ਆ ਗਏ, ਆ ਗਏ' ਦਾ ਸ਼ੋਰ ਕਾਂਤਾ ਦੇ ਕੰਨ ਖਾਣ ਲੱਗਾ। ਪੁਲਿਸ ਦੇ ਕਾਸ਼ਨ ਸੁਣਾਈ ਦੇਣ ਲੱਗੇ। ਵਿਸਲਾਂ ਵੱਜਣ ਲੱਗੀਆਂ। ਲਾਲਾ ਜੀ ਦੇ ਘਰ ਜਿਵੇਂ ਭੁਚਾਲ ਜਿਹਾ ਆ ਗਿਆ। ਲੋਕ ਇਧਰ-ਉਧਰ ਦੌੜਨ ਲੱਗੇ।

ਮੰਤਰੀ ਜੀ ਨੂੰ ਬੈਠਕ ਤਕ ਪਹੁੰਚਦਿਆਂ ਅੱਧਾ ਘੰਟਾ ਲੱਗ ਗਿਆ। ਬਾਹਰ ਉਪਾਸ਼ਕਾਂ ਦਾ ਤਾਂਤਾ ਲੱਗਾ ਹੋਇਆ ਸੀ। ਹਰ ਇਕ ਦੀ ਇੱਛਾ ਸੀ ਕਿ ਉਹ ਮੁੱਖ ਮੰਤਰੀ ਨਾਲ ਹੱਥ ਮਿਲਾਏ। ਹੱਥ ਮਿਲਾਉਂਦੇ ਦੀ ਫ਼ੋਟੋ ਖਿੱਚੀ ਜਾਵੇ। ਇਸ ਮਕਸਦ ਲਈ ਕਈਆਂ ਨੇ ਤਾਂ ਫ਼ੋਟੋਗ੍ਰਾਫ਼ਰ ਨਾਲ ਲਿਆਂਦੇ ਸਨ। ਬਾਕੀਆਂ ਨੇ ਹਾਜ਼ਰ ਫ਼ੋਟੋਗ੍ਰਾਫ਼ਰਾਂ ਨੂੰ ਇਸ ਗੱਲ ਦੀ ਖ਼ਾਸ ਹਦਾਇਤ ਦਿੱਤੀ ਸੀ, ਜਦੋਂ ਵੀ ਉਸ ਨੂੰ ਮੁੱਖ ਮੰਤਰੀ ਦੇ ਨੇੜੇ ਹੋਣ ਦਾ ਮੌਕਾ ਮਿਲੇ, ਝੱਟ ਫ਼ੋਟੋ ਖਿੱਚ ਲਈ ਜਾਵੇ।

ਮੰਤਰੀ ਜੀ ਨੂੰ ਬੈਠਕ ਵਿਚ ਬਿਠਾਇਆ ਗਿਆ। ਬੈਠਕ ਵਿਚ ਸੰਘ ਦੇ ਚੋਣਵੇਂ ਵਰਕਰ, ਕੁਝ ਜਥੇਦਾਰ, ਮੰਤਰੀ ਦਾ ਸਟਾਫ਼ ਅਤੇ ਕੁਝ ਅਫ਼ਸਰਾਂ ਨੂੰ ਹੀ ਬੈਠਣ ਦਿੱਤਾ ਗਿਆ ਸੀ।

ਅੱਖਾਂ ਨਮ ਕਰ ਕੇ ਮੁੱਖ ਮੰਤਰੀ ਜੀ ਬੰਟੀ ਬਾਰੇ ਪੁੱਛਣ ਲੱਗੇ। ਉਹ ਕਿੰਨੇ ਸਾਲ ਦਾ ਸੀ ? ਕਿਹੜੀ ਕਲਾਸ ਵਿਚ ਪੜ੍ਹਦਾ ਸੀ ? ਕਿੰਨੇ ਵਜੇ ਸਕੂਲ ਗਿਆ ? ਪੁਲਿਸ ਨੇ ਕਿੰਨੇ ਕੁ ਯਤਨ ਕੀਤੇ ? ਆਦਿ।

ਲਾਲਾ ਜੀ ਇਕ-ਇਕ ਕਰ ਕੇ ਸਵਾਲਾਂ ਦਾ ਜਵਾਬ ਦਿੰਦੇ ਰਹੇ।

ਜਦੋਂ ਮੰਤਰੀ ਜੀ ਵੱਲੋਂ ਕੀਤੇ ਜਾਣ ਵਾਲੇ ਅਹਿਮ ਐਲਾਨਾਂ ਦਾ ਸਮਾਂ ਆਇਆ ਤਾਂ ਮੰਤਰੀ ਜੀ ਨੂੰ ਕਿਸੇ ਖ਼ਾਸ ਵਿਅਕਤੀ ਦੀ ਗ਼ੈਰ-ਹਾਜ਼ਰੀ ਰੜਕਣ ਲੱਗੀ। ਉਹਨਾਂ ਨੂੰ 'ਬੀਬੀ' ਨਜ਼ਰ ਨਹੀਂ ਸੀ ਆਈ।

ਬੀਬੀ ਨੂੰ ਬੈਠਕ 'ਚ ਲਿਆਉਣ ਲਈ ਲਾਲਾ ਜੀ ਨੂੰ ਖ਼ੁਦ ਉਸ ਦੇ ਕਮਰੇ ਵਿਚ ਜਾਣਾ ਪਿਆ।

ਉਹ ਹਾਲੇ ਵੀ ਖੇਸ ਤਾਣੀ ਪਈ ਸੀ। ਕਾਂਤਾ ਨੂੰ ਮਨਾਉਣ ਲਈ ਲਾਲਾ ਜੀ ਬੱਚਿਆਂ ਵਾਂਗ ਲੇਲ੍ਹੜੀਆਂ ਕੱਢਣ ਲੱਗੇ। ਤਮਾਸ਼ਾ ਬਣਨ ਤੋਂ ਡਰਦੀ ਕਾਂਤਾ ਆਖ਼ਰ ਉੱਠ ਖਲੋਤੀ।

ਕਾਂਤਾ ਦੇ ਬੈਠਕ ਵਿਚ ਪੈਰ ਧਰਦਿਆਂ ਹੀ ਕੈਮਰਿਆਂ ਦੇ ਫ਼ਲੈਸ਼ ਵੱਜਣ ਲੱਗੇ। ਟੀ.ਵੀ. ਸਟੇਸ਼ਨ ਦੀ ਕੈਮਰਾ ਟੀਮ ਨੇ ਵੀ ਕੈਮਰੇ ਦਾ ਫ਼ੋਕਸ ਮੁੱਖ ਮੰਤਰੀ ਤੋਂ ਹਟਾ ਕੇ ਕਾਂਤਾ 'ਤੇ ਕਰ ਲਿਆ।

ਮੁੱਖ ਮੰਤਰੀ ਨੇ ਕਾਂਤਾ ਨੂੰ ਆਪਣੇ ਕੋਲ ਬਿਠਾਇਆ। ਪਿਆਰ ਭਰਿਆ ਨਰਮ-ਨਰਮ ਹੱਥ ਉਸ ਦੀ ਪਿੱਠ 'ਤੇ ਫੇਰਿਆ। 'ਭਾਣਾ ਮੰਨਣ' ਦੀ ਘਸੀ-ਪਿਟੀ ਸਿੱਖਿਆ ਦਿੱਤੀ।

ਕਾਂਤਾ ਸਿਰ ਸੁੱਟ ਕੇ ਬੈਠੀ ਰਹੀ। ਕਮਰਾ ਛੋਟਾ ਸੀ, ਇਕੱਠ ਜ਼ਿਆਦਾ। ਕਾਂਤਾ ਦੀਆਂ ਵੱਖੀਆਂ ਵਿਚ ਗੋਡੇ ਵੱਜ ਰਹੇ ਸਨ। ਕਾਂਤਾ ਨੇ ਚੋਰ ਅੱਖਾਂ ਨਾਲ ਦੇਖਿਆ। ਜਥੇਦਾਰਾਂ ਅਤੇ ਸੰਘ ਦੇ ਵਰਕਰਾਂ ਦੀਆਂ ਨਿਗਾਹਾਂ ਟੀ.ਵੀ. ਕੈਮਰੇ 'ਤੇ ਸਨ। ਕੈਮਰਾ ਮੁੱਖ ਮੰਤਰੀ ਅਤੇ ਕਾਂਤਾ 'ਤੇ ਫ਼ੋਕਸ ਹੋਇਆ ਹੋਇਆ ਸੀ। ਵੱਖੀ ਵਿਚ ਗੋਡੇ ਮਾਰਨ ਵਾਲੇ ਇਸ ਤਾਕ ਵਿਚ ਸਨ ਕਿ ਕਿਵੇਂ ਨਾ ਕਿਵੇਂ ਮੁੱਖ ਮੰਤਰੀ ਜਾਂ ਕਾਂਤਾ ਦੇ ਨੇੜੇ ਹੋ ਜਾਣ ਤਾਂ ਜੋ ਉਹਨਾਂ ਦੀਆਂ ਸ਼ਕਲਾਂ ਵੀ ਕੈਮਰਾ ਆਪਣੇ ਵਿਚ ਸਮੋ ਸਕੇ। ਸਭ ਨੂੰ ਇਕੋ ਤਲਬ ਸੀ। ਕਿਵੇਂ ਨਾ ਕਿਵੇਂ ਸ਼ਾਮ ਨੂੰ ਟੀ.ਵੀ. 'ਤੇ ਉਸ ਦੀ ਫ਼ੋਟੋ ਆ ਜਾਵੇ। ਕਾਂਤਾ ਉਹਨਾਂ ਵਿਚੋਂ ਹਟ ਜਾਣਾ ਚਾਹੁੰਦੀ ਸੀ। ਉਸ ਨੇ ਆਪਣੇ ਕਮਰੇ ਵਿਚ ਜਾਣਾ ਚਾਹਿਆ।

ਮੁੱਖ ਮੰਤਰੀ ਜੀ ਨੇ ਕਾਂਤਾ ਨੂੰ ਰੋਕ ਲਿਆ। ਜਿਸ ਕੰਮ ਲਈ ਉਹ ਇੰਨੀ ਦੂਰੋਂ ਆਏ ਸਨ, ਉਹ ਤਾਂ ਹਾਲੇ ਰਹਿੰਦਾ ਸੀ। ਬਹੁਤਾ ਸਮਾਂ ਤਾਂ ਮੰਤਰੀ ਜੀ ਕੋਲ ਵੀ ਨਹੀਂ ਸੀ। ਕਾਂਤਾ ਦੀ ਤੇਜ਼ੀ ਦਾ ਫ਼ਾਇਆ ਉਠਾਉਂਦਿਆਂ ਉਹ ਐਲਾਨ ਕਰਨ ਲੱਗੇ।

ਪਹਿਲਾਂ ਉਹਨਾਂ ਬੰਟੀ ਦੀ ਮਾਂ ਲਈ ਇਕ ਲੱਖ ਰੁਪਏ ਦੀ ਸਹਾਇਤਾ ਦਾ ਐਲਾਨ ਕੀਤਾ। ਨਾਲ ਹੀ ਉਹਨਾਂ ਸਮਝਾਇਆ ਕਿ ਦਹਿਸ਼ਤਗਰਦਾਂ ਹੱਥੋਂ ਮਰਨ ਵਾਲੇ ਦੇ ਵਾਰਿਸਾਂ ਨੂੰ ਸਰਕਾਰ ਵੈਸੇ ਤਾਂ ਕੇਵਲ ਵੀਹ ਹਜ਼ਾਰ ਰੁਪਿਆ ਹੀ ਦਿੰਦੀ ਹੈ, ਪਰ ਕਿਉਂਕਿ ਬੰਟੀ ਉਹਨਾਂ ਦਾ ਆਪਣਾ ਬੱਚਾ ਸੀ, ਇਸ ਲਈ ਉਹ ਆਪਣੇ ਵਿਸ਼ੇਸ਼ ਅਖ਼ਤਿਆਰਾਂ ਦੀ ਵਰਤੋਂ ਕਰ ਰਹੇ ਸਨ। ਮੁੱਖ ਮੰਤਰੀ ਦਾ ਐਲਾਨ ਮਹਿਜ਼ ਐਲਾਨ ਹੀ ਨਹੀਂ ਸੀ, ਉਹਨਾਂ ਨੇ ਚੈਕ ਭਰਵਾ ਕੇ ਲਿਆਂਦਾ ਸੀ। ਡੀ.ਸੀ. ਨੇ ਚੈਕ ਝੱਟ ਮੁੱਖ ਮੰਤਰੀ ਜੀ ਨੂੰ ਫੜਾ ਦਿੱਤਾ।

ਮੁੱਖ ਮੰਤਰੀ ਜੀ ਕਾਂਤਾ ਨੂੰ ਚੈਕ ਇਸ ਢੰਗ ਨਾਲ ਦੇਣਾ ਚਾਹੁੰਦੇ ਸਨ ਜਿਵੇਂ ਕਿਸੇ ਜੇਤੂ ਨੂੰ ਟਰਾਫ਼ੀ ਦਿੱਤੀ ਜਾਂਦੀ ਹੈ। ਜਿੰਨਾ ਚਿਰ ਕੈਮਰੇ ਵਾਲਿਆਂ ਨੇ ਪੋਜ਼ੀਸ਼ਨਾਂ ਨਾ ਸੰਭਾਲ ਲਈਆਂ, ਉਹ ਰੁਕੇ ਰਹੇ।

ਕਾਂਤਾ ਬੰਟੀ ਦੀ ਜਾਨ ਦੀ ਕੀਮਤ ਲੈਣ ਲਈ ਤਿਆਰ ਨਹੀਂ ਸੀ। ਉਸ ਨੇ ਚੈਕ ਲਈ ਹੱਥ ਫੈਲਾਉਣੋਂ ਨਾਂਹ ਕਰ ਦਿੱਤੀ। ਉਹ ਡੁੰਨ ਬਣੀ ਬੈਠੀ ਰਹੀ।

ਲਾਲਾ ਜੀ ਨੇ ਮੌਕਾ ਸੰਭਾਲਿਆ। ਉਹਨਾਂ ਅੱਗੇ ਹੋ ਕੇ ਚੈਕ ਫੜਿਆ। ਧੜਾ-ਧੜ ਫ਼ੋਟੋਆਂ ਹੋਈਆਂ।

ਦੂਸਰਾ ਐਲਾਨ ਵੀ ਘੱਟ ਅਹਿਮ ਨਹੀਂ ਸੀ। ਕਾਂਤਾ ਨੂੰ ਸਿੱਖਿਆ ਵਿਭਾਗ ਵਿਚ ਕਲਰਕ ਦੀ ਨੌਕਰੀ ਦਿੱਤੀ ਗਈ ਸੀ। ਉਹ ਪੜ੍ਹੀ ਹੀ ਦਸ ਜਮਾਤਾਂ ਸੀ। ਬੀ.ਏ. ਹੁੰਦੀ ਤਾਂ ਮੁੱਖ ਮੰਤਰੀ ਉਸ ਨੂੰ ਪੀ.ਸੀ.ਐਸ. ਕਿਹੜਾ ਨਾ ਬਣਾ ਦਿੰਦੇ। ਉਹਨਾਂ ਇਹ ਵੀ ਯਕੀਨ ਦਿਵਾਇਆ ਕਿ ਕਾਂਤਾ ਜਿਥੇ ਆਖੇਗੀ, ਉਸ ਦੀ ਪੋਸਟਿੰਗ ਉਥੇ ਹੀ ਹੋਏਗੀ।

ਐਲਾਨ ਹੁੰਦਿਆਂ ਹੀ ਡੀ.ਈ.ਓ. ਅੱਗੇ ਵਧਿਆ। ਨਿਯੁਕਤੀ ਪੱਤਰ ਵਾਲਾ ਲਿਫ਼ਾਫ਼ਾ ਉਸ ਨੇ ਮੁੱਖ ਮੰਤਰੀ ਨੂੰ ਫੜਾਇਆ।

ਲਿਫ਼ਾਫ਼ਾ ਕਾਂਤਾ ਵੱਲ ਵਧਾਉਂਦੇ ਮੁੱਖ ਮੰਤਰੀ ਜੀ ਝਿਜਕ ਰਹੇ ਸਨ। ਕਿਧਰੇ ਪਹਿਲਾਂ ਵਾਲੀ ਗੱਲ ਹੀ ਨਾ ਹੋਵੇ। ਇਸ ਵਾਰ ਕਾਂਤਾ ਨੇ ਹੱਥ ਅੱਗੇ ਵਧਾਏ। ਉਹ ਨੌਕਰੀ ਕਰੇਗੀ।

ਇਹ ਤਾਂ ਦੁਖੀ ਪਰਿਵਾਰ ਨੂੰ ਰਾਹਤ ਦੇਣ ਸੰਬੰਧੀ ਐਲਾਨ ਸਨ। ਉਹ ਬੰਟੀ ਦੀ ਸ਼ਹਾਦਤ ਨੂੰ ਵੀ ਅਮਰ ਕਰਨਾ ਚਾਹੁੰਦੇ ਸਨ। ਪਹਿਲਾ ਕੰਮ ਇਹ ਕੀਤਾ ਗਿਆ ਕਿ ਸ਼ਹਿਰ ਦੇ ਸਦਰ ਬਜ਼ਾਰ ਦਾ ਨਾਂ ਬਦਲ ਕੇ ਬੰਟੀ ਬਜ਼ਾਰ ਰੱਖਿਆ ਗਿਆ। ਕਿਸੇ ਵੱਡੀ ਯਾਦਗਾਰ ਲਈ ਡਿਪਟੀ ਕਮਿਸ਼ਨਰ

ਪਹਿਲਾਂ ਹੀ ਐਲਾਨ ਕਰ ਚੁੱਕਾ ਸੀ। ਮੁੱਖ ਮੰਤਰੀ ਨੇ ਉਸ ਯਾਦਗਾਰ ਲਈ ਇਕ ਲੱਖ ਰੁਪਏ ਦੀ ਗਰਾਂਟ ਦਾ ਐਲਾਨ ਕੀਤਾ।

ਇਹਨਾਂ ਐਲਾਨਾਂ ਤੋਂ ਬਾਅਦ ਮੁੱਖ ਮੰਤਰੀ ਜੀ ਨੇ ਲੋਕਾਂ ਨੂੰ ਸਮਾਂ ਦਿੱਤਾ। ਉਹ ਆਪਣੇ ਦੁੱਖੜੇ ਦੱਸਣ। ਮੁੱਖ ਮੰਤਰੀ ਸਾਰੇ ਦੁੱਖੜੇ ਦੂਰ ਕਰੇਗਾ।

ਲੋਕ ਖ਼ਾਮੋਸ਼ ਬੈਠੇ ਰਹੇ, ਜਿਵੇਂ ਕਿਸੇ ਨੂੰ ਕੋਈ ਦੁੱਖ ਹੀ ਨਾ ਹੋਵੇ।

ਕੁਝ ਪਲ ਮੰਤਰੀ ਜੀ ਭੀੜ ਵੱਲ ਤੱਕਦੇ ਰਹੇ। ਜਦੋਂ ਖ਼ਾਮੋਸ਼ੀ ਨਾ ਹੀ ਟੁੱਟੀ ਤਾਂ ਉਹ ਉੱਠਣ ਦੀ ਤਿਆਰੀ ਕਰਨ ਲੱਗੇ।

ਦਰਸ਼ਨ ਤੋਂ ਰਿਹਾ ਨਾ ਗਿਆ। ਮੁੱਖ ਮੰਤਰੀ ਨੂੰ ਉੱਠਦਾ ਦੇਖ ਕੇ ਉਸ ਨੇ ਪੁਲਿਸ ਦੇ ਅੱਤਿਆਚਾਰਾਂ ਦੀ ਕਹਾਣੀ ਛੇੜ ਦਿੱਤੀ।

ਦਰਸ਼ਨ ਦੇ ਗੱਲ ਸ਼ੁਰੂ ਕਰਨ ਦੀ ਹੀ ਦੇਰ ਸੀ ਕਿ ਸ਼ਿਕਾਇਤਾਂ ਦੇ ਢੇਰ ਲੱਗ ਗਏ।

ਮੁੱਖ ਮੰਤਰੀ ਜੀ ਤਾਂ ਪਹਿਲਾਂ ਹੀ ਇਸ ਦੀ ਤਿਆਰੀ ਕਰ ਕੇ ਆਏ ਸਨ। ਆਪਣੇ ਆਪ ਤਾਂ ਪੁਲਿਸ ਦੇ ਤਬਾਦਲਿਆਂ ਦਾ ਐਲਾਨ ਨਹੀਂ ਸੀ ਕਰਨਾ। ਲੋਕਾਂ ਤੋਂ ਅਖਵਾ ਕੇ ਹੀ ਕਰਨਾ ਸੀ।

"ਸਾਰੀ ਪੁਲਿਸ ਦਾ ਤਬਾਦਲਾ ਕਰੋ। ਇਮਾਨਦਾਰ ਅਤੇ ਸਖ਼ਤ ਅਫ਼ਸਰ ਭੇਜੋ.....ਜਿਹੜੇ ਕਿਸੇ ਦਾ ਵੀ ਲਿਹਾਜ਼ ਨਾ ਕਰਨ।" ਹੱਲ ਪੁੱਛੇ ਜਾਣ 'ਤੇ ਦਰਸ਼ਨ ਨੇ ਸੁਝਾਅ ਦਿੱਤਾ।

"ਠੀਕ ਹੈ, ਤੁਸੀਂ ਹੌਲਦਾਰਾਂ ਅਤੇ ਥਾਣੇਦਾਰਾਂ ਦੇ ਤਬਾਦਲਿਆਂ ਦੀ ਗੱਲ ਕਰਦੇ ਹੋ, ਮੈਂ ਜ਼ਿਲ੍ਹੇ ਦੇ ਕਪਤਾਨ ਤਕ ਸਾਰੀ ਪੁਲਿਸ ਦੇ ਤਬਾਦਲੇ ਦਾ ਐਲਾਨ ਕਰਦਾ ਹਾਂ। ਨਾਲ ਇਹ ਵੀ ਵਾਅਦਾ ਕਰਦਾ ਹਾਂ ਕਿ ਅਜਿਹੇ ਪੁਲਿਸ ਅਫ਼ਸਰ ਇਥੇ ਭੇਜਾਂਗਾ, ਜਿਹੜੇ ਬੰਟੀ ਦੇ ਭੋਗ ਤੋਂ ਪਹਿਲਾਂ-ਪਹਿਲਾਂ ਕਾਤਲ ਤੁਹਾਡੇ ਸਾਹਮਣੇ ਲਿਆ ਖੜ੍ਹਾਉਣ।"

ਲੋਕ ਇਹ ਭੁੱਲ-ਭੁਲਾ ਗਏ ਸਨ ਕਿ ਇਹ ਸੋਗ ਸਮਾਗਮ ਸੀ। ਖ਼ੁਸ਼ੀ 'ਚ ਪਾਗ਼ਲ ਹੋਏ ਲੋਕਾਂ ਨੇ ਤਾੜੀਆਂ ਦੀ ਝੜੀ ਲਾ ਦਿੱਤੀ।

ਹੁਣ ਭੀੜ ਦਾ ਮੂਡ ਠੀਕ ਸੀ। ਮੁੱਖ ਮੰਤਰੀ ਜੀ ਵਾਪਸ ਜਾਣ ਲਈ ਉੱਠ ਖਲੋਤੇ।

ਲਾਲਾ ਜੀ ਨੇ ਅੱਗੇ ਹੋ ਕੇ ਉਹਨਾਂ ਦਾ ਰਸਤਾ ਰੋਕਿਆ। ਚਾਹ ਤਿਆਰ ਸੀ।

ਇਹ ਕਿਸ ਤਰ੍ਹਾਂ ਹੋ ਸਕਦਾ ਸੀ ? ਮੁੱਖ ਮੰਤਰੀ ਦੇ ਚਾਹ ਕਿਵੇਂ ਲੰਘ ਸਕਦੀ ਹੈ ?

ਮੁੱਖ ਮੰਤਰੀ ਨੂੰ ਤੋਰ ਕੇ ਬਾਕੀ ਬਚੇ ਲੋਕ ਕੋਠੇ 'ਤੇ ਜਾ ਚੜ੍ਹੇ। ਮੁੱਖ ਮੰਤਰੀ ਨੇ ਚਾਹ ਨਹੀਂ ਪੀਤੀ ਤਾਂ ਨਾ ਸਹੀ। ਉਹ ਤਾਂ ਚੁਸਕੀਆਂ ਲੈ-ਲੈ ਚਾਹ ਪੀਣਗੇ। ਮੁੱਖ ਮੰਤਰੀ ਤੋਂ ਵੱਡੇ-ਵੱਡੇ ਐਲਾਨ ਕਰਾ ਕੇ ਉਹਨਾਂ ਮੋਰਚਾ ਮਾਰ ਲਿਆ ਸੀ।

✶

# 23

ਯੁਵਾ ਸੰਘ ਵਾਲਿਆਂ ਦਾ ਧਰਤੀ 'ਤੇ ਪੱਬ ਨਹੀਂ ਸੀ ਪੈਂਦਾ। ਉਹਨਾਂ ਦੇ ਸੰਘਰਸ਼ ਅੱਗੇ ਮੁੱਖ ਮੰਤਰੀ ਨੂੰ ਝੁਕਣਾ ਪਿਆ ਸੀ। ਸਭ ਤੋਂ ਵੱਧ ਤਸੱਲੀ ਵਾਲੀ ਗੱਲ ਇਹ ਸੀ ਕਿ ਉਸ ਦੇ ਐਲਾਨਾਂ 'ਤੇ ਬੜੀ ਫੁਰਤੀ ਨਾਲ ਅਮਲ ਹੋ ਰਿਹਾ ਸੀ।

ਪੁਰਾਣੇ ਅਫ਼ਸਰਾਂ ਦਾ ਤੁਰੰਤ ਬੋਰੀਆ ਬਿਸਤਰਾ ਗੋਲ ਕਰਾਇਆ ਗਿਆ। ਨਵੇਂ ਅਫ਼ਸਰ ਕਿਧਰੋਂ ਬਰਸਾਤੀ ਖੁੰਬਾਂ ਵਾਂਗ ਆ ਨਿਕਲੇ ਅਤੇ ਸ਼ਾਮ ਤਕ ਕੁਰਸੀਆਂ 'ਤੇ ਆ ਬਿਰਾਜੇ।

ਸੀ.ਆਰ.ਪੀ ਅਤੇ ਬੀ.ਐਸ.ਐਫ਼. ਵੀ ਟਿੱਡੀ-ਦਲ ਵਾਂਗ ਆ ਉੱਤਰੀ। ਸ਼ਹਿਰ ਦੀਆਂ ਸਾਰੀਆਂ ਧਰਮਸ਼ਾਲਾਵਾਂ ਅਤੇ ਮੰਦਰ ਉਹਨਾਂ ਨਾਲ ਭਰ ਗਏ। ਕੁਝ ਸਰਕਾਰੀ ਸਕੂਲ ਵੀ ਖ਼ਾਲੀ ਕਰਾਉਣੇ ਪਏ। ਆਉਂਦਿਆਂ ਹੀ ਉਹਨਾਂ ਗਲੀ-ਗਲੀ ਦੀ ਗਸ਼ਤ ਸ਼ੁਰੂ ਕਰ ਦਿੱਤੀ। ਲੋਕਾਂ ਵਿਚ ਫੈਲਿਆ ਆਤੰਕ ਖੰਭ ਲਾ ਗਿਆ।

ਨਵੀਆਂ ਨਿਯੁਕਤੀਆਂ ਸਰਕਾਰ ਦੀ ਨਵੀਂ ਪਾਲਿਸੀ ਅਧੀਨ ਹੋਈਆਂ ਸਨ। ਲੋਕਾਂ ਨੂੰ ਇਸ ਸ਼ਿਕਾਇਤ ਦਾ ਮੌਕਾ ਹੀ ਨਹੀਂ ਸੀ ਦਿੱਤਾ ਗਿਆ ਕਿ ਫਲਾਣਾ ਅਫ਼ਸਰ ਇਕ ਤਬਕੇ ਨਾਲ ਸੰਬੰਧ ਰੱਖਦਾ ਹੈ, ਇਸ ਲਈ ਉਸ ਤਬਕੇ ਦੀ ਮਦਦ ਕਰਦਾ ਹੈ। ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਹਿੰਦੂ ਸੀ। ਪੁਲਿਸ ਦਾ ਮੁਖੀ ਸਿੱਖ ਲਾਇਆ ਗਿਆ। ਐਸ.ਡੀ.ਐਮ. ਸਿੱਖ ਸੀ, ਇਸ ਲਈ ਡਿਪਟੀ ਹਿੰਦੂ ਭੇਜਿਆ ਗਿਆ। ਥਾਣੇ ਦਾ ਵਾਸਤਾ ਪਿੰਡਾਂ ਨਾਲ ਹੈ, ਇਸ ਲਈ ਐਸ.ਐਚ.ਓ. ਸਿੱਖ ਸੀ। ਸਿਟੀ ਅਧੀਨ ਸ਼ਹਿਰ ਆਉਂਦਾ ਸੀ ਇਸ ਲਈ ਸਿਟੀ ਇੰਚਾਰਜ ਹਿੰਦੂ ਸੀ। ਸੀ.ਆਈ.ਡੀ. ਦੀ ਦੇਖ ਭਾਲ ਲਈ ਕੋਈ ਮੁਸਲਮਾਨ ਹੀ ਕੱਢ ਮਾਰਿਆ। ਇਥੇ ਹੀ ਬੱਸ ਨਹੀਂ ਸੀ, ਹੇਠਲੇ ਪੱਧਰ ਦੀਆਂ ਨਿਯੁਕਤੀਆਂ ਵੀ ਇਸੇ ਨੀਤੀ ਦੇ ਆਧਾਰ ਤੇ ਹੀ ਹੋਈਆਂ ਸਨ।

ਪੁਲਿਸ ਅਫ਼ਸਰ ਵੀ ਚੁਣ-ਚੁਣ ਭੇਜੇ ਗਏ ਸਨ। ਅੜੀਅਲ ਅਤੇ ਖ਼ੂੰਖ਼ਾਰ। ਨਾ ਪਰਵਾਹ ਕਰਨ ਤਾਂ ਮੁੱਖ ਮੰਤਰੀ ਦੀ ਵੀ ਨਾ ਕਰਨ। ਮੁਜਰਮਾਂ ਦੀ ਸਿਫ਼ਾਰਸ਼ ਕਰਨ ਵਾਲਿਆਂ ਦੀ ਭਰੀ ਪੰਚਾਇਤ ਵਿਚ ਬੇਇਜ਼ਤੀ ਕਰਨ ਵਾਲੇ। ਕਸੂਰਵਾਰਾਂ ਨੂੰ ਚੌਂਕ ਵਿਚ ਪੁੱਠੇ ਲਟਕਾਉਣ ਵਾਲੇ। ਬੰਟੀ ਦੇ ਕਾਤਲਾਂ ਨੂੰ ਲੱਭਣ ਲਈ ਅਜਿਹੇ ਪੁਲਿਸ ਅਫ਼ਸਰਾਂ ਦੀ ਹੀ ਜ਼ਰੂਰਤ ਸੀ।

ਹੋਰ ਤਾਂ ਸਭ ਠੀਕ ਸੀ, ਪਰ ਸੰਘ ਵਾਲਿਆਂ ਨੂੰ ਇਕ ਗੱਲ ਸਮਝ ਨਹੀਂ ਸੀ ਆ ਰਹੀ। ਮੁੱਖ ਮੰਤਰੀ ਸਾਹਮਣੇ ਤਾਂ ਕਿਸੇ ਦੀ ਪੁਲਿਸ ਖ਼ਿਲਾਫ਼ ਚੂੰ ਤਕ ਕਰਨ ਦੀ ਹਿੰਮਤ ਨਾ ਪਈ। ਹੁਣ ਉਹ ਸ਼ਹਿਰ ਵਿਚ ਜਿਥੇ ਵੀ ਜਾ ਖੜ੍ਹੋਂਦੇ ਹਨ, ਹਰ ਕੋਈ ਫੜ੍ਹਾਂ ਮਾਰਦਾ ਸੁਣਾਈ ਦਿੰਦਾ ਹੈ। ਫਲਾਣੇ ਅਫ਼ਸਰ ਦੀ ਬਦਲੀ ਪਿੱਛੇ ਫਲਾਣੇ ਬੰਦੇ ਦਾ ਹੱਥ ਹੈ।

ਸਭ ਤੋਂ ਵੱਧ ਫੜ੍ਹਾਂ ਠੇਕੇਦਾਰ ਮਾਰ ਰਹੇ ਸਨ। ਉਹ ਚੌਂਕ 'ਚ ਖੜ੍ਹੋ ਕੇ ਸ਼ਰੇਆਮ ਆਖਦੇ ਸਨ ਕਿ ਡਿਪਟੀ ਦਾ ਪੱਤਾ ਉਹਨਾਂ ਨੇ ਕਟਾਇਆ ਹੈ। ਸਾਰੇ ਸ਼ਹਿਰ ਨੂੰ ਪਤਾ ਸੀ ਕਿ ਬੰਟੀ ਦੇ ਕੇਸ ਦੀ ਤਫ਼ਤੀਸ਼ ਕਰਦਿਆਂ ਉਸ ਨੇ ਠੇਕੇਦਾਰਾਂ ਨਾਲ ਪੰਗਾ ਲੈ ਲਿਆ ਸੀ। ਉਦੋਂ ਜੇ ਸਪੀਕਰ

ਉਸ ਦੀ ਮਦਦ ਨਾ ਕਰਦਾ ਤਾਂ ਮੁੱਖ ਮੰਤਰੀ ਨੇ ਪਹਿਲਾਂ ਹੀ ਤਬਾਦਲਾ ਕਰ ਦੇਣਾ ਸੀ। ਸਰਦਾਰ ਨੇ ਠੇਕੇਦਾਰਾਂ ਨੂੰ ਯਕੀਨ ਦਿਵਾਇਆ ਹੋਇਆ ਸੀ ਕਿ ਮੌਕਾ ਲੱਗਦੇ ਹੀ ਉਹ ਡਿਪਟੀ ਨੂੰ ਝੋਟੀਆਂ ਚੁੰਘਾ ਦੇਵੇਗਾ। ਮੁੱਖ ਮੰਤਰੀ ਨੇ ਠੇਕੇਦਾਰਾਂ ਨਾਲ ਕੀਤਾ ਵਾਅਦਾ ਨਿਭਾਇਆ ਸੀ। ਉਹ ਡਾਹਡੇ ਖ਼ੁਸ਼ ਵੀ ਸਨ। ਨਵਾਂ ਅਫ਼ਸਰ ਉਹਨਾਂ ਦੇ ਠੇਕਿਆਂ ਵੱਲ ਝਾਕਣ ਤੋਂ ਪਹਿਲਾਂ ਪੰਜਾਹ ਵਾਰ ਸੋਚੇਗਾ।

ਖੁੱਡੀ ਵਾਲਾ ਨੰਬਰਦਾਰ ਵੀ ਕਮਲੀ ਤੀਵੀਂ ਵਾਂਗ ਘਰ-ਘਰ ਗੇੜਾ ਦਿੰਦਾ ਫਿਰਦਾ ਸੀ। ਉਹ ਆਖਦਾ ਸੀ ਠੇਕੇਦਾਰ ਤਾਂ ਐਵੇਂ ਫੜ੍ਹਾਂ ਮਾਰਦੇ ਹਨ। ਅਸਲ ’ਚ ਡਿਪਟੀ ਦਾ ਤਬਾਦਲਾ ਤਾਂ ਡੀ.ਆਈ.ਜੀ. ਦੀ ਰਿਪੋਰਟ ਦੇ ਆਧਾਰ ’ਤੇ ਹੋਇਆ ਹੈ ਅਤੇ ਇਹ ਕਿਸ ਨੂੰ ਨਹੀਂ ਪਤਾ ਬਈ ਨਿਰਭੈ ਸਿੰਘ ਨੰਬਰਦਾਰ ਦਾ ਲੰਗੋਟੀਆ ਯਾਰ ਹੈ। ਨੰਬਰਦਾਰਾਂ ਦੇ ਬਿਆਨਾਂ ਦੇ ਆਧਾਰ ’ਤੇ ਨਿਰਭੈ ਸਿੰਘ ਨੇ ਡਿਪਟੀ ਖ਼ਿਲਾਫ਼ ਅਜਿਹੀ ਰਿਪੋਰਟ ਤਿਆਰ ਕੀਤੀ ਕਿ ਮੁੱਖ ਮੰਤਰੀ ਨੂੰ ਮਜਬੂਰ ਹੋ ਕੇ ਤਬਾਦਲਾ ਕਰਨਾ ਪਿਆ। ਸੰਘ ਦਾ ਇਸ ਵਿਚ ਕੋਈ ਰੋਲ ਨਹੀਂ।

ਸੱਟੇ ਵਾਲਾ ਵੇਦੂ ਤਾਂ ਦਰਸ਼ਨ ਨਾਲ ਖਹਿਬੜ ਹੀ ਪਿਆ। ਅਖੇ ਸੰਘ ਨੂੰ ਕੌਣ ਪੁੱਛਦਾ ਹੈ ? ਜੇ ਮੁੱਖ ਮੰਤਰੀ ਸੰਘ ਦੀ ਇੰਨੀ ਹੀ ਮੰਨਦਾ ਹੁੰਦਾ ਤਾਂ ਉਦੋਂ ਤਹਿਸੀਲਦਾਰ ਦਾ ਤਬਾਦਲਾ ਨਾ ਕਰ ਦਿੰਦਾ, ਜਦੋਂ ਸੰਘ ਨੇ ਪੰਦਰਾਂ ਦਿਨ ਇਸੇ ਮੰਗ ਨੂੰ ਲੈ ਕੇ ਧਰਨੇ ਲਾਏ ਸਨ। ਉਸ ਸਮੇਂ ਸੰਘ ਨੇ ਇਸ ਤੋਂ ਕਈ ਗੁਣਾ ਵੱਧ ਜ਼ੋਰ ਲਾਇਆ ਸੀ।

ਅਕਾਲੀ ਸਰਕਾਰ ਨੇ ਗੱਦੀ ਸੰਭਾਲਦਿਆਂ ਹੀ ਕਿਰਸਾਨਾਂ ਨੂੰ ਲੁੱਟ ਤੋਂ ਬਚਾਉਣ ਲਈ ਤਹਿਸੀਲਾਂ ਵਿਚ ਕੱਟੇ ਜਾਂਦੇ ਰੈੱਡ ਕਰਾਸ ਦੇ ਟਿਕਟ ਬੰਦ ਕਰਵਾ ਦਿੱਤੇ।

ਪਰ ਤਹਿਸੀਲ ਵਾਲਿਆਂ ਨੂੰ ਇਸ ਕਾਨੂੰਨੀ ਰਿਸ਼ਵਤ ਦਾ ਅਜਿਹਾ ਭੁੱਸ ਪਿਆ ਸੀ ਕਿ ਉਹ ਇਸ ਪਾਬੰਦੀ ਤੋਂ ਤਿਲਮਿਲਾ ਉੱਠੇ। ਉਹਨਾਂ ਹੋਰ ਰਾਹ ਲੱਭਿਆ। ਰੈਡ ਕਰਾਸ ਦੀਆਂ ਟਿਕਟਾਂ ਨਾ ਸਹੀ, ‘ਗੁਰਦਾਸ ਮਾਨ ਨਾਈਟ’ ਦੀਆਂ ਸਹੀ। ਇਹ ਸਕੀਮ ਤਹਿਸੀਲਦਾਰ ਦੇ ਹਮਪਿਆਲਾ ਦੋਸਤਾਂ ਦੀ ਕਾਢ ਸੀ। ਇਸ ਬਹਾਨੇ ਨਾਲੇ ਤਹਿਸੀਲ ਵਾਲੇ ਚਾਰ ਪੈਸੇ ਬਣਾ ਲੈਣਗੇ, ਨਾਲੇ ਯਾਰ ਦੋਸਤ ਰੰਗ-ਰਲੀਆਂ। ‘ਨਾਈਟ’ ਲਈ ਵਧੀਆ-ਵਧੀਆ ਡਾਂਸਰਾਂ ਬੁਲਾਈਆਂ ਜਾਣੀਆਂ ਸਨ।

ਸੰਘ ਨੇ ਇਸ ਲੁੱਟ ਦੇ ਖ਼ਿਲਾਫ਼ ਜਹਾਦ ਛੇੜਿਆ। ਲੋਕਾਂ ਦੀ ਦੂਹਰੀ ਲੁੱਟ ਹੋ ਰਹੀ ਸੀ। ਪਹਿਲੀ ਤਾਂ ਇਹ ਕਿ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਨੂੰ ਕੰਜਰੀਆਂ ਦੇ ਨਾਚਾਂ ’ਤੇ ਖ਼ਰਚਿਆ ਜਾਣਾ ਸੀ। ਦੂਜਾ ਇਹ ਕਿ ਅੱਵਲ ਤਾਂ ਲੋਕਾਂ ਨੂੰ ਟਿਕਟ ਦਿੱਤੇ ਹੀ ਨਹੀਂ ਸੀ ਜਾਂਦੇ, ਜੇ ਦਿੱਤੇ ਵੀ ਜਾਂਦੇ ਸਨ ਤਾਂ ਬਾਹਰ ਬੈਠੇ ਅਰਜ਼ੀ ਨਵੀਸ ਅੱਧ ਵਿਚ ਖ਼ਰੀਦ ਕੇ ਬਾਬੂਆਂ ਨੂੰ ਵਾਪਸ ਦੇ ਆਉਂਦੇ ਸਨ। ਇਸ ਤਰ੍ਹਾਂ ਇਕ-ਇਕ ਟਿਕਟ ਕਈ-ਕਈ ਵਾਰ ਵਿਕ ਰਿਹਾ ਸੀ।

ਸੰਘ ਨੇ ਧਰਨੇ ਲਾਏ, ਹੜਤਾਲਾਂ ਕੀਤੀਆਂ। ਪੱਤਰਕਾਰਾਂ ਤੋਂ ਅਖ਼ਬਾਰਾਂ ਵਿਚ ਵੱਡੀਆਂ-ਵੱਡੀਆਂ ਸੁਰਖ਼ੀਆਂ ਲਗਵਾਈਆਂ। ਕਈ ਡੈਪੂਟੇਸ਼ਨ ਮੁੱਖ ਮੰਤਰੀ ਨੂੰ ਮਿਲੇ, ਪਰ ਪਰਨਾਲਾ ਉਥੇ ਦਾ ਉਥੇ ਰਿਹਾ। ਕਿਸੇ ਦੇ ਕੰਨ ’ਤੇ ਜੂੰ ਨਾ ਸਰਕੀ। ਹੰਭ ਕੇ ਸੰਘ ਨੂੰ ਰਾਜ਼ੀਨਾਮਾ ਕਰਨਾ ਪਿਆ। ਤਹਿਸੀਲਦਾਰ ਨੇ ਪ੍ਰੋਗਰਾਮ ਕੈਂਸਲ ਕਰ ਦਿੱਤਾ ਤੇ ਇਕੱਠੇ ਹੋਏ ਪੈਸੇ ਰੈਡ ਕਰਾਸ ਫੰਡ ਵਿਚ ਜਮ੍ਹਾਂ ਕਰਵਾ ਦਿੱਤੇ। ਮਹੀਨਾ ਕੁ ਚੁੱਪ ਰਹਿ ਕੇ ਉਹੋ ਚਾਲੇ ਫੇਰ ਫੜ ਲਏ।

ਇਸ ਲਈ ਵੇਦੂ ਗ਼ਲਤ ਨਹੀਂ ਸੀ। ਸਿਟੀ ਪੁਲਿਸ ਦੇ ਤਬਾਦਲਿਆਂ ਵਿਚ ਸੰਘ ਦੀ ਨਹੀਂ, ਸਗੋਂ ਸੱਟੇ ਵਾਲਿਆਂ ਦੀ ਸੁਣੀ ਗਈ ਲੱਗਦੀ ਸੀ।

ਸਿਟੀ ਪੁਲਿਸ ਨੇ ਸੱਟੇ ਵਾਲਿਆਂ ਦੇ ਨੱਕ ਵਿਚ ਦਮ ਕਰ ਰੱਖਿਆ ਸੀ। ਮਹੀਨਾ ਤਾਂ ਲੈਂਦੇ ਹੀ ਸਨ, ਦਿਹਾੜੀ ਅਲੱਗ ਭਾਲਦੇ ਸਨ। ਮਨਬੀਰ ਸਿੰਘ ਤਾਂ ਠੀਕ ਸੀ, ਹੇਠਲਿਆਂ ਨੇ ਅੱਤ

ਚੁੱਕੀ ਹੋਈ ਸੀ। ਦਿਨ ਢਲਦਿਆਂ ਹੀ ਸਾਰੇ ਹੌਲਦਾਰ ਵਾਰੀ-ਵਾਰੀ ਉਸ ਦੇ ਚੁਬਾਰੇ ਆ ਖੜ੍ਹਦੇ। ਦਾਰੂ-ਸਿੱਕੇ ਦਾ ਖ਼ਰਚ ਤਾਂ ਉਹ ਬਰਦਾਸ਼ਤ ਕਰ ਲੈਂਦੇ, ਪਰ ਜਿਹੜੀ ਜੀਪ ਗਲੀ ਵਿਚ ਖੜ੍ਹਦੀ ਸੀ, ਇਹ ਖ਼ਤਰਨਾਕ ਸੀ। ਚਾਰ ਸਟੇਨਗੰਨਾਂ ਵਾਲੇ ਸਿਪਾਹੀ ਗਲੀ 'ਚ ਗੇੜੇ ਦੇਣ ਲੱਗਦੇ। ਪੁਲਿਸ ਮੁਹੱਲੇ 'ਚ ਫਿਰਦੀ ਹੋਵੇ ਤਾ ਗਾਹਕ ਨੇ ਆ ਕੇ ਪੁਲਿਸ ਤੋਂ ਟੰਗਾਂ ਤੁੜਾਉਣੀਆਂ ਹਨ ? ਇਹੋ ਵਕਤ ਚਾਰ ਪੈਸੇ ਕਮਾਉਣ ਦਾ ਹੁੰਦਾ ਹੈ। ਸੱਟਾ ਲਾਉਣ ਕਿਸੇ ਆੜ੍ਹਤੀਏ ਜਾਂ ਕਾਰਖ਼ਾਨੇਦਾਰ ਨੇ ਤਾਂ ਆਉਣਾ ਨਹੀਂ। ਮਜ਼ਦੂਰਾਂ, ਦਿਹਾੜੀਦਾਰਾਂ ਨੇ ਹੀ ਆਉਣਾ ਹੁੰਦਾ ਹੈ। ਪੁਲਿਸ ਨੂੰ ਦੇਖ ਕੇ ਅਗਲੇ ਟਲ ਜਾਂਦੇ ਸਨ। ਇਹ ਕਿਹੜਾ ਨਸ਼ਾ ਹੈ ਬਈ ਜੇ ਨਾ ਖਾਧਾ ਤਾਂ ਜਾਨ ਨਿਕਲ ਜਾਊ। ਅੱਜ ਨਹੀਂ ਤਾਂ ਕੱਲ੍ਹ ਸਹੀ। ਜਿਸ ਦਿਨ ਵੀ ਜੀਪ ਗਲੀ 'ਚ ਆ ਲੱਗਦੀ, ਆਮਦਨ ਅੱਧੀ ਰਹਿ ਜਾਂਦੀ। ਜੇ ਜੀਪ ਦੂਰ ਖੜ੍ਹਾਉਣੀ ਹੈ ਤਾਂ ਸਿਪਾਹੀਆਂ ਨੂੰ ਨਾਲੇ ਫ਼ੀਸ ਦਿਓ ਨਾਲੇ ਬੋਤਲ। ਸੱਟੇ ਵਾਲਿਆਂ ਦੀ ਤੋਬਾ ਹੋਈ ਪਈ ਸੀ।

ਆਪਣੇ ਆੜ੍ਹਤੀਆਂ ਰਾਹੀਂ ਵੇਦੂ ਨੇ ਅਫ਼ਸਰਾਂ ਕੋਲ ਦੁਖੜੇ ਰੋਏ ਹੋਏ ਸਨ। ਸੱਟਾ ਬਰਾਦਰੀ ਦੀ ਕਰਾਮਾਤ ਕਰਕੇ ਹੀ ਸਾਰਾ ਗੰਦਾ ਅਨਸਰ ਤਬਦੀਲ ਕੀਤਾ ਗਿਆ ਸੀ। ਨਹੀਂ ਤਾਂ ਮਨਬੀਰ ਸਿੰਘ ਤੋਂ ਸਿਵਾ ਬਾਕੀ ਦੀ ਸਿਟੀ ਪੁਲਿਸ ਦਾ ਬੰਟੀ ਦੇ ਕੇਸ ਨਾਲ ਕੀ ਸੰਬੰਧ ਸੀ ? ਵੇਦੂ ਦੀ ਰਾਏ ਸੀ ਕਿ ਸੰਘ ਨੂੰ ਬਿਨਾਂ ਮਤਲਬ ਹੀ ਉਤਲੀ ਹਵਾ ਵਿਚ ਨਹੀਂ ਉੱਡਦੇ ਰਹਿਣਾ ਚਾਹੀਦਾ।

ਹਲਵਾਈ ਯੂਨੀਅਨ ਦਾ ਪ੍ਰਧਾਨ ਗਿਆਨ ਅੱਡ ਡਫਲੀ ਵਜਾਉਂਦਾ ਫਿਰਦਾ ਸੀ। ਉਹ ਕਹਿੰਦਾ ਸੀ ਯੂਨੀਅਨ ਨੇ ਪਿਛਲੇ ਚਾਰ ਮਹੀਨਿਆਂ ਤੋਂ ਪੁਲਿਸ ਖ਼ਿਲਾਫ਼ ਠੰਢਾ ਯੁੱਧ ਸ਼ੁਰੂ ਕੀਤਾ ਹੋਇਆ ਸੀ। ਉਹ ਪੁਲਿਸ ਦੀ ਮੁਨਾਸਬ ਵਗਾਰ ਤਾਂ ਕਰਦੇ ਆ ਰਹੇ ਸਨ। ਜਿਸ ਮਰਜ਼ੀ ਦੁਕਾਨ ਵਿਚ ਵੜ ਕੇ ਪੁਲਿਸ ਚਾਹ ਪੀ ਲਏ। ਕੋਈ ਪੈਸਾ ਨਹੀਂ ਮੰਗਦਾ। ਕੋਈ ਦੋ-ਚਾਰ ਬਰਫ਼ੀ ਦੇ ਟੁਕੜੇ ਜਾਂ ਲੱਡੂ ਚੁੱਕ ਲਏ ਤਾਂ ਉਹ ਵੀ ਮੁਆਫ਼ ਸੀ, ਪਰ ਇਹ ਕੀ ਮਤਲਬ ਹੋਇਆ ਕਿ ਕਿਸੇ ਅਫ਼ਸਰ ਦੇ ਦੌਰੇ ਸਮੇਂ ਕਾਜੂਆਂ ਵਾਲੇ ਮਰਤਬਾਨ ਹੀ ਚੁੱਕ ਲਏ ਜਾਣ। ਅਫ਼ਸਰ ਇਕ ਆਉਣਾ ਹੁੰਦਾ ਤਾਂ ਵਗਾਰ ਵੀਹ ਦੁਕਾਨਦਾਰਾਂ ਨੂੰ ਪੈਂਦੀ। ਕਿਸੇ ਤੋਂ ਬਰਫ਼ੀ, ਕਿਸੇ ਤੋਂ ਪਨੀਰ, ਕਿਸੇ ਤੋਂ ਸਮੋਸੇ।

ਪਿਛਲੇ ਕੁਝ ਮਹੀਨਿਆਂ ਤੋਂ ਪੁਲਿਸ ਦਾ ਜ਼ਿਆਦਾ ਹੀ ਮੂੰਹ ਖੁੱਲ੍ਹ ਗਿਆ ਸੀ। ਕਿਸੇ ਨਾ ਕਿਸੇ ਪੁਲਸੀਏ ਦੇ ਘਰ ਵਿਆਹ-ਸ਼ਾਦੀ ਆਈ ਹੀ ਰਹਿੰਦੀ ਹੈ। ਕਿਸੇ ਵੱਡੇ ਅਫ਼ਸਰ ਦੇ ਵਿਆਹ ਹੋਵੇ ਤਾਂ ਬਣੀ-ਬਣਾਈ ਮਿਠਾਈ ਵੀ ਇਥੋਂ ਜਾਂਦੀ ਅਤੇ ਮੁਫ਼ਤ ਵਿਚ ਹਲਵਾਈ ਵੀ। ਦਿਲ ਕੀਤਾ ਤਾਂ ਚਾਰ ਢੋਲ ਦੁੱਧ ਦੇ ਮੰਗਵਾ ਦਿੱਤੇ, ਨਾ ਦਿਲ ਕੀਤਾ ਤਾਂ ਉਪਰੋਂ-ਉਪਰੋਂ ਹੀ ਸਾਰ ਦਿੱਤਾ। ਛੋਟੇ ਮੁਲਾਜ਼ਮ ਦੇ ਵਿਆਹ ਹੋਵੇ ਤਾਂ ਖੋਏ, ਪਨੀਰ ਭੇਜੋ। ਪੰਜ ਸੌ ਦੀ ਚੀਜ਼ ਦੇ ਪੰਜਾਹ ਰੁਪਏ ਵੀ ਪੱਲੇ ਨਹੀਂ ਸੀ ਪੈਂਦੇ।

ਫੇਰ ਵਗਾਰ ਦਾ ਅਹਿਸਾਨ ਕੋਈ ਨਹੀਂ। ਦੁੱਧ ਤੋਂ ਮਠਿਆਈ ਬਣਾਉਣ 'ਤੇ ਪਾਬੰਦੀ ਤਾਂ ਪਿੱਛੋਂ ਲੱਗਦੀ, ਹਲਵਾਈਆਂ ਦੇ ਛਾਪੇ ਪਹਿਲਾਂ ਪੈ ਜਾਂਦੇ। ਸਾਰਾ ਦਿਨ ਗੱਦੀਆਂ 'ਤੇ ਬੈਠਣ ਕਰਕੇ ਹਲਵਾਈਆਂ ਦੀਆਂ ਗੋਗੜਾਂ ਤਾਂ ਪਹਿਲਾਂ ਹੀ ਵਧੀਆਂ ਹੁੰਦੀਆਂ ਹਨ। ਉਪਰੋਂ ਇਹ ਕਿਸੇ ਨੇਤਾ ਦੇ ਪਹੁੰਚਣ ਤੋਂ ਪਹਿਲਾਂ-ਪਹਿਲਾਂ ਅਗਲੇ ਦੀਆਂ ਡੰਡ-ਬੈਠਕਾਂ ਲਗਵਾ-ਲਗਵਾ ਬਲੱਡ ਪ੍ਰੈਸ਼ਰ ਹਾਈ ਕਰ ਚੁੱਕੇ ਹੁੰਦੇ। ਬਿਨਾਂ ਪੈਸਾ ਲਏ ਕੋਈ ਛੱਡਣਾ ਨਹੀਂ। ਨੋਟ ਇਉਂ ਗਿਣ-ਗਿਣ ਲੈਂਦੇ, ਜਿਵੇਂ ਹਲਵਾਈ ਉਹਨਾਂ ਦੇ ਕਰਜ਼ਾਈ ਹੋਣ।

ਹਲਵਾਈ ਯੂਨੀਅਨ ਨੇ ਬਾਕਾਇਦਾ ਲਿਖਤੀ ਰੂਪ ਵਿਚ ਮੁੱਖ ਮੰਤਰੀ ਨੂੰ ਸ਼ਿਕਾਇਤ ਭੇਜੀ ਹੋਈ ਸੀ। ਪਿਛਲੀ ਵਾਰ ਜਦੋਂ ਸਰਦਾਰ ਜੀ ਸ਼ਹਿਰ 'ਚ ਆਏ ਸਨ ਤਾਂ ਉਹਨਾਂ ਦੀ ਯੂਨੀਅਨ

ਦਾ ਡੈਪੂਟੇਸ਼ਨ ਉਹਨਾਂ ਨੂੰ ਮਿਲਿਆ ਵੀ ਸੀ। ਯੂਨੀਅਨ ਨੇ ਸਰਦਾਰ ਨੂੰ ਧਮਕੀ ਵੀ ਦਿੱਤੀ ਸੀ ਕਿ ਜੇ ਹਲਵਾਈਆਂ ਦੀ ਨਾ ਸੁਣੀ ਗਈ ਤਾਂ ਉਹ ਅੱਗੋਂ ਤੋਂ ਸਰਦਾਰ ਦਾ ਬਾਈਕਾਟ ਕਰਨਗੇ।

ਇਹ ਹਲਵਾਈਆਂ ਦੀ ਯੂਨੀਅਨ ਦੇ ਸੰਘਰਸ਼ ਦਾ ਨਤੀਜਾ ਸੀ ਕਿ ਉਹਨਾਂ ਦੇ ਗਲੋਂ ਜੂਲਾ ਲਹਿ ਗਿਆ ਸੀ। ਮੁੜ ਨਾ ਹਲਵਾਈ ਕਿਸੇ ਪੁਲਸੀਏ ਨੂੰ ਮੁਫ਼ਤ 'ਚ ਚਾਹ ਪਿਆਉਣਗੇ, ਨਾ ਵਗਾਰ ਕਰਨਗੇ।

ਦਰਸ਼ਨ ਨੂੰ ਪਤਾ ਸੀ, ਪ੍ਰਧਾਨ ਏਨਾ ਖ਼ੁਸ਼ ਕਿਉਂ ਸੀ। ਇਹ ਤਾਂ ਠੀਕ ਸੀ ਕਿ ਡਰਦਿਆਂ-ਡਰਦਿਆਂ ਯੂਨੀਅਨ ਨੇ ਪੁਲਿਸ ਦੀ ਸ਼ਿਕਾਇਤ ਕੀਤੀ ਸੀ, ਪਰ ਪ੍ਰਧਾਨ ਨੇ ਇਹ ਸ਼ਿਕਾਇਤ ਯੂਨੀਅਨ ਦੇ ਭਲੇ ਲਈ ਨਹੀਂ ਸੀ ਕਰਾਈ, ਸਗੋਂ ਆਪਣੀ ਬੇਇੱਜ਼ਤੀ ਦਾ ਬਦਲਾ ਲੈਣ ਲਈ ਕਰਾਈ ਸੀ। ਸਿਟੀ ਪੁਲਿਸ ਨੇ ਉਸ ਦੇ ਸਾਲੇ ਦਾ ਸੀਮਿੰਟ ਦਾ ਭਰਿਆ ਟਰੱਕ ਫੜ ਲਿਆ ਸੀ। ਉਸ ਦਾ ਸਾਲਾ ਪੀ.ਡਬਲਿਯੂ.ਡੀ. ਮਹਿਕਮੇ ਵਿਚ ਓਵਰਸੀਅਰ ਸੀ ਅਤੇ ਸਰਕਾਰੀ ਸੀਮਿੰਟ ਅਤੇ ਲੋਹਾ ਥੋਕ ਦੇ ਭਾਅ ਵੇਚਣ ਵਿਚ ਮਸ਼ਹੂਰ ਸੀ। ਉਹ ਟਰੱਕ ਉਸ ਨੇ ਸਰਕਾਰੀ ਗੁਦਾਮਾਂ ਵਿਚੋਂ ਚੋਰੀ ਕੀਤਾ ਸੀ। ਪ੍ਰਧਾਨ ਚਾਹੁੰਦਾ ਸੀ ਬਿਨਾਂ ਦਿੱਤੇ-ਲਏ ਟਰੱਕ ਛੁੱਟ ਜਾਵੇ। ਪੁਲਿਸ ਫਸੀ ਮੁਰਗੀ ਹੱਥੋਂ ਜਾਣ ਨਹੀਂ ਸੀ ਦੇਣਾ ਚਾਹੁੰਦੀ। ਕੋਈ ਹੋਰ ਹੁੰਦਾ ਤਾਂ ਪ੍ਰਧਾਨ ਪੁਲਿਸ ਦੇ ਖ਼ਿਲਾਫ਼ ਨਾਅਰੇ ਮਾਰ ਕੇ ਬਾਹਰ ਆ ਜਾਂਦਾ। ਅਗਲੇ ਉਪਰ ਭਾਵੇਂ ਵੀਹ ਮੁਕੱਦਮੇ ਬਣ ਜਾਂਦੇ। ਆਪਣੇ ਸਾਲੇ ਲਈ ਉਹ ਮੁਕੱਦਮੇ ਦਾ ਜੋਖ਼ਮ ਨਹੀਂ ਸੀ ਉਠਾ ਸਕਦਾ। ਮਜਬੂਰੀ ਵਿਚ ਪ੍ਰਧਾਨ ਨੂੰ ਪੈਸੇ ਦੇਣੇ ਪਏ ਸਨ। ਉਸੇ ਦਿਨ ਤੋਂ ਪ੍ਰਧਾਨ ਨੂੰ ਲਗਦਾ ਸੀ ਉਹ ਸ਼ਹਿਰ ਵਿਚ ਕਿਸੇ ਨੂੰ ਮੂੰਹ ਦਿਖਾਉਣ ਜੋਗਾ ਨਹੀਂ ਰਿਹਾ। ਸਾਰਾ ਦਿਨ ਪੁਲਿਸ ਖ਼ਿਲਾਫ਼ ਪ੍ਰਚਾਰ ਕਰਦਾ ਰਹਿੰਦਾ ਸੀ।

ਇਹ ਉਸ ਲਈ ਵਧੀਆ ਮੌਕਾ ਸੀ। ਪੁਲਿਸ ਦੇ ਤਬਾਦਲਿਆਂ ਦਾ ਸਿਹਰਾ ਆਪਣੇ ਸਿਰ ਬੰਨ੍ਹ ਕੇ ਉਹ ਆਪਣੀ ਖੋਈ ਲੀਡਰੀ ਪ੍ਰਾਪਤ ਕਰਨ ਦੇ ਯਤਨ ਕਰ ਰਿਹਾ ਸੀ।

ਥਾਂ-ਥਾਂ ਹੁੰਦੇ ਇਸ ਤਰ੍ਹਾਂ ਦੇ ਪ੍ਰਚਾਰ ਨਾਲ ਸੰਘ ਦੇ ਨੇਤਾਵਾਂ ਨੂੰ ਫ਼ਿਕਰ ਹੋਣ ਲੱਗਾ। ਲੜਾਈ ਸੰਘ ਨੇ ਲੜੀ, ਹੜਤਾਲਾਂ ਸੰਘ ਨੇ ਕਰਾਈਆਂ, ਸਰਦਾਰ ਕੋਲ ਸੰਘ ਨੇ ਸ਼ਿਕਾਇਤ ਕੀਤੀ, ਪਰ ਸੰਘ ਦਾ ਕੋਈ ਨਾਂ ਹੀ ਨਹੀਂ ਸੀ ਲੈਂਦਾ। ਜੇ ਇਸ ਤਰ੍ਹਾਂ ਪ੍ਰਚਾਰ ਹੁੰਦਾ ਰਿਹਾ ਤਾਂ ਲੋਕਾਂ ਨੇ ਇਸ ਕੋਰੇ ਝੂਠ ਨੂੰ ਸੱਚ ਮੰਨ ਲੈਣਾ ਸੀ ਅਤੇ ਸੰਘ ਦੀ ਕੀਤੀ ਕਰਾਈ ਖੂਹ 'ਚ ਪੈ ਜਾਣੀ ਸੀ।

ਲੋਕਾਂ ਨੂੰ ਸੰਘ ਦੀਆਂ ਪ੍ਰਾਪਤੀਆਂ ਬਾਰੇ ਦੱਸਣਾ ਬਹੁਤ ਜ਼ਰੂਰੀ ਸੀ। ਸ਼ਹਿਰ ਵਿਚ ਥਾਂ-ਥਾਂ ਖੜੋ ਕੇ ਤਾਂ ਸੰਘ ਦਾ ਪ੍ਰਚਾਰ ਨਹੀਂ ਕੀਤਾ ਜਾ ਸਕਦਾ। ਇਸ ਦਾ ਇਕੋ-ਇਕ ਹੱਲ ਸੀ। ਇਕ ਸਰਬ-ਪਾਰਟੀ ਕਾਨਫ਼ਰੰਸ ਰੱਖੀ ਜਾਵੇ। ਮੁੱਖ ਮੁੱਦਾ ਸਰਦਾਰ ਵੱਲੋਂ ਦਿਖਾਈ ਗਈ ਖੁੱਲ੍ਹਦਿਲੀ ਦੇ ਧੰਨਵਾਦ ਦਾ ਹੋਵੇ। ਨਾਲ ਹੀ ਇਸ ਮੰਗ 'ਤੇ ਜ਼ੋਰ ਦਿੱਤਾ ਜਾਵੇ ਕਿ ਕੀਤੇ ਵਾਅਦੇ ਅਨੁਸਾਰ ਮੁੱਖ ਮੰਤਰੀ ਬੰਟੀ ਦੇ ਕਾਤਲਾਂ ਨੂੰ ਭੋਗ ਤਕ ਹਰ ਹਾਲਤ ਵਿਚ ਗ੍ਰਿਫ਼ਤਾਰ ਕਰਾਏ। ਸੰਘ ਦਾ ਪ੍ਰਚਾਰ ਆਪੇ ਹੀ ਹੋ ਜਾਣਾ ਸੀ।

ਸੰਘ ਕੋਲ ਆਪਣੇ ਤਾਂ ਬਹੁਤੇ ਵਰਕਰ ਨਹੀਂ ਸਨ। ਨਾ ਹੀ ਚੰਗੇ ਬੁਲਾਰੇ। ਕਿਸੇ ਇਕ ਸਿਆਸੀ ਪਾਰਟੀ 'ਤੇ ਵੀ ਨਿਰਭਰ ਨਹੀਂ ਸੀ ਕਰਨਾ ਚਾਹੀਦਾ। ਭਰਵੀਂ ਕਾਨਫ਼ਰੰਸ ਲਈ ਜ਼ਰੂਰੀ ਸੀ ਕਿ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਸੱਦੇ ਜਾਣ।

ਸੰਘ ਨੇ ਕਾਨਫ਼ਰੰਸ ਦੀ ਤਿਆਰੀ ਤਾਂ ਜ਼ੋਰ-ਸ਼ੋਰ ਨਾਲ ਕੀਤੀ, ਪਰ ਉਹ ਨਤੀਜੇ ਨਾ ਨਿਕਲੇ, ਜਿਨ੍ਹਾਂ ਦੀ ਉਹਨਾਂ ਨੂੰ ਆਸ ਸੀ।

ਕਿਸੇ ਵੀ ਪਾਰਟੀ ਦਾ ਸਿਰਕੱਢ ਨੇਤਾ ਸਮਾਗਮ ਵਿਚ ਸ਼ਾਮਲ ਨਾ ਹੋਇਆ। ਦੂਸਰੇ-ਤੀਸਰੇ ਦਰਜੇ ਦੇ ਨੇਤਾ ਹੀ ਭੇਜੇ ਗਏ, ਸੰਘ ਦਾ ਸਮਾਗਮ ਜਿਵੇਂ ਕੋਈ ਟ੍ਰੇਨਿੰਗ ਸੈਂਟਰ ਹੋਵੇ। ਦਰਸ਼ਨ ਨੂੰ ਇਸ ਦੇ ਦੋ ਕਾਰਨ ਨਜ਼ਰ ਆਏ। ਪਹਿਲਾ ਇਹ ਕਿ ਲੀਡਰ ਦਹਿਸ਼ਤਗਰਦਾਂ ਦੇ ਖ਼ਿਲਾਫ਼ ਬੋਲਣ ਤੋਂ ਡਰਦੇ ਸਨ। ਦੂਜਾ ਇਹ ਕਿ ਸਮਾਗਮ ਦਾ ਮੁੱਖ ਮੁੱਦਾ ਮੁੱਖ ਮੰਤਰੀ ਦਾ ਧੰਨਵਾਦ ਸੀ। ਵਿਰੋਧੀ ਧਿਰ ਮੁੱਖ ਮੰਤਰੀ ਦੀ ਤਾਰੀਫ਼ ਕਿਵੇਂ ਕਰ ਸਕਦੀ ਹੈ ? ਉਸ ਦਾ ਕੰਮ ਤਾਂ ਸਰਕਾਰ 'ਤੇ ਨੋਕ-ਝੋਕ ਕਰਨਾ ਹੈ।

ਸੰਘ ਨੂੰ ਇਸ ਗੱਲ ਦਾ ਵੀ ਅਫ਼ਸੋਸ ਸੀ ਕਿ ਕਾਨਫਰੰਸ ਨਾਲ ਸੰਘ ਦਾ ਪ੍ਰਚਾਰ ਨਹੀਂ ਸੀ ਹੋਇਆ। ਹਰ ਬੁਲਾਰੇ ਦਾ ਇਕੋ ਉਦੇਸ਼ ਹੁੰਦਾ ਸੀ ਲੋਕਾਂ ਨੂੰ ਇਹ ਦੱਸਣਾ ਕਿ ਪੁਲਿਸ ਬਹੁਤ ਜ਼ਾਲਮ ਹੈ। ਪੁਲਿਸ ਦੇ ਤਬਾਦਲੇ ਲਈ ਵਕਤਾ ਜਾਂ ਉਸ ਦੀ ਪਾਰਟੀ ਜ਼ਿੰਮੇਵਾਰ ਸੀ। ਨਾ ਕੋਈ ਕਾਤਲਾਂ ਦੀ ਗੱਲ ਛੇੜਦਾ ਨਾ ਬੰਟੀ ਦੀ।

ਦਰਸ਼ਨ ਨੇ ਸਮਾਗਮ ਦਾ ਉਦਘਾਟਨ ਜ਼ੈਲਦਾਰ ਤੋਂ ਕਰਾਇਆ। ਖ਼ਿਆਲ ਸੀ ਮੁੱਖ ਮੰਤਰੀ ਦੇ ਹੱਕ ਵਿਚ ਉਹ ਸਭ ਤੋਂ ਵੱਧ ਬੋਲੇਗੇ। ਉਹ ਪਹਿਲੇ ਹੱਲੇ ਹੀ ਬੂਝਾ ਸਿੰਘ 'ਤੇ ਵਰ੍ਹਨ ਲੱਗਾ। ਉਸ ਕੋਲ ਅੰਕੜਿਆਂ ਦੀ ਕਿਤਾਬਚੀ ਸੀ। ਬੂਝੇ ਨੇ ਕਿਸ ਸਿੱਖ ਨੌਜਵਾਨ ਤੋਂ ਕਿੰਨੇ ਪੈਸੇ ਲਏ, ਸਭ ਉਸ ਨੂੰ ਜ਼ਬਾਨੀ ਯਾਦ ਸੀ। ਉਹ ਦੁਖੀ ਸੀ ਕਿ ਬੂਝਾ ਸਿੰਘ ਕਿਸੇ ਨੂੰ ਵੀ ਨਹੀਂ ਸੀ ਬਖ਼ਸ਼ਦਾ। ਇਕ ਵਾਰ ਚੁਪਕੇ ਜਿਹੇ ਉਹ ਜ਼ੈਲਦਾਰ ਦੇ ਪੋਤੇ ਦੇ ਸਾਂਢੂ ਤੋਂ ਦਸ ਹਜ਼ਾਰ ਲੈ ਗਿਆ। ਜ਼ੈਲਦਾਰ ਲੰਬੇ ਸਮੇਂ ਤੋਂ ਉਸ ਦੇ ਖ਼ਿਲਾਫ਼ ਸੰਘਰਸ਼ਸ਼ੀਲ ਸੀ। ਉਹ ਹਰ ਥਾਂ ਬੂਝੇ ਦੀਆਂ ਜ਼ਿਆਦਤੀਆਂ ਦੇ ਖ਼ਿਲਾਫ਼ ਆਵਾਜ਼ ਉਠਾਉਂਦਾ ਸੀ—ਪਾਰਟੀ ਮੀਟਿੰਗਾਂ ਵਿਚ, ਗਰੀਵੀਐਂਸ ਕਮੇਟੀ ਵਿਚ ਅਤੇ ਮੁੱਖ ਮੰਤਰੀ ਕੋਲ। ਉਹ ਮੁੱਖ ਮੰਤਰੀ ਦਾ ਧੰਨਵਾਦੀ ਸੀ ਕਿ ਮੁੱਖ ਮੰਤਰੀ ਨੇ ਦੇਰ ਤਾਂ ਜ਼ਰੂਰ ਕੀਤੀ ਸੀ, ਪਰ ਹਨੇਰ ਨਹੀਂ ਸੀ ਪਾਇਆ। ਸਿੱਖ ਉਹਨਾਂ ਦੇ ਧੰਨਵਾਦੀ ਸਨ। ਉਹਨਾਂ ਸਿੱਖਾਂ ਨੂੰ ਇਸ ਕੋਹੜ ਤੋਂ ਰਾਹਤ ਦਿਖਾਈ ਸੀ।

ਬੂਝਾ ਸਿੰਘ ਨਾਲ ਦੁਸ਼ਮਣੀ ਦਾ ਅਸਲ ਕਾਰਨ ਉਸ ਦੀ ਲੁੱਟ ਨਹੀਂ ਸੀ। ਦਰਸ਼ਨ ਨੂੰ ਪਤਾ ਸੀ ਬੂਝਾ ਸਿੰਘ ਨੇ ਜ਼ੈਲਦਾਰਾਂ ਦੇ ਕੁੜਮਾਂ ਦਾ ਡੋਡਿਆਂ ਦਾ ਟਰੱਕ ਫੜ ਲਿਆ ਸੀ। ਉਹ ਜ਼ੈਲਦਾਰ ਦੇ ਰੋਹਬ ਅੱਗੇ ਝੁਕਿਆ ਵੀ ਨਹੀਂ ਸੀ। ਉਲਟਾ ਬੂਝਾ ਸਿੰਘ ਨੇ ਪਹਿਲਾਂ ਹੀ ਮੁੱਖ ਮੰਤਰੀ ਦੇ ਕੰਨ ਭਰ ਦਿੱਤੇ। ਭੱਜਾ-ਭੱਜਾ ਜ਼ੈਲਦਾਰ ਜਦੋਂ ਮੁੱਖ ਮੰਤਰੀ ਕੋਲ ਗਿਆ ਤਾਂ ਅੱਗੋਂ ਝਿੜਕਾਂ ਖਾਣੀਆਂ ਪਈਆਂ। ਗਿਆਨ ਚੰਦ ਵਾਂਗ ਉਸ ਦਿਨ ਤੋਂ ਜ਼ੈਲਦਾਰ ਵੀ ਬੂਝਾ ਸਿੰਘ ਵਿਰੁੱਧ ਜ਼ਹਿਰ ਘੋਲ ਰਿਹਾ ਸੀ। ਉਸ ਨੂੰ ਵੀ ਬੂਝਾ ਸਿੰਘ ਦੇ ਤਬਾਦਲੇ ਲਈ ਆਪਣੇ ਆਪ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕਾਹਲ ਸੀ ਤਾਂ ਹੀ ਲੋਕਾਂ 'ਚ ਨੱਕ ਰਹਿਣਾ ਸੀ।

ਅਖਿਲ ਭਾਰਤੀ ਮਜ਼ਦੂਰ ਸੰਘ ਦੇ ਬੁੱਧ ਰਾਮ ਦਾ ਸਾਰਾ ਜ਼ੋਰ ਸਿਪਾਹੀਆਂ ਨੂੰ ਭੰਡਣ 'ਤੇ ਲੱਗਾ ਸੀ। ਕਿਵੇਂ ਉਹ ਐਫ.ਸੀ.ਆਈ ਦੀ ਲੇਬਰ ਨੂੰ ਤੰਗ ਕਰਦੇ ਹਨ। ਕਿਵੇਂ ਗ਼ਰੀਬ ਇਸਤਰੀ ਮਜ਼ਦੂਰਾਂ 'ਤੇ ਬੁਰੀ ਨਜ਼ਰ ਰੱਖਦੇ ਹਨ। ਕਿਵੇਂ ਡੁੱਲ੍ਹੇ ਚੌਲ ਇਕੱਠੇ ਕਰਦੀਆਂ ਮੰਗਤੀਆਂ ਦੀ ਇੱਜ਼ਤ ਲੁੱਟਦੇ ਹਨ। ਕਿਵੇਂ ਕਿਸੇ ਕਣਕ ਦੀ ਸਪੈਸ਼ਲ ਗੱਡੀ ਲੱਗਣ ਦੀ ਖ਼ਬਰ ਸੁਣ ਕੇ ਗਿਰਝਾਂ ਵਾਂਗ ਉਹਨਾਂ ਦੇ ਸਿਰ 'ਤੇ ਮੰਡਰਾਉਣ ਲੱਗਦੇ ਹਨ। ਅਫ਼ਸਰਾਂ ਦੀ ਵਗਾਰ ਦੇ ਬਹਾਨੇ, ਕਦੇ ਥਾਣੇ ਦੀ ਮੈਸ ਦੇ ਬਹਾਨੇ ਕਿਵੇਂ ਦਸ-ਦਸ ਬੋਰੀਆਂ ਕਣਕ ਚੁੱਕ ਕੇ ਲਿਜਾਂਦੇ ਹਨ। ਕਣਕ ਚੋਰੀ ਦੇ ਝੂਠੇ ਇਲਜ਼ਾਮ ਲਾ ਕੇ ਕਿਵੇਂ ਲੇਬਰ ਤੋਂ ਸ਼ਰਾਬਾਂ ਪੀਂਦੇ ਅਤੇ ਮੁਰਗ਼ੇ ਖਾਂਦੇ ਹਨ।

ਜਦੋਂ ਲੇਬਰ ਕੋਈ ਜਾਇਜ਼ ਹੜਤਾਲ ਕਰੇ ਤਾਂ ਡੰਡਾ ਪਰੇਡ ਵੀ ਲੇਬਰ 'ਤੇ ਹੀ ਕਰਦੇ ਹਨ। ਉਸ ਸਮੇਂ ਸਿਪਾਹੀ ਲੇਬਰ ਦੀਆਂ ਦੋਸਤੀਆਂ ਭੁੱਲ ਜਾਂਦੇ ਹਨ। ਉਹਨਾਂ ਨੂੰ ਸਰਮਾਏਦਾਰਾਂ ਦੀ ਮਾਇਆ ਅਤੇ ਵਿਸਕੀ ਦੀ ਯਾਦ ਰਹਿੰਦੀ ਹੈ। ਉਸ ਨੂੰ ਗਿਲਾ ਸੀ, ਅੱਧੇ ਨਾਲੋਂ ਵੱਧ ਸਿਪਾਹੀ ਪੰਦਰਾਂ-ਪੰਦਰਾਂ ਸਾਲ ਤੋਂ ਇਥੇ ਲੱਗੇ ਹੋਏ ਸਨ। ਝੂਠੀ ਮੁਖ਼ਬਰੀ ਕਰ-ਕਰ ਉਹ ਅਫ਼ਸਰਾਂ ਨੂੰ ਭਟਕਾਉਂਦੇ ਸਨ। ਇਸ ਤਬਾਦਲੇ ਵਿਚ ਵੀ ਉਹਨਾਂ ਨੂੰ ਨਹੀਂ ਸੀ ਛੇੜਿਆ ਗਿਆ। ਪਤਾ ਨਹੀਂ ਮੁੱਖ ਮੰਤਰੀ ਨੂੰ ਉਹਨਾਂ ਨਾਲ ਮੋਹ ਕਿਉਂ ਸੀ ?

ਬੁੱਧ ਰਾਮ ਦੇ ਭਾਸ਼ਣ ਨੂੰ ਉਲਟ ਦਿਸ਼ਾ ਵੱਲ ਜਾਂਦਾ ਦੇਖ ਕੇ ਦਰਸ਼ਨ ਤਿਲਮਿਲਾ ਉਠਿਆ। ਕਾਨਫ਼ਰੰਸ ਮੁੱਖ ਮੰਤਰੀ ਦੇ ਸਵਾਗਤ ਲਈ ਬੁਲਾਈ ਗਈ ਸੀ ਨਾ ਕਿ ਵਿਰੋਧ ਕਰਨ ਲਈ। ਉਸ ਦਾ ਸਿਪਾਹੀਆਂ ਵਿਰੁੱਧ ਬੋਲਣ ਦਾ ਕਾਰਨ ਨਿੱਜੀ ਸੀ। ਉਹ ਆਪ ਤਾਂ ਸਾਰਾ ਦਿਨ ਲੀਡਰੀ 'ਤੇ ਰਹਿੰਦਾ ਸੀ, ਪਰ ਉਸ ਦੇ ਦੋਵੇਂ ਮੁੰਡੇ ਚੋਰੀ ਦੀ ਕਣਕ ਖ਼ਰੀਦਣ ਲਈ ਮਾਲ ਗੁਦਾਮ 'ਤੇ ਬੈਠੇ ਰਹਿੰਦੇ ਸਨ। ਸਿਪਾਹੀਆਂ ਨੇ ਉਹਨਾਂ ਨੂੰ ਕਈ ਵਾਰ ਫੜਿਆ ਸੀ। ਉਹ ਸਿਪਾਹੀ ਇਸ ਸਮੇਂ ਕਾਨਫ਼ਰੰਸ ਵਿਚ ਹਾਜ਼ਰ ਸਨ। ਬੁੱਧ ਰਾਮ ਨੂੰ ਕਈ ਸਾਲਾਂ ਬਾਅਦ ਸਟੇਜ 'ਤੇ ਚੜ੍ਹਨ ਦਾ ਮੌਕਾ ਮਿਲਿਆ ਸੀ। ਉਹ ਸਿਪਾਹੀਆਂ ਨੂੰ ਡਰਾਉਣ 'ਤੇ ਤੁਲਿਆ ਹੋਇਆ ਸੀ।

ਬੁੱਧ ਰਾਮ ਦੀਆਂ ਊਟ-ਪਟਾਂਗ ਗੱਲਾਂ ਦਰਸ਼ਨ ਤੋਂ ਬਰਦਾਸ਼ਤ ਨਾ ਹੋਈਆਂ। ਪਹਿਲਾਂ ਉਸ ਨੇ ਉਸ ਨੂੰ ਭਾਸ਼ਣ ਦਾ ਰੁਖ਼ ਬਦਲਣ ਲਈ ਇਸ਼ਾਰੇ ਕੀਤੇ। ਜਦੋਂ ਉਹ ਨਾ ਹੀ ਹਟਿਆ ਤਾਂ ਦਰਸ਼ਨ ਨੂੰ 'ਸਮਾਂ ਸਮਾਪਤ ਹੋ ਗਿਆ' ਆਖ ਕੇ ਉਸ ਤੋਂ ਮਾਈਕ ਖੋਹਣਾ ਪਿਆ।

ਅਗਲਾ ਬੁਲਾਰਾ ਉਸ ਦਾ ਵੀ ਗੁਰੂ ਨਿਕਲਿਆ। ਉਹ ਕ੍ਰਾਂਤੀਕਾਰੀ ਫ਼ਰੰਟ ਦਾ ਰਾਜਿੰਦਰ ਸੀ। ਉਹ ਮੁੱਖ ਮੰਤਰੀ ਅਤੇ ਪੁਲਿਸ ਨੂੰ ਤਾਂ ਗੇੜਾ ਦੇ ਹੀ ਰਿਹਾ ਸੀ, ਨਾਲ ਹੀ ਸੰਘ 'ਤੇ ਵੀ ਵਿਅੰਗ ਕਰਨ ਲੱਗਾ।

ਉਹ ਪੁੱਛ ਰਿਹਾ ਸੀ ਕਿ ਮੁੱਖ ਮੰਤਰੀ ਦਾ ਧੰਨਵਾਦ ਕਿਸ ਖ਼ੁਸ਼ੀ ਵਿਚ ਕੀਤਾ ਜਾਵੇ ?

ਕੀ ਇਸ ਲਈ ਕਿ ਉਹ ਦਸ ਦਿਨ ਚੁੱਪ ਕਰ ਕੇ ਬੰਟੀ ਦੀ ਮੌਤ ਉਡੀਕਦਾ ਰਿਹਾ ? ਜਾਂ ਇਸ ਲਈ ਕਿ ਉਸ ਨੇ ਬੰਟੀ ਦੀ ਸ਼ਹਾਦਤ ਦਾ ਮੁੱਲ ਇਕ ਲੱਖ ਰੁਪਿਆ ਪਾਇਆ ਸੀ ਜਾਂ ਫਿਰ ਇਸ ਲਈ ਕਿ ਉਸ ਦੀ ਸਾਰੀ ਪੁਲਿਸ ਨਿਕੰਮੀ ਸੀ।

ਇਸ ਗੱਲ ਦੀ ਕੀ ਗਾਰੰਟੀ ਹੈ ਕਿ ਅੱਗੋਂ ਤੋਂ ਕੋਈ ਬੰਟੀ ਅਗਵਾ ਨਹੀਂ ਹੋਏਗਾ ਜਾਂ ਆਉਣ ਵਾਲੀ ਪੁਲਿਸ ਈਮਾਨਦਾਰ ਅਤੇ ਦਿਆਨਤਦਾਰ ਹੋਏਗੀ।

ਮੁੱਖ ਮੰਤਰੀ ਲੋਕਾਂ ਨਾਲ ਹਮਦਰਦੀ ਪ੍ਰਗਟਾਉਣ ਨਹੀਂ, ਉਹਨਾਂ ਨੂੰ ਬੁੱਧੂ ਬਣਾਉਣ ਆਇਆ ਸੀ। ਲੋਕਾਂ ਦੇ ਜਜ਼ਬਾਤ ਭਟਕ ਗਏ ਸਨ। ਮਜਬੂਰ ਹੋ ਕੇ ਉਸ ਨੂੰ ਸ਼ਹਿਰ ਆਉਣਾ ਪਿਆ ਸੀ। ਲੋਕ ਉਸ ਦੀਆਂ ਲੂੰਬੜ-ਚਾਲਾਂ ਵਿਚ ਆ ਗਏ ਸਨ।

ਕੀ ਇਕ ਲੱਖ ਰੁਪਏ ਦੀ ਸਹਾਇਤਾ ਨਾਲ ਲੋਕਾਂ ਦੇ ਮਸਲੇ ਹੱਲ ਹੋ ਗਏ ? ਓਨਾ ਚਿਰ ਸੈਂਕੜੇ ਬੰਟੀ ਅਗਵਾ ਅਤੇ ਸ਼ਹੀਦ ਹੁੰਦੇ ਰਹਿਣਗੇ, ਜਿੰਨਾਂ ਚਿਰ ਲੋਕਾਂ ਨੂੰ ਸੱਚ ਅਤੇ ਝੂਠ ਦੀ ਪਹਿਚਾਣ ਨਹੀਂ ਹੁੰਦੀ। ਸੂਬੇ ਵਿਚ ਅਮਨ ਬਹਾਲ ਕਰਨਾ ਹੈ ਤਾਂ ਮੂਲਵਾਦੀ ਸ਼ਕਤੀਆਂ ਦੇ ਤੱਤ ਨੂੰ ਪਛਾਣੋ। ਇਹਨਾਂ ਵੱਖਵਾਦੀ ਅਤੇ ਅਤਿਵਾਦੀ ਤਾਕਤਾਂ ਨੂੰ ਉਭਾਰਨ ਵਾਲੇ ਬਾਹਰੋਂ ਕਿਧਰੋਂ ਨਹੀਂ ਆਏ, ਸਾਡੇ ਆਪਣੇ ਹਨ। ਸਾਡੇ ਸੂਬੇ ਵਿਚ ਮੂਲਵਾਦ ਦੀ ਜੜ੍ਹ ਜੇ ਮੁੱਖ ਮੰਤਰੀ ਦੀ ਪਾਰਟੀ ਨੇ ਲਾਈ ਹੈ ਤਾਂ ਕੇਂਦਰੀ ਸਰਕਾਰ ਇਸ ਨੂੰ ਵਧਣ-ਫੁੱਲਣ ਵਿਚ ਸਹਾਈ ਹੋ ਰਹੀ ਹੈ। ਦੋਹਾਂ ਦਾ ਮਕਸਦ ਇਕੋ ਹੈ। ਕਿਵੇਂ ਨਾ ਕਿਵੇਂ ਸੱਤਾ 'ਤੇ ਕਾਬਜ਼ ਰਿਹਾ ਜਾਵੇ ਜਾਂ ਫੇਰ ਸੱਤਾ ਹਥਿਆਈ

ਜਾਵੇ। ਇਸ ਗੜਬੜ ਤੋਂ ਦੋਵੇਂ ਫ਼ਾਇਦਾ ਉਠਾ ਰਹੇ ਸਨ। ਲੋਕ ਇਸ ਚਾਲ ਨੂੰ ਸਮਝਣ।

ਉਹ ਸੰਘ ਨੂੰ ਵੀ ਸਮਝਾ ਰਿਹਾ ਸੀ। ਸਮੱਸਿਆ ਇਕੱਲੇ ਬੰਟੀ ਦੀ ਨਹੀਂ। ਨਾ ਇਕ ਲੱਖ ਰੁਪਏ ਦੀ ਗਰਾਂਟ ਨਾਲ ਹੱਲ ਹੋਈ ਸੀ। ਹਜ਼ਾਰਾਂ ਬੰਟੀ ਇਸ ਸਮੱਸਿਆ ਦਾ ਸ਼ਿਕਾਰ ਸਨ। ਸੰਘ ਆਪਣੀ ਤਾਕਤ ਮੁੱਖ ਮੰਤਰੀ ਦੇ ਧੰਨਵਾਦ ਦੀ ਥਾਂ ਉਸ ਦੀ ਅਸਲੀਅਤ ਨੂੰ ਬੇਨਕਾਬ ਕਰਨ ਅਤੇ ਲੋਕ-ਸ਼ਕਤੀਆਂ ਨੂੰ ਇਕ ਪਲੇਟਫ਼ਾਰਮ ’ਤੇ ਇਕੱਠਿਆਂ ਕਰਨ ਵਿਚ ਲਾਏ। ਇਹੋ ਬੰਟੀ ਲਈ ਸੱਚੀ ਸ਼ਰਧਾਂਜਲੀ ਸੀ।

ਰਾਜਿੰਦਰ ਦਾ ਭਾਸ਼ਨ ਦਰਸ਼ਨ ਨੂੰ ਭੰਬਲ-ਭੂਸਿਆਂ ’ਚ ਪਾਉਣ ਲੱਗਾ।

ਹੁਣ ਤਕ ਤਾਂ ਸੰਘ ਸਮਝਦਾ ਸੀ ਕਿ ਮੁੱਖ ਮੰਤਰੀ ਨੂੰ ਜੇ ਕਿਸੇ ਨੇ ਝੁਕਾਇਆ ਸੀ ਤਾਂ ਉਹ ਸੰਘ ਹੀ ਸੀ। ਸੰਘ ਦੀਆਂ ਹੜਤਾਲਾਂ ਅਤੇ ਧਮਕੀਆਂ ਅੱਗੇ ਮੁੱਖ ਮੰਤਰੀ ਹਥਿਆਰ ਸੁੱਟਣ ਲਈ ਮਜਬੂਰ ਹੋਇਆ ਸੀ, ਪਰ ਲੋਕਾਂ ਦੇ ਦਾਅਵਿਆਂ ਅਤੇ ਨੇਤਾਵਾਂ ਦੇ ਭਾਸ਼ਣਾਂ ਤੋਂ ਉਸ ਨੂੰ ਮਹਿਸੂਸ ਹੋਣ ਲੱਗਾ ਸੀ ਕਿ ਮੁੱਖ ਮੰਤਰੀ ਦੇ ਐਲਾਨਾਂ ਪਿੱਛੇ ਨਾ ਸੰਘ ਦਾ ਹੱਥ ਸੀ, ਨਾ ਜਥੇਦਾਰਾਂ ਦਾ ਅਤੇ ਨਾ ਹੀ ਕਿਸੇ ਯੂਨੀਅਨ ਦਾ।

ਇਸ ਪਿੱਛੇ ਕੋਈ ਹੋਰ ਹੀ ਕਾਰਨ ਸੀ, ਜਿਹੜੇ ਦਰਸ਼ਨ ਦੀ ਸਮਝੋਂ ਬਾਹਰ ਸੀ। ਹੋ ਸਕਦੈ ਉਹਨਾਂ ਵਿਚੋਂ ਇਕ ਰਾਜਿੰਦਰ ਦੇ ਕਹਿਣ ਮੁਤਾਬਕ, ਸੰਘ ਨੂੰ ਬੁੱਧੂ ਬਣਾਉਣਾ ਵੀ ਹੋਵੇ।

✶

## 24

ਜੇ ਪਾਲਾ ਚਾਹੁੰਦਾ ਤਾਂ ਘਰੋਂ ਭੱਜ ਕੇ ਆਪਣੀ ਜਾਨ ਬਚਾ ਸਕਦਾ ਸੀ।

ਬਲਵੰਤ ਸਿਪਾਹੀ ਉਸ ਨੂੰ ਰਾਤ ਹੀ ਦੱਸ ਗਿਆ ਸੀ ਕਿ ਨਵੀਂ ਪੁਲਿਸ ਨੇ ਪੁਰਾਣੇ ਬਸਤੇ ਖੋਲ੍ਹ ਲਏ ਹਨ। ਪੁਲਿਸ ਨੇ ਹਰ ਉਸ ਮੁਜਰਮ ਤੋਂ ਪੁੱਛ-ਗਿੱਛ ਕਰਨੀ ਹੈ, ਜਿਸ ਖ਼ਿਲਾਫ਼ ਕਦੇ ਇਕ ਵੀ ਮੁਕੱਦਮਾ ਦਰਜ ਹੋਇਆ ਹੈ। ਪਾਲਾ ਤਾਂ ਦਸ ਨੰਬਰੀਆ ਰਿਹਾ ਹੈ। ਉਸ ਦੇ ਘਰ ਪਹਿਲੀ ਹੀ ਰਾਤ ਛਾਪਾ ਪਏਗਾ।

ਬਲਵੰਤ ਨੇ ਇਹ ਵੀ ਦੱਸਿਆ ਸੀ ਕਿ ਸਟਾਫ਼ ਬੜਾ ਖ਼ੂੰਖ਼ਾਰ ਹੈ। ਕਿਸੇ ਦੀ ਹੱਡੀ ਪੱਸਲੀ ਤੋੜਨਾ ਉਹਨਾਂ ਲਈ ਮਾਮੂਲੀ ਗੱਲ ਹੈ। ਇਹ ਬੰਦਾ ਮਾਰਨ ਲੱਗੇ ਵੀ 'ਸੀ' ਨਹੀਂ ਕਰਦੇ। ਇਕ-ਇਕ ਨੇ ਕਈ-ਕਈ ਬੰਦੇ ਮਾਰੇ ਹੋਏ ਹਨ। ਵੱਡਾ ਥਾਣੇਦਾਰ ਅੰਮ੍ਰਿਤਸਰ ਦੇ ਇੰਟੈਰੋਗੇਸ਼ਨ ਸੈਂਟਰ ਵਿਚੋਂ ਆਇਆ ਹੈ, ਬੜਾ ਜ਼ਾਲਮ ਹੈ। ਬੰਦੇ ਦੀ ਗਰਦਨ ਇਉਂ ਮਰੋੜ ਦਿੰਦਾ ਹੈ, ਜਿਵੇਂ ਬੰਦਾ ਬੰਦਾ ਨਾ ਹੋਵੇ, ਮੁਰਗ਼ਾ ਹੋਵੇ। ਵੱਡੇ ਸਾਹਿਬ ਨੇ ਉਸ ਨੂੰ ਅਖ਼ਤਿਆਰ ਵੀ ਪੂਰੇ ਦਿੱਤੇ ਹਨ। ਕਾਤਲ ਹਰ ਹਾਲਤ ਵਿਚ ਭੋਗ ਤੋਂ ਪਹਿਲਾਂ-ਪਹਿਲਾਂ ਫੜੇ ਜਾਣ। ਇਸ ਮਕਸਦ ਦੀ ਪ੍ਰਾਪਤੀ ਲਈ ਉਹ ਭਾਵੇਂ ਵੀਹ ਬੰਦੇ ਮਾਰ ਦੇਵੇ, ਉਸ ਨੂੰ ਖੁੱਲ੍ਹੀ ਛੁੱਟੀ ਹੈ।

ਪਾਲੇ ਦਾ ਇਸੇ ਵਿਚ ਫ਼ਾਇਦਾ ਹੈ ਕਿ ਉਹ ਦੋ-ਚਾਰ ਦਿਨ ਇਧਰ-ਉਧਰ ਹੋ ਕੇ ਆਪਣੀ ਜਾਣ ਬਚਾ ਲਏ।

ਬੁੱਢੇ ਸਿਪਾਹੀ ਦੀ ਘਬਰਾਹਟ ਤੋਂ ਪਾਲੇ ਨੇ ਅੰਦਾਜ਼ਾ ਲਾ ਲਿਆ ਸੀ ਕਿ ਬਲਵੰਤ ਦੀ ਗੱਲ ਵਿਚ ਸੌ ਫ਼ੀਸਦੀ ਸੱਚ ਸੀ। ਬਲਵੰਤ ਉਹਨਾਂ ਦਾ ਪੁਰਾਣਾ ਜੁੱਟ ਹੈ। ਮੌਕੇ-ਬੇਮੌਕੇ ਪਾਲੇ ਹੁਰਾਂ ਦੇ ਕੰਮ ਆਉਂਦਾ ਰਿਹਾ ਹੈ। ਨਵੀਂ ਯੋਜਨਾ ਦਾ ਪਤਾ ਲੱਗਦੇ ਹੀ ਉਹ ਭੱਜਾ-ਭੱਜਾ ਆਇਆ। ਇਕ ਮਿੰਟ ਵੀ ਨਾ ਰੁਕਿਆ। ਹਾਲੇ ਉਸ ਨੇ ਬਹੁਤ ਮਿੱਤਰਾਂ ਦੇ ਘਰ ਜਾਣਾ ਸੀ।

ਰੋਣ-ਹਾਕਾ ਹੋ ਕੇ ਥਰ-ਥਰ ਕੰਬਣ ਤੋਂ ਸਿਵਾ ਪਾਲਾ ਕੁਝ ਵੀ ਨਹੀਂ ਸੀ ਕਰ ਸਕਦਾ। ਬਲਵੰਤ ਦੀਆਂ ਗੱਲਾਂ ਸੁਣ ਕੇ ਪਾਲੇ ਦਾ ਸਾਰਾ ਸਰੀਰ ਦਰਦ ਕਰਨ ਲੱਗਾ। ਪੁਲਿਸ ਦੀ ਪੈਣ ਵਾਲੀ ਮਾਰ ਦੀ ਕਲਪਨਾ ਕਰ ਕੇ ਉਸ ਦੀਆਂ ਚੀਕਾਂ ਨਿਕਲਣ ਵਾਲੀਆਂ ਹੋ ਗਈਆਂ। ਪਹਿਲਾਂ ਉਹ ਤਕੜਾ ਸੀ। ਪੁਲਿਸ ਦੀ ਮਾਰ ਝੱਲ ਜਾਂਦਾ ਸੀ। ਹੁਣ ਤਾਂ ਉਸ ਦਾ ਹਰ ਅੰਗ ਟੁੱਟਿਆ-ਭੱਜਿਆ ਪਿਆ ਹੈ। ਪੁਰੇ ਦੀ ਹਵਾ ਚੱਲਦੇ ਹੀ ਸਾਰੇ ਜੋੜਾਂ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ। ਪਾਲੇ ਦਾ ਸਰੀਰ ਹੁਣ ਮਾਰ ਖਾਣ ਦੇ ਕਾਬਲ ਨਹੀਂ ਰਿਹਾ।

ਘਰੋਂ ਭੱਜ ਕੇ ਖਹਿੜਾ ਛੁੱਟ ਸਕਦਾ ਹੁੰਦਾ ਤਾਂ ਉਹ ਜ਼ਰੂਰ ਘਰੋਂ ਭੱਜ ਜਾਂਦਾ। ਕਈ ਵਾਰ ਉਸ ਨੇ ਘਰੋਂ ਭੱਜ-ਭੱਜ ਦੇਖਿਆ ਸੀ। ਪਾਲੇ ਦੇ ਸਾਰੇ ਟੱਬਰ ਨੂੰ ਬਗਲ ਲਿਆ ਜਾਂਦਾ। ਬੁੱਢੇ ਬਾਪ ਦੀ ਦਾੜ੍ਹੀ ਪੁੱਟੀ ਜਾਂਦੀ। ਭਰਾਵਾਂ ਨੂੰ ਪੁੱਠਾ ਲਟਕਾਇਆ ਜਾਂਦਾ। ਮਾਂ ਅਤੇ ਭੈਣਾਂ ਨਾਲ ਜੋ ਸਲੂਕ ਹੁੰਦਾ, ਉਸ ਬਾਰੇ ਸੋਚ ਕੇ ਪਾਲੇ ਨੂੰ ਆਪਣੇ-ਆਪ ਨਾਲ ਨਫ਼ਰਤ ਹੋਣ ਲੱਗਦੀ ਹੈ। ਉਸ ਦੀਆਂ

ਭੈਣਾਂ ਨੂੰ, ਬਾਪ ਅਤੇ ਭਰਾਵਾਂ ਅੱਗੇ ਨੰਗਾ ਹੋਣਾ ਪੈਂਦਾ। ਇਕ ਤੋਂ ਦੂਜੇ ਦੇ ਗੁਪਤ ਅੰਗਾਂ ਦੇ ਵਾਲ ਪੁਟਵਾਏ ਜਾਂਦੇ। ਭੈਣਾਂ ਪੁਲਸੀਆਂ ਦੀ ਹਵਸ ਦਾ ਸ਼ਿਕਾਰ ਹੀ ਨਹੀਂ ਸੀ ਹੁੰਦੀਆਂ, ਉੱਨਾ ਚਿਰ ਗੋਹਾ-ਕੂੜਾ ਵੀ ਕਰਦੀਆਂ ਜਿੰਨਾ ਚਿਰ ਪਾਲਾ ਹਾਜ਼ਰ ਨਾ ਹੁੰਦਾ।

ਮਾਂ-ਬਾਪ ਨੂੰ ਇਹੋ ਤਾਹਨੇ ਦਿੱਤੇ ਜਾਂਦੇ ਕਿ ਉਹਨਾਂ ਨੇ ਪਾਲੇ ਵਰਗਾ ਨਾਲਾਇਕ ਪੁੱਤ ਕਿਉਂ ਜੰਮਿਆ ਹੈ? ਜਦੋਂ ਪਾਲਾ ਹਾਜ਼ਰ ਹੁੰਦਾ ਤਾਂ ਸਭ ਨੂੰ ਨੰਗੇ ਕਰ ਕੇ ਉਹੋ ਕਾਰਵਾਈ ਫੇਰ ਦੁਹਰਾਈ ਜਾਂਦੀ।

ਮਾਂ-ਬਾਪ ਦੀ ਬੇਇੱਜ਼ਤੀ ’ਤੇ ਪਾਲੇ ਨੂੰ ਕੋਈ ਰੰਜ ਨਹੀਂ ਸੀ ਹੁੰਦਾ। ਉਸ ਸਮੇਂ ਉਹ ਸਮਝਦਾ ਸੀ ਕਿ ਪਾਲੇ ਨੂੰ ਚੋਰ ਬਣਾਉਣ ਵਿਚ ਉਹੋ ਭਾਈਵਾਲ ਸਨ। ਉਹਨਾਂ ਨਾਲ ਜਿੰਨੀ ਹੋਵੇ, ਓਨੀ ਹੀ ਥੋੜ੍ਹੀ ਸੀ।

ਆੜ੍ਹਤ ਦੀ ਦੁਕਾਨ ’ਤੇ ਮਾਪਿਆਂ ਨੂੰ ਚੰਗੀ ਮਜ਼ਦੂਰੀ ਮਿਲਦੀ ਸੀ। ਕੰਮ ਕਰਨ ਵਾਲੇ ਬਥੇਰੇ ਜੀਅ ਸਨ। ਕੁਲ ਮਿਲਾ ਕੇ ਪੂਰੇ ਗਿਆਰਾਂ। ਪੰਜਾਹ-ਸੱਠ ਦੀ ਦਿਹਾੜੀ ਕਿਧਰੇ ਨਹੀਂ ਸੀ ਜਾਂਦੀ। ਸੀਜ਼ਨ ਵਿਚ ਦਾਣੇ-ਫੱਕੇ ਦੇ ਬੋਹਲ ਲੱਗ ਜਾਂਦੇ। ਫੇਰ ਉਹਨਾਂ ਨੂੰ ਕੀ ਲੋੜ ਸੀ, ਪਿੜਾਂ ’ਚੋਂ ਕਣਕਾਂ, ਕਪਾਹਾਂ ਤੇ ਝੋਨਾ ਚੋਰੀ ਕਰਨ ਦੀ? ਕਦੇ ਕਿਸੇ ਢੇਰ ਵਿਚੋਂ ਕਣਕ ਦਾ ਪੀਪਾ ਭਰ ਲਿਆ, ਕਦੇ ਕਿਸੇ ਢੇਰ ’ਚੋਂ ਰੁੱਗ ਕਪਾਹ ਦਾ ਖਿਸਕਾ ਲਿਆ। ਉਹਨਾਂ ਨੂੰ ਨਾ ਆੜ੍ਹਤੀਆ ਕੁਝ ਆਖਦਾ ਨਾ ਮੁਨੀਮ। ਇਸ ਗੱਲ ਦੀ ਪਾਲੇ ਨੂੰ ਪਿੱਛੋਂ ਸਮਝ ਆਈ ਸੀ ਕਿ ਆੜ੍ਹਤੀਏ ਦੀ ਇਸ ਮਿਹਰਬਾਨੀ ਦਾ ਮੁੱਲ ਮਾਂ ਕਿਸ ਰੂਪ ਵਿਚ ਉਤਾਰਦੀ ਸੀ।

ਪਾਲਾ ਵੱਡਾ ਹੋਇਆ ਤਾਂ ਉਸ ਨੂੰ ਇਹੋ ਜਾਚ ਸਿਖਾਈ ਗਈ। ਜਿੱਡੀ ਵੱਡੀ ਚੋਰੀ ਕਰਦਾ, ਓਡੀ ਵੱਡੀ ਥਾਪੀ ਮਿਲਦੀ। ਕਦੇ-ਕਦੇ ਝੋਲੀ ਦਾਣਿਆਂ ਦੀ ਵੀ ਮਿਲਦੀ। ਦਾਣੇ ਵੇਚ ਕੇ ਜੋ ਮਰਜ਼ੀ ਖਾਵੇ।

ਖ਼ਰਚਣ ਲਈ ਪੈਸੇ ਹੋਣ ਤਾਂ ਖਾਣ-ਪੀਣ ਦੀਆਂ ਚੀਜ਼ਾਂ ਦੀ ਤਾਂ ਕੋਈ ਕਮੀ ਨਹੀਂ। ਵਾਸਦੇਵ ਦੀ ਬਰਫ਼, ਰਾਮ ਦੀਆਂ ਕਚੌਰੀਆਂ, ਲੀਲੇ ਦੇ ਲੱਡੂ ਅਤੇ ਮੋਟੇ ਦੀਆਂ ਜਲੇਬੀਆਂ, ਨੱਨੇ ਦੀ ਕਰਾਰੀ ਚਾਟ ਅਤੇ ਮਿੱਠੂ ਦੇ ਭੱਲੇ।

ਕਰਾਰੀਆਂ ਚੀਜ਼ਾਂ ਖਾਣ ਦਾ ਅਜਿਹਾ ਭੁੱਸ ਪਿਆ ਕਿ ਰੋਟੀ ਸਵਾਦ ਲੱਗਣੋਂ ਹਟ ਗਈ। ਪਾਲਾ ਸਾਬਤ ਕਣਕ ਦਾ ਪੀਪਾ ਵੇਚ ਕੇ ਪੈਸੇ ਜੇਬ ’ਚ ਪਾਉਣ ਲੱਗਾ। ਉਹਨਾਂ ਪੈਸਿਆਂ ਨਾਲ ਉਹ ਫ਼ਿਲਮ ਦੇਖਦਾ, ਬੀੜੀਆਂ ਪੀਂਦਾ ਅਤੇ ਦੋਸਤਾਂ ਨਾਲ ਰਲ ਕੇ ਮੱਛੀ ਖਾਂਦਾ। ਸਿਨੇਮੇ ਵਿਚ ਉਸ ਦੀ ਮੁਲਾਕਾਤ ਮੀਤੇ, ਨਿੰਦੇ ਅਤੇ ਘਾਰੂ ਨਾਲ ਹੋਈ। ਮੀਤਾ ਜੇਬਾਂ ਕੱਟਦਾ ਸੀ। ਨਿੰਦਾ ਅਤੇ ਘਾਰੂ ਚੋਰੀ ਕਰਦੇ ਸਨ। ਉਹਨਾਂ ਦੀਆਂ ਸ਼ਕਲਾਂ, ਕਦ-ਕਾਠ ਅਤੇ ਪਹਿਰਾਵਾ ਪਾਲੇ ਨਾਲ ਮਿਲਦਾ-ਜੁਲਦਾ ਸੀ। ਮਾਂ-ਬਾਪ ਵੀ ਇਕੋ ਜਿਹੇ ਅਤੇ ਘਰ-ਬਾਰ ਵੀ। ਉਹ ਸਾਰੇ ਹੀ ਚੋਰੀ ਫ਼ਿਲਮਾਂ ਦੇਖਦੇ ਸਨ। ਕੁਝ ਦਿਨਾਂ ਵਿਚ ਉਹ ਸਾਰੇ ਦੋਸਤ ਬਣ ਗਏ।

ਪੈਸੇ ਕਮਾਉਣ ਦਾ ਘਾਰੂ ਨੇ ਬੜਾ ਵਧੀਆ ਤਰੀਕਾ ਦੱਸਿਆ। ਸਿਨੇਮਾ ਅੱਗੇ ਖੜ੍ਹੇ ਸਾਈਕਲਾਂ ਦੀਆਂ ਘੰਟੀਆਂ ਤੋਂ ਪਿੱਤਲ ਦੀਆਂ ਕੌਲੀਆਂ ਲਾਹ ਲਓ। ਇਕ ਕੌਲੀ ਬਦਲੇ ਨੱਨਾ ਚਾਟ ਵਾਲਾ ਪੂਰਾ ਪੱਤਾ ਚਾਟ ਦਾ ਦਿੰਦਾ ਹੈ। ਵੈਸੇ ਇਹ ਕੰਮ ਸੌਖਾ ਨਹੀਂ ਸੀ। ਠੇਕੇਦਾਰ ਅਕਸਰ ਉਨਾਂ ਦੀ ਮੁਰੰਮਤ ਕਰ ਦਿੰਦੇ। ਉਹ ਡਾਕਖ਼ਾਨੇ, ਹਸਪਤਾਲ ਅਤੇ ਬੈਂਕ ਅੱਗੇ ਖੜ੍ਹੇ ਸਾਈਕਲਾਂ ’ਤੇ ਹੱਥ ਫੇਰਨ ਲੱਗੇ।

ਨਿੰਦੇ ਨੇ ਖੋਜ ਕੱਢੀ। ਉਸ ਨੂੰ ਪਤਾ ਲੱਗ ਗਿਆ ਕਿ ਨੱਨਾ ਕੌਲੀਆਂ ਕਿਥੇ ਵੇਚਦਾ ਹੈ। ਨਿੰਦਾ ਕਬਾੜੀਏ ਨੂੰ ਮਿਲ ਵੀ ਆਇਆ। ਜੇ ਸਿੱਧੀ ਕੌਲੀ ਉਸ ਕੋਲ ਵੇਚੀ ਜਾਵੇ ਤਾਂ ਦੋ ਰੁਪਏ ਮਿਲ ਸਕਦੇ ਸਨ। ਚਾਟ ਵਾਲਾ ਪੱਤਾ ਤਾਂ ਸਾਰਾ ਅੱਠ ਆਨੇ ਦਾ ਹੁੰਦਾ ਸੀ।

ਉਹਨਾਂ ਦੀ ਕਬਾੜੀਏ ਨਾਲ ਦੋਸਤੀ ਹੋ ਗਈ।

ਕਦੇ-ਕਦੇ ਉਹ ਗਲੀਆਂ ਵਿਚ ਚੱਕਰ ਕੱਢਦੇ। ਚਬੂਤਰਿਆਂ 'ਤੇ ਪਏ ਗਲਾਸ, ਕੌਲੀਆਂ ਖਿਸਕਾ ਲੈਂਦੇ। ਇਹਨਾਂ ਚੀਜ਼ਾਂ ਦੇ ਚੰਗੇ ਪੈਸੇ ਮਿਲਦੇ।

"ਘੰਟੀਆਂ ਲਾਹੁਣ ਨੂੰ ਤੁਸੀਂ ਹੁਣ ਜਵਾਕ ਨਹੀਂ ਰਹੇ। ਸਾਈਕਲ ਹੀ ਉਡਾ ਲਿਆ ਕਰੋ। ਪੰਜਾਹ ਰੁਪਏ ਫ਼ੀ ਸਾਈਕਲ ਮਿਲਿਆ ਕਰਨਗੇ।" ਕਬਾੜੀਏ ਨੇ ਇਕ ਦਿਨ ਉਹਨਾਂ ਨੂੰ ਵੱਡੇ ਹੋਣ ਦਾ ਅਹਿਸਾਸ ਕਰਾਇਆ।

ਮੀਤਾ ਜੇਬਾਂ ਕੱਟਣ ਵਿਚ ਮਾਹਿਰ ਹੋ ਗਿਆ। ਉਹ ਕਦੇ-ਕਦੇ ਹੀ ਮਿਲਦਾ। ਪੱਕੀ ਦੋਸਤੀ ਤਿੰਨਾਂ ਵਿਚ ਹੀ ਰਹਿ ਗਈ।

ਸੱਚਮੁੱਚ ਸਾਈਕਲਾਂ ਵਾਲਾ ਧੰਦਾ ਵਧੀਆ ਸੀ। ਚੋਰੀ ਦਾ ਢੰਗ ਵੀ ਕਬਾੜੀਏ ਨੇ ਹੀ ਦੱਸਿਆ ਸੀ। ਜਿਸ ਸਾਈਕਲ ਨੂੰ ਚੋਰੀ ਕਰਨਾ ਹੋਵੇ, ਉਸ ਕੋਲ ਆਪਣਾ ਸਾਈਕਲ ਖੜਾ ਕਰ ਦਿਓ। ਕੁਝ ਦੇਰ ਇਧਰ-ਉਧਰ ਘੁੰਮ ਕੇ ਚੋਰੀ ਵਾਲਾ ਸਾਈਕਲ ਖਿਸਕਾ ਕੇ ਤੁਰਦੇ ਬਣੋ। ਜੇ ਫੜੇ ਜਾਓ ਤਾਂ ਗ਼ਲਤੀ ਹੋਣ ਦੀ ਮੁਆਫ਼ੀ ਮੰਗੋ। ਪਏ ਭੁਲੇਖੇ ਦਾ ਅਹਿਸਾਸ ਕਰਾਓ। ਆਪਣਾ ਸਾਈਕਲ ਚੁੱਕ ਕੇ ਤੁਰਦੇ ਬਣੋ। ਜੇ ਸਾਈਕਲ ਥਾਂ ਸਿਰ ਪਹੁੰਚਾਉਣ ਵਿਚ ਕਾਮਯਾਬ ਹੋ ਗਏ ਤਾਂ ਥੋੜ੍ਹੀ ਦੇਰ ਬਾਅਦ ਆਪਣਾ ਸਾਈਕਲ ਵੀ ਚੁੱਕ ਲਿਆਓ।

ਇਕ ਵਾਰ ਸਾਈਕਲ ਕਬਾੜਖ਼ਾਨੇ ਤਕ ਪਹੁੰਚਾ ਦਿਉ, ਪੈਸੇ ਖਰੇ। ਕਬਾੜਖ਼ਾਨੇ ਪੁੱਜਦਿਆਂ ਹੀ ਸਾਈਕਲ ਦਾ ਪੁਰਜ਼ਾ-ਪੁਰਜ਼ਾ ਹੋ ਜਾਂਦਾ ਸੀ।

ਕਈ ਸਾਲ ਉਹ ਮੌਜਾਂ ਕਰਦੇ ਰਹੇ। ਪਾਲਾ ਘਰੇ ਵੜਨੋਂ ਹਟ ਗਿਆ। ਸਾਰਾ ਦਿਨ ਦੋਸਤਾਂ ਨਾਲ ਫਿਰਦਾ ਰਹਿੰਦਾ। ਕੰਮ-ਕਾਰ ਉੱਕਾ ਛੱਡ ਦਿੱਤਾ। ਦਿਲ ਕੀਤਾ ਘਰ ਚਲਾ ਗਿਆ, ਨਾ ਦਿਲ ਕੀਤਾ ਤਾਂ ਕਬਾੜਖ਼ਾਨੇ ਪਿਆ ਰਿਹਾ।

ਫੇਰ ਉਹਨਾਂ ਨੂੰ ਲੱਗਾ, ਸਾਈਕਲਾਂ ਦੀ ਚੋਰੀ ਨਾਲ ਗੁਜ਼ਾਰਾ ਹੋਣਾ ਮੁਸ਼ਕਿਲ ਸੀ। ਪੰਜਾਹ ਰੁਪਏ ਨਾਲ ਤਿੰਨ ਜਣਿਆਂ ਦਾ ਕੀ ਬਣਦਾ ਹੈ ? ਪੰਜਾਹ ਦੀ ਤਾਂ ਸ਼ਰਾਬ ਆਉਂਦੀ ਹੈ। ਉਪਰਲਾ ਖ਼ਰਚ ਕਿਥੋਂ ਆਵੇ ?

ਕਬਾੜੀਆ ਫੇਰ ਉਹਨਾਂ ਦੀ ਸਹਾਇਤਾ ਲਈ ਬਹੁੜਿਆ। ਉਹ ਸਕੂਟਰਾਂ 'ਤੇ ਹੱਥ ਅਜ਼ਮਾ ਕੇ ਦੇਖਣ।ਘਾਰੂ ਸਕੂਟਰ ਚਲਾ ਲੈਂਦਾ ਸੀ। ਪਾਲੇ ਹੁਰੀਂ ਉਸ ਦੀ ਹਿਫ਼ਾਜ਼ਤ ਕਰਨ ਲੱਗੇ। ਤਰੀਕਾ ਉਹੋ ਪੁਰਾਣਾ। ਬੱਸ ਥੋੜ੍ਹਾ ਜਿਹਾ ਖ਼ਿਆਲ ਰੱਖਣਾ ਪੈਂਦਾ ਸੀ। ਕੰਮ-ਕਾਰ ਦਾ ਘੇਰਾ ਵੱਡਾ ਕਰਨਾ ਪੈਣਾ ਸੀ। ਬਾਹਰਲੇ ਕਸਬਿਆਂ ਤਕ ਜਾਣਾ ਪੈਣਾ ਸੀ। ਕੰਮ ਸ਼ੁਰੂ ਕਰਨ ਲਈ ਕਬਾੜੀਏ ਨੇ ਉਹਨਾਂ ਨੂੰ ਇਕ ਸਕੂਟਰ ਵੀ ਦੇ ਦਿੱਤਾ।

ਇਹ ਧੰਦਾ ਬਹੁਤਾ ਚਿਰ ਨਾ ਚੱਲਿਆ। ਸਕੂਟਰ ਦਾ ਅਕਸਰ ਬੀਮਾ ਹੋਇਆ ਹੁੰਦਾ ਸੀ। ਬੀਮੇ ਦੀ ਰਕਮ ਲੈਣ ਲਈ ਚੋਰੀ ਦੀ ਰਿਪੋਰਟ ਦਰਜ ਹੋਣੀ ਜ਼ਰੂਰੀ ਸੀ। ਸਾਈਕਲ ਦੀ ਚੋਰੀ ਥੋੜ੍ਹਾ ਸੀ ਕਿ ਮਾਲਕ ਸਬਰ ਦੀ ਘੁੱਟ ਭਰ ਕੇ ਬੈਠ ਜਾਏ। ਕੋਈ ਥਾਣੇ ਚਲਾ ਵੀ ਜਾਂਦਾ ਤਾਂ ਥਾਣੇ ਵਾਲੇ ਰਸੀਦਾਂ ਪੇਸ਼ ਕਰਨ ਦੇ ਬਹਾਨੇ ਟਾਲ ਦਿੰਦੇ। ਸਕੂਟਰਾਂ ਵਾਲੇ ਪਰਚਾ ਦਰਜ ਕਰਾ ਕੇ ਹੀ ਹਟਦੇ।

ਸਕੂਟਰ ਚੋਰੀ ਹੋਣ ਦੇ ਦੋ-ਚਾਰ ਮੁਕੱਦਮੇ ਦਰਜ ਹੋਏ ਤਾਂ ਪੁਲਿਸ ਨੂੰ ਫ਼ਿਕਰ ਹੋ ਗਿਆ।

ਚੌਥਾ ਸਕੂਟਰ ਚੁੱਕਦੇ ਹੀ ਉਹ ਫੜੇ ਗਏ।

ਥਾਣੇ ਦੀ ਇਹ ਉਸ ਦੀ ਪਹਿਲੀ ਸੈਰ ਸੀ।

ਇਕ-ਦੋ ਵਾਰ ਥਾਣੇ ਜਾ ਕੇ ਪੁਲਿਸ ਦਾ ਹਊਆ ਚੁੱਕਿਆ ਗਿਆ। ਪੁਲਿਸ ਵਾਲੇ ਜ਼ਾਲਮ ਘੱਟ ਤੇ ਦੋਸਤ ਜ਼ਿਆਦਾ ਸਨ। ਪਹਿਲਾਂ-ਪਹਿਲਾਂ ਦੱਬ ਕੇ ਕੁੱਟਦੇ ਸਨ, ਪਰ ਸੱਟਾਂ ਠੀਕ ਹੋਣ ਤੋਂ ਪਹਿਲਾਂ ਹੀ ਗਹਿਰੀ ਦੋਸਤੀ ਵੀ ਗੰਢ ਲੈਂਦੇ ਸਨ। ਹਿੱਸਾ-ਪੱਤੀ ਆਪੇ ਤਹਿ ਕਰ ਲੈਂਦੇ।

ਥਾਣੇ-ਜੇਲ੍ਹਾਂ ਵਿਚ ਉਹਨਾਂ ਦੀ ਦੋਸਤੀ ਦਾ ਘੇਰਾ ਵਿਸ਼ਾਲ ਹੁੰਦਾ ਗਿਆ। ਚੋਰਾਂ ਦੇ ਕਈ ਗਰੋਹ ਉਹਨਾਂ ਦੇ ਸੰਪਰਕ ਵਿਚ ਆ ਗਏ। ਸਾਈਕਲਾਂ ਦੀ ਚੋਰੀ ਵੀ ਕੋਈ ਚੋਰੀ ਹੈ ? ਕੋਠੀਆਂ ਨੂੰ ਪਾੜ ਲਾਓ।

ਥਾਣੇ-ਕਚਹਿਰੀ ਉਹਨਾਂ ਲਈ ਆਮ ਗੱਲ ਹੋ ਗਈ। ਵਕੀਲਾਂ ਨੇ ਬਰੀ ਹੋਣ ਦੇ ਸਾਰੇ ਦਾਅ-ਪੇਚ ਸਿਖਾ ਦਿੱਤੇ। ਬਿਨਾਂ ਝਿਜਕ ਘਰਾਂ 'ਚ ਚੋਰੀਆਂ ਕਰਨ ਲੱਗੇ। ਬਹੁਤੀਆਂ ਚੋਰੀਆਂ ਵਿਚ ਉਹ ਫੜੇ ਹੀ ਨਾ ਜਾਂਦੇ ਜਾਂ ਆਖੋ ਪੁਲਿਸ ਫੜਦੀ ਹੀ ਨਾ। ਕਦੇ ਫੜੇ ਜਾਂਦੇ ਤਾਂ ਪੁਲਿਸ ਨੂੰ ਮਾਲ ਖ਼ਰੀਦਣ ਵਾਲਿਆਂ ਦੇ ਘਰ ਲਿਜਾ ਕੇ ਪੈਸੇ ਖਟਾ ਦਿੰਦੇ।

ਕੋਈ ਧੜੱਲੇਦਾਰ ਥਾਣੇਦਾਰ ਹੁੰਦਾ ਤਾਂ ਮਹੀਨਾ-ਵੀਹ ਦਿਨ ਜੇਲ੍ਹ 'ਚ ਰਹਿ ਕੇ ਜੁਰਮ ਦਾ ਇਕਬਾਲ ਕਰ ਲੈਂਦੇ, ਉਹ ਖ਼ੁਸ਼ ਹੋ ਜਾਂਦਾ। ਉਸ ਦਾ ਮੁਕੱਦਮਾ ਕਾਮਯਾਬ ਹੋ ਗਿਆ।

ਮਾੜਾ ਹੁੰਦਾ ਤਾਂ ਜ਼ਮਾਨਤ ਕਰਾ ਕੇ ਬਾਹਰ ਆ ਜਾਂਦੇ। ਗਵਾਹ ਕਚਹਿਰੀ ਦੇ ਚੱਕਰ ਕੱਟ-ਕੱਟ ਹੰਭ ਜਾਂਦੇ। ਅੱਕ ਕੇ ਪੈਰਵਾਈ ਛੱਡ ਜਾਂਦੇ। ਅੱਧੇ ਗਵਾਹ ਆਪਣੀ ਧਰਮ ਦੀ ਸਹੁੰ ਖਾ ਕੇ ਝੂਠ ਬੋਲਣ ਤੋਂ ਨਾਂਹ ਕਰ ਦਿੰਦੇ। ਸੱਚ ਬੋਲੇ ਤਾਂ ਉਹ ਬਰੀ। ਕੋਈ ਬਹੁਤਾ ਹੀ ਚੁਸਤ ਮੁਦੱਈ ਹੁੰਦਾ ਤਾਂ ਪਾਲੇ ਹੁਰੀਂ ਸਰਕਾਰੀ ਵਕੀਲ ਨੂੰ ਪੈਸੇ ਦੇ ਦਿੰਦੇ। ਉਹ ਆਪੇ ਹੇਠ-ਉਤਾਂਹ ਕਰ ਕੇ ਬਰੀ ਕਰਵਾ ਦਿੰਦਾ।

ਪਾਲੇ ਨੂੰ ਇਹ ਕੰਮ ਬੜਾ ਰਾਸ ਆ ਗਿਆ ਸੀ। ਮੌਜਾਂ ਹੀ ਮੌਜਾਂ ਸਨ। ਜੇਲ੍ਹਾਂ 'ਚ ਬਣੇ ਦੋਸਤ ਬੜੇ ਕੰਮ ਆਉਂਦੇ ਸਨ। ਕਦੇ ਭੀੜ ਪੈਂਦੀ ਤਾਂ ਵੱਡੇ ਸਮੱਗਲਰਾਂ ਦੀ ਓਟ ਮਿਲ ਜਾਂਦੀ।

ਫੇਰ ਬੀ.ਏ. ਨਾਂ ਨਾਲ ਮਸ਼ਹੂਰ ਇਕ ਅਜਿਹਾ ਥਾਣੇਦਾਰ ਆਇਆ ਕਿ ਉਹਨਾਂ ਨੂੰ ਨਾਨੀ ਯਾਦ ਆ ਗਈ। ਤੇਜ਼ ਰੋਸ਼ਨੀਆਂ ਅੱਗੇ ਬਿਠਾ-ਬਿਠਾ ਕੇ ਪਹਿਲਾਂ ਪਾਲੇ ਦੀ ਨਿਗਾਹ ਕਮਜ਼ੋਰ ਕੀਤੀ। ਜਦੋਂ ਦਿਖੇਗਾ ਹੀ ਨਹੀਂ ਚੋਰੀ ਕਿਵੇਂ ਕਰੇਗਾ ? ਪਿੱਛੋਂ ਚੂਲਾ ਲਾਹ ਦਿੱਤਾ। ਮਹੀਨਾ ਥਾਣੇ ਪਾਈ ਰੱਖਿਆ। ਇਲਾਜ ਵੀ ਨਾ ਕਰਵਾਉਣ ਦਿੱਤਾ, ਉਹ ਲੰਗੜਾ ਹੋ ਕੇ ਤੁਰਨ ਲੱਗਾ।

ਘਾਰੂ ਦੀਆਂ ਦੋਵੇਂ ਬਾਹਾਂ ਤੋੜ ਦਿੱਤੀਆਂ। ਨਿੱਕੇ ਕੇ ਕੰਨਾਂ ਵਿਚ ਕੋਈ ਚੀਜ਼ ਪਾ ਦਿੱਤੀ, ਉਹ ਬੋਲਾ ਹੋ ਗਿਆ।

ਉਹਨਾਂ ਵਿਚੋਂ ਕੋਈ ਵੀ ਚੋਰੀ ਦੇ ਕਾਬਲ ਨਾ ਰਹਿਣ ਦਿੱਤਾ।

ਸਾਲ ਭਰ ਹਸਪਤਾਲਾਂ ਦੇ ਧੱਕੇ ਖਾ ਕੇ ਪਾਲੇ ਨੂੰ ਮਸਾਂ ਧੁੱਪ-ਛਾਂ ਦਿਖਾਈ ਦੇਣ ਲੱਗੀ ਸੀ। ਬਸਾਖੀਆਂ ਤਾਂ ਲਹਿ ਗਈਆਂ, ਪਰ ਤੇਜ਼ ਤੁਰਨ ਲੱਗਿਆਂ ਸਾਰੀ ਟੰਗ ਦਰਦ ਕਰਨ ਲੱਗਦੀ।

ਜੀਵਨ ਆੜ੍ਹਤੀਆ ਉਸ ਦੀ ਬਾਂਹ ਨਾ ਫੜਦਾ ਤਾਂ ਪਾਲੇ ਨੂੰ ਕਿਸੇ ਮੰਦਰ-ਗੁਰਦੁਆਰੇ ਅੱਗੇ ਬੈਠ ਕੇ ਭੀਖ ਮੰਗਣੀ ਪੈਂਦੀ। ਬਾਪ ਨੇ ਜੀਵਨ ਦੇ ਪੈਰੀਂ ਪੱਗ ਧਰੀ, ਮਾਂ ਨੇ ਹਾੜ੍ਹੇ ਕੱਢੇ। ਸਾਰੀ ਉਮਰ ਜੀਵਨ ਦੀ ਕੀਤੀ ਗ਼ੁਲਾਮੀ ਦੀ ਯਾਦ ਦਿਵਾਈ। ਪਾਲੇ ਨੇ ਵੀ ਨੱਕ ਨਾਲ ਲਕੀਰਾਂ ਕੱਢੀਆਂ। ਮਾੜੇ ਕੰਮਾਂ ਦੀ ਅਸਲ ਸਜ਼ਾ ਉਹ ਹੁਣ ਭੁਗਤਣ ਲੱਗਾ ਸੀ। ਪੰਝੀਆਂ ਦੀ ਉਮਰ ਵਿਚ ਸੱਠਾਂ ਦਾ ਲੱਗਣ ਲੱਗਾ ਸੀ। ਉਹ ਹੋਰ ਪਾਪ ਨਹੀਂ ਕਰੇਗਾ।

ਪਾਲੇ ਨੂੰ ਸੁਧਰਨ ਦਾ ਮੌਕਾ ਮਿਲਿਆ। ਜੀਵਨ ਨੇ ਅੱਖਾਂ ਵਾਲੇ ਡਾਕਟਰ ਤੋਂ ਉਸ ਦਾ ਇਲਾਜ ਵੀ ਕਰਵਾ ਦਿੱਤਾ। ਮੋਟੇ-ਮੋਟੇ ਸ਼ੀਸ਼ਿਆਂ ਵਾਲੀਆਂ ਐਨਕਾਂ ਲਾ ਕੇ ਉਹ ਠੀਕ ਦੇਖ ਸਕਦਾ ਸੀ।

ਮੁੜ ਉਸ ਨੂੰ ਨਾ ਘਾਰੂ ਦੇ ਦਰਸ਼ਨ ਹੋਏ ਨਾ ਨਿੰਦੇ ਦੇ। ਪਾਲਾ ਉਹਨਾਂ ਨੂੰ ਭੁੱਲ-ਭੁਲਾ ਗਿਆ।

ਪਾਲੇ ਦਾ ਪਿਛਲੇ ਸਾਲ ਵਿਆਹ ਵੀ ਹੋ ਗਿਆ ਸੀ। ਉਹ ਬਾਪ ਬਣਨ ਵਾਲਾ ਸੀ।

ਬਲਵੰਤ ਸਿਪਾਹੀ ਦੇ ਆਖੇ ਲੱਗ ਕੇ ਜੇ ਉਹ ਘਰੋਂ ਭੱਜ ਵੀ ਜਾਂਦਾ ਤਾਂ ਪਿੱਛੋਂ ਕੀ ਹੋਣਾ ਸੀ, ਉਸ ਤੋਂ ਭੁੱਲਾ ਨਹੀਂ ਸੀ। ਭੈਣਾਂ ਤਾਂ ਵਿਆਹੀਆਂ ਵਰੀਆਂ ਗਈਆਂ। ਮਾਂ ਥਾਣੇ ਜਾਣ ਜੋਗੀ ਨਹੀਂ ਸੀ। ਸਾਰੀ ਉਮਰ ਧੂੜ ਫੱਕਦੀ ਰਹਿਣ ਕਾਰਨ ਉਸ ਨੂੰ ਟੀ.ਬੀ. ਹੋ ਗਈ। ਪੁਲਿਸ ਦੀ ਇਕੋ ਘੁਰਕੀ ਨਾਲ ਉਸ ਨੇ ਮਰ ਜਾਣਾ ਸੀ। ਨੰਗੀ ਕਰਨ ਲਈ ਉਸ ਦੀ ਪਤਨੀ ਹੀ ਰਹਿ ਜਾਣੀ ਸੀ। ਪਤਨੀ ਨੂੰ ਪੁਲਿਸ ਦੇ ਹੱਥ ਉਹ ਦੇਣਾ ਨਹੀਂ ਸੀ ਚਾਹੁੰਦਾ।

ਪਾਲਾ ਮੋਢੇ ’ਤੇ ਭੂਰਾ ਰੱਖ ਕੇ ਜੀਵਨ ਆੜ੍ਹਤੀਏ ਕੋਲ ਚਲਾ ਗਿਆ। ਕਿਸੇ ਜਾਣ-ਪਹਿਚਾਣ ਵਾਲੇ ਰਾਹੀਂ ਉਹ ਪਾਲੇ ਨੂੰ ਪੁਲਿਸ ਕੋਲ ਪੇਸ਼ ਕਰਾ ਦੇਵੇ।

ਜੀਵਨ ਸੋਚੀਂ ਪੈ ਗਿਆ, ਕਿਸ ਅਫ਼ਸਰ ਰਾਹੀਂ ਪਾਲੇ ਨੂੰ ਪੇਸ਼ ਕਰੇ। ਹੌਲਦਾਰ ਤੋਂ ਲੈ ਕੇ ਡਿਪਟੀ ਤਕ ਸਾਰੇ ਅਫ਼ਸਰਾਂ ਦਾ ਇਕਦਮ ਤਬਾਦਲਾ ਹੋ ਗਿਆ ਸੀ। ਪਹਿਲਾਂ ਕਦੇ ਇਸ ਤਰ੍ਹਾਂ ਨਹੀਂ ਸੀ ਹੋਇਆ। ਪਹਿਲਾਂ ਇਕ-ਦੋ ਦੇ ਤਬਾਦਲੇ ਹੁੰਦੇ ਸਨ। ਪੁਰਾਣਿਆਂ ਰਾਹੀਂ ਨਵੇਂ ਅਫ਼ਸਰਾਂ ਨਾਲ ਜਾਣ-ਪਹਿਚਾਣ ਹੋ ਜਾਂਦੀ।

ਪਹਿਲਾ ਡਿਪਟੀ ਹੁੰਦਾ ਤਾਂ ਪਾਲੇ ਨੂੰ ਕਿਸੇ ਨੇ ਥਾਣੇ ਬੁਲਾਉਣਾ ਤੱਕ ਨਹੀਂ ਸੀ।ਪਾਲੇ ਦਾ ਠੀਕ ਰਿਕਾਰਡ ਦੇਖ ਕੇ ਦੋ ਸਾਲ ਪਹਿਲਾਂ ਉਸ ਨੇ ਪਾਲੇ ਦੀ ਹਿਸਟਰੀ-ਸ਼ੀਟ ਬੰਦ ਕਰਵਾ ਦਿੱਤੀ ਸੀ। ਹਿਸਟਰੀ-ਸ਼ੀਟ ਬੰਦ ਕਰਵਾਉਣੀ ਕੋਈ ਖੇਡ ਨਹੀਂ ਹੁੰਦੀ। ਸੈਂਕੜੇ ਰਿਪੋਰਟਾਂ ਹੁੰਦੀਆਂ ਹਨ, ਪਰ ਡਿਪਟੀ ਜੀਵਨ ਦਾ ਹਮ-ਪਿਆਲਾ ਸੀ। ਉਸ ਦੀ ਗਰੰਟੀ ਦੇ ਆਧਾਰ ’ਤੇ ਹੀ ਪਾਲੇ ਨੂੰ ਦਸ ਨੰਬਰੀਆਂ ਵਿਚੋਂ ਕੱਢ ਦਿੱਤਾ ਗਿਆ ਸੀ।

ਹਥਿਆਰ ਸੁੱਟਣ ਵਾਲਾ ਜੀਵਨ ਵੀ ਨਹੀਂ ਸੀ। ਵਾਕਫ਼ ਤਾਂ ਉਸ ਦੇ ਜੱਜ ਵੀ ਸਨ। ਇਸ ਕੰਮ ਲਈ ਤਾਂ ਸਰਕਾਰੀ ਵਕੀਲ ਦੀ ਸਿਫ਼ਾਰਸ਼ ਹੀ ਕਾਫ਼ੀ ਸੀ।

ਗੁਰਮੀਤ ਰਾਹੀਂ ਪਾਲਾ ਪੇਸ਼ ਹੋ ਗਿਆ।

ਪਾਲਾ ਆਪੇ ਪੇਸ਼ ਹੋਇਆ ਸੀ, ਇਸ ਲਈ ਉਹ ਪੁਲਿਸ ਦੇ ਗ਼ੁੱਸੇ ਤੋਂ ਬਚਿਆ ਹੋਇਆ ਸੀ। ਉਸ ਨੂੰ ਮਜ਼ਾਰ ਵਾਲੇ ਚਬੂਤਰੇ ਕੋਲ ਬੈਠ ਕੇ ਆਪਣੀ ਵਾਰੀ ਦੀ ਉਡੀਕ ਕਰਨ ਦਾ ਹੁਕਮ ਹੋਇਆ ਸੀ।

ਪਾਲੇ ਦੀ ਨਜ਼ਰ ਥਾਣੇ ਦੇ ਵੱਡੇ ਦਰਵਾਜ਼ੇ ’ਤੇ ਟਿਕੀ ਹੋਈ ਸੀ। ਹਰ ਦਸ-ਪੰਦਰਾਂ ਮਿੰਟਾਂ ਬਾਅਦ ਗੇਟ ’ਤੇ ਪੁਲਿਸ ਦੀ ਕੋਈ ਗੱਡੀ ਰੁਕਦੀ। ਉਸ ਵਿਚੋਂ ਪਾਲੇ ਵਰਗਾ ਕੋਈ ਦਸ ਨੰਬਰੀਆ ਉਤਰਦਾ ਜਾਂ ਦਸ ਨੰਬਰੀਏ ਦੇ ਵਾਰਿਸ।

ਥਾਣੇ ਵਿਚ ਵਧ ਰਹੀ ਭੀੜ ਨੂੰ ਦੇਖ ਕੇ ਪਾਲੇ ਨੂੰ ਕਾਂਬਾ ਛਿੜ ਰਿਹਾ ਸੀ। ਕਿਸੇ ਵੀ ਸਮੇਂ ਉਸ ’ਤੇ ਤਸ਼ੱਦਦ ਭਾਰੂ ਹੋ ਸਕਦਾ ਸੀ।

ਹੁਣ ਭਾਵੇਂ ਦੋ-ਤਿੰਨ ਸਾਲਾਂ ਤੋਂ ਉਹ ਟਿਕਿਆ ਹੋਇਆ ਸੀ, ਪਰ ਉਸ ਦੇ ਖ਼ਿਲਾਫ਼ ਦਰਜ ਹੋਏ ਮੁਕੱਦਮਿਆਂ ਦੀ ਲਿਸਟ ਬਹੁਤ ਲੰਬੀ ਸੀ। ਕਈਆਂ ਵਿਚ ਉਸ ਨੂੰ ਸਜ਼ਾ ਹੋਈ ਸੀ, ਕਈਆਂ ਵਿਚੋਂ ਬਰੀ ਹੋਇਆ ਸੀ। ਇਹਨਾਂ ਸਜ਼ਾਵਾਂ ਦੇ ਆਧਾਰ ’ਤੇ ਹੀ ਉਸ ਨੂੰ ਦਸ ਨੰਬਰੀਆ ਬਣਾਇਆ

ਗਿਆ ਸੀ। ਉਹੋ ਸਜ਼ਾਵਾਂ ਉਸ ਨੂੰ ਕਿਸੇ ਵੀ ਸਮੇਂ ਪੁੱਠਾ ਲਟਕਣ ਲਈ ਮਜਬੂਰ ਕਰ ਸਕਦੀਆਂ ਸਨ।

ਪਾਲੇ ਨੂੰ ਤਾਂ ਉਸ ਦਿਨ ਦੀ ਹੀ ਪੁਲਿਸ ਦੀ ਉਡੀਕ ਸੀ, ਜਿਸ ਦਿਨ ਬੰਟੀ ਦੀ ਲਾਸ਼ ਮਿਲੀ ਸੀ। ਅਜਿਹੇ ਮੌਕੇ ਪੁਲਿਸ ਨੂੰ ਉਸ ਵਰਗੇ ਮੁਜਰਮਾਂ ਦੀ ਲੋੜ ਪੈਂਦੀ, ਪਰ ਉਹ ਇਸ ਲਈ ਬਚ ਗਿਆ ਸੀ, ਕਿਉਂਕਿ ਸਾਰੀ ਪੁਲਿਸ ਜੀਵਨ ਆੜ੍ਹਤੀਏ ਦੀ ਵਾਕਫ਼ ਸੀ। ਜੀਵਨ ਆੜ੍ਹਤੀਏ ਨੂੰ ਵੀ ਪਤਾ ਸੀ ਕਿ ਉਹ ਹੁਣ ਘੰਟੇ ਲਈ ਵੀ ਦੁਕਾਨ ਤੋਂ ਗ਼ੈਰ-ਹਾਜ਼ਰ ਨਹੀਂ ਹੁੰਦਾ। ਸਾਰੀਆਂ ਕਹਾਣੀਆਂ ਭੁਲਾ ਕੇ ਪਾਲੇ ਨੇ ਦੁਕਾਨ ਸੁੰਭਰਨ, ਦਾਣਿਆਂ ਨੂੰ ਝਾਰ ਲਾਉਣ, ਬੋਰੀਆਂ ਭਰਨ ਅਤੇ ਸਿਲਾਈ ਦਾ ਕੰਮ ਸ਼ੁਰੂ ਕਰ ਦਿੱਤਾ ਸੀ।

ਚੋਰੀ-ਯਾਰੀ ਤੋਂ ਪਾਲੇ ਨੂੰ ਨਫ਼ਰਤ ਹੋ ਗਈ ਸੀ। ਮਹਿੰਗਾਈ ਦੇ ਇਹਨਾਂ ਦਿਨਾਂ ਵਿਚ ਮਜ਼ਦੂਰੀ ਦੁੱਗਣੀ-ਤਿੱਗਣੀ ਹੋ ਗਈ ਸੀ। ਨਾਲੇ ਚਾਰ ਸੇਰ ਦਾਣੇ ਵੀ ਇਕੱਠੇ ਹੋ ਜਾਂਦੇ ਸਨ। ਦੋ-ਤਿੰਨ ਢਿੱਡ ਭਰਨ ਲਈ ਇੰਨੀ ਕੁ ਕਮਾਈ ਬਹੁਤ ਸੀ।

ਫੇਰ ਵੀ ਨਵੀਂ ਪੁਲਿਸ ਨੂੰ ਉਸ ਦੀ ਜ਼ਰੂਰਤ ਮਹਿਸੂਸ ਹੋਈ ਸੀ।

ਉਹ ਪੁਲਿਸ ਦੇ ਸਵਾਲਾਂ ਦਾ ਜਵਾਬ ਦੇਣ ਲਈ ਖ਼ੁਦ ਹੀ ਹਾਜ਼ਰ ਹੋ ਗਿਆ ਸੀ।

ਪਤਾ ਨਹੀਂ ਕਿਥੋਂ ਪੁਲਿਸ ਪਾਲੇ ਦੇ ਸਾਰੇ ਪੁਰਾਣੇ ਦੋਸਤ ਲੱਭ ਲਿਆਈ ਸੀ। ਕਈ ਅਜਿਹੇ ਬੰਦੇ ਵੀ ਫੜ ਲਏ ਗਏ ਸਨ ਜਿਹੜੇ ਪਾਲੇ ਨੂੰ ਕਦੇ-ਕਦਾਈਂ ਜੇਲ੍ਹ ਜਾਂ ਥਾਣੇ ਵਿਚ ਹੀ ਮਿਲਦੇ ਸਨ। ਬਾਹਰ ਕਦੇ ਉਹਨਾਂ ਦੇ ਦਰਸ਼ਨ ਨਹੀਂ ਸੀ ਹੋਏ।

ਸਭ ਤੋਂ ਪਹਿਲਾਂ ਪੁਲਿਸ ਦੇ ਹੱਥ ਆਉਣ ਵਾਲਿਆਂ ਵਿਚ ਉਸ ਦੇ ਸਾਥੀ ਬਾਰੂ ਅਤੇ ਨਿੰਦਾ ਸਨ।

ਉਸੇ ਢਾਣੀ ਦੇ ਸੰਤੂ, ਮਿਹਰੂ, ਪਾਲੂ, ਘੀਚਰ ਅਤੇ ਬੰਤੂ। ਪੁਰਾਣਾ ਜੇਬ-ਕਤਰਾ ਮੀਤਾ ਅਤੇ ਉਸ ਦੇ ਚੇਲੇ ਦਾਰੂ, ਰਾਮੂ ਅਤੇ ਸੁੰਦਰ। ਨਾਜਾਇਜ਼ ਸ਼ਰਾਬ ਕਸ਼ੀਦ ਕਰਨ ਵਾਲੇ ਨਿੰਦਰ, ਮੁਰਲੀ ਅਤੇ ਸਾਥੀ। ਨੰਬਰਦਾਰਾਂ ਦੀ ਅਫ਼ੀਮ ਢੋਣ ਵਾਲੇ ਬਿਹਾਰੀ ਭਈਏ। ਵੇਦੂ ਸੱਟੇ ਵਾਲੇ ਦੇ ਕਰਿੰਦੇ ਰਮੇਸ਼, ਦਰਸ਼ੀ ਅਤੇ ਜਨਕ। ਰਿਕਸ਼ੇ ਵਾਲਾ ਬੰਤੂ ਅਤੇ ਜੱਸਾ। ਜੂਆ ਖੇਡਣਾ ਜਿਨ੍ਹਾਂ ਦੀ ਆਦਤ ਸੀ। ਦੋ ਪੈਸੇ ਆ ਜਾਣ ਤਾਂ ਸਟੇਸ਼ਨ ’ਤੇ ਹੀ ਜੂਆ ਖੇਡਣ ਬੈਠ ਜਾਂਦੇ। ਕਈ ਵਾਰ ਫੜੇ ਗਏ। ਜੁਰਮਾਨੇ ਭਰ ਕੇ ਛੁੱਟ ਆਉਂਦੇ ਸਨ। ਦਾਨਕਿਆਂ ਦੇ ਘੀਚਰ ਅਤੇ ਨਿਹਾਲਾ ਜਿਹੜੇ ਜੰਗਲਾਤ ਮਹਿਕਮੇ ਦੀਆਂ ਲੱਕੜਾਂ ਚੋਰੀ ਕਰਨ ਲਈ ਮਸ਼ਹੂਰ ਹਨ। ਪੀਲੂ ਅਤੇ ਧਿਚਕੂ ਜਿਨ੍ਹਾਂ ਨੂੰ ਬਣ-ਸੰਵਰ ਕੇ ਰਹਿਣ ਅਤੇ ਬਦਮਾਸ਼ ਅਖਵਾਉਣ ਦਾ ਸ਼ੌਕ ਹੈ। ਪੱਬੀ ਨੇ ਜਦੋਂ ਵੀ ਜ਼ਮੀਨ ’ਤੇ ਕਬਜ਼ਾ ਕਰਨ ਜਾਣਾ ਹੋਵੇ, ਉਹ ਮੁੱਛਾਂ ਨੂੰ ਵੱਟ ਦੇ ਕੇ, ਪ੍ਰੈਸ ਕੀਤੇ ਕੁੜਤੇ-ਚਾਦਰੇ ਪਾ ਕੇ ਅਤੇ ਮੋਢੇ ’ਤੇ ਬੰਦੂਕਾਂ ਲਟਕਾ ਕੇ ਸਭ ਤੋਂ ਅੱਗੇ ਜਾਂਦੇ ਹਨ। ਕਈ ਬੰਦੇ ਮਾਰੇ। ਕਦੇ ਬਰੀ ਹੋ ਜਾਂਦੇ, ਕਦੇ ਦੋ-ਚਾਰ ਸਾਲ ਦੀ ਕੱਟ ਆਉਂਦੇ। ਵਧੀਆ ਤੋਂ ਵਧੀਆ ਵਕੀਲ ਉਹਨਾਂ ਦੀ ਪੈਰਵਾਈ ਲਈ ਹਾਜ਼ਰ ਹੁੰਦਾ। ਦਾਰੂ ਦਾ ਘੁੱਟ ਪੀ ਕੇ ਆਪਣੇ ਹੀ ਭਾਈਚਾਰੇ ਦਾ ਸਿਰ ਪਾੜਨ ਵਾਲੇ ਢੀਚੂ ਅਤੇ ਸਾਧੂ। ਸਾਂਸੀ ਅਤੇ ਬਾਜ਼ੀਗਰ। ਸਭ ਪੁਰਾਣੇ ਮੁਜਰਮ, ਪਾਲੇ ਦੇ ਯਾਰ।

ਨਵੇਂ ਚਿਹਰਿਆਂ ਦੀ ਵੀ ਘਾਟ ਨਹੀਂ ਸੀ, ਪਰ ਉਹ ਸਨ ਪਾਲੇ ਦੀ ਜਾਤ-ਬਰਾਦਰੀ ਵਿਚੋਂ ਹੀ।

ਜਿਹੜੇ ਘਰਾਂ ਵਿਚੋਂ ਮੁਜਰਮ ਨਹੀਂ ਸੀ ਮਿਲੇ, ਉਹਨਾਂ ਵਿਚੋਂ ਮੁਜਰਮਾਂ ਦੇ ਵਾਰਿਸ ਧੂਹੇ ਗਏ ਸਨ। ਪ੍ਰਿੰਸ ਦੀਆਂ ਭੈਣਾਂ ਅਤੇ ਨਾਨੂ ਦੀ ਮਾਂ। ਸ਼ਾਲੂ ਦਾ ਬਾਪ ਲਿਆਂਦਾ ਗਿਆ ਸੀ। ਸ਼ੰਕਰ

ਦਾ ਚਾਚਾ। ਜਿਸ ਦਾ ਕੋਈ ਵੀ ਨਾ ਮਿਲਿਆ, ਉਸ ਦਾ ਸਾਮਾਨ ਚੁੱਕਿਆ ਗਿਆ। ਬਾਕੀਆਂ ਦੇ ਡੰਗਰ-ਪਸ਼ੂ ਖੋਲ੍ਹ ਲਿਆਂਦੇ ਗਏ। ਦੁਪਹਿਰ ਤਕ ਥਾਣਾ ਮੁਜਰਮਾਂ ਨਾਲ ਭਰ ਚੁੱਕਾ ਸੀ। ਚਾਰੇ ਪਾਸੇ ਚੀਕ-ਚਿਹਾੜਾ ਪੈ ਰਿਹਾ ਸੀ।

ਮੁਜਰਮ ਦਾ ਥਾਣੇ ਵੜਦਿਆਂ ਹੀ ਸਵਾਗਤ ਸ਼ੁਰੂ ਹੋ ਜਾਂਦਾ। ਦੋ ਸਿਪਾਹੀ ਦਰਵਾਜ਼ੇ ਅੱਗੇ ਖੜੇ ਸਨ। ਅੰਦਰ ਵੜਦਿਆਂ ਹੀ ਹੂਰੇ ਮਾਰਨੇ ਸ਼ੁਰੂ ਕਰ ਦਿੰਦੇ। ਧੌਣ 'ਚ, ਜਾਭਾਂ 'ਤੇ, ਮੌਰਾਂ 'ਚ। ਅਗਲੇ ਦਾ ਹੁਲੀਆ ਵਿਗੜ ਜਾਂਦਾ। ਪੱਗ ਕਿਤੇ ਹੁੰਦੀ ਅਗਲਾ ਕਿਤੇ। ਧੱਕੇ ਮਾਰ-ਮਾਰ ਧਰਤੀ 'ਤੇ ਡੇਗ ਲੈਂਦੇ, ਠੁੱਡੇ ਮਾਰਦੇ। ਕੇਸਾਂ ਤੋਂ ਫੜ ਕੇ ਖੜ੍ਹਾ ਕਰਦੇ। ਧੀਆਂ-ਭੈਣਾਂ ਦੀਆਂ ਗਾਲ੍ਹਾਂ ਕੱਢਦੇ ਐਸ.ਐਚ.ਓ. ਦੇ ਪੇਸ਼ ਕਰਦੇ।

ਨਾਂ ਪਤਾ ਪੁੱਛ ਕੇ ਐਸ.ਐਚ.ਓ. ਹਿਸਟਰੀ-ਸ਼ੀਟ ਖੋਲ੍ਹਦਾ। ਉਸ ਦੇ ਪੁਰਾਣੇ ਰਿਕਾਰਡ ਨੂੰ ਦੇਖ ਕੇ ਫ਼ੈਸਲਾ ਕੀਤਾ ਜਾਂਦਾ ਕਿ ਉਸ ਨੂੰ ਕਿਸ ਤਫ਼ਤੀਸ਼ੀ ਪਾਰਟੀ ਦੇ ਹਵਾਲੇ ਕਰਨਾ ਹੈ।

ਪਾਲਾ ਬੇਸਬਰੀ ਨਾਲ ਉਡੀਕ ਰਿਹਾ ਸੀ। ਕੋਈ ਪਤਾ ਨਹੀਂ ਉਸ ਨੂੰ ਕਿਸ ਪਾਰਟੀ ਦੇ ਹਵਾਲੇ ਕੀਤਾ ਜਾਵੇ ?

✶

# 25

ਬਲਵੰਤ ਸਿਪਾਹੀ ਦੀ ਗੱਲ ਗ਼ਲਤ ਨਹੀਂ ਸੀ।

ਨਵਾਂ ਥਾਣੇਦਾਰ ਸੱਚਮੁੱਚ ਦਿਓ ਵਰਗਾ ਸੀ, ਛੇ ਫ਼ੁੱਟ ਕੱਦ। ਬਿੱਲੀਆਂ ਅੱਖਾਂ। ਕੁੰਢੀਆਂ ਮੁੱਛਾਂ। ਤੁਰਦਾ ਤਾਂ ਧਰਤੀ ਕੰਬਣ ਲੱਗਦੀ। ਬੋਲਦਾ ਤਾਂ ਸਭ ਦੇ ਦਿਲ ਹਿਲਾ ਦਿੰਦਾ।

ਉਸੇ ਜਿੰਨਾ ਖ਼ਤਰਨਾਕ ਸੀ, ਉਸ ਦਾ ਸਹਾਇਕ, ਛੋਟਾ ਥਾਣੇਦਾਰ ਨਾਜਰ ਸਿੰਘ। ਕੁਇੰਟਲ ਦੇਹ, ਚੌੜੀ ਛਾਤੀ, ਸੂਹੀਆਂ ਅੱਖਾਂ 'ਚੋਂ ਕਹਿਰ ਵਰਸਾਉਣ ਵਾਲਾ। ਜਿਸ ਕੋਲ ਵੀ ਜਾ ਖੜਦਾ, ਅਗਲਾ ਡਰਦਾ ਆਪੇ ਬਕਣ ਲੱਗਦਾ।

ਹੌਲਦਾਰ ਵੀ ਜਿੰਨਾਂ ਦਾ ਰੂਪ। ਸਿਪਾਹੀ ਉਹਨਾਂ ਦੇ ਵੀ ਗੁਰੂ।

ਥਾਣੇ ਦਾ ਵਿਹੜਾ ਯੁੱਧ-ਭੂਮੀ ਬਣ ਗਿਆ ਲੱਗਦਾ ਸੀ। ਇਕ ਪਾਸੇ ਸਨ ਮਾੜਚੂ ਜਿਹੇ ਨਿਹੱਥੇ ਮੁਜਰਮ, ਦੂਜੇ ਪਾਸੇ ਸਨ ਝੋਟਿਆਂ ਵਰਗੇ ਹਥਿਆਰਬੰਦ ਪੁਲਸੀਏ।

ਐਸ.ਐਚ.ਓ. ਲਾਲ ਸਿੰਘ ਨੇ ਤਫ਼ਤੀਸ਼ੀ ਅਫ਼ਸਰਾਂ ਦੀ ਯੋਗਤਾ ਦਾ ਪੈਮਾਨਾ ਉਹਨਾਂ ਦੀ ਕੁੱਟ-ਮਾਰ ਕਰ ਸਕਣ ਦੀ ਸ਼ਕਤੀ ਰੱਖਿਆ ਸੀ। ਪਾਰਟੀ ਦੀ ਯੋਗਤਾ ਦੇ ਆਧਾਰ 'ਤੇ ਹੀ ਉਹਨਾਂ ਨੂੰ ਮੁਜਰਮ ਸੰਭਾਲੇ ਜਾਂਦੇ ਸਨ।

ਕਿਸੇ ਪਾਰਟੀ ਨੂੰ ਘੋਟਾ ਲਾਉਣ ਦਾ ਹੁਕਮ ਹੋਇਆ ਸੀ, ਕਿਸੇ ਨੂੰ ਕੁਰਸੀ ਅਤੇ ਕਿਸੇ ਨੂੰ ਮੰਜਾ।

ਕੁਝ ਨੂੰ ਪਿੱਪਲ ਨਾਲ ਬੰਨ੍ਹਿਆ ਗਿਆ ਸੀ। ਕੁਝ ਟਾਹਣੀਆਂ 'ਤੇ ਤੋਰੀਆਂ ਵਾਂਗ ਲਟਕ ਰਹੇ ਸਨ। ਕੋਈ ਪੁੱਠਾ ਲਟਕ ਰਿਹਾ ਸੀ, ਕੋਈ ਸਿੱਧਾ। ਰੱਸਾ ਕਿਸੇ ਦੇ ਗਿੱਟਿਆਂ ਵਿਚ ਪਾਇਆ ਗਿਆ ਸੀ ਅਤੇ ਕਿਸੇ ਦੇ ਗੁੱਟਾਂ ਵਿਚ।

ਕਿਸੇ ਨੂੰ ਪਿੰਜਰੇ ਵਿਚ ਤਾੜ ਕੇ ਤੜਪਾਇਆ ਜਾ ਰਿਹਾ ਸੀ, ਕਿਸੇ ਨੂੰ ਬਰਫ਼ ਦੀਆਂ ਸਿਲੀਆਂ 'ਤੇ ਪਾ ਕੇ।

ਟੱਟੀਆਂ ਕੋਲ ਗੰਦ ਦਾ ਬੱਠਲ ਭਰੀ ਬੈਠੀ ਜਮਾਂਦਾਰਨੀ ਬੜੀ ਖ਼ੁਸ਼ ਸੀ। ਉਸ ਦੇ ਕੋਲ ਗੰਦ ਚੁੱਕਣ ਵਾਲਾ ਕੜਛਾ ਪਿਆ ਸੀ। ਰਮੇਸ਼, ਦਰਸ਼ੀ ਅਤੇ ਜਨਕਾ ਉਸ ਦੇ ਹਵਾਲੇ ਸਨ। ਬੜੇ ਮਜ਼ੇ ਨਾਲ ਉਸ ਨੇ ਤਿੰਨਾਂ ਦੇ ਮੂੰਹ 'ਤੇ ਗੰਦ ਬੰਨ੍ਹਿਆ ਸੀ। ਉਹਨਾਂ ਦੇ ਹੱਥ ਪਿਛਾਂਹ ਪਿੱਠ 'ਤੇ ਲਿਜਾ ਕੇ ਬੰਨ੍ਹ ਦਿੱਤਾ ਗਿਆ ਸੀ। ਥਾਣੇਦਾਰ ਦੀ ਸਖ਼ਤ ਤਾੜਨਾ ਸੀ। ਉਹ ਜਿੰਨਾ ਚਿਰ ਕੁਝ ਬਕਣ ਦਾ ਇਸ਼ਾਰਾ ਨਾ ਕਰਨ, ਉਹਨਾਂ ਦੇ ਮੂੰਹਾਂ ਤੋਂ ਗੰਦ ਨਾ ਲਾਹਿਆ ਜਾਵੇ। ਉਹ ਥਾਣੇ ਕਚਹਿਰੀ ਘੁੰਮਦੇ ਰਹਿੰਦੇ ਹਨ। ਹੋ ਸਕਦੈ ਉਹਨਾਂ ਕਦੇ ਮੁਜਰਮਾਂ ਨੂੰ ਸਾਜ਼ਿਸ਼ ਕਰਦੇ ਸੁਣਿਆ ਹੋਵੇ।

ਘੀਚਰ ਅਤੇ ਨਿਹਾਲਾ ਉਹਨਾਂ ਨਾਲੋਂ ਕੁਝ ਤਕੜੇ ਸਨ। ਇਸ ਲਈ ਉਹਨਾਂ 'ਤੇ ਸਖ਼ਤੀ ਦੀ ਜ਼ਰੂਰਤ ਸੀ। ਕਤਲ ਬਾਰੇ ਜਾਣਕਾਰੀ ਰੱਖਣ ਦੀ ਸੰਭਾਵਨਾ ਰੱਦ ਨਹੀਂ ਕੀਤੀ ਜਾ ਸਕਦੀ।

ਉਹਨਾਂ ਨੂੰ ਮੁਨਸ਼ੀ ਦੇ ਦਫ਼ਤਰ ਅੱਗੇ ਕੁਰਸੀ ਡਾਹੀ ਬੈਠੇ ਹੌਲਦਾਰ ਦੇ ਹਵਾਲੇ ਕੀਤਾ ਗਿਆ ਸੀ। ਹੌਲਦਾਰ ਦੇ ਦੋਹਾਂ ਹੱਥਾਂ ਵਿਚ ਡੰਡੇ ਫੜੇ ਹੋਏ ਸਨ। ਮੁਜਰਮਾਂ ਨੂੰ ਉਸ ਦੇ ਸਾਹਮਣੇ ਪੈਰਾਂ ਭਾਰ ਬੈਠਣ ਦਾ ਹੁਕਮ ਹੋਇਆ। ਉਹਨਾਂ ਦੇ ਵਿਗੜੇ ਦਿਮਾਗ਼ ਨੂੰ ਦਰੁੱਸਤ ਕਰਨ ਲਈ ਉਹਨਾਂ ਦੇ ਸਿਰਾਂ ਨੂੰ ਛੱਲੀਆਂ ਵਾਂਗ ਕੁੱਟਿਆ ਗਿਆ। ਦੋ ਕੁ ਵਾਰ ਉਹਨਾਂ ਸਿਰਾਂ 'ਤੇ ਹੱਥ ਰੱਖ ਕੇ ਮਾਰਾਂ ਨੂੰ ਠੱਲ੍ਹਣਾ ਚਾਹਿਆ, ਉਲਟਾ ਡੰਡਿਆਂ ਦੀ ਬਾਰਸ਼ ਤੇਜ਼ ਹੋ ਗਈ।

ਬਿਨਾਂ ਕੋਈ ਇਕਬਾਲ ਕਰੇ ਉਹ ਇਕ ਪਾਸੇ ਨੂੰ ਲੁੜ੍ਹਕ ਗਏ।

ਦੋ ਸਿਪਾਹੀ ਆਏ ਅਤੇ ਬਾਹਾਂ ਤੋਂ ਫੜ ਕੇ ਬੈਰਕਾਂ ਨੂੰ ਲੈ ਤੁਰੇ।

ਇਸ ਤਫ਼ਤੀਸ਼ ਤੋਂ ਵਿਹਲਾ ਹੋ ਕੇ ਅਗਲੇ ਹੁਕਮਾਂ ਲਈ ਹੌਲਦਾਰ ਨੇ ਥਾਣੇਦਾਰ ਨੂੰ ਸਲੂਟ ਮਾਰਿਆ।

ਪੁਲਿਸ ਕੋਲ ਬੰਦੇ ਬਹੁਤ ਸਨ, ਪਰ ਸਮਾਂ ਘੱਟ ਸੀ। ਦਿਨ ਛਿਪਣ ਨੂੰ ਆਇਆ ਸੀ। ਕੰਮ ਅੱਧਾ ਵੀ ਨਹੀਂ ਸੀ ਨਿੱਬੜਿਆ।

ਲਾਲ ਸਿੰਘ ਦਾ ਸਾਰਾ ਸਮਾਂ ਸਿਫ਼ਾਰਸ਼ੀਆਂ ਦੇ ਹੜ੍ਹ ਠੱਲ੍ਹਣ 'ਤੇ ਲੱਗ ਗਿਆ ਸੀ। ਜੱਜ ਤੋਂ ਲੈ ਕੇ ਡੀ.ਸੀ. ਤਕ ਦੀਆਂ ਸਿਫ਼ਾਰਸ਼ਾਂ ਆ ਗਈਆਂ ਸਨ। ਅੱਕ ਕੇ ਉਸ ਨੇ ਫ਼ੋਨ ਹੀ ਕਟਵਾ ਦਿੱਤਾ। ਕਾਂਗਰਸੀਆਂ ਤੋਂ ਲੈ ਕੇ ਕਾਮਰੇਡ ਤਕ ਸਭ ਥਾਣੇ ਦਾ ਚੱਕਰ ਮਾਰ ਗਏ ਸਨ। ਲਾਲ ਸਿੰਘ ਜਾਣ-ਬੁੱਝ ਕੇ ਉਹਨਾਂ ਨੂੰ ਪੁੱਠਾ ਹੀ ਪੈਂਦਾ ਰਿਹਾ ਤਾਂ ਜੋ ਮੁੜ ਉਹ ਸਿਫ਼ਾਰਸ਼ ਕਰਨ ਦੀ ਹਿੰਮਤ ਨਾ ਕਰਨ। ਖਿਝੇ ਥਾਣੇਦਾਰ ਨੇ ਥਾਣੇ ਦੇ ਗੇਟ ਨੂੰ ਜਿੰਦਾ ਲਗਵਾ ਦਿੱਤਾ। ਜਿੰਨਾ ਚਿਰ ਅੰਦਰਲੇ ਮੁਜਰਮਾਂ ਤੋਂ ਪੁੱਛ-ਗਿੱਛ ਨਹੀਂ ਹੋ ਜਾਂਦੀ, ਕਿਸੇ ਲਈ ਦਰਵਾਜ਼ਾ ਨਾ ਖੋਲ੍ਹਿਆ ਜਾਵੇ।

ਜੇ ਥਾਣੇਦਾਰ ਚਲਾਕ ਸੀ ਤਾਂ ਮੁਜਰਮ ਵੀ ਦੋ ਚੰਦੇ ਵੱਧ ਸਨ। ਕਪਤਾਨ ਤਕ ਪਹੁੰਚ ਕਰ ਕੇ ਵਾਇਰਲੈੱਸ ਕਰਵਾ ਸਕਦੇ ਸਨ। ਕਿਸੇ ਸਿਫ਼ਾਰਸ਼ ਦੇ ਆਉਣ ਤੋਂ ਪਹਿਲਾਂ ਪਹਿਲਾਂ ਹੀ ਉਹ ਆਪਣੀ ਤਸੱਲੀ ਕਰਨਾ ਚਾਹੁੰਦਾ ਸੀ।

ਨਾਜ਼ਰ ਸਿੰਘ ਢੀਚੂ ਅਤੇ ਸਾਧੂ ਦੀ ਤਫ਼ਤੀਸ਼ ਕਰ ਕੇ ਹਟਿਆ ਸੀ। ਉਹਨਾਂ ਨੂੰ ਕੁਟਾਪਾ ਚਾੜ੍ਹਦੇ ਨਾਜ਼ਰ ਦਾ ਆਪਣਾ ਬਲੱਡ ਪ੍ਰੈਸ਼ਰ ਹਾਈ ਹੋ ਗਿਆ ਸੀ। ਉਸ ਦਾ ਸਾਹ ਨਾਲ ਸਾਹ ਨਹੀਂ ਸੀ ਰਲਦਾ। ਮੱਥਾ ਪਸੀਨੇ ਨਾਲ ਤਰ ਹੋ ਗਿਆ ਸੀ। ਤਫ਼ਤੀਸ਼ ਦੀ ਰਿਪੋਰਟ ਦਿੰਦੇ ਨਾਜ਼ਰ ਨੂੰ ਕਈ ਵਾਰ ਰੁਕਣਾ ਪੈਂਦਾ ਸੀ।

ਉਸ ਨੇ ਸਿੱਟਾ ਕੱਢਿਆ ਸੀ ਕਿ ਢੀਚੂ ਅਤੇ ਸਾਧੂ ਨਿਰਦੋਸ਼ ਸਨ। ਉਹ ਤਾਂ ਸਾਧਾਰਨ ਜਿਹੇ ਲੜਕੇ ਸਨ। ਬੰਟੀ ਦੇ ਕਤਲ ਵਰਗੀ ਗੁੰਝਲਦਾਰ ਸਾਜ਼ਿਸ਼ ਉਹਨਾਂ ਦੇ ਵੱਸ ਦਾ ਰੋਗ ਨਹੀਂ ਸੀ।

ਪੀਲੂ ਅਤੇ ਪਿਚਕੂ ਦੀ ਤਫ਼ਤੀਸ਼ ਸਿਪਾਹੀਆਂ ਦੇ ਵੱਸ ਦੀ ਨਹੀਂ ਸੀ। ਉਹਨਾਂ 'ਤੇ ਘੋਟਾ ਲੱਗਣਾ ਚਾਹੀਦਾ ਸੀ। ਜਿਹੜੇ ਕਈ-ਕਈ ਕਤਲ ਭੁਗਤ ਚੁੱਕੇ ਹੋਣ, ਉਹ ਮਾੜੀ-ਮੋਟੀ ਤਫ਼ਤੀਸ਼ ਨੂੰ ਕੀ ਸਮਝਦੇ ਹਨ ? ਉਹਨਾਂ ਤੋਂ ਨਾਜ਼ਰ ਸਿੰਘ ਵਰਗਾ ਥਾਣੇਦਾਰ ਹੀ ਕੁਝ ਹਾਸਲ ਕਰ ਸਕਦਾ ਸੀ।

ਨਾਜ਼ਰ ਚਾਹੁੰਦਾ ਸੀ, ਪੀਲੂ ਹੁਰਾਂ 'ਤੇ ਝੱਟ ਲਾਉਣ ਤੋਂ ਪਹਿਲਾਂ ਉਸ ਨੂੰ ਕੁਝ ਸਮਾਂ ਆਰਾਮ ਲਈ ਦਿੱਤਾ ਜਾਵੇ ਅਤੇ ਕੁਝ ਹੋਰ ਬੰਦੇ ਵੀ। ਘੋਟਾ ਲਾਉਣ ਲਈ ਘੱਟੋ-ਘੱਟ ਅੱਠ-ਦਸ ਬੰਦਿਆਂ ਦੀ ਲੋੜ ਪੈਂਦੀ ਹੈ।

ਲਾਲ ਸਿੰਘ ਨਾਜ਼ਰ ਨੂੰ ਸਮਾਂ ਨਹੀਂ ਸੀ ਦੇ ਸਕਦਾ, ਬੰਦੇ ਜ਼ਰੂਰ ਦੇ ਸਕਦਾ ਸੀ।

ਵੈਸੇ ਤਾਂ ਉਸ ਕੋਲ ਹੌਲਦਾਰ ਵੀ ਵਿਹਲਾ ਸੀ, ਪਰ ਇਸ ਹੌਲਦਾਰ ਲਈ ਉਸ ਕੋਲ ਹੋਰ ਬਥੇਰੇ ਬੰਦੇ ਬੈਠੇ ਸਨ। ਨਾਜ਼ਰ ਸਿੰਘ ਸਿਪਾਹੀਆਂ ਨਾਲ ਕੰਮ ਚਲਾ ਸਕਦਾ ਸੀ।

ਕਿਹੜੇ ਬੰਦੇ ਫ਼ਾਰਗ ਕੀਤੇ ਜਾ ਸਕਦੇ ਸਨ, ਇਸ ਦਾ ਜਾਇਜ਼ਾ ਲੈਣ ਲਈ ਲਾਲ ਸਿੰਘ ਨੇ ਸਾਰੀਆਂ ਪਾਰਟੀਆਂ 'ਤੇ ਨਜ਼ਰ ਮਾਰੀ।

ਦੋ ਸਿਪਾਹੀ ਤਾਂ ਉਸ ਨੂੰ ਉਹ ਵਾਧੂ ਲੱਗੇ, ਜਿਹੜੇ ਇਕ ਸਾਂਸੀ ਦਾ ਜਮੂਰਾਂ ਨਾਲ ਮਾਸ ਖਿੱਚ ਰਹੇ ਸਨ। ਕਿਸੇ ਬਾਜ਼ੀਗਰ ਦੇ ਨਹੁੰ ਉਖਾੜਦੇ ਦੋ ਸਿਪਾਹੀ ਵੀ ਉਥੋਂ ਹਟਾਏ ਜਾ ਸਕਦੇ ਸਨ। ਸਾਂਸੀ ਬਾਜ਼ੀਗਰਾਂ ਦਾ ਕੀ ਹੈ ? ਜਦੋਂ ਮਰਜ਼ੀ ਵੰਝ 'ਤੇ ਚਾੜ੍ਹ ਦੇਵੋ। ਇਹਨਾਂ ਦੀ ਕਿਹੜੀ ਸਿਫ਼ਾਰਸ਼ ਆਉਣੀ ਸੀ।

ਪੀਲੂ ਅਤੇ ਪਿਚਕੂ ਪਾਰਟੀਬਾਜ਼ ਸਨ। ਉਹਨਾਂ ਦੀ ਸਿਫ਼ਾਰਸ਼ ਮੁੱਖ ਮੰਤਰੀ ਤਕ ਕਿਸੇ ਵੀ ਪੱਧਰ ਤੋਂ ਹੋ ਸਕਦੀ ਸੀ।

ਔਖਾ-ਸੌਖਾ ਨਾਜ਼ਰ ਉਹਨਾਂ ਦੀ ਤਫ਼ਤੀਸ਼ ਜ਼ਰੂਰ ਕਰ ਲਏ। ਸ਼ੱਕੀ ਬੰਦਿਆਂ ਨਾਲ ਆਪ ਘੁਲਣ ਦੀ ਜ਼ਰੂਰਤ ਨਹੀਂ। ਉਹ ਚੁੱਪ ਕਰ ਕੇ ਕੁਰਸੀ 'ਤੇ ਬੈਠਾ ਰਹੇ, ਸਵਾਲ ਪੁੱਛਦਾ ਰਹੇ। ਬਾਕੀ ਕੰਮ ਟਰੇਂਡ ਸਿਪਾਹੀਆਂ ਤੋਂ ਕਰਾਏ।

ਉਕਤ ਚਾਰੇ ਸਿਪਾਹੀ ਉਸ ਨੇ ਨਾਜ਼ਰ ਨੂੰ ਦੇ ਦਿੱਤੇ। ਜੇ ਹੋਰ ਬੰਦੇ ਦੀ ਜ਼ਰੂਰਤ ਹੈ ਤਾਂ ਸਵੇਰ ਤੋਂ ਵਿਹਲੇ ਬੈਠੇ ਪਾਲੇ ਨੂੰ ਨਾਲ ਲੈ ਲਏ। ਥਾਣੇ 'ਚ ਮਾਰ ਖਾਣ ਦਾ ਉਸ ਦਾ ਬਹੁਤ ਤਜਰਬਾ ਹੈ। ਮੁਸਤਵਿਆਂ ਦੀਆਂ ਟੰਗਾਂ-ਬਾਹਾਂ ਤਾਂ ਕਾਬੂ ਕਰ ਹੀ ਲਏਗਾ।

ਨਾਜ਼ਰ ਮੰਨ ਗਿਆ। ਜੇ ਇੰਨੇ ਬੰਦੇ ਮਿਲ ਜਾਣ ਤਾਂ ਉਹ ਕੰਮ ਚਲਾ ਲਏਗਾ।

"ਖੜ੍ਹਾ ਹੋ ਓਏ ਗਧੀ ਦਿਆ ਪੁੱਤਰਾ। ਕਿਵੇਂ ਲਾਟ ਸਾਹਿਬ ਵਾਂਗ ਕੱਛਾਂ 'ਚ ਹੱਥ ਦੇਈ ਬੈਠੈਂ ?" ਢੂਹੀ 'ਤੇ ਡੰਡੇ ਦੀ ਹੁੱਝ ਮਾਰਦੇ ਨਾਜ਼ਰ ਨੇ ਪਾਲੇ ਨੂੰ ਖੜ੍ਹਾ ਹੋਣ ਦਾ ਇਸ਼ਾਰਾ ਕੀਤਾ।

ਨਾਜ਼ਰ ਦਾ ਹੁਕਮ ਸੁਣ ਕੇ ਪਾਲੇ ਦੀਆਂ ਅੱਖਾਂ ਅੱਗੇ ਭੰਬੂ-ਤਾਰੇ ਨੱਚਣ ਲੱਗੇ। ਹੱਡਾਂ ਨੂੰ ਜਰਕਾਉਣ ਵਾਲਾ ਡੰਡੇ ਦਾ ਦਰਦ ਤਾਂ ਉਹ ਭੁੱਲ ਗਿਆ, ਪਰ ਇਸ ਗੱਲ ਦਾ ਫ਼ਿਕਰ ਖਾਣ ਲੱਗਾ ਕਿ ਪਾਲੇ ਦਾ ਨੰਬਰ ਹੁਣ ਲੱਗਾ ਸੀ। ਪਤਾ ਨਹੀਂ ਕੀ ਵਾਪਰਨ ਵਾਲਾ ਸੀ।

ਢੀਚੂ ਅਤੇ ਸਾਧੂ ਉੱਤੇ ਨਾਜ਼ਰ ਦੀ ਵਰਸਦੀ ਡਾਂਗ ਪਾਲੇ ਨੇ ਦੇਖੀ ਸੀ। ਜੇ ਮਾਮੂਲੀ ਮੁਜਰਮਾਂ ਤੇ ਘੰਟਾ ਡਾਂਗ ਵਰਸ ਸਕਦੀ ਸੀ ਤਾਂ ਪਾਲੇ ਵਰਗੇ ਚੋਰ ਦੀ ਖ਼ੈਰ ਕਿਥੇ ? ਉਸ ਨਾਲ ਕੁਝ ਵੀ ਵਾਪਰ ਸਕਦਾ ਸੀ।

ਥਰ-ਥਰ ਕੰਬਦਾ ਪਾਲਾ ਹੱਥ ਬੰਨ੍ਹ ਕੇ ਖੜ੍ਹਾ ਹੋ ਗਿਆ। ਉਸ ਦੇ ਸਾਰੇ ਸਰੀਰ ਵਿਚ ਦਰਦ ਦੀਆਂ ਤ੍ਰਾਟਾਂ ਛਿੜ ਪਈਆਂ। ਉਸ ਨੂੰ ਕੁਝ ਨਹੀਂ ਸੀ ਸੁੱਝ ਰਿਹਾ। ਚੜ੍ਹਨ ਵਾਲੇ ਕੜਕ ਲਈ ਕਿਸ ਅੰਗ ਨੂੰ ਤਿਆਰ ਕਰੇ ? ਪਾਲੇ ਦਾ ਤਾਂ ਕੋਈ ਵੀ ਅੰਗ ਤਫ਼ਤੀਸ਼ ਦੇ ਕਾਬਲ ਨਹੀਂ ਸੀ ਰਿਹਾ।

"ਚੱਲ ਘੋਟਾ ਚੁੱਕ ਕੇ ਲਿਆ।" ਪਾਲੇ ਦੇ ਜੁੜੇ ਹੱਥਾਂ 'ਤੇ ਡੰਡਾ ਮਾਰਦੇ ਨਾਜ਼ਰ ਨੇ ਪਿੱਪਲ ਹੇਠਾਂ ਵਾਧੂ ਪਏ ਇਕ ਬਾਲੇ ਨੂੰ ਚੁੱਕ ਲਿਆਉਣ ਦਾ ਹੁਕਮ ਸੁਣਾਇਆ।

ਘੋਟੇ ਦਾ ਨਾਂ ਸੁਣਦਿਆਂ ਹੀ ਪਾਲੇ ਨੂੰ ਤਰੇਲੀ ਆ ਗਈ। ਇਸ ਘੋਟੇ ਦੀ ਤਾਬ ਨਾ ਝੱਲਦਿਆਂ ਇਕ ਵਾਰ ਉਸ ਦੇ ਗੋਡੇ ਦੀ ਚੱਪਣੀ ਲਹਿ ਗਈ ਸੀ। ਅੱਜ ਤਕ ਉਸ ਦੇ ਗੋਡੇ ਵਿਚ ਦਰਦ ਰਹਿੰਦਾ ਹੈ। ਦੋਬਾਰਾ ਘੋਟਾ ਲਵਾਉਣ ਦੀ ਹਿੰਮਤ ਕਿੱਥੇ ?

ਨੀਮ-ਬੇਹੋਸ਼ੀ ਦੀ ਹਾਲਤ ਵਿਚ ਪਾਲੇ ਨੂੰ ਕੋਈ ਪਤਾ ਨਾ ਲੱਗਾ, ਕਦੋਂ ਉਸ ਨੇ ਘੋਟਾ ਚੁੱਕਿਆ ਅਤੇ ਕਦੋਂ ਕੰਬਲ ਵਿਛਾਇਆ।

ਇਕ ਵਾਰ ਉਸ ਨੂੰ ਝਉਲਾ ਜਿਹਾ ਪਿਆ, ਜਿਵੇਂ ਕੱਪੜੇ ਲਾਹੁਣ ਦਾ ਹੁਕਮ ਪਾਲੇ ਨੂੰ ਨਹੀਂ, ਪਿਚਕੂ ਨੂੰ ਹੋਇਆ ਸੀ।

"ਧੌਣ 'ਤੇ ਬੈਠ ਜਾ। ਦੇਖੀਂ ਹਿੱਲ ਨਾ ਸਕੇ।" ਜਦੋਂ ਪਾਲੇ ਦੇ ਗਿੱਟਿਆਂ 'ਤੇ ਡੰਡਾ ਮਾਰ ਕੇ ਪਾਲੇ ਨੂੰ ਪਿਚਕੂ ਦੀ ਗਰਦਨ ਨੂੰ ਚੰਗੀ ਤਰ੍ਹਾਂ ਨੱਪਣ ਦਾ ਹੁਕਮ ਹੋਇਆ ਤਾਂ ਕਿਤੇ ਜਾ ਕੇ ਉਸ ਦੇ ਹੋਸ਼ ਪਰਤੇ।

"ਬੰਟੀ ਦੇ ਕਾਤਲਾਂ ਬਾਰੇ ਕੁਝ ਪਤੈ ਤਾਂ ਭਲਮਾਣਸੀ ਨਾਲ ਦੱਸ ਸਕਦੈਂ। ਨਹੀਂ ਤਾਂ ਝੁਰਲੂ ਤਿਆਰ ਹੈ।" ਅਲਫ਼ ਨੰਗਾ ਕਰ ਕੇ ਕੰਬਲ 'ਤੇ ਪੈਣ ਦਾ ਹੁਕਮ ਦੇਣ ਤੋਂ ਪਹਿਲਾਂ ਨਾਜ਼ਰ ਨੇ ਪਿਚਕੂ ਨੂੰ ਇਕ ਮੌਕਾ ਦਿੱਤਾ।

"ਵਾਹਿਗੁਰੂ ਦੀ ਸਹੁੰ ਮੈਨੂੰ ਕੁਝ ਨੀ ਪਤਾ। ਜਿਹੜੇ ਕਤਲ ਅਸੀਂ ਕੀਤੇ ਆ', ਉਹ ਸਾਰੇ ਦੱਸ ਦਿੰਨਾ।" ਪਿਚਕੂ ਨੇ ਲੇਲ੍ਹੜੀ ਕੱਢੀ।

"ਜੇ ਤੁਸੀਂ ਆਸਾਨੀ ਨਾਲ ਮੰਨ ਜਾਓ ਤਾਂ ਤੁਹਾਨੂੰ ਬਦਮਾਸ਼ ਕਿਹੜਾ ਆਖੇ ? ਦੇਖਦਾ ਜਾ ਬੰਟੀ ਦਾ ਕਤਲ ਵੀ ਕਿਵੇਂ ਮੰਨਦੈਂ ਤੂੰ.....? ਰੱਖੋ ਬਈ ਘੋਟਾ ਜਵਾਨੋ।" ਬੈਠ ਕੇ ਗੱਲ ਕਰਨ ਲਈ ਉੱਠਣ ਲੱਗੇ ਪਿਚਕੂ ਦੀ ਢੂਹੀ 'ਚ ਠੁੱਡਾ ਮਾਰ ਕੇ ਦੁਬਾਰਾ ਹੇਠਾਂ ਸੁੱਟ ਕੇ ਨਾਜ਼ਰ ਨੇ ਕਾਰਵਾਈ ਸ਼ੁਰੂ ਕਰਨ ਦਾ ਹੁਕਮ ਦਿੱਤਾ।

ਪਾਲੇ ਨੇ ਪਿਚਕੂ ਦੀ ਗਰਦਨ ਨੱਪੀ। ਦੋ ਸਿਪਾਹੀ ਬਾਹਾਂ ਫੜ ਕੇ ਬੈਠ ਗਏ। ਇਕ ਨੇ ਪਹਿਲਾਂ ਖੁੱਚਾਂ 'ਚ ਪਰਨਾ ਰੱਖਿਆ। ਫੇਰ ਘੁਮਾ-ਫਿਰਾ ਕੇ ਘੋਟਾ ਫਿੱਟ ਕੀਤਾ। ਬਾਕੀ ਦੇ ਦੋ ਨੇ ਟੰਗਾਂ ਨੂੰ ਗਿੱਟਿਆਂ ਕੋਲੋਂ ਫੜ ਕੇ ਹੌਲੀ-ਹੌਲੀ ਟੰਗਾਂ ਨੂੰ ਪਿਚਕੂ ਦੀ ਪਿੱਠ ਵੱਲ ਦਬਾਉਣਾ ਸ਼ੁਰੂ ਕੀਤਾ।

ਜਿਉਂ-ਜਿਉਂ ਗਿੱਟਿਆਂ 'ਤੇ ਜ਼ੋਰ ਵਧਦਾ ਗਿਆ, ਤਿਉਂ-ਤਿਉਂ ਪਿਚਕੂ ਦੀਆਂ ਚੀਕਾਂ ਉੱਚੀਆਂ ਹੁੰਦੀਆਂ ਗਈਆਂ। ਸਾਰੇ ਸਰੀਰ 'ਚੋਂ ਵਹਿ ਤੁਰੀਆਂ ਪਸੀਨੇ ਦੀਆਂ ਨਦੀਆਂ ਦਾ ਵਹਾ ਤੇਜ਼ ਹੋ ਗਿਆ।

ਪਾਲਾ ਪਿਚਕੂ ਦੇ ਦਰਦ ਨੂੰ ਚੰਗੀ ਤਰ੍ਹਾਂ ਸਮਝ ਰਿਹਾ ਸੀ। ਉਸ ਨੂੰ ਪਤਾ ਸੀ ਜਦੋਂ ਘੋਟਾ ਲਗਦਾ ਹੈ ਤਾਂ ਹੱਡੀਆਂ ਖਿੱਚ ਨਾ ਸਹਾਰਦੀਆਂ ਹੋਈਆਂ, ਟੁੱਟੂੰ-ਟੁੱਟੂੰ ਕਰਨ ਲੱਗਦੀਆਂ ਹਨ। ਦਿਲ ਜ਼ੋਰ-ਜ਼ੋਰ ਦੀ ਧੜਕਦਾ ਹੈ। ਦਿਮਾਗ਼ ਵਿਚ ਵਾ-ਵਰੋਲੇ ਉੱਠ ਖੜ੍ਹੋਂਦੇ ਹਨ। ਮਾਸ ਫਟਣ ਲੱਗਦਾ ਹੈ, ਹਫ਼ਦਿਆਂ ਦਾ ਮੂੰਹ ਸੁੱਕ ਜਾਂਦਾ ਹੈ। ਜੀਭ ਤਾਲੂਏ ਨਾਲ ਜਾ ਲੱਗਦੀ ਹੈ। ਅੱਖਾਂ ਬਾਹਰ ਨੂੰ ਆ ਜਾਂਦੀਆਂ ਹਨ। ਬੰਦਾ ਜਿਊਣ ਨਾਲੋਂ ਮਰਨ ਨੂੰ ਤਰਜੀਹ ਦੇਣ ਲੱਗਦਾ ਹੈ। ਉਹਨਾਂ ਘੜੀਆਂ ਨੂੰ ਬੇਸਬਰੀ ਨਾਲ ਉਡੀਕਦਾ ਹੈ, ਜਦੋਂ ਘੋਟਾ ਖੁੱਚਾਂ 'ਚੋਂ ਕੱਢਿਆ ਜਾਣਾ ਹੁੰਦਾ ਹੈ। ਇਹ ਕੁਝ ਕੁ ਪਲ ਸਦੀਆਂ ਜਿੱਡੇ ਲੰਬੇ ਲੱਗਣ ਲੱਗਦੇ ਹਨ। ਉਹ ਮਨ ਹੀ ਮਨ ਤੋਬਾ ਕਰਦਾ ਹੈ। ਅੱਗੇ ਤੋਂ ਮਾੜੇ ਕੰਮ ਨਾ ਕਰਨ ਦੀ ਸਹੁੰ ਖਾਂਦਾ ਹੈ।

ਇਹੋ ਹਾਲਤ ਪਿਚਕੂ ਦੀ ਹੋ ਰਹੀ ਸੀ। ਉਹ ਹਾਲ-ਦੁਹਾਈ ਪਾ ਰਿਹਾ ਸੀ। ਗਿੱਟਿਆਂ 'ਤੇ ਵਧ ਰਹੇ ਜ਼ੋਰ ਨੂੰ ਘਟਾਉਣ ਲਈ ਅਰਜ਼ਾਂ ਕਰ ਰਿਹਾ ਸੀ। ਸਹੁੰਆਂ ਖਾ-ਖਾ ਨਿਰਦੋਸ਼ ਹੋਣ ਦੇ ਸਬੂਤ ਦੇ ਰਿਹਾ ਸੀ।

ਜਦੋਂ ਪਿਚਕੂ ਦੀਆਂ ਚੀਕਾਂ ਮੱਧਮ ਪੈ ਗਈਆਂ ਅਤੇ ਲੱਤਾਂ-ਬਾਹਾਂ ਦੀ ਫੜਫੜਾਹਟ ਘਟ ਗਈ ਤਾਂ ਗਿੱਟਿਆਂ ਤੋਂ ਦਬਾਅ ਘਟਾਇਆ ਗਿਆ। ਹੌਲੀ-ਹੌਲੀ ਟੰਗਾਂ ਨੂੰ ਅਸਲੀ ਥਾਂ ਲਿਆਂਦਾ

ਗਿਆ। ਖੁੱਚਾਂ ਤੋਂ ਘੋਟਾ ਚੁੱਕ ਕੇ, ਜੰਮੇ ਖ਼ੂਨ ਦਾ ਦੌਰਾ ਵਧਾਉਣ ਲਈ ਖੁੱਚਾਂ ਅਤੇ ਪਿੰਜਣੀਆਂ ਦੀ ਮਾਲਸ਼ ਕੀਤੀ ਗਈ। ਸੁੱਕੇ ਬੁੱਲ੍ਹਾਂ 'ਤੇ ਪਾਣੀ ਲਾਇਆ ਗਿਆ। ਜਦੋਂ ਉਸ ਨੇ ਅੱਖਾਂ ਖੋਲ੍ਹ ਲਈਆਂ ਤਾਂ ਦੋ ਸਿਪਾਹੀਆਂ ਨੇ ਮੋਢਿਆਂ ਦਾ ਸਹਾਰਾ ਦੇ ਕੇ ਉਸ ਨੂੰ ਤੁਰਨ ਦਾ ਅਭਿਆਸ ਕਰਾਇਆ। ਕੁਝ ਕਦਮ ਸਿਪਾਹੀਆਂ ਦੇ ਸਹਾਰੇ ਤੁਰ ਕੇ ਪਿਚਕੂ ਆਪੇ ਤੁਰਨ ਲੱਗਾ।

ਉਸ ਨੂੰ ਕੁਝ ਸੁਸਤਾਉਣ ਲਈ ਇਕ ਪਾਸੇ ਬਿਠਾ ਦਿੱਤਾ ਗਿਆ।

ਜਿਸ ਫੁਰਤੀ ਨਾਲ ਪਾਲੇ ਨੇ ਨਾਜ਼ਰ ਦੀ ਸਹਾਇਤਾ ਕੀਤੀ ਸੀ, ਉਸ 'ਤੇ ਨਾਜ਼ਰ ਗਦ-ਗਦ ਹੋ ਗਿਆ। ਅੱਗੋਂ ਤੋਂ ਉਹ ਪਾਲੇ ਨੂੰ ਹਰ ਤਫ਼ਤੀਸ਼ ਵਿਚ ਆਪਣੇ ਨਾਲ ਰੱਖਣ ਲੱਗਾ।

ਪਾਲਾ ਖ਼ੁਸ਼ ਸੀ। ਪੁਲਿਸ ਉਸ ਨੂੰ ਕੁੱਟਣਾ ਭੁੱਲ ਗਈ ਸੀ।

✶

# 26

ਸ਼ਹਿਰ ਵਿਚ ਅਜਿਹੇ ਨੇਤਾਵਾਂ ਦੀ ਬਹੁਤ ਕਮੀ ਸੀ, ਜਿਹੜੇ ਦੜਦੜਾਂਦੇ ਥਾਣੇ ਚਲੇ ਜਾਣ ਅਤੇ ਬਿਨਾਂ ਰੋਕ-ਟੋਕ ਬੇਕਸੂਰ ਬੰਦੇ ਨੂੰ ਛੁਡਾ ਲੈਣ।

ਕੁਝ ਗਿਣਵੇਂ-ਚੁਣਵੇਂ ਬੰਦਿਆਂ ਵਿਚ ਬਾਬੂ ਜੀ ਦਾ ਨੰਬਰ ਸਭ ਤੋਂ ਉਪਰ ਸੀ। ਕੋਈ ਥਾਣੇਦਾਰ ਆਵੇ ਕੋਈ ਜਾਵੇ, ਉਹਨਾਂ ਦੀ ਚੌਧਰ ਹਮੇਸ਼ਾ ਬਣੀ ਰਹਿੰਦੀ ਸੀ। ਬਾਬੂ ਜੀ ਨੂੰ ਤਾਂ ਲੋਕਾਂ ਵਿਚ ਆਪਣੀ ਸ਼ਾਖ਼ ਬਣਾਈ ਰੱਖਣ ਲਈ ਪੁਲਿਸ ਦੀ ਜ਼ਰੂਰਤ ਸੀ ਹੀ, ਪੁਲਿਸ ਨੂੰ ਵੀ ਉਹਨਾਂ ਦੀ ਜ਼ਰੂਰਤ ਸੀ।

ਪਾਰਟੀ ਵਿਚ ਬਾਬੂ ਜੀ ਦੀ ਪਹੁੰਚ ਕੇਂਦਰ ਤੱਕ ਸੀ। ਉਹ ਜ਼ਿਲ੍ਹੇ ਦੇ ਪ੍ਰਧਾਨ ਸਨ ਅਤੇ ਆਲ ਇੰਡੀਆ ਕਮੇਟੀ ਦੇ ਮੈਂਬਰ। ਪਾਰਟੀ ਵਿਚ ਏਡੇ ਅਹੁਦੇ ’ਤੇ ਪਹੁੰਚ ਕੇ ਵੀ ਉਹਨਾਂ ਨੇ ਲੋਕਾਂ ਨਾਲੋਂ ਨਾਤਾ ਨਹੀਂ ਸੀ ਤੋੜਿਆ। ਕਾਰ ਹੁੰਦੇ ਹੋਏ ਵੀ ਆਪਣਾ ਪੁਰਾਣਾ ਸਾਈਕਲ ਨਹੀਂ ਸੀ ਛੱਡਿਆ। ਸਾਰਾ ਦਿਨ ਆਪਣੇ ਸਾਈਕਲ ’ਤੇ ਸ਼ਹਿਰ ’ਚ ਘੁੰਮਦੇ ਰਹਿੰਦੇ। ਪੰਜੀਂ-ਸੱਤੀਂ ਦਿਨੀਂ ਦੋ-ਚਾਰ ਪਿੰਡਾਂ ਦਾ ਦੌਰਾ ਵੀ ਕਰ ਆਉਂਦੇ। ਦੌਰੇ ਦਾ ਉਹਨਾਂ ਨੂੰ ਦੂਹਰਾ ਫ਼ਾਇਦਾ ਹੁੰਦਾ। ਅਸਰ ਰਸੂਖ਼ ਤਾਂ ਵਧਦਾ ਹੀ ਸੀ, ਨਾਲ ਵਕਾਲਤ ਕਰਦੇ ਜਵਾਈ ਲਈ ਕੇਸ ਵੀ ਤਿਆਰ ਕਰ ਆਉਂਦੇ।

ਵੈਸੇ ਤਾਂ ਥਾਣੇ ਲਿਜਾਣ ਵਾਲਾ ਕੋਈ ਨਾ ਕੋਈ ਉਹਨਾਂ ਦੇ ਦਰਾਂ ’ਤੇ ਬੈਠਾ ਹੀ ਰਹਿੰਦਾ। ਉਸ ਨਾਲ ਥਾਣੇ ਜਾਣ ਦਾ ਮੌਕਾ ਮਿਲ ਜਾਂਦਾ। ਕਿਸੇ ਦਿਨ ਸੁਖ-ਸ਼ਾਂਤੀ ਹੁੰਦੀ ਤਾਂ ਉਹ ਆਪ ਗੇੜਾ ਮਾਰ ਆਉਂਦੇ। ਬਹਾਨਾ ਘੜਦੇ ਸੰਗਰੂਰ ਪੁਲਿਸ ਕਪਤਾਨ ਦੇ ਆਏ ਸੁਨੇਹੇ ਦਾ। ਉਸ ਨੇ ਕਪਤਾਨ ਨੂੰ ਮਿਲਣ ਜਾਣਾ ਹੈ, ਕਿਸੇ ਦਾ ਕੋਈ ਕੰਮ-ਕਾਰ ਅੜਿਆ ਹੁੰਦਾ, ਨੋਟ ਕਰ ਲੈਂਦੇ। ਕੋਈ ਹਵਾਲਾਤ ਵਿਚ ਬੰਦ ਕੀਤਾ ਮੁਜਰਮ ਦਿਖ ਜਾਂਦਾ, ਉਸ ਦੀ ਤਕਲੀਫ਼ ਪੁੱਛਦੇ। ਘਰਦਿਆਂ ਨੂੰ ਬੁਲਾ ਕੇ ਕੇਸ ਰਫ਼ਾ-ਦਫ਼ਾ ਕਰਦੇ ਜਾਂ ਜਵਾਈ ਬਾਬੂ ਨੂੰ ਆਖ ਕੇ ਕਚਹਿਰੀਉਂ ਜ਼ਮਾਨਤ ਕਰਵਾ ਦਿੰਦੇ।

ਪੁਲਿਸ ਵੱਲੋਂ ਫੜੇ ਬਹੁਤ ਬੰਦੇ ਬਾਬੂ ਜੀ ਰਾਹੀਂ ਹੀ ਰਿਹਾਅ ਹੁੰਦੇ। ਸ਼ਹਿਰ ਨਾਲੋਂ ਪੇਂਡੂ ਮਸਲਿਆਂ ਵੱਲ ਉਹ ਬਹੁਤਾ ਧਿਆਨ ਦਿੰਦੇ। ਪੇਂਡੂ ਪੈਸੇ ਵੀ ਖੁੱਲ੍ਹ ਕੇ ਖ਼ਰਚਦੇ, ਅਹਿਸਾਨ ਵੀ ਸਾਰੀ ਉਮਰ ਮੰਨਦੇ। ਸ਼ਹਿਰੀ ਨਾਲੇ ਕੰਮ ਕਰਾ ਲੈਂਦੇ ਨਾਲੇ ਉਲਾਂਭਾ ਦਿੰਦੇ, ਜ਼ਿਆਦਾ ਪੈਸੇ ਖ਼ਰਚਾ ਦਿੱਤੇ।

ਇਸ ਵਾਰ ਬਾਬੂ ਜੀ ਬੇਵੱਸ ਸਨ। ਨਵੇਂ ਸਟਾਫ਼ ਨੇ ਉਹਨਾਂ ਨੂੰ ਕੋਈ ਅਹਿਮੀਅਤ ਹੀ ਨਾ ਦਿੱਤੀ। ਇਕ ਵਾਰ ਥਾਣੇ ਗਏ ਤਾਂ ਕਿਸੇ ਨੇ ਕੁਰਸੀ ਤਕ ਨਾ ਪੁੱਛੀ। ਖੜੇ-ਖੜੇ ਹੀ ਮੁੜਨਾ ਪਿਆ। ਧਾਨਕਿਆਂ ਦੇ ਪੱਪੂ ਨੂੰ ਛੁਡਾਉਣ ਦੀ ਗੱਲ ਤੋਰੀ ਤਾਂ ਲਾਲ ਸਿੰਘ ਕੁੱਦ ਕੇ ਪਿਆ।

“ਲੀਡਰਾਂ ਦਾ ਫ਼ਰਜ਼ ਹੈ ਪੁਲਿਸ ਦੀ ਸਹਾਇਤਾ ਕਰਨਾ, ਨਾ ਕਿ ਪੁਲਿਸ ਦੇ ਕੰਮਾਂ ਵਿਚ ਦਖ਼ਲ ਦੇਣਾ। ਉਸ ਨੂੰ ਹਾਲੇ ਥਾਣੇ ਲਿਆਂਦਾ ਵੀ ਨਹੀਂ ਗਿਆ ਕਿ ਤੁਸੀਂ ਪਹਿਲਾਂ ਆ ਧਮਕੇ।

ਇਕ ਪਾਸੇ ਤਾਂ ਤੁਸੀਂ ਸਿਫ਼ਾਰਸ਼ਾਂ ਕਰਦੇ ਨਹੀਂ ਥੱਕਦੇ, ਦੂਜੇ ਪਾਸੇ ਉਲਾਂਭੇ ਦਿੰਦੇ ਹੋ ਕਿ ਪੁਲਿਸ ਦੋਸ਼ੀਆਂ ਨੂੰ ਨਹੀਂ ਫੜਦੀ। ਇਸ ਤਰ੍ਹਾਂ ਪੁਲਿਸ ਕਿਵੇਂ ਕੰਮ ਕਰੇ ?"

ਬਾਬੂ ਜੀ ਮੂੰਹ ਲਟਕਾ ਕੇ ਆ ਗਏ। ਸ਼ੁਕਰ ਸੀ ਉਸ ਸਮੇਂ ਕੋਈ ਬਾਹਰਲਾ ਬੰਦਾ ਥਾਣੇ ਹਾਜ਼ਰ ਨਹੀਂ ਸੀ, ਨਹੀਂ ਤਾਂ ਉਹਨਾਂ ਦੀ ਸਾਰੀ ਇੱਜ਼ਤ ਮਿੱਟੀ ਵਿਚ ਮਿਲ ਜਾਣੀ ਸੀ। ਪਹਿਲਾਂ ਹੀ ਅਕਾਲੀ ਪਾਰਟੀ ਦਾ ਜ਼ੋਰ ਇਕੋ ਗੱਲ ਤੇ ਲੱਗਾ ਹੋਇਆ ਸੀ ਕਿ ਕੇਂਦਰ ਪੰਜਾਬ ਵਿਚ ਅਕਾਲੀ ਸਰਕਾਰ ਨੂੰ ਗੇਰਨਾ ਚਾਹੁੰਦਾ ਸੀ। ਇਹ ਸਾਰੀ ਗੜਬੜ ਕਾਂਗਰਸ ਦੀ ਕਰਾਈ ਹੋਈ ਸੀ। ਕਿਸੇ ਵਿਰੋਧੀ ਨੂੰ ਪਤਾ ਲੱਗ ਗਿਆ ਕਿ ਬਾਬੂ ਜੀ ਕਿਸੇ ਨੂੰ ਛੁਡਾਉਣ ਆਏ ਸਨ ਤਾਂ ਉਸ ਨੇ ਸ਼ਹਿਰ ਵਿਚ ਢੰਡੋਰਾ ਪਿੱਟ ਦੇਣਾ ਸੀ। ਬਾਬੂ ਦਾ ਨਾਂ ਕਤਲ ਵਰਗੇ ਨਾਜ਼ੁਕ ਮਸਲੇ ਨਾਲ ਜੁੜ ਸਕਦਾ ਸੀ। ਆਪਣੀ ਪਾਰਟੀ ਦੇ ਬੰਦਿਆਂ ਨੇ ਹੀ ਉਸ ਦੀ ਸਿਆਸੀ ਜ਼ਿੰਦਗੀ ਨੂੰ ਤਬਾਹ ਕਰਨ ਦੀਆਂ ਕੋਸ਼ਿਸ਼ਾਂ ਆਰੰਭ ਦੇਣੀਆਂ ਸਨ।

ਘਰ ਅੱਗੇ ਜੁੜਦੀ ਭੀੜ ਨੂੰ ਥਾਣੇ ਜਾਣ ਤੋਂ ਅਸਮਰਥਤਾ ਪ੍ਰਗਟ ਕਰਨ ਲਈ ਬਾਬੂ ਜੀ ਕੋਲ ਕੋਈ ਬਹਾਨਾ ਨਹੀਂ ਸੀ। ਸਰਕਾਰੇ-ਦਰਬਾਰੇ ਕੋਈ ਸੁਣਦਾ ਨਹੀਂ ਸੀ। ਵਿਰੋਧੀ ਪਾਰਟੀ ਦਾ ਰਾਜ ਸੀ। ਉਂਝ ਵੀ ਇਹ ਮੁੱਖ ਮੰਤਰੀ ਦਾ ਇਲਾਕਾ ਸੀ। ਹਰ ਅਫ਼ਸਰ ਪੁੱਠੇ-ਸਿੱਧੇ ਢੰਗ ਨਾਲ ਉਸ ਦਾ ਰਿਸ਼ਤੇਦਾਰ ਬਣਿਆ ਬੈਠਾ ਸੀ। ਬਾਬੂ ਜੀ ਗ੍ਰਹਿ ਮੰਤਰੀ ਤਕ ਪਹੁੰਚ ਤਾਂ ਕਰ ਸਕਦੇ ਸਨ, ਪਰ ਇਸ ਨਾਜ਼ੁਕ ਮਸਲੇ ਵਿਚ ਕੇਂਦਰ ਵੀ ਮੁੱਖ ਮੰਤਰੀ ਤੋਂ ਉਪਰ ਦੀ ਨਹੀਂ ਸੀ ਚੱਲ ਸਕਦਾ।

ਲੋਕਾਂ ਤੋਂ ਖਹਿੜਾ ਛੁਡਾਉਣ ਲਈ ਉਹਨਾਂ ਨੂੰ ਇਕੋ ਰਾਹ ਲੱਭਿਆ। ਪੁਲਿਸ ਇਸ ਤਰ੍ਹਾਂ ਸਮਝਣ ਵਾਲੀ ਨਹੀਂ। ਇਕ-ਦੋ ਬੰਦੇ ਫੜੇ ਹੋਣ ਤਾਂ ਉਹ ਛੁਡਾ ਲੈਣ। ਉਹਨਾਂ ਨੇ ਤਾਂ ਸਾਰਾ ਇਲਾਕਾ ਹੀ ਬਗਲ ਲਿਆ ਹੈ। ਉਹ ਗ੍ਰਹਿ ਮੰਤਰੀ ਨੂੰ ਮਿਲਣ ਦਿੱਲੀ ਜਾ ਰਹੇ ਹਨ। ਥਾਣੇਦਾਰ ਦੇ ਤਬਾਦਲੇ ਲਈ ਉਹਨਾਂ 'ਤੇ ਜ਼ੋਰ ਪਾਉਣਗੇ। ਜਿੰਨਾ ਚਿਰ ਇਸ ਦਾ ਤਬਾਦਲਾ ਨਹੀਂ ਹੁੰਦਾ, ਉਹ ਸ਼ਹਿਰ ਨਹੀਂ ਵੜਨਗੇ।

ਦਿੱਲੀ ਕਿਸ ਭੜੂਏ ਨੇ ਜਾਣਾ ਸੀ। ਆਪਣੇ ਦੋਸਤਾਂ ਕੋਲ ਚੰਡੀਗੜ੍ਹ ਜਾ ਬੈਠੇ। ਜਦੋਂ ਟਿਕ-ਟਿਕਾ ਹੋ ਗਿਆ, ਮੁੜ ਆਉਣਗੇ।

ਬਾਬੂ ਪਿੱਛੋਂ ਵਾਰੀ ਆਉਂਦੀ ਸੀ ਭਾਰਤੀ ਜਨਤਾ ਪਾਰਟੀ ਦੇ ਪੰਡਤ ਦੀਨ ਦਿਆਲ ਜੀ ਦੀ। ਥਾਣੇ ਕਚਹਿਰੀ ਵਿਚ ਰਸੂਖ਼ ਰੱਖਣ ਲਈ ਉਹ ਵੀ ਮਸ਼ਹੂਰ ਸਨ। ਸ਼ਹਿਰ ਦੀਆਂ ਬਹੁਤੀਆਂ ਗੜਬੜਾਂ ਉਹੋ ਦਬਾਉਂਦਾ ਸੀ। ਬਾਬੂ ਜੀ ਗ਼ਾਇਬ ਹੋਏ ਤਾਂ ਲੋਕ ਉਧਰ ਨੂੰ ਝੁਕ ਗਏ।

ਦੀਨ ਦਿਆਲ ਜੀ ਦਾ ਮਨ ਕਾਤਲਾਂ ਨੂੰ ਗ੍ਰਿਫ਼ਤਾਰ ਕਰਾਉਣ ਵਿਚ ਸੀ। ਉਹ ਫੜ-ਫੜਾਈ ਨੂੰ ਜਾਇਜ਼ ਮੰਨਦੇ ਸਨ। ਪੁਲਿਸ ਕਿਸੇ ਤੋਂ ਪੁੱਛੇਗੀ ਨਹੀਂ ਤਾਂ ਕਾਤਲ ਕਿਥੋਂ ਫੜੇਗੀ ? ਉਹ ਕਿਸੇ ਨੂੰ ਵੀ ਛੁਡਾਉਣ ਦੇ ਹੱਕ ਵਿਚ ਨਹੀਂ ਸਨ। ਨਾਲੇ ਫੜੇ ਵੀ ਤਾਂ ਛੋਟੀਆਂ-ਮੋਟੀਆਂ ਜਾਤਾਂ ਦੇ ਬੰਦੇ ਗਏ ਸਨ। ਉਹਨਾਂ ਨੂੰ ਛੁਡਾਏ ਕਾਂਗਰਸ ਜਾਂ ਕਮਿਊਨਿਸਟ ਪਾਰਟੀ। ਜੇ ਲਾਲੇ ਫੜੇ ਜਾਣ ਤਾਂ ਉਸ ਦਾ ਜਾਣਾ ਬਣਦਾ ਸੀ।

ਮਜਬੂਰ ਹੋ ਕੇ ਕਿਸੇ ਲਈ ਜਾਣਾ ਪਿਆ ਤਾਂ ਉਹੋ ਘੜਿਆ ਘੜਾਇਆ ਜਵਾਬ ਪੱਲੇ ਪਿਆ :

"ਪ੍ਰਧਾਨ ਜੀ, ਸੋਥੋਂ ਤਾਂ ਇਹ ਉਮੀਦ ਨਹੀਂ ਸੀ। ਜੇ ਤੁਸੀਂ ਇਹੋ ਚਾਹੁੰਦੇ ਹੋ ਤਾਂ ਅਸੀਂ ਸਾਰੇ ਬੰਦੇ ਛੱਡ ਦਿੰਦੇ ਹਾਂ। ਹੱਥਾਂ 'ਤੇ ਹੱਥ ਧਰ ਕੇ ਬੈਠ ਜਾਂਦੇ ਹਾਂ। ਭੋਗ ਤਕ ਤਾਂ ਫੇਰ ਬੰਦੇ ਤੁਸੀਂ ਹੀ ਫੜ ਸਕਦੇ ਹੋ, ਪੁਲਿਸ ਤਾਂ ਨੀ ਫੜ ਸਕਦੀ।"

ਪ੍ਰਧਾਨ ਦਾ ਕੋਈ ਤਰਕ ਨਹੀਂ ਸੀ ਸੁਣਿਆ ਗਿਆ। ਇਕ ਦੀ ਸੌ-ਸੌ ਸੁਣਾ ਕੇ ਬੇਰੰਗ ਮੋੜ ਦਿੱਤਾ। ਬਹੁਤੀ 'ਤੂੰ-ਤੂੰ ਮੈਂ-ਮੈਂ' ਕਰਨੀ ਪ੍ਰਧਾਨ ਨੂੰ ਖ਼ਤਰਨਾਕ ਲੱਗੀ।

ਹਰਖ਼ੀ ਪੁਲਿਸ ਦਾ ਕੀ ਹੈ ? ਵਿਚੇ ਉਲਝਾ ਲਏ। ਉਸ ਦੇ ਖ਼ਿਲਾਫ਼ ਉਲਟ-ਪੁਲਟ ਪ੍ਰਚਾਰ ਹੀ ਕਰ ਦੇਵੇ।

ਪ੍ਰਧਾਨ ਦੀ ਪੱਗ ਤਾਂ ਹੀ ਬਚੀ ਰਹਿ ਸਕਦੀ ਸੀ ਕਿ ਜੇ ਦੋ-ਚਾਰ ਦਿਨ ਇਧਰ-ਉਧਰ ਟਲੇ ਰਹਿਣ। ਕੱਪੜਾ ਖ਼ਰੀਦਣ ਦੇ ਬਹਾਨੇ ਉਹ ਰਾਤੋ-ਰਾਤ ਬੰਗਲੌਰ ਵਾਲੀ ਗੱਡੀ ਚੜ੍ਹ ਗਏ।

ਬੰਦੇ ਛੁਡਾਉਣ ਲਈ ਤਾਂ ਵਿਉਪਾਰ ਮੰਡਲ ਦਾ ਪ੍ਰਧਾਨ ਅਤੇ ਮਾਸਟਰ ਵੀ ਹਾਜ਼ਰ ਸਨ, ਪਰ ਉਹ ਪੈਸੇ ਤੋਂ ਬਿਨਾਂ ਗੱਲ ਨਹੀਂ ਸੀ ਕਰਦੇ। ਪੈਸੇ ਚੱਲਣ ਦੀ ਹਾਲੇ ਸੰਭਾਵਨਾ ਨਹੀਂ ਸੀ।

ਦੂਸਰੇ ਤੀਸਰੇ ਨੰਬਰ ਦੇ ਨੇਤਾਵਾਂ ਕੋਲ ਨਾ ਕੋਈ ਜਾਂਦਾ ਸੀ ਨਾ ਉਹ ਕਿਸੇ ਨੂੰ ਹੁੰਗਾਰਾ ਭਰਦੇ ਸਨ। ਉਹ ਸਾਫ਼ ਆਖ ਦਿੰਦੇ ਸਨ ਕਿ ਇਸ ਪੁਲਿਸ ਤੋਂ ਬੰਦਾ ਛੁਡਾਉਣਾ ਉਹਨਾਂ ਦੇ ਵੱਸ ਦਾ ਨਹੀਂ। ਸਾਫ਼ ਗੱਲ ਕਹਿਣ ਨਾਲ ਉਹਨਾਂ ਦਾ ਲੂਣ ਨਹੀਂ ਟਿਰਕਦਾ।

ਮਜਬੂਰ ਹੋਏ ਲੋਕਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕਿਧਰ ਜਾਣ।

ਪੁਲਿਸ ਸੀ ਕਿ ਛੋਟੇ-ਛੋਟੇ ਬਹਾਨੇ ਲਾ ਕੇ ਬੰਦੇ ਚੁੱਕੀ ਜਾ ਰਹੀ ਸੀ।

ਡੰਗਰਾਂ ਵਾਲੇ ਹਸਪਤਾਲ ਦੇ ਆਲੇ-ਦੁਆਲੇ ਜਮਾਂਦਾਰਾਂ ਦੇ ਘਰ ਸਨ। ਉਹਨਾਂ ਨੂੰ ਇਸ ਬਹਾਨੇ ਚੁੱਕਿਆ ਗਿਆ ਸੀ ਕਿ ਬੰਟੀ ਦੇ ਕਾਤਲ ਜਾਂ ਤਾਂ ਇਹਨਾਂ ਵਿਚ ਹੀ ਲੁਕੇ ਰਹੇ ਜਾਂ ਫੇਰ ਉਹਨਾਂ ਨੇ ਕਾਤਲਾਂ ਨੂੰ ਜ਼ਰੂਰ ਇਥੇ ਘੁੰਮਦੇ-ਫਿਰਦੇ ਦੇਖਿਆ ਹੋਣਾ ਹੈ। ਪ੍ਰਦੇਸੋਂ ਆ ਕੇ ਵੱਸੇ ਇਹਨਾਂ ਜਮਾਂਦਾਰਾਂ ਦੀ ਆਪਣੀ ਵੱਖਰੀ ਭਾਸ਼ਾ ਹੈ, ਵੱਖਰਾ ਪਹਿਰਾਵਾ ਹੈ ਅਤੇ ਵੱਖਰੀ ਡੀਲ-ਡੌਲ। ਆਪਣੀ ਬਰਾਦਰੀ ਤੋਂ ਬਾਹਰਲੇ ਬੰਦੇ ਨੂੰ ਇਹ ਝਟ ਪਹਿਚਾਣ ਲੈਂਦੇ ਹਨ। ਦੱਸਣ ਕਾਤਲ ਕੌਣ ਸੀ ?

ਜਮਾਂਦਾਰਾਂ ਦੇ ਚੌਧਰੀ ਨੇ ਬਥੇਰੀ ਹਾਲ-ਦੁਹਾਈ ਪਾਈ। ਉਹਨਾਂ ਕੋਲ ਅਜਿਹਾ ਕੁਝ ਸੋਚਣ ਦੀ ਵਿਹਲ ਕਿਥੇ ? ਉਹਨਾਂ ਦੀ ਸਵੇਰ ਲੋਕਾਂ ਦੀਆਂ ਟੱਟੀਆਂ ਵਿਚ ਗੁਜ਼ਰਦੀ ਹੈ, ਦੁਪਹਿਰ ਘਰੋ-ਘਰੀ ਰੋਟੀਆਂ ਮੰਗਣ ਵਿਚ ਅਤੇ ਸ਼ਾਮ ਬੱਠਲ ਪੀਪੇ ਸਾਫ਼ ਕਰਨ ਵਿਚ।

ਕਿਸੇ ਨੇ ਚੌਧਰੀ ਦੀ ਇਕ ਨਾ ਸੁਣੀ। ਉਸ ਨੂੰ ਬਸਤੀ ਵਿਚ ਹੀ ਠੁੱਡੇ ਪੈਣੇ ਸ਼ੁਰੂ ਹੋ ਗਏ।

ਅਗਲੀ ਸਵੇਰ ਕਈ ਬੰਦਿਆਂ ਨੂੰ ਮੰਦਰ ਅੱਗੇ ਕੁੱਟ ਗਏ। ਕਿਸੇ ਦੇ ਢਿੱਡ ਵਿਚ ਠੁੱਡੇ ਮਾਰੇ ਗਏ ਸਨ। ਉਸ ਨੂੰ ਉਲਟੀਆਂ ਆ ਰਹੀਆਂ ਸਨ। ਕਿਸੇ ਦੇ ਪੈਰਾਂ ਦੀਆਂ ਤਲੀਆਂ ਸੁੱਜੀਆਂ ਹੋਈਆਂ ਸਨ ਅਤੇ ਕਿਸੇ ਦੇ ਚੱਡਿਆਂ ਵਿਚ ਦਰਦ ਸੀ।

ਵਾਣ ਵੱਟਣਿਆਂ ਨੂੰ ਇਸ ਲਈ ਘੇਰਿਆ ਗਿਆ ਸੀ, ਕਿਉਂਕਿ ਸਕੂਲ ਦਾ ਇਕ ਰਿਕਸ਼ਾ ਚਾਲਕ ਵਾਣ ਵੱਟਣਾ ਸੀ। ਕੋਈ ਵਸਾਹ ਨਹੀਂ, ਕਿਸੇ ਨੇ ਰਿਕਸ਼ੇ ਵਾਲੇ ਨੂੰ ਵਰਗਲਾ ਲਿਆ ਹੋਵੇ। ਰਿਕਸ਼ੇ ਵਾਲਾ ਵੀ ਫ਼ਰਾਰ ਸੀ। ਹੋ ਸਕਦੈ ਕੋਈ ਰਿਕਸ਼ੇ ਵਾਲੇ ਦਾ ਅਤਾ-ਪਤਾ ਦੱਸ ਸਕੇ। ਉਹਨਾਂ ਦਾ ਹਮਾਇਤੀ ਜਥੇਦਾਰ ਵੀ ਕਿਧਰੇ ਜਾ ਕੇ ਸੌਂ ਗਿਆ ਲੱਗਦਾ ਸੀ।

ਕਈ ਵਾਣ ਵੱਟਣਿਆਂ ਨੂੰ ਅਗਲੇ ਦਿਨ ਹਸਪਤਾਲ ਦਾਖ਼ਲ ਕਰਾਇਆ ਗਿਆ। ਤਾਰਾ ਗੁੰਮ ਪਿਆ ਸੀ। ਕਦੇ-ਕਦੇ ਹੀ ਪਾਗ਼ਲਾਂ ਵਾਂਗ ਦੋ-ਚਾਰ ਚੀਕਾਂ ਮਾਰ ਸਕਦਾ। ਫੇਰ ਲੰਬੀ ਚੁੱਪ ਧਾਰ ਲੈਂਦਾ। ਛੱਜੂ ਦਾ ਗਿੱਟਾ ਉੱਤਰ ਗਿਆ ਸੀ। ਉਸ ਨੂੰ ਪਲਸਤਰ ਲਾਇਆ ਗਿਆ ਸੀ। ਜੱਗੂ ਨੂੰ ਕੁਝ ਦਿਖਾਈ ਨਹੀਂ ਸੀ ਦੇ ਰਿਹਾ। ਉਸ ਦੀਆਂ ਅੱਖਾਂ ਵਿਚ ਜਲਨ ਸੀ।

ਲਾਲਾ ਜੀ ਦੇ ਗੁਆਂਢ ਵਿਚ ਵੀ ਭਲੀ ਨਹੀਂ ਸੀ ਗੁਜ਼ਾਰੀ ਗਈ। ਜਿਸ ਕਿਸੇ ਦਾ ਵੀ ਜੇ ਕਦੇ ਲਾਲਾ ਜੀ ਜਾਂ ਉਸ ਦੀ ਨੂੰਹ ਨਾਲ ਮੂੰਹ ਮੋਟਾ ਹੋਇਆ ਸੀ, ਉਸ ਨੂੰ ਵੀ ਬੁਲਾ ਲਿਆ

ਗਿਆ ਸੀ। ਔਰਤਾਂ ਦਾ ਗ਼ੁੱਸਾ ਭੈੜਾ ਹੁੰਦਾ ਹੈ। ਕੁਝ ਬਾਂਝ ਔਰਤਾਂ ’ਤੇ ਵੀ ਪੁਲਿਸ ਦਾ ਨਜ਼ਲਾ ਝੜਿਆ। ਪੁੱਤਰ ਦੀ ਪ੍ਰਾਪਤੀ ਲਈ ਕੀਤੇ ਜਾਣ ਵਾਲੇ ਟੂਣੇ-ਟਾਮਣਾਂ ਲਈ ਵੀ ਕਈ ਵਾਰ ਬੱਚੇ ਚੁੱਕੇ ਜਾਂਦੇ ਹਨ। ਕਿਸੇ ਨੇ ਆਪਣਾ ਗ਼ੁੱਸਾ ਬੱਚੇ ’ਤੇ ਨਾ ਢਾਲ ਦਿੱਤਾ ਹੋਵੇ। ਇਸ ਤੱਥ ਦੀ ਖੋਜ ਲਈ ਪਹਿਲਾਂ ਘਰਾਂ ਦੇ ਨੌਕਰ-ਚਾਕਰ ਬੁਲਾਏ ਗਏ। ਨੌਕਰਾਂ ਬਿਨਾਂ ਅਜਿਹੇ ਕਾਰਜ ਸਿਰੇ ਨਹੀਂ ਚੜ੍ਹਦੇ।

ਲਾਲਾ ਜੀ ਦੇ ਵਿਰੋਧੀਆਂ ’ਤੇ ਵੀ ਪੁਲਿਸ ਦੀ ਅੱਖ ਸੀ। ਸਮਾਜ ਸੇਵੀ ਸੰਸਥਾਵਾਂ ਵਿਚ ਗੁੱਟਬੰਦੀ ਸੀ। ਚਾਰ ਵੋਟਾਂ ਵੱਧ ਲੈਣ ਦੀ ਝਾਕ ਨਾਲ ਸਿਆਸਤਦਾਨ ਇਹਨਾਂ ’ਤੇ ਕਾਬਜ਼ ਹੋਣ ਲਈ ਹਮੇਸ਼ਾ ਜੂਝਦੇ ਰਹਿੰਦੇ ਸਨ। ਪਿਛਲੀਆਂ ਚੋਣਾਂ ਵਿਚ ਇਹਨਾਂ ਸੰਸਥਾਵਾਂ ਨੇ ਖੁੱਲ੍ਹ ਕੇ ਹਿੱਸਾ ਲਿਆ ਸੀ। ਕਿਸੇ ਨੇ ਲਾਲਾ ਜੀ ਦਾ ਲੱਕ ਤੋੜਨ ਲਈ ਇਹ ਕਾਰਾ ਕੀਤਾ ਹੋਵੇ, ਇਹ ਵੀ ਅਤਿਕਥਨੀ ਨਹੀਂ ਸੀ। ਲਾਲਾ ਜੀ ਦੇ ਵਿਰੋਧੀਆਂ ਦੀ ਲਿਸਟ ਬਣਾ ਕੇ ਪੁਲਿਸ ਨੇ ਪਹਿਲਾਂ ਚੇਲੇ-ਚਪਟੇ ਬੁਲਾਏ।

ਜਿਹੜਾ ਵੀ ਇਕ ਵਾਰ ਥਾਣੇ ਬੁਲਾ ਲਿਆ, ਉਹ ਸੁੱਕਾ ਵਾਪਸ ਨਹੀਂ ਆਇਆ। ਕਿਸੇ ਦੀ ਬਾਂਹ ’ਤੇ ਪਲਸਤਰ ਸੀ ਤਾਂ ਕਿਸੇ ਦੇ ਗਿੱਟੇ ’ਤੇ ਪੱਟੀ।

ਲੋਕਾਂ ਨੂੰ ਇਕੋ ਫ਼ਿਕਰ ਖਾ ਰਿਹਾ ਸੀ। ਜੇ ਇਸੇ ਤਰ੍ਹਾਂ ਲੋਕਾਂ ਦੀਆਂ ਲੱਤਾਂ-ਬਾਹਾਂ ਟੁੱਟਦੀਆਂ ਰਹੀਆਂ ਤਾਂ ਸ਼ਹਿਰ ਦਿਨਾਂ ਵਿਚ ਲੂਲ੍ਹਾ-ਲੰਗੜਾ ਹੋ ਜਾਣਾ ਸੀ।

ਸਭ ਤੋਂ ਵੱਡੀ ਬੀਮਾਰੀ ਇਹ ਸੀ ਕਿ ਉਹਨਾਂ ਦੇ ਦੁੱਖੜੇ ਸੁਣਨ ਵਾਲਾ ਕੋਈ ਵੀ ਨਹੀਂ ਸੀ। ਨੇਤਾ ਲੋਕ ਕਿਧਰੇ ਛਾਈਂ-ਮਾਈਂ ਹੋ ਗਏ ਸਨ।

ਲੋਕ ਇਕ ਹੋਰ ਵੱਡੀ ਬੀਮਾਰੀ ਦਾ ਸ਼ਿਕਾਰ ਹੋ ਰਹੇ ਸਨ। ਬਾਹਰ-ਅੰਦਰ ਜਾਣਾ ਦੁੱਭਰ ਹੋਇਆ ਪਿਆ ਸੀ। ਕੋਈ ਇਕ-ਦੋ ਦਿਨ ਲਈ ਵੀ ਬਾਹਰ ਚਲਾ ਜਾਵੇ ਤਾਂ ਪੁਲਿਸ ਉਸ ਨੂੰ ਭਗੌੜਾ ਕਰਾਰ ਦੇ ਦਿੰਦੀ ਸੀ। ਆਉਂਦਿਆਂ ਹੀ ਉਸ ਨੂੰ ਢਾਅ ਲਿਆ ਜਾਂਦਾ ਸੀ ਜਾਂ ਪਿੱਛੋਂ ਵਾਰਿਸਾਂ ਨੂੰ ਬਗਲ ਲਿਆ ਜਾਂਦਾ ਸੀ। ਪੁਲਿਸ ਆਖਦੀ ਸੀ ਕਿ ਜੇ ਕਿਸੇ ਨੇ ਸ਼ਹਿਰ ਛੱਡਣਾ ਹੈ ਤਾਂ ਇਸ ਦੀ ਇਜਾਜ਼ਤ ਪੁਲਿਸ ਤੋਂ ਪਹਿਲਾਂ ਲਈ ਜਾਵੇ। ਇਜਾਜ਼ਤ ਲੈਣ ਗਏ ਬੰਦੇ ਨੂੰ ਉਹ ਬਿਠਾ ਲੈਂਦੇ ਸਨ। ਕਈ-ਕਈ ਦਿਨ ਬਿਠਾਈ ਰੱਖਦੇ। ਡਰਦਾ ਕੋਈ ਥਾਣੇ ਵੀ ਨਹੀਂ ਸੀ ਜਾ ਸਕਦਾ। ਕੋਈ ਕਰੇ ਤਾਂ ਕੀ ਕਰੇ ?

ਜਦੋਂ ਭੈਣ ਨੂੰ ਪੰਜੀਰੀ ਦੇ ਕੇ ਮੁੜੇ ਅਸ਼ੋਕ ਨੂੰ ਇਸੇ ਜੁਰਮ ਵਿਚ ਫੜਿਆ ਗਿਆ ਤਾਂ ਸਥਿਤੀ ਨੇ ਇਕ ਨਵਾਂ ਮੋੜ ਕੱਟਿਆ।

ਬਾਬਾ ਗੁਰਦਿੱਤ ਸਿੰਘ ਆਪਣੇ ਘਰ ਦੇ ਵਿਹੜੇ ਵਿਚ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ, ਜਦੋਂ ਅਸ਼ੋਕ ਦੀ ਸਹਿਮੀ ਮਾਂ ਨੇ ਉਸ ਨੂੰ ਇਹ ਭੈੜੀ ਖ਼ਬਰ ਸੁਣਾਈ।

ਬਾਬੇ ਨੂੰ ਪਤਾ ਸੀ ਅਸ਼ੋਕ ਤਿੰਨ ਦਿਨਾਂ ਦਾ ਚੰਡੀਗੜ੍ਹ ਗਿਆ ਹੋਇਆ ਸੀ। ਮੁੜ ਤਾਂ ਉਸ ਨੇ ਸ਼ਾਮ ਨੂੰ ਹੀ ਆਉਣਾ ਸੀ, ਪਰ ਪ੍ਰਾਹੁਣੇ ਨੇ ਜ਼ਿਦ ਕਰ ਕੇ ਰੱਖ ਲਿਆ ਸੀ। ਉਸ ਦਾ ਹੁਣੇ-ਹੁਣੇ ਚੰਡੀਗੜ੍ਹ ਤਬਾਦਲਾ ਹੋਇਆ ਸੀ। ਉਹ ਅਸ਼ੋਕ ਨੂੰ ਚੰਡੀਗੜ੍ਹ ਘੁਮਾਉਣਾ ਚਾਹੁੰਦਾ ਸੀ।

ਬਾਬੇ ਲਈ ਇਹ ਖ਼ਬਰ ਅਸਹਿ ਸੀ। ਹੁਣ ਤਕ ਉਹ ਪੁਲਿਸ ਅੱਤਿਆਚਾਰ ਬਰਦਾਸ਼ਤ ਕਰਦਾ ਆ ਰਿਹਾ ਸੀ। ਉਸ ਦਾ ਖ਼ੂਨ ਤਾਂ ਖ਼ੌਲਦਾ ਰਿਹਾ ਸੀ, ਪਰ ਉਹ ਬਹੁਤਾ ਕੁਝ ਨਹੀਂ ਸੀ ਕਰ ਸਕਿਆ। ਪੁਲਿਸ ਨੇ ਅਜਿਹੀ ਦਹਿਸ਼ਤ ਪਾਈ ਸੀ ਕਿ ਡਰਦਾ ਕੋਈ ਬਾਬੇ ਕੋਲ ਖੜੋਣ ਨੂੰ

ਤਿਆਰ ਨਹੀਂ ਸੀ। ਜਥੇਬੰਦ ਹੋ ਕੇ ਸੰਘਰਸ਼ ਦੀ ਤਾਂ ਗੱਲ ਹੀ ਦੂਰ ਸੀ।

ਬਾਬੇ ਨੇ ਲਾਲਾ ਜੀ ਨਾਲ ਵੀ ਗੱਲ ਕੀਤੀ ਸੀ। ਉਸ ਦਾ ਮਰਨ ਵਾਲਾ ਤਾਂ ਮਰ ਗਿਆ। ਗ਼ਰੀਬਾਂ ਦੇ ਪੁੱਤਾਂ ਨੂੰ ਤਾਂ ਨਾ ਕੁਟਾਵੇ। ਸਾਰਾ ਸ਼ਹਿਰ ਤ੍ਰਾਹ-ਤ੍ਰਾਹ ਕਰ ਰਿਹਾ ਸੀ। ਸਾਰੀ ਲੋਕਾਈ ਲਾਲਾ ਜੀ ਨੂੰ ਗਾਲ੍ਹਾਂ ਕੱਢ ਰਹੀ ਸੀ। ਪੁਲਿਸ ਅੱਤਿਆਚਾਰ ਲਈ ਉਹ ਲਾਲੇ ਨੂੰ ਜ਼ਿੰਮੇਵਾਰ ਠਹਿਰਾ ਰਹੇ ਸਨ।

ਲਾਲਾ ਭੁੱਬਾਂ ਮਾਰ ਕੇ ਰੋ ਪਿਆ। ਉਸ ਨੂੰ ਬੰਟੀ ਦੇ ਕਾਤਲਾਂ ਦੀ ਲੋੜ ਨਹੀਂ ਸੀ। ਉਹ ਤਾਂ ਖ਼ੁਦ ਪੁਲਿਸ ਨੂੰ ਕਈ ਵਾਰ ਬੇਨਤੀ ਕਰ ਚੁੱਕਾ ਸੀ। ਲੋਕਾਂ ਦੇ ਪੁੱਤਾਂ ਦੇ ਹੱਡ ਕੁੱਟ ਕੇ ਉਸ ਦੇ ਪੋਤੇ ਦੀ ਆਤਮਾ ਨੂੰ ਕਸ਼ਟ ਨਾ ਦਿਓ। ਲੋਕਾਂ ਦੀਆਂ ਦੁਰਸੀਸਾਂ ਪੋਤੇ ਨੂੰ ਸਵਰਗ ਵਿਚ ਵੀ ਚੈਨ ਨਹੀਂ ਲੈਣ ਦੇਣਗੀਆਂ।

ਪਰ ਉਹ ਕੀ ਕਰੇ ? ਉਸ ਦੀ ਕੌਣ ਸੁਣਦਾ ਸੀ ? ਪੁਲਿਸ ਇਹ ਆਖ ਕੇ ਟਾਲ ਦਿੰਦੀ ਹੈ ਕਿ ਇਸ ਤਰ੍ਹਾਂ ਆਖਣਾ ਲਾਲਾ ਜੀ ਦੀ ਵਡੱਤਣ ਦਾ ਸਬੂਤ ਹੈ। ਪੁਲਿਸ ਦਾ ਵੀ ਕੋਈ ਫ਼ਰਜ਼ ਹੈ। ਮੁੱਖ ਮੰਤਰੀ ਜੀ ਉਹਨਾਂ ਦੇ ਮੋਢਿਆਂ 'ਤੇ ਬਹੁਤ ਵੱਡੀ ਜ਼ਿੰਮੇਵਾਰੀ ਪਾ ਗਏ ਹਨ। ਪੁਲਿਸ ਨੇ ਬੰਟੀ ਦੇ ਭੋਗ ਤੋਂ ਪਹਿਲਾਂ-ਪਹਿਲਾਂ ਕਾਤਲਾਂ ਨੂੰ ਲੱਭਣਾ ਹੀ ਲੱਭਣਾ ਹੈ।

ਲਾਲਾ ਬਾਬੇ ਦਾ ਹਰ ਤਰ੍ਹਾਂ ਨਾਲ ਸਹਿਯੋਗ ਦੇਣ ਨੂੰ ਤਿਆਰ ਸੀ। ਪੁਲਿਸ ਅੱਤਿਆਚਾਰ ਹਰ ਹਾਲਤ ਵਿਚ ਬੰਦ ਹੋਣਾ ਚਾਹੀਦਾ ਸੀ।

ਇਕੱਲਾ ਬਾਬਾ ਕੀ ਕਰੇ ? ਲੋਕ ਬਿਲਕੁਲ ਹੀ ਸਹਿਯੋਗ ਦੇਣ ਲਈ ਤਿਆਰ ਨਹੀਂ ਸਨ।

ਬਾਬੇ ਦੇ ਕਿਸੇ ਵੀ ਕਾਰਕੁਨ ਨੂੰ ਭੀੜ ਪਈ ਤਾਂ ਬਾਬਾ ਸ਼ੇਰ ਵਾਂਗ ਗਰਜਿਆ ਸੀ। ਜਦੋਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਸ਼ਾਮੂ 'ਤੇ ਝੂਠਾ ਮੁਕੱਦਮਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ ਤਾਂ ਉਹਨਾਂ ਦੀਆਂ ਸਾਰੀਆਂ ਜਥੇਬੰਦੀਆਂ ਹਰਕਤ ਵਿਚ ਆ ਗਈਆਂ ਸਨ। ਸ਼ਾਮੂ ਦੇ ਨਾਲ-ਨਾਲ ਕਈ ਹੋਰਾਂ ਦਾ ਵੀ ਖਹਿੜਾ ਛੁੱਟ ਗਿਆ ਸੀ।

ਅਸ਼ੋਕ ਦੀ ਗ੍ਰਿਫ਼ਤਾਰੀ ਬਾਬੇ ਲਈ ਇਕ ਚੈਲਿੰਜ ਸੀ। ਹੁਣ ਚੁੱਪ ਬੈਠੇ ਰਹਿਣਾ ਅਸੰਭਵ ਸੀ। ਅਸ਼ੋਕ ਉਸ ਨੂੰ ਪੁੱਤਾਂ ਨਾਲੋਂ ਵੱਧ ਪਿਆਰਾ ਸੀ। ਪੁੱਤਰ ਇਕੱਲੇ ਉਹੋ ਨਹੀਂ ਹੁੰਦੇ, ਜਿਹੜੇ ਬੰਦੇ ਦੇ ਤੁਖ਼ਮ ਤੋਂ ਪੈਦਾ ਹੋਏ ਹੁੰਦੇ ਹਨ। ਅਸਲ ਪੁੱਤਰ ਉਹ ਹੁੰਦੇ ਹਨ, ਜਿਹੜੇ ਬੰਦੇ ਦੀ ਸੋਚ ਨੂੰ ਅੱਗੇ ਤੋਰਦੇ ਹਨ।

ਬਾਬੇ ਦੀ ਸੋਚ ਨੂੰ ਅੱਗੇ ਲਿਜਾਣ ਵਾਲੇ ਨੌਜਵਾਨਾਂ ਵਿਚ ਅਸ਼ੋਕ ਬੜੀ ਅਹਿਮ ਥਾਂ ਰੱਖਦਾ ਸੀ।

ਅਸ਼ੋਕ ਦੇ ਮੋਢਿਆਂ 'ਤੇ ਦੋ ਮਹੱਤਵਪੂਰਨ ਸੰਸਥਾਵਾਂ ਦਾ ਬੋਝ ਸੀ। ਲੈਨਿਨ ਨਾਟਕ ਕਲਾ ਕੇਂਦਰ ਦਾ ਉਹ ਸੰਚਾਲਕ ਸੀ ਅਤੇ ਭਗਤ ਸਿੰਘ ਨੌਜਵਾਨ ਸਭਾ ਦਾ ਸੂਬਾ ਸਕੱਤਰ।

ਅੱਜ ਦੇ ਕਾਲੇ ਦਿਨਾਂ ਵਿਚ ਜਦੋਂ ਕਿ ਵੱਡੇ-ਵੱਡੇ ਸਮਾਜ-ਸੁਧਾਰਕ ਅਤੇ ਲੀਡਰ ਦਹਿਸ਼ਤਗਰਦਾਂ ਦੇ ਖ਼ਿਲਾਫ਼ ਇਕ ਸ਼ਬਦ ਬੋਲਣ ਤੋਂ ਵੀ ਡਰਦੇ ਹਨ, ਇਹ ਦੋਵੇਂ ਸੰਸਥਾਵਾਂ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਸਨ। ਲੋਕਾਂ ਨੂੰ ਫ਼ਿਰਕਾਪ੍ਰਸਤੀ ਅਤੇ ਮੂਲਵਾਦੀ ਸ਼ਕਤੀਆਂ ਪਿੱਛੇ ਕੰਮ ਕਰਦੇ ਸਵਾਰਥਾਂ ਨੂੰ ਸਮਝਾਉਣ ਲਈ ਉਹ ਪਿੰਡ-ਪਿੰਡ ਜਾ ਕੇ ਡਰਾਮੇ ਕਰਦੇ ਅਤੇ ਗੀਤ ਗਾਉਂਦੇ ਹਨ। ਸਭਿਆਚਾਰਕ ਸਾਂਝ ਦਾ ਸੁਨੇਹਾ ਦੇਣ ਵਾਲੇ, ਲੋਕ-ਦੁਸ਼ਮਣਾਂ 'ਤੇ ਉਂਗਲ ਧਰਨ ਵਾਲੇ ਅਤੇ ਸਮੁੱਚੀ ਕੌਮ ਦੀ ਮੁਕਤੀ ਦੀ ਗੱਲ ਕਰਨ ਵਾਲੇ ਨੌਜਵਾਨ ਦਹਿਸ਼ਤਗਰਦ ਕਿਵੇਂ ਹੋ ਸਕਦੇ ਹਨ ?

ਬਾਬੇ ਨੂੰ ਗ਼ੁੱਸਾ ਆ ਰਿਹਾ ਸੀ। ਕੀ ਸੀ.ਆਈ.ਡੀ. ਦੀਆਂ ਰਿਪੋਰਟਾਂ ਕਿਧਰੇ ਗੁਆਚ ਗਈਆਂ ਸਨ ? ਕੀ ਉਹਨਾਂ ਨੂੰ ਨਹੀਂ ਪਤਾ ਕਿ ਭਗਤ ਸਿੰਘ ਨੌਜਵਾਨ ਸਭਾ ਜਾਂ ਲੈਨਿਨ ਨਾਟਕ ਕਲਾ ਕੇਂਦਰ ਨੇ ਹੀ ਨਹੀਂ, ਸਗੋਂ ਬਾਬੇ ਦੀ ਪਾਰਟੀ ਨਾਲ ਸੰਬੰਧਤ ਹਰ ਸੰਸਥਾ ਨੇ ਬੰਟੀ ਦੇ ਕਤਲ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਸੀ ਅਤੇ ਰੈਲੀਆਂ ਵੀ ਕੀਤੀਆਂ ਸਨ। ਇਕੱਲੇ ਬੰਟੀ ਦੇ ਕਤਲ ਦੀ ਹੀ ਨਹੀਂ, ਉਹ ਤਾਂ ਦਹਿਸ਼ਤਗਰਦੀ ਦੀ ਹਰ ਘਟਨਾ ਦੀ ਨਿੰਦਾ ਕਰਦੇ ਸਨ। ਉਹਨਾਂ ਦੇ ਕਈ ਵਰਕਰ ਸ਼ਹੀਦੀਆਂ ਵੀ ਪਾ ਚੁੱਕੇ ਸਨ।

ਇਸ ਤੋਂ ਪਹਿਲਾਂ ਕਿ ਅਸ਼ੋਕ ਦੀ ਹੱਡੀ-ਪੱਸਲੀ ਇਕ ਹੋ ਜਾਵੇ, ਬਾਬੇ ਦਾ ਥਾਣੇ ਜਾਣਾ ਬਹੁਤ ਜ਼ਰੂਰੀ ਸੀ।

ਪੁਰਾਣੇ ਦਿਨ ਹੁੰਦੇ ਤਾਂ ਬਾਬੇ ਨੇ ਤੂਫ਼ਾਨ ਵਾਂਗ ਝੁੱਲ ਜਾਣਾ ਸੀ। ਬੁਢਾਪੇ ਕਾਰਨ ਹੁਣ ਓਨੀ ਚੁਸਤੀ ਨਹੀਂ ਸੀ ਰਹੀ। ਹੱਡ-ਗੋਡੇ ਜਵਾਬ ਦੇ ਗਏ ਸਨ। ਜਵਾਨੀ 'ਚ ਪੁਲਿਸ ਹੱਥੋਂ ਖਾਧੀ ਮਾਰ ਹੁਣ ਰੰਗ ਦਿਖਾ ਰਹੀ ਸੀ। ਕੰਨ ਸਾਥ ਛੱਡਦੇ ਜਾ ਰਹੇ ਸਨ। ਅੱਖਾਂ ਵੀ ਪਹਿਲਾਂ ਵਾਲੇ ਜੌਹਰ ਨਹੀਂ ਸੀ ਦਿਖਾਉਂਦੀਆਂ। ਜੇ ਕੋਈ ਸਾਥ ਦੇ ਰਿਹਾ ਸੀ ਤਾਂ ਉਹ ਸੀ ਬਾਬੇ ਦਾ ਦਿਮਾਗ਼। ਉਹ ਤਾਂ ਸਗੋਂ ਹੋਰ ਵੀ ਦੂਰ ਦੀ ਸੋਚਣ ਲੱਗਾ ਸੀ। ਦਿਨੋ-ਦਿਨ ਸਿਆਣਾ ਹੁੰਦਾ ਜਾ ਰਿਹਾ ਸੀ।

ਇਕ ਉਹ ਵੀ ਸਮਾਂ ਸੀ, ਜਦੋਂ ਬਾਬੇ ਦੇ ਇਸੇ ਦਿਮਾਗ਼ ਨੂੰ ਇਕ ਛੋਟੀ ਜਿਹੀ ਪਹੇਲੀ ਸੁਲਝਾਉਣ ਲਈ ਕਈ ਵਰ੍ਹੇ ਲੱਗ ਗਏ ਸਨ।

ਗੱਲ ਉਹਨਾਂ ਦਿਨਾਂ ਦੀ ਸੀ ਜਦੋਂ ਬਾਬਾ ਰਈਸਾਂ ਵਰਗੀ ਜ਼ਿੰਦਗੀ ਜਿਉਂਦਾ ਸੀ। ਇਕ ਕਾਬਲ ਡਾਕਟਰ ਦੇ ਮੁੰਡੇ ਨੂੰ ਫ਼ਿਕਰ ਵੀ ਕਿਸ ਗੱਲ ਦਾ ਹੋ ਸਕਦਾ ਸੀ। ਜੋ ਮਰਜ਼ੀ ਖਾਏ, ਜੋ ਮਰਜ਼ੀ ਹੰਢਾਏ।

ਉਹਨਾਂ ਦਾ ਬੰਗਲਾ ਸਟੇਸ਼ਨ ਤੋਂ ਦੋ ਮੀਲ ਦੂਰ ਸੀ।

ਇਕ ਵਾਰ ਗਰਮੀਆਂ ਦੀਆਂ ਛੁੱਟੀਆਂ ਕੱਟਣ ਆਏ ਗੁਰਦਿੱਤ ਸਿੰਘ ਨੂੰ ਬਾਪੂ ਜੀ ਗੱਡੀ ਭੇਜਣਾ ਭੁੱਲ ਗਏ। ਬੰਗਲੇ ਪਹੁੰਚਣ ਲਈ ਉਸ ਨੂੰ ਰਿਕਸ਼ੇ 'ਚ ਚੜ੍ਹਨਾ ਪਿਆ।

ਰਿਕਸ਼ੇ ਵਾਲਾ ਗੱਲਾਂ ਤਾਂ ਬੜੇ ਚਾਅ ਨਾਲ ਕਰ ਰਿਹਾ ਸੀ, ਪਰ ਉਸ ਦੇ ਸਵਾਲ ਬਾਬੇ ਨੂੰ ਚਿੜਾ ਰਹੇ ਸਨ। ਉਸ ਨੇ ਕੀ ਲੈਣਾ ਸੀ ਕਿ ਬਾਬਾ ਕਿਥੋਂ ਆਇਆ ਹੈ ਅਤੇ ਕੀ ਕਰਦਾ ਹੈ ? ਉਹ ਲਾਹੌਰ ਇੰਜੀਨੀਅਰੀ ਕਰਦਾ ਹੈ। ਪਹਿਲੇ ਸਵਾਲ ਦਾ ਜਵਾਬ ਤਾਂ ਉਸ ਨੇ ਦੇ ਦਿੱਤਾ। ਅਗਲੇ ਸਵਾਲ 'ਤੇ ਝਿੜਕ ਕੇ ਚੁੱਪ ਕਰਾ ਦਿੱਤਾ। ਉਸਨੂੰ ਗੁਰਦਿੱਤ ਸਿੰਘ ਦੀ ਨਿੱਜੀ ਜ਼ਿੰਦਗੀ ਵਿਚ ਝਾਕਣ ਦਾ ਕੋਈ ਹੱਕ ਨਹੀਂ ਸੀ।

ਬੰਗਲੇ ਪੁੱਜ ਕੇ ਜਦੋਂ ਰਿਕਸ਼ੇ ਵਾਲੇ ਨੇ ਮਜ਼ਦੂਰੀ ਲੈਣੋਂ ਨਾਂਹ ਕਰ ਦਿੱਤੀ ਤਾਂ ਗੁਰਦਿੱਤ ਦੀਆਂ ਅੱਖਾਂ ਖੁੱਲ੍ਹੀਆਂ। ਉਹ ਤਾਂ ਉਸ ਦਾ ਬਚਪਨ ਦਾ ਦੋਸਤ ਛਾਂਗਾ ਸੀ। ਉਹ ਅੰਗਰੇਜ਼ ਬਣੇ ਗੁਰਦਿੱਤ ਨੂੰ ਦੇਖ ਕੇ ਡਾਹਡਾ ਖ਼ੁਸ਼ ਹੋਇਆ ਸੀ। ਇਸੇ ਲਈ ਗੁਰਦਿੱਤ ਸਿੰਘ ਬਾਰੇ ਜਾਣਨ ਲਈ ਉਤਾਵਲਾ ਸੀ।

ਉਸੇ ਦਿਨ ਗੁਰਦਿੱਤ ਸਿੰਘ ਅੰਦਰ ਇਕ ਸਵਾਲ ਖੜ੍ਹਾ ਹੋ ਗਿਆ ਸੀ। ਆਖ਼ਰ ਛਾਂਗਾ ਇੰਨਾ ਕਿਉਂ ਪੱਛੜ ਗਿਆ ?

ਛੋਟਾ ਹੁੰਦਾ ਛਾਂਗਾ ਜਮਾਤ ਦਾ ਮਨੀਟਰ ਸੀ। ਉਸਤਾਦ ਉਸ ਦੀ ਸਮਝ ਅਤੇ ਯਾਦਦਾਸ਼ਤ 'ਤੇ ਹੈਰਾਨ ਸਨ। ਇਕ ਵਾਰ ਇਸ਼ਾਰਾ ਵੀ ਕਰ ਦਿਓ, ਝੱਟ ਗੱਲ ਸਮਝ ਜਾਂਦਾ ਸੀ। ਉਸਤਾਦ ਤਾਂ ਆਖਦੇ ਸਨ, ਉਸ ਨੇ ਇਕ ਦਿਨ ਬਹੁਤ ਵੱਡਾ ਆਦਮੀ ਬਣਨਾ ਹੈ।

ਪਰ ਉਹ ਰਿਕਸ਼ਾ-ਚਾਲਕ ਹੀ ਮਸਾਂ ਬਣ ਸਕਿਆ ਸੀ, ਕਿਉਂਕਿ ਉਸ ਦਾ ਬਾਪ ਇਕ ਮਜ਼ਦੂਰ ਸੀ। ਗੁਰਦਿੱਤ ਦੇ ਬਾਪ ਵਾਂਗ ਡਾਕਟਰ ਨਹੀਂ ਸੀ। ਛਾਂਗੇ ਦਾ ਬਾਪ ਛਾਂਗੇ ਦੇ ਜਵਾਨ ਹੋਣ ਤੋਂ ਪਹਿਲਾਂ ਹੀ ਬੁੱਢਾ ਹੋ ਗਿਆ ਸੀ। ਮਾਂ ਦਾ ਗੋਹਾ-ਕੂੜਾ ਕਰਨਾ ਵੀ ਚੁੱਲ੍ਹਾ ਮਘਦਾ ਰੱਖਣ ਵਿਚ ਸਹਾਈ ਨਹੀਂ ਸੀ ਹੋ ਸਕਿਆ। ਪੜ੍ਹ ਕੇ ਕਿਹੜਾ ਛਾਂਗੇ ਨੇ ਡੀ.ਸੀ. ਬਣ ਜਾਣਾ ਸੀ। ਖ਼ਾਲੀ ਪੇਟ ਨੂੰ ਰੋਟੀ ਦੀ ਫੌਰੀ ਜ਼ਰੂਰਤ ਸੀ। ਉਹ ਸਾਲਾਂ-ਬੱਧੀ ਛਾਂਗੇ ਦੇ ਮੂੰਹ ਵੱਲ ਨਹੀਂ ਸੀ ਦੇਖ ਸਕਦੇ। ਪਹਿਲਾਂ ਛਾਂਗੇ ਨੇ ਹੋਟਲ 'ਤੇ ਭਾਂਡੇ ਮਾਂਜੇ। ਹੁਣ ਰਿਕਸ਼ਾ ਚਲਾ ਰਿਹਾ ਸੀ।

ਛਾਂਗਾ ਭੂਤ ਬਣ ਕੇ ਬਾਬੇ ਨੂੰ ਚੰਬੜ ਗਿਆ। ਆਖ਼ਿਰ ਛਾਂਗੇ ਨੂੰ ਉੱਨਤੀ ਕਰਨ ਦਾ ਮੌਕਾ ਕਿਉਂ ਨਾ ਮਿਲਿਆ ? ਉਹ ਗੁਰਦਿੱਤ ਵਾਂਗ ਇੰਜੀਨੀਅਰ ਜਾਂ ਡਾਕਟਰ ਕਿਉਂ ਨਹੀਂ ਬਣ ਸਕਿਆ ? ਮਜ਼ਦੂਰ ਦਾ ਪੁੱਤਰ ਮਜ਼ਦੂਰ ਕਿਉਂ ? ਡਾਕਟਰ ਦਾ ਪੁੱਤਰ ਡਾਕਟਰ ਕਿਉਂ ? ਰਾਜੇ ਦਾ ਪੁੱਤਰ ਰਾਜਾ ਕਿਉਂ ?

ਇਸ ਸਵਾਲ ਦਾ ਜਵਾਬ ਲੱਭਣ ਲਈ ਬਾਬੇ ਨੇ ਢੇਰ ਕਿਤਾਬਾਂ ਦਾ ਪੜ੍ਹਿਆ।

ਜਦੋਂ ਦਾ ਜਵਾਬ ਲੱਭਾ ਹੈ, ਸਾਰੀ ਜ਼ਿੰਦਗੀ ਇਸੇ ਲੇਖੇ ਲਾ ਰੱਖੀ ਹੈ।

ਛਾਂਗੇ ਵਰਗੇ ਕਰੋੜਾਂ ਦੀ ਮੁਕਤੀ ਲਈ ਗੁਰਦਿੱਤ ਨੇ ਕਾਲਜ ਵਿਚ ਹੀ ਡਰਾਮੇ ਲਿਖਣੇ ਅਤੇ ਖੇਡਣੇ ਸ਼ੁਰੂ ਕਰ ਦਿੱਤੇ ਸਨ।

ਇੰਜੀਨੀਅਰ ਬਣਿਆ ਤਾਂ ਅਫ਼ਸਰਾਂ ਨੂੰ ਖ਼ੁਸ਼ ਰੱਖਣ ਦੀ ਥਾਂ ਉਹ ਲੇਬਰ ਨੂੰ ਖ਼ੁਸ਼ ਰੱਖਣ ਦੇ ਯਤਨ ਕਰਦਾ ਰਹਿੰਦਾ।

ਸਭ ਤੋਂ ਪਹਿਲੀ ਬਗ਼ਾਵਤ ਉਸ ਨੇ ਆਪਣੇ ਬਾਪ ਵਿਰੁੱਧ ਕੀਤੀ। ਉਹ ਗੁਰਦਿੱਤ ਸਿੰਘ ਨੂੰ ਜਗੀਰਦਾਰਾਂ ਦੇ ਵਿਆਹੁਣਾ ਚਾਹੁੰਦੇ ਸਨ। ਗੁਰਦਿੱਤ ਨੂੰ ਅਜਿਹੀ ਸਾਥਣ ਦੀ ਜ਼ਰੂਰਤ ਸੀ, ਜਿਹੜੀ ਮਾਲਦਾਰ ਨਹੀਂ, ਸਮਝਦਾਰ ਹੋਵੇ। ਅਜਿਹੀ ਸਾਥਣ ਉਹਨਾਂ ਆਪਣੀ ਨਾਟਕ-ਮੰਡਲੀ ਵਿਚੋਂ ਲੱਭੀ। ਘਰ ਵਿਚ ਹੰਗਾਮਾ ਹੋਇਆ ਸੀ। ਕੁੜੀ ਨੀਵੀਂ ਜਾਤ ਦੀ ਤਾਂ ਸੀ ਹੀ, ਅਪੰਗ ਵੀ ਸੀ। ਬਾਬੇ ਨੂੰ ਕੋਈ ਪਰਵਾਹ ਨਹੀਂ ਸੀ।

ਬਲਰਾਜ ਸਾਹਨੀ ਨੂੰ ਭਾਸ਼ਾ ਵਿਭਾਗ ਨੇ ਪੰਜ ਹਜ਼ਾਰ ਰੁਪਿਆ ਇਨਾਮ 'ਚ ਦਿੱਤਾ ਤਾਂ ਉਹ ਸਾਰੀ ਰਕਮ ਬਾਬੇ ਦੇ ਹਵਾਲੇ ਕਰ ਗਿਆ।

ਬਾਬੇ ਨੇ ਝੱਟ ਲੋਕ-ਪੱਖੀ ਅਤੇ ਜੁਝਾਰੂ ਸਾਹਿਤ ਛਾਪਣ ਦਾ ਪ੍ਰੋਜੈਕਟ ਬਣਾ ਲਿਆ। ਪੁੰਗਰਦੇ ਅਗਾਂਹਵਧੂ ਲੇਖਕਾਂ ਨੂੰ ਹੱਲਾਸ਼ੇਰੀ ਦੇਣ ਲਈ ਅਤੇ ਲੋਕਾਂ ਵਿਚ ਨਿੱਗਰ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਇਕ ਮਾਸਿਕ ਪੱਤਰ ਕੱਢਣਾ ਸ਼ੁਰੂ ਕਰ ਦਿੱਤਾ। ਹੁਣ ਤਕ ਉਹ ਸੈਂਕੜੇ ਪੁਸਤਕਾਂ ਵੀ ਛਾਪ ਚੁੱਕੇ ਹਨ ਅਤੇ ਵੀਸੀਆਂ ਲੇਖਕਾਂ ਨੂੰ ਪਹਿਲੀ ਕਤਾਰ ਵਿਚ ਖੜੇ ਹੋਣ ਵਿਚ ਸਹਾਈ ਹੋ ਚੁੱਕੇ ਹਨ।

ਇਨਕਲਾਬੀ ਦੌਰ ਆਇਆ ਤਾਂ ਬਾਬਾ ਨੌਜਵਾਨਾਂ ਵੱਲ ਝੁਕ ਗਿਆ। ਉਹ ਹਥਿਆਰਬੰਦ ਇਨਕਲਾਬ ਦਾ ਹਾਮੀ ਸੀ।

ਲਹਿਰ ਖੇਰੂੰ-ਖੇਰੂੰ ਹੋਈ ਤਾਂ ਉਹਨਾਂ ਦੀਆਂ ਆਸਾਂ ਵੀ ਢਹਿ-ਢੇਰੀ ਹੋ ਗਈਆਂ।

ਬਾਬਾ ਹਿੰਮਤ ਹਾਰਨ ਵਾਲਾ ਨਹੀਂ ਸੀ। ਲੋਕ-ਆਧਾਰ ਬਣਾਉਣ ਲਈ ਉਹਨਾਂ ਕਈ ਉਪਰਾਲੇ ਅਰੰਭੇ। ਨਾਟਕ ਮੰਡਲੀਆਂ ਬਣਾਈਆਂ। ਸਭਿਆਚਾਰਕ ਮੰਚ ਕਾਇਮ ਕੀਤੇ। ਕ੍ਰਾਂਤੀਕਾਰੀ ਸਭਾ ਦੀ ਸਥਾਪਨਾ ਕੀਤੀ। ਤਰਕਸ਼ੀਲਾਂ ਨੂੰ ਅੱਗੇ ਲਿਆਂਦਾ।

ਸੂਬੇ ਵਿਚ ਕਾਲੀ ਹਨੇਰੀ ਝੁੱਲਣ ਲੱਗੀ ਤਾਂ ਹੋਰ ਦਲੇਰੀ ਨਾਲ ਲੜਨ ਲੱਗੇ। ਥਾਂ-ਥਾਂ ਨਾਟਕ ਖੇਡੇ, ਭਾਸ਼ਣ ਦਿੱਤੇ, ਰੈਲੀਆਂ ਕੀਤੀਆਂ ਅਤੇ ਮਾਰਚ ਕੀਤੇ।

ਥਾਣੇ ਜਾਂਦੇ ਬਾਬੇ ਨੂੰ ਲੱਗ ਰਿਹਾ ਸੀ, ਹੁਣ ਪੁਲਿਸ ਨਾਲ ਟੱਕਰਨ ਦਾ ਮੌਕਾ ਆ ਗਿਆ ਸੀ।

ਤੁਫ਼ਾਨ ਵਾਂਗ ਚੜ੍ਹ ਆਏ ਬਾਬੇ ਨੂੰ ਸੰਤਰੀ ਦੀ ਰੋਕਣ ਦੀ ਹਿੰਮਤ ਨਹੀਂ ਸੀ।

ਪੂਰੇ ਮਾਣ ਨਾਲ ਪਹਿਲਾਂ ਸੰਤਰੀ ਨੇ ਸਿਰ ਝੁਕਾਇਆ ਅਤੇ ਫੇਰ ਬੰਦੂਕ ਨੂੰ ਮੋਢੇ 'ਤੇ ਰੱਖ ਕੇ ਇਉਂ ਸਲਾਮੀ ਦਿੱਤੀ ਬਾਬਾ ਜਿਵੇਂ ਮੁੱਖ ਮੰਤਰੀ ਹੋਵੇ।

ਬਾਬੇ ਦੇ ਉਪਾਸ਼ਕਾਂ ਦੀ ਸ਼ਹਿਰ ਵਿਚ ਕੋਈ ਕਮੀ ਨਹੀਂ ਸੀ। ਉਹ ਕਿਹੜਾ ਬੰਦਾ ਸੀ, ਜਿਸ ਦੀ ਕਦੇ ਨਾ ਕਦੇ ਉਸ ਨੇ ਸਹਾਇਤਾ ਨਹੀਂ ਸੀ ਕੀਤੀ। ਕਿਸੇ ਅਪੰਗ ਨੂੰ ਉਹਨਾਂ ਟਰਾਈ-ਸਾਈਕਲ ਲੈ ਕੇ ਦਿੱਤਾ, ਕਿਸੇ ਨੂੰ ਬੁਢਾਪਾ ਪੈਨਸ਼ਨ ਲਗਵਾਈ ਅਤੇ ਕਿਸੇ ਹੋਣਹਾਰ ਬੱਚੇ ਨੂੰ ਵਜ਼ੀਫ਼ਾ ਲਗਵਾਇਆ। ਸਾਰਾ ਸ਼ਹਿਰ ਹੀ ਉਸ ਅੱਗੇ ਸਿਰ ਝੁਕਾਉਂਦਾ ਸੀ।

ਥਾਣੇ ਅੰਦਰ ਸਟਾਫ਼ ਨੂੰ ਬਾਬੇ ਦੀ ਅਹਿਮੀਅਤ ਦਰਸਾਉਣ ਲਈ ਸੰਤਰੀ ਦਾ ਸਲੂਟ ਹੀ ਕਾਫ਼ੀ ਸੀ।

ਭੈਅ-ਭੀਤ ਜਿਹੇ ਹੋਏ ਮੁਲਾਜ਼ਮ ਥਾਉਂ-ਥਾਈਂ ਖੜੇ ਹੋ ਗਏ। ਸਾਰੇ ਥਾਣੇ ਵਿਚ ਸੰਨਾਟਾ ਛਾ ਗਿਆ।

ਅਸ਼ੋਕ ਪਿੱਪਲ ਹੇਠਾਂ ਬੈਠਾ ਸੀ। ਉਸ ਨੂੰ ਹਾਲੇ ਲਾਲ ਸਿੰਘ ਦੇ ਪੇਸ਼ ਕਰਿਆ ਜਾਣਾ ਸੀ। ਐਸ.ਐਚ.ਓ. ਕਿਸੇ ਹੋਰ ਮੁਸਤਵੇ ਦੀ ਪੁੱਛ-ਗਿੱਛ ਵਿਚ ਰੁੱਝਾ ਹੋਇਆ ਸੀ।

ਬਾਬੇ ਨੂੰ ਥਾਣੇ ਆਇਆ ਦੇਖ ਕੇ ਅਸ਼ੋਕ ਖੜਾ ਹੋ ਗਿਆ।

ਬਾਬਾ ਬਿਨਾਂ ਕਿਸੇ ਦੀ ਇਜ਼ਾਜਤ ਲਏ ਥਾਣੇਦਾਰ ਦੇ ਦਫ਼ਤਰ ਵਿਚ ਜਾ ਵੜਿਆ। ਅਸ਼ੋਕ ਪਿੱਛੇ-ਪਿੱਛੇ ਤੁਰ ਪਿਆ।

ਦਫ਼ਤਰ ਵਿਚ ਬੈਠੇ ਸਾਰੇ ਸਿਪਾਹੀਆਂ ਨੇ ਖੜੇ ਹੋ ਕੇ ਬਾਬੇ ਦਾ ਸਵਾਗਤ ਕੀਤਾ। ਇਕ ਸਿਪਾਹੀ ਨੇ ਝੁਕ ਕੇ ਗੋਡੇ ਹੱਥ ਲਾਏ। ਪੂਰੇ ਮਾਣ-ਸਤਿਕਾਰ ਨਾਲ ਉਸ ਨੂੰ ਕੁਰਸੀ 'ਤੇ ਬਿਠਾਇਆ ਗਿਆ।

"ਹਾਂ ਜੀ.....ਸਰਦਾਰ ਜੀ.....। ਮੇਰੇ ਇਸ ਮੁੰਡੇ ਨੂੰ ਕਿਸ ਜੁਰਮ ਵਿਚ ਲਿਆਂਦਾ ਗਿਐ ?" ਇਸ ਤੋਂ ਪਹਿਲਾਂ ਕਿ ਲਾਲ ਸਿੰਘ ਨੂੰ ਸਮਝ ਪੈਂਦੀ ਕਿ ਇਹ ਬੁੱਢਾ ਕੌਣ ਹੈ, ਮੁਲਾਜ਼ਮਾਂ ਨੇ ਝੁਕ-ਝੁਕ ਕੇ ਸਲਾਮ ਕਿਉਂ ਕੀਤਾ ਹੈ, ਬਾਬੇ ਦੀ ਗੜਕਵੀਂ ਆਵਾਜ਼ ਵਿਚ ਆਪਣੇ ਅੰਦਰ ਬਲਦੀ ਅੱਗ ਬਾਹਰ ਉਗਲੀ।

ਅਚਾਨਕ ਹੋਏ ਇਸ ਸਵਾਲ ਤੋਂ ਲਾਲ ਸਿੰਘ ਭਵੰਤਰ ਗਿਆ। ਪਹਿਲਾਂ ਉਸ ਨੇ ਅਸ਼ੋਕ ਵੱਲ ਤੱਕਿਆ ਅਤੇ ਫਿਰ ਕੋਲ ਖੜੇ ਹੌਲਦਾਰ ਵੱਲ।

"ਸਿਰ ਕਿਉਂ ਸੁੱਟ ਲਿਆ ? ਦੱਸ ਇਹਨਾਂ ਨੂੰ ਕਿਉਂ ਬੁਲਾਇਐ ?" ਲਾਲ ਸਿੰਘ ਨੂੰ ਖਹਿੜਾ ਛੁਡਾਉਣਾ ਮੁਸ਼ਕਿਲ ਹੋ ਰਿਹਾ ਸੀ। ਉਹ ਸਾਰਾ ਬੋਝ ਹੌਲਦਾਰ ਦੇ ਮੋਢਿਆਂ 'ਤੇ ਸੁੱਟਣ ਲੱਗਾ।

ਅੱਗੋਂ ਹੌਲਦਾਰ ਵੀ ਘੱਟ ਨਹੀਂ ਸੀ। ਆਪਣੇ ਮੋਢੇ 'ਤੇ ਰੱਖ ਕੇ ਬੰਦੂਕ ਚਲਵਾ ਦੇਣ ਵਾਲਾ ਉਹ ਵੀ ਨਹੀਂ ਸੀ। ਉਸ ਨੇ ਭਾਰ ਨਾਜ਼ਰ ਵੱਲ ਨੂੰ ਖਿਸਕਾ ਦਿੱਤਾ।

ਨਾਜ਼ਰ ਨੂੰ ਲੱਭਿਆ ਗਿਆ, ਉਹ ਕਿਧਰੇ ਨਹੀਂ ਸੀ।

ਬਾਬੇ ਨੂੰ ਉਡੀਕ ਕਰਨ ਦਾ ਹੁਕਮ ਹੋਇਆ। ਜੇ ਮੁੰਡਾ 'ਸਾਫ਼' ਹੋਇਆ ਤਾਂ ਉਸ ਨੂੰ ਬਾਬੇ ਦੇ ਪਿੱਛੇ-ਪਿੱਛੇ ਭੇਜਣ ਦਾ ਯਕੀਨ ਦਿਵਾਇਆ।

"ਇਸ ਦਾ ਬੱਸ ਇੰਨਾ ਕਸੂਰ ਹੈ ਕਿ ਤਿੰਨ ਦਿਨ ਘਰੋਂ ਬਾਹਰ ਰਿਹੈ.....। ਮੇਰੀ ਗੱਲ ਧਿਆਨ ਨਾਲ ਸੁਣ ਲਓ.....। ਕਤਲ ਨਾਲ ਇਸ ਦਾ ਕੋਈ ਲਾਗਾ-ਦੇਗਾ ਨਹੀਂ। ਅਸੀਂ ਤਾਂ ਇਸ ਜਬਰ ਦੇ ਵਿਰੁੱਧ ਲੜਨ ਵਾਲੇ ਹਾਂ। ਮੈਂ ਇਸ ਨੂੰ ਲੈ ਚੱਲਿਆ ਹਾਂ। ਜੇ ਇਸ ਦੇ ਖ਼ਿਲਾਫ਼ ਕੋਈ ਸਬੂਤ ਮਿਲਿਆ ਤਾਂ ਮੈਨੂੰ ਸੁਨੇਹਾ ਭੇਜ ਦੇਣਾ। ਮੈਂ ਮੁੰਡਾ ਹਾਜ਼ਰ ਕਰ ਦਿਆਂਗਾ।" ਆਖ ਕੇ ਬਾਬੇ ਨੇ ਅਸ਼ੋਕ ਦੀ ਬਾਂਹ ਫੜੀ ਅਤੇ ਉਸ ਨੂੰ ਲੈ ਕੇ ਬਾਹਰ ਨੂੰ ਤੁਰ ਪਿਆ।

ਬਾਬੇ ਨੂੰ ਰੋਕਣ ਦੀ ਕਿਸੇ ਦੀ ਹਿੰਮਤ ਨਾ ਪਈ। ਸਭ ਇਕ-ਦੂਜੇ ਵੱਲ ਤੱਕਦੇ ਹੀ ਰਹਿ ਗਏ। ਮੁਲਾਜ਼ਮਾਂ ਦੇ ਮੋਨ ਨੂੰ ਦੇਖ ਕੇ ਲਾਲ ਸਿੰਘ ਵੀ ਬੁੱਤ ਬਣ ਗਿਆ। ਲਾਲ ਸਿੰਘ ਤਾਂ ਸ਼ਹਿਰ 'ਚ ਨਵਾਂ ਆਇਆ ਸੀ, ਪਰ ਸਿਪਾਹੀ ਤਾਂ ਪੁਰਾਣੇ ਸਨ। ਬੁੱਢਾ ਮੁਸਤਵਾ ਛੁਡਾ ਕੇ ਲੈ ਗਿਆ, ਪਰ ਉਹ ਡਰਨੇ ਬਣੇ ਦੇਖਦੇ ਰਹੇ। ਬੁੱਢਾ ਜ਼ਰੂਰ ਕੋਈ ਸ਼ੈਅ ਹੋਵੇਗੀ। ਬਿਨਾਂ ਸੋਚੇ-ਸਮਝੇ ਮੁਸੀਬਤ ਸਹੇੜਨ ਵਾਲਾ ਲਾਲ ਸਿੰਘ ਵੀ ਨਹੀਂ ਸੀ। ਬਜ਼ਾਰ ਦੀ ਭੀੜ ਵਿਚ ਲੋਪ ਹੁੰਦੀ ਜੋੜੀ ਨੂੰ ਉਹ ਚੁੱਪ-ਚਾਪ ਦੇਖਦਾ ਰਿਹਾ।

ਬਾਬੇ ਦੀ ਕਾਰਵਾਈ ਜੰਗਲ ਦੀ ਅੱਗ ਵਾਂਗ ਸਾਰੇ ਸ਼ਹਿਰ ਵਿਚ ਫੈਲ ਗਈ।

ਲੋਕਾਂ ਨੂੰ ਜਿਵੇਂ ਨਵਾਂ ਰਾਹ ਲੱਭ ਗਿਆ। ਉਹ ਤਾਂ ਭੁੱਲੇ ਹੀ ਬੈਠੇ ਸਨ। ਬਾਕੀ ਲੀਡਰ ਤਾਂ ਪੱਤਰਾ ਵਾਚ ਗਏ। ਬਾਬਾ ਪਿੱਠ ਦਿਖਾਉਣ ਵਾਲਾ ਨਹੀਂ ਸੀ। ਨਾ ਬਾਬੇ ਦੇ ਸਾਥੀ-ਸੰਗੀ। ਉਹ ਤਾਂ ਲੜਨ-ਮਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ।

ਬਾਬੇ ਦੇ ਘਰ ਵੱਲ ਲੋਕ ਇਉਂ ਵਹੀਰਾਂ ਘੱਤ ਕੇ ਤੁਰ ਪਏ, ਜਿਵੇਂ ਉਥੇ ਕੋਈ ਅਜਿਹਾ ਅੰਮ੍ਰਿਤ-ਕੁੰਡ ਪ੍ਰਗਟ ਹੋ ਗਿਆ ਹੋਵੇ, ਜਿਸ ਨੇ ਲੋਕਾਂ ਦੀ ਮੁਰਦਾ ਰੂਹ ਵਿਚ ਨਵੀਂ ਤਾਕਤ ਫੂਕ ਦੇਣੀ ਹੋਵੇ।

ਬਾਬਾ ਕੋਈ ਮੈਦਾਨ ਛੱਡਣ ਵਾਲਾ ਸੀ ? ਲੋਕ ਤਿਆਰ ਹਨ ਤਾਂ ਉਹ ਸਭ ਤੋਂ ਪਹਿਲਾਂ ਕੁਰਬਾਨੀ ਦੇਣ ਲਈ ਤਿਆਰ ਹੈ।

ਉਸੇ ਸ਼ਾਮ ਨਹਿਰੂ ਪਾਰਕ ਵਿਚ ਜਲਸਾ ਰੱਖਿਆ ਗਿਆ। ਉਹਨਾਂ ਸੈਂਕੜੇ ਮੁੰਡਿਆਂ ਨੂੰ ਮੰਚ 'ਤੇ ਪੇਸ਼ ਕੀਤਾ ਗਿਆ, ਜਿਨ੍ਹਾਂ 'ਤੇ ਪੁਲਿਸ ਨੇ ਜਬਰ ਢਾਹਿਆ ਸੀ।

ਲੋਕਾਂ ਨੇ ਤਾਂ ਆਪਣੇ ਦੁਖੜੇ ਰੋਣ ਲਈ ਜਲਸੇ 'ਚ ਪੁੱਜਣਾ ਹੀ ਸੀ, ਅੰਦਰਖ਼ਾਤੇ ਸਿਆਸੀ ਲੋਕਾਂ ਦੇ ਸੁਨੇਹੇ ਵੀ ਆਉਣ ਲੱਗੇ। ਜੇ ਕੋਈ ਸਾਂਝਾ ਫ਼ਰੰਟ ਬਣਾ ਲਿਆ ਜਾਵੇ ਤਾਂ ਉਹ ਵੀ ਪੁਲਿਸ ਵਿਰੁੱਧ ਆਵਾਜ਼ ਉਠਾਉਣ ਲਈ ਤਿਆਰ ਸਨ। ਵਿਰੋਧੀ ਪਾਰਟੀਆਂ ਨੇ ਤਾਂ ਆਉਣਾ ਹੀ ਸੀ, ਇਕ ਦੋ ਜਥੇਦਾਰ ਵੀ ਗਰਮ ਹੋਏ ਫਿਰਦੇ ਸਨ। ਬੇਸ਼ੱਕ ਮੁੱਖ ਮੰਤਰੀ ਨਰਾਜ਼ ਹੋ ਜਾਵੇ, ਉਹ ਹੋਰ ਅੱਤਿਆਚਾਰ ਬਰਦਾਸ਼ਤ ਨਹੀਂ ਕਰ ਸਕਦੇ। ਚੁੱਪ ਬੈਠੇ ਰਹੇ ਤਾਂ ਪਿੱਛੋਂ ਲੋਕਾਂ ਨੂੰ ਕੀ ਮੂੰਹ ਦਿਖਾਉਣਗੇ ?

ਬਾਬੇ ਨੂੰ ਕੀ ਇਤਰਾਜ਼ ਸੀ ? ਜਲਸੇ ਵਿਚ 'ਲੋਕ ਸੰਘਰਸ਼ ਸੰਮਤੀ' ਦੇ ਗਠਨ ਦਾ ਐਲਾਨ ਕਰ ਦਿੱਤਾ ਗਿਆ। ਉਹਨਾਂ ਸੰਮਤੀ ਵਿਚ ਕੁਝ ਸਿਆਸੀ ਬੰਦੇ ਸ਼ਾਮਲ ਤਾਂ ਕੀਤੇ, ਪਰ ਬਹੁਮੱਤ ਆਪਣੇ ਸਮਰਥਕਾਂ ਦਾ ਹੀ ਰੱਖਿਆ। ਪਤਾ ਸੀ, ਲੋੜ ਪੈਣ 'ਤੇ ਸਿਆਸੀ ਬੰਦਿਆਂ ਨੇ ਪੂਛ ਦਬਾ ਕੇ ਭੱਜ ਜਾਣਾ ਸੀ।

ਅਗਲੇ ਦਿਨ ਝੰਡਾ ਮਾਰਚ ਕਰਨ ਦਾ ਐਲਾਨ ਹੋਇਆ। ਓਨਾ ਚਿਰ ਸੰਘਰਸ਼ ਜਾਰੀ ਰਹੇਗਾ, ਜਿੰਨਾ ਚਿਰ ਥਾਣੇ ਬੈਠਾ ਇਕ-ਇਕ ਬੇਕਸੂਰ ਬੰਦਾ ਛੱਡ ਨਹੀਂ ਦਿੱਤਾ ਜਾਂਦਾ।

ਬਾਬੇ ਨੇ ਆਪਣੀਆਂ ਸਾਰੀਆਂ ਜਥੇਬੰਦੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ। ਨਾਟਕ ਕੇਂਦਰ, ਸੰਗੀਤ ਮੰਡਲੀਆਂ ਅਤੇ ਤਰਕਸ਼ੀਲ ਹਾਲ ਦੀ ਘੜੀ ਆਪਣੇ ਪ੍ਰੋਗਰਾਮ ਠੱਪ ਕਰ ਦੇਣ। ਉਹ ਸਭ ਸ਼ਹਿਰ ਪੁੱਜਣ ਅਤੇ ਲੋਕ ਸੰਘਰਸ਼ ਨੂੰ ਸੰਭਾਲਣ। ਇਨਕਲਾਬੀ ਸਾਹਿਤ ਸਭਾ ਨੂੰ ਵੀ ਬੁਲਾਇਆ ਗਿਆ। ਸਾਹਿਤ ਫੇਰ ਰਚਿਆ ਜਾਵੇ, ਪਹਿਲਾਂ ਇਤਿਹਾਸ ਸਿਰਜਿਆ ਜਾਵੇ।

ਬਾਬੇ ਨੇ ਕ੍ਰਾਂਤੀਕਾਰੀ ਫ਼ਰੰਟ ਦੇ ਕੁਝ ਅੰਡਰ-ਗਰਾਊਂਡ ਸਾਥੀਆਂ ਨੂੰ ਵੀ ਸੱਦਿਆ। ਕਿਸੇ ਸਮੇਂ ਹਥਿਆਰਬੰਦ ਸੰਘਰਸ਼ ਦੀ ਜ਼ਰੂਰਤ ਵੀ ਪੈ ਸਕਦੀ ਹੈ। ਪੇਂਡੂ ਇਕਾਈਆਂ ਅਤੇ ਭਗਤ ਸਿੰਘ ਨੌਜਵਾਨ ਸਭਾ ਪਹਿਲਾਂ ਹੀ ਚੌਕਸ ਸੀ। ਬਾਬੇ ਦੇ ਇਸ਼ਾਰੇ 'ਤੇ ਪਿੰਡਾਂ 'ਚੋਂ ਲੋਕ ਵਹੀਰਾਂ ਘੱਤ ਕੇ ਆਉਣ ਨੂੰ ਤਿਆਰ ਸਨ।

ਦੋ ਦਿਨਾਂ 'ਚ ਹੀ ਸੰਮਤੀ ਨੂੰ ਕਾਮਯਾਬੀ ਹਾਸਲ ਹੋ ਗਈ।

ਕੋਈ ਨਵਾਂ ਬੰਦਾ ਤਾਂ ਕੀ ਫੜਨਾ ਸੀ, ਇਕ-ਇਕ ਕਰ ਕੇ ਪੁਲਿਸ ਨੂੰ ਪਹਿਲੇ ਵੀ ਛੱਡਣੇ ਪਏ।

✶

# 27

ਜਿਸ ਤਰ੍ਹਾਂ ਪੁਲਿਸ ਦੀ ਦੋ ਦਿਨਾਂ ਦੀ ਫੜ-ਫੜਾਈ ਨੇ ਲੋਕਾਂ ਵਿਚ ਸਹਿਮ ਪੈਦਾ ਕੀਤਾ ਸੀ, ਉਸੇ ਤਰ੍ਹਾਂ ਸੰਮਤੀ ਦੇ ਦੋ ਦਿਨਾਂ ਦੇ ਸੰਘਰਸ਼ ਨੇ ਪੁਲਿਸ ਦੀਆਂ ਲਗਾਮਾਂ ਕੱਸ ਦਿੱਤੀਆਂ।

ਡਰੀ ਪੁਲਿਸ ਨੇ ਖ਼ਾਸ-ਖ਼ਾਸ ਮੁਸਤਵੇ ਜਾਂ ਤਾਂ ਦੂਰ-ਦੁਰਾਡੇ ਵਾਲੇ ਥਾਣਿਆਂ ਵਿਚ ਭੇਜ ਦਿੱਤੇ ਜਾਂ ਆਪਣੇ ਮੁਖ਼ਬਰਾਂ ਦੇ ਘਰੀਂ ਛੁਪਾ ਦਿੱਤੇ।

ਜਿਨ੍ਹਾਂ ਦੀ ਕੋਈ ਜ਼ਰੂਰਤ ਨਹੀਂ ਸੀ ਜਾਂ ਜਿਨ੍ਹਾਂ ਦੇ ਮਾਮੂਲੀ ਸੱਟਾਂ ਸਨ, ਉਹਨਾਂ ਨੂੰ ਰਿਹਾਅ ਕਰਨ ਲਈ ਪੁਲਿਸ ਕਾਹਲੀ ਪੈਣ ਲੱਗੀ। ਪੁਲਿਸ ਨੂੰ ਡਰ ਸੀ ਕਿ ਜੇ ਸਾਰੇ ਹੀ ਮੁਸਤਵੇ ਇਕਦਮ ਛੱਡ ਦਿੱਤੇ ਗਏ ਤਾਂ ਉਹਨਾਂ ਨੂੰ ਸੰਮਤੀ ਨੇ ਸੰਭਾਲ ਲੈਣਾ ਸੀ ਅਤੇ ਉਹਨਾਂ ਦਾ ਡਾਕਟਰੀ ਮੁਆਇਨਾ ਕਰਾ-ਕਰਾ ਪੁਲਿਸ ਨੂੰ ਵਖਤ ਪਾ ਦੇਣਾ ਸੀ। ਅਖ਼ਬਾਰਾਂ ਪਹਿਲਾਂ ਹੀ ਜ਼ਹਿਰ ਉਗਲ ਰਹੀਆਂ ਸਨ। ਉਹਨਾਂ ਨੂੰ ਹੋਰ ਮਸਾਲਾ ਮਿਲ ਜਾਣਾ ਸੀ।

ਪੁਲਿਸ ਅਜਿਹੇ ਸਿਫ਼ਾਰਸ਼ੀ ਦੀ ਤਾਕ ਵਿਚ ਰਹਿੰਦੀ ਸੀ, ਜਿਹੜਾ ਇਹ ਯਕੀਨ ਦਿਵਾ ਦੇਵੇ ਕਿ ਮੁਸਤਵਾ ਨਾ ਸੰਘਰਸ਼ ਸੰਮਤੀ ਕੋਲ ਜਾਏਗਾ ਅਤੇ ਨਾ ਹੀ ਪੁਲਿਸ ਖ਼ਿਲਾਫ਼ ਕੋਈ ਕਾਰਵਾਈ ਕਰੇਗਾ। ਇਹ ਭਰੋਸਾ ਦਿਵਾ ਕੇ ਭਾਵੇਂ ਕੋਈ ਸਾਰੇ ਬੰਦੇ ਛੁਡਾ ਕੇ ਲੈ ਜਾਵੇ, ਪੁਲਿਸ ਨੂੰ ਕੋਈ ਇਤਰਾਜ਼ ਨਹੀਂ ਸੀ।

ਬੁੱਢਾ ਬਲਵੰਤ ਗ਼ੁੱਸੇ ਨਾਲ ਪਾਗ਼ਲ ਹੋਇਆ ਫਿਰਦਾ ਸੀ। ਪੈਸੇ ਕਮਾਉਣ ਦਾ ਇੰਨਾ ਵਧੀਆ ਮੌਕਾ ਸੀ, ਪਰ ਉਸ ਦੇ ਪੱਲੇ ਹਾਲੇ ਤਕ ਦੁਆਨੀ ਨਹੀਂ ਸੀ ਪਈ।

ਨਵੇਂ ਸਟਾਫ਼ ’ਤੇ ਬਲਵੰਤ ਨੂੰ ਲੋਕਾਂ ਜਿੰਨਾ ਹੀ ਗ਼ੁੱਸਾ ਸੀ।

ਪੈਂਤੀ ਸਾਲ ਹੋ ਗਏ ਸਨ ਬਲਵੰਤ ਨੂੰ ਭਰਤੀ ਹੋਇਆਂ। ਕੁਝ ਸਾਲ ਛੱਡ ਕੇ ਬਾਕੀ ਦੀ ਸਾਰੀ ਨੌਕਰੀ ਇਸੇ ਥਾਣੇ ਦੀ ਸੀ। ਜਿਸ ਤਰ੍ਹਾਂ ਦਾਈ ਤੋਂ ਪੇਟ ਨਹੀਂ ਲੁਕੋਇਆ ਜਾ ਸਕਦਾ, ਇਸੇ ਤਰ੍ਹਾਂ ਮੁਜਰਮ ਬਲਵੰਤ ਤੋਂ ਅੱਖ ਨਹੀਂ ਸੀ ਚੁਰਾ ਸਕਦਾ। ਮੁਜਰਮ ਹਾਲੇ ਪੇਟ ਵਿਚ ਹੀ ਹੁੰਦੇ ਸਨ ਕਿ ਬਲਵੰਤ ਨੂੰ ਖ਼ਬਰ ਪਹਿਲਾਂ ਪਹੁੰਚ ਜਾਂਦੀ ਸੀ।

ਸੀ ਤਾਂ ਬਲਵੰਤ ਭਾਵੇਂ ਅਨਪੜ੍ਹ ਹੀ, ਪਰ ਉਸ ਦੀ ਚੜ੍ਹਤ ਡਿਪਟੀ ਜਿੰਨੀ ਸੀ। ਵਰਦੀ ਤਾਂ ਉਹ ਕਦੇ-ਕਦਾਈਂ ਹੀ ਪਾਉਂਦਾ ਸੀ। ਕੁਝ ਲੋਕ ਉਸ ਨੂੰ ਥਾਣੇਦਾਰ ਸਮਝਦੇ ਸਨ ਅਤੇ ਕੁਝ ਹੌਲਦਾਰ। ਉਸ ਨੂੰ ਵਰਦੀ ਪਾਉਣ ਦੀ ਕੀ ਜ਼ਰੂਰਤ ਸੀ ? ਜਿਹੜਾ ਕੰਮ ਵਰਦੀਆਂ ਵਾਲੇ ਦਸ ਸਿਪਾਹੀ ਨਹੀਂ ਸੀ ਕਰ ਸਕਦੇ, ਉਹ ਇਕੱਲਾ ਬਲਵੰਤ ਕਰ ਦਿੰਦਾ ਸੀ। ਉਸ ਦੇ ਇਲਾਕੇ ਵਿਚ ‘ਕਨਟੈਕਟ’ ਹੀ ਇੰਨੇ ਸਨ।

ਜਦੋਂ ਵੀ ਕੋਈ ਨਵਾਂ ਥਾਣੇਦਾਰ ਆਉਂਦਾ, ਬਲਵੰਤ ਦੇ ਖ਼ਿਲਾਫ਼ ਉਸ ਦੇ ਕੰਨ ਭਰੇ ਜਾਂਦੇ। ਥਾਣੇਦਾਰ ਬਲਵੰਤ ਨੂੰ ਦੂਰ-ਦੂਰ ਰੱਖਦਾ। ਉਸ ਨੂੰ ਬੰਬਈ, ਕਲਕੱਤੇ ਦੇ ਸੰਮਨ ਦੇ ਕੇ ਦਸ-ਵੀਹ ਦਿਨਾਂ ਲਈ ਖਹਿੜਾ ਛੁਡਾਉਣ ਦੇ ਯਤਨ ਕੀਤੇ ਜਾਂਦੇ। ਬਲਵੰਤ ਖ਼ੁਸ਼ੀ-ਖ਼ੁਸ਼ੀ ਤਮਾਸ਼ਾ ਦੇਖਦਾ

ਰਹਿੰਦਾ। ਜਦੋਂ ਤਫ਼ਤੀਸ਼ ਦੇ ਪਹੀਏ ਜਾਮ ਹੋ ਜਾਂਦੇ ਤਾਂ ਧੱਕਾ ਲਾਉਣ ਲਈ ਬਲਵੰਤ ਨੂੰ ਬੁਲਾਉਣਾ ਹੀ ਪੈਂਦਾ।

ਬਲਵੰਤ ਅੱਜ-ਕੱਲ੍ਹ ਦੇ ਸਿਪਾਹੀਆਂ ਵਰਗਾ ਨਹੀਂ ਸੀ ਬਈ ਮੋਟਰ-ਸਾਈਕਲ ਬਿਨਾਂ ਕਦਮ ਨਹੀਂ ਪੁੱਟਣਾ। ਮੋਟਰ-ਸਾਈਕਲ ’ਤੇ ਤਾਂ ਘੰਟੇ ਵਿਚ ਸਾਰੇ ਇਲਾਕੇ ਦਾ ਗੇੜਾ ਲੱਗ ਜਾਂਦੈ। ਇਉਂ ਕੋਈ ਮੁਖ਼ਬਰੀ ਮਿਲਦੀ ਹੈ ? ਬਲਵੰਤ ਸਾਈਕਲ ’ਤੇ ਨਿਕਲਦਾ ਹੈ। ਕਿਸੇ ਦੇ ਖੇਤੋਂ ਗੰਨੇ ਚੂਪ ਲਏ, ਕਿਸੇ ਦੇ ਰੋਟੀ ਖਾ ਲਈ ਅਤੇ ਕਿਸੇ ਦੇ ਘਰ ਰਾਤ ਕੱਟ ਲਈ। ਕਿਸੇ ਨਾਲ ਪੈੱਗ ਸਾਂਝਾ ਕਰ ਲਿਆ ਅਤੇ ਕਿਸੇ ਕੋਲ ਕਬੀਲਦਾਰੀ ਛੇੜ ਕੇ ਬੈਠ ਗਏ। ਗੱਲਾਂ-ਗੱਲਾਂ ਵਿਚ ਸਾਰੇ ਪਿੰਡ ਦੀ ਖ਼ਬਰ ਮਿਲ ਜਾਂਦੀ ਹੈ। ਆਪਣੀ ਇਸੇ ਚਲਾਕੀ ਦੇ ਆਧਾਰ ’ਤੇ ਬਲਵੰਤ ਨੇ ਕਈ ਵਾਰ ਬੜੀਆਂ ਗੁੰਝਲਦਾਰ ਤਫ਼ਤੀਸ਼ਾਂ ਨੂੰ ਚੁਟਕੀ ’ਚ ਸਿਰੇ ਲਾ ਦਿੱਤੈ। ਜਦੋਂ ਤਫ਼ਤੀਸ਼ੀ ਕਿਸੇ ਸਿੱਟੇ ’ਤੇ ਨਹੀਂ ਪੁੱਜ ਸਕਦੇ ਤਾਂ ਬਲਵੰਤ ਦੀ ਸ਼ਰਨ ਵਿਚ ਆਉਂਦੇ ਹਨ। ਉਹ ਪਹਿਲੇ ਹੱਲੇ ਹੀ ਦੁਖਦੀ ਰਗ ’ਤੇ ਹੱਥ ਰੱਖ ਦਿੰਦੈ।

ਨਵੇਂ ਸਟਾਫ਼ ਕੋਲ ਵੀ ਉਸ ਦੀ ਚੁਗਲੀ ਹੋਈ। ਇਸ ਵਾਰ ਦੋਸ਼ ਗੰਭੀਰ ਸਨ। ਉਹ ਚਾਰ ਪੈਸਿਆਂ ਬਦਲੇ ਪੁਲਿਸ ਦੀਆਂ ਯੋਜਨਾਵਾਂ ਲੀਕ ਕਰਨ ਦਾ ਆਦੀ ਹੈ। ਇਸ ਦੋਸ਼ ਨੂੰ ਸਾਬਤ ਕਰਨ ਲਈ ਕੁਝ ਸਬੂਤ ਵੀ ਦਿੱਤੇ ਗਏ। ਕੁਝ ਕਮਜ਼ੋਰ ਮੁਜਰਮ ਛਿੱਤਰਾਂ ਤੋਂ ਡਰਦੇ ਝੱਟ ਮੰਨ ਗਏ ਕਿ ਉਹ ਬਲਵੰਤ ਦੇ ਕਹਿਣ ’ਤੇ ਘਰੋਂ ਭੱਜੇ ਸਨ।

ਵਿਹਲਾ ਬੈਠਾ ਬਲਵੰਤ ਨਵੇਂ ਸਟਾਫ਼ ਦੀ ਬੇਵਕੂਫ਼ੀ ’ਤੇ ਝੂਰ ਰਿਹਾ ਸੀ। ਬੰਦੇ ਫਟਾਫਟ ਛੱਡੇ ਜਾ ਰਹੇ ਸਨ। ਉਹਨਾਂ ਮੂਰਖਾਂ ਨੂੰ ਕੋਈ ਪਤਾ ਨਹੀਂ ਸੀ ਕਿ ਕਿਹੜੀ ਅਸਾਮੀ ਕਿੰਨੇ ਪੈਸੇ ਦੇਣ ਵਾਲੀ ਹੈ ? ਪੰਜ ਹਜ਼ਾਰ ਵਾਲੇ ਤੋਂ ਪੰਜ ਸੌ ਅਤੇ ਪੰਜ ਸੌ ਵਾਲੇ ਤੋਂ ਦਸ ਹਜ਼ਾਰ ਮੰਗਿਆ ਜਾ ਰਿਹਾ ਸੀ। ਹਰ ਵਾਰ ਰੱਟਾ ਪੈ ਜਾਂਦਾ ਸੀ। ਬਲਵੰਤ ਹੋਵੇ ਤਾਂ ਮਜਾਲ ਹੈ ਕੋਈ ਕੁਸਕ ਵੀ ਜਾਵੇ।

ਬਲਵੰਤ ਸਬਰ ਦੀ ਘੁੱਟ ਭਰੀ ਬੈਠਾ ਰਿਹਾ। ਉਸ ਨੂੰ ਇਸ ਵਿਚੋਂ ਵੀ ਭਲਾ ਹੀ ਨਜ਼ਰ ਆ ਰਿਹਾ ਸੀ। ਪੁਲਿਸ ਇਉਂ ਪੈਸੇ ਇਕੱਠੇ ਕਰ ਰਹੀ ਸੀ, ਜਿਵੇਂ ਦੋ-ਚਾਰ ਦਿਨਾਂ ਨੂੰ ਰਿਟਾਇਰ ਹੋ ਕੇ ਘਰ ਨੂੰ ਤੁਰ ਜਾਣਾ ਹੋਵੇ।

ਇਹ ਚੰਮ ਦੀਆਂ ਬਹੁਤੀ ਦੇਰ ਚੱਲਣ ਵਾਲੀਆਂ ਨਹੀਂ ਸਨ। ਲੋਕ ਭੜਕੇ ਪਏ ਸਨ। ਥਾਣੇ ਬੈਠ ਕੇ ਉਹ ਲੱਖ ਗਰੰਟੀਆਂ ਦਿੰਦੇ ਰਹਿਣ ਕਿ ਉਹ ਪੁਲਿਸ ਦੇ ਖ਼ਿਲਾਫ਼ ਇਕ ਸ਼ਬਦ ਨਹੀਂ ਬੋਲਦੇ, ਪਰ ਬਾਹਰ ਨਿਕਲਦਿਆਂ ਹੀ ਉਹਨਾਂ ਸੰਮਤੀ ਕੋਲ ਚਲੇ ਜਾਣਾ ਸੀ। ਕੌਣ ਬਿਨਾਂ ਕਸੂਰ ਨਾਲੇ ਹੱਡ ਤੁੜਾਏ, ਨਾਲੇ ਪੰਜ-ਪੰਜ ਹਜ਼ਾਰ ਰੁਪਿਆ ਦੇਵੇ।

ਅੱਗ ਸੁਲਗ ਰਹੀ ਸੀ। ਇਸ ਨੇ ਭਾਂਬੜ ਬਣਨਾ ਹੀ ਸੀ। ਬਲਵੰਤ ਪੈਸੇ ਦੇ ਚੱਕਰ ਵਿਚ ਪੈ ਗਿਆ ਤਾਂ ਸੇਕ ਉਸ ਨੂੰ ਵੀ ਲੱਗਣਾ ਸੀ।

ਦਿਹਾੜੀ ਤਾਂ ਉਸ ਦੀ ਫੇਰ ਵੀ ਬਣ ਰਹੀ ਸੀ। ਸਟਾਫ਼ ਦੀ ਸਖ਼ਤੀ ਦਾ ਥੋੜ੍ਹਾ ਜਿਹਾ ਫ਼ਾਇਦਾ ਤਾਂ ਹੋਇਆ ਹੀ ਸੀ। ਇਸ ਵਾਰ ਜਿਹੜਾ ਇਕ ਵਾਰ ਚੁੱਕਿਆ ਗਿਆ ਮੁੜ ਉਸ ਦੀ ਸੂਹ ਨਹੀਂ ਸੀ ਨਿਕਲਦੀ, ਉਹ ਕਿਥੇ ਹੈ ? ਜਿਊਂਦਾ ਵੀ ਹੈ ਜਾਂ ਮਾਰ ਦਿੱਤਾ। ਜਿਊਂਦਾ ਹੈ ਤਾਂ ਕਿਥੇ ਅਤੇ ਕਿਸ ਹਾਲਤ ਵਿਚ ਹੈ ? ਬਲਵੰਤ ਸੁੱਖ-ਸਾਂਦ ਦੱਸਣ ਦੀ ਫ਼ੀਸ ਲੈ ਰਿਹਾ ਸੀ।

ਪਰ ਇਸ ਤਰ੍ਹਾਂ ਮਿਲਦੀ ਥੋੜ੍ਹੀ ਜਿਹੀ ਫ਼ੀਸ ਨਾਲ ਉਸ ਨੂੰ ਸਬਰ ਨਹੀਂ ਆਉਂਦਾ। ਉਹ ਗੱਫੇ ਲਾਉਣ ਦਾ ਆਦੀ ਸੀ। ਹਿਸਾਬ-ਕਿਤਾਬ ’ਚ ਈਮਾਨਦਾਰ ਹੋਣ ਕਰਕੇ ਸਾਰੇ ਥਾਣੇਦਾਰ

ਉਸ ’ਤੇ ਵਿਸ਼ਵਾਸ ਕਰਦੇ ਸਨ। ਮੁਜਰਮਾਂ ਦਾ ਤਾਂ ਉਹ ਮਸੀਹਾ ਸੀ। ਬਿਨਾਂ ਕਿਸੇ ਡਰ-ਡੁੱਕਰ ਦੇ ਪੈਸੇ ਫੜਾ ਦਿੰਦੇ ਸਨ। ਪਤਾ ਸੀ ਕੰਮ ਹੋ ਗਿਆ ਤਾਂ ਠੀਕ, ਨਹੀਂ ਪਾਈ-ਪਾਈ ਵਾਪਸ ਕਰ ਦੇਵੇਗਾ। ਬੋਤਲ ਤਕ ਦੇ ਪੈਸੇ ਵੀ ਨਹੀਂ ਰੱਖੇਗਾ। ਇਸੇ ਵਿਸ਼ਵਾਸ ਕਾਰਨ ਸਾਰੇ ਥਾਣੇ ਦੀਆਂ ‘ਮੰਥਲੀਆਂ’ ਉਹ ਇਕੱਠੀਆਂ ਕਰਦਾ ਸੀ। ਦਸਵੇਂ ਦਸੌਂਦ ਨਾਲ ਹੀ ਉਹ ਵੱਡੇ ਥਾਣੇਦਾਰ ਜਿੰਨੇ ਪੈਸੇ ਕਮਾ ਲੈਂਦਾ ਸੀ।

ਪੁਲਿਸ ਨੇ ਜਿਸ ਢੰਗ ਨਾਲ ਲੀਡਰਾਂ ਦੀ ਲਾਹ-ਪਾਹ ਕੀਤੀ ਸੀ, ਉਸ ਤੋਂ ਡਰਦੇ ਪੇਸ਼ੇਵਰ ਲੀਡਰ ਤਾਂ ਥਾਣੇ ਵੱਲ ਮੂੰਹ ਨਹੀਂ ਸੀ ਕਰਦੇ। ਅੱਗੇ ਕਦੇ ਕੋਈ ਕਾਂਗਰਸੀ ਆ ਰਿਹੈ, ਕਦੇ ਭਾਰਤੀ ਜਨਤਾ ਪਾਰਟੀ ਵਾਲਾ ਅਤੇ ਕਦੇ ਕੋਈ ਸੰਘੀ। ਚੁੱਪ ਕਰ ਕੇ ਥਾਣੇਦਾਰ ਨੂੰ ਕੁਆਰਟਰ ਲੈ ਗਏ, ਗਿਟਮਿਟ ਕੀਤੀ ਅਤੇ ਬੰਦਾ ਛੁਡਾ ਲਿਆ। ਮਰਜ਼ੀ ਹੋਈ ਕਿਸੇ ਹੋਰ ਨੂੰ ਦਸ ਰੁਪਏ ਦਿਵਾ ਦਿੱਤੇ, ਨਾ ਮਰਜ਼ੀ ਹੋਈ ਤਾਂ ਚੁੱਪ ਕਰ ਕੇ ਤੁਰ ਗਏ।

ਹੁਣ ਜਦੋਂ ਕਿ ਲੀਡਰਾਂ ਦੀ ਕਮੀ ਸੀ ਤਾਂ ਬਲਵੰਤ ਨੇ ਹੀ ਉਹਨਾਂ ਦੀ ਥਾਂ ਲੈਣੀ ਸੀ। ਨਾਲ ਦੇ ਸਿਪਾਹੀਆਂ ਨੇ ਲਾਲ ਸਿੰਘ ਨੂੰ ਅਜਿਹੀ ਗਿੱਦੜਸਿੰਗੀ ਸੁੰਘਾਈ ਕਿ ਉਹ ਬਲਵੰਤ ਨੂੰ ਕੋਲ ਖੜ੍ਹਾਉਣ ਤਕ ਤਿਆਰ ਨਹੀਂ। ‘ਗੱਲ’ ਕਰਨ ਦੀ ਗੱਲ ਤਾਂ ਦੂਰ ਰਹੀ।

ਲੋਕਾਂ ਨੇ ਬੰਦੇ ਤਾਂ ਛੁਡਾਉਣੇ ਹੀ ਸਨ। ਲੀਡਰ ਮੈਦਾਨ ਛੱਡ ਗਏ ਤਾਂ ਹੋਰ ਬਥੇਰੇ ਰਾਹ ਸੀ।

ਬਲਵੰਤ ਭਾਵੇਂ ਖੂੰਜੇ ਲੱਗਾ ਹੋਇਆ ਸੀ, ਫੇਰ ਵੀ ਉਸ ਨੂੰ ਸਭ ਪਤਾ ਲੱਗ ਰਿਹਾ ਸੀ, ਕਿਹੜਾ ਕਿਵੇਂ ਛੁੱਟ ਰਿਹਾ ਹੈ।

ਜੀਵਨ ਆੜ੍ਹਤੀਆ ਮੋਟੀ ਆਸਾਮੀ ਸੀ। ਵੀਹ-ਤੀਹ ਹਜ਼ਾਰ ਆਰਾਮ ਨਾਲ ਦੇ ਜਾਂਦਾ। ਉਹ ਸਾਰੇ ਅਫ਼ਸਰਾਂ ਨਾਲ ਬਣਾ ਕੇ ਰੱਖਦਾ ਸੀ। ਕਿਸੇ ਤੋਂ ਸਿਫ਼ਾਰਸ਼ ਕਰਵਾਉਣ ਨਾਲੋਂ ਪੈਸੇ ਖ਼ਰਚ ਦੇ ਕੰਮ ਕਰਵਾਉਣਾ ਚੰਗਾ ਸਮਝਦਾ ਸੀ।

ਉਸ ਦਾ ਮੁੰਡਾ ਟੀਟੂ ਫੜਿਆ ਗਿਆ ਸੀ। ਮਾਮੂਲੀ ਜਿਹਾ ਦੋਸ਼ ਸੀ। ਉਸ ਦੀ ਜੱਟਾਂ ਦੇ ਮੁੰਡਿਆਂ ਨਾਲ ਯਾਰੀ ਸੀ। ਉਸ ਦੇ ਯਾਰ ਘਰੋਂ ਫ਼ਰਾਰ ਸਨ। ਹੋ ਸਕਦੈ ਉਸ ਕੋਲ ਆਉਂਦੇ-ਜਾਂਦੇ ਹੋਣ।

ਪਹਿਲੀ ਪੁਲਿਸ ਨੇ ਤਾਂ ਜੀਵਨ ਦਾ ਮੁੰਡਾ ਫੜਨਾ ਹੀ ਨਹੀਂ ਸੀ। ਇਸ ਥਾਣੇਦਾਰ ਦੇ ਅੜੀਅਲ ਸੁਭਾਅ ਨੂੰ ਦੇਖ ਕੇ ਹੀ ਉਸ ਨੂੰ ਜੱਜ ਦੇ ਬੂਹੇ ’ਤੇ ਦਸਤਕ ਦੇਣ ਦੀ ਲੋੜ ਪਈ ਹੋਣੀ ਹੈ। ਬਲਵੰਤ ਨਾਲ ਐਸ.ਐਚ.ਓ. ਠੀਕ ਹੁੰਦਾ ਤਾਂ ਇਹ ਖਰੀ ਆਸਾਮੀ ਸੀ।

ਥਾਣੇਦਾਰ ਨੇ ਨਹੀਂ ਲਏ ਤਾਂ ਜੱਜ ਨੇ ਲੈ ਲਏ ਹੋਣਗੇ। ਜੱਜ ਐਵੇਂ ਤਾਂ ਥਾਣੇ ਚੱਲ ਕੇ ਆਇਆ ਨਹੀਂ ਹੋਣਾ। ਪੈਂਤੀ ਸਾਲਾਂ ਦੀ ਨੌਕਰੀ ਵਿਚ ਬਲਵੰਤ ਨੇ ਪਹਿਲੀ ਵਾਰ ਦੇਖਿਆ ਸੀ ਕਿ ਮਾਮੂਲੀ ਜਿਹੇ ਕੰਮ ਲਈ ਜੱਜ ਨੂੰ ਖ਼ੁਦ ਥਾਣੇ ਆਉਣਾ ਪਿਆ ਸੀ। ਅੱਜ ਤਕ ਤਾਂ ਪੁਲਿਸ ਜੱਜ ਦੇ ਇਸ਼ਾਰੇ ’ਤੇ ਹੀ ਬੰਦਾ ਛੱਡ ਦਿਆ ਕਰਦੀ ਸੀ।

ਜੱਜ ਸ਼ਾਇਦ ਡਰਦਾ ਹੋਵੇ। ਫ਼ੋਨ ’ਤੇ ਐਸ.ਐਚ.ਓ. ਨੇ ਰਾਹ ਨਹੀਂ ਦੇਣਾ। ਪਹਿਲਾਂ ਵੀ ਉਸ ਨੇ ਇਕ ਵਾਰ ਫ਼ੋਨ ਕੀਤਾ ਸੀ। ਉਲਟਾ ਸਿੱਧਾ ਜਵਾਬ ਦੇ ਕੇ ਲਾਲ ਸਿੰਘ ਨੇ ਜੱਜ ਨੂੰ ਟਰਕਾ ਦਿੱਤਾ ਸੀ।

ਆਪ ਥਾਣੇ ਆਇਆ ਹੈ ਤਾਂ ਜ਼ਰੂਰ ਮੋਟੀ ਫ਼ੀਸ ਲਈ ਹੋਏਗੀ। ਪਹਿਲੇ ਜਜ ਨਾਲ ਤਾਂ ਜੀਵਨ ਦੀ ਰਿਸ਼ਤੇਦਾਰੀ ਸੀ। ਉਹ ਤਾਂ ਜੀਵਨ ਦੇ ਆਖੇ ਫਾਹੇ ਲੱਗਣ ਨੂੰ ਵੀ ਤਿਆਰ ਸੀ। ਇਹ ਬਿਨਾਂ ਪੈਸੇ ਲਏ ਕੰਮ ਕਰਨ ਵਾਲਾ ਨਹੀਂ।

ਜੀਵਨ ਆਖਦਾ ਹੁੰਦਾ ਸੀ ਕਿ ਉਹ ਪਹਿਲੇ ਜੱਜ ਦੇ ਪਤਿਓਰੇ ਦੀ ਥਾਂ ਲੱਗਦਾ ਸੀ। ਖੋਜਾਂ ਕੱਢਣ ਵਾਲੇ ਕੁਝ ਹੋਰ ਹੀ ਦੱਸਦੇ ਸਨ। ਜੱਜ ਜੈਨ ਸੀ ਅਤੇ ਜੀਵਨ ਅਗਰਵਾਲ। ਉਹਨਾਂ ਦੀ ਰਿਸ਼ਤੇਦਾਰੀ ਕਿਵੇਂ ਪੈ ਸਕਦੀ ਸੀ ? ਅਸਲ ਗੱਲ ਇਹ ਸੀ ਕਿ ਜੀਵਨ ਦੀ ਦੂਜੀ ਪਤਨੀ ਅਪੱਸ਼ਰਾ ਵਰਗੀ ਸੀ। ਜੱਜ ਵੀ ਅੰਗਰੇਜ਼ਾਂ ਵਰਗਾ ਸੀ। ਉਹਨਾਂ ਦਾ ਟਾਂਕਾ ਫਿੱਟ ਸੀ। ਬਲਵੰਤ ਨੂੰ ਟਾਂਕੇ ਵਾਲੀ ਗੱਲ ਸੱਚੀ ਲੱਗਦੀ ਸੀ। ਬਲਵੰਤ ਜਦੋਂ ਵੀ ਉਹਨਾਂ ਲਈ ਸਿਨੇਮੇ ਵਿਚ ਬਾਕਸ ਬੁੱਕ ਕਰਾ ਕੇ ਆਉਂਦਾ ਤਾਂ ਦੇਖਦਾ, ਫ਼ਿਲਮ ਦੇਖਣ ਵਾਲਿਆਂ ਵਿਚ ਜੀਵਨ ਦੀ ਵਹੁਟੀ ਜ਼ਰੂਰ ਹੁੰਦੀ।

ਜੱਜ ਹਫ਼ਤੇ 'ਚ ਘੱਟੋ-ਘੱਟ ਤਿੰਨ-ਚਾਰ ਵਾਰ ਜੀਵਨ ਦੇ ਘਰ ਖਾਣਾ ਵੀ ਖਾਂਦਾ। ਦੋਵੇਂ ਪਰਿਵਾਰ ਸੈਰ ਲਈ ਤੁਰੇ ਹੀ ਰਹਿੰਦੇ। ਜੀਵਨ ਦੀ ਮਾਰੂਤੀ ਹਰ ਸਮੇਂ ਜੱਜ ਦੀ ਸੇਵਾ ਵਿਚ ਹਾਜ਼ਰ ਰਹਿੰਦੀ।

ਜੈਨ ਤਾਂ ਦੋ ਸੌ ਕਿਲੋਮੀਟਰ ਦੂਰ ਲੱਗਾ ਹੋਇਆ ਸੀ। ਜਾਂਦਾ ਹੋਇਆ ਉਹ ਇਸ ਜੱਜ ਨਾਲ ਵਾਕਫ਼ੀਅਤ ਕਰਾ ਗਿਆ ਸੀ। ਇਹ ਜੱਜ ਜੈਨ ਵਾਂਗ ਤਾਂ ਜੀਵਨ ਨਾਲ ਨਹੀਂ ਸੀ ਘੁਲਿਆ ਮਿਲਿਆ, ਪਰ ਜੀਵਨ ਰਾਹੀਂ ਲੈਣ-ਦੇਣ ਕਰ ਲੈਂਦਾ ਸੀ। ਕਈ ਅਸਾਮੀਆਂ ਦੇ ਕੰਮ ਬਲਵੰਤ ਨੇ ਜੀਵਨ ਰਾਹੀਂ ਕਰਾਏ ਸਨ।

ਜੇ ਜੱਜ ਜੀਵਨ ਨਾਲ ਥਾਣੇ ਆਇਆ ਹੈ ਤਾਂ ਥਾਣੇਦਾਰ ਨੂੰ ਬੰਦਾ ਛੱਡਣਾ ਹੀ ਪੈਣਾ ਸੀ। ਬਦਲੇ ਹਾਲਾਤ ਵਿਚ ਟਾਲ-ਮਟੋਲ ਸੰਭਵ ਨਹੀਂ ਸੀ। ਜੱਜ ਤਾਂ ਪਹਿਲੀ ਟਾਲ-ਮਟੋਲ 'ਤੇ ਹੀ ਬਹੁਤ ਗ਼ੁੱਸੇ ਸੀ।

ਕੱਲ੍ਹ ਜਦੋਂ ਉਹ ਚਿਮਨੇ ਦਾ ਰਿਮਾਂਡ ਲੈਣ ਕੋਠੀ ਗਏ ਤਾਂ ਉਹ ਘੰਟਾ ਕੋਠੀਉਂ ਨਾ ਨਿਕਲਿਆ। ਸਾਰੀ ਪੁਲਿਸ ਬਾਹਰ ਖੜੀ ਬੇਇੱਜ਼ਤ ਹੁੰਦੀ ਰਹੀ। ਨਾ ਕਿਸੇ ਨੇ ਬੈਠਣ ਲਈ ਕੁਰਸੀ ਭੇਜੀ ਨਾ ਪਾਣੀ ਪਿਲਾਇਆ। ਪੁਲਿਸ ਮੁਜਰਮਾਂ ਵਾਂਗ ਖੜੀ ਰਹੀ।

ਘੰਟੇ ਬਾਅਦ ਸੁਨੇਹਾ ਆ ਗਿਆ। ਮੁਜਰਮ ਦਾ ਵਕੀਲ ਨਹੀਂ ਆਇਆ। ਇਸ ਲਈ ਮੁਜਰਮ ਨੂੰ ਕੱਲ੍ਹ ਕਚਹਿਰੀ ਵਿਚ ਪੇਸ਼ ਕੀਤਾ ਜਾਵੇ।

ਚਿਮਨੇ ਨੂੰ ਕਚਹਿਰੀ ਵਿਚ ਪੇਸ਼ ਕਰਨੋਂ ਹੀ ਤਾਂ ਪੁਲਿਸ ਡਰਦੀ ਸੀ। ਉਸ ਦਾ ਪੱਟ ਟੁੱਟ ਚੁੱਕਾ ਸੀ। ਜੇ ਚੌਦਾਂ ਦਿਨਾਂ ਦਾ ਪੁਲਿਸ ਰਿਮਾਂਡ ਮਿਲੇ ਤਾਂ ਹੀ ਉਹ ਤੁਰਨ ਫਿਰਨ ਜੋਗਾ ਹੋ ਸਕਦਾ ਸੀ। ਜੇ ਰਿਮਾਂਡ ਨਾ ਲਿਆ ਤਾਂ ਸੰਮਤੀ ਨੇ ਇਸ ਦੀ ਜ਼ਮਾਨਤ ਕਰਾ ਕੇ ਇਸ ਨੂੰ ਪੁਲਿਸ ਖ਼ਿਲਾਫ਼ ਵਰਤਣਾ ਸੀ।

ਜੱਜ ਅੜਿਆ ਰਿਹਾ। ਜਿੰਨਾ ਚਿਰ ਲਾਲ ਸਿੰਘ ਖ਼ੁਦ ਹਾਜ਼ਰ ਹੋ ਕੇ ਮੁਆਫ਼ੀ ਨਹੀਂ ਮੰਗਦਾ, ਜੱਜ ਰਿਮਾਂਡ ਨਹੀਂ ਦੇਵੇਗਾ।

ਪੂਰੀਆਂ ਮਿੰਨਤਾਂ ਕਰਵਾ ਕੇ ਮਸਾਂ ਚਾਰ ਦਿਨਾਂ ਦਾ ਰਿਮਾਂਡ ਦਿੱਤਾ। ਹੋਰ ਰਿਮਾਂਡ ਵਧਾਉਣਾ ਹੈ ਤਾਂ ਜੱਜ ਦੀ ਮੰਨਣੀ ਹੀ ਪੈਣੀ ਸੀ।

ਇਥੇ ਹੀ ਬੱਸ ਥੋੜ੍ਹਾ ਸੀ। ਜਿਸ ਹਿਸਾਬ ਨਾਲ ਬੰਦੇ ਕੁੱਟੇ ਸਨ, ਉਸ ਹਿਸਾਬ ਨਾਲ ਤਾਂ ਜੱਜ ਦੀ ਪੈਰ-ਪੈਰ 'ਤੇ ਲੋੜ ਸੀ। ਸੰਮਤੀ ਨੇ ਪੰਜ-ਚਾਰ ਵਕੀਲ ਆਪਣੇ 'ਚ ਸ਼ਾਮਲ ਕਰ ਲਏ ਸਨ। ਜਿਸ ਮੁਜਰਮ ਨੂੰ ਵੀ ਪੇਸ਼ ਕਰੋ, ਉਹ ਪਹਿਲਾਂ ਹੀ ਡਾਕਟਰੀ ਮੁਆਇਨੇ ਦੀ ਦਰਖ਼ਾਸਤ ਦੇ ਦਿੰਦੇ ਸਨ। ਜੇ ਜੱਜ ਮੁਆਇਨੇ ਦੀ ਇਜਾਜ਼ਤ ਦਿੰਦਾ ਰਹੇ ਤਾਂ ਪੁਲਿਸ ਦੇ ਖ਼ਿਲਾਫ਼ ਇੰਨੇ ਇਸਤਗਾਸੇ ਦਾਇਰ ਹੋ ਜਾਣੇ ਸਨ ਕਿ ਸਾਰੀ ਉਮਰ ਪੇਸ਼ੀਆਂ ਭੁਗਤਦੇ ਫਿਰਨਾ ਸੀ।

ਇਕ ਵਾਰ ਤਾਂ ਜੱਜ ਡਾਕਟਰੀ ਦਾ ਹੁਕਮ ਕਰ ਦਿੰਦਾ ਸੀ। ਮੁਜਰਮ ਨੂੰ ਵਾਪਸ ਜੀਪ 'ਚ ਬਿਠਾਉਂਦਿਆਂ ਹੀ ਪੁਲਿਸ ਤਾੜ ਦਿੰਦੀ। ਜੇ ਮੁਆਇਨਾ ਕਰਾਇਆ ਤਾਂ ਖੱਲ ਲਾਹ ਦਿਆਂਗੇ।

ਉਹ ਡਰਦਾ ਬਿਆਨ ਦੇ ਦਿੰਦਾ। ਮੁਆਇਨਾ ਨਹੀਂ ਕਰਾਉਣਾ। ਜੱਜ ਨਰਾਜ਼ ਹੋਵੇ ਤਾਂ ਬਿਆਨ ਲਿਖਣੋ ਨਾਂਹ ਕਰ ਕੇ ਪੁਲਿਸ ਨੂੰ ਵਖਤ ਪਾ ਸਕਦੈ।

ਟੀਟੂ ਨੂੰ ਜੱਜ ਨਾਲ ਤੋਰਨ ਤੋਂ ਸਿਵਾ ਪੁਲਿਸ ਕੋਲ ਕੋਈ ਚਾਰਾ ਨਹੀਂ ਸੀ। ਦੂਜੀ ਸਿਫ਼ਾਰਸ਼ ਡਾਕਰਟ ਦੀ ਸੀ।

ਪ੍ਰਿਤਪਾਲ ਉਹਨਾਂ ਦੀ ਨਰਸ ਦਾ ਮੁੰਡਾ ਸੀ। ਸਿਆਣੇ ਡਾਕਟਰ ਨੇ ਜੱਜ ਵਾਲੀ ਨਹੀਂ ਸੀ ਕੀਤੀ, ਪਰ ਜਿਹੜੇ ਪੈਸੇ ਭੇਜੇ ਸਨ, ਉਹ ਲਾਲ ਸਿੰਘ ਦੇ ਨੱਕ ਹੇਠ ਨਹੀਂ ਸੀ ਆਏ। ਸੱਪ ਦੇ ਮੂੰਹ 'ਚ ਆਈ ਕੋਹੜ ਕਿਰਲੀ ਵਾਂਗ ਨਾ ਹਜ਼ਾਰ ਰੁਪਿਆ ਉਹ ਰੱਖ ਸਕਦਾ ਸੀ ਨਾ ਵਾਪਸ ਹੀ ਕਰਨ ਨੂੰ ਦਿਲ ਕਰਦਾ ਸੀ।

ਬਲਵੰਤ ਨੂੰ ਪਤਾ ਸੀ ਪ੍ਰਿਤਪਾਲ ਦੀ ਮਾਂ ਭਾਵੇਂ ਨਰਸ ਸੀ, ਪਰ ਉਸ ਦਾ ਬਾਪ ਬੈਂਕ ਮੈਨੇਜਰ ਸੀ। ਉਹ ਵੱਡੇ-ਵੱਡੇ ਕਾਰਖ਼ਾਨੇਦਾਰਾਂ ਨੂੰ ਕਰੋੜਾਂ ਰੁਪਏ ਦੇ ਕਰਜ਼ੇ ਮਨਜ਼ੂਰ ਕਰਦਾ ਸੀ। ਲੱਖਾਂ ਰੁਪਏ ਦੀ ਆਮਦਨ ਸੀ। ਪੰਜ-ਸੱਤ ਹਜ਼ਾਰ ਨੂੰ ਉਹ ਕੀ ਸਮਝਦਾ ਸੀ।

ਪ੍ਰਿਤਪਾਲ ਭਲਾਮਾਣਸ ਵੀ ਨਹੀਂ ਸੀ। ਪਿੱਛੇ ਜਿਹੇ ਜਦੋਂ ਸਟੇਸ਼ਨ ਫੂਕਣ ਦੀਆਂ ਵਾਰਦਾਤਾਂ ਹੋਈਆਂ ਸਨ ਤਾਂ ਉਹ ਸਾੜ-ਫੂਕ ਕਰਨ ਵਾਲਿਆਂ ਦਾ ਮੋਹਰੀ ਸੀ। ਉਹ ਅਕਸਰ ਭੜਕਾਊ ਪੋਸਟਰ ਲਾਉਂਦਾ ਅਤੇ ਭਾਸ਼ਣ ਦਿੰਦਾ ਰਹਿੰਦਾ ਸੀ। ਅੱਜ-ਕੱਲ੍ਹ ਭਾਵੇਂ ਉਹ ਅਕਾਲੀ ਦਲ ਦੇ ਯੂਥ ਵਿੰਗ ਦਾ ਕਾਰਕੁੰਨ ਸੀ, ਪਰ ਪੁਰਾਣੇ ਕਾਰਨਾਮੇ ਤਾਂ ਨਹੀਂ ਭੁਲਾਏ ਜਾ ਸਕਦੇ। ਉਸ ਤੋਂ ਪੁੱਛ-ਗਿੱਛ ਕਰਨੀ ਬਹੁਤ ਜ਼ਰੂਰੀ ਸੀ। ਮੁੰਡੇ ਦਾ ਰਿਕਾਰਡ ਵੀ ਮਾੜਾ ਹੋਵੇ ਅਤੇ ਬਾਪ ਵੀ ਲੱਖਪਤੀ ਹੋਵੇ ਤਾਂ ਬਲਵੰਤ ਦਸ-ਪੰਦਰਾਂ ਹਜ਼ਾਰ ਲਾਹ ਸਕਦਾ ਸੀ। ਥਾਣੇਦਾਰ ਹੁਣ ਹਜ਼ਾਰ ਰੱਖੇ ਜਾਂ ਮੋੜੇ, ਉਸ ਦੀ ਮਰਜ਼ੀ।

ਡਾਕਟਰ ਸਰਕਾਰੀ ਸੀ, ਇਸ ਲਈ ਉਸ ਨੂੰ ਨਾਂਹ ਨਹੀਂ ਸੀ ਕੀਤੀ ਜਾ ਸਕਦੀ। ਇਕ ਵਾਰ ਉਹ ਡਾਕਟਰ ਨੂੰ ਨਾਂਹ ਕਰ ਵੀ ਚੁੱਕੇ ਸਨ। ਬਾਬੇ ਨੇ ਜਿਹੜਾ ਪੁਲਿਸ ਨੂੰ ਝਟਕਾ ਦਿੱਤਾ ਸੀ, ਉਸ ਨਾਲ ਪੁਲਿਸ ਦੀਆਂ ਜੜ੍ਹਾਂ ਪੋਲੀਆਂ ਹੋ ਗਈਆਂ ਸਨ। ਇਸ ਭੈੜੇ ਸਮੇਂ ਵਿਚ ਡਾਕਟਰ ਦੀ ਕਿਸੇ ਵੀ ਸਮੇਂ ਲੋੜ ਪੈ ਸਕਦੀ ਸੀ।

ਕਈ ਲਾਵਾਰਿਸ ਮੁਸਤਵਿਆਂ ਨੂੰ ਉਹਨਾਂ ਬੀਮਾਰ ਆਖ ਕੇ ਹਸਪਤਾਲ ਦਾਖ਼ਲ ਕਰਵਾਉਣਾ ਸੀ। ਕਈਆਂ ਵਿਰੁੱਧ ਮਨ-ਮਰਜ਼ੀ ਦਾ ਡਾਕਟਰੀ ਮੁਆਇਨਾ ਲੈਣਾ ਸੀ। ਕਿਸੇ ਬੀਮਾਰ ਨੂੰ ਤੰਦਰੁਸਤ ਬਣਾਉਣਾ ਸੀ ਅਤੇ ਕਿਸੇ ਤੰਦਰੁਸਤ ਨੂੰ ਬੀਮਾਰ। ਕੀ ਪਤੈ ਪੁੱਠਾ ਲਟਕਦਾ-ਲਟਕਦਾ ਕਦੋਂ ਕੋਈ ਦਮ ਤੋੜ ਜਾਏ। ਉਸ ਸਮੇਂ ਡਾਕਟਰ ਨੇ ਹੀ ਕੰਮ ਆਉਣਾ ਸੀ। ਡਾਕਟਰ ਨੇ ਹੀ ਲਿਖ ਕੇ ਦੇਣਾ ਸੀ ਕਿ ਮਰਨ ਵਾਲਾ ਦਿਲ ਦਾ ਮਰੀਜ਼ ਸੀ। ਉਹ ਸੱਟਾਂ ਕਾਰਨ ਨਹੀਂ, ਦਿਲ ਫ਼ੇਲ੍ਹ ਹੋਣ ਕਾਰਨ ਮਰਿਆ ਸੀ।

ਇਕ ਵਾਰ ਲਾਲਚ 'ਚ ਆ ਕੇ ਪੈਸੇ ਰੱਖ ਲਏ ਤਾਂ ਡਾਕਟਰ ਨੂੰ ਹਰ ਕੰਮ ਬਦਲੇ ਫ਼ੀਸ ਦੇਣੀ ਪਿਆ ਕਰੇਗੀ। ਕੌੜਾ ਘੁੱਟ ਭਰ ਕੇ ਲਾਲ ਸਿੰਘ ਨੂੰ ਨਾਲੇ ਪ੍ਰਿਤਪਾਲ ਨੂੰ ਛੱਡਣਾ ਪਿਆ, ਨਾਲੇ ਪੈਸੇ ਮੋੜਨੇ ਪਏ।

ਬਲਵੰਤ ਬੜਾ ਖ਼ੁਸ਼ ਹੋਇਆ। ਲੈ ਲਿਆ ਬਲਵੰਤ ਨੂੰ ਦੂਰ ਰੱਖਣ ਦਾ ਸੁਆਦ ? ਪ੍ਰਿਤਪਾਲ ਦਾ ਬਾਪ ਬਲਵੰਤ ਦਾ ਵਾਕਿਫ਼ ਸੀ। ਉਸ ਕੋਲ ਆਇਆ ਵੀ ਸੀ। ਬਲਵੰਤ ਨੇ ਮੋੜ ਦਿੱਤਾ ਸੀ। ਥਾਣੇਦਾਰ ਦੀ ਖੁੱਸਦੀ ਫ਼ੀਸ ਦੇਖ-ਦੇਖ ਬਲਵੰਤ ਖ਼ੁਸ਼ ਹੋ ਰਿਹਾ ਸੀ।

ਸਰਕਾਰੀ ਵਕੀਲ ਵੀ ਵਗਦੀ ਗੰਗਾ ਵਿਚ ਗੋਤਾ ਲਾ ਗਏ। ਉਹਨਾਂ ਨਾਲ ਵੀ ਨਿੱਤ ਵਾਹ ਪੈਣਾ ਸੀ। ਉਹ ਭਾਵੇਂ ਪੁਲਿਸ ਦਾ ਕੁਝ ਨਹੀਂ ਵਿਗਾੜ ਸਕਦੇ, ਪਰ ਜਦੋਂ ਮਾਹੌਲ ਖ਼ਰਾਬ

ਹੋਵੇ ਤਾਂ ਬਲਦੀ 'ਚ ਫੂਸ ਜ਼ਰੂਰ ਪਾ ਸਕਦੇ ਹਨ। ਮਿਸਲਾਂ ਤਿਆਰ ਕਰਦਿਆਂ ਵੀਹ ਨੁਕਸ ਰਹਿ ਜਾਂਦੇ ਹਨ। ਨਾ ਮੰਨੋ ਤਾਂ ਕਚਹਿਰੀ ਗਿਆਂ ਨੂੰ ਸੂਈ ਬਘਿਆੜੀ ਵਾਂਗ ਪੈਂਦੇ ਹਨ। ਬੰਦੇ ਤਾਂ ਪੁਲਿਸ ਨੇ ਛੱਡਣੇ ਹੀ ਸਨ। ਦੋ ਉਹਨਾਂ ਦੇ ਆਖੇ ਛੱਡ ਦਿੱਤੇ। ਫੇਰ ਕਿਹੜਾ ਪਹਾੜ ਗਿਰ ਗਿਆ। ਇੰਨੇ 'ਚ ਖ਼ੁਸ਼ ਹੋਏ ਕਚਹਿਰੀ ਗਿਆਂ ਦੀ ਇੱਜ਼ਤ ਤਾਂ ਕਰਨਗੇ ਹੀ, ਨਾਲੇ ਆਪੇ ਜੱਜ ਤੋਂ ਕੰਮ ਵੀ ਕਰਾ ਦੇਣਗੇ।

ਹੋਰ ਤਾਂ ਠੀਕ ਸੀ ਪਰ ਜਿਹੜਾ ਭਾਨੀ ਦਾਅ ਮਾਰ ਗਈ ਸੀ, ਇਸ 'ਤੇ ਬਲਵੰਤ ਹੈਰਾਨ ਸੀ। ਉਸ ਬਦਮਾਸ਼ ਨੂੰ ਕੌਣ ਨਹੀਂ ਜਾਣਦਾ ? ਥਾਣੇ ਦਾ ਕਿਹੜਾ ਸਿਪਾਹੀ ਹੈ, ਜਿਸ ਦੀ ਲੱਤ ਹੇਠ ਦੀ ਉਹ ਨਹੀਂ ਲੰਘੀ ? ਪੰਜਾਹਾਂ ਦੇ ਏੜ-ਗੇੜ 'ਚ ਸੀ। ਵਿਧਵਾ ਹੋ ਕੇ ਵੀ ਬਿੰਦੀ-ਸੁਰਖ਼ੀ ਲਾ ਕੇ ਰੱਖਦੀ ਸੀ। ਨਾਲੇ ਆਖਦੀ ਸੀ ਫੌਜੀ ਪੁੱਤਰ ਨੇ ਉਸ ਨੂੰ ਘਰੋਂ ਨਿਕਲਣਾ ਬੰਦ ਕਰ ਦਿੱਤਾ। ਹੁਣ ਉਹ ਨਵੀਆਂ ਕੁੜੀਆਂ ਫਸਾਉਣ ਦਾ ਕੰਮ ਛੱਡ ਗਈ ਸੀ।

ਸਿਆਣੇ ਅਫ਼ਸਰ ਉਸ ਦਾ ਉੱਲੂ ਬਣਾਉਂਦੇ ਰਹੇ। ਹਾੜੀ-ਸਾਉਣੀ ਉਸ ਦਾ ਕੋਈ ਕੰਮ ਮੁਫ਼ਤ 'ਚ ਕਰ ਦੇਣਾ। ਬਾਕੀ ਸਾਰਾ ਸਾਲ ਉਸ ਤੋਂ ਮੁਖ਼ਬਰੀ ਲੈਂਦੇ ਰਹਿਣਾ। ਉਹ ਚੰਗੇ-ਚੰਗੇ ਬਦਮਾਸ਼ਾਂ ਦੇ ਭੇਤ ਦੇ ਸਕਦੀ ਸੀ। ਕਈ ਵਾਰ ਅਫ਼ਸਰਾਂ ਨੂੰ ਖ਼ੁਸ਼ ਕਰਨ ਵਿਚ ਵੀ ਸਹਾਈ ਹੁੰਦੀ।

ਮੁੰਡੇ-ਖੁੰਡੇ ਸਿਪਾਹੀ ਉਸ 'ਤੇ ਲਾਲਾਂ ਸੁੱਟੀ ਰੱਖਦੇ ਹਨ। ਥਾਣੇ ਪਿੱਛੋਂ ਵੜਦੀ ਤੇ ਭੌਰਿਆਂ ਵਾਂਗ ਦੁਆਲੇ ਪਹਿਲਾਂ ਹੋ ਜਾਂਦੇ ਹਨ। ਬਲਵੰਤ ਨੂੰ ਪਤਾ ਨਹੀਂ ਸੀ ਲੱਗਾ, ਉਸ ਨੇ ਕਿਸ ਰਾਹੀਂ ਇੰਸਪੈਕਟਰ ਨਾਲ ਯਾਰੀ ਪਾਈ ਸੀ। ਉਦੋਂ ਹੀ ਪਤਾ ਲੱਗਾ ਸੀ ਕਿ ਜਦੋਂ ਹਿੱਕ ਤਾਣ ਕੇ ਬਰਾਬਰ ਆ ਬੈਠੀ ਸੀ।

ਜੈਲੇ ਨੂੰ ਛੁਡਾਉਣ ਲਈ ਉਸ ਨੇ ਮਿੰਟ ਲਾਇਆ। ਜੈਲੇ ਦੀ ਭੈਣ ਦਾ ਸੌਦਾ ਹੋਇਆ ਜਾਂ ਮਾਂ ਦਾ, ਇਹ ਵੀ ਪਤਾ ਨਾ ਲੱਗਾ। ਜੈਲੇ ਦੀ ਮਾਂ ਪੈਸੇ ਦੇਣ ਜੋਗੀ ਤਾਂ ਹੈ ਨਹੀਂ ਸੀ। ਬਿਨਾਂ ਕੁਝ ਦਿੱਤੇ-ਲਏ ਛੁੱਟਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਦੋਂ ਭਾਨੀ ਆਵੇ ਤਾਂ ਕਿਸੇ ਦੀ ਧੀ-ਭੈਣ ਦਾ ਸੌਦਾ ਹੀ ਹੁੰਦਾ ਹੈ। ਉਹੋ ਹੋਇਆ ਹੋਏਗਾ।

ਮੁਫ਼ਤ 'ਚ ਬੰਦੇ ਛੱਡ-ਛੱਡ ਥਾਣੇਦਾਰ ਵੀ ਅੱਕ ਗਿਆ ਲੱਗਦਾ ਸੀ। ਜਿਸ ਰਫ਼ਤਾਰ ਨਾਲ ਸੰਘਰਸ਼ ਚੱਲ ਰਿਹਾ ਸੀ, ਉਸ ਹਿਸਾਬ ਨਾਲ ਤਾਂ ਇੰਸਪੈਕਟਰ ਨੂੰ ਘਰ ਵੀ ਬੈਠਣਾ ਪੈ ਸਕਦਾ ਸੀ। ਚਾਰ ਪੈਸੇ ਪੱਲੇ ਹੋਣ ਤਾਂ ਸਭ ਠੀਕ ਹੋ ਜਾਂਦਾ ਹੈ।

ਪੈਸੇ ਕਮਾਉਣ ਦਾ ਉਸ ਨੇ ਉਹੋ ਘਸਿਆ-ਪਿਟਿਆ ਰਾਹ ਲੱਭਿਆ।

ਥਾਣੇ ਦੀ ਜੀਪ ਦੇ ਨਵੇਂ ਟਾਇਰ ਲਾਹ ਕੇ ਅੰਦਰ ਰੱਖ ਲਏ। ਪੁਰਾਣੇ ਟਾਇਰ ਚੜ੍ਹਾ ਕੇ ਵਿਹੜੇ 'ਚ ਖੜੀ ਕਰ ਦਿੱਤੀ। ਜੀਪ ਦੇ ਨਵੇਂ ਟਾਇਰਾਂ ਲਈ 'ਟਾਇਰ ਫੰਡ' ਇਕੱਠਾ ਹੋਣਾ ਸ਼ੁਰੂ ਹੋਇਆ।

ਜਿਸ ਨਾਲ ਲੈਣ-ਦੇਣ ਦੀ ਗੱਲ ਸਿਰੇ ਚੜ੍ਹ ਗਈ, ਉਸ ਨੂੰ 'ਟਾਇਰ ਫੰਡ' ਮੁਆਫ਼। ਕਿਸੇ ਨੂੰ ਮੁਫ਼ਤ 'ਚ ਛੱਡਣਾ ਪਿਆ ਤਾਂ ਟਾਇਰ ਬਦਲਾਉਣ ਦੇ ਬਹਾਨੇ ਪੈਸੇ ਮੰਗ ਲਏ। ਅਜਿਹੇ 'ਸਾਂਝੇ' ਕੰਮ ਲਈ ਤਾਂ ਵੱਡੇ ਤੋਂ ਵੱਡਾ ਅਫ਼ਸਰ ਵੀ ਨਾਂਹ ਨਹੀਂ ਕਰਦਾ, ਸਗੋਂ ਉਸ ਨੂੰ ਪੈਸੇ ਖ਼ਰਚਾਉਣ ਦਾ ਬਹਾਨਾ ਮਿਲ ਜਾਂਦਾ ਹੈ।

ਪਿਛਲੇ ਐਸ.ਐਚ.ਓ. ਨੇ ਥਮਲਾ ਫੰਡ ਸ਼ੁਰੂ ਕੀਤਾ ਸੀ। ਮੀਂਹਾਂ ਵਿਚ ਥਾਣੇ ਦਾ ਥਮਲਾ ਕਾਹਦਾ ਗਿਰ ਗਿਆ, ਪੁਲਿਸ ਨੂੰ ਮੌਜਾਂ ਲੱਗ ਗਈਆਂ। ਪੁਰਾਣਾ ਥਾਣੇਦਾਰ ਸੀ। ਪਹਿਲਾਂ ਰੱਜਵੀਂ ਫ਼ੀਸ ਲੈਂਦਾ। ਜਾਂਦੇ ਮੁਸਤਵੇ ਨੂੰ ਵਗਾਰ ਵੀ ਪਾ ਦਿੰਦਾ। ਅਮਨ-ਅਮਾਨ ਦੇ ਦਿਨ ਸਨ ਤਾਂ ਵੀ

ਸ਼ਾਮ ਤਕ ਚਾਰ-ਪੰਜ ਸੌ ਬਣ ਜਾਂਦਾ ਸੀ। ਜਦੋਂ ਥੋਕ ਦੇ ਭਾਅ ਬੰਦੇ ਫੜੇ ਹੋਣ ਤਾਂ ਪੈਸੇ ਵੀ ਥੋਕ ਦੇ ਭਾਅ ਇਕੱਠੇ ਹੋਣੇ ਚਾਹੀਦੇ ਸਨ। ਬਲਵੰਤ ਦਾ ਅੰਦਾਜ਼ਾ ਸੀ ਕਿ ਇਸ ਬਹਾਨੇ ਹੁਣ ਤਕ ਲਾਲ ਸਿੰਘ ਦਸ-ਬਾਰਾਂ ਹਜ਼ਾਰ ਤਾਂ ਇਕੱਠਾ ਕਰ ਹੀ ਚੁੱਕਾ ਹੋਣਾ ਹੈ। ਬਹਾਨੇ ਨਾਲ ਜੀਵਨ ਆੜ੍ਹਤੀਏ ਨੂੰ ਥਾਣੇ ਬੁਲਾ ਕੇ ਉਹਨੂੰ ਵੀ ਵਗਾਰ ਪਾ ਚੁੱਕਾ ਸੀ।

ਲਾਲ ਸਿੰਘ ਦੀ ਚੁਸਤੀ ’ਤੇ ਬਲਵੰਤ ਹੈਰਾਨ ਸੀ। ਹਾੜੀ ਦੇ ਦਿਨਾਂ ’ਚ ਥਾਣੇ ਵਾਲੇ ਲੰਗਰ ਦੇ ਨਾਂ ’ਤੇ ਕਣਕ ਇਕੱਠੀ ਕਰਦੇ ਤਾਂ ਦੇਖੇ ਸਨ। ਮੈਸ ਦੇ ਬਹਾਨੇ ਹਰ ਪਿੰਡ ਵਿਚੋਂ ਘੱਟੋ-ਘੱਟ ਪੰਜ ਬੋਰੀਆਂ ਇਕੱਠੀਆਂ ਕਰਨ ਦਾ ਟੀਚਾ ਹੁੰਦਾ ਸੀ। ਕਈ-ਕਈ ਟਰੱਕ ਕਣਕ ਇਕੱਠੀ ਹੋ ਜਾਂਦੀ। ਇੰਨੀਆਂ ਕੁ ਬੋਰੀਆਂ ਤਾਂ ਪੰਚ-ਸਰਪੰਚ ਹੀ ਦੇ ਜਾਂਦੇ। ਬਾਕੀ ਦੇ ਚੌਧਰੀ ਜਗੀਰਦਾਰਾਂ ਤੋਂ ਅਲੱਗ।

ਨਾ ਥਮਲਾ ਡਿੱਗਾ ਸੀ ਨਾ ਹਾੜੀ ਦੇ ਦਿਨ ਸਨ, ਫੇਰ ਵੀ ਪੈਸੇ ਇਕੱਠੇ ਹੋ ਰਹੇ ਸਨ।

ਇਸ ਫੰਡ ਦਾ ਖਾਤਾ ਵੇਦੂ ਸੱਟੇ ਵਾਲੇ ਤੋਂ ਖੁੱਲ੍ਹਿਆ। ਥਾਣੇਦਾਰ ਨੂੰ ਤਾਂ ਪਤਾ ਨਹੀਂ ਕੀ ਦਿੱਤਾ, ਪਰ ਆਪਣੇ ਤਿੰਨਾਂ ਬੰਦਿਆਂ ਵੱਲੋਂ ਦੋ-ਦੋ ਸੌ ਫੰਡ ਜ਼ਰੂਰ ਜਮ੍ਹਾਂ ਕਰਾਇਆ।

ਵੇਦੂ ਦੀ ਇਕ ਵਾਰ ਅਜਿਹੀ ਬੁੱਕਲ ਸਾਂਝੀ ਹੋਈ ਕਿ ਉਹ ਮਿੰਟ-ਮਿੰਟ ਬਾਅਦ ਥਾਣੇ ਆਉਣ ਲੱਗਾ।

ਬਲਵੰਤ ਨੂੰ ਉਸ ’ਤੇ ਡਾਹਡਾ ਗ਼ੁੱਸਾ ਸੀ। ਉਹੋ ਵੇਦੂ, ਜਿਸ ਨੂੰ ਕਦੇ ਜ਼ਮਾਨਤ ਦੇਣ ਲਈ ਜ਼ਾਮਨ ਲਹੀਂ ਸੀ ਲੱਭਦੇ ਹੁੰਦੇ, ਹੁਣ ਚੌਧਰੀ ਬਣਿਆ ਫਿਰਦਾ ਸੀ। ਟਾਇਰ ਫੰਡ ਵਿਚੋਂ ਸਿਪਾਹੀਆਂ ਨੂੰ ਕੁਝ ਮਿਲਣਾ ਸੀ ਜਾਂ ਨਹੀਂ, ਇਸ ਦਾ ਹਾਲੇ ਕੋਈ ਪਤਾ ਨਹੀਂ ਸੀ। ਪਹਿਲਾ ਥਾਣੇਦਾਰ ਤਾਂ ਦਰਜਾ-ਬ-ਦਰਜਾ ਹਿੱਸੇ ਪਾਉਂਦਾ ਸੀ। ਲਾਲ ਸਿੰਘ ਦੇ ਰਵੱਈਏ ਤੋਂ ਤਾਂ ਲੱਗਦਾ ਸੀ, ਉਹ ਇਕੱਲਾ ਹੀ ਪੈਸੇ ਖਾਵੇਗਾ।

ਇਹ ਦਿਨ ਸਦਾ ਤਾਂ ਰਹਿਣੇ ਨਹੀਂ ਸਨ। ਮੁੜ ਜਦੋਂ ਬਲਵੰਤ ਦੀ ਵਾਰੀ ਆਈ, ਉਸ ਨੇ ਵੇਦੂ ਨੂੰ ਜ਼ਰੂਰ ਸਬਕ ਸਿਖਾਉਣਾ ਸੀ।

ਸਾਥੀ, ਨਿੰਦਰ ਅਤੇ ਮੁਰਲੀ ਲਈ ਠੇਕੇਦਾਰ ਆ ਧਮਕੇ। ਪਹਿਲਾਂ ਇਹ ਸ਼ਰਾਬ ਜ਼ਰੂਰ ਕਸ਼ੀਦ ਕਰਦੇ ਸਨ। ਜਦੋਂ ਦੇ ਗੁੜ ਦੇ ਭਾਅ ਅਸਮਾਨੀ ਚੜ੍ਹੇ ਹਨ, ਨਾਜਾਇਜ਼ ਸ਼ਰਾਬ ਦੇ ਧੰਦੇ ਵਿਚੋਂ ਕੱਖ ਨਹੀਂ ਬਚਦਾ। ਇਹ ਹੁਣ ਠੇਕੇਦਾਰਾਂ ਦੀ ਸ਼ਰਾਬ ਵੇਚਦੇ ਹਨ। ਐਕਸਾਈਜ਼ ਮਹਿਕਮੇ ਨਾਲ ਮਿਲ ਕੇ ਠੇਕੇਦਾਰ ਕਈ ਪਿੰਡਾਂ ਵਿਚ ਠੇਕੇ ਨਹੀਂ ਖੁੱਲ੍ਹਣ ਦਿੰਦੇ। ਉਥੇ ਆਪਣੇ ਬੰਦੇ ਬਹਾ ਕੇ ਸ਼ਰਾਬ ਵੇਚਦੇ ਰਹਿੰਦੇ ਹਨ। ਜ਼ਰੂਰੀ ਤਾਂ ਨਹੀਂ ਸਰਕਾਰ ਦੇ ਖ਼ਜ਼ਾਨੇ ਭਰੇ ਜਾਣ। ਉਹਨਾਂ ਵਿਚੋਂ ਕੁਝ ਐਕਸਾਈਜ਼ ਵਾਲਿਆਂ ਨੂੰ ਦੇਵੋ, ਕੁਝ ਪੁਲਿਸ ਨੂੰ ਅਤੇ ਬਾਕੀ ਆਪ ਖਾਵੋ। ਆਪਣੇ ਕਰਿੰਦਿਆਂ ਲਈ ਉਹ ਕੋਈ ਵੀ ਜੁਰਮਾਨਾ ਭਰਨ ਲਈ ਤਿਆਰ ਸਨ।

ਠੇਕੇਦਾਰ ਕੋਈ ਛੋਟੀ ਅਸਾਮੀ ਸੀ ? ਜਿੰਨੀ ਮਰਜ਼ੀ ਵਗਾਰ ਪਾ ਦਿੰਦੇ, ਫਸੇ ਹੋਏ ਹਨ। ਵਜ਼ੀਰ ਦਾ ਨਾਂ ਵੀ ਨਹੀਂ ਲੈ ਸਕਦੇ। ਬਲਵੰਤ ਸਿਪਾਹੀ ਠੇਕੇਦਾਰ ਨਾਲ ਖਾਰ ਖਾਂਦਾ ਸੀ। ਵੱਡੇ ਅਫ਼ਸਰਾਂ ਦੀਆਂ ਵਗਾਰਾਂ ਤਾਂ ਕਰਦੇ ਸਨ, ਪਰ ਸਿਪਾਹੀਆਂ ਨੂੰ ਟਿੱਚ ਸਮਝਦੇ ਸਨ। ਮਹੀਨੇ ਬਾਅਦ ਮਿਲਣ ਵਾਲੀ ਇਕ ਬੋਤਲ ਵੀ ਤੜੀ ਝੱਲ ਕੇ ਲੈਣੀ ਪੈਂਦੀ ਸੀ। ਅੱਗੋਂ-ਪਿੱਛੋਂ ਲੋੜ ਪੈ ਜਾਏ ਤਾਂ ਦੋ ਰੁਪਏ ਦੀ ਵੀ ਰਿਆਇਤ ਨਹੀਂ ਕਰਦੇ।

ਬਲਵੰਤ ਨੂੰ ਉਦੋਂ ਮੌਜਾਂ ਲੱਗੀਆਂ ਸਨ ਜਦੋਂ ‘ਡਰਾਈ-ਡੇ’ ਚੱਲਦੇ ਸਨ। ਹਫ਼ਤੇ ’ਚ ਦੋ ਦਿਨ ਠੇਕੇ ਬੰਦ ਕਰਨੇ ਪੈਂਦੇ। ਠੇਕੇਦਾਰਾਂ ਨੇ ਨਖ਼ਰਾ ਕੀਤਾ ਨਹੀਂ ਕਿ ਉਹਨਾਂ ਦੇ ਠੇਕੇ ਅੱਗੇ ਡੇਰੇ

ਲਾਏ ਨਹੀਂ। ਉਹਨਾਂ ਦੇ ਖੜੇ ਮਜਾਲ ਹੈ ਕੋਈ ਪਊਆ ਵੀ ਖ਼ਰੀਦ ਜਾਏ। ਗਾਹਕ ਦੇਖ ਕੇ ਸਿਪਾਹੀ ਪਹਿਲਾਂ ਹੀ ਖੰਘੂਰਾ ਮਾਰ ਦਿੰਦੇ।

ਹੁਣ ਉਲਟਾ ਜ਼ਮਾਨਾ ਹੈ। ਪੁਲਿਸ ਠੇਕਿਆਂ 'ਤੇ ਖੜੋ ਕੇ ਖ਼ੁਦ ਸ਼ਰਾਬ ਵਿਕਾਉਂਦੀ ਹੈ। ਸਰਕਾਰੀ ਹੁਕਮ ਹਨ। ਠੇਕੇਦਾਰਾਂ ਦੀ ਦਹਿਸ਼ਤਗਰਦਾਂ ਤੋਂ ਹਿਫ਼ਾਜ਼ਤ ਕੀਤੀ ਜਾਵੇ। ਠੇਕੇਦਾਰਾਂ ਨੂੰ ਕੀ ਲੋੜ ਹੈ, ਸਿਪਾਹੀਆਂ ਦਾ ਮਾਣ-ਤਾਣ ਕਰਨ ਦੀ ?

ਲਾਲ ਸਿੰਘ ਨੇ ਚੰਗਾ ਕੀਤਾ। ਪੂਰੇ ਟਾਇਰ ਦੀ ਹੀ ਵਗਾਰ ਪਾ ਦਿੱਤੀ। ਠੇਕੇਦਾਰਾਂ ਨੇ ਬਥੇਰੇ ਹਾੜ੍ਹੇ ਕੱਢੇ। ਕਰਿੰਦੇ ਗ਼ਰੀਬ ਹਨ। ਥਾਣੇਦਾਰ ਅੜਿਆ ਰਿਹਾ। ਹਾਰ ਕੇ ਦੇ ਗਏ।

ਦਰਸ਼ਨ ਭੁੱਕੀ ਵਾਲਾ, ਬੰਤੂ ਅਤੇ ਜੱਸੇ ਲਈ ਆਇਆ। ਦਰਸ਼ਨ ਨੇ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਲਈ। ਉਹ ਹੋਰ ਚਾਹੇ ਕੁਝ ਵੀ ਸਨ, ਪਰ ਅਤਿਵਾਦੀ ਨਹੀਂ ਸਨ। ਉਹਨਾਂ ਦਾ ਬਹੁਤ ਕੁਟਾਪਾ ਹੋ ਚੁੱਕਾ ਸੀ। ਥਾਣੇ ਪਏ ਰਹੇ ਤਾਂ ਕੋਈ ਅੰਗ ਨਕਾਰਾ ਹੋ ਜਾਣਾ ਸੀ। ਇਲਾਜ ਕਰਵਾਉਣ ਲਈ ਉਹਨਾਂ ਨੂੰ ਹਸਪਤਾਲ ਲੈ ਜਾਣਾ ਜ਼ਰੂਰੀ ਸੀ। ਇਕ ਟਾਇਰ ਦਾ ਖ਼ਰਚਾ ਦਰਸ਼ਨ ਨੇ ਖ਼ੁਸ਼ੀ-ਖ਼ੁਸ਼ੀ ਦੇ ਦਿੱਤਾ।

ਮਜ਼ਾਰ 'ਤੇ ਸਹੁੰ ਖੁਆ ਕੇ ਥਾਣੇਦਾਰ ਨੇ ਉਹਨਾਂ ਦਾ ਰੱਸਾ ਵੀ ਖੋਲ੍ਹ ਦਿੱਤਾ।

ਸਾਧੂ ਨੂੰ ਸਬਜ਼ੀ ਵਾਲਾ ਭਾਪਾ ਛੁਡਾ ਕੇ ਲੈ ਗਿਆ।

ਭਾਪੇ ਨੇ ਦੋ ਦਿਨਾਂ ਵਿਚ ਹੀ ਇੰਸਪੈਕਟਰ ਦਾ ਮਨ ਮੋਹ ਲਿਆ ਸੀ। ਥਾਣੇਦਾਰ ਨੂੰ ਨਵੇਂ ਤੋਂ ਨਵੇਂ ਅਜਿਹੇ ਫ਼ਰੂਟ ਖੁਆਏ ਕਿ ਉਹ ਟਾਇਰ ਫ਼ੰਡ ਮੰਗਣਾ ਵੀ ਭੁੱਲ ਗਿਆ।

ਭਾਪੇ ਵਿਚ ਕਰਾਮਾਤ ਹੀ ਅਜਿਹੀ ਸੀ। ਸ਼ਹਿਰ ਦੀ ਸਬਜ਼ੀ ਮੰਡੀ ਦਾ ਉਹ ਮਾਲਕ ਸੀ। ਸਾਰੀਆਂ ਤਿੰਨ ਦੁਕਾਨਾਂ ਸਨ। ਮਨ-ਮਰਜ਼ੀ ਦੀ ਉਹ ਆੜ੍ਹਤ ਤਾਂ ਲੈਂਦੇ ਹੀ ਸਨ, ਹਰ ਢੇਰੀ ਵਿਚੋਂ ਕਾਟ ਵੀ ਕੱਟਦੇ ਸਨ। ਇਕ-ਇਕ ਦਾਣਾ ਵੀ ਜੇ ਫ਼ਰੂਟ ਵਾਲੀ ਪੇਟੀ ਵਿਚੋਂ ਕੱਢਿਆ ਜਾਵੇ ਤਾਂ ਵੀ ਟੋਕਰਾ ਭਰ ਜਾਂਦਾ ਸੀ। ਦੂਜੇ ਆੜ੍ਹਤੀਏ ਤਾਂ ਵਾਧੂ ਸਬਜ਼ੀ ਨੂੰ ਟੋਕਰਿਆਂ 'ਚ ਪਾ ਕੇ ਵੇਚ ਦਿੰਦੇ, ਪਰ ਭਾਪਾ ਇੰਝ ਨਹੀਂ ਸੀ ਕਰਦਾ। ਭਾਪਾ ਸਬਜ਼ੀ ਦੇ ਝੋਲੇ ਭਰਦਾ, ਅਫ਼ਸਰ ਦੇ ਰੁਤਬੇ ਮੁਤਾਬਕ ਫ਼ਰੂਟ ਅਤੇ ਸਬਜ਼ੀ ਨਾਲ ਭਰਿਆ ਝੋਲਾ ਕੋਠੀ ਪਹੁੰਚਦਾ। ਡਿਪਟੀ ਤੋਂ ਲੈ ਕੇ ਹੌਲਦਾਰ ਤਕ। ਜੱਜ ਤੋਂ ਲੈ ਕੇ ਨਾਜ਼ਰ ਤਕ। ਈ.ਟੀ.ਓ. ਤੋਂ ਲੈ ਕੇ ਕਲਰਕ ਤਕ। ਸਭ ਦੇ ਘਰੀਂ ਉਸ ਦੀ ਸਬਜ਼ੀ ਜਾਂਦੀ। ਛੋਟੇ ਮੁਲਾਜ਼ਮ ਨੂੰ ਲੋੜ ਹੁੰਦੀ ਤਾਂ ਮੰਡੀ ਜਾ ਕੇ ਲੈ ਆਉਂਦਾ।

ਜਿਸ ਬੰਦੇ ਦਾ ਹਰ ਰੋਜ਼ ਮੁਫ਼ਤ ਹੀ ਖਾਈਏ ਜੇ ਉਸ ਨੂੰ ਕਦੇ ਕੰਮ ਪੈ ਜਾਏ ਤਾਂ ਵਗਾਰ ਕਿਹੜੇ ਮੂੰਹ ਪਾਈਏ ? ਲਾਲ ਸਿੰਘ ਨੇ ਇਸੇ ਝੇਪ ਵਿਚ ਖੁੱਲ੍ਹਦਿਲੀ ਦਿਖਾਈ। ਸਾਧੂ ਜੇ ਉਸ ਦੀ ਸਬਜ਼ੀ-ਮੰਡੀ ਵਿਚ ਕੰਮ ਕਰਦਾ ਹੈ ਅਤੇ ਬੰਟੀ ਦੇ ਕਾਤਲਾਂ ਨਾਲ ਉਸ ਦਾ ਕੋਈ ਸੰਬੰਧ ਨਹੀਂ ਤਾਂ ਉਹ ਸਾਧੂ ਨੂੰ ਲਿਜਾ ਸਕਦਾ ਹੈ।

ਇਕ-ਇਕ ਕਰਕੇ ਲਗਭਗ ਸਾਰੇ ਹੀ ਮੁਸਤਵੇ ਜਾ ਚੁੱਕੇ ਸਨ। ਥਾਣੇ ਵਿਚ ਇਕੋ-ਇਕ ਬੰਦਾ ਕੰਮ ਦਾ ਬਚਿਆ ਸੀ। ਉਹ ਵੀ ਬਲਵੰਤ ਦੀ ਨਾਲਾਇਕੀ ਕਰਕੇ। ਉਹ ਬਲਵੰਤ ਦੇ ਮਾਮੇ ਦੇ ਸਾਂਢੂ ਦਾ ਪੁੱਤ ਸੀ। ਬੱਸ ਨਿਕਲ ਜਾਣ ਕਰਕੇ ਸਟੇਸ਼ਨ 'ਤੇ ਸੌਂ ਗਿਆ ਸੀ। ਗਸ਼ਤੀ ਪਾਰਟੀ ਉਸ ਨੂੰ ਫੜ ਲਿਆਈ ਸੀ।

ਮਿੱਠੂ ਦੇ ਮਾਪਿਆਂ ਨੂੰ ਕੱਲ੍ਹ ਹੀ ਪਤਾ ਲੱਗਾ ਸੀ। ਪੈਸਿਆਂ ਦਾ ਝੋਲਾ ਭਰ ਕੇ ਉਹ ਰਾਤ ਹੀ ਬਲਵੰਤ ਕੋਲ ਆ ਗਏ ਸਨ।

ਸਾਰੀ ਰਾਤ ਮਾਮਾ ਬਲਵੰਤ ਦੇ ਹਾੜ੍ਹੇ ਕੱਢਦਾ ਰਿਹਾ। ਗਊ ਵਰਗਾ ਮੁੰਡਾ ਹੈ। ਜਿੰਨੇ ਮਰਜ਼ੀ ਪੈਸੇ ਲੱਗ ਜਾਣ, ਉਹ ਛੁੱਟਣਾ ਚਾਹੀਦਾ ਹੈ।

ਅੰਦਰੋਂ ਬਲਵੰਤ ਡਰਦਾ ਸੀ। ਉਸ ਦੀ ਨਵੇਂ ਥਾਣੇਦਾਰ ਨਾਲ ਬੁੱਕਲ ਨਹੀਂ ਸੀ ਖੁੱਲ੍ਹੀ। ਸਿੱਧੀ ਗੱਲ ਕਰਨ ਦੀ ਉਹ ਹਿੰਮਤ ਨਹੀਂ ਸੀ ਕਰ ਰਿਹਾ।

ਉਹ ਮਾਮੇ ਨੂੰ ਮੋੜਨਾ ਵੀ ਨਹੀਂ ਚਾਹੁੰਦਾ। ਟਾਲੀ ਰੱਖਣ ਲਈ ਇਕ-ਦੋ ਬਹਾਨੇ ਘੜੇ। ਥਾਣੇਦਾਰ ਅੜੀਅਲ ਹੈ, ਕਿਸੇ ਦੀ ਨਹੀਂ ਮੰਨਦਾ। ਜੇ ਮੰਨ ਵੀ ਗਿਆ ਤਾਂ ਥੱਬਾ ਨੋਟਾਂ ਦਾ ਲਏਗਾ।

ਪੰਜ ਹਜ਼ਾਰ ਤਾਂ ਉਹਨਾਂ ਬਲਵੰਤ ਨੂੰ ਫੜਾ ਹੀ ਦਿੱਤੇ। ਪੰਜ ਹਜ਼ਾਰ ਹੋਰ ਖ਼ਰਚਣ ਲਈ ਹਰੀ ਝੰਡੀ ਦੇ ਦਿੱਤੀ।

ਰਿਸ਼ਵਤ ਦੇ ਧੰਦੇ ਵਿਚ ਉਧਾਰ ਨਹੀਂ ਚੱਲਦਾ। ਇਹ ਸੋਚ ਕੇ ਬਲਵੰਤ ਨੇ ਮਿੱਠੀਆਂ-ਮਿੱਠੀਆਂ ਗੱਲਾਂ ਰਾਹੀਂ ਮਾਮੇ ਨੂੰ ਸਮਝਾਇਆ। ਦਸ ਹਜ਼ਾਰ ਵਾਲੀ ਗੁੱਟੀ ਦੇ ਕੇ ਥਾਣੇਦਾਰ ਤੋਂ ਨਾਂਹ ਨਹੀਂ ਹੋਣੀ। ਪੰਜ ਹਜ਼ਾਰ ਥੋੜ੍ਹਾ ਸੀ।

ਆੜ੍ਹਤੀਆਂ ਕੋਲ ਜਾਂਦੇ ਮਾਮੇ ਨੂੰ ਉਸ ਨੇ ਛੋਟਾ ਜਿਹਾ ਸਵਾਲ ਹੋਰ ਪਾ ਦਿੱਤਾ। ਮੁਨਸ਼ੀ ਮੁਸੱਦੀ ਵੀ ਮਾਣ ਨਹੀਂ ਹੁੰਦੇ। ਥੋੜ੍ਹਾ ਬਹੁਤ ਹੱਥ ਉਹਨਾਂ ਨੂੰ ਵੀ ਝਾੜਨਾ ਪਏਗਾ। ਹਜ਼ਾਰ ਦੋ ਹਜ਼ਾਰ ਹੋਰ ਫੜੀ ਆਵੇ।

ਥਾਣੇਦਾਰ ਨਾਲ ਮਿੱਠੂ ਬਾਰੇ ਗੱਲ ਕਰਨ ਦਾ ਇਹ ਵਧੀਆ ਮੌਕਾ ਸੀ। ਲਾਲ ਸਿੰਘ ਘਬਰਾਇਆ ਹੋਇਆ ਸੀ। ਲੱਗਦੇ ਵਾਹ ਕਿਸੇ ਮੁਲਾਜ਼ਮ ਨੂੰ ਤੰਗ ਨਹੀਂ ਸੀ ਕਰਦਾ। ਨਾ ਪਹਿਲਾਂ ਵਾਂਗ ਪੁੱਠਾ ਬੋਲਦਾ ਸੀ।

ਥਾਣਾ ਲਗਭਗ ਵਿਹਲਾ ਹੋ ਚੁੱਕਾ ਸੀ। ਪਾਲੇ ਅਤੇ ਮੀਤੇ ਵਰਗਿਆਂ ਨੂੰ ਕਿਸ ਨੇ ਛੁਡਾਉਣ ਆਉਣਾ ਸੀ ? ਪਾਲੇ ਲਈ ਜੀਵਨ ਆ ਸਕਦਾ ਸੀ। ਜੀਵਨ ਦਾ ਆਪਣਾ ਮੁੰਡਾ ਮਸਾਂ ਛੁੱਟਿਆ ਸੀ। ਅਗਾਂਹ ਟਾਇਰ ਫੰਡ ਵੀ ਸ਼ੁਰੂ ਹੋ ਚੁੱਕਾ ਸੀ। ਕਈ ਵਾਰ ਇਹ ਟਾਇਰ ਸਿਫ਼ਾਰਸ਼ੀਆਂ ਦੇ ਗਲ ਵੀ ਪੈ ਸਕਦਾ ਸੀ। ਸਿਆਣੇ ਸੇਠਾਂ ਨੇ ਦੜ ਵੱਟ ਲਈ ਹੋਣੀ ਹੈ।

ਬਲਵੰਤ ਨੇ ਹਾਲੇ ਤਕ ਮਿੱਠੂ ਦਾ ਕੋਈ ਸਿਫ਼ਾਰਸ਼ੀ ਵੀ ਥਾਣੇ ਨਹੀਂ ਸੀ ਆਉਣ ਦਿੱਤਾ। ਥਾਣੇਦਾਰ ਨੂੰ ਲੱਗਦਾ ਹੋਣਾ ਹੈ, ਜਿਵੇਂ ਉਹ ਵੀ ਲਾਵਾਰਿਸ ਹੀ ਸੀ।

"ਸਰਦਾਰ ਜੀ ਮਿੱਠੂ ਮੇਰੀ ਰਿਸ਼ਤੇਦਾਰੀ 'ਚੋਂ ਹੈ.....ਆਹ ਪੰਜ ਸੌ ਟਾਇਰ ਲਈ ਅਤੇ ਪੰਜ ਸੌ.....।" ਵਿਹਲੇ ਬੈਠੇ ਥਾਣੇਦਾਰ ਅੱਗੇ ਪੰਜ ਸੌ ਧਰ ਕੇ ਬਲਵੰਤ ਨੇ ਗੱਲ ਛੇੜੀ।

"ਜੇ ਤੇਰਾ ਬੰਦਾ ਸੀ ਤਾਂ ਪਹਿਲਾਂ ਹੀ ਦੱਸ ਦਿੰਦਾ.....ਆਹ ਕੀ ਕਰੀ ਜਾਨੈਂ ? ਰਹਿਣ ਦੇ.....।" ਬਲਵੰਤ ਜਦੋਂ ਪੰਜ ਸੌ ਉਸ ਦੀ ਜੇਬ 'ਚ ਪਾਉਣ ਲੱਗਾ ਤਾਂ ਲਾਲ ਸਿੰਘ ਨੇ ਉਪਰਲੇ ਮਨੋਂ ਪੋਚਾ ਮਾਰਿਆ। ਮਿੱਠੂ ਨੂੰ ਛੱਡਣਾ ਹੀ ਸੀ, ਛੱਡ ਦਿੱਤਾ।

ਮਿੱਠੂ ਨੂੰ ਬਲਵੰਤ ਨਾਲ ਜਾਂਦਾ ਦੇਖ ਕੇ ਮੁਨਸ਼ੀ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ।

"ਓਏ ਬਈ ਮੈਸ ਦਾ ਖ਼ਰਚਾ ਤਾਂ ਦਿਵਾ ਦੇ.....।" ਮਿੱਠੂ ਨੂੰ ਗੇਟ ਕੋਲ ਘੇਰ ਕੇ ਮੁਨਸ਼ੀ ਨੇ ਬਲਵੰਤ ਨੂੰ ਤਾੜਿਆ।

"ਇਹ ਮੇਰਾ ਰਿਸ਼ਤੇਦਾਰ ਹੈ। ਪੰਜ ਸੌ ਟਾਇਰ ਫੰਡ ਦੇ 'ਤਾ। ਹੋਰ ਕਿੰਨੇ ਬਣਦੇ ਨੇ ?'

"ਤਿੰਨ ਦਿਨ ਹੋ ਗਏ ਥਾਣੇ ਬੈਠੇ ਨੂੰ। ਤਿੰਨ ਸੌ ਬਣਦੈ।" ਮੁਨਸ਼ੀ ਨੇ ਅੱਖ ਮਾਰ ਕੇ ਬਲਵੰਤ ਨੂੰ ਸਮਝਾਇਆ। ਉਹ ਬਲਵੰਤ ਨਾਲ ਅੱਧੋ-ਅੱਧ ਕਰਨ ਨੂੰ ਤਿਆਰ ਸੀ।

"ਸੌ ਰੁਪਏ ਦਿਹਾੜੀ ਨੂੰ ਅਗਾਂਹ ਇਹ ਗਰੀਨ ਹੋਟਲ ਹੈ ? ਨਾਲੇ ਜਿਵੇਂ ਅਗਲੇ ਨੂੰ ਮੁਰਗ਼ਾ ਪਰੋਸਦੇ ਸੀ ? ਭੁੱਖ ਤਾਂ ਅਗਲੇ ਦੀ ਉਂਝ ਹੀ ਮਰ ਜਾਂਦੀ ਹੈ, ਡੰਡਾ ਪਰੇਡ ਹੁੰਦੀ ਦੇਖ ਕੇ। ਤੈਨੂੰ ਆਖਤਾ ਇਹ ਮੇਰਾ ਰਿਸ਼ਤੇਦਾਰ ਹੈ। ਜਿੰਨੀਆਂ ਹਾਜ਼ਰੀਆਂ ਬਣਨ ਮੇਰੇ ਖਾਤੇ ਲਿਖ ਦੇਈਂ।" ਹੈਂਕੜ ਦਿਖਾਉਂਦਾ ਬਲਵੰਤ ਮਿੱਠੂ ਨੂੰ ਥਾਣੇ 'ਚੋਂ ਬਾਹਰ ਲੈ ਗਿਆ।

ਮੁਨਸ਼ੀ ਨਾਲ ਬਲਵੰਤ ਨੂੰ ਕੋਈ ਹਮਦਰਦੀ ਨਹੀਂ ਸੀ। ਬਥੇਰੀ ਲੁੱਟ ਪਾ ਰੱਖੀ ਸੀ। ਪੰਜ ਸੌ ਰੁਪਏ ਮੈਸ ਦੇ ਬਣਦੇ ਨਹੀਂ ਹੁੰਦੇ, ਪੰਜ ਸੌ ਮੰਗ ਕੇ ਖੜ੍ਹੋ ਜਾਂਦਾ ਸੀ। ਲੋਕਾਂ ਦੀਆਂ ਜਾਮਾ-ਤਲਾਸ਼ੀਆਂ ਹੀ ਨਹੀਂ ਮਾਣ। ਕਿਸੇ ਬਟੂਏ 'ਚ ਪੰਜਾਹ ਹੋਣ ਜਾਂ ਪੰਜ ਹਜ਼ਾਰ। ਇਹ ਸਭ ਹੜੱਪ ਕਰ ਜਾਂਦੈ। ਆਖ ਹੀ ਦੇਣੈ। ਇੰਨੇ ਹੀ ਨਿਕਲੇ ਸਨ। ਕਈ ਤਾਂ ਡਰਦੇ ਘੜੀਆਂ ਛਾਪਾਂ ਵੀ ਲੈਣ ਨਹੀਂ ਆਉਂਦੇ।

ਪਹਿਲਾਂ ਉਹ ਬਲਵੰਤ ਨੂੰ ਭੁੱਲਿਆ ਬੈਠਾ ਸੀ ? ਕਦੇ ਇਕ ਧੇਲਾ ਨਹੀਂ ਦਿਵਾਇਆ। ਕੋਈ ਅਸਾਮੀ ਬਲਵੰਤ ਦੇ ਅੜਿੱਕੇ ਆ ਗਈ ਤਾਂ ਮੂੰਹ 'ਚ ਪਾਣੀ ਆ ਗਿਆ।

ਮਿੱਠੂ ਨੂੰ ਮਾਮੇ ਹਵਾਲੇ ਕਰ ਕੇ ਬਲਵੰਤ ਦੀ ਹਿੱਕ ਚੌੜੀ ਹੋ ਗਈ। ਰਿਸ਼ਤੇਦਾਰਾਂ ਵਿਚ ਉਸ ਦੀ ਧਾਂਕ ਤਾਂ ਜੰਮੀ ਹੀ ਸੀ ਨਾਲੇ ਗਿਆਰਾਂ ਹਜ਼ਾਰ ਦੇ ਕੜ-ਕੜ ਕਰਦੇ ਨੋਟ ਵੀ ਬੋਝੇ ਪੈ ਗਏ ਸਨ।

ਨਵੇਂ ਸਟਾਫ਼ 'ਤੇ ਹੁਣ ਉਸ ਨੂੰ ਕੋਈ ਗਿਲਾ ਨਹੀਂ ਸੀ।

✶

# 28

ਕਿਸੇ ਹੱਥੋਂ ਹੋਈ ਬੇਇੱਜ਼ਤੀ ਤਾਂ ਮਾੜੇ ਤੋਂ ਮਾੜੇ ਬੰਦੇ ਨੂੰ ਵੀ ਚੁੱਭਦੀ ਰਹਿੰਦੀ ਹੈ। ਪੁਲਿਸ ਦੀ ਡਿਕਸ਼ਨਰੀ ਵਿਚ ਤਾਂ ਇਸ ਨਾਂ ਦੇ ਸ਼ਬਦ ਦਾ ਨਾਂ ਨਿਸ਼ਾਨ ਹੀ ਨਹੀਂ। ਹਰ ਸਮੇਂ 'ਜੀ ਹਜ਼ੂਰ, ਜੀ ਹਜ਼ੂਰ' ਅਖਵਾਉਣ ਵਾਲੇ ਨੂੰ ਕੋਈ ਖਰੀਆਂ-ਖਰੀਆਂ ਵੀ ਸੁਣਾ ਜਾਵੇ ਅਤੇ ਬੰਦਾ ਵੀ ਛੁਡਾ ਲਏ, ਇਹ ਉਸ ਲਈ ਮਰਨ ਵਾਲੀ ਗੱਲ ਸੀ।

ਗੱਲ ਸਹੇ ਦੀ ਨਹੀਂ, ਪਹੇ ਦੀ ਵੀ ਸੀ। ਅੱਜ ਬਾਬਾ ਛੁਡਾ ਕੇ ਲੈ ਗਿਆ, ਕੱਲ੍ਹ ਨੂੰ ਕਿਸੇ ਜਥੇਦਾਰ ਨੇ ਆ ਜਾਣਾ ਸੀ ਅਤੇ ਪਰਸੋਂ ਨੂੰ ਕਿਸੇ ਜਨਸੰਘੀ ਨੇ। ਇਸ ਤਰ੍ਹਾਂ ਵਾਪਰਦਾ ਰਿਹਾ ਤਾਂ ਪੁਲਿਸ ਦੀ ਦਹਿਸ਼ਤ ਤਾਂ ਦਿਨਾਂ ਵਿਚ ਹੀ ਖ਼ਤਮ ਹੋ ਜਾਣੀ ਸੀ।

ਬਗ਼ਾਵਤ ਦੇ ਰੌਂ ਵਿਚ ਹੋਏ ਲਾਲ ਸਿੰਘ ਨੇ ਸਾਰੇ ਸ਼ੱਕੀ ਬੰਦਿਆਂ ਦੇ ਰੱਸੇ ਖੋਲ੍ਹ ਦਿੱਤੇ। ਉਹ ਪਾਲੇ ਅਤੇ ਮੀਤੇ ਨੂੰ ਵੀ ਨਹੀਂ ਸੀ ਰੱਖਣਾ ਚਾਹੁੰਦਾ। ਪੁਰਾਣਾ ਮੁਨਸ਼ੀ ਗਲ ਪੈ ਗਿਆ। ਉਸ ਨੇ ਨਵੇਂ ਮੁਨਸ਼ੀ ਨੂੰ ਚਾਰਜ ਦੇਣਾ ਸੀ। ਬਹੁਤ ਸਾਰਾ ਮਾਲ ਤਿਆਰ ਕਰਨ ਵਾਲਾ ਰਹਿੰਦਾ ਸੀ। ਪਾਲਾ ਅਤੇ ਮੀਤਾ ਥਾਣੇ ਦੇ ਕੰਮਾਂ-ਕਾਰਾਂ ਦੇ ਭੇਤੀ ਸੀ। ਪਹਿਲਾਂ ਵੀ ਜਦੋਂ ਫੜੇ ਜਾਂਦੇ, ਮੁਨਸ਼ੀ ਨਾਲ ਕੰਮ ਕਰਾਉਂਦੇ ਰਹਿੰਦੇ। ਨਾ ਹੀ ਉਹਨਾਂ ਦਾ ਕੋਈ ਪਿੱਛਾ ਕਰਨ ਵਾਲਾ ਸੀ। ਭਾਵੇਂ ਮਹੀਨਾ ਥਾਣੇ ਬੈਠੇ ਰਹਿਣ, ਕਿਸੇ ਨੇ ਨਹੀਂ ਸੀ ਪੁੱਛਣਾ। ਮੁਨਸ਼ੀ ਦੀਆਂ ਮਿੰਨਤਾਂ ਅੱਗੇ ਲਾਲ ਸਿੰਘ ਨੂੰ ਝੁਕਣਾ ਪਿਆ।

ਪਿਛਲੇ ਦੋ ਦਿਨਾਂ 'ਚ ਮੇਜ਼ 'ਤੇ ਲੱਤਾਂ ਰੱਖ ਕੇ ਅਖ਼ਬਾਰ ਪੜ੍ਹਨ ਤੋਂ ਸਿਵਾ ਲਾਲ ਸਿੰਘ ਨੇ ਕੋਈ ਕੰਮ ਨਹੀਂ ਸੀ ਕੀਤਾ।

ਜੇ ਸਰਕਾਰ ਨੂੰ ਕਾਤਲ ਫੜਨ ਦੀ ਕੋਈ ਕਾਹਲ ਨਹੀਂ ਤਾਂ ਲਾਲ ਸਿੰਘ ਨੂੰ ਆਪਣੀ ਨੌਕਰੀ ਖ਼ਤਰੇ 'ਚ ਪਾਉਣ ਦੀ ਕੀ ਚੱਟੀ ਪਈ ਹੈ ? ਸਿਆਸਤਦਾਨਾਂ ਦਾ ਕੀ ਹੈ ? ਜਦੋਂ ਆਪਣਾ ਸਿੰਘਾਸਣ ਡੋਲਣ ਲੱਗਦਾ ਹੈ ਤਾਂ ਕਿਸੇ ਨਾ ਕਿਸੇ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ ਜਾਂਦਾ ਹੈ। ਇਕ ਪਾਸੇ ਉਸ 'ਤੇ ਜ਼ੋਰ ਪੈ ਰਿਹਾ ਹੈ ਕਿ ਕਾਤਲਾਂ ਨੂੰ ਹਰ ਹਾਲਤ ਵਿਚ ਭੋਗ ਤੋਂ ਪਹਿਲਾਂ-ਪਹਿਲਾਂ ਫੜਿਆ ਜਾਵੇ। ਦੂਜੇ ਪਾਸੇ ਉਸ ਦੀ ਤਫ਼ਤੀਸ਼ ਵਿਚ ਰੋੜਾ ਹੀ ਨਹੀਂ, ਚੱਟਾਨ ਬਣੇ ਖੜੇ ਬਾਬੇ ਦਾ ਕੋਈ ਹੀਲਾ ਨਹੀਂ ਕੀਤਾ ਜਾ ਰਿਹਾ।

ਜਿਹੋ ਜਿਹਾ ਰੁਖ਼ ਉੱਚ ਅਧਿਕਾਰੀਆਂ ਨੇ ਅਪਣਾ ਰੱਖਿਆ ਸੀ, ਉਹੋ ਜਿਹਾ ਲਾਲ ਸਿੰਘ ਨੇ ਅਪਣਾ ਲਿਆ। ਬੰਟੀ ਵਾਲੀ ਤਫ਼ਤੀਸ਼ ਬੰਦ ਕਰ ਕੇ ਉਸ ਨੇ ਆਮ ਜੁਰਮਾਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਪੁਲਿਸ ਦਾ ਸਾਰਾ ਧਿਆਨ ਕਾਤਲਾਂ ਵੱਲ ਹੋਣ ਕਾਰਨ ਬਾਕੀ ਜੁਰਮਾਂ ਦੀ ਰਫ਼ਤਾਰ ਤੇਜ਼ ਹੋ ਗਈ ਸੀ। ਭੁੱਕੀ ਦੇ ਸ਼ਰੇਆਮ ਵਿਕਣ ਦੀਆਂ ਮੁਖ਼ਬਰੀਆਂ ਆ ਰਹੀਆਂ ਸਨ। ਠੇਕੇਦਾਰ ਚੀਕ ਰਹੇ ਸਨ। ਘਰ-ਘਰ ਨਾਜਾਇਜ਼ ਸ਼ਰਾਬ ਕਸ਼ੀਦ ਹੋ ਰਹੀ ਹੈ। ਸੱਟੇ ਵਾਲੇ ਨੇ ਆਪਣੇ ਕਰਿੰਦਿਆਂ ਦੀ ਗਿਣਤੀ ਦੁਗਣੀ ਕਰ ਦਿੱਤੀ ਹੈ। ਇਕ-ਦੋ ਲੜਾਈਆਂ ਹੋ ਚੁੱਕੀਆਂ ਸਨ।

ਲਾਲ ਸਿੰਘ ਚੁੱਪ ਹੋਇਆ ਤਾਂ ਸਾਰੇ ਪਾਸੇ ਸ਼ਾਂਤੀ ਵਰਤ ਗਈ। ਨਾ ਫੜ-ਫੜਾਈ, ਨਾ ਪੁੱਛ-ਗਿੱਛ, ਨਾ ਕੋਈ ਜਲਸਾ ਜਲੂਸ। ਸ਼ਹਿਰ ਜਿਵੇਂ ਸੁਖੀ ਵੱਸਣ ਲੱਗਾ ਸੀ।

ਨਵੇਂ ਕਪਤਾਨ ਨੂੰ ਜਿਵੇਂ ਹੋਰ ਕੋਈ ਕੰਮ ਹੀ ਨਹੀਂ ਸੀ। ਵਾਰ-ਵਾਰ ਰਿਪੋਰਟ ਮੰਗ ਰਿਹਾ ਸੀ। ਉਸ ਨੂੰ ਫ਼ਿਕਰ ਸੀ ਕਿ ਭੋਗ ਵਿਚ ਕੁਝ ਦਿਨ ਬਾਕੀ ਸਨ। ਮੁੱਖ ਮੰਤਰੀ ਭੋਗ ਵਿਚ ਸ਼ਾਮਲ ਹੋਣਾ ਚਾਹੁੰਦਾ ਸੀ। ਉਹ ਭੋਗ ਵਿਚ ਤਾਂ ਹੀ ਸ਼ਾਮਲ ਹੋ ਸਕਦਾ ਸੀ ਜੇ ਕਾਤਲਾਂ ਨੂੰ ਭੋਗ ਤੋਂ ਪਹਿਲਾਂ ਫੜਿਆ ਜਾਵੇ।

ਪੁਲਿਸ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਨੇ ਕਾਤਲਾਂ ਦੇ ਸਿਰ 'ਤੇ ਪੰਜਾਹ-ਪੰਜਾਹ ਹਜ਼ਾਰ ਦੇ ਇਨਾਮ ਵੀ ਰੱਖ ਦਿੱਤੇ। ਪੁਲਿਸ ਮੁਲਾਜ਼ਮਾਂ ਨੂੰ ਇਕ-ਇਕ ਤਰੱਕੀ ਦੇਣ ਦਾ ਐਲਾਨ ਵੀ ਕੀਤਾ। ਇਹ ਮੁੱਖ ਮੰਤਰੀ ਦੇ ਵਾਅਦੇ ਸਨ, ਕਿਸੇ ਅਫ਼ਸਰ ਦੇ ਨਹੀਂ। ਮੁੱਖ ਮੰਤਰੀ ਨੇ ਰੈਂਕ ਵਧਾਉਣ ਲੱਗਿਆਂ ਕਿਸੇ ਤੋਂ ਪੁੱਛਣ ਨਹੀਂ ਜਾਣਾ। ਆਪ ਹੀ ਘੁੱਗੀ ਮਾਰਨੀ ਸੀ।

ਲਾਲ ਸਿੰਘ ਚੁੱਪ ਕੀਤਾ ਸਭ ਕੁਝ ਦੇਖ ਰਿਹਾ ਸੀ। ਪੁਲਿਸ ਕੋਲ ਕਿਹੜਾ ਅਲਾਦੀਨ ਦਾ ਚਿਰਾਗ਼ ਸੀ ਬਈ ਫੂਕ ਮਾਰ ਕੇ ਜਿੰਨ ਨੂੰ ਹਾਜ਼ਰ ਕਰੋ ਅਤੇ ਮੁਜਰਮਾਂ ਨੂੰ ਫੜ ਲਿਆਉਣ ਦਾ ਹੁਕਮ ਸੁਣਾ ਦਿਓ। ਕਿਸੇ ਨਤੀਜੇ 'ਤੇ ਪੁੱਜਣ ਲਈ ਸ਼ੱਕੀ ਬੰਦਿਆਂ ਦੀ ਪੁੱਛ-ਗਿੱਛ ਜ਼ਰੂਰੀ ਸੀ। ਕਿਸੇ ਦੇ ਮੂੰਹ 'ਤੇ ਤਾਂ ਲਿਖਿਆ ਨਹੀਂ ਹੁੰਦਾ ਕਿ ਉਹ ਕਸੂਰਵਾਰ ਹੈ ਜਾਂ ਬੇਕਸੂਰ। ਤਫ਼ਤੀਸ਼ ਕਰਨ ਲੱਗਿਆਂ ਥੋੜ੍ਹਾ-ਬਹੁਤਾ ਧੱਕਾ ਵੀ ਹੋ ਜਾਂਦਾ ਹੈ। ਜਿੰਨਾ ਚਿਰ ਬਾਬੇ ਵਾਲਾ ਕੰਡਾ ਕੱਢ ਕੇ ਲਾਲ ਸਿੰਘ ਨੂੰ ਤਫ਼ਤੀਸ਼ ਕਰਨ ਦੀਆਂ ਖੁੱਲ੍ਹਾਂ ਨਹੀਂ ਦਿੱਤੀਆਂ ਜਾਂਦੀਆਂ, ਲਾਲ ਸਿੰਘ ਕਿਸੇ ਵੀ ਸ਼ੱਕੀ ਬੰਦੇ ਨੂੰ ਥਾਣੇ ਨਹੀਂ ਬੁਲਾਏਗਾ। ਇਹ ਉਸ ਦਾ ਆਖ਼ਰੀ ਤੇ ਪੱਕਾ ਫ਼ੈਸਲਾ ਸੀ।

ਕਪਤਾਨ ਨੂੰ ਲਾਲ ਸਿੰਘ ਸਾਰੀ ਰਿਪੋਰਟ ਦੇ ਆਇਆ ਸੀ। ਬਾਬਾ ਕੋਈ ਮਾੜੀ-ਮੋਟੀ ਹਸਤੀ ਨਹੀਂ। ਉਹ ਤਾਂ ਅੰਤਰ-ਰਾਸ਼ਟਰੀ ਪੱਧਰ ਦਾ ਬੰਦਾ ਹੈ। ਲਾਲ ਸਿੰਘ ਨੇ ਆਪਣੀ ਪੱਧਰ 'ਤੇ ਉਸ ਨੂੰ ਹੱਥ ਪਾ ਲਿਆ ਤਾਂ ਸਾਰੇ ਦੇਸ਼ ਵਿਚ ਵਾ-ਵਰੋਲਾ ਖੜਾ ਹੋ ਜਾਣਾ ਸੀ। ਬਾਬੇ ਦੀ ਗ੍ਰਿਫ਼ਤਾਰੀ ਲਈ ਘੱਟੋ-ਘੱਟ ਮੁੱਖ ਮੰਤਰੀ ਦਾ ਇਸ਼ਾਰਾ ਹੋਣਾ ਜ਼ਰੂਰੀ ਸੀ।

ਲਾਲੇ ਵਾਂਗ ਬਾਬੇ ਦੇ ਹਮਾਇਤੀਆਂ ਦੀ ਗਿਣਤੀ ਸ਼ਹਿਰ ਤਕ ਹੀ ਸੀਮਤ ਨਹੀਂ ਸੀ। ਉਸ ਨੇ ਤਾਂ ਆਪਣੀਆਂ ਟੰਗਾਂ ਸਾਰੇ ਸੂਬੇ ਵਿਚ ਪਸਾਰ ਰੱਖੀਆਂ ਸਨ। ਲਾਲੇ ਵਾਂਗ ਉਸ ਦੇ ਸਮਰਥਕਾਂ ਵਿਚ ਧਨਾਢ, ਕਾਰਖ਼ਾਨੇਦਾਰ, ਵਿਉਪਾਰੀ ਜਾਂ ਖੱਸੀ ਹੋਏ ਧਾਰਮਿਕ ਨੇਤਾ ਨਹੀਂ ਹਨ। ਉਸ ਦੇ ਸਮਰਥਕ ਤਾਂ ਸਿਰਾਂ 'ਤੇ ਕਫ਼ਨ ਬੰਨ੍ਹੀ ਫਿਰਦੇ ਕਾਲਜਾਂ-ਯੂਨੀਵਰਸਿਟੀਆਂ ਦੇ ਵਿਦਿਆਰਥੀ, ਫ਼ੌਲਾਦੀ ਡੌਲਿਆਂ ਵਾਲੇ ਕਿਰਤੀ, ਭੋਲੇ-ਭਾਲੇ ਕਿਸਾਨ ਅਤੇ ਸਾਰੀ ਉਮਰ ਲੋਕਾਂ ਦੇ ਪੈਰਾਂ 'ਚ ਰੁਲਣ ਵਾਲੇ ਦਲਿਤ ਸਨ।

ਜੇ ਬਾਬੇ ਨੇ ਆਪਣੀ ਸਾਰੀ ਜ਼ਿੰਦਗੀ ਉਹਨਾਂ ਦੇ ਲੇਖੇ ਲਾਈ ਸੀ ਤਾਂ ਉਹ ਵੀ ਬਾਬੇ ਲਈ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਸਨ।

ਲਾਲ ਸਿੰਘ ਨੇ ਤਾਂ ਬਾਬੇ ਦੀ ਸਾਰੀ ਹਿਸਟਰੀ ਇਸ ਲਈ ਦੱਸੀ ਸੀ ਤਾਂ ਜੋ ਕਪਤਾਨ ਲਾਲ ਸਿੰਘ ਦੀ ਮਜਬੂਰੀ ਨੂੰ ਸਮਝੇ, ਪਰ ਲਾਲ ਸਿੰਘ ਨੂੰ ਲੱਗਾ ਜਿਵੇਂ ਕਪਤਾਨ ਨੂੰ ਆਪਣਾ ਫ਼ਿਕਰ ਪੈ ਗਿਆ ਹੋਵੇ। ਉਹ ਗ੍ਰਿਫ਼ਤਾਰੀ ਦੇ ਆਰਡਰ ਦਿੰਦਾ-ਦਿੰਦਾ ਗੱਲ ਟਾਲ ਗਿਆ ਸੀ।

ਲਾਲ ਸਿੰਘ ਨੂੰ ਹੁਕਮ ਹੋਇਆ ਸੀ ਕਿ ਉਹ ਪਹਿਲਾਂ ਬਾਬੇ ਦੇ ਖ਼ਿਲਾਫ਼ ਕੋਈ ਕੇਸ ਦਰਜ ਕਰੇ। ਫਿਰ ਅਦਾਲਤ ਵਿਚੋਂ ਗ੍ਰਿਫ਼ਤਾਰੀ ਵਾਰੰਟ ਹਾਸਲ ਕਰੇ। ਇੰਨੇ ਵਿਚ ਉਹ ਮੁੱਖ ਮੰਤਰੀ ਤੋਂ ਹੁਕਮ ਪ੍ਰਾਪਤ ਕਰ ਲਏਗਾ।

ਮੁਕੱਦਮਾ ਦਰਜ ਕਰਨਾ ਕਿਹੜਾ ਔਖੀ ਗੱਲ ਸੀ ? ਥਾਣੇ ਪੁੱਜਦਿਆਂ ਹੀ ਲਾਲ ਸਿੰਘ ਨੇ ਝੱਟ ਵੱਡੀ ਸਾਰੀ ਐਫ਼.ਆਈ.ਆਰ. ਕੱਟ ਦਿੱਤੀ। ਦੋਸ਼ ਵੀ ਸੱਚੇ। ਪੁਲਿਸ ਮੁਲਾਜ਼ਮਾਂ ਨੂੰ ਸਰਕਾਰੀ ਡਿਊਟੀ ਕਰਨ ਤੋਂ ਰੋਕਿਆ। ਪੁਲਿਸ ਹਿਰਾਸਤ ਵਿਚੋਂ ਬੰਦਾ ਛੁਡਾਇਆ। ਸਰਕਾਰੀ ਮੁਲਾਜ਼ਮਾਂ ਦੀ ਤੌਹੀਨ। ਬਿਨਾਂ ਆਗਿਆ ਤੋਂ ਥਾਣੇ 'ਚ ਪ੍ਰਵੇਸ਼। ਵੀਹ ਦਫ਼ਾਵਾਂ ਲਾਈਆਂ ਲਾਲ ਸਿੰਘ ਨੇ।

ਪਰਚੇ 'ਤੇ ਸਾਹਿਬ ਦੀ ਤਸੱਲੀ ਨਾ ਹੋਈ। ਕਹਾਣੀ ਮਨ-ਘੜਤ ਜਿਹੀ ਲੱਗਦੀ ਸੀ। ਇਸ ਤੋਂ ਪੁਲਿਸ ਦੀ ਕਮਜ਼ੋਰੀ ਵੀ ਸਾਬਤ ਹੁੰਦੀ ਸੀ। ਉਹ ਪੁਲਿਸ ਟੱਟੂ ਦੀ ਹੋਈ ਜਿਹੜੀ ਇਕ ਬੁੱਢੇ ਬੰਦੇ ਤੋਂ ਵੀ ਆਪਣੀ ਹਿਫ਼ਾਜ਼ਤ ਨਾ ਕਰ ਸਕੀ। ਇਸ ਪਰਚੇ ਨੇ ਤਾਂ ਸਗੋਂ ਬਾਬੇ ਨੂੰ ਹੀਰੋ ਬਣਾ ਦੇਣਾ ਸੀ। ਉਹ ਇਸ ਉਮਰ ਵਿਚ ਵੀ ਥਾਣਿਉਂ ਬੰਦਾ ਛੁਡਾਉਣ ਦੀ ਹਿੰਮਤ ਰੱਖਦਾ ਸੀ।

ਕੋਈ ਹੋਰ ਪਰਚਾ ਦਰਜ ਕੀਤਾ ਜਾਵੇ। ਕਿਸੇ ਸੱਚੀ ਘਟਨਾ 'ਤੇ ਆਧਾਰਿਤ ਕੀਤਾ ਜਾ ਸਕੇ ਤਾਂ ਬਹੁਤ ਬਿਹਤਰ। ਘਟਨਾ ਵੀ ਇਸ ਤਰ੍ਹਾਂ ਦੀ ਰਚੀ ਜਾਵੇ, ਜਿਸ ਨਾਲ ਲੋਕਾਂ 'ਚ ਬਾਬੇ ਦਾ ਵਕਾਰ ਵੀ ਘਟੇ ਅਤੇ ਉਸ ਨਾਲੋਂ ਲੋਕ ਟੁੱਟ ਵੀ ਸਕਣ।

ਕਿਸੇ ਬੰਦੇ ਨੂੰ ਬਦਨਾਮ ਕਰਨ ਦੇ ਦੋ ਹੀ ਤਰੀਕੇ ਹੁੰਦੇ ਹਨ। ਜ਼ਨਾਨੀਬਾਜ਼ੀ ਜਾਂ ਫੰਡਾਂ ਵਿਚ ਹੇਰਾ-ਫੇਰੀ। ਬਾਬੇ ਦੀ ਉਮਰ ਜ਼ਨਾਨੀਬਾਜ਼ੀ ਵਾਲੀ ਤਾਂ ਰਹੀ ਨਹੀਂ। ਸੰਮਤੀ ਨੇ ਕੋਈ ਫੰਡ ਵੀ ਇਕੱਠਾ ਨਹੀਂ ਕੀਤਾ ਕਿ ਉਸ 'ਤੇ ਹੇਰਾ-ਫੇਰੀ ਦੀ ਗੱਲ ਉਡਾਈ ਜਾ ਸਕੇ। ਨਾਲੇ ਜਿਸ ਬੰਦੇ ਨੇ ਸਾਰੀ ਉਮਰ 'ਚ ਧੇਲਾ ਪੱਲੇ ਨਾ ਰੱਖਿਆ ਹੋਵੇ, ਸਗੋਂ ਆਪਣੀ ਸਾਰੀ ਜਾਇਦਾਦ ਅਤੇ ਕਮਾਈ ਲੋਕਾਂ ਦੇ ਲੇਖੇ ਲਾ ਦਿੱਤੀ ਹੋਵੇ, ਉਸ ਖ਼ਿਲਾਫ਼ ਹੇਰਾ-ਫੇਰੀ ਦਾ ਇਲਜ਼ਾਮ ਕਿਸ ਨੇ ਮੰਨਣਾ ਸੀ। ਉਲਟਾ ਦੋਸ਼ ਲਾਉਣ ਵਾਲੇ ਦੀ ਖਿੱਲੀ ਉੱਡਣੀ ਸੀ।

ਲਾਲ ਸਿੰਘ ਨੂੰ ਇਕੋ ਹੱਲ ਸੁੱਝ ਰਿਹਾ ਸੀ। ਕਿਵੇਂ ਨਾ ਕਿਵੇਂ ਬਾਬੇ ਦੇ ਖ਼ਿਲਾਫ਼ ਜਲੂਸ ਕੱਢਿਆ ਜਾਵੇ। ਜਲੂਸ 'ਚ ਗੜਬੜ ਕਰਾਈ ਜਾਵੇ। ਗੜਬੜ ਦੇ ਸਾਰੇ ਦੋਸ਼ ਬਾਬੇ ਸਿਰ ਮੜ੍ਹੇ ਜਾਣ। ਫੇਰ ਬਾਬੇ ਨੂੰ ਗ੍ਰਿਫ਼ਤਾਰ ਕਰਨਾ ਆਸਾਨ ਸੀ, ਪਰ ਜਲੂਸ ਕੱਢੇ ਕੌਣ ? ਇਹ ਸਮਝ ਨਹੀਂ ਸੀ ਆ ਰਿਹਾ।

ਸੁਸਤ ਹੋਈ ਪੁਲਿਸ 'ਤੇ ਸੰਘ ਬਹੁਤ ਦੁਖੀ ਸੀ। ਸਵੇਰੇ ਸ਼ਾਮ ਜਦੋਂ ਵੀ ਉਹ ਤਫ਼ਤੀਸ਼ ਦੀ ਪ੍ਰੋਗਰੈਸ ਪੁੱਛਣ ਆਉਂਦੇ, ਲਾਲ ਸਿੰਘ ਘੜਿਆ-ਘੜਾਇਆ ਇਕੋ ਜਵਾਬ ਦਿੰਦਾ :

"ਅਸੀਂ ਆਪਣੇ ਸਟਾਰ ਨਹੀਂ ਲੁਹਾਉਣੇ। ਤੁਹਾਡਾ ਬਾਬਾ ਤਫ਼ਤੀਸ਼ ਅੱਗੇ ਨਹੀਂ ਤੁਰਨ ਦਿੰਦਾ। ਜਿਸ ਸ਼ੱਕੀ ਬੰਦੇ ਨੂੰ ਵੀ ਫੜਦੇ ਹਾਂ, ਉਸੇ ਨੂੰ ਛੁਡਾ ਕੇ ਲੈ ਜਾਂਦਾ ਹੈ। ਸਰਦਾਰ ਵੀ ਚੁੱਪ ਬੈਠਾ ਹੈ। ਲੱਗਦੈ ਬਾਬੇ ਤੋਂ ਡਰਦੇ ਦੀ ਮੋਕ ਨਿਕਲਦੀ ਹੈ।"

ਫੇਰ ਸੰਘ ਕੋਲ ਇਸ ਦਾ ਕੀ ਹੱਲ ਸੀ ? ਜੇ ਬਾਬਾ ਕਿਸੇ ਨੂੰ ਛੁਡਾ ਕੇ ਲੈ ਗਿਆ ਤਾਂ ਉਹ ਜ਼ਰੂਰ ਨਿਰਦੋਸ਼ ਹੋਏਗਾ। ਬਾਬਾ ਦਹਿਤਸ਼ਗਰਦਾਂ ਦੀ ਹਮਾਇਤ ਕਰਨ ਵਾਲਾ ਥੋੜ੍ਹਾ ਹੈ।

ਲਾਲ ਸਿੰਘ ਨੇ ਸੰਘ ਨੂੰ ਅੰਦਰ ਵੜ ਕੇ ਸਮਝਾਇਆ।

ਬਾਬੇ ਦਾ ਰਿਕਾਰਡ ਠੀਕ ਨਹੀਂ। ਕਿਸੇ ਸਮੇਂ ਉਹ ਮਾਰ-ਧਾੜ ਕਰਨ ਵਾਲੇ ਗਰਮ-ਖ਼ਿਆਲਾਂ ਵਾਲੇ ਮੁੰਡਿਆਂ ਦਾ ਮੋਹਰੀ ਹੁੰਦਾ ਸੀ। ਉਹੋ ਮੁੰਡੇ ਹਾਲੇ ਵੀ ਬਾਬੇ ਦੀਆਂ ਜਥੇਬੰਦੀਆਂ ਵਿਚ ਮੋਹਰੀ ਹਨ। ਇਹ ਕਾਰਾ ਬਾਬੇ ਦੀ ਕਿਸੇ ਸਮਰਥਕ ਜਥੇਬੰਦੀ ਦਾ ਵੀ ਹੋ ਸਕਦਾ ਹੈ। ਤਰਕਸ਼ੀਲ ਸਾਧਾਂ ਸੰਤਾਂ ਦੇ ਪਿੱਛੇ ਪਏ ਹੋਏ ਹਨ। ਟੂਣੇ-ਟਾਮਣਾਂ ਜਾਂ ਪੁੱਛਾਂ ਦੇਣ ਵਾਲਿਆਂ ਨੂੰ ਵੰਗਾਰਦੇ ਹਨ। ਇਹ ਸਾਰਾ ਟੋਲਾ ਹੀ ਨਾਸਤਕਾਂ ਦਾ ਹੈ। ਕੀ ਪਤੈ ਲਾਲਾ ਜੀ ਦੇ ਧਰਮ ਪਰਚਾਰ 'ਤੇ ਚਿੜਦੇ ਹੋਣ ? ਬਾਬੇ ਦਾ ਮੱਕੂ ਠੱਪਿਆ ਹੀ ਜਾਣਾ ਚਾਹੀਦਾ ਹੈ।

ਸੰਘ ਨੂੰ ਲਾਲ ਸਿੰਘ ਦੀ ਗੱਲ ਜਚ ਗਈ। ਨਹੀਂ ਤਾਂ ਬਾਬੇ ਨੂੰ ਇੱਡਾ ਵੱਡਾ ਜਹਾਦ ਖੜ੍ਹਾ ਕਰਨ ਦੀ ਕੀ ਲੋੜ ਸੀ ?

"ਜੇ ਗੱਲ ਸੰਘ ਦੀ ਸਮਝ ਆ ਗਈ ਤਾਂ ਪੁਲਿਸ ਦੀ ਮਦਦ ਕਰੋ।" ਜਲੂਸ ਕੱਢਣ ਲਈ ਲਾਲ ਸਿੰਘ ਨੂੰ ਸੰਘ ਹੀ ਸਹੀ ਧਿਰ ਲੱਗੀ।

ਸੰਘ ਪੁਲਿਸ ਦੀ ਮਦਦ ਤੋਂ ਕਦੋਂ ਇਨਕਾਰੀ ਹੈ। ਉਹਨਾਂ ਨੂੰ ਕਾਤਲ ਚਾਹੀਦੇ ਸਨ। ਸੰਘ ਹਰ ਕੁਰਬਾਨੀ ਲਈ ਤਿਆਰ ਸੀ।

ਕੁਰਬਾਨੀ ਤਾਂ ਪੁਲਿਸ ਹੀ ਦੇਵੇਗੀ। ਸੰਘ ਕੇਵਲ ਮਦਦ ਦੇਵੇ।

ਬਾਬੇ ਦਾ ਮਨੋਬਲ ਗੇਰਨ ਲਈ ਜ਼ਰੂਰੀ ਸੀ ਕਿ ਉਸ ਦੇ ਖ਼ਿਲਾਫ਼ ਇਕ ਭਰਵਾਂ ਜਲੂਸ ਕੱਢਿਆ ਜਾਵੇ । ਲੋਕਾਂ ਨੂੰ ਬਾਬੇ ਦੀਆਂ ਕਾਰਵਾਈਆਂ ਬਾਰੇ ਦੱਸਿਆ ਜਾਵੇ। ਲੋਕਾਂ ਦਾ ਗ਼ੁੱਸਾ ਹੀ ਬਾਬੇ ਨੂੰ ਪੁਲਿਸ ਨਾਲ ਪੰਗਾ ਲੈਣੋਂ ਰੋਕ ਸਕਦਾ ਹੈ।

ਬਾਬੇ ਦੇ ਖ਼ਿਲਾਫ਼ ਜਲੂਸ ਕੱਢਣਾ ਸੰਘ ਦੇ ਵੱਸ ਦਾ ਰੋਗ ਨਹੀਂ ਸੀ। ਬਾਬੇ ਦੇ ਉਪਾਸ਼ਕਾਂ ਦੀ ਗਿਣਤੀ ਸੰਘ ਨਾਲੋਂ ਕਈ ਸੌ ਗੁਣਾ ਜ਼ਿਆਦਾ ਸੀ। ਅੱਧਿਆਂ ਨਾਲੋਂ ਵੱਧ ਸੰਘ ਦੇ ਵਰਕਰ ਬਾਬੇ ਦੇ ਸਮਰਥਕ ਸਨ। ਨਾਲੇ ਬਾਬੇ ਦੇ ਕੁਝ ਸਾਥੀ ਅੰਡਰ-ਗਰਾਊਂਡ ਹਨ, ਕਿਸੇ ਵੀ ਸਮੇਂ ਸੰਘ ਦੇ ਵਰਕਰਾਂ ਨੂੰ ਗੋਲੀ ਮਾਰ ਸਕਦੇ ਹਨ।

ਲਾਲ ਸਿੰਘ ਨੇ ਬਹੁਤੇ ਵਰਕਰਾਂ ਤੋਂ ਕੀ ਕਰਾਉਣੈ ? ਜਿੰਨੇ ਆ ਸਕਣ, ਉਨੇ ਹੀ ਠੀਕ ਹਨ। ਜਲੂਸ ਵਿਚ ਬੰਦੇ ਇਕੱਠੇ ਕਰਨਾ ਲਾਲ ਸਿੰਘ ਦੀ ਜ਼ਿੰਮੇਵਾਰੀ ਸੀ। ਪੁਲਿਸ ਨੂੰ ਕੇਵਲ ਨਾਹਰੇ ਮਾਰਨ ਵਾਲੇ ਬੰਦਿਆਂ ਦੀ ਜ਼ਰੂਰਤ ਸੀ।

ਉਹ ਅੰਡਰ-ਗਰਾਊਂਡ ਸਾਥੀਆਂ ਤੋਂ ਵੀ ਨਾ ਡਰਨ। ਪੁਲਿਸ ਜਲੂਸ ਦੇ ਨਾਲ ਹੋਏਗੀ। ਪੁਲਿਸ ਦੀ ਅਗਵਾਈ ਲਾਲ ਸਿੰਘ ਖ਼ੁਦ ਕਰੇਗਾ। ਮਜਾਲ ਹੈ ਕੋਈ ਸੰਘ ਵੱਲ ਝਾਕ ਵੀ ਜਾਵੇ।

ਪਰ ਇਹ ਕੰਮ ਫੌਰੀ ਹੋਣਾ ਚਾਹੀਦਾ ਸੀ। ਇਸ ਤੋਂ ਪਹਿਲਾਂ ਕਿ ਬਾਬੇ ਦੇ ਸਮਰਥਕਾਂ ਨੂੰ ਇਸ ਦੀ ਸੂਹ ਲੱਗੇ,। ਜਲੂਸ ਨਿਕਲ ਜਾਣਾ ਚਾਹੀਦਾ ਸੀ।

ਜੇ ਸੰਘ ਦੇ ਨੇਤਾਵਾਂ ਨੇ ਇਕੱਲੇ ਨਾਹਰੇ ਹੀ ਮਾਰਨੇ ਹਨ ਤਾਂ ਜਲੂਸ ਕਿਸੇ ਵਕਤ ਵੀ ਕੱਢਿਆ ਜਾ ਸਕਦਾ ਸੀ।

ਉਹਨਾਂ ਸ਼ਾਮ ਨੂੰ ਚਾਰ ਵਜੇ ਹੀ ਜਲੂਸ ਕੱਢਣ ਦਾ ਪ੍ਰੋਗਰਾਮ ਬਣਾ ਲਿਆ।

ਜਲੂਸ ਭਗਤ ਸਿੰਘ ਦੇ ਬੁੱਤ ਤੋਂ ਸ਼ੁਰੂ ਹੋਣਾ ਸੀ ਅਤੇ ਬਜ਼ਾਰਾਂ ਵਿਚ ਦੀ ਹੁੰਦਾ ਹੋਇਆ ਬਾਬੇ ਦੇ ਘਰ ਪੁੱਜਣਾ ਸੀ।

ਸੰਘ ਨੇ ਬੜਾ ਨਰਮ ਪ੍ਰੋਗਰਾਮ ਰੱਖਿਆ ਸੀ। ਸੀਮਿਤ ਜਿਹੇ ਨਾਹਰੇ ਮਾਰਨੇ ਸਨ।

ਘਰ ਪੁੱਜ ਕੇ ਬਾਬੇ ਨੂੰ ਬੇਨਤੀ ਕੀਤੀ ਜਾਣੀ ਸੀ। ਉਹ ਪੁਲਿਸ ਦੇ ਕੰਮਾਂ ਵਿਚ ਦਖ਼ਲ ਨਾ ਦੇਵੇ। ਪੁਲਿਸ ਨੂੰ ਕਾਤਲ ਫੜਨ ਦੇਵੇ। ਸੰਘ ਨੂੰ ਯਕੀਨ ਸੀ, ਬਾਬੇ ਨੇ ਇਸ ਜਾਇਜ਼ ਮੰਗ ਨੂੰ ਹਰ ਹਾਲਤ ਵਿਚ ਮੰਨ ਲੈਣਾ ਸੀ।

ਜਦੋਂ ਜਲੂਸ ਬੁੱਤ ਤੋਂ ਰਵਾਨਾ ਹੋਇਆ ਤਾਂ ਗਿਣਤੀ ਪੰਝੀ-ਤੀਹ ਤੋਂ ਵੱਧ ਸੀ। ਪੁਲਿਸ ਦੀ ਗਿਣਤੀ ਵਰਕਰਾਂ ਨਾਲੋਂ ਕਈ ਗੁਣਾ ਜ਼ਿਆਦਾ ਸੀ।

ਦਰਸ਼ਨ ਨੂੰ ਫ਼ਿਕਰ ਲੱਗਾ ਹੋਇਆ ਸੀ। ਬਾਬੇ ਦੇ ਘਰ ਤਕ ਪਹੁੰਚਦੇ-ਪਹੁੰਚਦੇ ਤਾਂ ਉਹ ਦੋ-ਚਾਰ ਹੀ ਰਹਿ ਜਾਣੇ ਸਨ।

ਜਲੂਸ ਜਿਉਂ-ਜਿਉਂ ਅੱਗੇ ਵਧਦਾ ਗਿਆ, ਸਮਰਥਕਾਂ ਦੀ ਗਿਣਤੀ ਵੀ ਵਧਦੀ ਗਈ। ਗਲੀ ਦੇ ਹਰ ਮੋੜ ਤੋਂ ਦਸ-ਵੀਹ ਬੰਦੇ ਜਲੂਸ ਵਿਚ ਰਲ ਜਾਂਦੇ। ਵਧ ਰਹੀ ਭੀੜ ਨੂੰ ਦੇਖ ਕੇ ਦਰਸ਼ਨ ਦਾ ਜੋਸ਼ ਵੀ ਵਧਦਾ ਗਿਆ। ਉਸ ਦੇ ਨਾਅਰਿਆਂ ਦੀ ਆਵਾਜ਼ ਉੱਚੀ ਹੁੰਦੀ ਗਈ। ਨਾਅਰਿਆਂ ਦੇ ਹੁੰਗਾਰੇ ਤੋਂ ਦਰਸ਼ਨ ਨੂੰ ਲੱਗਦਾ ਸੀ, ਜਿਵੇਂ ਸਾਰਾ ਸ਼ਹਿਰ ਬਾਬੇ ਦੇ ਖ਼ਿਲਾਫ਼ ਸੀ, ਕਾਤਲਾਂ ਨੂੰ ਫੜਨ ਲਈ ਇਕ-ਮੁੱਠ ਸੀ।

ਹੌਲੀ-ਹੌਲੀ ਜਲੂਸ ਦੇ ਤੇਵਰ ਬਦਲਣ ਲੱਗੇ। ਦਰਸ਼ਨ ਦੇ ਨਾਅਰਿਆਂ ਵੱਲ ਕੋਈ ਧਿਆਨ ਨਹੀਂ ਸੀ ਦੇ ਰਿਹਾ। ਭੀੜ ਵਿਚੋਂ ਹੀ ਕੋਈ ਨਾਅਰੇ ਲਾਉਣ ਲੱਗਾ ਸੀ। ਨਾਅਰੇ ਵੀ ਉਹ ਨਹੀਂ ਸਨ, ਜਿਹੜੇ ਸੰਘ ਨੇ ਚੁਣੇ ਸਨ। ਇਹ ਨਵੀਂ ਹੀ ਤਰ੍ਹਾਂ ਦੇ ਸਨ :

"ਬੰਟੀ ਦਾ ਕਾਤਲ.....ਕੁੱਤਾ ਬਾਬਾ....."

"ਬਾਬੇ ਨੂੰ.....ਫਾਹੇ ਲਾਓ....."

"ਕਾਤਲਾਂ ਦੇ ਰਾਖੇ ਬਾਬੇ ਨੂੰ.....ਗ੍ਰਿਫ਼ਤਾਰ ਕਰੋ.....ਗ੍ਰਿਫ਼ਤਾਰ ਕਰੋ....."

"ਫੂਕ ਦਿਆਂਗੇ....ਫੂਕ ਦਿਆਂਗੇ। ਕਾਤਲ ਬਾਬੇ ਨੂੰ ਫੂਕ ਦਿਆਂਗੇ....."

ਬਜ਼ਾਰ ਦੇ ਆਖ਼ਰੀ ਮੋੜ 'ਤੇ ਅਜੀਬ-ਅਜੀਬ ਕਿਸਮ ਦੇ ਬੰਦੇ ਜਲੂਸ ਵਿਚ ਸ਼ਾਮਲ ਹੋ ਗਏ। ਕਿਸੇ ਕੋਲ ਡਾਂਗ ਸੀ, ਕਿਸੇ ਕੋਲ ਗੰਡਾਸਾ ਅਤੇ ਕਿਸੇ ਕੋਲ ਨੰਗੀ ਤਲਵਾਰ। ਕਈਆਂ ਦੇ ਹੱਥਾਂ ਵਿਚ ਇੱਟਾਂ ਰੋੜੇ ਸਨ। ਇਕ ਦੇ ਕੋਲ ਤੇਲ ਵਾਲੀਆਂ ਪੀਪੀਆਂ ਵੀ ਦਿਖਾਈ ਦਿੰਦੀਆਂ ਸਨ।

"ਚੱਕ ਦਿਓ.....ਫੂਕ ਦਿਓ.....ਮਾਰ ਦਿਓ.....ਬਾਬੇ ਗ਼ਦਾਰ ਨੂੰ.....ਕਾਤਲ ਨੂੰ....." ਅਜੀਬ-ਅਜੀਬ ਜਿਹੇ ਆਵਾਜ਼ੇ ਕੱਸੇ ਜਾ ਰਹੇ ਸਨ।

ਘਬਰਾਏ ਦਰਸ਼ਨ ਦੇ ਪੈਰ ਤਾਂ ਪਿਛਾਂਹ ਵੱਲ ਜਾ ਰਹੇ ਸਨ ਪਰ ਲਾਲ ਸਿੰਘ ਕਾਹਲ ਕਰ ਰਿਹਾ ਸੀ।

ਦਰਸ਼ਨ ਨੂੰ ਕੁਝ ਵੀ ਸਮਝ ਨਹੀਂ ਸੀ ਆ ਰਹੀ ਕਿ ਜਲੂਸ ਵਿਚ ਸ਼ਾਮਲ ਲੋਕ ਕੌਣ ਸਨ ? ਨਾ ਉਹ ਸੰਘ ਦੇ ਵਰਕਰ ਸਨ, ਨਾ ਹੀ ਸ਼ਹਿਰ ਦੇ ਨਿਵਾਸੀ। ਫੇਰ ਵੀ ਚਿਹਰੇ ਦੇਖੇ-ਭਾਲੇ ਜਿਹੇ ਜ਼ਰੂਰ ਸਨ।

ਦਰਸ਼ਨ ਦੀ ਖ਼ਾਮੋਸ਼ੀ ਨੂੰ ਦੇਖ ਕੇ ਇਕ ਨਵਾਂ ਨੇਤਾ ਰਿਕਸ਼ੇ 'ਤੇ ਚੜ੍ਹ ਗਿਆ। ਉਸ ਨੇ ਮਾਈਕ ਦਰਸ਼ਨ ਹੱਥੋਂ ਫੜ ਲਿਆ। ਨਵਾਂ ਨੇਤਾ ਉੱਚੀ-ਉੱਚੀ ਨਾਅਰੇ ਲਾਉਣ ਲੱਗਾ। ਯੁਵਾ ਸੰਘ ਦੇ ਹੱਕ ਵਿਚ, ਲਾਲਾ ਜੀ ਦੇ ਹੱਕ ਵਿਚ ਅਤੇ ਪੁਲਿਸ ਦੇ ਹੱਕ ਵਿਚ।

ਰਿਕਸ਼ੇ 'ਚੋਂ ਉਤਰ ਕੇ ਦਰਸ਼ਨ ਨੇ ਸੁਖ ਦਾ ਸਾਹ ਲਿਆ। ਕਿਸੇ ਹੋਰ ਨੇ ਰਾਮ ਸਰੂਪ ਨੂੰ ਵੀ ਰਿਕਸ਼ੇ 'ਚੋਂ ਲਾਹ ਦਿੱਤਾ ਸੀ। ਉਹ ਵੀ ਦਰਸ਼ਨ ਨਾਲ ਆ ਰਲਿਆ।

ਉਹ ਬਿਟਰ-ਬਿਟਰ ਤਕ ਰਹੇ ਸਨ। ਜਲੂਸ ਉਹਨਾਂ ਹੱਥੋਂ ਨਿਕਲ ਚੁੱਕਾ ਸੀ। ਅੱਗੋਂ ਕੀ ਹੋਣ ਵਾਲਾ ਹੈ, ਕਿਸੇ ਨੂੰ ਕੁਝ ਨਹੀਂ ਸੀ ਪਤਾ।

ਲਾਲ ਸਿੰਘ ਨੇ ਨਵੇਂ ਨੇਤਾਵਾਂ ਦੇ ਕੰਨ ਵਿਚ ਫੂਕ ਮਾਰੀ। ਉਹ ਜਲੂਸ ਤੇਜ਼ੀ ਨਾਲ ਬਾਬਾ ਜੀ ਦੇ ਘਰ ਵੱਲ ਲਿਜਾਣ ਲੱਗੇ।

ਲਾਲ ਸਿੰਘ ਨੂੰ ਮੁਖ਼ਬਰੀ ਮਿਲੀ ਸੀ ਕਿ ਬਾਬੇ ਦੇ ਖ਼ਿਲਾਫ਼ ਨਿਕਲ ਰਹੇ ਜਲੂਸ ਦੀ ਖ਼ਬਰ ਸ਼ਹਿਰ ਦੀ ਗਲੀ-ਗਲੀ ਵਿਚ ਤਾਂ ਫੈਲ ਹੀ ਗਈ ਸੀ ਤੇ ਇਹ ਪਿੰਡਾਂ ਵਿਚ ਵੀ ਪਹੁੰਚ ਗਈ ਸੀ।

ਕਈ ਜਥੇਬੰਦੀਆਂ ਬਾਬੇ ਦੇ ਹੱਕ ਵਿਚ ਜਲੂਸ ਕੱਢਣ ਦੀਆਂ ਤਿਆਰੀਆਂ ਕਰ ਰਹੀਆਂ ਸਨ।

ਸਾਂਸੀਆਂ ਦੀਆਂ ਕੁੱਲੀਆਂ ਵੱਲੋਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਸ਼ਾਮੂ ਦੀ ਅਗਵਾਈ ਵਿਚ ਔਰਤਾਂ-ਮਰਦਾਂ ਦਾ ਇਕ ਟੋਲਾ ਚੱਲ ਵੀ ਚੁੱਕਾ ਸੀ। ਉਹਨਾਂ ਦੇ ਹੱਥਾਂ ਵਿਚ ਤਕਲੇ, ਦਾਤੀਆਂ ਅਤੇ ਖੁਰਪੇ ਸਨ।

ਉਹਨਾਂ ਨੂੰ ਰਸਤੇ ਵਿਚ ਹੀ ਕਾਬੂ ਕਰਨ ਲਈ ਇਕ ਪੁਲਿਸ ਦਾ ਦਸਤਾ ਭੇਜਿਆ ਜਾ ਚੁੱਕਿਆ ਸੀ।

ਧਾਗਾ ਮਿੱਲ ਵਿਚ ਹੜਤਾਲ ਹੋ ਗਈ ਸੀ। ਮਜ਼ਦੂਰਾਂ ਨੂੰ ਅਸ਼ੋਕ ਲੀਡ ਕਰ ਰਿਹਾ ਸੀ। ਉਹ ਕੁਹਰਾਮ ਮਚਾਉਂਦੇ ਆ ਰਹੇ ਸਨ।

ਕ੍ਰਾਂਤੀਕਾਰੀ ਫਰੰਟ ਦੇ ਕੁਝ ਕਾਰਕੁਨ ਹਥਿਆਰਾਂ ਸਮੇਤ ਬਾਬੇ ਦੇ ਘਰ ਪਹੁੰਚ ਚੁੱਕੇ ਸਨ।

ਤਰਕਸ਼ੀਲ ਅਗਵਾੜ ਵਾਲੀ ਧਰਮਸ਼ਾਲਾ ਵਿਚ ਇਕੱਠੇ ਹੋ ਰਹੇ ਸਨ। ਉਥੋਂ ਬਾਬੇ ਦਾ ਘਰ ਨੇੜੇ ਹੀ ਸੀ। ਕਿਸੇ ਵੀ ਸਮੇਂ ਉਹ ਜਲੂਸ ਨਾਲ ਟਕਰਾ ਸਕਦੇ ਸਨ।

ਕਈ ਪਿੰਡਾਂ ਵਿਚ ਲਾਊਡ-ਸਪੀਕਰਾਂ 'ਤੇ ਲੋਕਾਂ ਨੂੰ ਟਰਾਲੀਆਂ ਵਿਚ ਬੈਠ ਕੇ ਸ਼ਹਿਰ ਪੁੱਜਣ ਦੇ ਸੱਦੇ ਦਿੱਤੇ ਜਾ ਚੁੱਕੇ ਸਨ। ਨਾਲ ਦੇ ਪਿੰਡਾਂ 'ਚੋਂ ਲੋਕਾਂ ਦੀਆਂ ਭਰੀਆਂ ਕੁਝ ਟਰਾਲੀਆਂ ਸ਼ਹਿਰ ਵੱਲ ਕੂਚ ਕਰ ਚੁੱਕੀਆਂ ਸਨ।

ਗੜਬੜ ਦੀ ਸੰਭਾਵਨਾ ਨੂੰ ਮੁੱਖ ਰੱਖਦਿਆਂ ਸਾਰਾ ਬਜ਼ਾਰ ਬੰਦ ਹੋ ਚੁੱਕਾ ਸੀ।

ਲਾਲ ਸਿੰਘ ਨੂੰ ਖ਼ਤਰਾ ਸੀ। ਸੱਚਮੁੱਚ ਟਕਰਾ ਹੋ ਸਕਦਾ ਸੀ। ਇਸ ਤਰ੍ਹਾਂ ਹੋ ਗਿਆ ਤਾਂ ਲਾਲ ਸਿੰਘ ਨੂੰ ਲੈਣੇ ਦੇ ਦੇਣੇ ਪੈ ਸਕਦੇ ਸਨ।

ਉਹ ਜਲੂਸ ਵਿਚ ਤੇਜ਼ੀ ਨਾਲ ਘੁੰਮ ਰਿਹਾ ਸੀ। ਜਲੂਸ ਵਿਚ ਸ਼ਾਮਲ ਬੰਦਿਆਂ ਨੂੰ ਉਹ ਕੁਝ ਸਮਝਾ ਰਿਹਾ ਸੀ।

ਬਾਕੀ ਦਾ ਪੈਂਡਾ ਜਲੂਸ ਨੇ ਕੁਝ ਮਿੰਟਾਂ ਵਿਚ ਹੀ ਮੁਕਾ ਲਿਆ।

ਬਾਬੇ ਦੇ ਘਰ ਅੱਗੇ ਪੁੱਜਦਿਆਂ ਹੀ ਇੱਟਾਂ-ਰੋੜਿਆਂ ਦੀ ਬਾਰਿਸ਼ ਸ਼ੁਰੂ ਹੋ ਗਈ। ਡਾਂਗਾਂ-ਗੰਡਾਸਿਆਂ ਨਾਲ ਦਰਵਾਜ਼ੇ ਤੋੜਨ ਦੇ ਯਤਨ ਹੋਣ ਲੱਗੇ।

"ਵੱਡਿਆ ਇਨਕਲਾਬੀਆ ਹਿੰਮਤ ਹੈ ਤਾਂ ਬਾਹਰ ਆ....."

"ਦੇਖਦੇ ਹਾਂ ਤੂੰ ਕਾਤਲਾਂ ਨੂੰ ਘਰੇ ਬਹਾ ਕੇ ਕਿਵੇਂ ਬਚਾਉਨੈਂ ?"

"ਭੁੰਨ ਦਿਉ ਗ਼ਦਾਰ ਨੂੰ.....ਫੂਕ ਦਿਓ ਸਾਰੇ ਪਰਿਵਾਰ ਨੂੰ.....।" ਇੱਟਾਂ ਰੋੜਿਆਂ ਦੇ ਨਾਲ-ਨਾਲ ਨਾਅਰੇ ਵੀ ਉੱਚੇ ਹੁੰਦੇ ਗਏ।

ਤੇਲ ਦੀਆਂ ਪੀਪੀਆਂ ਵਾਲਿਆਂ ਨੇ ਫੁਰਤੀ ਨਾਲ ਤੇਲ ਦਰਵਾਜ਼ਿਆਂ 'ਤੇ ਛਿੜਕ ਦਿੱਤਾ। ਕੋਈ ਤੇਲ ਨੂੰ ਤੀਲੀ ਦਿਖਾਉਣ ਹੀ ਲੱਗਾ ਸੀ ਕਿ ਕੋਠੇ ਤੋਂ ਬਾਬਾ ਗੜਕਿਆ :

"ਬੇਵਕੂਫ਼ ਸੰਘ ਵਾਲਿਓ ਤੁਸੀਂ ਕਿਥੇ ਹੋ ? .....ਤੁਹਾਨੂੰ ਦਿੱਸਦਾ ਨਹੀਂ ਇਹ ਸਾਰੇ ਬੰਦੇ ਪੁਲਿਸ ਦੇ ਕਰਮਚਾਰੀ ਹਨ ਜਾਂ ਭਾੜੇ 'ਤੇ ਖ਼ਰੀਦੇ ਟੱਟੂ.....ਤੁਹਾਡੀ ਅਕਲ ਕਿਥੇ ਗਈ ? .....ਇਹ ਪੁਲਿਸ ਦੀ ਸਾਨੂੰ ਆਪਸ ਵਿਚ ਟਕਰਾਉਣ ਦੀ ਸਾਜ਼ਿਸ਼ ਹੈ.....।"

ਬਾਬੇ ਦੀ ਗੜ੍ਹਕ ਨਾਲ ਸਾਰਾ ਜਲੂਸ ਸਹਿਮ ਗਿਆ। ਡਾਂਗਾਂ ਅਤੇ ਗੰਡਾਸੇ ਉਥੇ ਹੀ ਰੁਕ ਗਏ। ਕੁਝ ਕੁ ਮੂੰਹ ਲੁਕਾਉਣ ਦਾ ਯਤਨ ਕਰਨ ਲੱਗੇ।

ਬਾਬਾ ਕੋਠੇ 'ਤੇ ਚੜ੍ਹਿਆ ਖੜਾ ਸੀ। ਪੰਜ-ਛੇ ਹਥਿਆਰਬੰਦ ਨੌਜਵਾਨ ਉਸ ਦੇ ਆਲੇ-ਦੁਆਲੇ ਖੜੇ ਸਨ। ਉਹਨਾਂ ਆਪਣੇ ਨਿਸ਼ਾਨੇ ਭੀੜ ਦੇ ਚੁਣਵੇਂ ਬੰਦਿਆਂ 'ਤੇ ਸਿੰਨ੍ਹੇ ਹੋਏ ਸਨ।

"ਕਿਸੇ ਨੇ ਹੋਰ ਅੱਗੇ ਵਧਣ ਦੀ ਕੋਸ਼ਿਸ਼ ਕੀਤੀ ਤਾਂ 'ਕੱਲੇ-'ਕੱਲੇ ਨੂੰ ਭੁੰਨ ਦਿਆਂਗੇ।" ਬੰਦੂਕਾਂ ਤਾਣੀ ਜਦੋਂ ਇਕ ਨੌਜਵਾਨ ਕੜਕਿਆ ਤਾਂ ਤੇਲ ਵਾਲੇ ਹੱਥੋਂ ਪੀਪੀ ਛੁੱਟ ਗਈ। ਅੱਧਾ ਤੇਲ ਉਸ ਦੇ ਕੱਪੜਿਆਂ 'ਤੇ ਪੈ ਗਿਆ।

ਜਲੂਸ ਦੇ ਸਾਹਮਣੇ ਵਾਲੇ ਪਾਸਿਉਂ ਅੱਗੇ ਵਧ ਰਹੇ ਤਰਕਸ਼ੀਲਾਂ ਦੇ ਜਲੂਸ ਦੇ ਨਾਅਰੇ ਸੁਣਾਈ ਦੇਣ ਲੱਗੇ।

ਇਸ ਤੋਂ ਪਹਿਲਾਂ ਕਿ ਤਰਕਸ਼ੀਲ ਸਾਹਮਣੇ ਆਉਂਦੇ, ਭੀੜ ਵਿਚੋਂ ਕਿਸੇ ਨੇ ਹਵਾਈ ਫ਼ਾਇਰ ਕਰ ਦਿੱਤਾ।

ਕੋਠੇ ਤੋਂ ਵੀ ਧੜਾ-ਧੜ ਹਵਾਈ ਫ਼ਾਇਰ ਹੋਣ ਲੱਗੇ।

ਦੇਖਦੇ-ਦੇਖਦੇ ਸਾਰੀ ਭੀੜ ਛਾਈਂ-ਮਾਈਂ ਹੋ ਗਈ। ਪਿੱਛੇ ਕਿਸੇ ਦੀ ਜੁੱਤੀ ਰਹਿ ਗਈ, ਕਿਸੇ ਦੀ ਪੱਗ ਅਤੇ ਕਿਸੇ ਦਾ ਚਾਦਰਾ।

ਪੰਜ-ਚਾਰ ਫ਼ਾਇਰ ਕਰ ਕੇ ਦੋਵੇਂ ਧਿਰਾਂ ਸ਼ਾਂਤ ਹੋ ਗਈਆਂ।

ਇੰਨੇ 'ਚ ਹੀ ਲਾਲ ਸਿੰਘ ਦਾ ਮਸਲਾ ਹੱਲ ਹੋ ਗਿਆ। ਉਸ ਨੇ ਇਕ ਵਾਰ ਫਿਰ ਢੇਰ ਸਾਰੀਆਂ ਦਫ਼ਾਵਾਂ ਲਾ ਕੇ ਬਾਬੇ ਅਤੇ ਉਸ ਦੇ ਸਮਰਥਕਾਂ ਦੇ ਖ਼ਿਲਾਫ਼ ਪਰਚਾ ਦਰਜ ਕੀਤਾ। ਨਾਜਾਇਜ਼ ਹਥਿਆਰ ਰੱਖਣ ਦੀ ਦਫ਼ਾ, ਦੋਹਾਂ ਫ਼ਿਰਕਿਆਂ ਵਿਚ ਨਫ਼ਰਤ ਫੈਲਾਉਣ ਦੀ ਦਫ਼ਾ, ਮੁਜਰਮਾਂ ਨੂੰ ਪਨਾਹ ਅਤੇ ਹੱਲਾਸ਼ੇਰੀ ਦੇਣ ਦੀ ਦਫ਼ਾ, ਭੀੜ 'ਤੇ ਗੋਲੀ ਚਲਾ ਕੇ ਕਾਤਲਾਨਾ ਹਮਲਾ ਕਰਨ ਦੀ ਦਫ਼ਾ। ਸਰਕਾਰੀ ਕਰਮਚਾਰੀਆਂ ਨੂੰ ਡਿਊਟੀ ਤੋਂ ਰੋਕਣ ਦੀ ਦਫ਼ਾ ਅਤੇ ਸਰਕਾਰ ਵਿਰੁੱਧ ਬਗ਼ਾਵਤ ਦੀ ਦਫ਼ਾ।

ਇਸ ਮੁਕੱਦਮੇ 'ਤੇ ਵੀ ਸਾਹਿਬ ਖ਼ੁਸ਼ ਨਹੀਂ ਸੀ ਹੋਇਆ। ਇਹ ਤਾਂ ਕੋਈ ਮਨਘੜਤ ਕਹਾਣੀ ਨਹੀਂ ਸੀ। ਸਾਰੇ ਸ਼ਹਿਰ ਨੇ ਵਾਕਾ ਅੱਖੀਂ ਦੇਖਿਆ ਸੀ। ਫ਼ੋਟੋਗ੍ਰਾਫ਼ਰਾਂ ਨੇ ਫ਼ੋਟੋਆਂ ਲਈਆਂ ਸਨ ਅਤੇ ਪੱਤਰਕਾਰਾਂ ਨੇ ਰਿਪੋਰਟਾਂ ਲਿਖੀਆਂ ਸਨ। ਲੋਕ ਵੀ ਬਾਬੇ ਨਾਲ ਨਾਰਾਜ਼ ਸਨ। ਉਸ ਨੂੰ ਨਿਹੱਥੀ ਭੀੜ 'ਤੇ ਗੋਲੀ ਨਹੀਂ ਸੀ ਚਲਾਉਣੀ ਚਾਹੀਦੀ।

ਸਾਹਿਬ ਨੇ ਲਾਲ ਸਿੰਘ ਨੂੰ ਕੇਵਲ ਯਕੀਨ ਹੀ ਦਿਵਾਇਆ। ਅਜਿਹੇ ਮੁਕੱਦਮੇ ਗ੍ਰਿਫ਼ਤਾਰੀ ਦਾ ਹੁਕਮ ਦਿੰਦਿਆਂ ਸਰਕਾਰ ਨੂੰ ਕੀ ਇਤਰਾਜ਼ ਹੋ ਸਕਦਾ ਸੀ?

ਇਸ ਵਾਕੇ ਨੂੰ ਵੀ ਦੂਜਾ ਦਿਨ ਸੀ। ਬਾਬੇ ਦੇ ਸਮਰਥਕਾਂ ਦਾ ਪ੍ਰਾਪੇਗੰਡਾ ਬੜਾ ਤੇਜ਼ ਸੀ। ਦੋ ਦਿਨਾਂ ਵਿਚ ਹੀ ਉਹਨਾਂ ਲੋਕਾਂ ਨੂੰ ਸਮਝਾ ਦਿੱਤਾ ਕਿ ਇਸ ਜਲੂਸ ਦਾ ਪ੍ਰਬੰਧ ਪੁਲਿਸ ਨੇ ਕੀਤਾ ਸੀ। ਬੰਦੇ ਵੀ ਪੁਲਿਸ ਦੇ ਸਨ ਅਤੇ ਯੋਜਨਾ ਵੀ। ਉਹਨਾਂ ਫ਼ੋਟੋਆਂ ਵੱਡੀਆਂ ਕਰਾ-ਕਰਾ ਕੇ ਲੋਕਾਂ ਵਿਚ ਵੰਡਣੀਆਂ ਸ਼ੁਰੂ ਕਰ ਦਿੱਤੀਆਂ ਸਨ, ਜਿਨ੍ਹਾਂ ਵਿਚੋਂ ਪੁਲਿਸ ਮੁਲਾਜ਼ਮਾਂ ਦੇ ਚਿਹਰੇ ਸਾਫ਼ ਦਿਖਾਈ ਦੇ ਰਹੇ ਸਨ।

ਸੰਮਤੀ ਨੇ ਦਰਸ਼ਨ ਅਤੇ ਰਾਮ ਸਰੂਪ ਨੂੰ ਵੀ ਭਰਮਾ ਲਿਆ। ਉਹਨਾਂ ਭਰੀ ਮਹਿਫ਼ਲ ਵਿਚ ਗ਼ਲਤੀ ਮੰਨ ਲਈ। ਇਹ ਵੀ ਇਕਬਾਲ ਕੀਤਾ ਕਿ ਉਹਨਾਂ ਇਹ ਕਰਤੂਤ ਪੁਲਿਸ ਦੇ ਕਹਿਣ 'ਤੇ ਕੀਤੀ ਸੀ।

ਸਰਕਾਰ ਦੀ ਖ਼ਮੋਸ਼ੀ ਤੋਂ ਲਾਲ ਸਿੰਘ ਨੂੰ ਲੱਗਦਾ ਸੀ, ਜਿਵੇਂ ਪਾਸਾ ਪੁੱਠਾ ਪੈਣ ਵਾਲਾ ਸੀ।

ਲਾਲ ਸਿੰਘ ਨੇ ਕੰਨਾਂ ਨੂੰ ਹੱਥ ਲਾਏ। ਖੂਹ 'ਚ ਪਏ ਇਹੋ ਜਿਹੀ ਤਫ਼ਤੀਸ਼। ਭੱਠ 'ਚ ਪਏ ਮੁੱਖ ਮੰਤਰੀ ਦਾ ਵਾਅਦਾ। ਜਦੋਂ ਮੁੱਖ ਮੰਤਰੀ ਨੂੰ ਹੀ ਕੋਈ ਫ਼ਿਕਰ ਨਹੀਂ ਤਾਂ ਪੁਲਿਸ ਨੂੰ ਕੀ?

ਲੋਕਾਂ ਵਿਚ ਵਧ ਰਹੇ ਰੋਹ ਨੂੰ ਦੇਖਦਿਆਂ ਲਾਲ ਸਿੰਘ ਨੇ ਦਸ ਦਿਨਾਂ ਦੀ ਛੁੱਟੀ ਭੇਜ ਦਿੱਤੀ। ਭੋਗ ਪਿੱਛੋਂ ਦੇਖੀ ਜਾਏਗੀ।

ਛੁੱਟੀ ਦੀ ਥਾਂ ਜਦੋਂ ਬਾਬੇ ਦੀ ਗ੍ਰਿਫ਼ਤਾਰੀ ਦੀ ਪ੍ਰਵਾਨਗੀ ਆਈ ਤਾਂ ਲਾਲ ਸਿੰਘ ਦੀ ਜਾਨ ਵਿਚ ਜਾਨ ਆਈ।

ਮੁੱਖ ਮੰਤਰੀ ਵੱਲੋਂ ਲਾਲ ਸਿੰਘ ਨੂੰ ਖੁੱਲ੍ਹੀ ਛੁੱਟੀ ਸੀ। ਉਹ ਬਾਬੇ ਨੂੰ ਵੀ ਗ੍ਰਿਫ਼ਤਾਰ ਕਰ ਸਕਦਾ ਸੀ ਅਤੇ ਉਸ ਦੇ ਸਮਰਥਕਾਂ ਨੂੰ ਵੀ। ਜੇ ਜ਼ਮਾਨਤ ਹੁੰਦੀ ਦਿਸੇ ਤਾਂ ਰਾਸ਼ਟਰੀ ਸੁਰੱਖਿਆ ਕਾਨੂੰਨ ਦੀ ਵਰਤੋਂ ਵੀ ਕੀਤੀ ਜਾ ਸਕਦੀ ਸੀ।

ਲਾਲ ਸਿੰਘ ਖ਼ੁਸ਼ ਸੀ। ਹੁਣ ਉਸ ਨੂੰ ਆਪਣੇ ਜੌਹਰ ਦਿਖਾਉਣ ਦਾ ਮੌਕਾ ਮਿਲਿਆ ਸੀ।

✶

# 29

ਜੇ ਬਾਬੇ ਦੀ ਗ੍ਰਿਫ਼ਤਾਰੀ ਦੇ ਹੁਕਮ ਨਾ ਆਉਂਦੇ ਤਾਂ ਪਾਲੇ ਅਤੇ ਮੀਤੇ ਨੂੰ ਉਸ ਸ਼ਾਮ ਰਿਹਾਅ ਕਰ ਦਿੱਤਾ ਜਾਣਾ ਸੀ।

ਉਹਨਾਂ ਨਾਲ ਫੜੇ ਸਾਰੇ ਬੰਦੇ ਘਰੋ-ਘਰੀ ਜਾ ਚੁੱਕੇ ਸਨ। ਉਹਨਾਂ ਨੂੰ ਥਾਣੇ ਬਿਠਾਈ ਰੱਖਣ ਦੇ ਦੋ ਹੀ ਕਾਰਨ ਸਨ। ਪਹਿਲਾ ਇਹ ਕਿ ਉਹਨਾਂ ਦਾ ਕੋਈ ਵਾਰਿਸ ਉਹਨਾਂ ਨੂੰ ਛੁਡਾਉਣ ਨਹੀਂ ਸੀ ਆਇਆ। ਮੀਤੇ ਦਾ ਤਾਂ ਕੋਈ ਹੈ ਹੀ ਨਹੀਂ ਸੀ। ਪਾਲੇ ਦੀ ਮਾਂ ਥਾਣੇ ਬਾਹਰ ਬੈਠ-ਬੈਠ ਮੁੜ ਗਈ, ਉਸ ਦੀ ਕਿਸੇ ਨੇ ਸੁਣੀ ਹੀ ਨਾ। ਦੂਜਾ ਕਾਰਨ ਇਹ ਸੀ ਕਿ ਤਫ਼ਤੀਸ਼ ਸਮੇਂ ਉਹ ਨਾਜ਼ਰ ਦੀ ਮਦਦ ਤਾਂ ਕਰਦੇ ਹੀ ਸਨ, ਵਿਹਲੇ ਸਮੇਂ ਮਾਲ-ਮੁਕੱਦਮਾ ਤਿਆਰ ਕਰਨ ਵਿਚ ਮੁਨਸ਼ੀ ਦਾ ਹੱਥ ਵੀ ਵਟਾਉਂਦੇ ਸਨ।

ਤਫ਼ਤੀਸ਼ ਲਈ ਤਾਂ ਕੋਈ ਮੁਸਤਵਾ ਥਾਣੇ 'ਚ ਨਹੀਂ ਸੀ ਰਿਹਾ, ਪਰ ਮੁਨਸ਼ੀ ਦਾ ਕੰਮ ਬਹੁਤ ਰਹਿੰਦਾ ਸੀ। ਨਵਾਂ ਮੁਨਸ਼ੀ ਕਈ ਦਿਨਾਂ ਦਾ ਆਇਆ ਬੈਠਾ ਸੀ। ਚਾਰਜ ਦੇਣ ਲਈ ਪੁਰਾਣੇ ਮੁਨਸ਼ੀ ਨੂੰ ਇਕ-ਇਕ ਮੱਦ ਤਿਆਰ ਕਰਨੀ ਪੈ ਰਹੀ ਸੀ।

ਲਾਲ ਸਿੰਘ ਨੂੰ ਤਾਂ ਉਹਨਾਂ ਦੀ ਕੋਈ ਜ਼ਰੂਰਤ ਨਹੀਂ ਸੀ। ਉਹਨਾਂ ਦੀ ਰਿਹਾਈ ਦੇ ਅਧਿਕਾਰ ਮੁਨਸ਼ੀ ਕੋਲ ਸਨ। ਜਦੋਂ ਮੁਨਾਸਬ ਸਮਝੇ, ਮੁਨਸ਼ੀ ਉਹਨਾਂ ਨੂੰ ਛੱਡ ਦੇਵੇ।

ਮੁਨਸ਼ੀ ਰਿਹਾਈ ਨੂੰ ਟਾਲਦਾ ਆ ਰਿਹਾ ਸੀ। ਲੱਗਦਾ ਸੀ ਜਿਵੇਂ ਸਾਰਾ ਮਾਲ-ਮੁਕੱਦਮਾ ਹੀ ਤਿਆਰ ਕਰਨ ਵਾਲਾ ਰਹਿੰਦਾ ਸੀ। ਉਹ ਇਕ ਕੰਮ ਮੁਕਾ ਕੇ ਹੱਟਦੇ ਤਾਂ ਮੁਨਸ਼ੀ ਦੂਜਾ ਅੱਗੇ ਕਰ ਦਿੰਦਾ।

"ਇਹੋ ਕੰਮ ਬਾਕੀ ਰਹਿੰਦੈ। ਕਰੋ ਤੇ ਭੱਜ ਜਾਓ।"

ਚਾਈਂ-ਚਾਈਂ ਉਹ ਕੰਮ 'ਚ ਜੁੱਟ ਜਾਂਦੇ।

ਪਹਿਲੇ ਦਿਨ ਉਹਨਾਂ ਸੈਂਕੜੇ ਬੋਤਲਾਂ ਅਤੇ ਬੀਸੀਆਂ ਵੱਡੀਆਂ ਕੇਨੀਆਂ ਪਾਣੀ ਨਾਲ ਭਰੀਆਂ। ਉਹਨਾਂ ਦੇ ਮੂੰਹ 'ਤੇ ਕੱਪੜੇ ਬੰਨ੍ਹ ਕੇ ਧਾਗਾ ਲਪੇਟਿਆ ਗਿਆ। ਧਾਗੇ ਦੀਆਂ ਗੰਢਾਂ 'ਤੇ ਲਾਖ ਲਾ ਕੇ ਮੋਹਰਾਂ ਦੇ ਨਿਸ਼ਾਨ ਲਾਏ। ਫੇਰ ਮਾਲ ਨੂੰ ਕਿਸੇ ਮੁਜਰਮ ਨਾਲ ਸਬੰਧਤ ਕਰਨ ਲਈ ਉਸ ਦਾ ਨਾਂ ਪਤਾ ਅਤੇ ਮੁਕੱਦਮਾ ਨੰਬਰ ਲਿਖਿਆ ਗਿਆ। ਬੋਤਲਾਂ ਤੇ ਕੇਨੀਆਂ ਦੇ ਬਾਹਰ ਲਿਖਿਆ ਗਿਆ 'ਨਾਜਾਇਜ਼ ਸ਼ਰਾਬ'।

ਬੋਤਲਾਂ ਦਾ ਕੰਮ ਮੁੱਕਾ ਤਾਂ ਬੋਰੀਆਂ ਭਰਨ ਦਾ ਕੰਮ ਸ਼ੁਰੂ ਹੋ ਗਿਆ। ਲੱਕੜ ਦੇ ਬੂਰ ਦਾ ਟਰੱਕ ਆਰੇ ਤੋਂ ਆਇਆ। ਬੋਰੀਆਂ ਜੀਵਨ ਆੜ੍ਹਤੀਏ ਨੇ ਭੇਜੀਆਂ। ਬੋਰੀਆਂ ਵਿਚ ਬੂਰ ਇਉਂ ਤੋਲ-ਤੋਲ ਭਰਿਆ ਗਿਆ, ਜਿਵੇਂ ਉਹ ਬੂਰ ਨਾ ਹੋ ਕੇ ਪਿਸਤਾ ਹੋਵੇ। ਮਜਾਲ ਹੈ ਅੱਧ ਪਾ ਵੀ ਘੱਟ-ਵੱਧ ਹੋ ਜਾਵੇ। ਬੋਰੀਆਂ ਦੇ ਬਾਹਰ ਲਿਖਿਆ ਗਿਆ 'ਚੂਰਾ ਪੋਸਤ'।

ਬੋਰੀਆਂ ਨਾਲ ਮਾਲ-ਖ਼ਾਨਾ ਨੱਕੋ-ਨੱਕ ਭਰ ਗਿਆ। ਤਿਲ ਸੁੱਟਣ ਦੀ ਥਾਂ ਵੀ ਨਾ ਰਹੀ। ਹੁਣ ਤਾਂ ਮੁਨਸ਼ੀ ਰਿਹਾਅ ਕਰੇਗਾ ਹੀ। ਇਹ ਸੋਚ ਕੇ ਉਹ ਹੱਡ-ਤੋੜਵੀਂ ਮਿਹਨਤ ਕਰਦੇ ਰਹੇ। ਦੁਪਹਿਰ ਨੂੰ ਥੋੜ੍ਹਾ ਜਿਹਾ ਥਕੇਵਾਂ ਮਹਿਸੂਸ ਹੋਇਆ ਤਾਂ ਮੁਨਸ਼ੀ ਨੇ ਭੋਰਾ-ਭੋਰਾ ਅਫ਼ੀਮ ਖੁਆ ਦਿੱਤੀ। ਮੁੜ ਸਾਰਾ ਦਿਨ ਉਹ ਢੱਗੇ ਵਾਂਗ ਬੜ੍ਹਕਾਂ ਮਾਰਦੇ ਰਹੇ।

ਜਦੋਂ ਘਰ ਜਾਣ ਦੀ ਛੁੱਟੀ ਲੈਣ ਲਈ ਮੁਨਸ਼ੀ ਦੇ ਪੇਸ਼ ਹੋਏ ਤਾਂ ਪੀਲੇ ਜਿਹੇ ਦੰਦਾਂ ਨੂੰ ਬਾਹਰ ਕੱਢ ਕੇ ਉਹ ਭੈੜੀ ਜਿਹੀ ਹਾਸੀ ਹੱਸਿਆ :

"ਕਿਉਂ ਘਰੇ ਜਾ ਕੇ ਤਹਿਸੀਲਦਾਰੀ ਕਰਨੀ ਐ ? ਖਾਓ ਪੀਓ ਮੌਜ ਕਰੋ।"

ਇਹ ਠੀਕ ਸੀ ਕਿ ਹੁਣ ਥਾਣੇ ਵਿਚ ਉਹਨਾਂ ਨੂੰ ਕੋਈ ਤਕਲੀਫ਼ ਨਹੀਂ ਸੀ। ਜਿਹੜੀ ਝਾੜ-ਝੰਬ ਹੋਣੀ ਸੀ, ਹੋ ਚੁੱਕੀ ਸੀ। ਹੁਣ ਉਹ ਸਟਾਫ਼ ਮੈਂਬਰਾਂ ਵਾਂਗ ਹੀ ਥਾਣੇ ਵਿਚ ਵਿਚਰਦੇ ਸਨ। ਘੁੰਮਣ-ਫਿਰਨ 'ਤੇ ਕੋਈ ਪਾਬੰਦੀ ਨਹੀਂ ਸੀ। ਖਾਣ-ਪੀਣ ਦੀ ਖੁੱਲ੍ਹ ਸੀ। ਮੈਸ 'ਚ ਜਾ ਕੇ ਜਿਸ ਮਰਜ਼ੀ ਚੀਜ਼ ਨੂੰ ਮੂੰਹ ਮਾਰ ਲੈਣ, ਕੋਈ ਨਹੀਂ ਸੀ ਟੋਕਦਾ।

ਰਾਤ ਨੂੰ ਉਹਨਾਂ ਦੀ ਡਿਊਟੀ ਕੁਆਰਟਰਾਂ ਵਿਚ ਹੁੰਦੀ। ਉਹ ਥਾਣੇਦਾਰਾਂ ਨੂੰ ਵਿਸਕੀ ਵਰਤਾਉਂਦੇ। ਬਚੀ-ਖੁਚੀ ਆਪ ਪੀਂਦੇ।

ਇੰਨੀਆਂ ਮੌਜਾਂ ਬਾਹਰ ਨਹੀਂ ਸਨ। ਫੇਰ ਵੀ ਪਿੰਜਰੇ 'ਚ ਤਾੜੇ ਪੰਛੀ ਵਾਂਗ ਥਾਣੇ ਦੀ ਘੁਟਣ ਉਹਨਾਂ ਨੂੰ ਚੁਭਦੀ ਰਹਿੰਦੀ ਸੀ। ਉਹ ਆਪਣੀਆਂ ਝੌਂਪੜੀਆਂ ਵਿਚ ਜਾਣ ਲਈ ਕਾਹਲੇ ਸਨ।

ਬੱਸ ਮੁਨਸ਼ੀ ਦਾ ਇਕ ਕੰਮ ਹੋਰ ਰਹਿੰਦਾ ਸੀ। ਰਾਤੋ-ਰਾਤ ਅਫ਼ੀਮ ਤਿਆਰ ਕਰ ਕੇ ਡੱਬੇ ਭਰਨੇ ਸਨ। ਕੱਲ੍ਹ ਤਾਂ ਮੁਨਸ਼ੀ ਨੇ ਵੀ ਚਾਰਜ ਛੱਡ ਦੇਣਾ ਸੀ। ਉਹ ਦੱਬ ਕੇ ਮਿਹਨਤ ਕਰਨ ਅਤੇ ਸਵੇਰ ਹੁੰਦਿਆਂ ਹੀ ਘਰ ਦਾ ਰਸਤਾ ਫੜਨ।

ਉਹਨਾਂ ਦੇ ਚਿਹਰਿਆਂ 'ਤੇ ਥਕੇਵੇਂ ਅਤੇ ਨਿਰਾਸ਼ਾ ਦੇ ਚਿੰਨ੍ਹ ਪੜ੍ਹ ਕੇ ਮੁਨਸ਼ੀ ਨੇ ਇਕ ਵਾਰ ਫੇਰ ਰਹਿਮ ਕੀਤਾ। ਦੋ ਪੁੜੀਆਂ ਅਫ਼ੀਮ ਦੀਆਂ ਉਹਨਾਂ ਦੇ ਹਵਾਲੇ ਕੀਤੀਆਂ। ਤਕੜੀ ਜਿਹੀ ਚਾਹ ਬਣਾ ਕੇ ਛਕ ਆਉਣ। ਨਾ ਥਕੇਵਾਂ ਹੋਏਗਾ, ਨਾ ਘਰ ਦੀ ਯਾਦ ਸਤਾਏਗੀ।

ਅਫ਼ੀਮ ਦਾ ਕੰਮ ਮੁੱਕਿਆ ਤਾਂ ਚਾਕੂਆਂ, ਪਸਤੌਲਾਂ ਦਾ ਢੇਰ ਲੱਗ ਗਿਆ। ਹਰ ਇਕ 'ਤੇ ਪਰਚੀ ਚਿਪਕਾਓ। ਝਾੜ-ਝੰਬ ਕੇ ਖ਼ਾਨਿਆਂ 'ਚ ਸਜਾਓ.....।

ਮੁਨਸ਼ੀ ਨੇ ਖਹਿੜਾ ਛੱਡਿਆ ਤਾਂ ਥਾਣੇਦਾਰਾਂ ਨੇ ਘੇਰ ਲਏ। ਕਿਸੇ ਦੇ ਬੂਟ ਪਾਲਿਸ਼ ਕਰਨ ਵਾਲੇ ਰਹਿੰਦੇ ਸਨ ਅਤੇ ਕਿਸੇ ਦੇ ਕੱਪੜੇ ਮੈਲੇ ਸਨ।

ਪਾਲੇ ਅਤੇ ਮੀਤੇ ਨੂੰ ਕੱਪੜੇ ਧੋਂਦੇ ਦੇਖ ਕੇ ਸਿਪਾਹੀਆਂ ਨੇ ਵੀ ਆਪਣੇ ਕੱਛੇ-ਬੁਨੈਣਾਂ ਉਹਨਾਂ ਅੱਗੇ ਲਿਆ ਸੁੱਟੇ।

ਸਰਕਾਰੀ ਵਕੀਲ ਗੁਰਮੀਤ ਦੇ ਥਾਣੇ ਆਉਣ ਤਕ ਉਹ ਇਸ ਚੁਰਾਸੀ ਦੇ ਚੱਕਰ 'ਚੋਂ ਨਿਕਲਣ ਦੀਆਂ ਸਾਰੀਆਂ ਆਸਾਂ ਛੱਡ ਚੁੱਕੇ ਸਨ। ਸਵੇਰ ਤੋਂ ਉਹਨਾਂ ਘਰ ਜਾਣ ਦੀ ਗੱਲ ਹੀ ਨਹੀਂ ਸੀ ਛੇੜੀ। ਉਹਨਾਂ ਨੂੰ ਮਹਿਸੂਸ ਹੋਇਆ ਸੀ, ਜਿਵੇਂ ਪੁਲਿਸ ਵਾਲੇ ਉਹਨਾਂ ਦੀ ਮਜਬੂਰੀ ਦਾ ਨਾਜਾਇਜ਼ ਫ਼ਾਇਦਾ ਉਠਾ ਰਹੇ ਸਨ। ਜਿਉਂ ਹੀ ਉਹ ਘਰ ਜਾਣ ਦੀ ਮੰਗ ਲੈ ਕੇ ਉਹਨਾਂ ਅੱਗੇ ਪੇਸ਼ ਹੁੰਦੇ, ਉਹ ਕੋਈ ਨਾ ਕੋਈ ਕੰਮ ਉਹਨਾਂ ਹਵਾਲੇ ਕਰ ਦਿੰਦੇ। ਉਹ ਫਟਾ-ਫਟ ਕੰਮ ਨਬੇੜਦੇ। ਇਕ ਨਿਬੜਦਾ ਤਾਂ ਦੂਜਾ ਤਿਆਰ ਹੋ ਜਾਂਦਾ। ਕੋਈ ਮੁਫ਼ਤ ਦੇ ਨੌਕਰਾਂ ਨੂੰ ਹੱਥੋਂ ਗਵਾਉਣਾ ਨਹੀਂ ਸੀ ਚਾਹੁੰਦਾ।

ਚਾਹਾਂ ਵਾਲੇ ਖ਼ਾਲੀ ਗਲਾਸ ਚੁੱਕਦੇ ਮੀਤੇ ਨੂੰ ਗੁਰਮੀਤ ਨੇ ਪਛਾਣ ਲਿਆ।

ਉਹ ਇਥੇ ਕਿਵੇਂ ? ਮੀਤੇ ਨੂੰ ਤਾਂ ਕਦੋਂ ਦਾ ਉਹ ਇਸ ਚੱਕਰਵਿਊ ਵਿਚੋਂ ਕਢਵਾ ਚੁੱਕਾ ਸੀ।

ਮੀਤੇ ਨੂੰ ਇੰਨੇ ਦਿਨ ਥਾਣੇ ਬਿਠਾਈ ਰੱਖਣ ਦਾ ਮੁਨਸ਼ੀ ਕੋਲ ਕੋਈ ਜਵਾਬ ਨਹੀਂ ਸੀ।

ਵਾਪਸ ਜਾਂਦੇ ਗੁਰਮੀਤ ਨੇ ਮੁਨਸ਼ੀ ਨੂੰ ਹੁਕਮ ਦਿੱਤਾ, ਸ਼ਾਮ ਤਕ ਦੋਹਾਂ ਨੂੰ ਹਰ ਹਾਲਤ ਵਿਚ ਛੱਡ ਦਿੱਤਾ ਜਾਏ।

ਸ਼ਾਮ ਹੋਈ ਤਾਂ ਪੁਲਿਸ ਬਾਬੇ ਦੀ ਗ੍ਰਿਫ਼ਤਾਰੀ ਵਿਚ ਉਲਝ ਗਈ।

ਬਾਬੇ ਦੀ ਗ੍ਰਿਫ਼ਤਾਰੀ ਨਾਲ ਇਕ ਵਾਰ ਫੇਰ ਥਾਣੇ ਵਿਚ ਗਹਿਮਾ-ਗਹਿਮੀ ਹੋ ਗਈ।

ਬਾਬੇ ਤੋਂ ਪੁੱਛ-ਗਿੱਛ ਤਾਂ ਬਹੁਤ ਹੋਈ ਪਰ ਉਸ ਨੇ ਕੋਈ ਰਾਹ ਨਾ ਦਿੱਤਾ। ਉਸ ਨੂੰ ਥਾਣੇ ਵਿਚ ਰੱਖਣਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਇਸ ਲਈ ਰਾਤੋ-ਰਾਤ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ।

ਪੁਲਿਸ ਕੋਲ ਸਮਾਂ ਘੱਟ ਸੀ। ਉਹ ਸ਼ੱਕੀ ਬੰਦਿਆਂ ਨੂੰ ਜਲਦੀ ਤੋਂ ਜਲਦੀ ਗ੍ਰਿਫ਼ਤਾਰ ਕਰਨਾ ਚਾਹੁੰਦੇ ਸਨ।

ਸਾਰੀ ਰਾਤ ਯੋਜਨਾਵਾਂ ਬਣਦੀਆਂ ਅਤੇ ਫੜ-ਫੜਾਈ ਹੁੰਦੀ ਰਹੀ।

ਲਾਲ ਸਿੰਘ ਦਾ ਵਿਚਾਰ ਸੀ ਕਿ ਦਹਿਸ਼ਤਗਰਦੀ ਵਿਚ ਦੋ ਤਰ੍ਹਾਂ ਦੇ ਲੋਕ ਹਿੱਸਾ ਲੈ ਰਹੇ ਸਨ। ਜ਼ਿਆਦਾ ਗਿਣਤੀ ਪੇਸ਼ੇਵਰ ਮੁਜਰਮਾਂ ਦੀ ਸੀ। ਉਹਨਾਂ ਸਾਧਾਰਨ ਪੇਸ਼ੇ ਛੱਡ ਕੇ ਇਹ ਧੰਦਾ ਅਪਣਾ ਲਿਆ ਸੀ। ਪੈਸਾ ਸੌਖੀ ਤਰ੍ਹਾਂ ਬਣ ਰਿਹਾ ਸੀ, ਸਿਆਸੀ ਸ਼ਰਨ ਸੀ ਅਤੇ ਕੁਝ ਲੋਕਾਂ ਦੀ ਹਮਦਰਦੀ ਵੀ। ਭਾਈਚਾਰੇ ਦਾ ਖੇਤਰ ਵਿਸ਼ਾਲ ਹੋ ਗਿਆ ਸੀ। ਹਥਿਆਰ ਵੀ ਆਸਾਨੀ ਨਾਲ ਮਿਲ ਰਹੇ ਸਨ। ਡਰਦੀ ਪੁਲਿਸ ਜਲਦੀ-ਜਲਦੀ ਹੱਥ ਵੀ ਨਹੀਂ ਸੀ ਪਾਉਂਦੀ। ਲੋਕਾਂ ਵਿਚ ਦਹਿਸ਼ਤ ਸੀ। ਸਭ ਕੁਝ ਜਾਣਦੇ-ਬੁਝਦੇ ਵੀ ਉਹ ਮੁਖ਼ਬਰੀ ਨਹੀਂ ਸੀ ਕਰਦੇ। ਇਸ ਤਰ੍ਹਾਂ ਦੇ ਦਹਿਸ਼ਤਗਰਦਾਂ ਨੂੰ ਪੁਲਿਸ ਪਹਿਲੇ ਦੌਰ ਵਿਚ ਫੈਂਟਾ ਚਾੜ੍ਹ ਚੁੱਕੀ ਸੀ।

ਦੂਜਾ ਇਕ ਅਜਿਹਾ ਗਰੁੱਪ ਉਹਨਾਂ ਵਿਚ ਸ਼ਾਮਲ ਸੀ, ਜਿਨ੍ਹਾਂ ਨੂੰ ਪੈਸੇ ਦੀ ਥਾਂ ਚੌਧਰ ਦੀ ਜ਼ਿਆਦਾ ਭੁੱਖ ਸੀ। ਜ਼ਿਮੀਂਦਾਰਾਂ ਅਤੇ ਸਰਦਾਰਾਂ ਦੇ ਕਾਕੇ ਇਸੇ ਗਰੁੱਪ ਵਿਚ ਆਉਂਦੇ ਸਨ।

ਪਹਿਲੇ ਤਬਕੇ ਤੋਂ ਤਾਂ ਕੁਝ ਹਾਸਲ ਨਹੀਂ ਸੀ ਹੋਇਆ। ਇਸ ਸਮੇਂ ਪੁਲਿਸ ਦੀ ਅੱਖ ਦੂਜੇ ਤਬਕੇ 'ਤੇ ਸੀ।

ਬਾਬੇ ਨੂੰ ਜੇਲ੍ਹ ਭੇਜ ਕੇ ਜਿਥੇ ਪੁਲਿਸ ਦੇ ਹੌਸਲੇ ਬੁਲੰਦ ਹੋਏ ਸਨ, ਉਥੇ ਪੁਲਿਸ ਦਾ ਵਿਰੋਧ ਕਰਨ ਵਾਲਿਆਂ ਨੂੰ ਭਾਜੜਾਂ ਪੈ ਗਈਆਂ ਸਨ। ਇਸ ਦਾ ਸਭ ਤੋਂ ਵੱਡਾ ਸਬੂਤ ਕਾਲਜ ਦਾ ਪ੍ਰਿੰਸੀਪਲ ਸੀ। ਪੁਲਿਸ ਨੂੰ ਸ਼ੱਕ ਸੀ, ਦਹਿਸ਼ਤਗਰਦਾਂ ਦਾ ਵੱਡਾ ਅੱਡਾ ਕਾਲਜ ਸੀ। ਹੋਸਟਲਾਂ ਵਿਚ ਦਹਿਸ਼ਤਗਰਦਾਂ ਦੇ ਲੁਕੇ ਰਹਿਣ ਦੀ ਸੰਭਾਵਨਾ ਨੂੰ ਰੱਦ ਨਹੀਂ ਸੀ ਕੀਤਾ ਜਾ ਸਕਦਾ। ਪ੍ਰਿੰਸੀਪਲ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦਿੰਦਾ। ਪੁਲਿਸ ਨੂੰ ਕਾਲਜ 'ਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਸੀ ਦੇ ਰਿਹਾ। ਉਸ ਨੂੰ ਮੁੱਖ ਮੰਤਰੀ ਦਾ ਜਮਾਤੀ ਹੋਣ ਦਾ ਹੰਕਾਰ ਸੀ। ਉਸ ਵਰਗੇ ਅੜੀਅਲ ਟੱਟੂਆਂ ਦਾ ਹੰਕਾਰ ਦੂਰ ਕਰਨ ਲਈ ਪੁਲਿਸ ਨੇ ਮੁੱਖ ਮੰਤਰੀ ਦੇ ਉਸ ਹੁਕਮ ਦਾ ਦੱਬ ਕੇ ਪ੍ਰਚਾਰ ਕੀਤਾ ਸੀ, ਜਿਸ ਵਿਚ ਉਹਨਾਂ ਆਖਿਆ ਸੀ, ਇਸ ਗੰਭੀਰ ਮਸਲੇ ਵਿਚ ਜੇ ਉਸ ਦਾ ਕੋਈ ਖ਼ਾਸ ਹਮਾਇਤੀ ਵੀ ਟੰਗ ਅੜਾਵੇ ਤਾਂ ਉਸ ਨੂੰ ਵੀ ਨਾ ਬਖ਼ਸ਼ਿਆ ਜਾਵੇ। ਬਾਬੇ ਨੂੰ ਉਹ ਸਬਕ ਸਿਖਾ ਚੁੱਕੇ ਸਨ। ਹੁਣ ਵਾਰੀ ਪ੍ਰਿੰਸੀਪਲ ਦੀ ਸੀ।

ਕਾਲਜ 'ਚ ਮੁੰਡਿਆਂ ਵੱਲੋਂ ਕੀਤੀਆਂ ਜਾਂਦੀਆਂ ਸਰਗਰਮੀਆਂ ਦੀ ਪੁਲਿਸ ਕੋਲ ਕੋਈ ਠੋਸ ਰਿਪੋਰਟ ਨਹੀਂ ਸੀ। ਬੱਸ ਏਨਾ ਕੁ ਪਤਾ ਸੀ ਕਿ ਕਾਲਜ ਵਿਚ ਕਈ ਯੂਨੀਅਨਾਂ ਬਣੀਆਂ ਹੋਈਆਂ ਸਨ। ਕਾਂਗਰਸ ਪੱਖੀ ਵੀ, ਭਾਰਤੀ ਜਨਤਾ ਪਾਰਟੀ ਪੱਖੀ ਵੀ ਅਤੇ ਅਕਾਲੀ ਪੱਖੀ ਵੀ,

ਪਰ ਇਹ ਫ਼ਸਲੀ ਬਟੇਰਿਆਂ ਵਾਂਗ ਖ਼ਾਸ-ਖ਼ਾਸ ਮੌਕਿਆਂ ’ਤੇ ਹੀ ਦਿਖਾਈ ਦਿੰਦੀਆਂ ਸਨ। ਅਖ਼ਬਾਰਾਂ ’ਚ ਖ਼ਬਰਾਂ ਛਪਵਾ ਕੇ ਜਾਂ ਕਿਸੇ ਨੇਤਾ ਨੂੰ ਖ਼ੁਸ਼ ਕਰ ਕੇ ਖ਼ਾਮੋਸ਼ ਹੋ ਜਾਂਦੀਆਂ ਸਨ।

ਮੁੱਖ ਜਥੇਬੰਦੀਆਂ ਦੋ ਹੀ ਸਨ। ਇਕ ਖਾੜਕੂ ਜਥੇਬੰਦੀ ਅਖਵਾਉਂਦੀ ਸੀ। ਇਹ ਉਹਨਾਂ ਯੋਧਿਆਂ ਦੀ ਸਮਰਥਕ ਸੀ, ਜਿਹੜੇ ਸਿੱਖ ਕੌਮ ਦੀ ਆਜ਼ਾਦੀ ਲਈ ਜੂਝ ਰਹੇ ਸਨ। ਇਹ ਖਾੜਕੂਆਂ ਵੱਲੋਂ ਦਿੱਤੇ ਜਾਂਦੇ ਹਰ ਪ੍ਰੋਗਰਾਮ ’ਤੇ ਅਮਲ ਕਰਦੀ ਸੀ।

ਦੂਜੀ ਪੰਜਾਬ ਸਟੂਡੈਂਟਸ ਯੂਨੀਅਨ ਸੀ। ਉਹ ਮਾਰਕਸੀ ਵਿਚਾਰਧਾਰਾ ਵਿਚ ਵਿਸ਼ਵਾਸ ਰੱਖਦੀ ਸੀ। ਖਾੜਕੂ ਜਥੇਬੰਦੀ ਨੂੰ ਉਹ ਫ਼ਿਰਕੂ ਦੱਸਦੇ ਸਨ ਅਤੇ ਉਹਨਾਂ ਦੇ ਹਰ ਧਰਮ ਪ੍ਰਚਾਰ ਦੇ ਪ੍ਰੋਗਰਾਮ ਨੂੰ ਤਾਰਪੀਡੋ ਕਰਨ ਦੇ ਯਤਨ ਕਰਦੇ ਸਨ। ਉਹ ਆਪਣੀ ਸੇਧ ਬਾਬੇ ਤੋਂ ਲੈਂਦੇ ਸਨ।

ਦੋਹਾਂ ਜਥੇਬੰਦੀਆਂ ਦਾ ਕਈ ਵਾਰ ਟਕਰਾ ਹੋ ਚੁੱਕਾ ਸੀ। ਇਸ ਵਾਰ ਗੋਲੀ ਵੀ ਚੱਲੀ ਸੀ। ਕਈ ਮੁਕੱਦਮੇ ਪੁਲਿਸ ਕੋਲ ਦਰਜ ਸਨ। ਦੋਹਾਂ ਧਿਰਾਂ ਦਾ ਇੱਟ-ਕੁੱਤੇ ਵਾਲਾ ਵੈਰ ਸੀ।

ਪੁਲਿਸ ਕੋਲ ਉਹਨਾਂ ਮੁੰਡਿਆਂ ਦੀ ਸੂਚੀ ਵੀ ਸੀ, ਜਿਹੜੇ ਪੁਲਿਸ ਨੂੰ ਇਹਨਾਂ ਕੇਸਾਂ ਵਿਚ ਲੋੜੀਂਦੇ ਸਨ। ਪ੍ਰਿੰਸੀਪਲ ਹੋਰ ਸੂਚਨਾ ਦੇਣ ਨੂੰ ਤਿਆਰ ਨਹੀਂ ਸੀ।

ਕਿਹੜਾ ਮੁੰਡਾ ਕਿਸ ਜਥੇਬੰਦੀ ਵਿਚ ਸ਼ਾਮਲ ਸੀ, ਕਿੰਨਾ ਕੁ ਖ਼ਤਰਨਾਕ ਸੀ ਅਤੇ ਕਿਹੜੀਆਂ-ਕਿਹੜੀਆਂ ਵਾਰਦਾਤਾਂ ਕਰ ਚੁੱਕਾ ਸੀ, ਹੈੱਡ ਕਲਰਕ ਕੋਲ ਇਸ ਦੀ ਪੂਰੀ ਸੂਚੀ ਸੀ।

ਇਸੇ ਇਤਲਾਹ ਦੇ ਆਧਾਰ ’ਤੇ ਪੁਲਿਸ ਗ੍ਰਿਫ਼ਤਾਰੀ ਕਰ ਰਹੀ ਸੀ।

ਬੰਟੀ ਦੇ ਕਤਲ ਵਰਗੀਆਂ ਕਾਰਵਾਈਆਂ ਨਾਲ ਪੰਜਾਬ ਸਟੂਡੈਂਟਸ ਯੂਨੀਅਨ ਦਾ ਕੋਈ ਸੰਬੰਧ ਨਹੀਂ ਸੀ। ਫੇਰ ਵੀ ਪੁਲਿਸ ਲਈ ਉਹਨਾਂ ਦੀ ਗ੍ਰਿਫ਼ਤਾਰੀ ਬਹੁਤ ਜ਼ਰੂਰੀ ਸੀ। ਉਹ ਬਾਹਰ ਰਹਿ ਗਏ ਤਾਂ ਬਾਬੇ ਦੀ ਰਿਹਾਈ ਲਈ ਜੱਹਾਦ ਖੜਾ ਕਰ ਸਕਦੇ ਸਨ। ਪੁਲਿਸ ਨੂੰ ਤਾਂ ਤਰਕਸ਼ੀਲਾਂ, ਕ੍ਰਾਂਤੀਕਾਰੀ ਫ਼ਰੰਟ ਦੇ ਕਾਰਕੁਨਾਂ ਅਤੇ ਨੌਜਵਾਨ ਸਭਾ ਦੇ ਨੇਤਾਵਾਂ ਦੀ ਵੀ ਭਾਲ ਸੀ। ਉਹ ਲੋਕ ਸੰਘਰਸ਼ ਸੰਮਤੀ ਦਾ ਨਾਂ ਨਿਸ਼ਾਨ ਹੀ ਮਿਟਾ ਦੇਣਾ ਚਾਹੁੰਦੇ ਸਨ।

ਖਾੜਕੂਆਂ ਦੀ ਗ੍ਰਿਫ਼ਤਾਰੀ ਉਸ ਤੋਂ ਵੀ ਅਹਿਮ ਸੀ। ਦੋ ਦਿਨਾਂ ਦੇ ਥੋੜ੍ਹੇ ਜਿਹੇ ਸਮੇਂ ਵਿਚ ਕਾਤਲਾਂ ਦਾ ਗ੍ਰਿਫ਼ਤਾਰ ਹੋਣਾ ਜ਼ਰੂਰੀ ਸੀ। ਮੁੱਖ ਮੰਤਰੀ ਗ੍ਰਿਫ਼ਤਾਰੀ ਲਈ ਕਾਹਲ ਕਰ ਰਿਹਾ ਸੀ।

ਦੋਹਾਂ ਜਥੇਬੰਦੀਆਂ ਦੇ ਪ੍ਰਮੁੱਖ ਨੇਤਾ ਪਹਿਲਾਂ ਹੀ ਫ਼ਰਾਰ ਹੋ ਚੁੱਕੇ ਸਨ।

ਦੂਜੇ ਦਰਜੇ ਦੇ ਕਾਰਕੁਨਾਂ ਤੋਂ ਹੀ ਪੁਲਿਸ ਨੂੰ ਕੰਮ ਚਲਾਉਣਾ ਪੈ ਰਿਹਾ ਸੀ।

ਪੋਜ਼ੀਸ਼ਨ ਪਹਿਲਾਂ ਵਾਲੀ ਹੀ ਸੀ। ਫ਼ੋਰਸ ਘੱਟ ਅਤੇ ਬੰਦੇ ਜ਼ਿਆਦਾ।

ਅਜਿਹੇ ਹਾਲਾਤ ਵਿਚ ਪਾਲੇ ਅਤੇ ਮੀਤੇ ਦੀ ਰਿਹਾਈ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਹ ਇਕ ਆਮ ਸਿਪਾਹੀ ਜਿੰਨਾ ਕੰਮ ਦੇ ਰਹੇ ਸਨ।

ਨਾਜ਼ਰ ਦੀ ਸਿਫ਼ਾਰਸ਼ ’ਤੇ ਲਾਲ ਸਿੰਘ ਨੇ ਦੋਹਾਂ ਦੀ ਰਿਹਾਈ ’ਤੇ ਪਾਬੰਦੀ ਲਾ ਦਿੱਤੀ ਸੀ। ਇਕ-ਦੋ ਦਿਨਾਂ ਦਾ ਮਸਲਾ ਸੀ। ਕਾਤਲਾਂ ਦੀ ਗ੍ਰਿਫ਼ਤਾਰੀ ਪਿੱਛੋਂ ਪੁਲਿਸ ਨੇ ਉਹਨਾਂ ਤੋਂ ਕੀ ਕਰਾਉਣਾ ਸੀ ?

ਵੈਸੇ ਵੀ ਥਾਣੇ ਵਿਚ ਰੌਣਕ ਨੂੰ ਦੇਖ ਕੇ ਉਹਨਾਂ ਦੋਹਾਂ ਦਾ ਮਨ ਲੱਗ ਗਿਆ ਸੀ। ਹੁਣ ਉਹ ਪਹਿਲਾਂ ਵਾਂਗ ਵਿਹਲੇ ਨਹੀਂ ਸਨ।

✶

# 30

ਐਸ.ਐਚ.ਓ. ਨੇ ਬੁੱਢੇ ਬਲਵੰਤ ਸਿਪਾਹੀ ਦੀ ਸਿਆਣਪ ਨੂੰ ਮਾਨਤਾ ਦੇ ਦਿੱਤੀ। ਸੱਚਮੁੱਚ ਉਸ ਤੋਂ ਵੱਧ ਕਾਬਲ ਸਿਪਾਹੀ ਕੋਈ ਸਾਰੇ ਜ਼ਿਲ੍ਹੇ ਵਿਚ ਨਹੀਂ ਸੀ। ਇਹ ਗੱਲ ਪੱਕੀ ਸੀ ਕਿ ਨਾ ਉਸ ਤੋਂ ਵੱਧ ਕੋਈ ਮੁਖ਼ਬਰੀ ਹਾਸਲ ਕਰ ਸਕਦਾ ਸੀ ਅਤੇ ਨਾ ਹੀ ਉਸ ਤੋਂ ਵੱਧ ਕੋਈ ਪੈਸੇ ਬਟੋਰ ਸਕਦਾ ਸੀ।

ਲਾਲ ਸਿੰਘ ਨੇ ਜੇ ਭੋਗ ਤੋਂ ਪਹਿਲਾਂ ਕਾਤਲ ਲੱਭਣੇ ਹਨ ਤਾਂ ਉਸ ਨੂੰ ਬਲਵੰਤ ਦੀ ਸਹਾਇਤਾ ਲੈਣੀ ਹੀ ਪੈਣੀ ਸੀ। ਇਸ ਲਈ ਉਸ ਨੇ ਬਲਵੰਤ ਨੂੰ ਪੁਚਕਾਰ ਲਿਆ ਸੀ ਅਤੇ ਆਪਣੇ ਸਭ ਤੋਂ ਨੇੜਲੇ ਬੰਦਿਆਂ ਦਾ ਖ਼ਿਤਾਬ ਬਖ਼ਸ਼ ਦਿੱਤਾ ਸੀ।

ਬਲਵੰਤ ਦੀ ਮਰਜ਼ੀ ਅਨੁਸਾਰ ਪੁੱਛ-ਗਿੱਛ ਲਈ ਉਸ ਨੂੰ ਸਰਦਾਰਾਂ ਅਤੇ ਸੇਠਾਂ ਦੇ ਦਸ-ਬਾਰਾਂ ਮੁੰਡਿਆਂ ਦੀ ਉਹ ਟੋਲੀ ਮਿਲੀ ਸੀ, ਜਿਨ੍ਹਾਂ ਦਾ ਕਿਸੇ ਧੜੇ ਨਾਲ ਕੋਈ ਵਾਸਤਾ ਨਹੀਂ ਸੀ। ਉਹਨਾਂ ਦਾ ਇਕੋ-ਇਕ ਕੰਮ ਕੰਟੀਨ ਵਿਚ ਬੈਠ ਕੇ ਕਾਫ਼ੀ ਪੀਣਾ ਅਤੇ ਕੁੜੀਆਂ ਛੇੜਨਾ ਸੀ।

ਅਜਿਹੇ ਮੁੰਡਿਆਂ ਨੂੰ ਦੋ ਕਾਰਨਾਂ ਕਰਕੇ ਫੜਿਆ ਗਿਆ ਸੀ। ਪਹਿਲਾ : ਉਹਨਾਂ ਦੇ ਮਾਪਿਆਂ ਤੋਂ ਪੈਸੇ ਇਕੱਠੇ ਕਰਨਾ। ਦੂਜਾ : ਪੁਲਿਸ ਨੂੰ ਨਿਰਪੱਖ ਸਾਬਤ ਕਰਨ ਲਈ ਉਹਨਾਂ ਨੂੰ ਕੁਝ ਹੀ ਘੰਟਿਆਂ ਬਾਅਦ ਛੱਡ ਦਿੱਤਾ ਜਾਣਾ ਸੀ। ਉਹ ਵੀ ਪ੍ਰੈਸ ਰਿਪੋਰਟਰਾਂ ਦੀ ਹਾਜ਼ਰੀ ਵਿਚ।

ਮੁੰਡਿਆਂ ਦੇ ਸੋਹਲ ਸਰੀਰਾਂ ਅਤੇ ਮਾਪਿਆਂ ਦੇ ਰੁਤਬਿਆਂ ਨੂੰ ਧਿਆਨ ਵਿਚ ਰੱਖਦਿਆਂ ਬਲਵੰਤ ਨੇ ਤਫ਼ਤੀਸ਼ ਦੇ ਹਲਕੇ-ਫੁਲਕੇ ਤਰੀਕੇ ਹੀ ਵਰਤਣੇ ਸ਼ੁਰੂ ਕੀਤੇ ਸਨ।

ਭਲੇਮਾਣਸ ਬਲਵੰਤ ਨੇ ਪਹਿਲਾਂ ਉਹਨਾਂ ਨੂੰ ਇਕ ਲਾਈਨ ਵਿਚ ਬਿਠਾ ਕੇ 'ਸੱਚ ਬੋਲਣ' ਦਾ ਮੌਕਾ ਦਿੱਤਾ। ਜੇ ਉਹ ਸਹੀ-ਸਹੀ ਗੱਲ ਦੱਸ ਦੇਣ ਤਾਂ ਬਲਵੰਤ ਕੁਝ ਨਹੀਂ ਆਖੇਗਾ। ਸਰਕਾਰ ਵੱਲੋਂ ਮਿਲਣ ਵਾਲਾ ਸਾਰਾ ਇਨਾਮ ਵੀ ਮੁਖ਼ਬਰ ਨੂੰ ਮਿਲੇਗਾ ਅਤੇ ਥਾਣੇਦਾਰੀ ਵੀ।

ਜਦੋਂ ਸਾਰਿਆਂ ਨੇ ਹੀ ਸਿਰ ਫੇਰ ਦਿੱਤੇ ਤਾਂ ਬਲਵੰਤ ਨੂੰ ਗ਼ੁੱਸਾ ਚੜ੍ਹਨ ਲੱਗਾ।

"ਨਹੀਂ ਪਤਾ ਤਾਂ ਕੋਈ ਨਹੀਂ। ਦੇਖਦੇ ਜਾਓ ਕਿਵੇਂ ਯਾਦ ਆਉਣਗੇ ਬਾਪਾਂ ਦੇ ਨਾਂ ਫਟਾਫਟ ਹਰਾਮਜ਼ਾਦਿਓ ਜੇ ਥੋਡੀ ਰੇਲ ਗੱਡੀ ਨਾ ਬਣਾ ਦਿੱਤੀ ਤਾਂ ਮੇਰਾ ਨਾਂ ਵੀ ਬਲਵੰਤ ਨਹੀਂ।"

ਆਖਦੇ ਬਲਵੰਤ ਨੇ ਪਹਿਲਾਂ ਬਾਣੀਆਂ ਦੇ ਯਸ਼ ਨੂੰ ਬੋਦੀਆਂ ਤੋਂ ਫੜ ਕੇ ਬਾਹਰ ਧੂਹਿਆ।

"ਉਹ ਦੋ ਦਿਨ ਥੋਡੇ ਕਾਰਖ਼ਾਨੇ ਵਿਚ ਰਹੇ.....ਤੂੰ ਰੋਟੀ ਟੁੱਕ ਪਹੁੰਚਾਂਦਾ ਰਿਹਾ.....ਹੁਣ ਆਖਦੈ ਕੁਝ ਨੀ ਪਤਾ.....ਦੱਸ ਕਿਥੇ ਛੱਡ ਕੇ ਆਇਐ ਆਪਣੇ ਬਾਪਾਂ ਨੂੰ ?" ਬਿਨਾਂ ਜਵਾਬ ਉਡੀਕੇ ਬਲਵੰਤ ਨੇ ਅੱਠ-ਦਸ ਥੱਪੜ ਉਸ ਦੀਆਂ ਗੱਲ੍ਹਾਂ 'ਤੇ ਜੜ ਦਿੱਤੇ।

ਯਸ਼ ਦੀਆਂ ਲੱਤਾਂ ਕੰਬਣ ਲੱਗੀਆਂ। ਚੀਕਾਂ ਮਾਰਦਾ ਜਦੋਂ ਉਹ ਬਲਵੰਤ ਦੇ ਪੈਰੀਂ ਪੈਣ ਲੱਗਦਾ ਤਾਂ ਬਲਵੰਤ ਮੁੜ ਬੋਦੀਆਂ ਤੋਂ ਫੜ ਕੇ ਉਸ ਨੂੰ ਉਪਰ ਨੂੰ ਧੂਹ ਲੈਂਦਾ। ਧੌਲ-ਧੱਫਾ ਕਰਦਾ ਮੁੜ ਉਹੋ ਪ੍ਰਸ਼ਨ ਦੁਹਰਾਉਂਦਾ।

"ਦੇਵੀ ਦੀ ਸਹੁੰ ਮੈਨੂੰ ਕੁਝ ਨਹੀਂ ਪਤਾ.....।" ਭੁੱਬਾਂ ਮਾਰ-ਮਾਰ ਸਪੱਸ਼ਟੀਕਰਨ ਦਿੰਦੇ ਯਸ਼ ਦਾ ਗਲਾ ਬੈਠ ਗਿਆ। ਗੱਲ੍ਹਾਂ ਲਾਲ ਹੋ ਗਈਆਂ, ਕੰਨ ਸੁੱਜ ਗਏ। ਪਿਸ਼ਾਬ ਨਿਕਲਣ ਕਾਰਨ ਪੈਂਟ ਗਿੱਲੀ ਹੋ ਗਈ। ਟੱਟੀ ਦੀ ਹਾਜ਼ਤ ਹੋਣ ਲੱਗੀ।

ਹੋਰ ਪਏ ਦੋ ਥੱਪੜਾਂ ਨੇ ਉਸ ਦਾ ਸਿਰ ਚਕਰਾ ਦਿੱਤਾ। ਸਿਰ ਨੂੰ ਚੜ੍ਹਦੀਆਂ ਘੁੰਮਣ-ਘੇਰੀਆਂ ਯਸ਼ ਨੂੰ ਧਰਤੀ 'ਤੇ ਡਿੱਗਣ ਲਈ ਮਜਬੂਰ ਕਰਨ ਲੱਗੀਆਂ।

ਯਸ਼ ਦੀ ਪੈਂਟ ਲੁਹਾ ਕੇ ਮੀਤੇ ਨੂੰ ਫੜਾਈ ਗਈ। ਉਹ ਪੈਂਟ ਦੀਆਂ ਮੂਰੀਆਂ ਨੂੰ ਆਪਸ ਵਿਚ ਬੰਨ੍ਹ ਕੇ ਪਹਿਲਾਂ ਇਸ ਦਾ ਹਾਰ ਬਣਾਏ ਅਤੇ ਫੇਰ ਉਸ ਵਿਚ ਰੇਤ ਭਰ ਲਏ। ਉਹ ਹਾਰ ਯਸ਼ ਦੇ ਗਲ ਵਿਚ ਪਾ ਕੇ ਡੰਡ ਕਢਾਏਗਾ। ਜਿੰਨੀ ਦੇਰ 'ਚ ਹਾਰ ਤਿਆਰ ਹੁੰਦਾ ਹੈ, ਓਨੀ ਦੇਰ 'ਚ ਪਾਲਾ ਉਸ ਨੂੰ ਟੱਟੀਆਂ 'ਚ ਲਿਜਾ ਕੇ ਹਾਜਤ ਮਿਟਾ ਲਿਆਏ।

ਯਸ਼ ਤੋਂ ਵਿਹਲਾ ਹੋ ਕੇ ਬਲਵੰਤ ਜੀਤੀ ਅਤੇ ਨੀਨੂ ਵੱਲ ਹੋਇਆ।

ਉਹਨਾਂ ਦਾ ਰੰਗ ਤਾਂ ਪਹਿਲਾਂ ਹੀ ਪੀਲਾ ਭੂਕ ਹੋਇਆ ਹੋਇਆ ਸੀ। ਬਲਵੰਤ ਦੇ ਨੇੜੇ ਪੁੱਜਦਿਆਂ ਹੀ ਉਹਨਾਂ ਨੂੰ ਪਸੀਨੇ ਛੁੱਟ ਪਏ।

ਉਹਨਾਂ ਦੀਆਂ ਪੈਂਟਾਂ ਲੁਹਾ ਕੇ ਖੁੱਲ੍ਹੇ-ਖੁੱਲ੍ਹੇ ਪਜਾਮੇ ਪਾਏ ਗਏ। ਪਜਾਮਿਆਂ ਵਿਚ ਚੂਹੇ ਛੱਡੇ ਗਏ। ਚੂਹਿਆਂ ਦੀਆਂ ਨਹੁੰਦਰਾਂ ਅਤੇ ਦੰਦੀਆਂ ਉਹਨਾਂ ਨੂੰ ਹਾਲੋਂ-ਬੇਹਾਲ ਕਰਨ ਲੱਗੀਆਂ। ਇਕ-ਦੋ ਵਾਰ ਉਹਨਾਂ ਚੂਹੇ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬਲਵੰਤ ਦੇ ਡੰਡਿਆਂ ਨੇ ਉਂਗਲਾਂ ਸੁਜਾ ਦਿੱਤੀਆਂ।

ਯਸ਼ ਵਾਂਗ ਉਹ ਵੀ ਚੀਕ-ਚਿਹਾੜਾ ਪਾਉਣ ਲੱਗੇ।

ਸੇਠਾਂ ਦੇ ਮੁੰਡਿਆਂ ਦੀਆਂ ਪਈਆਂ ਪਦੀੜਾਂ ਦੇਖ-ਦੇਖ ਪਾਲਾ ਅਤੇ ਮੀਤਾ ਮੁਸਕੜੀਏ ਹੱਸ ਰਹੇ ਸਨ। ਨੌਕਰਾਂ ਨੂੰ ਗਾਲ੍ਹਾਂ ਕੱਢ ਕੇ ਬੁਲਾਉਣ ਵਾਲੇ ਅਤੇ ਸ਼ੁਗਲ-ਸ਼ੁਗਲ ਵਿਚ ਹੀ ਠੁੱਡੇ ਮਾਰ ਦੇਣ ਵਾਲੇ ਨਵਾਬਾਂ ਨੂੰ ਹੁਣ ਪਤਾ ਲੱਗਾ ਹੋਣਾ ਹੈ ਕਿ ਠੁੱਡਾ ਕਿਵੇਂ ਧੁਰ ਅੰਦਰ ਤਕ ਮਾਰ ਕਰਦਾ ਹੈ ? ਉਹ ਮੁੰਡਿਆਂ ਦਾ ਤਮਾਸ਼ਾ ਬੜੇ ਸੁਆਦ ਨਾਲ ਦੇਖ ਰਹੇ ਸਨ।

ਜੀਤੀ ਅਤੇ ਨੀਨੂ ਨੂੰ ਕੁਝ ਦੇਰ ਸੁਸਤਾਉਣ ਦਾ ਵਕਤ ਦੇ ਕੇ ਬਲਵੰਤ ਥਰ-ਥਰ ਕੰਬਦੀ ਬਾਕੀ ਢਾਣੀ ਵੱਲ ਹੋਇਆ।

ਮੁੰਡਿਆਂ ਨੂੰ ਆਪਣੀ-ਆਪਣੀ ਥਾਂ ਮੂਧੇ ਪੈਣ ਦੀ ਹਦਾਇਤ ਹੋਈ। ਪਹਿਲਾਂ ਪੋਲੇ-ਪੋਲੇ ਚਿੱਤੜਾਂ 'ਤੇ ਚਾਰ-ਚਾਰ ਛਿੱਤਰਾਂ ਦਾ ਪ੍ਰਸ਼ਾਦ ਵਰਤਾਇਆ ਗਿਆ। ਫੇਰ ਉਹਨਾਂ ਨੂੰ ਪੁੱਠਿਓਂ-ਸਿੱਧੇ ਅਤੇ ਸਿੱਧਿਓਂ-ਪੁੱਠੇ ਹੋ ਕੇ ਲੋਟਨੀਆਂ ਖਾਣ ਦਾ ਹੁਕਮ ਹੋਇਆ। ਇਸ ਤਰ੍ਹਾਂ ਲਿਟਦੇ-ਲਿਟਦੇ ਉਹਨਾਂ ਵਿਹੜੇ ਦੇ ਇਕ ਖੂੰਜੇ ਤੋਂ ਦੂਜੇ ਖੂੰਜੇ ਤਕ ਜਾਣਾ ਸੀ। ਫੇਰ ਉਧਰੋਂ ਪਹਿਲੇ ਖੂੰਜੇ ਵੱਲ ਆਉਣਾ ਸੀ।

ਮਹਿੰਗੇ-ਮਹਿੰਗੇ ਕੱਪੜੇ ਅਤੇ ਬਣਾ-ਸੰਵਾਰ ਕੇ ਰੱਖੇ ਪਟੇ ਮਿੰਟਾਂ ਵਿਚ ਮਿੱਟੀ 'ਚ ਮਿੱਟੀ ਵਰਗੇ ਹੋ ਗਏ। ਗੋਡਿਆਂ ਅਤੇ ਕੂਹਣੀਆਂ 'ਚੋਂ ਖ਼ੂਨ ਸਿੰਮਣ ਲੱਗਾ। ਮਿੱਟੀ ਨਾਲ ਮੂੰਹ ਭਰ ਜਾਣ ਕਾਰਨ ਕਈਆਂ ਨੂੰ ਉਥੂ ਛਿੜ ਪਏ।

ਰਫ਼ਤਾਰ ਮੱਠੀ ਕਰਨ ਵਾਲਿਆਂ ਲਈ ਬਲਵੰਤ ਦਾ ਡੰਡਾ ਹਾਜ਼ਰ ਸੀ। ਜਿਉਂ ਹੀ ਡੰਡਾ ਗਿੱਟਿਆਂ 'ਤੇ ਵੱਜਦਾ, ਝੱਟ ਉਹਨਾਂ ਦੀ ਰਫ਼ਤਾਰ ਤੇਜ਼ ਹੋ ਜਾਂਦੀ।

ਉਹਨਾਂ ਵਿਚੋਂ ਕੋਈ-ਕੋਈ ਬੇਹੋਸ਼ ਹੋਣ ਲੱਗਾ।

ਉਂਜ ਤਾਂ ਉਹਨਾਂ ਦੀ ਸੁਰਤ ਟਿਕਾਣੇ ਲਿਆ ਕੇ ਬਲਵੰਤ ਦੀ ਤਫ਼ਤੀਸ਼ ਮੁਕੰਮਲ ਹੋ ਚੁੱਕੀ ਸੀ। ਫੇਰ ਵੀ ਮੁੰਡਿਆਂ ਨੂੰ ਮਾਨਸਕ ਤਣਾਓ ਵਿਚ ਰੱਖਣ ਲਈ ਉਹਨਾਂ ਨੂੰ ਕੱਪੜੇ ਝਾੜ ਕੇ ਦੁਬਾਰਾ ਤਿਆਰ ਰਹਿਣ ਦਾ ਹੁਕਮ ਹੋਇਆ।

ਬਲਵੰਤ ਦਾ ਅਗਲਾ ਕੰਮ ਮੁੰਡਿਆਂ ਦੇ ਸਿਫ਼ਾਰਸ਼ੀਆਂ ਨੂੰ ਮਿਲਣਾ ਸੀ। ਸੰਤਰੀ ਦੱਸ ਰਿਹਾ ਸੀ ਕਿ ਪਹਿਲਵਾਨ ਦੇ ਢਾਬੇ ਤੋਂ ਲੈ ਕੇ ਪਾਂਧੇ ਅਰਜ਼ੀ ਨਵੀਸ ਤਕ ਸਭ ਦੁਕਾਨਾਂ ਸਿਫ਼ਾਰਸ਼ੀਆਂ ਨਾਲ ਭਰੀਆਂ ਪਈਆਂ ਸਨ। ਉਹ ਜਾਏ ਅਤੇ ਉਹਨਾਂ ਨਾਲ ਸੰਪਰਕ ਕਾਇਮ ਕਰੇ।

ਥਾਣਿਉਂ ਬਾਹਰ ਜਾਂਦਾ ਬਲਵੰਤ ਮੁੰਡਿਆਂ ਨੂੰ ਇਕ ਵਾਰ ਫੇਰ ਤਾੜਨ ਲੱਗਾ।

"ਤੁਸੀਂ ਦਮ ਮਾਰ ਲਓ। ਕਾਤਲਾਂ ਬਾਰੇ ਸੋਚ ਲਓ। ਕੁਝ ਦੱਸਣਾ ਹੋਵੇ ਤਾਂ ਦੱਸ ਦੇਣਾ। ਨਹੀਂ ਅਗਲੇ ਦੌਰ ਦੀ ਤਫ਼ਤੀਸ਼ ਲਈ ਤਿਆਰ ਰਹਿਣਾ।"

ਅਗਲਾ ਦੌਰ ਕੀ ਹੋਵੇਗਾ, ਇਸ ਦੀ ਝਲਕ ਉਹਨਾਂ ਨੂੰ ਨਾਜ਼ਰ ਕੋਲੋਂ ਮਿਲ ਸਕਦੀ ਸੀ, ਜਿਹੜਾ ਖਾੜਕੂਆਂ ਨਾਲ ਨਜਿੱਠ ਰਿਹਾ ਸੀ।

ਖਾੜਕੂਆਂ ਵਿਚੋਂ ਨਾਜ਼ਰ ਨੂੰ ਕੇਵਲ ਉਹੀ ਗਰੁੱਪ ਦਿੱਤਾ ਗਿਆ ਸੀ, ਜਿਹੜੇ ਜਥੇਬੰਦੀ ਦੇ ਅਹੁਦੇਦਾਰ ਸਨ ਜਾਂ ਫੇਰ ਆਪਣੇ ਆਪ ਨੂੰ ਕਾਰਵਾਈਆਂ ਲਈ ਸਹੀ ਠਹਿਰਾ ਰਹੇ ਸਨ।

ਉਹ ਸਾਰੇ ਮੁੰਡੇ ਜਿਹੜੇ ਪੁਲਿਸ ਦੇ ਪਹਿਲੇ ਦਬਕੇ ਨਾਲ ਹੀ ਆਪਣਾ ਸੰਤੁਲਨ ਗਵਾ ਬੈਠੇ ਸਨ ਅਤੇ ਜਥੇਬੰਦੀ ਵਿਚ ਸ਼ਾਮਲ ਹੋਣ ਦੇ ਆਪਣੇ ਉਦੇਸ਼ ਨੂੰ ਫਟਾ-ਫਟ ਦੱਸ ਚੁੱਕੇ ਸਨ, ਉਹਨਾਂ ਨੂੰ ਇਕ ਪਾਸੇ ਕਰ ਲਿਆ ਗਿਆ ਸੀ।

ਪਾਸ ਕੀਤੇ ਗਏ ਮੁੰਡਿਆਂ ਵਿਚੋਂ ਇਕ ਨੇ ਦੱਸਿਆ ਕਿ ਉਸ ਦਾ ਕੱਪੜੇ ਵਾਲੇ ਭਾਪੇ ਦੀ ਕੁੜੀ ਨਾਲ ਇਸਕ ਸੀ। ਬਲਬੀਰੋ ਪਰੀਆਂ ਵਰਗੀ ਕੁੜੀ ਸੀ। ਹੱਥ ਲਾਇਆਂ ਮੈਲੀ ਹੁੰਦੀ ਸੀ। ਬਲਬੀਰੋ ਨੂੰ ਹੀਰੋ ਮਾਰਕਾ ਮੁੰਡੇ ਪਸੰਦ ਸਨ। ਮੁੰਡਾ ਕੋਈ ਹੋਰ ਮਾਰਕਾ ਮਾਰਨ ਦੇ ਤਾਂ ਕਾਬਲ ਨਹੀਂ ਸੀ, ਉਹ ਜਥੇਬੰਦੀ ਵਿਚ ਸ਼ਾਮਲ ਹੋ ਗਿਆ। ਬਲਬੀਰੋ ਨੂੰ ਦਿਖਾਉਣ ਲਈ ਉਹ ਜਥੇਬੰਦੀ ਦੇ ਉਹਨਾਂ ਸਾਰੇ ਕੰਮਾਂ ਵਿਚ ਵਧ-ਚੜ੍ਹ ਕੇ ਹਿੱਸਾ ਲੈਂਦਾ ਸੀ, ਜਿਥੇ ਬਲਬੀਰੋ ਹਾਜ਼ਰ ਹੁੰਦੀ ਸੀ। ਜਥੇਬੰਦੀ ਦੇ ਗੁਪਤ ਪ੍ਰੋਗਰਾਮਾਂ ਵਿਚ ਉਸ ਨੇ ਕਦੇ ਹਿੱਸਾ ਨਹੀਂ ਲਿਆ। ਜਦੋਂ ਦੀ ਬਲਬੀਰੋ ਬੀ.ਏ. ਕਰ ਕੇ ਯੂਨੀਵਰਸਿਟੀ ਚਲੀ ਗਈ ਸੀ, ਉਸ ਨੇ ਵੀ ਜਥੇਬੰਦੀ ਛੱਡ ਦਿੱਤੀ ਸੀ।

ਦੂਜੇ ਦੇ ਹਿਸਾਬ ਦੇ ਲੈਕਚਰ ਘੱਟ ਸਨ। ਹਿਸਾਬ ਵਾਲਾ ਪ੍ਰੋਫ਼ੈਸਰ ਕਿਸੇ ਤਰ੍ਹਾਂ ਵੀ ਹਾਜ਼ਰੀਆਂ ਪੂਰੀਆਂ ਕਰਨ ਨੂੰ ਤਿਆਰ ਨਹੀਂ ਸੀ। ਕਿਧਰੇ ਇਮਤਿਹਾਨ ਵਿਚ ਹੀ ਬੈਠਣ ਤੋਂ ਨਾ ਰਹਿ ਜਾਏ, ਇਸ ਲਈ ਉਹ ਜਥੇਬੰਦੀ ਵਿਚ ਸ਼ਾਮਲ ਹੋ ਗਿਆ। ਡਰਦੇ ਪ੍ਰੋਫ਼ੈਸਰ ਨੇ ਲੈਕਚਰ ਪੂਰੇ ਕਰ ਦਿੱਤੇ। ਹੁਣ ਉਹ ਜਥੇਬੰਦੀ ਨੂੰ ਭੁਲਾ ਕੇ ਪੜ੍ਹਾਈ ਵਿਚ ਮਸਰੂਫ਼ ਸੀ। ਉਹ ਸਾਇੰਸ ਦਾ ਵਿਦਿਆਰਥੀ ਸੀ। ਪਹਿਲਾਂ ਹੀ ਬਥੇਰਾ ਨੁਕਸਾਨ ਹੋ ਗਿਆ ਸੀ।

ਨਾਜ਼ਰ ਹਵਾਲੇ ਹੋਏ ਮੁੰਡੇ ਕੁਝ ਵੀ ਦੱਸਣ ਨੂੰ ਤਿਆਰ ਨਹੀਂ ਸਨ। ਉਹ ਅਡੋਲ ਅਤੇ ਸ਼ਾਂਤ-ਚਿੱਤ ਖੜੇ ਸਨ।

ਨਾਜ਼ਰ ਦੀ ਡਿਊਟੀ ਉਹਨਾਂ ਦੇ ਮੂੰਹ ਖੁਲ੍ਹਾਉਣ ਦੀ ਸੀ।

"ਮੈਂ ਚਾਹੁੰਦਾ ਸਾਂ ਕਿ ਤੁਸੀਂ ਬਿਨਾਂ ਨਾਜ਼ਰ ਦੇ ਹੱਥ ਦੇਖੇ ਹੀ ਸਭ ਕੁਝ ਬਕ ਦੇਵੋ। ਮੈਂ ਹਿਸਾਬ ਦਾ ਪ੍ਰੋਫ਼ੈਸਰ ਤਾਂ ਹਾਂ ਨਹੀਂ ਬਈ ਸੋਥੋਂ ਡਰ ਜਾਊਂਗਾ। ਮੈਂ ਤਾਂ ਥੋਡੇ ਅੰਦਰਲੇ ਭੂਤ ਬੁਲਾ ਕੇ ਹੀ ਛੱਡੂੰ।"

ਸੋਚਣ ਦਾ ਕੁਝ ਵਕਤ ਦੇ ਕੇ ਨਾਜ਼ਰ ਕੁਆਰਟਰ ਚਲਾ ਗਿਆ। ਖ਼ਤਰਨਾਕ ਜਥੇਬੰਦੀ ਦੇ ਕਾਰਕੁਨਾਂ ਦੀ ਤਫ਼ਤੀਸ਼ ਲਈ ਹੌਸਲੇ ਦੀ ਜ਼ਰੂਰਤ ਸੀ। ਹੌਸਲੇ ਲਈ ਵਿਸਕੀ ਦਾ ਸਹਾਰਾ ਲੈਣਾ ਪੈਣਾ ਸੀ। ਉਸ ਨੇ ਦੋ ਵੱਡੇ ਸਾਰੇ ਪੈੱਗ ਅੰਦਰ ਸੁੱਟੇ ਅਤੇ ਨਮਕੀਨ ਪਕੌੜੀਆਂ ਚਬਾਉਂਦਾ ਉਹਨੀਂ ਪੈਰੀਂ ਵਾਪਸ ਮੁੜ ਆਇਆ।

"ਲੈ ਬਈ ਪ੍ਰਧਾਨ, ਪਹਿਲਾਂ ਫੇਰ ਤੂੰ ਹੀ ਤਿਆਰ ਹੋ।" ਡੰਡੇ ਦੇ ਇਸ਼ਾਰੇ ਨਾਲ ਉਸ ਨੇ ਇਕ ਸੋਹਣੇ-ਸੁਨੱਖੇ ਅਤੇ ਸਰੂ ਦੇ ਕੱਦ ਵਰਗੇ ਉੱਚੇ-ਲੰਬੇ ਮੁੰਡੇ ਨੂੰ ਅੱਗੇ ਬੁਲਾਇਆ।

ਮੁੰਡਾ ਬਿਨਾਂ ਝਿਜਕ ਨਾਜ਼ਰ ਵੱਲ ਵਧਿਆ।

"ਕੱਪੜੇ ਲਾਹ ਤੇ ਕੰਬਲ ਵੱਲ ਹੋ.....।"

"ਤੂੰ ਮੀਤਿਆ, ਉਹ ਕਿੱਲੋਮੀਟਰ ਲਿਆ....." ਰੁਕ-ਰੁਕ ਕੇ ਨਾਜ਼ਰ ਨੇ ਦੋਹਾਂ ਨੂੰ ਹੁਕਮ ਸੁਣਾਏ।

ਮੁੰਡਾ ਕੱਪੜੇ ਲਾਹੁਣ ਨੂੰ ਤਿਆਰ ਨਹੀਂ ਸੀ। ਮੀਤਾ ਕਿੱਲੋਮੀਟਰ ਨਾਂ ਦਾ ਇਕ ਫੱਟਾ ਚੁੱਕ ਲਿਆਇਆ ਸੀ। ਪਾਲੇ ਨੇ ਕੰਬਲ ਵਿਛਾ ਦਿੱਤਾ ਸੀ। ਦੋ-ਤਿੰਨ ਸਿਪਾਹੀ ਕੰਬਲ ਦੁਆਲੇ ਆ ਖੜੋਤੇ ਸਨ।

"ਅੰਡਰ-ਵੀਅਰ ਅਤੇ ਬਨੈਣ ਵੀ ਲਾਹ ਦੇ....." ਨਾਜ਼ਰ ਦੇ ਇਸ ਹੁਕਮ ਦੀ ਪ੍ਰਧਾਨ ਨੇ ਕੋਈ ਪ੍ਰਵਾਹ ਨਾ ਕੀਤੀ।

ਪ੍ਰਧਾਨ ਦਾ ਸ਼ਰਮਾਕਲ ਸੁਭਾਅ ਸਾਰੇ ਕਾਲਜ ਵਿਚ ਮਸ਼ਹੂਰ ਸੀ। ਪੰਜਾਂ ਭੈਣਾਂ ਦੇ ਇਕੋ-ਇਕ ਭਰਾ ਵਿਚ ਬਹੁਤੀਆਂ ਆਦਤਾਂ ਕੁੜੀਆਂ ਵਾਲੀਆਂ ਹੀ ਸਨ। ਕਦੇ ਪਿੰਜਣੀ ਵੀ ਨੰਗੀ ਹੋ ਜਾਵੇ ਤਾਂ ਉਹ ਪਾਣੀ-ਪਾਣੀ ਹੋ ਜਾਂਦਾ। ਆਪਣੇ ਜਮਾਤੀਆਂ ਸਾਹਮਣੇ ਅਲਫ਼-ਨੰਗਾ ਹੋਣ ਨਾਲੋਂ ਉਸ ਲਈ ਮਰਨਾ ਚੰਗਾ ਸੀ।

"ਅਸੀਂ ਫੇਰ ਦੂਜੇ ਲੋਟ ਵੀ ਲਾਹ ਦਿਆਂਗੇ.....।" ਆਪਣੇ ਹੱਥ 'ਚ ਫੜੇ ਡੰਡੇ ਨੂੰ ਪ੍ਰਧਾਨ ਦੇ ਅੰਡਰ-ਵੀਅਰ ਵਿਚ ਅੜਾਉਂਦੇ ਨਾਜ਼ਰ ਨੇ ਸਖ਼ਤੀ ਵਰਤਣੀ ਸ਼ੁਰੂ ਕੀਤੀ। ਵਿਸਕੀ ਆਪਣਾ ਰੰਗ ਦਿਖਾਉਣ ਲੱਗੀ ਸੀ। ਉਸ ਦੇ ਹੌਸਲੇ ਬੁਲੰਦ ਸਨ।

"ਜਿਹੜੀ-ਜਿਹੜੀ ਕਾਰਵਾਈ ਸਾਡੀ ਜਥੇਬੰਦੀ ਨੇ ਕੀਤੀ ਹੈ, ਉਹ ਸਾਰੀ ਮੈਂ ਦੱਸ ਚੁੱਕਾ ਹਾਂ। ਸਾਡਾ ਬੰਟੀ ਦੇ ਕਤਲ ਨਾਲ ਕੋਈ ਸੰਬੰਧ ਨਹੀਂ। ਨਾ ਹੀ ਕੋਈ ਸੱਚਾ ਸਿੱਖ ਮਾਸੂਮਾਂ ਦਾ ਕਤਲ ਕਰ ਸਕਦੈ.....। ਇਹ ਕਿਸੇ ਮੁਜਰਮ ਦਾ ਕੰਮ ਹੈ.....।" ਆਪਣੇ ਪਹਿਲੇ ਬਿਆਨ ਨੂੰ ਪ੍ਰਧਾਨ ਨੇ ਫੇਰ ਦੁਹਰਾਇਆ।

ਉਹ ਪਹਿਲਾਂ ਹੀ ਦੱਸ ਚੁੱਕਾ ਸੀ ਕਿ ਉਹਨਾਂ ਦੀ ਜਥੇਬੰਦੀ ਨੇ ਸਿਗਰਟਾਂ ਦੀਆਂ ਦੁਕਾਨਾਂ ਬੰਦ ਕਰਵਾਉਣ, ਮੀਟ ਵਾਲਿਆਂਾਂ ਨੂੰ ਕਿੱਤਾ ਬਦਲਣ ਅਤੇ ਸ਼ਰਾਬ ਦੇ ਠੇਕੇਦਾਰਾਂ ਨੂੰ ਸ਼ਰਾਬ ਵੇਚਣੋਂ ਹਟਣ ਦੀਆਂ ਧਮਕੀਆਂ ਜ਼ਰੂਰ ਦਿੱਤੀਆਂ ਹਨ। ਉਹ ਬਰਾਤ ਦੀ ਗਿਣਤੀ ਦਸਾਂ ਬੰਦਿਆਂ ਤੋਂ ਵਧਾਉਣ ਦੇ ਹੱਕ ਵਿਚ ਹੀ ਨਹੀਂ ਸਨ।

ਜਿਹੜੇ ਦੁਕਾਨਦਾਰਾਂ ਨੇ ਉਹਨਾਂ ਦੀ ਧਮਕੀ ਦੀ ਪਰਵਾਹ ਨਹੀਂ ਕੀਤੀ, ਉਹਨਾਂ ਨੂੰ ਜਥੇਬੰਦੀ ਨੇ ਜ਼ਰੂਰ ਸੋਧਿਆ ਸੀ। ਠੇਕੇ ਲੁੱਟੇ ਸਨ, ਖੋਖੇ ਸਾੜੇ ਸਨ ਅਤੇ ਸਿਗਰਟਾਂ ਵਾਲਿਆਂ ਨੂੰ ਸ਼ਹਿਰੋਂ ਭਜਾਇਆ ਸੀ। ਇਕ-ਦੋ ਬਰਾਤਾਂ ਨੂੰ ਬਰੰਗ ਭਿਜਵਾਇਆ ਸੀ।

ਖਾੜਕੂਆਂ ਦੀ ਹੋਰ ਕਿਸੇ ਯੋਜਨਾਂ 'ਤੇ ਉਹਨਾਂ ਨੇ ਧਿਆਨ ਨਹੀਂ ਸੀ ਦਿੱਤਾ। ਨਾ ਕਿਸੇ ਤੋਂ ਫਰੌਤੀ ਮੰਗੀ ਸੀ, ਨਾ ਕਿਸੇ ਨੂੰ ਇਸ ਲਈ ਤੰਗ ਕੀਤਾ ਸੀ ਕਿ ਉਹ ਕਿਸੇ ਇਕ ਖ਼ਾਸ ਤਬਕੇ ਨਾਲ ਸੰਬੰਧ ਰੱਖਦਾ ਸੀ।

ਇਸੇ ਲਈ ਸ਼ਹਿਰ ਵਿਚ ਅਮਨ ਸੀ।

ਇਸ ਬਿਆਨ ’ਤੇ ਨਾ ਐਸ.ਐਚ.ਓ. ਦੀ ਤਸੱਲੀ ਹੋਈ, ਨਾ ਨਾਜ਼ਰ ਦੀ ਹੋਈ। ਉਹਨਾਂ ਨੂੰ ਇਕੋ ਤਸੱਲੀ ਸੀ ਕਿ ਮੁੰਡੇ ਇਕਬਾਲ ਕਰਨ ਲੱਗੇ ਸਨ। ਥੋੜ੍ਹੀ ਜਿਹੀ ਸਖ਼ਤੀ ਨਾਲ ਬੰਟੀ ਦਾ ਕਤਲ ਵੀ ਨਿਕਲ ਆਉਣਾ ਸੀ।

‘ਕਿੱਲੋਮੀਟਰ’ ਲਾਉਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਸਨ। ਇਹ ਦੇਖ ਕੇ ਨਾਜ਼ਰ ਨੇ ਪਾਲੇ ਨੂੰ ਪ੍ਰਧਾਨ ਦਾ ਅੰਡਰ-ਵੀਅਰ ਲਾਹੁਣ ਦਾ ਹੁਕਮ ਦਿੱਤਾ।

ਜਿਉਂ ਹੀ ਅੱਗੇ ਵਧ ਕੇ ਪਾਲਾ ਪ੍ਰਧਾਨ ਦੇ ਅੰਡਰ-ਵੀਅਰ ਨੂੰ ਹੱਥ ਪਾਉਣ ਲੱਗਾ, ਇਕ ਕਰਾਰਾ ਜਿਹਾ ਥੱਪੜ ਉਸ ਦੀ ਸੱਜੀ ਗੱਲ੍ਹ ’ਤੇ ਪਿਆ

ਟੀਂ-ਟੀਂ ਕਰਦੇ ਕੰਨ ਨਾਲ ਪਾਲਾ ਪਿਛਾਂਹ ਹਟ ਗਿਆ।

ਨਾਜ਼ਰ ਨੂੰ ਲੱਗਾ ਜਿਵੇਂ ਇਹ ਥੱਪੜ ਪਾਲੇ ਦੇ ਨਹੀਂ, ਉਸ ਦੀ ਆਪਣੀ ਗੱਲ੍ਹ ’ਤੇ ਪਿਆ ਸੀ। ਕੋਈ ਸਾਧਾਰਨ ਮੁਜਰਮ ਹੁੰਦਾ ਤਾਂ ਨਾਜ਼ਰ ਨੇ ਹੁਣ ਤਾਈਂ ਉਸ ਨੂੰ ਬੋਕ ਵਾਂਗ ਢਾਹਿਆ ਹੁੰਦਾ। ਖਾੜਕੂ ਜਥੇਬੰਦੀ ਦੇ ਪ੍ਰਧਾਨ ਨਾਲ ਵਾਹ ਪੈਣ ਕਰਕੇ ਉਸ ਨੂੰ ਗੁੱਸਾ ਪੀਣਾ ਪਿਆ।

“ਨਹੀਂ ਲਾਹੁੰਦਾ ਨਾ ਸਹੀ।” ਮਨ ਨਾਲ ਸਮਝੌਤਾ ਕਰ ਕੇ ਨਾਜ਼ਰ ਨੇ ਪ੍ਰਧਾਨ ਨੂੰ ਕੰਬਲ ’ਤੇ ਬੈਠ ਕੇ ਟੰਗਾਂ ਸਿਧੀਆਂ ਕਰਨ ਦਾ ਹੁਕਮ ਦਿੱਤਾ।

ਪ੍ਰਧਾਨ ਹਰ ਤਰ੍ਹਾਂ ਦੇ ਤਸੀਹੇ ਸਹਿਣ ਲਈ ਤਿਆਰ ਸੀ।

ਆਮ ਤੌਰ ’ਤੇ ਕਿੱਲੋਮੀਟਰ ਲਾਉਣ ਲੱਗਿਆਂ ਕੇਸ ਖੁਲ੍ਹਾ ਲਏ ਜਾਂਦੇ ਹਨ। ਜੂੜਾ ਖੋਲ ਕੇ ਕੇਸਾਂ ਨੂੰ ਇਕ ਸਿਪਾਹੀ ਆਪਣੇ ਹੱਥਾਂ ਵਿਚ ਫੜ ਲੈਂਦਾ ਹੈ ਤਾਂ ਜੋ ਤਕਲੀਫ਼ ਹੋਣ ’ਤੇ ਛਟਪਟਾਉਂਦੇ ਬੰਦੇ ਨੂੰ ਕਾਬੂ ਰੱਖਿਆ ਜਾ ਸਕੇ। ਅੰਡਰ-ਵੀਅਰ ਦੇ ਤਜਰਬੇ ਤੋਂ ਘਬਰਾਏ ਨਾਜ਼ਰ ਦੀ ਹਿੰਮਤ ਨਹੀਂ ਸੀ ਪਈ ਕਿ ਉਹ ਪ੍ਰਧਾਨ ਦੇ ਕੇਸਾਂ ਨੂੰ ਹੱਥ ਲਾ ਜਾਏ। ਉਹ ਪ੍ਰਧਾਨ ਦੀ ਪੱਗ ਲੁਹਾਉਣ ਤੋਂ ਵੀ ਝਿਜਕਿਆ।

ਪ੍ਰਧਾਨ ਦੇ ਹੱਥਾਂ ਨੂੰ ਢੂਹੀ ’ਤੇ ਲਿਜਾ ਕੇ ਬੰਨ੍ਹ ਦਿੱਤਾ ਗਿਆ। ਗੁੱਟਾਂ ’ਤੇ ਬੰਨ੍ਹੇ ਪਰਨੇ ਨੂੰ ਇਕ ਸਿਪਾਹੀ ਨੇ ਚੰਗੀ ਤਰ੍ਹਾਂ ਫੜ ਲਿਆ।

ਕਿੱਲੋਮੀਟਰ ਪ੍ਰਧਾਨ ਦੇ ਪੱਟਾਂ ’ਤੇ ਰੱਖਿਆ ਗਿਆ।

ਫੱਟੇ ਦੇ ਦੋਹਾਂ ਸਿਰਿਆਂ ’ਤੇ ਪਹਿਲਾਂ ਦੋ ਮੋਟੇ ਸਿਪਾਹੀਆਂ ਨੇ ਚੜ੍ਹਨਾ ਸੀ। ਜੇ ਬਹੁਤਾ ਨਹੀਂ ਤਾਂ ਉਹਨਾਂ ਦਾ ਭਾਰ ਕੁਇੰਟਲ-ਕੁਇੰਟਲ ਜ਼ਰੂਰ ਹੋਏਗਾ। ਜਿਵੇਂ ਉਹਨਾਂ ਨੂੰ ਇਸੇ ਕੰਮ ਲਈ ਪਾਲਿਆ ਗਿਆ ਸੀ।

ਪ੍ਰਧਾਨ ਦੇ ਖੱਬੇ-ਸੱਜੇ ਖੜੇ ਸਿਪਾਹੀਆਂ ਨੇ ਪਹਿਲਾਂ ਇਕ-ਇਕ ਪੈਰ ਫੱਟੇ ’ਤੇ ਧਰਿਆ। ਇਕ-ਇਕ ਦੋ-ਦੋ ਜੰਪ ਮਾਰ ਕੇ ਉਹ ਇਕਦਮ ਫੱਟੇ ’ਤੇ ਚੜ੍ਹ ਗਏ।

ਦਰਦ ਨਾ ਸਹਾਰਦੇ ਹੋਏ ਪ੍ਰਧਾਨ ਦੀਆਂ ਸਾਰੀਆਂ ਨਸਾਂ ਕੱਸੀਆਂ ਗਈਆਂ। ਸਾਰਾ ਸਰੀਰ ਸੂਹਾ ਹੋ ਗਿਆ। ਅੱਖਾਂ ਵਿਚ ਪਾਣੀ ਸਿੰਮ ਪਿਆ। ਦਿਲ ਦੀ ਧੜਕਣ ਸਾਫ਼ ਸੁਣਾਈ ਦੇਣ ਲੱਗੀ।

ਪ੍ਰਧਾਨ ਦਾ ਪੂਰਾ ਜ਼ੋਰ ਲੱਗਾ ਹੋਇਆ ਸੀ ਕਿ ਮੂੰਹ ਵਿਚੋਂ ਕੋਈ ਚੀਕ ਨਾ ਨਿਕਲ ਸਕੇ। ਉਹ ਦੰਦਾਂ ਹੇਠ ਜੀਭ ਲਈ ਪਾਠ ਕਰਦਾ ਰਿਹਾ। ਉਹ ਕਾਫ਼ੀ ਹੱਦ ਤਕ ਕਾਮਯਾਬ ਸੀ। ਫੇਰ ਵੀ ਕਦੇ-ਕਦੇ ਕਰਾਹੁਣ ਦੀ ਆਵਾਜ਼ ਨਿਕਲ ਹੀ ਜਾਂਦੀ।

“ਕੁਝ ਬਕਦੈਂ.....ਜਾਂ ਹੋਰ ਨਜ਼ਾਰਾ ਦੇਖਣੈ.....” ਪ੍ਰਧਾਨ ਨੂੰ ਕੇਸਾਂ ਦੀ ਥਾਂ ਗਲੇ ਤੋਂ ਫੜ ਕੇ ਨਾਜ਼ਰ ਨੇ ਆਪਣਾ ਪ੍ਰਸ਼ਨ ਦੁਹਰਾਇਆ।

"ਜੋ ਸੀ ਦੱਸ ਦਿੱਤਾ.....ਹੋਰ ਕੁਝ ਨਹੀਂ ਪਤਾ....."

"ਚਲੋ ਬਈ ਤੁਸੀਂ ਵੀ....." ਪਾਲੇ ਅਤੇ ਮੀਤੇ ਨੂੰ ਬਾਹੋਂ ਫੜ-ਫੜ ਫੱਟੇ 'ਤੇ ਚੜ੍ਹਾਉਂਦੇ ਨਾਜ਼ਰ ਨੇ ਸਖ਼ਤੀ ਵਧਾਈ।

ਫੱਟੇ ਹੇਠ ਕਿੜ-ਕਿੜ ਹੋਣ ਲੱਗੀ। ਮੀਤੇ ਨੂੰ ਲੱਗਾ, ਪ੍ਰਧਾਨ ਦੀਆਂ ਹੱਡੀਆਂ ਟੁੱਟ ਰਹੀਆਂ ਸਨ। ਉਹ ਡਰਦਾ ਹੇਠਾਂ ਉਤਰ ਗਿਆ। ਪਿੱਛੇ ਹੀ ਸਿਪਾਹੀ ਵੀ ਉਤਰ ਗਏ। ਪ੍ਰਧਾਨ ਬੇਹੋਸ਼ ਹੋਣ ਵਾਲਾ ਹੀ ਸੀ।

ਮੁੜ ਉਹੋ ਕਾਰਵਾਈ ਦੁਹਰਾਈ ਗਈ। ਪੱਟਾਂ 'ਤੇ ਤੇਲ ਦੀਆਂ ਮਾਲਿਸ਼ਾਂ, ਦੁੱਧ ਦਾ ਗਲਾਸ ਅਤੇ ਸਿਪਾਹੀਆਂ ਦੇ ਮੋਢਿਆਂ ਦੇ ਸਹਾਰੇ ਥਾਣੇ ਦੇ ਚੱਕਰ।

ਦੂਜੇ ਕਾਰਕੁਨਾਂ 'ਤੇ ਹੋਏ ਤਸ਼ੱਦਦ ਵੀ ਵਿਅਰਥ ਗਏ।

ਹੰਭ ਕੇ ਨਾਜ਼ਰ ਬੈਠ ਗਿਆ। ਉਸ ਨੂੰ ਘਬਰਾਹਟ ਹੋਣ ਲੱਗੀ। ਲੱਗਦਾ ਸੀ ਬਲੱਡ ਪ੍ਰੈਸ਼ਰ ਜ਼ਿਆਦਾ ਹੀ ਹਾਈ ਹੋ ਗਿਆ ਸੀ। ਕਹਾਣੀ ਤਾਂ ਅੱਗੇ ਤੁਰ ਹੀ ਨਹੀਂ ਸੀ ਰਹੀ। ਕੁਝ ਘੜੀਆਂ ਸੁਸਤਾਉਣ ਲਈ ਉਹ ਆਪਣੇ ਕੁਆਰਟਰ ਚਲਿਆ ਗਿਆ।

ਪ੍ਰਗਤੀਵਾਦੀਆਂ ਦੁਆਲੇ ਲਾਲ ਸਿੰਘ ਖ਼ੁਦ ਹੋਇਆ ਹੋਇਆ ਸੀ।

ਉਹ ਮੁੰਡਿਆਂ ਨੂੰ ਅਜਿਹਾ ਸਬਕ ਸਿਖਾਉਣਾ ਚਾਹੁੰਦਾ ਸੀ ਕਿ ਮੁੰਡੇ ਤਾਂ ਵੀ, ਉਹਨਾਂ ਦੀਆਂ ਆਉਣ ਵਾਲੀਆਂ ਨਸਲਾਂ ਵੀ ਪੁਲਿਸ ਨਾਲ ਪੰਗਾ ਲੈਣ ਦੀ ਜੁਰਅਤ ਨਾ ਕਰਨ।

ਇਸ ਜਥੇਬੰਦੀ ਦੇ ਅੱਠ ਮੁੰਡੇ ਪੁਲਿਸ ਦੇ ਹੱਥ ਆਏ ਸਨ। ਨਾਂ ਪਤਾ ਪੁੱਛਣ 'ਤੇ ਪਤਾ ਲੱਗਾ, ਕੋਈ ਸਾਂਸੀਆਂ ਦਾ ਮੁੰਡਾ ਸੀ, ਕੋਈ ਮਿਸਤਰੀਆਂ ਦਾ, ਕੋਈ ਪੰਡਤਾਂ ਦਾ ਅਤੇ ਕੋਈ ਸਿੱਖਾਂ ਦਾ। ਲਾਲ ਸਿੰਘ ਨੂੰ ਯਕੀਨ ਨਹੀਂ ਸੀ ਆਇਆ। ਦੇਖਣ ਨੂੰ ਸਭ ਇਕੋ ਜਿਹੇ ਲੱਗਦੇ ਸਨ। ਸਭ ਦੇ ਕੇਸ ਕੱਟੇ ਹੋਏ ਅਤੇ ਦਾੜ੍ਹੀ ਥੋੜ੍ਹੀ-ਥੋੜ੍ਹੀ ਵਧਾਈ ਹੋਈ ਸੀ। ਕੇਸ ਦਾੜ੍ਹੀ ਦਾ ਸਟਾਈਲ ਉਹਨਾਂ ਬੰਦਿਆਂ ਨਾਲ ਹੂ-ਬ-ਹੂ ਮਿਲਦਾ ਸੀ, ਜਿਹੜੇ ਉਸ ਦਿਨ ਬਾਬੇ ਦੁਆਲੇ ਬੰਦੂਕਾਂ ਤਾਣੀ ਖੜ੍ਹੇ ਸਨ। ਫ਼ਰਕ ਸੀ ਤਾਂ ਕੇਵਲ ਉਮਰ ਵਿਚ। ਇਹ ਅੱਲ੍ਹੜ ਸਨ, ਪਰ ਉਹ ਪੱਕੀ ਉਮਰ ਦੇ ਸਨ।

ਲਾਲ ਸਿੰਘ ਨੂੰ ਗੋਲੀ ਚਲਾਉਣ ਵਾਲਿਆਂ 'ਤੇ ਬਹੁਤ ਗ਼ੁੱਸਾ ਸੀ, ਪਰ ਉਹ ਸਨ ਕੌਣ, ਇਸ ਦਾ ਥਹੁ ਪਤਾ ਨਹੀਂ ਸੀ ਲੱਗ ਰਿਹਾ। ਨਾ ਬਾਬੇ ਨੇ ਜ਼ੁਬਾਨ ਖੋਲ੍ਹੀ ਸੀ, ਨਾ ਇਹਨਾਂ ਮੁੰਡਿਆਂ ਨੇ ਕੋਈ ਰਾਹ ਦਿੱਤਾ ਸੀ। ਇਕ ਵਾਰ ਉਹ ਮਿਲ ਜਾਂਦੇ ਤਾਂ ਲਾਲ ਸਿੰਘ ਮਾਰ-ਮਾਰ ਕੇ ਉਹਨਾਂ ਨੂੰ ਨਹਿਰਾਂ 'ਚ ਕਿਹੜਾ ਨਾ ਸੁੱਟ ਆਉਂਦਾ। ਉਹਨਾਂ ਨੇ ਪੁਲਿਸ ਦੀ ਸਾਰੀ ਯੋਜਨਾ ਮਿੱਟੀ ਵਿਚ ਮਿਲਾ ਦਿੱਤੀ ਸੀ। ਮੁੜ ਬਾਬਾ ਹੀਰੋ ਬਣਦਾ ਜਾ ਰਿਹਾ ਸੀ।

ਲਾਲ ਸਿੰਘ ਨੂੰ ਬੰਟੀ ਦੇ ਕਾਤਲਾਂ ਸੰਬੰਧੀ ਤਾਂ ਇਹਨਾਂ ਤੋਂ ਪੁੱਛ-ਗਿੱਛ ਕਰਨ ਦੀ ਕੋਈ ਜ਼ਰੂਰਤ ਨਹੀਂ ਸੀ। ਉਹ ਬਾਬੇ ਦੇ ਸਮਰਥਕਾਂ ਦੇ ਨਾਂ ਪਤੇ ਪੁੱਛਣ ਅਤੇ ਪੁਲਿਸ ਦਾ ਵਿਰੋਧ ਕਰਨ ਦਾ ਸੁਆਦ ਹੀ ਉਹਨਾਂ ਨੂੰ ਚਖਾਉਣਾ ਚਾਹੁੰਦਾ ਸੀ।

ਸ਼ਰਾਫ਼ਤ ਨਾਲ ਕੋਈ ਕੁਝ ਵੀ ਦੱਸਣ ਨੂੰ ਤਿਆਰ ਨਹੀਂ ਸੀ। ਜਿਸ ਨੂੰ ਵੀ ਲਾਲ ਸਿੰਘ ਨੇ ਪੁੱਛਿਆ, ਉਹ ਪਾਰਟੀ ਦਾ ਸੰਵਿਧਾਨ ਸੁਣਾਉਣ ਲੱਗਾ।

ਉਹਨਾਂ ਦੀ ਜਥੇਬੰਦੀ ਜਾਤ ਦੇ ਆਧਾਰ 'ਤੇ ਨਹੀਂ, ਸਮਾਜ ਦੇ ਆਧਾਰ 'ਤੇ ਸਮਾਜ ਨੂੰ ਦੋ ਹਿੱਸਿਆਂ ਵਿਚ ਵੰਡਦੀ ਹੈ। ਉਹ ਉਪਰਲੀ ਜਮਾਤ ਵੱਲੋਂ ਹੇਠਲੀ ਜਮਾਤ ਦੀ ਲੁੱਟ ਦੇ ਖ਼ਿਲਾਫ਼ ਸਨ। ਉਹ ਮਿਹਨਤਕਸ਼ਾਂ ਨੂੰ ਆਪਣਾ ਹੱਕ ਦਿਵਾਉਣ ਲਈ ਜੂਝ ਰਹੇ ਸਨ। ਇਸ ਲਕਸ਼ ਦੀ ਪ੍ਰਾਪਤੀ ਲਈ ਉਹ ਲੋਕ-ਪੱਖੀ ਸਾਹਿਤ ਦਾ ਪ੍ਰਚਾਰ ਕਰਦੇ ਸਨ। ਉਹਨਾਂ ਆਪਣੇ ਦਫ਼ਤਰ ਵਿਚ

ਇਕ ਛੋਟੀ ਜਿਹੀ ਲਾਇਬਰੇਰੀ ਖੋਲ੍ਹੀ ਹੋਈ ਹੈ। ਉਥੇ ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ ਤੋਂ ਇਲਾਵਾ ਗੋਰਕੀ ਅਤੇ ਚੈਖੋਵ ਵਰਗੇ ਮਹਾਨ ਸਾਹਿਤਕਾਰਾਂ ਦੀਆਂ ਪੁਸਤਕਾਂ ਰੱਖੀਆਂ ਹੋਈਆਂ ਹਨ। ਉਹ ਲੱਚਰ ਅਤੇ ਗੰਦੇ ਗੀਤਾਂ ਦੀ ਥਾਂ ਪਲਸ ਮੰਚ ਦੀਆਂ ਭਰੀਆਂ ਟੇਪਾਂ ਲੋਕਾਂ 'ਚ ਵੰਡਦੇ ਹਨ।

ਉਹਨਾਂ ਤਰਕਸ਼ੀਲ ਸੋਸਾਇਟੀ ਵੀ ਬਣਾਈ ਹੋਈ ਹੈ। ਲੋਕਾਂ ਨੂੰ ਟੂਣੇ-ਟਾਮਣਾਂ ਅਤੇ ਵਹਿਮਾਂ-ਭਰਮਾਂ ਤੋਂ ਸੁਚੇਤ ਕਰਨ ਲਈ ਉਹ ਸਾਧਾਂ-ਸੰਤਾਂ ਨੂੰ ਵੰਗਾਰਦੇ ਹਨ। ਬਹੁਤ ਲੋਕਾਂ ਨੂੰ ਉਹ ਸਿੱਧੇ ਰਾਹ ਪਾ ਚੁੱਕੇ ਹਨ। ਦੋ ਮਹੀਨੇ ਪਹਿਲਾਂ ਹੀ ਉਹਨਾਂ ਉਹ ਟਾਹਲੀਆਂ ਪੁੱਟ ਕੇ ਸੁੱਟੀਆਂ ਹਨ,' ਜਿਨ੍ਹਾਂ ਬਾਰੇ ਮਸ਼ਹੂਰ ਸੀ ਕਿ ਉਥੇ ਪੰਜ ਪੀਰ ਰਹਿੰਦੇ ਸਨ। ਜਿਹੜਾ ਵੀ ਟਾਹਲੀ ਨੂੰ ਪੁੱਟੂ, ਉਸ ਨੂੰ ਉਥੇ ਹੀ ਚਿੱਤ ਕਰ ਦੇਣਗੇ। ਕਰਾਮਾਤ ਦਿਖਾ ਕੇ ਕੋਈ ਵੀ ਸੋਸਾਇਟੀ ਤੋਂ ਦਸ ਹਜ਼ਾਰ ਹਾਸਲ ਕਰ ਸਕਦਾ ਹੈ।

ਉਹ ਖਾੜਕੂ ਜਥੇਬੰਦੀਆਂ ਵਾਂਗ ਧਰਮ-ਪ੍ਰਚਾਰ ਨਹੀਂ ਕਰਦੇ। ਉਹ ਤਾਂ ਗੁਰਸ਼ਰਨ ਭਾਅ ਦੇ ਡਰਾਮੇ ਕਰਾ ਕੇ ਲੋਕਾਂ ਨੂੰ ਲੋਕ-ਮੁਕਤੀ ਦਾ ਰਾਹ ਦੱਸਦੇ ਹਨ।

ਲਾਲ ਸਿੰਘ ਉਹਨਾਂ ਦੀਆਂ ਸਪੀਚਾਂ ਸੁਣ-ਸੁਣ ਅੱਕ ਗਿਆ ਸੀ। ਉਸ ਨੂੰ ਬੰਟੀ ਦੇ ਕਾਤਲਾਂ ਬਾਰੇ ਦੱਸਿਆ ਜਾਵੇ ਜਾਂ ਫੇਰ ਉਹਨਾਂ ਬੰਦਿਆਂ ਬਾਰੇ ਜਿਨ੍ਹਾਂ ਨੇ ਜਲੂਸ ਨੂੰ ਤਿਤਰ-ਬਿਤਰ ਕਰਨ ਲਈ ਪੁਲਿਸ ਅਤੇ ਜਲੂਸ 'ਤੇ ਗੋਲੀ ਚਲਾਈ ਸੀ।

ਤਰਕਸ਼ੀਲਾਂ ਦਾ ਪ੍ਰਧਾਨ ਮੇਘ ਰਾਜ ਇਸ ਦਾ ਉੱਤਰ ਉਸੇ ਭਾਸ਼ਾ ਵਿਚ ਦੇ ਰਿਹਾ ਸੀ। ਸੀ.ਆਈ.ਡੀ. ਦੀਆਂ ਰਿਪੋਰਟਾਂ ਦੇਖੀਆਂ ਜਾਣ। ਉਹਨਾਂ ਦੀਆਂ ਸਾਰੀਆਂ ਜਥੇਬੰਦੀਆਂ ਨੇ ਕਤਲ ਦੀ ਵਿਰੋਧਤਾ ਕੀਤੀ ਹੈ। ਖਾੜਕੂ ਜਥੇਬੰਦੀ ਦੀ ਹਰ ਫ਼ਿਰਕੂ ਮੰਗ ਦੀ ਪੰਜਾਬ ਸਟੂਡੈਂਟਸ ਯੂਨੀਅਨ ਨੇ ਵਿਰੋਧਤਾ ਕੀਤਾ ਹੈ। ਵਰਸਦੀਆਂ ਡਾਂਗਾਂ ਵਿਚ ਉਹਨਾਂ ਹੜਤਾਲਾਂ ਦਾ ਬਾਈਕਾਟ ਕਰ ਕੇ ਕਲਾਸਾਂ ਲਾਈਆਂ ਹਨ।

ਪੁਲਿਸ ਕਿਸ ਆਧਾਰ 'ਤੇ ਇਹ ਆਖ ਰਹੀ ਹੈ ਕਿ ਬੰਟੀ ਦੇ ਕਤਲ ਨਾਲ ਉਹਨਾਂ ਦਾ ਕੋਈ ਸੰਬੰਧ ਹੈ?

ਪਿਆਰ ਮੁਹੱਬਤ ਨਾਲ ਇਹ ਮੰਨਣ ਵਾਲੇ ਨਹੀਂ ਸਨ। ਲਾਲ ਸਿੰਘ ਨੇ ਕਦੇ ਵੀ ਇਸ ਦਲੀਲ ਵਿਚ ਵਿਸ਼ਵਾਸ ਨਹੀਂ ਸੀ ਕੀਤਾ ਕਿ ਮੁਜਰਮਾਂ ਤੋਂ ਸਖ਼ਤੀ ਤੋਂ ਬਿਨਾਂ ਵੀ ਇਕਬਾਲ ਕਰਾਇਆ ਜਾ ਸਕਦਾ ਹੈ। ਇਹਨਾਂ ਦਾ ਮੂੰਹ ਖੁਲ੍ਹਾਉਣ ਲਈ ਡੰਡਾ ਪਰੇਡ ਜ਼ਰੂਰੀ ਸੀ।

ਇਸ ਸਮੇਂ ਇਹ ਗੱਲ ਮਹੱਤਵਪੂਰਨ ਨਹੀਂ ਸੀ ਕਿ ਉਹ ਸੱਚੇ ਸਨ ਜਾਂ ਝੂਠੇ। ਇਸ ਸਮੇਂ ਇਕੋ ਗੱਲ ਮਹੱਤਵਪੂਰਨ ਸੀ। ਉਹ ਸੀ ਲਾਲ ਸਿੰਘ ਦੇ ਸੀਨੇ ਅੰਦਰ ਜਲਦੀ ਉਸ ਅੱਗ ਨੂੰ ਸ਼ਾਂਤ ਕਰਨਾ, ਜਿਹੜੀ ਬਾਬੇ ਨੇ ਪੁਲਿਸ ਦੀ ਤੌਹੀਨ ਕਰ ਕੇ ਬਾਲੀ ਸੀ। ਇਹ ਤਾਂ ਹੀ ਹੋ ਸਕਦਾ ਸੀ, ਜੇ ਬਾਬੇ ਦੇ ਹੱਡ-ਗੋਡੇ ਤੋੜੇ ਜਾਣ।

ਲਾਲ ਸਿੰਘ ਜਥੇਬੰਦੀ ਦੇ ਕਾਰਕੁਨਾਂ 'ਤੇ ਲੱਗੇ ਦੋਸ਼ ਦੱਸਣ ਲੱਗਾ।

ਕਾਤਲਾਂ ਨੇ ਜਿਹੜੇ ਸੰਦ ਹਸਪਤਾਲ ਦੀ ਤਾਕੀ ਦੇ ਸਰੀਏ ਕੱਟਣ ਲਈ ਵਰਤੇ ਸਨ, ਉਹ ਅਜੀਤ ਸਿੰਘ ਦੀ ਵਰਕਸ਼ਾਪ ਦੇ ਸਨ। ਪੁਲਿਸ ਨੂੰ ਇਹ ਸੰਦ ਹਸਪਤਾਲ ਦੇ ਲਾਗਲੇ ਖੇਤਾਂ ਵਿਚੋਂ ਮਿਲੇ ਸਨ। ਅਜੀਤ ਸਿੰਘ ਦੇ ਬਾਪ ਨੇ ਉਹਨਾਂ ਨੂੰ ਆਪਣਾ ਹੋਣਾ ਸ਼ਨਾਖ਼ਤ ਕਰ ਲਿਆ ਸੀ। ਬੁੱਢਾ ਆਪ ਤਾਂ ਗਿਆਨੀ ਧਿਆਨੀ ਬੰਦਾ ਹੈ। ਰੱਬ ਤੋਂ ਡਰਨ ਵਾਲਾ। ਉਸ ਦੇ ਬਾਪ ਦਾ ਬਿਆਨ ਹੈ ਕਿ ਉਸ ਦਾ ਮੁੰਡਾ ਰੱਬ ਨੂੰ ਨਹੀਂ ਮੰਨਦਾ। ਉਸ ਦੇ ਵੱਸੋਂ ਬਾਹਰ ਹੈ। ਇਹ ਸੰਦ ਅਜੀਤ ਸਿੰਘ

ਨੇ ਵਰਤੇ ਸਨ ਜਾਂ ਕਿਸੇ ਨੂੰ ਵਰਤਣ ਲਈ ਦਿੱਤੇ ਸਨ। ਅਜੀਤ ਸਿੰਘ ਦੱਸੇ ਉਹ ਸੰਦ ਉਥੇ ਕਿਵੇਂ ਪੁੱਜੇ ?

ਅਜੀਤ ਸਿੰਘ ਨੇ ਜੋ ਬੋਲਣਾ ਸੀ, ਉਹ ਬੋਲ ਚੁੱਕਾ ਸੀ। ਇਹਨਾਂ ਝੂਠੇ ਦੋਸ਼ਾਂ ਲਈ ਉਸ ਕੋਲ ਕੋਈ ਸਫ਼ਾਈ ਨਹੀਂ ਸੀ।

ਲਾਲ ਸਿੰਘ ਕੋਲ ਵੀ ਹੋਰ ਕੋਈ ਰਸਤਾ ਨਹੀਂ ਸੀ। 'ਸੰਦਾਂ' ਦਾ ਭੇਤ ਖੋਲ੍ਹਣ ਲਈ ਉਸ ਨੂੰ ਅਜੀਤ ਸਿੰਘ ਦੇ ਕੁਰਸੀ ਲਾਉਣੀ ਹੀ ਪੈਣੀ ਸੀ।

ਅਜੀਤ ਸਿੰਘ ਨੂੰ ਬਿਨਾਂ ਬਾਹਾਂ ਵਾਲੀ ਕੁਰਸੀ 'ਤੇ ਬਿਠਾਇਆ ਗਿਆ। ਅਜੀਤ ਸਿੰਘ ਦੀ ਢੂਹੀ ਨੂੰ ਕੁਰਸੀ ਦੀ ਢੋਅ ਨਾਲ ਲਾ ਕੇ ਬਾਹਾਂ ਪਿੱਛੇ ਕਰਾਈਆਂ ਗਈਆਂ। ਦੋਹਾਂ ਗੁੱਟਾਂ ਨਾਲ ਪਰਨਾ ਬੰਨ੍ਹਦੇ ਸਿਪਾਹੀ ਦੇ ਹੱਥ ਕੰਬਣ ਲੱਗੇ। ਕਈ ਵਾਰ ਪਰਨਾ ਹੇਠਾਂ ਗਿਰਿਆ, ਕਈ ਵਾਰ ਗੰਢ ਢਿੱਲੀ ਪਈ।

ਉਸ ਨੂੰ ਪਿਛਾਂਹ ਹਟਾ ਕੇ ਦੂਜੇ ਸਿਪਾਹੀ ਨੂੰ ਅੱਗੇ ਕੀਤਾ ਗਿਆ। ਨਵੇਂ ਸਿਪਾਹੀ ਨੇ ਗੰਢਾਂ ਨੂੰ ਮਜ਼ਬੂਤ ਕੀਤਾ। ਦੋਹਾਂ ਗੁੱਟਾਂ ਵਿਚਕਾਰ ਰਹਿ ਗਏ ਫ਼ਾਸਲੇ ਵਾਲੇ ਪਰਨੇ ਵਿਚ ਇਕ ਰੂਲ ਪਾ ਕੇ ਹੌਲੀ-ਹੌਲੀ ਰੂਲ ਘੁਮਾਉਣ ਲੱਗਾ। ਜਿਉਂ-ਜਿਉਂ ਰੂਲ ਗੇੜੇ ਖਾਂਦਾ ਗਿਆ, ਤਿਉਂ-ਤਿਉਂ ਪਰਨਾ ਸੁੰਘੜਦਾ ਗਿਆ ਅਤੇ ਗੁਟ ਇਕ ਦੂਜੇ ਦੇ ਨੇੜੇ ਹੋਣ ਲੱਗੇ।

"ਮੈਂ ਇਕ ਵਾਰ ਫੇਰ ਆਖਦਾ ਹਾਂ। ਸਾਡਾ ਬੰਟੀ ਦੇ ਕਾਤਲਾਂ ਨਾਲ ਕੋਈ ਸੰਬੰਧ ਨਹੀਂ। ਅਸੀਂ ਤਾਂ ਇਸ ਸਮੁੱਚੀ ਲੜਾਈ ਦੇ ਖ਼ਿਲਾਫ਼ ਹਾਂ।"

ਪਰ ਅਜੀਤ ਸਿੰਘ ਦੇ ਤਰਕ ਦਾ ਕਿਸੇ 'ਤੇ ਕੋਈ ਅਸਰ ਨਹੀਂ ਸੀ। ਉਸ ਨੂੰ ਕੁਰਸੀ ਲਾਈ ਹੀ ਜਾਣੀ ਸੀ।

ਸਿਪਾਹੀ ਡੰਡਾ ਘੁਮਾਈ ਜਾ ਰਿਹਾ ਸੀ। ਅਜੀਤ ਸਿੰਘ ਦੇ ਮੌਰ ਕੁਰਸੀ ਨਾਲ ਚਿਪਕ ਚੁੱਕੇ ਸਨ। ਜੋੜਾਂ 'ਤੇ ਪੈਂਦੀ ਖਿੱਚ ਕਾਰਨ ਮੌਰਾਂ ਦੇ ਕੜਾਕੇ ਪੈਣ ਲੱਗੇ। ਲੱਗਦਾ ਸੀ ਹੱਡ ਮਾਸ ਨੂੰ ਚੀਰ ਕੇ ਬਾਹਰ ਆ ਜਾਣਗੇ।

ਅਜੀਤ ਸਿੰਘ ਨੇ ਅੱਖਾਂ ਮੀਚ ਲਈਆਂ। ਚਿਹਰੇ ਤੋਂ ਵਹਿ ਤੁਰੇ ਪਸੀਨੇ ਦੀ ਉਸ ਨੂੰ ਕੋਈ ਪਰਵਾਹ ਨਹੀਂ ਸੀ।

ਜਦੋਂ ਅਜੀਤ ਸਿੰਘ ਕੁਝ ਨਾ ਬੋਲਿਆ ਤਾਂ ਉਸ ਦੀਆਂ ਬਾਹਾਂ ਢਿੱਲੀਆਂ ਕਰਾਈਆਂ ਗਈਆਂ। ਕੁਝ ਘੜੀ ਆਰਾਮ ਦਿਵਾ ਕੇ ਉਹੋ ਕਾਰਵਾਈ ਗਿੱਟਿਆਂ 'ਤੇ ਪਰਨਾ ਬੰਨ੍ਹ ਕੇ ਚੱਡੇ ਪਾੜਨ ਲਈ ਦੁਹਰਾਈ ਗਈ।

ਅਜੀਤ ਅਜਿੱਤ ਰਿਹਾ। ਉਸ ਦੇ ਹੋਸ਼ੋ-ਹਵਾਸ ਗੁੰਮ ਜ਼ਰੂਰ ਹੋਏ, ਪਰ ਉਸ ਨੇ ਹਜ਼ਾਰ ਵਾਰ ਆਖਣ 'ਤੇ ਵੀ ਲਾਲ ਸਿੰਘ ਤੋਂ ਮੁਆਫ਼ੀ ਨਹੀਂ ਸੀ ਮੰਗੀ।

ਤਰਕਸ਼ੀਲਾਂ ਦੇ ਪ੍ਰਧਾਨ ਮੇਘ ਰਾਜ 'ਤੇ ਇਲਜ਼ਾਮ ਸੀ ਕਿ ਕੁਝ ਦੇਰ ਪਹਿਲਾਂ ਉਹਨਾਂ ਨੇ ਗੀਤਾ ਭਵਨ ਵਿਚ ਠਹਿਰੇ ਇਕ ਜੋਤਸ਼ੀ ਦੇ ਖ਼ਿਲਾਫ਼ ਸ਼ਹਿਰ ਵਿਚ ਇਸ਼ਤਿਹਾਰ ਲਾਏ ਸਨ। ਉਹਨਾਂ ਜੋਤਸ਼ੀ ਨੂੰ 'ਉਪਾਅ' ਕਰ ਕੇ ਸਟਾਰਾਂ ਦੀ ਗਤੀ ਬਦਲਣ ਦੀ ਵਿਧੀ ਨੂੰ ਚੁਣੌਤੀ ਦਿੱਤੀ ਸੀ। ਜੋਤਸ਼ੀ ਦੇ ਨਾਲ-ਨਾਲ ਗੀਤਾ ਭਵਨ ਦੇ ਪ੍ਰਬੰਧਕਾਂ ਨੂੰ ਵੀ ਧਮਕੀ ਦਿੱਤੀ ਗਈ ਸੀ ਕਿ ਅਜਿਹੇ ਪਖੰਡੀਆਂ ਨੂੰ ਸ਼ਰਨ ਨਾ ਦੇਣ। ਗੀਤਾ ਭਵਨ ਦੇ ਪ੍ਰਬੰਧ ਦਾ ਸਿੱਧਾ ਸੰਬੰਧ ਲਾਲਾ ਜੀ ਨਾਲ ਸੀ। ਪੁਲਿਸ ਨੂੰ ਪੂਰਾ ਯਕੀਨ ਸੀ, ਇਹ ਕੰਮ ਤਰਕਸ਼ੀਲਾਂ ਦਾ ਹੀ ਸੀ।

ਮੇਘ ਰਾਜ ਨੇ ਕੋਈ ਦਲੀਲ ਨਹੀਂ ਸੀ ਦਿੱਤੀ। ਉਹਨਾਂ ਨੂੰ ਲੋਕ ਸੰਘਰਸ਼ ਸੰਮਤੀ ਦਾ ਮੈਂਬਰ ਹੋਣ ਬਦਲੇ ਸਜ਼ਾ ਮਿਲਣੀ ਹੀ ਮਿਲਣੀ ਸੀ। ਇਸ ਲਈ ਉਹ ਚੁੱਪ ਕਰ ਕੇ ਅਗਨੀ-ਪ੍ਰੀਖਿਆ ਵਿਚ ਬੈਠਣ ਲਈ ਤਿਆਰ ਸੀ।

ਮੇਘ ਰਾਜ ’ਤੇ ਝੁਰਲੂ ਫੇਰਿਆ ਗਿਆ। ਮਿਰਚਾਂ ਨਾਲ ਲਿੱਬੜੀ ਇਕ ਡਾਂਗ ਉਸ ਦੇ ਅੰਦਰ ਘਸੋੜੀ ਗਈ। ਅੰਦਰ ਜਾਂਦੀ ਡਾਂਗ ਦਾ ਦਰਦ ਸੈਂਕੜੇ ਚਾਕੂਆਂ ਨਾਲ ਕੱਟੇ ਜਾ ਰਹੇ ਮਾਸ ਨਾਲੋਂ ਵੀ ਭਿਆਨਕ ਸੀ।

ਸ਼ਾਮੂ ਸਾਂਸੀ ’ਤੇ ਦੋਸ਼ ਸੀ ਕਿ ਉਸ ਦੀ ਪ੍ਰੇਰਨਾ ’ਤੇ ਬੰਟੀ ਦਾ ਕਤਲ ਸਾਂਸੀਆਂ ਦੇ ਇਕ ਟੋਲੇ ਨੇ ਕੀਤਾ ਸੀ। ਉਹਨਾਂ ਸਾਂਸੀਆਂ ਦਾ ਪਤਾ ਸ਼ਾਮੂ ਹੀ ਦੱਸ ਸਕਦਾ ਸੀ। ਨਾਲੇ ਓਹ ਤਕਲੇ ਅਤੇ ਖੁਰਪੇ ਬਰਾਮਦ ਕਰਾਏ, ਜਿਹੜੇ ਉਹਨਾਂ ਬਾਬੇ ਦੇ ਹੱਕ ਵਿਚ ਜਲੂਸ ਕੱਢਦਿਆਂ ਹੱਥਾਂ ਵਿਚ ਫੜੇ ਹੋਏ ਸਨ।

ਸ਼ਾਮੂ ’ਤੇ ਗ਼ੁੱਸਾ ਕੱਢਣ ਲਈ ਉਸ ਨੂੰ ਰੱਸਾ ਲਾਇਆ ਗਿਆ।

ਸਾਰੇ ਪ੍ਰਗਤੀਵਾਦੀਆਂ ਨੂੰ ਅੱਧ-ਮੋਇਆਂ ਕਰ ਕੇ ਹੀ ਲਾਲ ਸਿੰਘ ਨੂੰ ਵੀ ਰੋਟੀ ਸੁਆਦ ਲੱਗੀ।

✶

# 31

ਜਦੋਂ ਵਰੰਟ ਅਫ਼ਸਰ ਥਾਣੇ ਆਇਆ, ਉਸ ਸਮੇਂ ਇਕੱਲਾ ਲਾਲ ਸਿੰਘ ਹੀ ਹਾਜ਼ਰ ਸੀ।

ਘੁਸਮੁਸਾ ਹੋ ਚੁੱਕਾ ਸੀ। ਸਾਰਾ ਦਿਨ ਮਾਰ-ਕੁਟਾਈ ਹੁੰਦੀ ਰਹੀ ਸੀ। ਰਾਤ ਨੂੰ ਫੇਰ ਝੁੱਟ ਲਾਈ ਜਾਣੀ ਸੀ। ਤਾਜ਼ਾ ਦਮ ਅਤੇ ਇਕ-ਇਕ ਪੈੱਗ ਲਾ ਕੇ ਰੋਟੀ ਖਾਣ ਜੋਗੇ ਹੋਣ ਲਈ ਸਾਰੇ ਹੌਲਦਾਰ, ਸਿਪਾਹੀ ਆਪਣੇ-ਆਪਣੇ ਕੁਆਰਟਰਾਂ ਨੂੰ ਚਲੇ ਗਏ ਸਨ।

ਤਰਕਸ਼ੀਲਾਂ ਅਤੇ ਕ੍ਰਾਂਤੀਕਾਰੀ ਫ਼ਰੰਟ ਦੇ ਬੰਦਿਆਂ ਨੂੰ ਅੱਧੀ ਰਾਤ ਤੋਂ ਬਾਅਦ ਫੜਿਆ ਗਿਆ ਸੀ। ਹੋਸਟਲ 'ਤੇ ਰੇਡ ਸਵੇਰੇ ਕੀਤਾ ਗਿਆ ਸੀ।

ਲਾਲ ਸਿੰਘ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਸੰਮਤੀ ਵਾਲੇ ਇੰਨੀ ਫੁਰਤੀ ਨਾਲ ਹਰਕਤ ਵਿਚ ਆ ਜਾਣਗੇ। ਗ੍ਰਿਫ਼ਤਾਰ ਬੰਦਿਆਂ ਦੀ ਸੂਚੀ ਤਿਆਰ ਕਰਨੀ, ਚੰਡੀਗੜ੍ਹ ਪੁੱਜ ਕੇ ਰਿੱਟ ਦਾਇਰ ਕਰਨੀ ਅਤੇ ਵਰੰਟ ਅਫ਼ਸਰ ਤਾਇਨਾਤ ਕਰਾ ਕੇ ਇਥੇ ਪੁੱਜ ਵੀ ਜਾਣਾ ਕੋਈ ਖ਼ਾਲਾ ਜੀ ਦਾ ਵਾੜਾ ਨਹੀਂ ਸੀ। ਇਹ ਕੰਮ ਦੋ-ਚਾਰ ਬੰਦਿਆਂ ਦੇ ਵੱਸ ਦਾ ਨਹੀਂ ਸੀ। ਲੱਗਦਾ ਸੀ, ਸੰਮਤੀ ਦੀਆਂ ਜੜ੍ਹਾਂ ਚੰਡੀਗੜ੍ਹ ਤਕ ਫੈਲੀਆਂ ਹੋਈਆਂ ਸਨ। ਸਾਰੇ ਕੰਮ ਫ਼ੋਨ ਰਾਹੀਂ ਹੋਏ ਹੋਣਗੇ।

ਹਾਈ ਕੋਰਟ ਦੇ ਰੇਡ ਲਾਲ ਸਿੰਘ ਲਈ ਕੋਈ ਨਵੇਂ ਨਹੀਂ ਸੀ। ਅਜਿਹੇ ਵੀਹ ਰੇਡ ਉਹ ਭੁਗਤ ਚੁੱਕਾ ਸੀ, ਪਰ ਇਹ ਕੁਝ ਆਪਣੀ ਤਰ੍ਹਾਂ ਦਾ ਰੇਡ ਸੀ। ਅੱਗੇ ਰੇਡ ਬਉਰੀਏ ਕਰਾਉਂਦੇ ਜਾਂ ਕੋਈ ਨਾਮੀ ਸਮੱਗਲਰ। ਰੇਡ ਕਰਵਾਉਣ ਵਾਲਿਆਂ ਦਾ ਇਕੋ ਮਕਸਦ ਹੁੰਦਾ, ਆਪਦਾ ਬੰਦਾ ਛੁਡਾਉਣਾ। ਬੰਦਾ ਛੁੱਟਦੇ ਹੀ ਉਹ ਪੱਤਰਾ ਵਾਚ ਜਾਂਦੇ। ਕਿਸੇ ਨੂੰ ਇਹ ਵੀ ਖ਼ਿਆਲ ਨਾ ਰਹਿੰਦਾ ਕਿ ਵਰੰਟ ਅਫ਼ਸਰ ਨੂੰ ਚੰਡੀਗੜ੍ਹ ਵਾਲੀ ਬੱਸ ਵੀ ਚੜ੍ਹਾਉਣਾ ਹੈ।

ਬੰਦਾ ਵਾਰਿਸਾਂ ਦੇ ਹਵਾਲੇ ਕਰ ਕੇ ਵਰੰਟ ਅਫ਼ਸਰ ਥਾਣੇ ਹੀ ਟਿਕ ਜਾਂਦੇ। ਚਾਰ ਪੈਸੇ ਲੈ ਕੇ ਉਵੇਂ ਰਿਪੋਰਟ ਕਰ ਦਿੰਦੇ, ਜਿਵੇਂ ਥਾਣੇਦਾਰ ਆਖਦਾ। ਇਹ ਲਿਖਣ ਨਾਲ ਕਿ ਬੰਦਾ ਥਾਣੇ ਹਾਜ਼ਰ ਨਹੀਂ ਸੀ, ਥਾਣੇਦਾਰ ਹਾਈਕੋਰਟ 'ਚ ਪੈਣ ਵਾਲੀਆਂ ਪੇਸ਼ੀਆਂ ਤੋਂ ਬਚ ਜਾਂਦੇ। ਦੋਹਾਂ ਪਾਸਿਆਂ ਤੋਂ ਫ਼ੀਸ ਲੈ ਕੇ ਵਰੰਟ ਅਫ਼ਸਰ ਵੀ ਖ਼ੁਸ਼ ਤੇ ਪਾਰਟੀਆਂ ਵੀ।

ਕੋਈ ਪਾਰਟੀ ਬਹੁਤ ਅੜੀਅਲ ਹੁੰਦੀ ਤਾਂ ਵੀ ਅਫ਼ਸਰ ਰੋਜ਼ਨਾਮਚਾ ਪੂਰਾ ਕਰਨ ਦਾ ਵਕਤ ਦੇ ਦਿੰਦੇ। ਪੁਲਿਸ ਬੰਦੇ ਨੂੰ ਕਿਸੇ ਛੋਟੇ-ਮੋਟੇ ਕੇਸ ਵਿਚ ਗ੍ਰਿਫ਼ਤਾਰ ਦਿਖਾ ਕੇ ਆਪਣੀ ਜਾਨ ਬਚਾ ਲੈਂਦੀ। ਆਪਣੇ ਰੋਜ਼ਨਾਮਚੇ ਨਾਲ ਕੰਮ ਚਲਾ ਲੈਂਦੇ।

ਥਾਣੇਦਾਰ ਦੇ ਬਚਾਅ ਦਾ ਇੰਤਜ਼ਾਮ ਵਰੰਟ ਅਫ਼ਸਰ ਆਪ ਹੀ ਕਰਦੇ। ਜਾਂਦੇ ਹੋਏ ਆਪਣੇ ਪਤੇ ਵਾਲਾ ਕਾਰਡ ਫੜਾ ਜਾਂਦੇ। ਪੁੱਠੀ-ਸਿੱਧੀ ਰਿਪੋਰਟ ਕਰ ਕੇ ਪਹਿਲੀ ਪੇਸ਼ੀ ਬਰੀ ਕਰਾ ਦਿੰਦੇ।

ਇੰਨੀ ਨੌਕਰੀ ਵਿਚ ਕੇਵਲ ਇਕ ਅੜੀਅਲ ਅਫ਼ਸਰ ਨਾਲ ਹੀ ਵਾਹ ਪਿਆ ਸੀ। ਉਹ ਆਖਦਾ ਸੀ, ਸਜ਼ਾ ਕਰਾ ਕੇ ਛੱਡੂੰ। ਲਾਲ ਸਿੰਘ ਨੂੰ ਤਾਂ ਜਦੋਂ ਸਜ਼ਾ ਹੋਣੀ ਸੀ, ਉਦੋਂ ਹੋਣੀ ਸੀ। ਲਾਲ ਸਿੰਘ ਨੇ ਪਹਿਲਾਂ ਉਸੇ ਨੂੰ ਝੋਟੀਆਂ ਚੁੰਘਾਈਆਂ।

ਪਹਿਚਾਣ ਪੱਤਰ ਅਤੇ ਵਰੰਟ ਫੜ ਕੇ ਦਰਾਜ਼ 'ਚ ਰੱਖ ਲਏ। ਵਰੰਟ ਅਫ਼ਸਰ ਕੋਲ ਕੀ ਸਬੂਤ ਸੀ ਕਿ ਉਹ ਸੱਚ-ਮੁੱਚ ਵਰੰਟ ਅਫ਼ਸਰ ਸੀ। ਇਹਨਾਂ ਦਿਨਾਂ ਵਿਚ ਦਹਿਸ਼ਤਗਰਦ ਵੀਹ ਤਰ੍ਹਾਂ ਦੀਆਂ ਚਾਲਾਂ ਚੱਲਦੇ ਹਨ। ਕੀ ਪਤੈ ਮੁਜਰਮਾਂ ਨੂੰ ਛੁਡਾਉਣ ਦੀ ਇਹ ਕੋਈ ਨਵੀਂ ਚਾਲ ਹੋਵੇ।

ਜਿੰਨੀ ਦੇਰ 'ਚ ਵਰੰਟ ਅਫ਼ਸਰ ਨੇ ਲਾਲ ਸਿੰਘ ਨੂੰ ਯਕੀਨ ਦਿਵਾਇਆ, ਉਨੀ ਦੇਰ 'ਚ ਉਸ ਦੇ ਚੁਸਤ ਸਿਪਾਹੀਆਂ ਨੇ ਮੁਸਤਵਿਆਂ ਨੂੰ ਕਾਰ 'ਚ ਬਿਠਾ ਕੇ ਥਾਨਿਉਂ ਬਾਹਰ ਲਿਜਾ ਸੁੱਟਿਆ। ਮੁਦੱਈ ਅਤੇ ਵਰੰਟ ਅਫ਼ਸਰ ਚੀਕਦੇ ਹੀ ਰਹਿ ਗਏ।

ਇਸ ਵਰੰਟ ਅਫ਼ਸਰ ਅੱਗੇ ਲਾਲ ਸਿੰਘ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ।

ਲਾਲ ਸਿੰਘ ਨੇ ਵਾਰੰਟ ਅਫ਼ਸਰ ਨੂੰ ਇਕ ਪਾਸੇ ਲਿਜਾ ਕੇ ਇਕੱਲੇ ਗੱਲ ਕਰਨ ਦੀ ਕਈ ਵਾਰ ਕੋਸ਼ਿਸ਼ ਕੀਤੀ ਸੀ। ਉਸ ਨਾਲ ਆਏ ਬੰਦੇ ਦਾਲ ਗਲਣ ਨਹੀਂ ਸੀ ਦਿੰਦੇ। ਉਹਨਾਂ ਨਾਲ ਜਿਹੜਾ ਇਕ ਪੱਤਰਕਾਰ ਸੀ, ਉਹ ਬਹੁਤ ਹੀ ਚੁਸਤ ਸੀ। ਝੱਟ ਵਰੰਟ ਅਫ਼ਸਰ ਨੂੰ ਕੋਲ ਬਿਠਾ ਲੈਂਦਾ।

ਬੇਵੱਸ ਹੋਇਆ ਲਾਲ ਸਿੰਘ ਸੰਤਰੀ 'ਤੇ ਖਿਝ ਰਿਹਾ ਸੀ।

ਰਾਤ ਦਾ ਸਮਾਂ ਸੀ। ਅਜਿਹੇ ਸਮੇਂ ਉਸ ਨੂੰ ਕੀ ਜ਼ਰੂਰਤ ਸੀ, ਓਪਰੇ ਬੰਦਿਆਂ ਨੂੰ ਅੰਦਰ ਭੇਜਣ ਦੀ ? ਅਜਿਹੇ ਸਮੇਂ ਤਾਂ ਥਾਣੇ ਨੂੰ ਜਿੰਦਰਾ ਮਾਰ ਕੇ ਅੰਦਰ ਬੈਠੇ ਰਹਿਣ ਦਾ ਸਰਕਾਰੀ ਹੁਕਮ ਹੈ। ਦਹਿਸ਼ਤਗਰਦ ਕਈ ਵਾਰ ਪੁਲਿਸ ਨੂੰ ਧੋਖਾ ਦੇ ਚੁੱਕੇ ਹਨ। ਉਹ ਛੋਟੀ-ਮੋਟੀ ਵਾਰਦਾਤ ਕਰਦੇ ਹਨ ਤਾਂ ਜੋ ਪੁਲਿਸ ਫਟਾ-ਫਟ ਮੌਕੇ 'ਤੇ ਪੁੱਜੇ। ਆਪ ਰਸਤੇ ਵਿਚ ਮੋਰਚਾ ਲਾ ਕੇ ਬੈਠ ਜਾਂਦੇ ਹਨ। ਪੁਲਿਸ ਦੇ ਕਈ ਅਫ਼ਸਰ ਭੰਗ ਦੇ ਭਾੜੇ ਜਾਨ ਗਵਾ ਬੈਠੇ ਸਨ।

ਲਾਲ ਸਿੰਘ ਨੇ ਸਾਫ਼ ਸ਼ਬਦਾਂ ਵਿਚ ਹਦਾਇਤ ਕੀਤੀ ਹੋਈ ਹੈ, ਕੋਈ ਵੀ ਬੰਦਾ ਅੰਦਰ ਆਉਣਾ ਚਾਹੇ ਤਾਂ ਪਹਿਲਾਂ ਸੰਤਰੀ ਉਸ ਦਾ ਪੂਰਾ ਨਾਂ ਪਤਾ ਦਰਿਆਫ਼ਤ ਕਰੇ। ਪੂਰੀ ਤਸੱਲੀ ਹੋਣ 'ਤੇ ਹੀ ਬੰਦੇ ਅੰਦਰ ਭੇਜੇ ਜਾਣ। ਜੇ ਥੋੜ੍ਹਾ ਜਿਹਾ ਵੀ ਸ਼ੱਕ ਪਏ ਤਾਂ ਉਸ ਨੂੰ ਸਵੇਰੇ ਆਉਣ ਲਈ ਆਖਿਆ ਜਾਵੇ।

ਮੌਕੇ 'ਤੇ ਫੌਰੀ ਤੌਰ ਤੇ ਪਹੁੰਚ ਕੇ ਪੁਲਿਸ ਨੇ ਕਿਹੜਾ ਕਿਸੇ ਦਾ ਫੰਨ੍ਹ ਖੋਹ ਲੈਣਾ ਹੁੰਦਾ ਹੈ। ਪੁਲਿਸ ਕੋਲ ਉਸ ਸਮੇਂ ਇਤਲਾਹ ਪੁੱਜਦੀ ਹੈ, ਜਦੋਂ ਸਾਰਾ ਵਾਕਾ ਹੋ ਚੁੱਕਾ ਹੁੰਦਾ ਹੈ। ਲੜਾਈ ਹੋਈ ਹੋਵੇ ਤਾਂ ਮੁਜਰਮ ਹਥਿਆਰਾਂ ਨੂੰ ਧੋ-ਸੰਵਾਰ ਕੇ ਰਿਸ਼ਤੇਦਾਰੀਆਂ ਨੂੰ ਤੁਰ ਚੁੱਕੇ ਹੁੰਦੇ ਹਨ। ਚੋਰੀ ਹੋਈ ਹੋਵੇ ਤਾਂ ਚੋਰ ਮਾਲ ਵੇਚ ਵੱਟ ਕੇ ਪੈਸੇ ਡਕਾਰ ਚੁੱਕੇ ਹੁੰਦੇ ਹਨ। ਕਤਲ ਹੋਇਆ ਹੋਵੇ ਤਾਂ ਜ਼ਖ਼ਮੀ ਰੱਬ ਨੂੰ ਪਿਆਰਾ ਹੋ ਚੁੱਕਾ ਹੁੰਦਾ ਹੈ। ਪੋਸਟ-ਮਾਰਟਮ ਹੀ ਕਰਾਉਣਾ ਹੁੰਦਾ ਹੈ। ਦੋ ਘੰਟੇ ਪਹਿਲਾਂ ਹੋ ਗਿਆ ਕਿ ਪਿੱਛੋਂ ? ਕੀ ਫ਼ਰਕ ਪੈਂਦਾ ਹੈ ? ਕੋਈ ਸ਼ਰਾਬ ਕੱਢਦਾ ਹੋਵੇ ਤਾਂ ਵੀ ਕੀ ਹੈ ? ਸਵੇਰੇ ਜਾ ਕੇ ਜਦੋਂ ਦੋ ਧੌਣ 'ਚ ਧਰੀਆਂ, ਅਗਲਾ ਆਪੇ ਭਾਂਡਾ ਠੀਕ ਅੱਗੇ ਲਿਆ ਰੱਖਦੈ।

ਪਰ ਸੰਤਰੀ ਨੇ ਪੰਜਾਹ ਦਾ ਨੋਟ ਜੇਬ 'ਚ ਪੈਂਦਿਆਂ ਹੀ ਸਾਰੀਆਂ ਹਦਾਇਤਾਂ ਇਕ ਪਾਸੇ ਰੱਖ ਦਿੱਤੀਆਂ। ਉਲਟਾ ਬੂਥੜ ਚੁੱਕ ਕੇ ਨਾਲ ਆ ਗਿਆ। ਅਖੇ ਇਹ ਸ਼ਰੀਫ਼ ਬੰਦੇ ਹਨ। ਇਹਨਾਂ ਦਾ ਸਕੂਟਰ ਕਿਸੇ ਨੇ ਖੋਹ ਲਿਆ। ਰਿਪੋਰਟ ਲਿਖ ਲਓ।

ਇਹ ਨਹੀਂ ਸੀ ਪਤਾ ਕਿ ਉਹ ਲਾਲ ਸਿੰਘ ਦੇ ਖ਼ਿਲਾਫ਼ ਹੀ ਰਿਪੋਰਟ ਦਰਜ ਕਰਾਉਣ ਆਏ ਹਨ।

ਲਾਲ ਸਿੰਘ ਦਾ ਮੱਥਾ ਤਾਂ ਉਸ ਸਮੇਂ ਹੀ ਠਣਕ ਗਿਆ ਸੀ, ਜਦੋਂ ਉਸ ਨੇ ਇਹਨਾਂ ਨੂੰ ਥਾਣੇ ਅੰਦਰ ਵੜਦੇ ਦੇਖਿਆ ਸੀ। ਉਹਨਾਂ ਵਿਚੋਂ ਬਹੁਤਿਆਂ ਦੇ ਹੁਲੀਏ ਜਾਣੇ-ਪਹਿਚਾਣੇ ਸਨ।

ਭਾਵੇਂ ਕੁਝ ਨੇ ਪੱਗਾਂ ਬੰਨ੍ਹ ਰੱਖੀਆਂ ਸਨ, ਪਰ ਲਾਲ ਸਿੰਘ ਦੀ ਯਾਦਦਾਸ਼ਤ ਇੰਨੀ ਕਮਜ਼ੋਰ ਨਹੀਂ ਸੀ ਕਿ ਉਹ ਉਹਨਾਂ ਨੂੰ ਪਹਿਚਾਣ ਨਾ ਸਕੇ। ਉਹ ਉਹੋ ਸਨ, ਜਿਹੜੇ ਜਲੂਸ ਵਾਲੇ ਦਿਨ ਬਾਬੇ ਦੁਆਲੇ ਬੰਦੂਕਾਂ ਤਾਣੀ ਖੜੇ ਸਨ।

ਲਾਲ ਸਿੰਘ ਦਾ ਅੰਦਾਜ਼ਾ ਗ਼ਲਤ ਨਹੀਂ ਸੀ। ਰਿਪੋਰਟ ਦਰਜ ਕਰਾਉਣ ਦੀ ਥਾਂ ਜਦੋਂ ਵਰੰਟ ਅਫ਼ਸਰ ਨੇ ਆਪਣਾ ਪਹਿਚਾਣ-ਪੱਤਰ ਅਤੇ ਸਰਚ ਵਰੰਟ ਦਿਖਾਏ ਤਾਂ ਲਾਲ ਸਿੰਘ ਦਾ ਸਿਰ ਚਕਰਾ ਗਿਆ। ਉਹਨਾਂ ਵਿਚੋਂ ਇਕ ਕਿਸੇ ਅੰਗਰੇਜ਼ੀ ਅਖ਼ਬਾਰ ਦਾ ਪੱਤਰਕਾਰ ਵੀ ਸੀ। ਬਾਕੀਆਂ ਨੇ ਨਾਜਾਇਜ਼ ਤੌਰ ’ਤੇ ਹਿਰਾਸਤ ਵਿਚ ਰੱਖੇ ਮੁੰਡਿਆਂ ਦੀ ਪਹਿਚਾਣ ਕਰਨੀ ਸੀ।

ਬਚਣ ਦਾ ਕੋਈ ਰਸਤਾ ਨਹੀਂ ਸੀ। ਰੋਜ਼ਨਾਮਚਾ ਸੱਤ ਦਿਨਾਂ ਤੋਂ ਬੰਦ ਸੀ। ਮੁਨਸ਼ੀ ਕੱਲ੍ਹ ਦਾ ਫਰਲੋ ’ਤੇ ਸੀ। ਉਹ ਹਾਜ਼ਰ ਹੁੰਦਾ ਤਾਂ ਸ਼ਾਇਦ ਕੁਝ ਬਣ ਹੀ ਜਾਂਦਾ।

ਪੱਤਰਕਾਰ ਕਾਹਲਾ ਪਿਆ ਹੋਇਆ ਸੀ। ਸਮਾਂ ਬਹੁਤ ਹੋ ਗਿਆ ਸੀ। ਉਸ ਨੇ ਆਪਣੀ ਰਿਪੋਰਟ ਭੇਜਣੀ ਸੀ। ਹੋਰ ਲੇਟ ਹੋ ਗਈ ਤਾਂ ਅਖ਼ਬਾਰ ਛਪ ਜਾਣਾ ਸੀ। ਬੇਹੀ ਖ਼ਬਰ ਦਾ ਉਸ ਨੂੰ ਕੋਈ ਲਾਭ ਨਹੀਂ ਸੀ ਹੋਣਾ।

ਵਰੰਟ ਅਫ਼ਸਰ ਰੋਜ਼ਨਾਮਚੇ ਦੇ ਵਰਕੇ ਪਲਟਣ ਲੱਗਾ। ਇਹ ਦੇਖ ਕੇ ਲਾਲ ਸਿੰਘ ਨੂੰ ਨਾਜ਼ਰ ’ਤੇ ਗ਼ੁੱਸਾ ਚੜ੍ਹਿਆ। ਉਸ ਨੇ ਨਾਜ਼ਰ ਨੂੰ ਕਈ ਵਾਰ ਸਮਝਾਇਆ ਸੀ ਕਿ ਦੋਵੇਂ ਧਿਰਾਂ ਖ਼ਤਰਨਾਕ ਹਨ। ਕਿਸੇ ਪੁਰਾਣੇ ਕੇਸ ਵਿਚ ਉਹਨਾਂ ਦੀ ਗ੍ਰਿਫ਼ਤਾਰੀ ਪਾ ਲਈ ਜਾਵੇ। ਸੰਮਤੀ ਦੇ ਬੰਦਿਆਂ ਦੀ ਗ੍ਰਿਫ਼ਤਾਰੀ ਵਿਚ ਤਾਂ ਕੋਈ ਦਿੱਕਤ ਨਹੀਂ ਸੀ। ਲਾਲ ਸਿੰਘ ਨੇ ਬਾਬੇ ਵਾਲਾ ਪਰਚਾ ਬੜੇ ਢੰਗ ਨਾਲ ਕੱਟਿਆ ਸੀ। ਬਾਬੇ ਤੋਂ ਸਿਵਾ ਕਿਸੇ ਦਾ ਨਾਂ ਰਿਪੋਰਟ ਵਿਚ ਦਰਜ ਨਹੀਂ ਸੀ। ਇਕੱਲੇ ਹੁਲੀਏ ਦਿੱਤੇ ਗਏ ਸਨ। ਸੰਮਤੀ ਦੇ ਹਰ ਵਰਕਰ ਦਾ ਹੁਲੀਆ ਉਸ ਹੁਲੀਏ ਨਾਲ ਮਿਲਦਾ-ਜੁਲਦਾ ਸੀ। ਨਾਜ਼ਰ ਬਿਨਾਂ ਮਤਲਬ ਟਲਦਾ ਰਿਹਾ। ਉਸ ਨੂੰ ਯਕੀਨ ਸੀ ਕਿ ਮੁੰਡੇ ਬਾਬੇ ਦੇ ਬਾਡੀਗਾਰਡਾਂ ਦਾ ਨਾਂ ਦਸ ਦੇਣਗੇ। ਉਹ ਅਸਲੀ ਬੰਦਿਆਂ ਦੀ ਗ੍ਰਿਫ਼ਤਾਰੀ ਪਾਉਣਾ ਚਾਹੁੰਦਾ ਸੀ। ਹੁਣ ਕਰ ਲਏ ਘਿਓ ਨੂੰ ਭਾਂਡਾ। ਆਪ ਤਾਂ ਸਭ ਟਲ ਗਏ, ਫਸੇਗਾ ਤਾਂ ਲਾਲ ਸਿੰਘ। ਉਹ ਐਸ.ਐਚ.ਓ. ਵੀ ਸੀ ਅਤੇ ਇਸ ਸਮੇਂ ਥਾਣੇ ਵਿਚ ਹਾਜ਼ਰ ਵੀ।

ਕੋਈ ਹੋਰ ਪਾਰਟੀ ਹੁੰਦੀ, ਲਾਲ ਸਿੰਘ ਵਰੰਟ ਅਫ਼ਸਰ ਨੂੰ ਵਿਚ ਪਾ ਕੇ ਸਮਝੌਤਾ ਕਰ ਲੈਂਦਾ। ਇਹਨਾਂ ਭੜੂਆਂ ਨੇ ਕਿਥੇ ਮੰਨਣਾ ਸੀ ? ਉਹ ਤਾਂ ਪਹਿਲਾਂ ਹੀ ਲਾਲ ਸਿੰਘ ਨੂੰ ਹਵਾਲਾਤ ਦਿਖਾਉਣ ਦੀਆਂ ਧਮਕੀਆਂ ਦੇ ਰਹੇ ਸਨ। ਹਿਰਾਸਤ ਵਿਚ ਲਏ ਕਈ ਮੁੰਡਿਆਂ ਦੇ ਸੱਟਾਂ ਵੀ ਲੱਗੀਆਂ ਹੋਈਆਂ ਸਨ। ਉਹਨਾਂ ਦੇ ਮੁਆਇਨੇ ਵੀ ਕਰਾਉਣਗੇ ਅਤੇ ਹਾਈਕੋਰਟ ’ਚ ਪੈਰਵਾਈ ਵੀ ਕਰਨਗੇ। ਆਮ ਲੋਕਾਂ ਵਾਂਗ ਨਾ ਇਹਨਾਂ ਨੂੰ ਵਕੀਲਾਂ ਦੀਆਂ ਫ਼ੀਸਾਂ ਦਾ ਡਰ ਸੀ, ਨਾ ਪੁਲਿਸ ਦਾ।

ਲਾਲ ਸਿੰਘ ਨੂੰ ਲੱਗ ਰਿਹਾ ਸੀ ਹੁਣ ਖ਼ੈਰ ਨਹੀਂ ਸੀ।

ਬਾਬੇ ਹੱਥੋਂ ਇਹ ਲਾਲ ਸਿੰਘ ਦੀ ਤੀਜੀ ਹਾਰ ਸੀ।

ਹਾਰ ਕੇ ਲਾਲ ਸਿੰਘ ਨੇ ਉਹਨਾਂ ਮੁੰਡਿਆਂ ਦੇ ਨਾਂ ਪੁੱਛੇ, ਜਿਨ੍ਹਾਂ ਦੀ ਵਰੰਟ ਅਫ਼ਸਰ ਨੂੰ ਜ਼ਰੂਰਤ ਸੀ।

ਅੱਠਾਂ ਮੁੰਡਿਆਂ ਦੇ ਨਾਂ ਸੁਣ ਕੇ ਲਾਲ ਸਿੰਘ ਦਾ ਗ਼ੁੱਸਾ ਪਾਗ਼ਲਪਨ ਦੀ ਹੱਦ ਤਕ ਜਾ ਪੁੱਜਾ। ਇਸ ਦਾ ਮਤਲਬ ਸੀ ਕੋਈ ਥਾਣੇ ਵਿਚੋਂ ਹੀ ਬਾਹਰ ਇਤਲਾਹ ਦੇ ਰਿਹਾ ਸੀ। ਵਰੰਟ ਵਿਚ ਨਾ ਕਿਸੇ ਦਾ ਨਾਂ ਵੱਧ ਸੀ, ਨਾ ਘੱਟ। ਕਿਸੇ ਸਿਪਾਹੀ ਨੇ ਜੇ ਇਹਨਾਂ ਨੂੰ ਮੁੰਡਿਆਂ ਦੇ ਨਾਵਾਂ ਦੀ ਸੂਚੀ ਦਿੱਤੀ ਸੀ ਤਾਂ ਬਾਕੀ ਗੱਲਾਂ ਵੀ ਦੱਸੀਆਂ ਹੋਣਗੀਆਂ।

"ਇਹਨਾਂ ਵਿਚੋਂ ਇਕ ਵੀ ਮੁੰਡਾ ਸਾਡੇ ਕੋਲ ਨਹੀਂ ਹੈ। ਉਹ ਬੁਲਾਏ ਜ਼ਰੂਰ ਸੀ, ਪਰ ਕਦੋਂ ਦੇ ਛੱਡ ਦਿੱਤੇ। ਆਓ ਹਵਾਲਾਤ ਦਿਖਾਵਾਂ।"

"ਖ਼ਾਲੀ ਹਵਾਲਾਤ ਅਸੀਂ ਦੇਖ ਆਏ ਹਾਂ।" ਪ੍ਰੈਸ ਰਿਪੋਰਟਰ ਨੇ ਆਪਣੀ ਪੜਤਾਲੀਆ ਸੂਝ ਦਾ ਸਬੂਤ ਦਿੱਤਾ।

"ਫੇਰ ਤਾਂ ਠੀਕ ਹੈ। ਕੋਈ ਹੋਰ ਸ਼ੱਕ ?" ਕੁਝ ਪਲਾਂ ਲਈ ਲਾਲ ਸਿੰਘ ਦੀ ਬੇਚੈਨੀ ਘਟੀ।

"ਕੀ ਤੁਸੀਂ ਉਹ ਕਮਰਾ ਖੋਲ੍ਹ ਸਕਦੇ ਹੋ ?" ਮੁਨਸ਼ੀ ਦੇ ਦਫ਼ਤਰ ਦੇ ਨਾਲ ਵਾਲੇ ਕਮਰੇ, ਜਿਥੇ 'ਤਫ਼ਤੀਸ਼ੀ ਕਮਰਾ' ਲਿਖਿਆ ਹੋਇਆ ਸੀ, ਵੱਲ ਇਸ਼ਾਰਾ ਕਰਦੇ ਹੋਏ ਪ੍ਰੈਸ ਰਿਪੋਰਟਰ ਨੇ ਵਿਅੰਗ-ਮਈ ਬੇਨਤੀ ਕੀਤੀ।

"ਨਹੀਂ, ਉਹ ਥਾਣੇਦਾਰ ਦਾ ਦਫ਼ਤਰ ਹੈ। ਉਹ ਜਿੰਦਾ ਲਾ ਕੇ ਬਾਹਰ ਗਿਆ ਹੋਇਆ ਹੈ। ਮੈਂ ਉਸ ਦੀ ਗ਼ੈਰ-ਹਾਜ਼ਰੀ ਵਿਚ ਕਮਰਾ ਨਹੀਂ ਖੋਲ੍ਹ ਸਕਦਾ।" ਨਿਮਰਤਾ ਨਾਲ ਲਾਲ ਸਿੰਘ ਨੇ ਮਜਬੂਰੀ ਦੱਸੀ।

"ਇਹ ਝੂਠ ਹੈ। ਸਾਡੇ ਬੰਦੇ ਉਸੇ ਕਮਰੇ ਵਿਚ ਬੰਦ ਹਨ। ਤੁਸੀਂ ਆਵਾਜ਼ ਮਾਰ ਕੇ ਦੇਖ ਸਕਦੇ ਹੋ।" ਹੁਣ ਤਕ ਖ਼ਾਮੋਸ਼ ਰਹੇ ਚਾਰਾਂ ਵਿਚੋਂ ਇਕ ਨੇ ਚੁੱਪ ਤੋੜੀ।

"ਮੇਘ ਰਾਜ ਪੁੱਤਰ ਰਾਮਜੀ ਦਾਸ, ਅਜੀਤ ਸਿੰਘ ਪੁੱਤਰ ਨੱਥਾ ਸਿੰਘ, ਸ਼ਾਮੂ ਪੁੱਤਰ ਬੂਆ ਜੀ, ਬਲਕਾਰ ਸਿੰਘ ਪੁੱਤਰ ਦਿਆ ਸਿੰਘ, ਕਿਤੇ ਹੋਣ ਤਾਂ ਆਵਾਜ਼ ਦੇਣ....."

ਵਰੰਟ ਅਫ਼ਸਰ ਨੇ ਆਵਾਜ਼ ਤਾਂ ਮਾਰੀ ਪਰ ਉਸ ਵਿਚ ਜਾਨ ਨਹੀਂ ਸੀ।

ਪ੍ਰੈਸ ਰਿਪੋਰਟਰ ਦੀ ਤਸੱਲੀ ਨਹੀਂ ਸੀ ਹੋਈ। ਉਸ ਨੇ ਸ਼ਨਾਖ਼ਤ ਲਈ ਆਏ ਬੰਦਿਆਂ ਨੂੰ ਉੱਚੀ ਆਵਾਜ਼ਾਂ ਮਾਰਨ ਲਈ ਆਖਿਆ

"ਨਛੱਤਰ, ਅਮਰਪਾਲ, ਸੁਖਦੇਵ, ਕਿਸ਼ਨ.....ਬੋਲੋ ਕਿਥੇ ਹੋ ?" ਚਾਰਾਂ ਦੀਆਂ ਆਵਾਜ਼ਾਂ ਨਾਲ ਸਾਰਾ ਥਾਣਾ ਗੂੰਜਣ ਲੱਗਾ।

ਵਰੰਟ ਅਫ਼ਸਰ ਨੇ ਦਰਵਾਜ਼ੇ ਨੂੰ ਕੰਨ ਲਾ ਕੇ ਸੁਣਿਆ। ਅੰਦਰੋਂ ਕੋਈ ਕਰਾਹ ਰਿਹਾ ਸੀ।

ਮਜਬੂਰ ਹੋਏ ਲਾਲ ਸਿੰਘ ਨੂੰ ਕਮਰਾ ਖੋਲ੍ਹਣਾ ਪਿਆ। ਜਿਨ੍ਹਾਂ ਨੂੰ ਸੰਮਤੀ ਦੇ ਬੰਦਿਆਂ ਨੇ ਆਵਾਜ਼ਾਂ ਮਾਰੀਆਂ ਸਨ, ਉਹ ਚਾਰੇ ਇਸੇ ਕਮਰੇ ਵਿਚ ਬੰਦ ਸਨ।

ਬਾਕੀ ਦੇ ਚਾਰਾਂ ਬਾਰੇ ਨਛੱਤਰ ਨੇ ਦੱਸਿਆ। ਉਹ ਲਾਲ ਸਿੰਘ ਦੇ ਕੁਆਰਟਰ ਵਿਚ ਰੱਖੇ ਗਏ ਹਨ।

ਸੰਮਤੀ ਦੇ ਸਾਰੇ ਕਾਰਕੁਨਾਂ ਨੂੰ ਰਿਹਾਅ ਕਰਦਾ ਲਾਲ ਸਿੰਘ ਸਾਰੀ ਪੁਲਿਸ ਨੂੰ ਗਾਲ੍ਹਾਂ ਕੱਢਣ ਲੱਗਾ। ਮੁੰਡਿਆਂ ਨੂੰ ਤਫ਼ਤੀਸ਼ੀ ਕਮਰੇ ਵਿਚ ਬੰਦ ਕਰਿਆਂ ਘੰਟਾ ਵੀ ਨਹੀਂ ਸੀ ਹੋਇਆ। ਇਤਲਾਹ ਬਾਹਰ ਪੁੱਜ ਵੀ ਗਈ ਸੀ।

ਲਾਲ ਸਿੰਘ ਪੂਰੀ ਤਰ੍ਹਾਂ ਮਾਯੂਸ ਹੋ ਚੁੱਕਾ ਸੀ। ਜਦੋਂ ਘਰ ਦਾ ਭੇਤੀ ਹੀ ਲੰਕਾ ਢਾਹੁਣ ਲੱਗੇ ਤਾਂ ਜਿੱਤ ਕਿਵੇਂ ਹਾਸਲ ਹੋ ਸਕਦੀ ਸੀ ?

ਲਾਲ ਸਿੰਘ ਨੂੰ ਯਕੀਨ ਹੋ ਗਿਆ ਕਿ ਵਰੰਟ ਅਫ਼ਸਰ ਨੂੰ ਥਾਣੇ ਦੀ ਹਰ ਛੋਟੀ-ਵੱਡੀ ਕਾਰਵਾਈ ਦਾ ਇਲਮ ਸੀ। ਹੋਰ ਲੁਕਾ-ਛੁਪੀ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ।

ਚੁੱਪ ਕਰ ਕੇ ਉਸ ਨੇ ਮੁੰਡੇ ਵਾਰਿਸਾਂ ਦੇ ਹਵਾਲੇ ਕੀਤੇ ਅਤੇ ਹਾਈਕੋਰਟ ਦੇ ਸੰਮਨ ਲੈ ਲਏ। ਜੋ ਹੋਏਗਾ, ਸੋ ਦੇਖੀ ਜਾਏਗੀ।

★

# 32

ਭੋਗ ਵਿਚ ਕੱਲ੍ਹ ਦਾ ਦਿਨ ਬਾਕੀ ਸੀ।

ਅੱਧੇ ਨਾਲੋਂ ਵੱਧ ਸ਼ਹਿਰ ਕੁੱਟਿਆ ਜਾ ਚੁੱਕਾ ਸੀ। ਇਲਾਕੇ ਦਾ ਹਰ ਬਦਮਾਸ਼ ਲੋੜੋਂ ਵੱਧ ਇੰਟੈਰੋਗੇਟ ਹੋ ਚੁੱਕਾ ਸੀ। ਜਿਸ 'ਤੇ ਮਾਮੂਲੀ ਜਿਹਾ ਸ਼ੱਕ ਵੀ ਕੀਤਾ ਜਾ ਸਕਦਾ ਸੀ, ਉਸ ਨੂੰ ਵੀ ਨਹੀਂ ਸੀ ਬਖ਼ਸ਼ਿਆ ਗਿਆ। ਇੰਝ ਲੱਗਦਾ ਸੀ, ਮੁਜਰਮ ਜਿਵੇਂ ਭੂਤਾਂ-ਪ੍ਰੇਤਾਂ ਵਾਂਗ ਅਸਮਾਨੋ ਉਤਰੇ ਹੋਣ ਅਤੇ ਕਾਰਾ ਕਰ ਕੇ ਮੁੜ ਕਿਧਰੇ ਛਾਈਂ-ਮਾਈਂ ਹੋ ਗਏ ਹੋਣ।

ਕਾਤਲਾਂ ਬਾਰੇ ਤਾਂ ਕੀ ਪਤਾ ਲੱਗਣਾ ਸੀ, ਇਹ ਵੀ ਪਤਾ ਨਹੀਂ ਸੀ ਲੱਗ ਸਕਿਆ ਕਿ ਕਾਤਲ ਕਿਥੋਂ ਆਏ, ਬੰਟੀ ਨੂੰ ਕਿਥੋਂ ਚੁੱਕਿਆ ਅਤੇ ਕਿਥੇ ਰੱਖਿਆ ਗਿਆ? ਚਿੱਠੀਆਂ ਕੌਣ ਲਿਖਦਾ ਅਤੇ ਪੋਸਟ ਕਰਦਾ ਰਿਹਾ? ਬੰਟੀ ਨੂੰ ਕਿਥੇ ਰੱਖਿਆ ਅਤੇ ਕਿਥੇ ਮਾਰਿਆ ਗਿਆ?

ਜਦੋਂ ਦਸਾਂ ਦਿਨਾਂ ਵਿਚ ਕੁਝ ਪੱਲੇ ਨਹੀਂ ਸੀ ਪਿਆ ਤਾਂ ਚੌਵੀ ਘੰਟਿਆਂ ਵਿਚ ਕਿਹੜਾ ਜਾਦੂ ਵੱਜ ਜਾਣਾ ਸੀ? ਕਿਸੇ ਤੋਂ ਪੁੱਛ-ਪੜਤਾਲ ਕਰਨੀ ਵੀ ਬਾਕੀ ਨਹੀਂ ਸੀ। ਕਾਤਲਾਂ ਬਾਰੇ ਅਕਾਸ਼ਬਾਣੀ ਤਾਂ ਹੋਣੋਂ ਰਹੀ।

ਪੁਲਿਸ ਕਪਤਾਨ ਬਿਆਨ 'ਤੇ ਬਿਆਨ ਦਾਗ਼ ਰਿਹਾ ਸੀ। ਮੁਜਰਮਾਂ ਦੀ ਸ਼ਨਾਖ਼ਤ ਹੋਣ ਅਤੇ ਉਹਨਾਂ ਨੂੰ ਗ੍ਰਿਫ਼ਤਾਰ ਕਰਨ ਲਈ ਰਵਾਨਾ ਹੋਈਆਂ ਪੁਲਿਸ ਪਾਰਟੀਆਂ ਦੀ ਖ਼ਬਰ ਅੱਜ ਦੇ ਅਖ਼ਬਾਰ ਵਿਚ ਛਪੀ ਸੀ।

ਉਸੇ ਰਿਪੋਰਟਾਂ ਦੇ ਆਧਾਰ 'ਤੇ ਮੁੱਖ ਮੰਤਰੀ ਵੀ ਹਿੱਕ ਠੋਕ ਕੇ ਆਖ ਰਿਹਾ ਸੀ ਕਿ ਮੁਜਰਮ ਹਰ ਹਾਲਤ ਵਿਚ ਭੋਗ ਤੋਂ ਪਹਿਲਾਂ-ਪਹਿਲਾਂ ਫੜੇ ਜਾਣਗੇ।

ਇਥੇ ਕਾਤਲਾਂ ਦੀ ਵਾਈ-ਧਾਈ ਵੀ ਨਹੀਂ ਸੀ।

ਥਾਣਾ ਖ਼ਾਲੀ ਪਿਆ ਸੀ। ਕੁਝ ਵਰੰਟ ਅਫ਼ਸਰ ਛੁਡਾ ਕੇ ਲੈ ਗਿਆ, ਬਾਕੀ ਉਹਨਾਂ ਆਪ ਛੱਡ ਦਿੱਤੇ।

ਜੁਝਾਰੂ ਜਥੇਬੰਦੀ ਤੋਂ ਲਾਲ ਸਿੰਘ ਨੂੰ ਡਰ ਲੱਗਣ ਲੱਗਾ। ਹਾਈ ਕੋਰਟ ਦੇ ਮੁਕੱਦਮੇ ਨੂੰ ਉਹ ਭੁਗਤ ਲਏਗਾ। ਜੇ ਜੁਝਾਰੂਆਂ ਦੀ 'ਹਾਈ ਕੋਰਟ' ਦੇ ਵਰੰਟ ਆ ਗਏ ਤਾਂ ਜਾਨ ਲੁਕਾਣੀ ਮੁਸ਼ਕਿਲ ਹੋ ਜਾਏਗੀ। ਜੋਸ਼-ਜੋਸ਼ ਵਿਚ ਉਸ ਤੋਂ ਜ਼ਿਆਦਤੀ ਵੀ ਜ਼ਿਆਦਾ ਹੀ ਹੋ ਗਈ ਸੀ। ਉਹ ਤਾਂ ਸਾਰਾ ਕੁਨਬਾ ਹੀ ਤਬਾਹ ਕਰਨਗੇ।

ਸਿਰ ਸੁੱਟੀ ਬੈਠਾ ਲਾਲ ਸਿੰਘ ਇਸ ਮੁਸੀਬਤ 'ਚੋਂ ਨਿਕਲਣ ਦਾ ਰਾਹ ਸੋਚਦਾ ਰਿਹਾ।

ਉਸ ਨੂੰ ਇਕੋ ਰਾਹ ਨਜ਼ਰ ਆ ਰਿਹਾ ਸੀ। ਨਾਲੇ ਸੱਪ ਵੀ ਮਰ ਜਾਣਾ ਸੀ, ਨਾਲੇ ਲਾਠੀ ਵੀ ਬਚ ਰਹਿਣੀ ਸੀ। ਮੁੱਖ ਮੰਤਰੀ ਦੇ ਵਚਨ ਵੀ ਪੂਰੇ ਹੋ ਜਾਣੇ ਸਨ ਅਤੇ ਪੁਲਿਸ ਦੀ ਵੀ ਵਾਹਵਾ-ਵਾਹਵਾ ਹੋ ਜਾਣੀ ਸੀ।

ਆਪਣੇ ਮਨ ਨਾਲ ਪੱਕਾ ਫ਼ੈਸਲਾ ਕਰ ਕੇ ਲਾਲ ਸਿੰਘ ਨੇ ਹਮਾਇਤੀ ਪੁਲਿਸ ਅਫ਼ਸਰਾਂ ਦੀ ਮੀਟਿੰਗ ਬੁਲਾਈ। ਸਾਰੇ ਉਸ ਨਾਲ ਇਕ ਦਮ ਸਹਿਮਤ ਹੋ ਗਏ। ਆਪਣੀ ਨੌਕਰੀ ਬਚਾਉਣ ਦਾ ਇਹੋ ਇਕ ਹੱਲ ਸੀ।

ਕਿਸੇ ਨੂੰ ਸ਼ੱਕ ਵੀ ਨਹੀਂ ਹੋ ਸਕਦਾ। ਦੋਵੇਂ ਪੁਰਾਣੇ ਬੀ.ਸੀ. ਸਨ।

ਖ਼ੁਸ਼ ਹੋਇਆ ਲਾਲ ਸਿੰਘ ਪੁਲਿਸ ਅਫ਼ਸਰਾਂ ਨੂੰ ਡਿਊਟੀਆਂ ਲਾਉਣ ਲੱਗਾ।

ਹੌਲਦਾਰ ਰਾਤੋ-ਰਾਤ ਪਾਲੇ ਅਤੇ ਮੀਤੇ ਲਈ ਚਿੱਟੇ ਦੁੱਧ ਵਰਗੇ ਕੁੜਤਿਆਂ ਪਜਾਮਿਆਂ ਦਾ ਇੰਤਜ਼ਾਮ ਕਰੇ। ਨਵੀਆਂ ਤਿੱਲੇਦਾਰ ਜੁੱਤੀਆਂ, ਕਾਲੀਆਂ ਪੱਗਾਂ ਅਤੇ ਲਾਲ ਫਿਫਟੀਆਂ ਵੀ ਖ਼ਰੀਦੀਆਂ ਜਾਣ।

ਬਲਵੰਤ ਨੇ ਉਹਨਾਂ ਦੀਆਂ ਉਂਗਲਾਂ ਦੇ ਨਿਸ਼ਾਨ ਸਰੀਏ, ਸ਼ੀਸ਼ੀਆਂ ਅਤੇ ਬੋਤਲਾਂ 'ਤੇ ਲੈ ਲਏ। ਫੇਰ ਇਹਨਾਂ ਚੀਜ਼ਾਂ ਨੂੰ ਸੂਏ ਲਾਗਲੇ ਖੇਤ ਵਿਚ ਬੜੀ ਸਾਵਧਾਨੀ ਨਾਲ ਦਬਾ ਦਿੱਤਾ ਜਾਵੇ। ਪਿੱਛੋਂ ਪਬਲਿਕ ਦੇ ਸਾਹਮਣੇ ਇਹ ਚੀਜ਼ਾਂ ਬਰਾਮਦ ਕਰਾਈਆਂ ਜਾਣਗੀਆਂ।

ਉਹਨਾਂ ਦੇ ਹੱਥਾਂ ਪੈਰਾਂ ਦੇ ਨਿਸ਼ਾਨ ਉਹਨਾਂ ਚੀਜ਼ਾਂ 'ਤੇ ਵੀ ਲਏ ਜਾਣ, ਜਿਨ੍ਹਾਂ 'ਤੇ ਮੌਕਾ ਦੇਖਣ ਲਾਏ ਮਾਹਿਰਾਂ ਨੇ ਲਏ ਸਨ।

ਰੇਤਾ ਮੰਗਵਾ ਕੇ ਉਸ ਉਪਰ ਪਾਲੇ ਅਤੇ ਮੀਤੇ ਨੂੰ ਤੋਰਿਆ ਜਾਵੇ। ਫੇਰ ਪਹਿਲਾਂ ਦੀ ਤਰ੍ਹਾਂ ਮੋਲਡ ਤਿਆਰ ਕੀਤੇ ਜਾਣ।

ਨਾਜ਼ਰ ਨੂੰ ਹੁਕਮ ਸੀ ਕਿ ਉਹ ਹੁਣੇ ਉਂਗਲਾਂ ਦੇ ਨਿਸ਼ਾਨ ਵਾਲੀਆਂ ਚੀਜ਼ਾਂ ਦੀ ਥਾਂ ਇਹ ਰੱਖ ਆਵੇ। ਲਬਾਰਟਰੀ ਵਾਲੇ ਇਸ ਗੱਲ ਤੋਂ ਢਿੱਲ-ਮੱਠ ਕਰਨ ਤਾਂ ਉਹਨਾਂ ਦੀ ਸਾਹਿਬ ਨਾਲ ਗੱਲ ਕਰਾ ਦਿੱਤੀ ਜਾਵੇ। ਸਾਹਿਬ ਆਪੇ ਉਹਨਾਂ ਨੂੰ ਸਮਝਾ ਦੇਵੇਗਾ। ਸਾਹਿਬ ਲਾਲ ਸਿੰਘ ਦੀ ਯੋਜਨਾ ਨਾਲ ਸਹਿਮਤੀ ਪ੍ਰਗਟਾ ਚੁੱਕਾ ਸੀ।

ਮੀਤੇ ਨੂੰ ਤਾਂ ਕਾਲਾ ਅੱਖਰ ਮੱਝ ਬਰਾਬਰ ਸੀ। ਪਾਲਾ ਮਾੜੀ-ਮੋਟੀ ਪੰਜਾਬੀ ਲਿਖ ਸਕਦਾ ਸੀ। ਉਸ ਤੋਂ ਉਹੋ ਜਿਹੀਆਂ ਚਿੱਠੀਆਂ ਲਿਖਵਾਈਆਂ ਗਈਆਂ, ਜਿਹੋ ਜਿਹੀਆਂ ਬੰਟੀ ਦੇ ਕਾਤਲਾਂ ਨੇ ਭੇਜੀਆਂ ਸਨ। ਅਸਲ ਚਿੱਠੀਆਂ ਨੂੰ ਮਿਸਲ ਨਾਲੋਂ ਲਾਹ ਕੇ ਫੂਕ ਦਿੱਤਾ ਗਿਆ ਅਤੇ ਇਹ ਚਿੱਠੀਆਂ ਮਿਸਲ ਨਾਲ ਨੱਥੀ ਕਰ ਦਿੱਤੀਆਂ ਗਈਆਂ।

ਪਿਛਲੀਆਂ ਤਰੀਕਾਂ ਵਿਚ ਸਬੂਤ ਇਕੱਠੇ ਕਰ ਕੇ ਉਹਨਾਂ ਮੁਕਾਬਲੇ ਦੀ ਤਿਆਰੀ ਸ਼ੁਰੂ ਕੀਤੀ।

ਸਵੇਰੇ ਚਾਰ ਕੁ ਵਜੇ ਸੀਟੀਆਂ ਮਾਰਦੀ ਪੁਲਿਸ ਅਤੇ ਹਾਰਨ ਮਾਰਦੀਆਂ ਗੱਡੀਆਂ ਸਾਰੇ ਸ਼ਹਿਰ ਵਿਚ ਭਜਾਈਆਂ ਗਈਆਂ।

ਪੁੱਛਣ ਵਾਲਿਆਂ ਨੂੰ ਦੱਸਿਆ ਗਿਆ ਕਿ ਸੇਮ ਨਾਲੇ 'ਤੇ ਕਾਤਲਾਂ ਨਾਲ ਪੁਲਿਸ ਦਾ ਮੁਕਾਬਲਾ ਹੋ ਰਿਹਾ ਹੈ।

ਫੇਰ ਖ਼ਬਰ ਆਈ ਕਿ ਮੁਕਾਬਲੇ ਵਿਚ ਭਾਰੀ ਫ਼ਾਇਰਿੰਗ ਹੋ ਰਹੀ ਹੈ। ਸਾਰਾ ਇਲਾਕਾ ਸੀਲ ਕਰ ਦਿੱਤਾ ਗਿਆ ਹੈ। ਉਧਰ ਜਾਣ ਵਾਲੀਆਂ ਬੱਸਾਂ-ਕਾਰਾਂ ਨੂੰ ਦੂਜੇ ਰਸਤੇ ਜਾਣ ਦਾ ਹੁਕਮ ਹੋਇਆ।

ਫੇਰ ਖ਼ਬਰ ਆਈ ਕਿ ਕੁਝ ਸਿਪਾਹੀ ਅਤੇ ਇਕ ਹੌਲਦਾਰ ਫੱਟੜ ਹੋ ਗਏ ਹਨ। ਕਾਤਲਾਂ ਕੋਲ ਪਤਾ ਨਹੀਂ ਕਿੰਨਾ ਕੁ ਅਸਲਾ ਹੈ। ਖ਼ਤਮ ਹੋਣ ਵਿਚ ਹੀ ਨਹੀਂ ਆਉਂਦਾ।

ਜਦੋਂ ਡਿਪਟੀ ਆਪਣੀ ਫ਼ੋਰਸ ਲੈ ਕੇ ਮੌਕੇ 'ਤੇ ਪੁੱਜਾ ਤਾਂ ਕਿਤੇ ਜਾ ਕੇ ਘੇਰਾ ਮਜ਼ਬੂਤ ਹੋਇਆ।

ਉਹਨਾਂ ਨੂੰ ਕਾਬੂ ਕਰਨ ਲਈ ਘੰਟਾ ਡਿਪਟੀ ਨੂੰ ਵੀ ਜੂਝਣਾ ਪਿਆ।

ਸ਼ੁਕਰ ਸੀ ਕਿ ਮੁਜਰਮ ਜਿੰਦਾ ਹੱਥ ਲੱਗ ਗਏ ਸਨ। ਨਹੀਂ ਤਾਂ ਪੁੱਛ-ਗਿੱਛ ਨਹੀਂ ਸੀ ਹੋ ਸਕਣੀ।

ਪੁਲਿਸ ਦੇ ਯੋਧਿਆਂ ਨੂੰ ਥਾਣੇ ਮੁੜਦਿਆਂ ਦੁਪਹਿਰ ਹੋ ਗਈ। ਸ਼ੇਰਾਂ ਵਰਗੇ ਦੋ ਕਾਤਲ ਉਹਨਾਂ ਦੀਆਂ ਬੁਲੇਟ ਪਰੂਫ਼ ਕਾਰਾਂ ਵਿਚ ਬੰਦ ਸਨ।

ਸਾਰੇ ਥਾਣੇ ਦੇ ਆਲੇ-ਦੁਆਲੇ ਅਤੇ ਛੱਤ 'ਤੇ ਬੀ.ਐਸ.ਐਫ਼. ਦਾ ਪਹਿਰਾ ਲਾ ਦਿੱਤਾ ਗਿਆ। ਉਹਨਾਂ ਨੂੰ ਛੁਡਾਉਣ ਲਈ ਕਿਸੇ ਵੀ ਸਮੇਂ ਥਾਣੇ 'ਤੇ ਹਮਲਾ ਹੋ ਸਕਦਾ ਸੀ।

ਕਿਸੇ ਨੂੰ ਵੀ ਥਾਣੇ ਦੇ ਨੇੜੇ ਨਹੀਂ ਸੀ ਢੁਕਣ ਦਿੱਤਾ ਜਾ ਰਿਹਾ। ਕਿਸੇ ਵੀ ਤਰ੍ਹਾਂ ਦੀ ਮਾੜੀ ਘਟਨਾ ਵਾਪਰ ਸਕਦੀ ਸੀ।

ਪ੍ਰੈਸ ਰਿਪੋਰਟਰ ਖਹਿੜਾ ਨਹੀਂ ਸੀ ਛੱਡ ਰਹੇ। ਕਈ ਅੰਗਰੇਜ਼ੀ ਅਖ਼ਬਾਰਾਂ ਨੇ ਆਪਣੇ ਵਿਸ਼ੇਸ਼ ਪ੍ਰਤੀਨਿਧ ਭੇਜੇ ਸਨ। ਪੁਲਿਸ ਕਿਸੇ ਦੇ ਪੱਲੇ ਕੁਝ ਨਹੀਂ ਸੀ ਪਾ ਰਹੀ। ਪੁਲਿਸ ਦੇ ਵੀ ਹਾਲੇ ਕੁਝ ਪੱਲੇ ਨਹੀਂ ਸੀ ਪਿਆ। ਮੁਜਰਮ ਨਾਂ ਨਹੀਂ ਸੀ ਦੱਸ ਰਹੇ।

ਫ਼ੋਟੋਆਂ ਲੈਣ ਦੀ ਵੀ ਇਜਾਜ਼ਤ ਨਹੀਂ ਸੀ। ਮੁਜਰਮਾਂ ਦੇ ਮੂੰਹ ਢਕਾਏ ਗਏ ਸਨ। ਉਹਨਾਂ ਨੂੰ ਕਚਹਿਰੀ ਵਿਚ ਇਸ ਤਰ੍ਹਾਂ ਹੀ ਪੇਸ਼ ਕੀਤਾ ਜਾਣਾ ਸੀ ਤਾਂ ਜੋ ਗਵਾਹਾਂ ਤੋਂ ਉਹਨਾਂ ਦੀ ਸ਼ਨਾਖ਼ਤ ਕਰਾਈ ਜਾ ਸਕੇ। ਕਾਨੂੰਨ ਉਹਨਾਂ ਦੇ ਮੂੰਹ ਸ਼ਨਾਖ਼ਤੀ ਪਰੇਡ ਤੋਂ ਪਹਿਲਾਂ ਨੰਗੇ ਕਰਨ ਦੀ ਇਜਾਜ਼ਤ ਨਹੀਂ ਸੀ ਦਿੰਦਾ। ਹੁਣੇ ਫ਼ੋਟੋਆਂ ਖਿੱਚ ਲਈਆਂ ਗਈਆਂ ਤਾਂ ਮੁਜਰਮ ਇਸ ਗੱਲ ਤੋਂ ਬਰੀ ਹੋ ਜਾਣੇ ਸਨ। ਹਾਂ, ਉਹਨਾਂ ਨੇ ਗਵਾਹਾਂ ਕੋਲੋਂ ਆਪਣੀ ਸ਼ਨਾਖ਼ਤ ਕਰਾਉਣ ਤੋਂ ਨਾਂਹ ਕਰ ਦਿੱਤੀ ਤਾਂ ਫ਼ੋਟੋਗ੍ਰਾਫ਼ਰ ਜੀ ਸਦਕੇ ਫ਼ੋਟੋਆਂ ਖਿੱਚ ਲੈਣ।

ਇਸ ਲਈ ਪ੍ਰੈਸ ਵਾਲਿਆਂ ਨੂੰ ਓਨਾ ਚਿਰ ਸਬਰ ਕਰਨਾ ਪੈਣਾ ਸੀ, ਜਿੰਨਾ ਚਿਰ ਮੁਜਰਮਾਂ ਨੂੰ ਅਦਾਲਤ ਵਿਚ ਪੇਸ਼ ਨਹੀਂ ਸੀ ਕੀਤਾ ਜਾਂਦਾ।

ਮੁਜਰਮਾਂ ਨੂੰ ਕਦੋਂ ਅਦਾਲਤ ਵਿਚ ਪੇਸ਼ ਕਰਨਾ ਸੀ, ਇਸ ਬਾਰੇ ਕੋਈ ਕੁਝ ਨਹੀਂ ਸੀ ਦੱਸ ਰਿਹਾ।

★

# 33

ਮੁੱਖ ਮੰਤਰੀ ਦੇ ਰੁਝੇਵਿਆਂ ਨੂੰ ਧਿਆਨ ਵਿਚ ਰੱਖਦੇ ਹੋਏ ਬੰਟੀ ਦੇ ਭੋਗ ਦੀਆਂ ਰਸਮਾਂ ਇਕ ਘੰਟੇ ਲਈ ਲੇਟ ਕਰ ਦਿੱਤੀਆਂ ਗਈਆਂ।

ਮੁੱਖ ਮੰਤਰੀ ਨੇ ਬਾਅਦ ਦੁਪਹਿਰ ਆਉਣਾ ਸੀ। ਆਉਣਾ ਸੀ ਜਾਂ ਨਹੀਂ, ਇਹ ਵੀ ਪੱਕਾ ਪਤਾ ਨਹੀਂ ਸੀ। ਉਹਨਾਂ ਦੇ ਸ਼ਹਿਰ ਆਉਣ ਦੇ ਪ੍ਰੋਗਰਾਮ ਤਾਂ ਵੀਹ ਵਾਰ ਬਣਦੇ ਹਨ। ਆਪ ਕਦੇ ਹੀ ਪਹੁੰਚਦੇ ਹਨ। ਐਨ ਵਕਤ ਸਿਰ ਉਹਨਾਂ ਦੀ ਥਾਂ ਉਹਨਾਂ ਦਾ ਕੋਈ ਖ਼ਾਸ ਵਜ਼ੀਰ ਜਾਂ ਜ਼ਿਲ੍ਹੇ ਦਾ ਕੋਈ ਉੱਚ-ਅਧਿਕਾਰੀ ਮੌਕੇ 'ਤੇ ਪਹੁੰਚਦਾ ਹੈ। ਮੁੱਖ ਮੰਤਰੀ ਦੇ ਰੁਝੇਵਿਆਂ ਦਾ ਕਿੱਸਾ ਸੁਣਾ ਕੇ ਉਹਨਾਂ ਕੋਲੋਂ ਮੁਆਫ਼ੀ ਮੰਗਦਾ ਹੈ। ਮੁੱਖ ਮੰਤਰੀ ਦੇ ਫ਼ਰਜ਼ ਨਿਭਾ ਕੇ ਤੁਰਦਾ ਬਣਦਾ ਹੈ।

ਜਿਸ ਹਿਸਾਬ ਨਾਲ ਕਰੜੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ, ਉਸ ਤੋਂ ਲੱਗਦਾ ਸੀ, ਮੁੱਖ ਮੰਤਰੀ ਜ਼ਰੂਰ ਪਹੁੰਚਣਗੇ।

ਸਾਰੇ ਸ਼ਹਿਰ ਵਿਚ ਗਸ਼ਤ ਤੇਜ਼ ਹੋ ਗਈ ਸੀ। ਸ਼ਹਿਰ ਦੇ ਬਾਹਰਲੇ ਚੌਕਾਂ ਵਿਚ ਟ੍ਰੈਫ਼ਿਕ ਪੁਲਿਸ ਤੋਂ ਇਲਾਵਾ ਇਕ-ਇਕ ਹੌਲਦਾਰ ਅਤੇ ਚਾਰ-ਚਾਰ ਸਿਪਾਹੀ ਵੀ ਤਾਇਨਾਤ ਕੀਤੇ ਗਏ ਸਨ। ਸਾਈਕਲ ਅਤੇ ਸਕੂਟਰ ਤੋਂ ਬਿਨਾਂ ਕਿਸੇ ਵੀ ਗੱਡੀ ਨੂੰ ਸ਼ਹਿਰ 'ਚ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਸੀ। ਸਕੂਟਰਾਂ ਦੇ ਵੀ ਨੰਬਰ ਨੋਟ ਕੀਤੇ ਜਾ ਰਹੇ ਸਨ। ਉਹਨਾਂ ਦੀਆਂ ਡਿੱਗੀਆਂ ਦੀ ਵੀ ਚੰਗੀ ਤਰ੍ਹਾਂ ਤਲਾਸ਼ੀ ਹੋ ਰਹੀ ਸੀ।

ਥਾਣੇ ਤੋਂ ਕਚਹਿਰੀ ਤਕ ਦੇ ਦੋ ਮੀਲ ਦੇ ਰਸਤੇ 'ਤੇ ਖ਼ਾਸ ਤਵੱਜੋ ਦਿੱਤੀ ਗਈ ਸੀ। ਇਸ ਰਸਤੇ 'ਤੇ ਪੈਂਦੀ ਹਰ ਗਲੀ ਦੇ ਮੋੜ 'ਤੇ ਇਕ-ਇਕ ਸਿਪਾਹੀ ਖੜ੍ਹਾ ਕੀਤਾ ਗਿਆ ਸੀ। ਉਹ ਬੜੀ ਹੁਸ਼ਿਆਰੀ ਨਾਲ ਆਲਾ-ਦੁਆਲਾ ਘੋਖ ਰਿਹਾ ਸੀ।

ਸ਼ਹਿਰ ਵਾਸੀਆਂ ਦੇ ਦਿਲ ਧੜਕ ਰਹੇ ਸਨ। ਸ਼ਹਿਰ ਵਿਚ ਏਨੀ ਪੁਲਿਸ ਪਹਿਲਾਂ ਕਦੇ ਨਹੀਂ ਦੇਖੀ ਗਈ। ਪੁਲਿਸ ਨੂੰ ਕਿਸੇ ਮੰਦੀ ਘਟਨਾ ਵਾਪਰਨ ਦੀ ਸੂਹ ਲੱਗੀ ਹੋਏਗੀ। ਕਈਆਂ ਨੇ ਰਾਸ਼ਨ ਖ਼ਰੀਦ ਕੇ ਅੰਦਰ ਰੱਖ ਲਏ। ਦੂਰ ਪੜ੍ਹਾਉਣ ਜਾਂਦੀਆਂ ਅਧਿਆਪਕਾਵਾਂ ਨੇ ਛੁੱਟੀਆਂ ਭੇਜ ਦਿੱਤੀਆਂ। ਵਾਪਸ ਮੁੜਦੀਆਂ ਨੂੰ ਕਰਫ਼ਿਊ ਲੱਗ ਗਿਆ ਤਾਂ ਬੱਚਿਆਂ ਦਾ ਕੀ ਬਣੇਗਾ ? ਕਰਫ਼ਿਊ ਦਾ ਸੁਆਦ ਉਹ ਕਈ ਵਾਰ ਚੱਖ ਚੁੱਕੀਆਂ ਸਨ।

ਸ਼ਹਿਰ ਵਿਚਲੇ ਸਖ਼ਤ ਸੁਰੱਖਿਆ ਪ੍ਰਬੰਧਾਂ ਦੀ ਤਾਂ ਲੋਕਾਂ ਨੂੰ ਸਮਝ ਆ ਰਹੀ ਸੀ ਪਰ ਕਚਹਿਰੀ ਨੂੰ ਕਿਉਂ ਘੇਰਿਆ ਗਿਆ ਹੈ, ਇਹ ਸਮਝੋਂ ਬਾਹਰ ਸੀ। ਗੇਟ ਤੋਂ ਕੋਰਟ-ਰੂਮ ਤਕ ਕਦਮ-ਕਦਮ 'ਤੇ ਸਿਪਾਹੀ ਖੜ੍ਹਾ ਸੀ। ਵਕੀਲਾਂ ਦੇ ਖੋਖਿਆਂ, ਸਾਈਕਲ ਸ਼ੈਡਾਂ, ਅਰਜ਼ੀ ਨਵੀਸਾਂ ਦੇ ਤਖ਼ਤਪੋਸ਼ਾਂ ਅਤੇ ਹਰ ਉਸ ਜਗ੍ਹਾ 'ਤੇ ਜਿਥੇ ਚਾਰ ਬੰਦੇ ਇਕੱਠੇ ਖੜ੍ਹੇ ਹੋਏ ਸਨ, ਕੋਲ ਚਿੱਟੇ ਕੱਪੜਿਆਂ ਵਾਲੇ ਸੂਹੀਏ ਕੰਨ ਲਾਈ ਖੜ੍ਹੇ ਸਨ।

ਵਕੀਲਾਂ ਵਿਚ ਘੁਸਰ-ਮੁਸਰ ਸ਼ੁਰੂ ਹੋ ਗਈ ਸੀ। ਜ਼ਰੂਰ ਕੋਈ ਖ਼ਤਰਾ ਸੀ। ਨਹੀਂ ਤਾਂ ਅੱਗੇ ਕਦੇ ਕਚਹਿਰੀਆਂ ਦੀਆਂ ਛੱਤਾਂ 'ਤੇ ਬੀ.ਐਸ.ਐਫ਼. ਦੇ ਜਵਾਨਾਂ ਨੇ ਪੁਜ਼ੀਸ਼ਨਾਂ ਨਹੀਂ ਸੀ ਲਈਆਂ। ਉਹ ਮੋਰਚੇ ਬਣਾ ਕੇ ਸਟੇਨਗੰਨਾਂ ਅਤੇ ਐਲ.ਐਮ.ਜੀ. ਇਉਂ ਤਾਣੀ ਖੜੇ ਸਨ, ਜਿਵੇਂ ਕਿਸੇ ਵੀ ਸਮੇਂ ਜੰਗ ਦਾ ਬਿਗਲ ਵੱਜਣ ਵਾਲਾ ਹੋਵੇ।

ਕਦੇ-ਕਦੇ ਮੁੱਖ ਮੰਤਰੀ ਵਕੀਲਾਂ ਨੂੰ ਮਿਲਣ ਆਉਂਦਾ ਸੀ। ਉਸ ਸਮੇਂ ਕਚਹਿਰੀਆਂ ਵਿਚ ਕੁਝ ਸੁਰੱਖਿਆ ਪ੍ਰਬੰਧ ਜ਼ਰੂਰ ਕੀਤੇ ਜਾਂਦੇ ਸਨ। ਪ੍ਰਧਾਨ ਨੂੰ ਉਹਨਾਂ ਦੇ ਇਥੇ ਆਉਣ ਦੀ ਕੋਈ ਸੂਚਨਾ ਨਹੀਂ ਸੀ। ਮੁੱਖ ਮੰਤਰੀ ਦੇ ਨਜ਼ਦੀਕੀ ਵਕੀਲ ਵੀ ਕਚਹਿਰੀਉਂ ਗ਼ਾਇਬ ਸਨ। ਉਹਨਾਂ ਨੇ ਉਥੇ ਡੇਰਾ ਜਾ ਲਾਇਆ ਹੋਣਾ ਹੈ, ਜਿਥੇ ਮੁੱਖ ਮੰਤਰੀ ਨੇ ਠਹਿਰ ਕਰਨੀ ਹੋਏਗੀ। ਨਹੀਂ ਤਾਂ ਉਹ ਇਥੇ ਮੇਲੇ 'ਚ ਗੁਆਚੀ ਗਾਂ ਵਾਂਗ ਹਰਲ-ਹਰਲ ਕਰਦੇ ਫਿਰਦੇ ਰਹਿੰਦੇ।

ਇਸ ਸੁਰੱਖਿਆ ਦਾ ਇਕੋ-ਇਕ ਕਾਰਨ ਕਿਸੇ ਬਹੁਤ ਹੀ ਖ਼ਤਰਨਾਕ ਦਹਿਸ਼ਤਗਰਦ ਦਾ ਅਦਾਲਤ ਵਿਚ ਪੇਸ਼ ਹੋਣਾ ਹੋ ਸਕਦਾ ਸੀ। ਮੁਜਰਮਾਂ ਨੂੰ ਪੁਲਿਸ ਕੋਲੋਂ ਛੁਡਾ ਲੈਣ ਦੀਆਂ ਵਾਰਦਾਤਾਂ ਆਮ ਹੋ ਰਹੀਆਂ ਸਨ। ਭੀੜ-ਭੜੱਕਿਆਂ ਵਾਲੀਆਂ ਕਚਹਿਰੀਆਂ ਵਿਚ ਅਜਿਹੇ ਮੌਕੇ ਅਸਾਨੀ ਨਾਲ ਮਿਲ ਜਾਂਦੇ ਹਨ

ਜੱਜਾਂ ਦੇ ਚਿਹਰੇ ਵੀ ਪੀਲੇ ਭੂਕ ਹੋਏ-ਹੋਏ ਸਨ। ਹਰ ਇਕ ਨੂੰ ਲੱਗਦਾ ਸੀ ਜਿਵੇਂ ਬੰਬ ਉਸੇ ਦੀ ਕਚਹਿਰੀ ਵਿਚ ਫਟਣਾ ਸੀ। ਕੋਰਟ-ਰੂਮ ਵਿਚ ਦਾਖ਼ਲ ਹੁੰਦੇ ਸਾਇਲਾਂ ਦੀ ਤਲਾਸ਼ੀ ਤਾਂ ਜਾਇਜ਼ ਸੀ। ਕਿਸੇ ਹੱਦ ਤਕ ਮੁਨਸ਼ੀਆਂ ਦੀ ਤਲਾਸ਼ੀ 'ਤੇ ਵੀ ਇਤਰਾਜ਼ ਨਹੀਂ ਸੀ ਕੀਤਾ ਜਾ ਸਕਦਾ, ਪਰ ਅੱਜ ਤਾਂ ਵਕੀਲਾਂ ਨੂੰ ਵੀ ਨਹੀਂ ਸੀ ਬਖ਼ਸ਼ਿਆ ਜਾ ਰਿਹਾ। ਤਲਾਸ਼ੀ ਵੀ ਸਰਸਰੀ ਨਹੀਂ ਸੀ ਹੋ ਰਹੀ। ਚੰਗੀ ਤਰ੍ਹਾਂ ਘੋਖ-ਪੜਤਾਲ ਹੁੰਦੀ ਸੀ।

ਪੁਲਿਸ ਦੇ ਇਸ ਰਵੱਈਏ 'ਤੇ ਵਕੀਲ ਹੜਤਾਲ ਕਰਨਾ ਚਾਹੁੰਦੇ ਸਨ, ਪਰ ਆਲਾ-ਦੁਆਲਾ ਇੰਨਾ ਰਹੱਸਮਈ ਹੋ ਗਿਆ ਸੀ ਕਿ ਕਿਸੇ ਦੀ ਮੀਟਿੰਗ ਬੁਲਾਉਣ ਦੀ ਹਿੰਮਤ ਨਹੀਂ ਸੀ ਪੈ ਰਹੀ। ਉਹ ਕੰਮ-ਕਾਰ ਕਰ ਕੇ ਖੋਖਿਆਂ ਵਿਚ ਜਾ ਬੈਠੇ।

ਜੱਜ ਵੀ ਆਉਣ ਵਾਲੇ ਖ਼ਤਰੇ ਦਾ ਮੁਕਾਬਲਾ ਕਰਨ ਲਈ ਕਚਹਿਰੀਆਂ ਛੱਡ ਕੇ ਰਿਟਾਇਰਿੰਗ ਰੂਮ ਵਿਚ ਚਲੇ ਗਏ। ਮੁਕੱਦਮਿਆਂ ਦੀ ਕਾਰਵਾਈ ਸ਼ਾਂਤ-ਚਿੱਤ ਹੀ ਹੋ ਸਕਦੀ ਸੀ। ਜਦੋਂ ਸਾਇਲ ਹੀ ਨਹੀਂ, ਵਕੀਲ ਹੀ ਨਹੀਂ, ਜੱਜ ਵੀ ਡਰੇ ਹੋਏ ਹੋਣ ਤਾਂ ਇਨਸਾਫ਼ ਕਿਵੇਂ ਹੋ ਸਕਦਾ ਹੈ ?

ਵਕੀਲ ਸਰਕਾਰੀ ਵਕੀਲਾਂ ਦੇ ਦਫ਼ਤਰਾਂ ਦੇ ਚੱਕਰ ਕੱਟਣ ਲੱਗੇ। ਸ਼ਾਇਦ ਉਹਨਾਂ ਨੂੰ ਕੁਝ ਪਤਾ ਹੋਵੇ ਪਰ ਉਹ ਵੀ ਲੋਕਾਂ ਵਾਂਗ ਕੋਰੇ ਹੀ ਸਨ। ਬੱਸ ਇੰਨਾ ਕੁ ਪਤਾ ਸੀ ਕਿ ਇਕ ਮਾੜਚੂ ਜਿਹਾ ਸਿਪਾਹੀ ਉਹਨਾਂ ਦੇ ਦਫ਼ਤਰ ਅੱਗੇ ਪਹਿਰਾ ਦੇਣ ਲਈ ਆ ਗਿਆ ਸੀ।

ਗੁਰਮੀਤ ਸਿੰਘ ਨੂੰ ਥਾਣੇ ਵਿਚੋਂ ਸੁਨੇਹਾ ਆਇਆ ਸੀ ਕਿ ਉਹ ਕਿਧਰੇ ਨਾ ਜਾਏ। ਪੁਲਿਸ ਬਹੁਤ ਹੀ ਖ਼ੌਫ਼ਨਾਕ ਮੁਜਰਮਾਂ ਨੂੰ ਅਦਾਲਤ ਵਿਚ ਪੇਸ਼ ਕਰਨ ਵਾਲੀ ਹੈ। ਪੂਰੇ ਚੌਦਾਂ ਦਿਨਾਂ ਦਾ ਰਿਮਾਂਡ ਚਾਹੀਦਾ ਹੈ। ਤਿਆਰੀ ਕਰ ਲੈਣ।

ਇਸ ਖ਼ਬਰ ਨਾਲ ਲੋਕਾਂ ਨੂੰ ਕੁਝ ਰਾਹਤ ਮਿਲੀ।

ਇਹ ਖ਼ੌਫ਼ਨਾਕ ਮੁਜਰਮ ਕਿਹੜੇ ਸਨ, ਇਹ ਹਾਲੇ ਵੀ ਪਹੇਲੀ ਹੀ ਸੀ। ਮੁਜਰਮਾਂ ਦਾ ਥਹੁ-ਪਤਾ ਕੱਢਣ ਲਈ ਵਕੀਲ ਇਕ ਵਾਰ ਫੇਰ ਸਰਕਾਰੀ ਵਕੀਲਾਂ ਵੱਲ ਆਉਣ ਲੱਗੇ।

ਇਸ ਸਵਾਲ ਦਾ ਵੀ ਸਰਕਾਰੀ ਵਕੀਲਾਂ ਕੋਲ ਕੋਈ ਜਵਾਬ ਨਹੀਂ ਸੀ। ਮੁਜਰਮਾਂ ਦੇ ਨਾਂ-ਪਤੇ ਗੁਪਤ ਰੱਖੇ ਗਏ ਸਨ। ਸੁਰੱਖਿਆ ਪ੍ਰਬੰਧ ਇੰਨੇ ਸਖ਼ਤ ਹਨ ਤਾਂ ਉਹ ਜ਼ਰੂਰ ਖ਼ਤਰਨਾਕ ਹੋਣਗੇ। ਪੂਰਾ ਇਲਮ ਮਿਸਲ ਆਉਣ 'ਤੇ ਹੀ ਹੋਏਗਾ।

ਕਚਹਿਰੀ ਵਿਚ ਯੁਵਾ ਸੰਘ ਦੇ ਵਰਕਰਾਂ ਦੀ ਭੀੜ ਵਧਦੀ ਜਾ ਰਹੀ ਸੀ। ਇਸ ਤੋਂ ਵਕੀਲਾਂ ਨੇ ਅਨੁਮਾਨ ਲਾ ਲਿਆ ਕਿ ਬੰਟੀ ਦੇ ਕਾਤਲ ਹੀ ਖ਼ੌਫ਼ਨਾਕ ਮੁਜਰਮ ਸਨ। ਕੱਲ੍ਹ ਉਹਨਾਂ ਨੂੰ ਫੜ ਤਾਂ ਲਿਆ ਗਿਆ ਸੀ ਪਰ ਨਾਂ-ਪਤਾ ਤਸਦੀਕ ਨਹੀਂ ਸੀ ਹੋ ਰਿਹਾ।

ਪ੍ਰੈਸ ਵਾਲੇ ਵੀ ਮੁਜਰਮਾਂ ਦੀ ਸੂਹ ਨਹੀਂ ਸੀ ਕੱਢ ਸਕੇ। ਉਹ ਪੁਲਿਸ ਅਫ਼ਸਰਾਂ ਦੀ ਇੰਟਰਵਿਊ ਕਰ-ਕਰ ਹੰਭ ਗਏ ਸਨ, ਜਿਨ੍ਹਾਂ ਨੇ ਮੁਜਰਮਾਂ ਨੂੰ ਫੜਿਆ ਸੀ ਪਰ ਕਿਸੇ ਦੇ ਪੱਲੇ ਕੁਝ ਨਹੀਂ ਸੀ ਪਾਇਆ।

ਸਾਰਾ ਬਜ਼ਾਰ ਪੁਲਿਸ ਦੇ ਗੁਣ ਗਾ ਰਿਹਾ ਸੀ। ਵਿਉਪਾਰ ਮੰਡਲ ਦੇ ਪ੍ਰਧਾਨ ਨੇ ਰਾਤ ਹੀ ਮੀਟਿੰਗ ਬੁਲਾ ਲਈ ਸੀ। ਬਜ਼ਾਰ ਵਾਲੇ ਆਪਣੇ ਵਾਅਦੇ ਅਨੁਸਾਰ ਪੁਲਿਸ ਦਾ ਸਨਮਾਨ ਕਰਨ ਦੀ ਤਿਆਰੀ ਕਰਨ। ਸੇਠਾਂ ਨੇ ਦਿਲ ਖੋਲ੍ਹ ਕੇ ਐਲਾਨ ਕੀਤੇ। ਬਜਾਜੀ ਵਾਲੇ ਸਿੰਗਲੇ ਨੇ ਟੈਰੀਕਾਟ ਦੀ ਇਕ-ਇਕ ਵਰਦੀ, ਭਾਂਡਿਆਂ ਵਾਲੇ ਭਾਪੇ ਨੇ ਇਕ-ਇਕ ਟਿਫ਼ਨ, ਬਸਾਤੀ ਵਾਲੇ ਬਾਬੂ ਰਾਮ ਨੇ ਇਕ-ਇਕ ਬਰੀਫ਼ਕੇਸ ਅਤੇ ਕਰਿਆਨੇ ਵਾਲੇ ਸਰਦਾਰ ਨੇ ਚਾਰ-ਚਾਰ ਕਿੱਲੋ ਵਾਲੀ ਦੇਸੀ ਘਿਓ ਦੀ ਇਕ-ਇਕ ਪੀਪੀ ਦੇਣ ਦਾ ਐਲਾਨ ਕੀਤਾ।

ਸਵੇਰ ਨੂੰ ਜਦੋਂ ਪੁਲਿਸ ਦੇ ਸਨਮਾਨ ਦੀ ਗੱਲ ਸ਼ਹਿਰ ਵਿਚ ਫੈਲੀ ਤਾਂ ਸਨਮਾਨ ਕਰਨ ਵਾਲਿਆਂ ਦੀ ਲਿਸਟ ਹੋਰ ਲੰਬੀ ਹੋ ਗਈ। ਧਾਗਾ ਮਿੱਲ ਵਾਲੇ, ਪੋਲਟਰੀ ਫ਼ਾਰਮ ਵਾਲੇ ਅਤੇ ਸ਼ੈਲਰਾਂ ਵਾਲੇ ਇਕ-ਦੂਜੇ ਤੋਂ ਚੜ੍ਹ-ਚੜ੍ਹ ਕੇ ਐਲਾਨ ਕਰਨ ਲੱਗੇ।

ਯੁਵਾ ਸੰਘ ਨੇ ਸਨਮਾਨ ਕਰਨ ਲਈ ਸ਼ਾਮ ਨੂੰ ਹੀ ਨਹਿਰੂ ਪਾਰਕ ਵਿਚ ਰੈਲੀ ਰੱਖ ਲਹੀ। ਮੁੱਖ ਮੰਤਰੀ ਦੀ ਹਾਜ਼ਰੀ ਵਿਚ ਹੀ ਸਨਮਾਨ ਹੋਏਗਾ। ਉਹਨਾਂ ਇਨਾਮ ਦੇਣ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੀਆਂ-ਆਪਣੀਆਂ ਚੀਜ਼ਾਂ ਲੈ ਕੇ ਸਮੇਂ ਸਿਰ ਨਹਿਰੂ ਪਾਰਕ ਪੁੱਜ ਜਾਣ।

ਸੰਘ ਮੁੱਖ ਮੰਤਰੀ 'ਤੇ ਵੀ ਜ਼ੋਰ ਪਾਏਗਾ ਕਿ ਉਹ ਪੁਲਿਸ ਮੁਲਾਜ਼ਮਾਂ ਨੂੰ ਤਰੱਕੀ ਦੇਣ ਦਾ ਵਾਅਦਾ ਤੁਰੰਤ ਪੂਰਾ ਕਰ ਕੇ ਜਾਣ। ਕਾਤਲਾਂ ਨੂੰ ਗ੍ਰਿਫ਼ਤਾਰ ਕਰਵਾਉਣ ਦਾ ਵਾਅਦਾ ਨਿਭਾ ਕੇ ਤਾਂ ਉਹ ਸ਼ਹਿਰ 'ਤੇ ਅਹਿਸਾਨ ਕਰ ਹੀ ਚੁੱਕੇ ਸਨ।

ਯੁਵਾ ਸੰਘ ਚਾਹੁੰਦਾ ਸੀ ਕਿ ਕਾਤਲਾਂ ਦਾ ਮੂੰਹ ਕਾਲਾ ਕਰ ਕੇ ਉਹਨਾਂ ਦਾ ਜਲੂਸ ਕੱਢਿਆ ਜਾਵੇ।

ਇੰਸਪੈਕਟਰ ਨੇ ਇਸ ਦੀ ਇਜਾਜ਼ਤ ਨਾ ਦਿੱਤੀ। ਨਾ ਕਾਨੂੰਨੀ ਪੱਖੋਂ ਅਤੇ ਨਾ ਹੀ ਸੁਰੱਖਿਆ ਪੱਖੋਂ ਇਹ ਸੰਭਵ ਸੀ।

ਸੰਘ ਦੀ ਦੂਜੀ ਮੰਗ ਵੀ ਉਹ ਪਰਵਾਨ ਨਹੀਂ ਸੀ ਕਰ ਸਕਦਾ। ਮੁਜਰਮਾਂ ਨੂੰ ਖੁੱਲ੍ਹੀ ਜੀਪ ਵਿਚ ਬਿਠਾ ਕੇ ਵੀ ਕਚਹਿਰੀ ਨਹੀਂ ਸੀ ਲਿਜਾਇਆ ਜਾ ਸਕਦਾ। ਮੁਜਰਮਾਂ ਦੇ ਸਮਰਥਕ ਕਿਸੇ ਵੀ ਸਮੇਂ ਕੋਈ ਵੀ ਕਾਰਵਾਈ ਕਰਨ ਦੇ ਸਮਰੱਥ ਸਨ। ਪੁਲਿਸ ਕੋਈ ਖ਼ਤਰਾ ਮੁੱਲ ਨਹੀਂ ਲੈ ਸਕਦੀ।

ਪੁਲਿਸ ਦਾ ਭਗਤ ਬਣਿਆ ਸੰਘ ਸਿਰ ਝੁਕਾ ਕੇ ਪੁਲਿਸ ਦੀ ਹਰ ਗੱਲ ਮੰਨਦਾ ਰਿਹਾ। ਕਾਤਲਾਂ ਨੂੰ ਫੜ ਕੇ ਉਹਨਾਂ ਸੰਘ ਦਾ ਮਨ ਜੋ ਮੋਹ ਲਿਆ ਸੀ।

ਮੁਜਰਮਾਂ ਨੂੰ ਲੈ ਕੇ ਥਾਣਿਓਂ ਨਿਕਲੀ ਜੀਪ ਦੇਖ ਕੇ ਸੰਘ ਦੇ ਵਰਕਰਾਂ ਦਾ ਜੋਸ਼ ਠਾਠਾਂ ਮਾਰਨ ਲੱਗਾ। ਉਹ ਪੂਰੇ ਜੋਸ਼ ਨਾਲ ਪੁਲਿਸ ਦੇ ਹੱਕ ਵਿਚ ਨਾਅਰੇ ਮਾਰਨ ਲੱਗੇ।

ਬਜ਼ਾਰ ਵਿਚ ਇੰਨੀ ਭੀੜ ਹੋ ਗਈ ਸੀ ਕਿ ਪੁਲਿਸ ਨੂੰ ਜੀਪਾਂ ਤੋਰਨੀਆਂ ਮੁਸ਼ਕਿਲ ਹੋ ਗਈਆਂ। ਧੱਕੇ ਮਾਰ-ਮਾਰ ਲੋਕ ਇਕ-ਦੂਜੇ ਤੋਂ ਅੱਗੇ ਹੋਣ ਦਾ ਯਤਨ ਕਰ ਰਹੇ ਸਨ। ਹਰ ਕੋਈ ਅੱਡੀਆਂ ਚੁੱਕ-ਚੁੱਕ ਕੇ ਕਾਤਲਾਂ ਦੀ ਮਨਹੂਸ ਸ਼ਕਲ ਦੇਖਣਾ ਚਾਹੁੰਦਾ ਸੀ।

ਪਤਲੇ-ਦੁਬਲੇ ਸਰੀਰਾਂ, ਚਿੱਟੇ ਕੁੜਤੇ-ਪਜਾਮਿਆਂ, ਕਾਲੀਆਂ ਪੱਗਾਂ ਅਤੇ ਤਿੱਲੇਦਾਰ ਜੁੱਤੀਆਂ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ। ਮੁਜਰਮਾਂ ਦੇ ਪੁੱਠੀਆਂ ਹੱਥਕੜੀਆਂ ਲਾਈਆਂ ਗਈਆਂ ਸਨ। ਪੈਰਾਂ ਵਿਚ ਭਾਰੀਆਂ-ਭਾਰੀਆਂ ਬੇੜੀਆਂ ਸਨ। ਚਿਹਰੇ ਪੱਗਾਂ ਨਾਲ ਢੱਕੇ ਹੋਏ ਸਨ। ਬੱਸ ਖ਼ੌਫ਼ਨਾਕ ਅੱਖਾਂ ਹੀ ਦਿਖਾਈ ਦੇ ਰਹੀਆਂ ਸਨ, ਜਿਹੜੀਆਂ ਵਾਰ-ਵਾਰ ਲੋਕਾਂ ਨੂੰ ਘੂਰ ਰਹੀਆਂ ਸਨ।

ਕਚਹਿਰੀ ਤਕ ਅੱਪੜਦਿਆਂ ਪੁਲਿਸ ਨੂੰ ਤਿੰਨ ਘੰਟੇ ਲੱਗ ਗਏ। ਜੀਪਾਂ ਦੇ ਪਿੱਛੇ ਬਹੁਤ ਵੱਡੀ ਭੀੜ ਤੁਰ ਰਹੀ ਸੀ।

ਲੋਕਾਂ ਨੂੰ ਕਚਹਿਰੀ ਵਿਚ ਦਾਖ਼ਲ ਹੋਣ ਦੀ ਮਨਾਹੀ ਸੀ। ਭੀੜ ਨੂੰ ਗੇਟ ਉੱਤੇ ਰੋਕ ਦਿੱਤਾ ਗਿਆ।

ਸੰਘ ਲਈ ਇਹ ਵਧੀਆ ਮੌਕਾ ਸੀ। ਜਿੰਨਾ ਚਿਰ ਪੁਲਿਸ ਰਿਮਾਂਡ ਹਾਸਲ ਕਰ ਕੇ ਵਾਪਸ ਨਹੀਂ ਆਉਂਦੀ, ਉਹ ਲੋਕਾਂ ਨੂੰ ਆਪਣੇ ਸੰਘਰਸ਼ ਦੀ ਕਹਾਣੀ ਸੁਣਾ ਸਕਦੇ ਸਨ।

ਕੁਝ ਜੋਸ਼ੀਲੇ ਨੌਜਵਾਨਾਂ ਨੇ ਅਰਜ਼ੀ-ਨਵੀਸਾਂ ਦੇ ਤਖ਼ਤਪੋਸ਼ ਚੁੱਕ ਲਏ। ਇਕ-ਦੂਜੇ ’ਤੇ ਰੱਖ ਕੇ ਤਖ਼ਤਪੋਸ਼ਾਂ ਦੀ ਉੱਚੀ ਸਾਰੀ ਸਟੇਜ ਬਣਾ ਲਈ। ਸੰਘ ਦੇ ਨੇਤਾ ਵਾਰੋ-ਵਾਰੀ ਲੋਕਾਂ ਦੇ ਰੌਂਗਟੇ ਖੜੇ ਕਰਨ ਲੱਗੇ।

ਅੰਦਰ ਆਪਣੇ ਕਮਰੇ ਵਿਚ ਕੈਦ ਹੋਇਆ ਗੁਰਮੀਤ ਬੇਸਬਰੀ ਨਾਲ ਮਿਸਲ ਉਡੀਕ ਰਿਹਾ ਸੀ, ਮਸਲਾ ਗੰਭੀਰ ਸੀ। ਕਚਹਿਰੀ ਵਿਚ ਹੋਣ ਵਾਲੀ ਕਾਰਵਾਈ ਸੁਣਨ ਅਤੇ ਉਸ ਕਾਰਵਾਈ ਨੂੰ ਆਪਣੇ-ਆਪਣੇ ਅਖ਼ਬਾਰਾਂ ਨੂੰ ਭੇਜਣ ਲਈ ਪ੍ਰੈਸ ਰਿਪੋਰਟਰ ਕਚਹਿਰੀ ਵਿਚ ਕੁਰਸੀਆਂ ਮੱਲੀ ਬੈਠੇ ਸਨ। ਸਰਕਾਰੀ ਵਕੀਲ ਦੀ ਲਿਆਕਤ ਦੀ ਪਰਖ ਦੀ ਘੜੀ ਸੀ।

ਖ਼ਤਰਨਾਕ ਮੁਜਰਮ ਵਕੀਲ ਵੀ ਤਕੜਾ ਕਰਦੇ ਹਨ। ਘੱਟ ਤਾਂ ਗੁਰਮੀਤ ਵੀ ਨਹੀਂ। ਫੇਰ ਵੀ ਮੁਜਰਮਾਂ ਦੇ ਖ਼ਿਲਾਫ਼ ਬੋਲਣ ਲਈ ਪੁਲਿਸ ਦੀ ਮਿਸਲ ਪੜ੍ਹਨੀ ਜ਼ਰੂਰੀ ਸੀ। ਤਫ਼ਤੀਸ਼ ਦਾ ਹਰ ਤੱਥ ਉਸ ਨੂੰ ਜ਼ਬਾਨੀ ਯਾਦ ਹੋਣਾ ਚਾਹੀਦਾ ਸੀ। ਸਫ਼ਾਈ ਦੇ ਵਕੀਲ ਨੂੰ ਮਾਤ ਪਾਉਣ ਲਈ ਕਿਸੇ ਕਿਤਾਬ ਦੀ ਜ਼ਰੂਰਤ ਵੀ ਪੈ ਸਕਦੀ ਸੀ।

ਮਿਸਲ ਮੰਗਵਾਉਣ ਲਈ ਗੁਰਮੀਤ ਕਈ ਵਾਰ ਥਾਣੇ ਫ਼ੋਨ ਕਰ ਚੁੱਕਾ ਸੀ। ਹਰ ਵਾਰ ਇਕੋ ਜਵਾਬ ਆਉਂਦਾ, ਮਿਸਲ ਇੰਸਪੈਕਟਰ ਦੇ ਬੈਗ ਵਿਚ ਹੈ। ਇੰਸਪੈਕਟਰ ਮੁਜਰਮਾਂ ਦੇ ਨਾਲ ਹੈ। ਮੁਜਰਮ ਆਏ ਵੀ ਤਾਂ ਸਿੱਧੇ ਕਚਹਿਰੀ ਲਿਜਾ ਖੜੇ ਕੀਤੇ। ਇਕ ਟੁੱਟਿਆ ਜਿਹਾ ਸਿਪਾਹੀ ਗੁਰਮੀਤ ਨੂੰ ਬੁਲਾਉਣ ਆ ਗਿਆ।

ਬਿਨਾਂ ਮਿਸਲ ਪੜ੍ਹੇ ਉਹ ਅੰਦਰ ਜਾ ਕੇ ਕੀ ਬਹਿਸ ਕਰੇਗਾ ? ਗੁਰਮੀਤ ਦਾ ਪਾਰਾ ਚੜ੍ਹਨ ਲੱਗਾ।

“ਖ਼ਾਲੀ ਹੱਥ ਮੈਂ ਕਚਹਿਰੀ ’ਚ ਡੁਗਡੁਗੀ ਵਜਾਊਂ।” ਬੁਲਾਉਣ ਆਏ ਸਿਪਾਹੀ ਨੂੰ ਗੁਰਮੀਤ ਨੇ ਉਹਨੀਂ ਪੈਰੀਂ ਵਾਪਸ ਭੇਜ ਦਿੱਤਾ। ਪੁਲਿਸ ਨੂੰ ਜੇ ਸਰਕਾਰੀ ਵਕੀਲ ਦੀ ਜ਼ਰੂਰਤ ਹੈ ਤਾਂ ਪਹਿਲਾਂ ਇੰਸਪੈਕਟਰ ਇਥੇ ਆ ਕੇ ਨਾਲੇ ਸਾਰੇ ਹਾਲਾਤ ਸਮਝਾਏ, ਨਾਲੇ ਮਿਸਲ ਪੜ੍ਹਾਏ।

ਬਾਹਰ ਹੁੰਦੀ ਨਾਅਰੇਬਾਜ਼ੀ ਨੂੰ ਧਿਆਨ ਵਿਚ ਰੱਖਦਿਆਂ ਅਤੇ ਹੋ ਰਹੀ ਦੇਰੀ ਤੋਂ ਡਰਦਿਆਂ ਇੰਸਪੈਕਟਰ ਨੂੰ ਦਫ਼ਤਰ ਆਉਣਾ ਪਿਆ।

ਮਿਸਲ ਹਾਲੇ ਵੀ ਉਸ ਕੋਲ ਨਹੀਂ ਸੀ।

ਇੰਸਪੈਕਟਰ ਤੋਂ ਖ਼ੁਸ਼ੀ ਸਾਂਭੀ ਨਹੀਂ ਸੀ ਜਾ ਰਹੀ। ਪੁਲਿਸ ਹਿਸਟਰੀ ਵਿਚ ਸ਼ਾਇਦ ਇਹ ਪਹਿਲੀ ਵਾਰ ਸੀ ਕਿ ਸਾਰਾ ਸ਼ਹਿਰ ਪੁਲਿਸ ਦੇ ਹੱਕ ਵਿਚ ਨਾਅਰੇ ਮਾਰ ਰਿਹਾ ਸੀ। ਨਹੀਂ ਤਾਂ ਨਾਅਰੇ ਪੁਲਿਸ ਦੇ ਖ਼ਿਲਾਫ਼ ਹੀ ਲੱਗਦੇ ਹਨ। ਖ਼ੁਸ਼ੀ 'ਚ ਕਮਲਾ ਹੋਇਆ ਉਹ ਮਿਸਲ ਲਿਆਉਣਾ ਹੀ ਭੁੱਲ ਗਿਆ।

"ਤੁਸੀਂ ਅੰਦਰ ਚੱਲੋ, ਤੁਸੀਂ ਖੜੇ ਹੀ ਰਹਿਣਾ ਹੈ। ਅਸੀਂ ਫ਼ੋਨ 'ਤੇ ਜੱਜ ਨਾਲ ਗੱਲ ਕਰ ਲਈ ਸੀ। ਪੂਰੇ ਚੌਦਾਂ ਦਿਨਾਂ ਦਾ ਰਿਮਾਂਡ ਮਿਲ ਜਾਏਗਾ। ਮੁਜਰਮਾਂ ਨੂੰ ਵਕੀਲ ਨਹੀਂ ਕਰਨ ਦਿੱਤਾ ਗਿਆ। ਸ਼ਨਾਖ਼ਤ ਕਰਾਉਣ ਤੋਂ ਵੀ ਉਹ ਨਾਂਹ ਕਰਨਗੇ। ਮੁਜਰਮਾਂ ਨੂੰ ਸਭ ਕੁਝ ਸਮਝਾ ਦਿੱਤੈ। ਤੁਸੀਂ ਫ਼ਿਕਰ ਨਾ ਕਰੋ।"

"ਜੇ ਇਹੋ ਗੱਲ ਹੈ ਤਾਂ ਮੈਥੋਂ ਕੀ ਕਰਾਉਣਾ ਹੈ ? ਆਪੇ ਪੇਸ਼ ਕਰ ਦਿਓ। ਅੱਗੇ ਕਿਹੜਾ ਕਰਦੇ ਨਹੀਂ। ਮੈਨੂੰ ਨਾਲ ਲਿਜਾਣਾ ਹੈ ਤਾਂ ਮਿਸਲ ਦਿਖਾਉਣੀ ਹੀ ਪਏਗੀ।" ਮਹਿਜ਼ ਰਬੜ ਦੀ ਮੋਹਰ ਬਣਨਾ ਗੁਰਮੀਤ ਦੀ ਆਦਤ ਨਹੀਂ ਸੀ।

ਇਹ ਤਾਂ ਅਜਿਹਾ ਮੁਕੱਦਮਾ ਸੀ, ਜਿਸ ਵਿਚ ਗੁਰਮੀਤ ਦੀ ਲਿਆਕਤ ਦੀ ਪਰਖ ਹੋਣੀ ਸੀ। ਉਹ ਤਾਂ ਛੋਟੀ ਤੋਂ ਛੋਟੀ ਗੱਲ ਨੂੰ ਵੀ ਗੰਭੀਰਤਾ ਨਾਲ ਲੈਂਦਾ ਸੀ। ਇਹ ਉਸ ਦੀ ਸੁਹਿਰਦਤਾ ਹੀ ਸੀ, ਜਿਹੜੀ ਉਸ ਨੂੰ ਇਥੇ ਤਕ ਲੈ ਆਈ ਸੀ। ਨਵੀਂ ਜ਼ਿੰਦਗੀ ਦੀ ਸ਼ੁਰੂਆਤ ਤਾਂ ਕੋਈ ਚੰਗੀ ਨਹੀਂ ਸੀ ਹੋਈ।

ਬਾਪ ਪਟਵਾਰੀ ਜ਼ਰੂਰ ਸੀ, ਪਰ ਲੋਕਾਂ ਦੀ ਛਿੱਲ ਨਾ ਲਾਹ ਸਕਿਆ। ਪਟਵਾਰੀ ਤੋਂ ਜਮਾਂ-ਬੰਦੀਆਂ ਅਤੇ ਗਰਦਾਵਰੀਆਂ ਵਿਚ ਹੇਰਾ-ਫੇਰੀਆਂ ਕਰ ਕੇ ਨਾ ਜ਼ਮੀਨ ਆਪਣੇ ਨਾਂ ਲਗਾ ਹੋਈ ਨਾ ਕੋਠੀਆਂ ਬਣੀਆਂ। ਉਸ ਦੀ ਸਾਰੀ ਉਮਰ ਦੀ ਕਮਾਈ ਸੀ, ਇਕ ਕੱਚਾ-ਪਿੱਲਾ ਘਰ। ਉਹ ਵੀ ਸ਼ਹਿਰ ਦੀ ਸਭ ਤੋਂ ਘਟੀਆ ਸਮਝੀ ਜਾਂਦੀ ਬਸਤੀ ਵਿਚ। ਸ਼ਮਸ਼ਾਨ ਘਾਟ ਦੇ ਸਾਹਮਣੇ ਅਤੇ ਚੂਹੜਿਆਂ ਦੇ ਵਿਹੜੇ। ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਨੇ ਬਥੇਰਾ ਵਰਜਿਆ। ਥਾਂ ਲੈਣੀ ਹੈ ਤਾਂ ਕਿਸੇ ਚੰਗੇ ਗਲੀ-ਮੁਹੱਲੇ ਵਿਚ ਲਏ। ਇਥੇ ਭੈੜੀ ਸੰਗਤ 'ਚ ਪੈ ਕੇ ਬੱਚਿਆਂ ਨੇ ਵਿਗੜ ਜਾਣਾ ਸੀ। ਬਾਪ ਕੋਲ ਸੁਝਾਵਾਂ ਨੂੰ ਇਕ ਕੰਨ ਪਾ ਕੇ ਦੂਜੇ ਕੰਨ ਕੱਢਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਸ਼ਹਿਰ ਰਹਿ ਕੇ ਬੱਚਿਆਂ ਨੂੰ ਪੜ੍ਹਾਉਣਾ ਉਸ ਦੇ ਬਾਪ ਦਾ ਸੁਫ਼ਨਾ ਸੀ। ਘੱਟ ਪੂੰਜੀ ਨਾਲ ਅਜਿਹੀ ਬਸਤੀ ਵਿਚ ਹੀ ਮਕਾਨ ਖ਼ਰੀਦਿਆ ਜਾ ਸਕਦਾ ਸੀ।

ਲੋਕਾਂ ਦੀਆਂ ਗੱਲਾਂ ਸੱਚੀਆਂ ਹੋਣ ਲੱਗੀਆਂ। ਗੁਰਮੀਤ ਵਿਗੜਨ ਲੱਗਾ। ਉਸ ਦੇ ਹਾਣ ਦਾ ਕੋਈ ਵੀ ਤਾਂ ਸਕੂਲ ਨਹੀਂ ਸੀ ਜਾਂਦਾ। ਕੋਈ ਮੌਜਾਂ ਨਾਲ ਕੁੱਛੜ 'ਚ ਝਾੜੂ ਦੇਈ ਸੜਕਾਂ ਸੁੰਭਰਨ ਜਾ ਰਿਹੈ। ਕੋਈ ਟੱਟੀਆਂ ਸਾਫ਼ ਕਰਨ ਜਾ ਰਹੀ ਮਾਂ ਨਾਲ ਹੱਥ ਵਟਾਉਣ ਤੁਰ ਗਿਐ। ਰਹਿੰਦੇ-ਖੂੰਹਦੇ ਮੋਢਿਆਂ 'ਤੇ ਪੀਪੇ ਧਰ ਗਲੀਆਂ ਬਜ਼ਾਰਾਂ 'ਚੋਂ ਡੱਕੇ-ਡਉਲੇ ਚੁੱਕਣ ਤੁਰ ਜਾਂਦੇ। ਦੁਪਹਿਰ ਤੱਕ ਵਿਹਲੇ ਹੋ ਕੇ ਸਾਰਾ ਦਿਨ ਖੇਡਦੇ ਰਹਿੰਦੇ। ਇਕੱਲਾ ਗੁਰਮੀਤ ਹੀ ਸੀ, ਜਿਸ ਨੂੰ ਭਾਰੀ ਬਸਤਾ ਚੁੱਕ ਕੇ ਸਕੂਲ ਜਾਣਾ ਪੈਂਦਾ ਸੀ। ਘਰ ਆ ਕੇ ਵੀ ਢੇਰ ਸਾਰੀ ਪੜ੍ਹਾਈ ਕਰਨੀ ਪੈਂਦੀ। ਉਸ ਦਾ ਬਾਪ ਖ਼ੁਦ ਉਸ ਨੂੰ ਪੜ੍ਹਾਉਂਦਾ ਸੀ। ਉਹ ਵੀ ਸਖ਼ਤੀ ਨਾਲ। ਪੜ੍ਹਾਈ ਤੋਂ ਟਾਲਾ ਮਾਰਨ ਦੀ ਕੋਈ ਗੁੰਜਾਇਸ਼ ਨਹੀਂ ਸੀ ਹੁੰਦੀ।

ਸਾਥੀਆਂ ਦੀ ਪੰਛੀਆਂ ਵਰਗੀ ਆਜ਼ਾਦ ਜ਼ਿੰਦਗੀ ਗੁਰਮੀਤ ਨੂੰ ਆਪਣੇ ਵੱਲ ਧੂਹਣ ਲੱਗਦੀ। ਪਹਿਲਾਂ ਉਹ ਛੁੱਟੀ ਵਾਲੇ ਦਿਨ ਉਹਨਾਂ ਨਾਲ ਜਾਣ ਲੱਗਾ। ਫੇਰ ਸਕੂਲੋਂ ਟਲ ਕੇ। ਦੋਸਤ ਕੰਮੀਂ ਕਾਰੀਂ ਰੁੱਝੇ ਰਹਿੰਦੇ, ਗੁਰਮੀਤ ਨਾਲ-ਨਾਲ ਫਿਰਦਾ ਰਹਿੰਦਾ। ਕਦੇ-ਕਦੇ ਕੰਮ ਵਿਚ ਹੱਥ ਵੀ ਵਟਾਉਂਦਾ। ਸਾਥੀ ਹੱਕ ਨਹੀਂ ਸੀ ਰੱਖਦੇ। ਕਿਸੇ ਘਰੋਂ ਜੇ ਕੋਈ ਚੀਜ਼ ਖਾਣ ਨੂੰ ਮਿਲਦੀ, ਗੁਰਮੀਤ ਨਾਲ ਵੰਡ ਕੇ ਖਾਂਦੇ।

ਗੁਰਮੀਤ ਨੂੰ ਜੇ ਦੋਸਤਾਂ ਵਾਲੇ ਕੰਮ ਕਾਰਨ ਦੀ ਇਜਾਜ਼ਤ ਹੁੰਦੀ ਤਾਂ ਉਹ ਵੀ ਬਸਤੇ ਨੂੰ ਸਲੂਟ ਮਾਰ ਦਿੰਦਾ। ਉਹ ਜੱਟਾਂ ਦਾ ਮੁੰਡਾ ਸੀ। ਸਕੂਲ ਜਾਣ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਸਕੂਲ ਜਾਂਦਾ ਰਿਹਾ, ਪੜ੍ਹਦਾ ਰਿਹਾ।

ਘਰ ਅੱਗੋਂ ਪੱਕੀ ਸੜਕ ਨਿਕਲਦੇ ਹੀ ਵਿਹੜਾ ਖੇਰੂੰ-ਖੇਰੂੰ ਹੋ ਗਿਆ। ਇਕ ਖ਼ਾਨਦਾਨੀ ਵੈਦ ਨੂੰ ਯਾਦ ਆਇਆ, ਜਮਾਂਦਾਰਾਂ ਦੇ ਅੱਧੇ ਘਰ ਤਾਂ ਉਸ ਦੀ ਜ਼ਮੀਨ 'ਤੇ ਉਸਰੇ ਹੋਏ ਸਨ। ਜਦੋਂ ਜ਼ਮੀਨ ਦਾ ਕੋਈ ਮੁੱਲ ਨਹੀਂ ਸੀ, ਉਸ ਨੇ ਇਸ ਦੀ ਪਰਵਾਹ ਨਹੀਂ ਸੀ ਕੀਤੀ। ਕੀਮਤਾਂ ਵਧਣ ਲੱਗੀਆਂ ਤਾਂ ਉਸ ਦਾ ਦਿਲ ਵੀ ਧੜਕਣ ਲੱਗਾ। ਇਹਨਾਂ ਦਾ ਕੀ ਵਸਾਹ ਹੈ ? ਕਬਜ਼ਾ ਕਰ ਕੇ ਹੀ ਬੈਠ ਜਾਣ। ਕਈਆਂ ਨੂੰ ਡਰਾ ਕੇ, ਕਈਆਂ ਨੂੰ ਪੁਚਕਾਰ ਕੇ ਅਤੇ ਬਾਕੀਆਂ ਨੂੰ ਥੋੜ੍ਹੇ-ਬਹੁਤ ਪੈਸੇ ਦੇ ਕੇ ਉਸ ਨੇ ਸਾਰਾ ਅਹਾਤਾ ਖ਼ਾਲੀ ਕਰਾ ਲਿਆ। ਸੜਕ ਦੇ ਨਾਲ-ਨਾਲ ਪਲਾਟ ਕੱਟੇ ਦਿਨਾਂ ਵਿਚ ਇਕ ਨਵੀਂ ਬਸਤੀ ਉਸਰ ਗਈ।

ਜਗ੍ਹਾ ਦੀ ਕੀਮਤ ਇੰਨੀ ਵਧ ਗਈ ਕਿ ਚੂਹੜਿਆਂ ਦੇ ਜੱਦੀ ਘਰ ਵੀ ਲਾਲਚ 'ਚ ਆ ਗਏ। ਮੂੰਹ-ਮੰਗੇ ਪੈਸੇ ਲੈ ਕੇ ਉਹ ਸ਼ਹਿਰ ਦੇ ਬਾਹਰ ਬਣੀ ਅਨਾਜ ਮੰਡ ਦੇ ਪਰਲੇ ਪਾਸੇ ਵਗਦੇ ਗੰਦੇ ਨਾਲੇ ਕੋਲ ਜਾ ਵੱਸੇ। ਉਂਝ ਵੀ ਇਸ ਬਸਤੀ ਵਿਚ ਉਹਨਾਂ ਦਾ ਦਮ ਘੁਟਣ ਲੱਗਾ ਸੀ। ਆਪਣੀ ਹੀ ਜਗ੍ਹਾ 'ਤੇ ਉਹ ਦੁਰਕਾਰੇ ਜਾਣ ਲੱਗੇ ਸਨ।

ਬਦਲੇ ਮਾਹੌਲ ਵਿਚ ਗੁਰਮੀਤ ਵੀ ਬਦਲ ਗਿਆ। ਉਸ ਦੇ ਸਾਥੀ ਬਦਲ ਗਏ। ਨਵੇਂ ਸਾਥੀ ਸਕੂਲ ਜਾਂਦੇ ਸਨ। ਦਿਲ ਲਾ ਕੇ ਪੜ੍ਹਦੇ ਸਨ। ਵਧੀਆ-ਵਧੀਆ ਖੇਡਾਂ ਖੇਡਦੇ ਸਨ।

ਮਾਂ-ਬਾਪ ਖ਼ੁਸ਼ ਰਹਿਣ ਲੱਗੇ। ਮੁੰਡਾ ਸੁਧਰ ਰਿਹਾ ਸੀ।

ਗੁਰਮੀਤ ਬਦਲਿਆ ਤਾਂ ਸਹੀ ਪਰ ਬਚਪਨ ਦੇ ਦੋਸਤਾਂ ਨੇ ਉਸ ਦਾ ਸਾਥ ਨਾ ਛੱਡਿਆ। ਅੱਜ ਤਕ ਉਹ ਉਸ ਦੀ ਸੋਚ ਦਾ ਅੰਗ ਬਣੇ ਹੋਏ ਸਨ। ਉਸ ਨੂੰ ਹੁਣ ਪਤਾ ਲੱਗਾ ਸੀ ਕਿ ਜਿਸ ਜ਼ਿੰਦਗੀ ਨੂੰ ਉਹ ਸਵਰਗ ਸਮਝਦਾ ਸੀ, ਅਸਲ ਵਿਚ ਉਹ ਨਰਕਾਂ ਨਾਲੋਂ ਵੀ ਭੈੜੀ ਸੀ। ਸਮੇਂ ਨੇ ਉਹਨਾਂ ਆਜ਼ਾਦ ਪੰਛੀਆਂ ਦੇ ਖੰਭ ਕਦੋਂ ਦੇ ਕੱਟ ਸੁੱਟੇ ਸਨ। ਕਈਆਂ ਨੂੰ ਬੀਮਾਰੀਆਂ ਨੇ ਨਿਗਲ ਲਿਆ ਸੀ। ਕਈਆਂ ਨੂੰ ਕਾਰਖ਼ਾਨਿਆਂ ਦੀਆਂ ਮਸ਼ੀਨਾਂ ਨੇ। ਜਿਹੜੇ ਬਚ ਗਏ ਸਨ, ਉਹ ਮਰਿਆਂ ਨਾਲੋਂ ਵੀ ਔਖੇ ਸਨ। ਕੋਈ ਟੀ.ਬੀ. ਦਾ ਸ਼ਿਕਾਰ, ਕੋਈ ਦਮੇ ਦਾ ਅਤੇ ਕੋਈ ਮਿਰਗੀ ਦਾ। ਕਿਸੇ ਦੀ ਲੱਤ-ਬਾਂਹ ਕੱਟੀ ਜਾ ਚੁੱਕੀ ਸੀ ਅਤੇ ਕੋਈ ਅੰਨ੍ਹਾ ਹੋ ਗਿਆ ਸੀ। ਉਹੋ ਖ਼ਾਨਦਾਨੀ ਪੇਸ਼ੇ ਅਪਣਾਉਣ ਲਈ ਮਜਬੂਰ। ਦਾੜ੍ਹੀ-ਕੇਸ ਚਿੱਟੇ, ਜਾਭ੍ਹਾਂ ਅੰਦਰ ਨੂੰ ਧਸੀਆਂ ਹੋਈਆਂ। ਹੱਡੀਆਂ ਦੇ ਢਾਂਚੇ। ਗੁਰਮੀਤ ਆਪਣੇ ਦੋਸਤਾਂ ਨੂੰ ਪਛਾਣਨ ਵਿਚ ਅਕਸਰ ਧੋਖਾ ਖਾ ਜਾਂਦਾ ਸੀ।

ਅਜਿਹਾ ਕਿਉਂ ਹੁੰਦਾ ਹੈ, ਇਸ ਦੀ ਸਮਝ ਉਸ ਨੂੰ ਕਾਲਜ ਜਾ ਕੇ ਆਉਣ ਲੱਗੀ। ਉਹਨੀਂ ਦਿਨੀਂ ਪ੍ਰਗਤੀਵਾਦੀ ਲਹਿਰ ਜ਼ੋਰਾਂ 'ਤੇ ਸੀ। ਨੌਜਵਾਨਾਂ ਦਾ ਖ਼ੂਨ ਉਬਲ ਰਿਹਾ ਸੀ। ਉਹ ਹਥਿਆਰਬੰਦ ਕ੍ਰਾਂਤੀ ਲਈ ਤਿਆਰੀ ਕਰ ਰਹੇ ਸਨ। ਹੋਸਟਲ ਵਿਚ ਮੀਟਿੰਗਾਂ ਹੁੰਦੀਆਂ, ਸਾਹਿਤ ਵੰਡਿਆ ਜਾਂਦਾ। ਗੁਰਮੀਤ ਵੀ ਉਧਰ ਨੂੰ ਝੁਕ ਗਿਆ।

ਕੋਰਸ ਦੀਆਂ ਕਿਤਾਬਾਂ ਛੱਡ ਕੇ ਉਹ ਵਿਗਿਆਨਕ ਸੋਚ ਵਾਲੀਆਂ ਕਿਤਾਬਾਂ ਪੜ੍ਹਨ ਲੱਗਾ। ਗੁਰਮੀਤ ਅੰਦਰ ਪੈਦਾ ਹੁੰਦੇ ਹਰ ਪ੍ਰਸ਼ਨ ਦਾ ਜਵਾਬ ਉਹਨਾਂ ਕਿਤਾਬਾਂ ਵਿਚ ਦਰਜ ਸੀ। ਬਚਪਨ ਦੇ ਦੋਸਤਾਂ ਦੀ ਲੁੱਟ ਦੇ ਕਾਰਨ ਅਤੇ ਉਸ ਦਾ ਹੱਲ ਗੁਰਮੀਤ ਨੂੰ ਸਮਝ ਆ ਗਿਆ ਸੀ।

ਇਸ ਤੋਂ ਪਹਿਲਾਂ ਕਿ ਗੁਰਮੀਤ ਵੀ ਘਰੋਂ ਨਿਕਲ ਜਾਂਦਾ, ਸਾਰੀ ਲਹਿਰ ਖੇਰੂੰ-ਖੇਰੂੰ ਹੋ ਗਈ। ਕਈ ਦੋਸਤ ਮਾਰੇ ਗਏ, ਬਾਕੀਆਂ ਨੂੰ ਜੇਲ੍ਹ ਵਿਚ ਤੁੰਨ ਦਿੱਤਾ ਗਿਆ।

ਲਹਿਰ ਨਹੀਂ ਰਹੀ ਤਾਂ ਕੀ ? ਗੁਰਮੀਤ ਅੰਦਰ ਜਗੀ ਜੋਤ ਉਸੇ ਤਰ੍ਹਾਂ ਕਾਇਮ ਸੀ। ਜ਼ਿੰਦਗੀ ਦੇ ਹਰ ਮੋੜ 'ਤੇ ਉਹ ਵਿਗਿਆਨਕ ਸੋਚ ਲਾਗੂ ਕਰਨ ਦੇ ਯਤਨ ਕਰਦਾ ਸੀ।

ਨੌਕਰੀ ਉਹ ਕਰ ਤਾਂ ਰਿਹਾ ਸੀ, ਪਰ ਰਾਸ ਨਹੀਂ ਸੀ ਆ ਰਹੀ। ਪੁਲਿਸ ਵਾਲੇ ਉਸ ਨੂੰ ਪੁਲਿਸ ਵਿਰੋਧੀ ਆਖਦੇ ਸਨ। ਸਰਕਾਰੀ ਵਕੀਲ ਦਾ ਫ਼ਰਜ਼ ਹੁੰਦਾ ਹੈ, ਪੁਲਿਸ ਦਾ ਪੱਖ ਪੂਰਨਾ। ਕਈ ਕੇਸਾਂ ਵਿਚ ਉਹ ਪੁਲਿਸ ਦੇ ਖ਼ਿਲਾਫ਼ ਹੀ ਬੋਲ ਜਾਂਦਾ ਸੀ।

ਜੱਜ ਵੀ ਔਖੇ ਸਨ। ਉਹ ਉਹਨਾਂ ਨਾਲ ਘੁਲ-ਮਿਲ ਕੇ ਨਹੀਂ ਰਹਿੰਦਾ। ਨਾ ਆਪ ਕੁਝ ਕਰਦਾ ਨਾ ਉਹਨਾਂ ਨੂੰ ਕਰਨ ਦਿੰਦਾ। ਜਿਹੜੇ ਮਾੜੇ ਮੰਗਤਿਆਂ ਦੀ ਗੁਰਮੀਤ ਮਦਦ ਕਰਦਾ ਸੀ, ਉਹਨਾਂ ਤੋਂ ਜੱਜਾਂ ਨੂੰ ਕੀ ਮਿਲਣਾ ਸੀ ? ਜਿਨ੍ਹਾਂ ਦੀ ਜੱਜ ਮਦਦ ਕਰਨਾ ਚਾਹੁੰਦੇ ਸਨ, ਉਹਨਾਂ ਪਿੱਛੇ ਹੱਥ ਧੋ ਕੇ ਪੈ ਜਾਂਦਾ। ਕਾਨੂੰਨ ਦੀਆਂ ਅਜੀਬ-ਅਜੀਬ ਪਰਿਭਾਸ਼ਾਵਾਂ ਦੇਣ ਲੱਗਦਾ।

ਆਪਣਾ ਮਹਿਕਮਾ ਵੀ ਔਖਾ ਸੀ। ਗੁਰਮੀਤ ਮਰਜ਼ੀ ਦਾ ਮਾਲਕ ਸੀ। ਡਰਦੇ ਕੋਈ ਕਾਰਵਾਈ ਨਹੀਂ ਸੀ ਕਰਦੇ। ਮਾੜੇ ਬੰਦਿਆਂ ਨਾਲ ਸੰਬੰਧ ਰੱਖਦਾ ਹੈ। ਜਿਥੇ ਵੀ ਜਾਂਦਾ ਹੈ, ਪਹਿਲਾਂ ਵਰਗਿਆਂ ਨਾਲ ਦੋਸਤੀ ਗੰਢਦਾ ਹੈ।

ਇਹੋ ਕੁਝ ਹੁਣ ਵਾਪਰ ਰਿਹਾ ਸੀ।

ਇੰਸਪੈਕਟਰ ਦੇ ਰਵੱਈਏ ਤੋਂ ਗੁਰਮੀਤ ਨੂੰ ਲੱਗ ਰਿਹਾ ਸੀ ਜਿਵੇਂ ਉਹ ਗੁਰਮੀਤ ਦੀ ਹੋਂਦ ਤੋਂ ਮੁਨਕਰ ਹੋ ਰਿਹਾ ਸੀ।

ਗੁਰਮੀਤ ਦੀ ਅੜੀ ਅੱਗੇ ਇੰਸਪੈਕਟਰ ਨੂੰ ਝੁਕਣਾ ਪਿਆ। ਰਿਮਾਂਡ ਸਰਕਾਰੀ ਵਕੀਲ ਤੋਂ ਬਿਨਾਂ ਵੀ ਮਿਲ ਜਾਣਾ ਸੀ, ਪਰ ਉਹ ਬਿਨਾਂ ਮਤਲਬ ਜੋਖ਼ਮ ਲੈਣਾ ਠੀਕ ਨਹੀਂ ਸੀ ਸਮਝਦਾ। ਕੱਲ੍ਹ ਨੂੰ ਇਹੋ ਛੋਟੀ ਜਿਹੀ ਗੱਲ ਪਹਾੜ ਬਣ ਸਕਦੀ ਸੀ।

ਮਿਸਲ ਲੈ ਕੇ ਗੁਰਮੀਤ ਜ਼ਿਮਨੀਆਂ ਫੋਲਣ ਲੱਗਾ।

"ਇਹ ਹਾਲੇ ਲਿਖਣੀਆਂ ਹਨ ?"

"ਵਕਤ ਹੀ ਨਹੀਂ ਲੱਗਾ.....।" ਗੁਰਮੀਤ ਵੱਲੋਂ ਫੜੀ ਗ਼ਲਤੀ 'ਤੇ ਇੰਸਪੈਕਟਰ ਘਬਰਾਇਆ।

"ਜੇ ਜੱਜ ਨੇ ਜ਼ਿਮਨੀਆਂ 'ਤੇ ਦਸਤਖ਼ਤ ਕਰਨੇ ਹੋਏ ਤਾਂ ?" ਗੁਰਮੀਤ ਦਾ ਗ਼ੁੱਸਾ ਹਾਲੇ ਠੰਢਾ ਨਹੀਂ ਸੀ ਹੋਇਆ। ਉਹ ਇੰਸਪੈਕਟਰ ਨੂੰ ਜ਼ਲੀਲ ਕਰਨ 'ਤੇ ਤੁਲਿਆ ਹੋਇਆ ਸੀ।

'ਮੈਂ ਆਖਿਆ ਤਾਂ ਹੈ ਕਿ ਜੱਜ ਨਾਲ ਗੱਲ ਹੋ ਚੁੱਕੀ ਹੈ। ਕੋਈ ਹੋਰ ਨਹੀਂ ਦੇਖਣ ਲੱਗਾ ਜ਼ਿਮਨੀਆਂ। ਜਦੋਂ ਮੁਜਰਮਾਂ ਦਾ ਕੋਈ ਵਕੀਲ ਹੀ ਨਹੀਂ, ਇਤਰਾਜ਼ ਕਿਸ ਨੇ ਕਰਨਾ ਹੈ ?" ਗੁਰਮੀਤ ਦੀ ਨੁਕਤਾਚੀਨੀ ਇੰਸਪੈਕਟਰ ਨੂੰ ਚੁੱਭਣ ਲੱਗੀ। ਉਸ ਦੇ ਬੋਲ ਕੁਰੱਖ਼ਤ ਹੋਣ ਲੱਗੇ।

ਮਿਸਲ ਦਾ ਜਾਇਜ਼ਾ ਲੈ ਕੇ ਗੁਰਮੀਤ ਨੇ ਰਿਮਾਂਡ ਪੇਪਰਾਂ 'ਤੇ ਨਜ਼ਰ ਮਾਰੀ। ਮੁਜਰਮਾਂ ਦੇ ਨਾਂ ਪੜ੍ਹ ਕੇ ਉਸ ਦੇ ਹਥ ਕੰਬ ਗਏ। ਪੈੱਨ ਉਂਗਲਾਂ ਵਿਚੋਂ ਖਿਸਕ ਕੇ ਹੇਠਾਂ ਗਿਰ ਗਿਆ।

"ਪਾਲਾ ਸਿੰਘ.....ਮੀਤਾ ਸਿੰਘ.....ਉਹੋ ਜੇਬ-ਕਤਰਾ.....ਚੋਰ.....ਜਿਹੜਾ ਆਪਣੇ ਥਾਣੇ ਦੇ ਬੀ.ਸੀ. ਰਹੇ ਹਨ ?" ਧੜਕਦੇ ਦਿਲ ਨਾਲ ਹੇਠੋਂ ਪੈੱਨ ਚੁੱਕਦੇ ਗੁਰਮੀਤ ਨੇ ਮੁਜਰਮਾਂ ਬਾਰੇ ਤਸੱਲੀ ਕਰਨ ਲਈ ਇੰਸਪੈਕਟਰ ਤੋਂ ਪੁੱਛਿਆ।

"ਜੀ.....ਜੀ.....ਉਹੋ ਨੇ ਹਰਾਮਜ਼ਾਦੇ.....ਦੇਖ ਲੌ ਕਿੱਡਾ ਲੋਹੜਾ ਮਾਰਿਆ ਸਾਲਿਆਂ ਨੇ.....।" ਇੰਸਪੈਕਟਰ ਦੀ ਆਵਾਜ਼ ਵਿਚ ਪਹਿਲਾਂ ਵਾਲਾ ਜੋਸ਼ ਨਹੀਂ ਸੀ ਰਿਹਾ। ਉਸ ਨੂੰ ਇਉਂ ਮਹਿਸੂਸ ਹੋਣ ਲੱਗਾ ਸੀ ਜਿਵੇਂ ਚੋਰ ਰੰਗੇ ਹੱਥੀਂ ਫੜਿਆ ਗਿਆ ਸੀ।

"ਇਹ ਤਾਂ ਦਸਾਂ ਦਿਨਾਂ ਤੋਂ ਥਾਣੇ ਬੈਠੇ ਸੀ.....ਮੈਂ ਆਪ ਦੇਖੇ ਨੇ.....। ਇਕ ਨੂੰ ਤਾਂ ਮੈਂ ਆਪ ਪੇਸ਼ ਕੀਤਾ ਸੀ।"

"ਨਹੀਂ, ਨਹੀਂ, ਤੁਹਾਨੂੰ ਭੁਲੇਖਾ ਲੱਗਾ ਹੋਣਾ ਹੈ।" ਇੰਸਪੈਕਟਰ ਗੁਰਮੀਤ ਦੇ ਸਵਾਲਾਂ ਤੋਂ ਉਵੇਂ ਘਬਰਾ ਰਿਹਾ ਸੀ ਜਿਵੇਂ ਮੁਜਰਮ ਪੁਲਿਸ ਦੇ ਸਵਾਲਾਂ ਤੋਂ ਘਬਰਾਉਂਦਾ ਹੈ। ਉਹ ਕਾਹਲਾ ਪੈ ਰਿਹਾ ਸੀ ਕਿ ਗੁਰਮੀਤ ਜਲਦੀ ਦੇਣੇ ਕਾਗ਼ਜ਼ਾਂ 'ਤੇ ਦਸਤਖ਼ਤ ਕਰੇ ਅਤੇ ਉਸ ਦਾ ਖਹਿੜਾ ਛੱਡੇ।

"ਇਹਨਾਂ ਗ਼ਰੀਬਾਂ ਲਈ ਏਡਾ ਅਡੰਬਰ ਰਚਣ ਦੀ ਕੀ ਲੋੜ ਸੀ ? ਘੜਿਆਂ ਦੀਆਂ ਇਹਨਾਂ ਮੱਛੀਆਂ ਨੇ ਕਿਥੇ ਭੱਜ ਜਾਣਾ ਸੀ ? ਨਾ ਇਹਨਾਂ ਨੂੰ ਕੋਈ ਛੁਡਾਉਣ ਵਾਲੇ.....।" ਬਿਨਾਂ ਦਸਤਖ਼ਤ ਕਰੇ ਪੈੱਨ ਜੇਬ 'ਚ ਪਾਉਂਦੇ ਗੁਰਮੀਤ ਦਾ ਗ਼ੁੱਸਾ ਕਾਬੂ ਤੋਂ ਬਾਹਰ ਹੋ ਰਿਹਾ ਸੀ।

"ਤੁਸੀਂ ਹੁਣ ਉਠੋ ਵੀ.....ਬਾਕੀ ਸਵਾਲ ਫੇਰ ਕਰ ਲਿਓ.....।" ਖਿਝਿਆ ਇੰਸਪੈਕਟਰ ਮਿਸਲ ਸਮੇਟਦਾ ਕੁਰਸੀ ਤੋਂ ਉੱਠ ਖਲੋਤਾ।

ਗੁਰਮੀਤ ਦੀਆਂ ਨਜ਼ਰਾਂ ਇੰਸਪੈਕਟਰ ਦੇ ਝੁਰੜੀਆਂ ਵਾਲੇ ਮੱਥੇ 'ਤੇ ਟਿਕ ਗਈਆਂ। ਹਰ ਝੁਰੜੀ ਵਿਚੋਂ ਉਸ ਨੂੰ ਬੀਸੀਆਂ ਮਾਸੂਮਾਂ ਦੇ ਫਾਂਸੀ ਲਟਕਣ ਦੇ ਅਕਸਾਂ ਦੇ ਝਉਲੇ ਪੈਣ ਲੱਗੇ।

ਕਾਗ਼ਜ਼ਾਂ ਵਿਚੋਂ ਆਉਂਦੀ ਇਕ ਅਜੀਬ ਜਿਹੀ ਬੂ ਗੁਰਮੀਤ ਦੇ ਨੱਕ ਨੂੰ ਚੜ੍ਹਨ ਲੱਗੀ। ਸੜ ਰਹੇ ਮਾਸ ਜਿਹੀ, ਗੰਦਗੀ ਦੇ ਢੇਰ ਜਿਹੀ ਅਤੇ ਤਾਜ਼ੇ ਵਹੇ ਖ਼ੂਨ ਜਿਹੀ।

ਬਾਹਰ ਯੁਵਾ ਸੰਘ ਦੇ ਨਾਅਰੇ ਉੱਚੀ ਹੁੰਦੇ ਜਾ ਰਹੇ ਸਨ। ਬੰਟੀ ਦੇ ਕਾਤਲਾਂ ਨੂੰ ਫਾਹੇ ਲਾਉਣ ਦੀ ਮੰਗ ਜ਼ੋਰ ਫੜਦੀ ਜਾ ਰਹੀ ਸੀ।

ਭੀੜ ਦੇ ਨਾਅਰਿਆਂ ਨੇ ਇੰਸਪੈਕਟਰ ਨੂੰ ਰਾਹਤ ਬਖ਼ਸ਼ੀ। ਉਹ ਗੁਰਮੀਤ ਦਾ ਧਿਆਨ ਭੀੜ ਦੇ ਗ਼ੁੱਸੇ ਵੱਲ ਦਿਵਾਉਣਾ ਚਾਹੁੰਦਾ ਸੀ।

ਗੁਰਮੀਤ ਇਸ ਤਰ੍ਹਾਂ ਦੀ ਭੀੜ ਤੋਂ ਡਰਨ ਵਾਲਾ ਨਹੀਂ ਸੀ।

ਗੁਰਮੀਤ ਦੇ ਜ਼ਿਹਨ ਵਿਚ ਇਸ ਮੁਕੱਦਮੇ ਦਾ ਭੂਤ, ਵਰਤਮਾਨ ਅਤੇ ਭਵਿੱਖ ਘੁੰਮਣ ਲੱਗਾ। ਅੱਗੋਂ ਕੀ ਹੋਏਗਾ, ਉਸ ਨੂੰ ਸਾਫ਼ ਦਿਖਾਈ ਦੇ ਰਿਹਾ ਸੀ।

ਬੰਟੀ ਦਾ ਕਤਲ.....ਪੁਲਿਸ ਦੀ ਹਰਕਤ.....ਮੁੱਖ ਮੰਤਰੀ ਦਾ ਐਲਾਨ.....ਪਾਲੇ ਅਤੇ ਮੀਤੇ 'ਤੇ ਚੜ੍ਹੀ ਸਾੜ੍ਹਸਤੀ.....ਗੁਰਮੀਤ ਦੇ ਸਾਥੀਆਂ ਦੇ ਦੋ ਨਵੇਂ ਰੂਪ.....ਪੁਲਿਸ ਰਿਮਾਂਡ ਅਤੇ ਤਸ਼ੱਦਦ। ਇਹ ਸੀ ਇਸ ਕਤਲ ਦਾ ਭੂਤਕਾਲ। ਵਰਤਮਾਨ ਵਿਚ ਨਾਅਰੇ ਵੱਜ ਰਹੇ ਸਨ। ਜੱਜਾਂ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਸੀ। ਖ਼ਬਰਾਂ ਛਪ ਰਹੀਆਂ ਸਨ। ਪੁਲਿਸ ਦੀ ਬਹਾਦਰੀ ਦੇ ਗੁਣ ਗਾਣ ਹੋ ਰਹੇ ਸਨ। ਭਵਿੱਖ ਵਿਚ ਇਸ ਭਿਆਨਕ ਕਾਂਡ ਸੰਬੰਧੀ ਅਸੈਂਬਲੀ ਅਤੇ ਪਾਰਲੀਮੈਂਟ ਵਿਚ ਬਹਿਸਾਂ ਹੋਣਗੀਆਂ। ਸੈਸ਼ਨ ਜੱਜ ਦੀ ਕਚਹਿਰੀ ਵਿਚ ਬਾਹਰ ਕਾਤਲਾਂ ਨੂੰ ਫਾਹੇ ਲਾਉਣ ਦੇ ਨਾਅਰੇ

ਲੱਗਣਗੇ। ਝੂਠੇ ਗਵਾਹ ਭੁਗਤਣਗੇ। ਵਕੀਲਾਂ ਦੀ ਧੂਆਂ-ਧਾਰ ਬਹਿਸ ਹੋਏਗੀ। ਡਰਦਾ ਜੱਜ ਫਾਂਸੀ ਦਾ ਹੁਕਮ ਸੁਣਾਏਗਾ। ਇਸ ਸਾਰੇ ਡਰਾਮੇ ਦਾ ਇਕ ਪਾਤਰ ਗੁਰਮੀਤ ਵੀ ਹੋਏਗਾ।

ਨਹੀਂ। ਗੁਰਮੀਤ ਪਾਲੇ ਅਤੇ ਮੀਤੇ ਨਾਲ ਗ਼ਦਾਰੀ ਨਹੀਂ ਕਰੇਗਾ। ਗ਼ਦਾਰੀ ਕਰ-ਕਰ ਉਹ ਹੰਭ ਚੁੱਕਾ ਸੀ। ਝੂਠੀਆਂ ਤਫ਼ਤੀਸ਼ਾਂ 'ਤੇ ਉਹ ਹੋਰ ਦਸਤਖ਼ਤ ਨਹੀਂ ਕਰੇਗਾ।

"ਮੈਂ ਇਸ ਝੂਠ ਕੇ ਪੁਲੰਦੇ 'ਤੇ ਦਸਤਖ਼ਤ ਨਹੀਂ ਕਰਨੇ। ਕਿਸੇ ਹੋਰ ਸਰਕਾਰੀ ਵਕੀਲ ਤੋਂ ਦਸਤਖ਼ਤ ਕਰਾ ਲੈ।" ਇੰਸਪੈਕਟਰ ਨੂੰ ਕੋਰਾ ਜਵਾਬ ਦੇ ਕੇ ਗੁਰਮੀਤ ਹਲਕਾ-ਫੁਲਕਾ ਮਹਿਸੂਸ ਕਰਨ ਲੱਗਾ।

ਕਾਫ਼ੀ ਦੇਰ ਤੋਂ ਕੋਈ ਨਾਅਰਾ ਸੁਣਾਈ ਨਹੀਂ ਦਿੱਤਾ। ਲੱਗਦਾ ਸੀ ਭੀੜ ਦਾ ਜੋਸ਼ ਮੱਠਾ ਪੈ ਗਿਆ ਸੀ।

ਕਾਰਨ ਜਾਣਨ ਲਈ ਗੁਰਮੀਤ ਤਾਕੀ ਕੋਲ ਜਾ ਖੜੋਤਾ।

ਯੁਵਾ ਸੰਘ ਦੇ ਖੱਬੇ ਪਾਸੇ ਸੰਘਰਸ਼ ਸੰਮਤੀ ਨੇ ਵੀ ਆਪਣੀ ਸਟੇਜ ਲਾ ਲਈ ਸੀ। ਭਾਵੇਂ ਹਾਲੇ ਸੰਮਤੀ ਵਾਲਿਆਂ ਨੂੰ ਸੁਣਨ ਵਾਲਿਆਂ ਦੀ ਗਿਣਤੀ ਮੁੱਠੀ ਭਰ ਹੀ ਸੀ, ਫੇਰ ਵੀ ਉਹਨਾਂ ਦੇ ਕਰਾਰੇ-ਕਰਾਰੇ ਭਾਸ਼ਣ ਸੰਘ ਦੇ ਨੇਤਾਵਾਂ ਦੇ ਹੌਂਸਲੇ ਪਸਤ ਕਰ ਰਹੇ ਸਨ। ਸੰਮਤੀ ਵਾਲਿਆਂ ਨੂੰ ਬੰਟੀ ਦੇ ਅਖੌਤੀ ਕਾਤਲਾਂ ਦਾ ਨਾਂ ਪਤਾ ਲੱਗ ਚੁੱਕਾ ਸੀ। ਇਹ ਵੀ ਕਿ ਉਹ ਦਸਾਂ ਦਿਨਾਂ ਤੋਂ ਥਾਣੇ ਬੈਠੇ ਸਨ। ਥਾਣਿਉਂ ਛੁੱਟ ਕੇ ਆਏ ਸੰਮਤੀ ਦੇ ਕਾਰਕੁਨ ਇਸ ਦੀ ਤਸਦੀਕ ਕਰ ਰਹੇ ਸਨ।

ਸੱਚਾਈ ਜਾਣਨ ਲਈ ਭੀੜ ਸੰਘ ਨਾਲੋਂ ਟੁੱਟ-ਟੁੱਟ ਕੇ ਸੰਮਤੀ ਵੱਲ ਆ ਰਹੀ ਸੀ। ਇਸ ਲਈ ਪੁਲਿਸ ਦੇ ਹੱਕ ਵਿਚ ਲੱਗਦੇ ਨਾਅਰੇ ਮੱਠੇ ਪੈ ਰਹੇ ਸਨ।

ਸੰਮਤੀ ਦੇ ਕਾਮਿਆਂ ਦੀਆਂ ਤਕਰੀਰਾਂ ਗੁਰਮੀਤ ਦੇ ਡੋਲਦੇ ਮਨ ਨੂੰ ਬਲ ਬਖ਼ਸ਼ਣ ਲੱਗੀਆਂ। ਉਹਨਾਂ ਨੂੰ ਇਹ ਵੀ ਪਤਾ ਲੱਗ ਚੁੱਕਾ ਸੀ ਕਿ ਗੁਰਮੀਤ ਨੇ ਕਾਗ਼ਜ਼ਾਂ 'ਤੇ ਦਸਤਖ਼ਤ ਕਰਨੋਂ ਨਾਂਹ ਕਰ ਦਿੱਤੀ ਸੀ। ਉਹ ਗੁਰਮੀਤ ਦੀ ਇਸ ਦਲੇਰੀ ਦੀ ਤਾਰੀਫ਼ ਕਰ ਰਹੇ ਸਨ। ਲੋਕਾਂ ਨੂੰ ਇਸ ਨਾਂਹ ਦਾ ਕਾਰਨ ਸਮਝਾ ਰਹੇ ਸਨ।

ਗੁਰਮੀਤ ਅੰਦਰ ਪੈਦਾ ਹੋਇਆ ਜੋਸ਼ ਠਾਠਾਂ ਮਾਰਨ ਲੱਗਾ। ਉਸ ਨੂੰ ਆਪਣੇ ਫ਼ੈਸਲੇ 'ਤੇ ਫ਼ਖ਼ਰ ਹੋਣ ਲੱਗਾ। ਗ਼ਲਤ ਫ਼ੈਸਲੇ ਲੈਣ ਵਾਲਾ ਉਹ ਕਿਹੜਾ ਕੋਈ ਲੱਲੂ-ਪੰਜੂ ਵਕੀਲ ਸੀ। ਉਹ ਦੇਸ਼ ਦੀ ਸਭ ਤੋਂ ਵਧੀਆ ਯੂਨੀਵਰਸਿਟੀ ਦਾ ਲਾਅ ਗ੍ਰੈਜੂਏਟ ਸੀ। ਸਾਰੇ ਸਰਕਾਰੀ ਵਕੀਲਾਂ ਵਿਚੋਂ ਇਕੋ-ਇਕ ਗੋਲਡ ਮੈਡਲਿਸਟ ਸੀ। ਨੌਕਰ ਭਰਤੀ ਨਾ ਹੋਇਆ ਹੁੰਦਾ ਤਾਂ ਚੋਣਵੇਂ ਵਕੀਲਾਂ ਵਿਚੋਂ ਹੋਣਾ ਸੀ।

ਤਾਕੀ 'ਚ ਖੜਾ ਗੁਰਮੀਤ ਆਪਣੀ ਦਸ ਸਾਲਾਂ ਦੀ ਨੌਕਰੀ ਦਾ ਲੇਖਾ-ਜੋਖਾ ਕਰਨ ਲੱਗਾ। ਆਖ਼ਿਰ ਉਸ ਦੀ ਲਿਆਕਤ ਕਿਸ ਦੇ ਕੰਮ ਆ ਰਹੀ ਸੀ ?

ਗੁਰਮੀਤ ਨੇ ਤਾਂ ਸੋਚਿਆ ਸੀ, ਸਰਕਾਰੀ ਵਕੀਲ ਬਣ ਕੇ ਉਹ ਪਾਲੇ ਵਰਗਿਆਂ ਨੂੰ ਬਚਾ ਲਿਆ ਕਰੇਗਾ। ਵੱਡੇ-ਵੱਡੇ ਸਮੱਗਲਰਾਂ ਨੂੰ ਜੇਲ੍ਹਾਂ 'ਚ ਸੜਨ ਲਈ ਮਜਬੂਰ ਕਰੇਗਾ, ਪਰ ਅਜਿਹਾ ਕੁਝ ਵੀ ਨਹੀਂ ਸੀ ਹੋ ਰਿਹਾ। ਉਸ ਦੇ ਜ਼ਿਹਨ ਵਿਚ ਇਕ ਵੀ ਅਜਿਹਾ ਕੇਸ ਨਹੀਂ ਸੀ ਆ ਰਿਹਾ, ਜਿਸ ਵਿਚ ਉਹ ਆਪਣੀ ਪੁਗਾ ਸਕਿਆ ਹੋਵੇ।

ਫੇਰ ਚੰਦ ਛਿੱਲੜਾਂ ਲਈ ਹਰ ਸਮਾਂ ਬਰਬਾਦ ਕਰਨ ਦਾ ਕੀ ਲਾਭ ਸੀ ?

ਸਰਕਾਰ ਨੂੰ ਤਾਂ ਉਸ ਦੀ ਲਿਆਕਤ ਤੋਂ ਚਿੜ ਸੀ। ਉਸ ਦੀ ਲੋੜ ਤਾਂ ਪਾਲੇ ਅਤੇ ਮੀਤੇ ਵਰਗੇ ਹਜ਼ਾਰਾਂ ਮਾਸੂਮਾਂ ਨੂੰ ਸੀ। ਗੁਰਮੀਤ ਨੂੰ ਤਾਂ ਉਹਨਾਂ ਦਾ ਵਕੀਲ ਬਣਨਾ ਚਾਹੀਦਾ ਸੀ।

ਸੰਮਤੀ ਦੁਆਲੇ ਜੁੜ ਰਹੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਸੰਘ ਵਾਲੇ ਕਿਧਰੇ ਨਜ਼ਰ ਨਹੀਂ ਸੀ ਆ ਰਹੇ। ਉਹ ਬੋਰੀਆ-ਬਿਸਤਰਾ ਗੋਲ ਕਰ ਕੇ ਜਾ ਚੁੱਕੇ ਸਨ।

ਉਤਸ਼ਾਹ ਨਾਲ ਭਰੇ ਗੁਰਮੀਤ ਨੇ ਕਾਗ਼ਜ਼ ਚੁੱਕਿਆ, ਅਸਤੀਫ਼ਾ ਲਿਖਿਆ ਅਤੇ ਲਿਫ਼ਾਫ਼ਾ ਪੋਸਟ ਕਰਨ ਲਈ ਨਾਇਬ ਕੋਰਟ ਨੂੰ ਡਾਕਖ਼ਾਨੇ ਭੇਜ ਕੇ ਉਹ ਛੋਟੇ-ਛੋਟੇ ਕਦਮ ਪੁੱਟਦਾ ਸੰਮਤੀ ਦੇ ਜਲਸੇ ਵੱਲ ਵਧਣ ਲੱਗਾ।

ਗੁਰਮੀਤ ਖ਼ੁਸ਼ ਸੀ। ਆਖ਼ਿਰ ਉਹ ਲੋਕ ਸੰਘਰਸ਼ ਵਾਲੇ ਉਸ ਅੰਮ੍ਰਿਤ-ਕੁੰਡ ਦੇ ਰਾਹ ਪੈ ਹੀ ਗਿਆ ਸੀ, ਜਿਸ ਨੇ ਲੋਕਾਂ ਨੂੰ ਇਸ ਭੈੜੇ ਨਿਜ਼ਾਮ ਤੋਂ ਮੁਕਤੀ ਦਿਵਾਉਣੀ ਸੀ।

✶